

ਧਖਦੀਂ
ਚਿਣਗਾਰੀ ਸੀਰਤ
ਮੀਤਾ ਸਿੰਘ
ਤਰਲ

੧ਓ ਸਤਿਗੁਰ ਪ੍ਰਸਾਦਿ ॥

ਪੰਜਵੀਂ ਇਲਹਾਮੀ


ਜੀਨਤ

(ਪੰਜਵਾਂ ਅਧਿਆਤਮ ਪ੍ਰਕਾਸ਼)

ਭਨਿ ਮਥੁਰਾ ਕਛੁ ਭੇਦੁ ਨਹੀ
ਗੁਰੁ ਅਰਜੁਨੁ ਪਰਤਖ੍ਹ ਹਰਿ ॥

ਸੰਤਾ ਸਿੰਘ ਤਾਤਲੇ

(ਬਰਹਮੀ)


ਧਖਦੀਂ
ਚਿਣਗੀ ਸ਼ੀਰਤ
ਮੇਤਾ ਸਿੰਘ
ਤਾਰਨ

PANJVIN ILHAMI ZEENAT
(An attempt to narrate the biography of the Fifth Sikh Master)
by SANTA SINGH TATLAY

ਪਹਿਲੀ ਵਾਰ ਦਸੰਬਰ 1995

ਮੁੱਲ 150-00

ਪ੍ਰਕਾਸ਼ਕ :
ਸੰਤਾ ਸਿੰਘ ਤਾਤਲੇ
C347-1909 ਸਾਲਟਨ ਰੋਡ,
ਐਬਟਸਫ਼ੋਰਡ, ਬੀ. ਸੀ. (ਕੈਨੇਡਾ) V2S 5B6

ਰਾਹੀਂ :
ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਟਾਈਪਸੈੱਟਰ :
ਕੇ. ਜੀ. ਗ੍ਰਾਫ਼ਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ

ਪ੍ਰਿੰਟਰ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

ਸਮਰਪਣ

ਸਤਿਕਾਰ ਯੋਗ ਪਿਤਾ ਸ: ਨਿਧਾਨ ਸਿੰਘ ਜੀ
ਅਤੇ
ਪਿਆਰੀ ਪਿਆਰੀ ਮਾਤਾ ਹਰਿ ਕੌਰ ਜੀ
ਜਿਨ੍ਹਾਂ ਨੇ ਮੈਂ ਅਨਜਾਣ ਨੂੰ ਸਿੱਖੀ ਦੀ
ਲਗਨ ਲਾ ਕੇ ਸਿੱਖੀ ਦੇ ਵਿਰਸੇ
ਨਾਲ ਜੋੜਿਆ।

ਪੁਸਤਕ ਬਾਰੇ ਕੁਝ ਸੂਚਨਾ

ਸਤਿਗੁਰੂ ਸਾਹਿਬ ਜੀ ਦੀ ਰਹਿਮਤ ਦਾ ਸਦਕਾ ਮੇਰੀ ਜੀਵਨੀ ਵਿਚ ਕੋਈ ਇਕ ਐਸੇ ਅਵਸਰ ਭੀ ਆਏ, ਜਦੋਂ ਮੈਨੂੰ ਸਤਿਗੁਰੂ ਸਾਹਿਬਾਨ ਦੇ ਪੁਰਬਾਂ 'ਤੇ ਜਾਣ ਦਾ ਸਮਾਂ ਮਿਲਿਆ। ਸਿੱਖ ਸੰਗਤਾਂ ਵਿਚ ਜੁੜ ਕੇ ਸਤਿਗੁਰਾਂ ਦੇ ਅਦੁੱਤੀ ਜੀਵਨ ਪ੍ਰਤੀ ਵੱਡੇ ਵੱਡੇ ਵਿਦਵਾਨਾਂ ਦੇ ਵਿਚਾਰ ਸੁਣਨ ਦਾ ਸੁਭਾਗ ਭੀ ਪ੍ਰਾਪਤ ਹੋਇਆ। ਆਮ ਸਮਾਗਮਾਂ ਵਿਚ ਇਹ ਪ੍ਰਚਾਰਿਆ ਜਾਂਦਾ ਹੈ ਕਿ ਸਤਿਗੁਰੂ ਸਾਹਿਬ ਜੀ ਦੀ ਪਹਿਲੀ ਦੈਵੀ ਜੋਤਿ ਤੋਂ ਬਾਅਦ ਦੂਸਰੀ, ਤੀਸਰੀ, ਚੌਥੀ ਅਥਵਾ ਦਸਵੀਂ ਜੋਤਿ ਤਕ ਗੁਰ-ਗੱਦੀ ਦੀ ਜ਼ਿੰਮੇਵਾਰੀ ਕਿਸ ਵਿਧੀ ਦੁਆਰਾ ਅਗੇ ਤੋਂ ਅਗੇ ਦਸਾਂ ਜਾਮਿਆਂ ਤਕ ਚਲਦੀ ਰਹੀ। ਜਿਸ ਵਿਚ ਆਮ ਕਰਕੇ ਸੇਵਾ ਦਾ ਵਿਰਸਾ, ਗੰਦੇ ਪਾਣੀ ਵਿਚੋਂ ਕੌਲ ਕੱਢਣ ਦੀ ਗਾਥਾ, ਬਾਰਾਂ ਸਾਲ ਪਾਣੀ ਢੋਣ ਦੀ ਸੇਵਾ, ਥੜ੍ਹੇ ਬਣਵਾਉਣੇ, ਜਾਣ ਨਾ ਦੇਸਾਂ ਸੋਢੀਓ ਅਤੇ ਲਾਹੌਰ ਵਿਆਹ 'ਤੇ ਚਲੇ ਜਾਣਾ, ਗੁਰ-ਗੱਦੀ ਦੀ ਪ੍ਰਾਪਤੀ ਦੇ ਸਾਧਨਾਂ ਨਾਲ ਜੋੜਿਆ ਜਾਂਦਾ ਹੈ। ਭਾਵੇਂ ਇਹ ਉਕਤ ਦਰਸਾਈਆਂ ਵਸਤੂਆਂ ਆਪਣੇ ਆਪਣੇ ਚੌਖਟੇ ਵਿਚ ਆਪਣੀ ਆਪਣੀ ਕੀਮਤ ਰੱਖਦੀਆਂ ਹਨ। ਇਸ ਗੱਲ ਤੋਂ ਕੋਈ ਭੀ ਵਿਅਕਤੀ ਇਨਕਾਰ ਨਹੀਂ ਕਰ ਸਕਦਾ ਕਿ ਸੇਵਾ ਅਤੇ ਆਗਿਆ ਦਾ ਪਾਲਣ ਸਿੱਖੀ ਦੇ ਮੂਲਕ ਥੰਮਾਂ ਵਿਚੋਂ ਆਪਣੀ ਆਪਣੀ ਵਿਰਾਸਤ ਰੱਖਦੀਆਂ ਹਨ, ਪਰੰਤੂ ਇਹ ਵਸਤੂਆਂ ਗੁਰ-ਗੱਦੀ ਪ੍ਰਾਪਤੀ ਦਾ ਇਵਜ਼ਾਨਾ ਨਹੀਂ ਹੋ ਸਕਦੀਆਂ।

ਇਕ ਦਫ਼ਾ ਦਾ ਜ਼ਿਕਰ ਹੈ ਕਿ ਗੁਰੂ-ਘਰ ਦੀ ਸਟੇਜ ਤੋਂ ਇਹ ਵਿਆਖਿਆ ਕੀਤੀ ਜਾ ਰਹੀ ਸੀ ਕਿ ਜਦੋਂ ਸਿਹਾਰੀ ਮੱਲ ਜੀ ਆਪਣੇ ਪੁੱਤਰ ਦੇ ਵਿਆਹ ਦਾ ਸੱਦਾ ਪੱਤਰ ਲੈ ਕੇ ਅੰਮ੍ਰਿਤਸਰ ਸਾਹਿਬ ਆਏ, ਤਦ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਪ੍ਰਿਥੀ ਚੰਦ ਅਤੇ ਮਹਾਂਦੇਵ ਜੀ ਨੂੰ ਲਾਹੌਰ ਜਾਣ ਵਾਸਤੇ ਹੁਕਮ ਕੀਤਾ, ਇਨ੍ਹਾਂ ਦੋਹਾਂ ਭਰਾਵਾਂ ਨੇ ਵਿਆਹ 'ਤੇ ਜਾਣ ਵਾਸਤੇ ਇਨਕਾਰ ਕਰ ਦਿੱਤਾ, ਆਪਣੇ ਪਿਤਾ ਸਤਿਗੁਰੂ ਜੀ ਦੇ ਹੁਕਮ ਦੀ ਹੁਕਮ-ਅਦੂਲੀ ਕੀਤੀ, ਮਗਰ ਅਰਜਨ ਦੇਵ ਜੀ ਪਿਤਾ ਸਤਿਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਆਪਣੇ ਤਾਇਆ ਜੀ ਦੇ ਨਾਲ ਲਾਹੌਰ ਵਿਆਹ 'ਤੇ ਚਲੇ ਗਏ। ਆਮ ਲਿਖਾਰੀ ਲਿਖਦੇ ਹਨ ਕਿ ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਦੀ ਲਗਨ, ਨਿਮਰਤਾ ਤੇ ਸੇਵਾ ਨੂੰ ਸਾਹਮਣੇ ਰੱਖਦੇ ਹੋਏ ਤੇ ਹੋਰ ਬੇਅੰਤ ਗੁਣਾਂ ਦਾ ਮਾਲਕ ਦੇਖ ਕੇ ਗੁਰਿਆਈ ਦੀ ਗੱਦੀ ਬਖ਼ਸ਼ੀ।[1] ਕਈ ਵਿਦਵਾਨ ਤਾਂ

1. ਦੇਖੋ *ਸਾਡਾ ਇਤਿਹਾਸ*, ਭਾਗ ਪਹਿਲਾ, ਪੰਨਾ ੧੫੨।

ਇਹ ਕਹਿੰਦੇ ਸੁਣੇ ਗਏ ਹਨ ਕਿ ਅਰਜਨ ਦੇਵ ਜੀ ਦਾ ਲਾਹੌਰ ਚਲੇ ਜਾਣਾ ਹੀ ਗੁਰ-ਗੱਦੀ ਦਾ ਬਦਲ ਹੈ। ਭਾਵੇਂ ਹੁਕਮ ਮੰਨਣਾ, ਗੁਰ-ਆਗਿਆ ਦਾ ਪਾਲਣ ਕਰਨਾ, ਇਹ ਗੁਰੂ-ਘਰ ਦੀਆਂ ਮਹੱਤਵ-ਪੂਰਨ ਮਰਿਆਦਾਵਾਂ ਹਨ, ਪਰ ਯਾਦ ਰਹੇ, ਇਹ ਗੁਰ-ਗੱਦੀ ਦਾ ਇਵਜ਼ਾਨਾ ਨਹੀਂ ਹਨ। ਜੇਕਰ ਗੰਦੇ ਪਾਣੀ ਵਿਚੋਂ ਕੌਲ ਕੱਢਿਆਂ, ਸੇਵਾ ਕੀਤਿਆਂ, ਥੜ੍ਹੇ ਬਣਾਇਆਂ, ਲਾਹੌਰ ਵਿਆਹ 'ਤੇ ਗਿਆਂ ਗੁਰ-ਗੱਦੀ ਪ੍ਰਾਪਤ ਹੋ ਜਾਵੇ ਤਾਂ ਗੁਰ-ਗੱਦੀ ਦੀ ਦੈਵੀ ਆਭਾ ਕੀ ਹੋਵੇਗੀ ? ਗੁਰ-ਗੱਦੀ ਨਿਰੋਲ ਅਤੇ ਨਿਰਸੰਦੇਹ ਇਲਾਹੀ ਦਾਤਿ ਹੈ, ਜੋ ਧੁਰ ਦਰਗਾਹੀ ਹੁਕਮ ਦੁਆਰਾ ਹੀ ਇਕ ਜੋਤਿ ਤੋਂ ਦੂਸਰੀ ਜੋਤਿ ਵਿਚ ਜਲਵਾ-ਗਰ ਹੁੰਦੀ ਹੈ, ਪ੍ਰਗਟ ਹੁੰਦੀ ਹੈ।

ਦਾਤਿ ਜੋਤਿ ਖਸਮੈ ਵਡਿਆਈ॥ —*ਭਾਈ ਗੁਰਦਾਸ ਜੀ, ਵਾਰ ੧/੪੬/੮*

ਗੁਰ-ਗੱਦੀ ਦਰਗਾਹੀ ਰਹਿਮਤ, ਦਰਗਾਹੀ ਵਿਰਾਸਤ ਅਤੇ ਧੁਰ ਕੀ ਦਾਤਿ ਹੈ, ਜੋ ਕਿ ਪਹਿਲਾਂ ਹੀ ਨਿਯੁਕਤ ਕੀਤੀ ਹੋਈ ਦਰਗਾਹੀ ਮੋਹਰ ਦੇ ਅਧੀਨ ਇਕ ਜੋਤਿ ਤੋਂ ਦੂਸਰੀ ਜੋਤਿ ਵਿਚ ਪ੍ਰਵੇਸ਼ ਕਰਦੀ ਹੈ। ਇਹੀ ਵੱਡੀ ਵਜ੍ਹਾ ਸੀ ਜਿਸ ਨੂੰ ਧਿਆਨ ਵਿਚ ਰੱਖਦਿਆਂ ਇਸ ਕਿਤਾਬ ਦੀ ਸੇਵਾ ਦਾ ਮਾਣ ਸਤਿਗੁਰੂ ਜੀ ਨੇ ਇਸ ਰਿਣੀ ਸੇਵਕ ਨੂੰ ਬਖ਼ਸ਼ਿਆ ਹੈ।

ਇਸ ਕਿਤਾਬ ਵਿਚ ਅਠਾਰਾਂ ਪਰਕਰਣ ਹਨ, ਜਿਨ੍ਹਾਂ ਵਿਚ ਗੁਰਮਤਿ ਦੀ ਕਸਵੱਟੀ ਦੇ ਆਧਾਰ 'ਤੇ ਸਤਿਗੁਰੂ ਅਰਜਨ ਸਾਹਿਬ ਜੀ ਦੀ ਅਕੱਥ ਜੀਵਨੀ ਨੂੰ ਇਨਸਾਨੀ ਖ਼ਿਆਲਾਂ ਦੀ ਗਤੀ ਵਿਚ ਉਲੀਕਣ ਦਾ ਇਕ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ। ਇਸ ਪੁਸਤਕ ਦੇ ਅੰਤ ਵਿਚ ਪੁਸਤਕ ਦੀ ਵਿਸ਼ੇ-ਸੂਚੀ ਅਥਵਾ ਅਨੁਕ੍ਰਮਣਿਕਾ ਚਿੰਨ੍ਹ ਲਗਾਈ ਗਈ ਹੈ। ਸੁਹਿਰਦ ਪਾਠਕਾਂ ਜਾਂ ਲਿਖਾਰੀਆਂ ਦੇ ਵਾਸਤੇ ਅਥਵਾ ਖੋਜੀ ਸੱਜਣਾਂ ਵਾਸਤੇ ਪੂਰੀ ਕਿਤਾਬ ਪੜ੍ਹਨ ਦੀ ਆਵੱਸ਼ਕਤਾ ਨਹੀਂ ਹੈ, ਜੋ ਮਜ਼ਮੂਨ ਆਪ ਜੀ ਪੜ੍ਹਨਾ ਚਾਹੁੰਦੇ ਹੋ, ਸਿਰਫ਼ ਉਹੀ ਪੜ੍ਹ ਸਕਦੇ ਹੋ, ਤਾਕਿ ਆਪ ਜੀ ਦਾ ਕੀਮਤੀ ਸਮਾਂ ਹੋਰ ਕਿਸੇ ਕੀਮਤੀ ਗਤੀ ਵਿਚ ਵਰਤਿਆ ਜਾ ਸਕੇ। ਆਪ ਜੀ ਇਕ ਮਿੰਟ ਵਿਚ ਕਿਸੇ ਭੀ ਵਿਸ਼ੇ ਦੀ ਖੋਜ ਕਰ ਸਕਦੇ ਹੋ। ਆਪ ਜੀ ਦੇ ਅਤਿਅੰਤ ਹੀ ਕੀਮਤੀ ਸਮੇਂ ਨੂੰ ਖ਼ਿਆਲ ਵਿਚ ਰੱਖਦਿਆਂ ਇਹ ਕਿਤਾਬ ਅੱਖਰੀ ਤਰਤੀਬ ਦੇ ਲਿਹਾਜ ਨਾਲ ਇੰਡੈਕਸ ਕਰ ਦਿੱਤੀ ਗਈ ਹੈ।

ਸੁਹਿਰਦ ਪਾਠਕਾਂ ਦੇ ਚਰਨਾਂ ਵਿਚ ਜੋਦੜੀ ਹੈ ਕਿ ਜੋ ਕੁਝ ਭੀ ਇਸ ਕਿਤਾਬ ਵਿਚ ਤੁਸੀਂ ਕੋਈ ਵਿਸ਼ੇਸ਼ਤਾ ਵੇਖਦੇ ਹੋ, ਉਸ ਵਿਚ ਲਿਖਾਰੀ ਦੀ ਕੋਈ ਖ਼ੂਬੀ ਨਹੀਂ ਹੈ, ਬਲਕਿ ਉਹ ਸਤਿਗੁਰੂ ਜੀ ਦੀ ਰਹਿਮਤ ਦਾ ਇਵਜ਼ਾਨਾ ਹੈ। ਔਰ ਇਸ ਦੇ ਉਲਟ ਜੋ ਭੀ ਖ਼ਾਮੀਆਂ ਅਥਵਾ ਤਰੁਟੀਆਂ ਵੇਖਣ ਵਿਚ ਆਉਣਗੀਆਂ, ਉਹ ਲਿਖਾਰੀ ਦੀ ਅਲਪ-ਬੁੱਧੀ ਦਾ ਪ੍ਰਗਟਾਵਾ ਹੋਵੇਗਾ। ਆਸ ਹੈ, ਆਪ ਜੀ ਆਪਣੇ ਸੁਚੱਜੇ ਅਤੇ ਸੁਲਝੇ ਹੋਏ ਮਹੀਨ ਖ਼ਿਆਲ ਭੇਜ ਕੇ ਦਾਸ ਨੂੰ ਕ੍ਰਿਤਾਰਥ ਕਰਨ ਦੀ ਖੇਚਲ ਕਰੋਗੇ, ਤਾਕਿ ਆਪ ਜੀ ਦਾ ਰਿਣੀ ਸੇਵਕ ਅਗਲੀਆਂ ਆਉਣ ਵਾਲੀਆਂ ਕਈ ਇਕ ਪੁਸਤਕਾਂ ਵਿਚ

ਇਨ੍ਹਾਂ ਖ਼ਾਮੀਆਂ ਦੀ ਸੋਧ ਕਰ ਸਕੇ।

ਇਸ ਪੁਸਤਕ ਵਿਚ ਪੰਜਵੇਂ ਸਤਿਗੁਰੂ ਅਰਜਨ ਸਾਹਿਬ ਜੀ ਦੀ ਬਹੁ-ਪੱਖੀ ਜੀਵਨੀ ਪ੍ਰਤੀ ਦੈਵੀ ਪ੍ਰਕਾਸ਼ ਦੀ ਸੁੰਦਰਤਾ ਨੂੰ ਕਲਮ-ਬੰਦ ਕਰਨ ਲਈ ਨਿਗੂਣਾ ਜਿਹਾ ਉਪਰਾਲਾ ਕੀਤਾ ਗਿਆ ਹੈ। ਇਹੀ ਕਾਰਣ ਹੈ, ਇਸ ਪੁਸਤਕ ਦਾ ਸਿਰਲੇਖ *ਪੰਜਵੀਂ ਇਲਹਾਮੀ ਜ਼ੀਨਤ* ਰੱਖਿਆ ਗਿਆ ਹੈ।

ਆਪ ਜੀ ਦਾ ਸਦੀਵੀ ਰਿਣੀ

ਸੰਤਾ ਸਿੰਘ ਤਾਤਲੇ (ਬਰਹਮੀ)

ਕੈਨੇਡਾ

SANTA SINGH TATLAY (BARHMI)
C347-1909 SALTON ROAD,
ABBOTSFORD, B.C. CANADA. V2S 5B6
PHONE (604) 859-8541

ਬਹੁ-ਪੱਖੀ ਸ਼ਖ਼ਸੀਅਤ

ਪ੍ਰਭੂ ਦੀ ਬਣਾਈ ਹੋਈ ਇਸ ਪ੍ਰਕਿਰਤੀ ਵਿਚ ਬਹੁਤ ਕੁਝ ਛੁਪਿਆ ਹੋਇਆ ਹੈ। ਪੜਦੇ ਨੂੰ ਓਹਲੇ ਕਰ ਕੇ ਜੋ ਕਿਸੇ ਪਦਾਰਥ ਦੇ ਭੇਦ ਨੂੰ ਜਾਣ ਲੈਂਦਾ ਹੈ, ਜਗਤ ਨੂੰ ਸਮਝ ਰਹੱਸਮਈ ਅਵਸਥਾ ਵਿਚ ਪਹੁੰਚ ਜਾਂਦਾ ਹੈ ਤਾਂ ਉਸ ਨੂੰ ਗਿਆਨੀ ਔਰ ਵਿਗਿਆਨੀ ਆਖਦੇ ਹਨ। ਵਿਗਿਆਨਕ ਪਦਾਰਥ ਦੇ ਗੁਝੇ ਭੇਦ ਨੂੰ ਜਾਣ ਕੇ ਉਹਨੂੰ ਆਪਣੇ ਅਨੁਕੂਲ ਕਰ ਲੈਂਦਾ ਹੈ, ਤੇ ਜਗਤ ਦੇ ਜੀਵਾਂ ਲਈ ਬੈਰੂਨੀ ਸੁੱਖਾਂ ਦਾ ਸਾਧਨ ਉਪਲਬਧ ਕਰ ਲੈਂਦਾ ਹੈ। ਬਾਹਰ ਦੇ ਬਹੁ-ਪੱਖੀ ਸੁੱਖ ਵਿਗਿਆਨ ਦੀ ਦੇਣ ਹਨ।

ਈਸ਼ਵਰ ਦੇ ਸੁਭਾਓ ਨੂੰ ਸਮਝ ਕੇ ਗਿਆਨੀ ਆਪਣੇ ਆਪ ਨੂੰ ਈਸ਼ਵਰ ਦੇ ਅਨੁਕੂਲ ਕਰ ਲੈਂਦਾ ਹੈ। ਪਦਾਰਥ ਛਾਇਆ ਦੀ ਤਰ੍ਹਾਂ ਪਿੱਛੇ ਚੱਲੇ ਤਾਂ ਸੁੱਖ ਮਿਲਦਾ ਹੈ। ਮਨੁੱਖ ਖ਼ੁਦ ਪਰਮਾਤਮਾ ਦੀ ਛਾਇਆ ਬਣ ਜਾਵੇ, ਭਾਵ ਮਨੁੱਖ ਪ੍ਰਭੂ ਦੇ ਪਿੱਛੇ ਚੱਲੇ ਤਾਂ ਪਰਮ-ਆਨੰਦ ਦੀ ਅਵਸਥਾ ਹੁੰਦੀ ਹੈ। ਅਨੰਤ ਪਦਾਰਥ ਹਨ, ਇਸ ਵਾਸਤੇ ਵਿਗਿਆਨ ਦੀਆਂ ਭੀ ਅਨੰਤ ਧਾਰਾਵਾਂ ਹਨ। ਮਨੁੱਖ ਕਿਸੇ ਇਕ ਪਦਾਰਥ ਦੀ ਖੋਜ ਵਿਚ ਜਿਤਨਾ ਅਗੇ ਲੰਘ ਜਾਂਦਾ ਹੈ, ਦੂਜੇ ਪਦਾਰਥ ਦੇ ਤਲ 'ਤੇ ਉਤਨਾ ਹੀ ਪੱਛੜ ਜਾਂਦਾ ਹੈ। ਕਿਸੇ ਇਕ ਵਸਤੂ ਦਾ ਮਹਾਂ-ਗਿਆਨੀ ਹੋਣਾ ਬਹੁਤ ਸਾਰੇ ਪਦਾਰਥਾਂ ਦੇ ਸੰਬੰਧ ਵਿਚ ਉਹ ਮਹਾਂ-ਅਗਿਆਨੀ ਹੀ ਰਹਿ ਜਾਂਦਾ ਹੈ। ਜੀਵਨ ਸੀਮਤ ਹੈ, ਗਿਆਨ ਅਸੀਮ ਹੈ। ਪਰਮਾਤਮਾ ਵੀ ਬਹੁ-ਪੱਖੀ ਹੈ, ਕਿਸੇ ਨੇ ਉਸ ਦੇ ਸਰੂਪ ਦਾ ਆਨੰਦ ਮਾਣਿਆ ਅਤੇ ਵਰਨਣ ਕੀਤਾ, ਕਿਸੇ ਨੇ ਅਨੰਤ ਗੁਣ ਦੇਖੇ, ਕਿਸੇ ਨੇ ਉਸ ਨੂੰ ਮਹਾਂ-ਰਸ ਆਖਿਆ, ਇਸ ਵਾਸਤੇ ਪਰਮਾਤਮਾ ਦੇ ਅਨੰਤ ਗੁਣਵੰਤੇ ਨਾਮ ਪ੍ਰਚਲਤ ਹੋਏ । ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਬਹੁ-ਪੱਖੀ ਸ਼ਖ਼ਸੀਅਤ ਰੱਖਦੇ ਹਨ, ਅਨੰਤ ਗੁਣ ਇਹ ਅਨੰਤ ਰਸ ਨਾਲ ਭਰੇ ਹੋਏ ਹਨ, ਇਹ ਅਨੰਤ ਗੁਣ ਪ੍ਰਤੱਖ ਰੂਪ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਵਿਚ ਉਜਾਗਰ ਸਨ, ਇਸ ਵਾਸਤੇ ਭੱਟਾਂ ਨੇ ਪ੍ਰਤੱਖ ਹਰਿ ਆਖ ਦਿੱਤਾ।

ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ੍ਯ ਹਰਿ ॥

—ਸਵਈਏ ਮਹਲੇ ਪੰਜਵੇ ਕੇ, ਪੰਨਾ ੧੪੦੯

ਸਮੇਂ ਦੇ ਮਹਾਨ ਚਿੰਤਕ ਲਿਖਾਰੀ, ਇਤਿਹਾਸਕਾਰ, ਭਾਈ ਸੰਤਾ ਸਿੰਘ ਤਾਤਲੇ ਨੇ ਆਪਣੀ ਕਲਮ ਦੀ ਸਿਆਹੀ ਵਿਚ ਆਪਣਾ ਖ਼ੂਨ ਮਿਲਾਂਦਿਆਂ ਹੋਇਆਂ, ਚਮਕਦੇ ਹੋਏ ਅੱਖਰਾਂ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਬਹੁ-ਪੱਖੀ ਜੀਵਨ ਪ੍ਰਕਾਸ਼ਤ ਕੀਤਾ ਹੈ। ਪਾਠਕ-ਜਨਾਂ ਨੂੰ ਆਪਣੇ ਹਿਰਦੇ ਰੌਸ਼ਨ ਕਰਨ ਲਈ ਇਹ *ਪੰਜਵੀਂ ਇਲਹਾਮੀ ਜ਼ੀਨਤ* ਪੁਸਤਕ ਸਹਾਇਕ ਹੋਵੇਗੀ। ਸਤਿਗੁਰੂ ਤਾਤਲੇ ਜੀ ਦੀ ਕਲਮ ਨੂੰ ਹੋਰ ਵਧੇਰਾ ਬਲ ਪ੍ਰਦਾਨ ਕਰਨ, ਤਾਕਿ ਆਪਣੀ ਕਲਮ ਦੇ ਰਾਹੀਂ ਜਗਤ ਦੀ ਸੇਵਾ ਕਰਦੇ ਰਹਿਣ। ਬਾਕੀ ਲਿਖਤਾਂ ਦੀ ਤਰ੍ਹਾਂ ਇਹ ਲੇਖਣੀ ਭੀ ਅਛੂਤੀ ਹੈ।

ਗਿਆਨੀ ਸੰਤ ਸਿੰਘ ਮਸਕੀਨ

ਸੀਸ ਗਰਾਂ, ਅਲਵਰ ਰਾਜਸਥਾਨ—ਇੰਡੀਆ ਫ਼ੋਨ : 21123

ਪੁਸਤਕ ਦਾ ਮਹੱਤਵ

ਹੱਥਲੀ ਪੁਸਤਕ *ਪੰਜਵੀਂ ਇਲਹਾਮੀ ਜ਼ੀਨਤ* ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਜੀਵਨੀ ਅਤੇ ਅਲੌਕਿਕ ਸ਼ਹਾਦਤ ਦੀ ਮੂੰਹੋਂ ਬੋਲਦੀ, ਵਿਵਸਥਿਤ ਅਤੇ ਨਾਟਕੀ ਅੰਦਾਜ਼ ਵਿਚ ਪੇਸ਼ ਕੀਤੀ ਇਕ ਇਤਿਹਾਸਕ ਕਥਾ ਹੈ। ਕਿਉਂਕਿ ਸ਼ਹਾਦਤ ਦੇ ਪੁੰਜ ਵਜੋਂ, ਗੁਰੂ ਪੰਚਮ ਪਾਤਿਸ਼ਾਹ ਜੀ ਦੀ ਇਲਾਹੀ ਬਾਣੀ ਸਮੁੱਚੀ ਮਨੁੱਖ ਜਾਤੀ ਨੂੰ ਸੰਬੋਧਿਤ ਹੈ। ਇਸ ਲਈ ਉਨ੍ਹਾਂ ਬਾਰੇ ਲਿਖੇ ਇਤਿਹਾਸਕ ਵੇਰਵੇ ਨੂੰ ਸਹੀ ਸਹੀ ਸਮਝਣ ਲਈ ਵਿਸ਼ਵ ਦੇ ਸਮੁੱਚੇ ਇਤਿਹਾਸ 'ਤੇ ਇਕ ਪੰਛੀ ਝਾਤ ਪਾਉਣੀ ਲਾਜ਼ਮੀ ਬਣ ਜਾਂਦੀ ਹੈ। ਵੈਸੇ ਭੀ, ਅਜੋਕਾ ਇਤਿਹਾਸਕ ਸਿਧਾਂਤ ਏਸ ਧਾਰਨਾ 'ਤੇ ਜ਼ੋਰ ਦੇਂਦਾ ਹੈ ਕਿ ਹਰ ਇਕ ਵੇਰਵੇ ਨੂੰ ਸਮੁੱਚੇ ਵਿਸ਼ਵ-ਇਤਿਹਾਸ ਦੇ ਚੌਖਟੇ ਵਿਚ ਰੱਖਿਆਂ ਹੀ ਵਾਜਬ ਇਤਿਹਾਸਕ ਰੰਗਣਾ ਪ੍ਰਾਪਤ ਹੁੰਦੀ ਹੈ।

ਮਨੁੱਖ ਦੀਆਂ ਗਤੀਵਿਧੀਆਂ ਨਾਲ ਸੰਬੰਧ ਰੱਖਦੇ ਵਿਸ਼ਵ-ਇਤਿਹਾਸ ਦੇ ਬੇ-ਲਾਗ ਅਤੇ ਈਮਾਨਦਾਰਾਨਾ ਅਧਿਐਨ ਤੋਂ ਹੇਠਾਂ ਦਰਸਾਏ ਪੰਜ ਤੱਥ ਉਭਰ ਕੇ ਸਾਹਮਣੇ ਆ ਜਾਂਦੇ ਹਨ :

ਪਹਿਲਾ : ਇਹ ਕਿ ਅਸਾਡੀ ਭੂਗੋਲਿਕ ਧਰਤੀ ਉੱਪਰ ਵਿਚਰ ਰਹੀ ਸਮੁੱਚੀ ਕਾਇਨਾਤ ਵਿਚੋਂ ਮਨੁੱਖ ਹੀ ਇਕੋ ਇਕ ਓਹ ਜੀਵਤ ਪ੍ਰਾਣੀ ਹੈ ਜਿਸ ਨੂੰ ਕੁਦਰਤ ਨੇ ਦਿਮਾਗ਼ੀ, ਮਾਨਸਿਕ ਅਤੇ ਰੂਹਾਨੀ ਸ਼ਕਤੀਆਂ ਦੇ ਵਿਕਸਤ ਹੋਣ ਦੀਆਂ ਸੰਭਾਵਨਾਵਾਂ ਦੀ ਦਾਤ ਬਖ਼ਸ਼ੀ ਹੈ; ਅਤੇ ਉਨ੍ਹਾਂ ਸ਼ਕਤੀਆਂ ਦੇ ਸਹੀ ਨਿਕਾਸ, ਵਿਕਾਸ ਅਤੇ ਪ੍ਰਯੋਗ ਦੁਆਰਾ ਮਨੁੱਖ ਕੁਦਰਤ 'ਤੇ ਨਿਰਭਰ ਹੁੰਦਾ ਹੋਇਆ ਭੀ, ਜੁਗਾਂ-ਜੁਗਾਂਤਰਾਂ ਤੋਂ ਲੈ ਕੇ, ਕੁਦਰਤ ਤੋਂ, ਅਧਿਕਤਮ ਰੂਪ ਵਿਚ, ਸਵੈ-ਤੰਤਰ ਹੋਣ ਲਈ 'ਅਗਾਂਹ-ਕਉ-ਤ੍ਰਾਂਘ' ਦੀ ਗੁੜ੍ਹਤੀ ਲੈ, ਸਵੈ-ਨਸ਼ਿਆਏ ਜੀਵ ਵਾਂਗ, ਹੋਰ ਅਗੇਰੇ, ਹੋਰ ਅਗੇਰੇ ਦੀ ਚਾਲ ਨੂੰ ਕਾਇਮ ਰੱਖੀ ਜਾ ਰਿਹਾ ਹੈ। ਪਰੰਤੂ ਇਸ ਦੀ ਗਤੀ ਦਾ ਮਾਰਗ ਇਕ ਸਿੱਧੀ ਪੱਧਰੀ ਰੇਖਾ ਦੇ ਨਿਆਂਈ ਨਹੀਂ ਹੈ।

ਦੂਜਾ : ਇਹ ਕਿ ਆਪਣੇ ਨਿਕਾਸ ਅਤੇ ਵਿਕਾਸ ਦੀ ਰਾਹ 'ਤੇ ਤੁਰਦਿਆਂ ਤੁਰਦਿਆਂ ਅਤੇ ਮਾਨਵਤਾ ਦੀ ਰਾਹ 'ਤੇ ਗਾਮਜ਼ਨ ਹੋਏ ਹੋਏ ਮਨੁੱਖ ਨੇ ਜਿੱਥੇ ਆਪਣੀਆਂ ਉਨ੍ਹਾਂ ਸਰੀਰਕ; ਦਿਮਾਗ਼ੀ, ਮਾਨਸਿਕ, ਇਖ਼ਲਾਕੀ ਅਤੇ ਰੂਹਾਨੀ ਯੋਗਤਾਵਾਂ ਦੀਆਂ ਸੰਭਾਵਨਾਵਾਂ ਨੂੰ 'ਭੁਲ-ਪ੍ਰਯਤਨ-ਵਿਧੀ' ਦੀ ਵਰਤੋਂ ਦੁਆਰਾ, ਪ੍ਰਤੱਖ ਅਤੇ ਯਥਾਰਥਕ ਕਰਕੇ ਦੱਸਿਆ ਹੈ, ਉਥੇ ਨਾਲੋ ਨਾਲ ਉਸਨੇ ਇਕ ਅਜਿਹੇ ਸਭਿਆਚਾਰ ਦੀ ਰਚਨਾ ਭੀ ਰਚੀ ਹੈ, ਜੋ ਮੋਟੇ ਤੌਰ 'ਤੇ ਦੱਸਿਆਂ, ਤਿੰਨਾਂ ਧਾਰਾਂ—ਭਾਵ, ਪਦਾਰਥਕ-ਸਭਿਆਚਾਰ (Material-Culture), ਗਿਆਨਾਤਮਕ-ਸਭਿਆਚਾਰ

(Cognitive-Culture) ਅਤੇ ਮਾਨਿਕ-ਸਭਿਆਚਾਰ (Normative-Culture) ਵਿਚ ਸੀਮਤ ਹੋਇਆ ਹੋਇਆ ਦਿਖਾਈ ਦੇਂਦਾ ਹੈ।

ਤੀਜਾ : ਇਹ ਕਿ ਭੂਗੋਲਿਕ-ਧਰਤੀ ਦੇ ਹਰ ਖਿੱਤੇ ਵਿਚ ਵਿਚਰਦੀ ਮਨੁੱਖ ਜਾਤੀ ਦੇ ਬੌਧਿਕ-ਵਿਕਾਸ (Intellectual-Development) ਉੱਪਰ ਜਾਦੂ, ਧਰਮ ਅਤੇ ਵਿਗਿਆਨ ਨੇ ਆਪਣਾ ਆਪਣਾ ਪ੍ਰਭਾਵ ਪਾਇਆ ਹੈ।

ਚੌਥਾ : ਇਹ ਕਿ ਆਧੁਨਿਕ ਜੁੱਗ ਦੇ ਮੱਧਕਾਲੀ ਸਮਿਆਂ (Middle ages, that is from 500 A.D. to 1450 A.D.) ਦੌਰਾਨ ਸਭਿਅਕ ਮਨੁੱਖ ਜਾਤੀ ਦੀ ਬਹੁ-ਗਿਣਤੀ ਨੇ ਦੁਬਿਧਾ ਦੀ ਉਸ ਦਲਦਲ ਵਿਚ ਧਸਣਾ ਅਰੰਭ ਦਿੱਤਾ ਸੀ ਜਿਸ ਤੋਂ ਇੰਝ ਭਾਸਦਾ ਸੀ ਕਿ ਸਭਿਅਤਾ ਦੀ ਪਗਡੰਡੀ ਤੋਂ ਪਿਛਲ-ਖੁਰੀ ਹੋਇਆ ਹੋਇਆ ਮਨੁੱਖ ਆਪਣੀ ਆਪਣੀ ਥਾਵੇਂ ਇਨਸਾਨਾਂ ਦੀ ਥਾਂ ਹੈਵਾਨਾਂ ਦੇ ਸਮੂੰਹ ਵਿਚ ਜਾ ਸ਼ਾਮਲ ਹੋਵੇਗਾ; ਕਿਉਂਕਿ ਮਾਇਆ ਦੇ ਤੰਦੂਏ-ਜਾਲ ਵਿਚ ਉਹ ਏਦਾਂ ਹੀ ਫਾਥਾ ਗਿਆ ਸੀ ਕਿ ਇਸ ਹਾਲਤ ਵਿਚ ਮਨੁੱਖ, ਮਨੁੱਖ ਦਾ ਵੈਰੀ ਹੋ ਨਿਬੜਦਾ ਹੈ ਅਤੇ ਇਨਸਾਨੀ ਨਸਲ ਦੀ ਹੋਂਦ ਖ਼ਤਰੇ ਵਿਚ ਪੈ ਜਾਂਦੀ ਹੈ।

ਪੰਜਵਾਂ : ਇਹ ਕਿ ਪਸ਼ੂ ਤੋਂ ਇਨਸਾਨ ਅਤੇ ਇਨਸਾਨ ਤੋਂ ਦੇਵਤਾ ਹੋਣ ਦੇ ਸੁਪਨੇ ਘੜਨ ਵਾਲੀ ਮਨੁੱਖ ਜਾਤੀ ਦੇ ਆਪਣੇ ਸਹੀ ਰਸਤੇ ਤੋਂ ਥਿੜਕਨ ਅਤੇ ਪਿਛਲ-ਖੁਰੀ ਹੋਣ ਦੀਆਂ ਰੁਚੀਆਂ (Tendencies for regression and retrogression) ਅਪਣਾਉਣ ਦਾ ਮੁੱਖ ਕਾਰਨ ਇਹ ਸੀ ਕਿ ਮਨੁੱਖ ਨੇ ਆਪਣੇ ਭੂਗੋਲਿਕ ਹੱਦਾਂ ਬੰਨਿਆਂ ਅੰਦਰ ਉਪਲੱਬਧ ਗਿਆਨਾਤਮਕ ਅਤੇ ਮਾਨਿਕ-ਸਭਿਆਚਾਰਾਂ ਨਾਲ ਸੰਬੰਧਿਤ ਉਹਨਾਂ ਪਾਏਦਾਰ ਸਰਬ-ਵਿਆਪੀ ਕਦਰਾਂ-ਕੀਮਤਾਂ ਤੋਂ ਤਾਂ ਅੱਖਾਂ ਮੀਟ ਘੱਤੀਆਂ ਸਨ, ਜਿਨ੍ਹਾਂ ਦੀ ਆਧਾਰਸ਼ਿਲਾ 'ਤੇ 'ਸਮਾਜ ਦਾ ਸੰਗਠਨ', 'ਆਪਸੀ ਮਿਲਵਰਤਨ' ਅਤੇ 'ਸਹਿਕਾਰਤਾ' ਖੜੀ ਹੁੰਦੀ ਹੈ, ਪਰੰਤੂ ਪਦਾਰਥਕ-ਸਭਿਆਚਾਰ ਦੀਆਂ ਉਚਾਈਆਂ ਨਾਲ ਜੁੜੇ ਸਾਰੇ ਦੇ ਸਾਰੇ ਪਦਾਰਥਕ-ਸੁੱਖਾਂ ਨੂੰ ਮਾਣਨ ਦੀਆਂ ਰੀਝਾਂ ਦੇ ਵੇਗ ਨਾਲ ਪਾਗਲ ਹੋਈ ਹੋਈ ਮਨੁੱਖ ਜਾਤੀ ਅੰਨ੍ਹੀ-ਦੌੜ ਵਿਚ ਸ਼ਾਮਲ ਹੋ ਆਈ ਸੀ। ਮਨੁੱਖ 'ਮਾਇਆ' ਜੋ ਉਸਦੇ ਹੱਥਾਂ ਦੀ ਮੈਲ ਹੈ ਸੀ, ਦਾ ਗ਼ੁਲਾਮ ਹੋ ਕੇ ਰਹਿ ਗਿਆ ਸੀ।

ਵਾਸਤਵ ਵਿਚ ਜਿਵੇਂ ਉਪਰੋਕਤ ਸ਼੍ਰੇਣੀ ਦੇ ਚੌਥੇ ਤੱਥ ਵਿਚ ਸੰਕੇਤ ਕੀਤਾ ਗਿਆ ਹੈ, ਵਿਸ਼ਵ ਦੇ ਸਮੁੱਚੇ ਇਤਿਹਾਸ ਵਿਚ ਆਮ ਕਰਕੇ, ਅਤੇ ਭਾਰਤ ਦੇ ਉਪ-ਮਹਾਂਦੀਪ ਦੇ ਇਤਿਹਾਸ ਵਿਚ ਵਿਸ਼ੇਸ਼ ਕਰਕੇ ਮੱਧਕਾਲੀ ਸਮੇਂ (500 ਤੋਂ 1450 ਈਸਵੀ ਤਕ) ਨੂੰ ਕਾਲਖਾਂ ਭਰਿਆ ਜੁਗ (Black-Ages) ਕਰਕੇ ਜਾਣਿਆ ਜਾਂਦਾ ਹੈ। ਮਨੋ-ਵਿਗਿਆਨਕ ਦ੍ਰਿਸ਼ਟੀਕੋਣ ਤੋਂ ਦੇਖਿਆਂ, ਉਹਨੀਂ ਦਿਨੀਂ ਮਨੁੱਖੀ ਮਨ ਦੀ ਗੜਬੜੀ, ਉਹਦੇ ਅਹਿਸਾਸੇ-ਕਮਤਰੀਨ, ਉਹਦੀਆਂ ਬੇਗਾਨੀਆਂ ਅਤੇ ਅਲਹਿਦਗੀ ਦੀਆਂ ਭਾਵਨਾਵਾਂ (Tendencies for alienation and estrangement) ਮਨੁੱਖ ਦਾ ਸੱਚ ਤੋਂ ਡਰ ਕੇ ਅਤੇ ਤ੍ਰਹਿਕਦੇ ਹੋਣ ਦੀ ਭੈੜ ਅਤੇ ਉਹਦੀਆਂ ਢਹਿੰਦੀਆਂ ਕਲਾਂ ਅੰਦਰ ਵਿਚਰਨ ਦਾ ਮੁੱਖ ਕਾਰਨ ਉਸ ਸਮੇਂ ਦੇ ਸਮੁੱਚੇ ਸਭਿਆਚਾਰ ਦੀ ਅਧੋਗਤੀ ਅਤੇ ਸਭਿਆਚਾਰ ਦੇ ਆਪਣੇ ਬੁਨਿਆਦੀ ਅੰਸ਼ਾਂ ਦੇ ਅਸੰਤੁਲਨ (Imbalance)

ਤੋਂ ਪੈਦਾ ਹੋਇਆ ਹੋਇਆ ਮਨੁੱਖੀ ਮਨ ਦਾ ਅਸੁਖਾਵਾਂ-ਪਨ ਸੀ। ਉਸ ਤਰ੍ਹਾਂ ਦੇ ਅਸੰਤੁਲਨ ਦੇ ਸਹੀ ਕਾਰਨ ਵੱਲ ਉਪਰੋਕਤ ਪੰਜਵੇਂ ਤੱਥ ਵਿਚ ਸੰਕੇਤ ਕੀਤਾ ਗਿਆ ਹੈ। ਸੰਖੇਪ ਵਿਚ ਦਸਿਆਂ, ਸਿੱਖ-ਧਰਮ ਦੀ ਸਥਾਪਨਾ ਨਾਲ ਸੰਬੰਧਿਤ ਗੁਰੂ-ਕਾਲ (1469 ਤੋਂ 1708 ਈਸਵੀ ਤਕ) ਵਿਸ਼ਵ-ਇਤਿਹਾਸ ਦਾ ਉਹ ਸਮਾਂ ਹੈ, ਜਦੋਂ ਕਾਲਖ-ਭਰੇ ਸਮਿਆਂ (Black-Ages) ਅੰਦਰ ਵਿਚਰ ਰਹੀ ਮਨੁੱਖ ਜਾਤੀ ਦੇ ਦੁਰ-ਵਿਵਹਾਰ ਨੂੰ ਕਿਸੇ ਵਿਵਸਥਿਤ ਸਿਖਿਆ-ਪ੍ਰਣਾਲੀ ਵਿਚੋਂ ਲੰਘਾ ਕੇ ਸੂਤਰ-ਬੱਧ ਕਰਨ ਦੀ ਲੋੜ ਸੀ। ਅਸਾਡੀ ਰੋਜ਼ਾਨਾ ਵਰਤੀਂਦੀ ਭਾਸ਼ਾ ਵਿਚ 'ਸਿੱਖ, ਸਿੱਖੀ ਅਤੇ ਸਿਖਿਆ' ਦੀਆਂ ਤਕਨੀਕੀ ਸੰਕਲਪਨਾਵਾਂ ਦੀ ਵਰਤੋਂ ਅਸਾਡੇ ਇਸ ਨਿਰੀਖਣ ਦੀ ਪ੍ਰੋੜ੍ਹਤਾ ਕਰਦੀ ਹੈ, ਕਿ ਸਿੱਖ ਗੁਰੂ ਸਾਹਿਬਾਨ ਨੇ ਇਕ ਨਵੇਕਲੀ ਕਿਸਮ ਦੀ ਸਿੱਖਿਆ-ਪ੍ਰਣਾਲੀ ਦੀ ਸਥਾਪਨਾ ਕੀਤੀ ਹੈ, ਜੋ ਸਮੁੱਚੀ ਮਨੁੱਖ ਜਾਤੀ ਦੇ ਕਲਿਆਣ ਦੀ ਹਾਮੀ ਭਰਦੀ ਹੈ।

ਕਾਲਖ-ਭਰੇ ਮਧਕਾਲੀ ਸਮਿਆਂ (500 ਤੋਂ 1450 ਈਸਵੀ) ਦੇ ਦੌਰਾਨ ਮਨੁੱਖ ਜਾਤੀ ਦੀ ਸਿੱਖਿਆ ਦੇ ਕੁਰਾਹੇ ਪਏ ਰਥ ਨੂੰ 'ਸਿੱਖ-ਇਤਿਹਾਸ' ਦੇ ਗੁਰੂ ਕਾਲ (1469 ਤੋਂ 1708 ਈਸਵੀ) ਦੌਰਾਨ ਤਿਆਰ ਹੋਈ ਸਿੱਖਿਆ ਪ੍ਰਣਾਲੀ ਦਾ ਰਥ ਕਿਵੇਂ, ਕਿਵੇਂ ਨਵੀਆਂ ਰਾਹਾਂ ਉਲੀਕਣ ਦੇ ਯਤਨ ਕਰਦਾ ਰਿਹਾ ? ਆਪਣੇ ਆਪ ਵਿਚ ਇਕ ਲੰਬੀ ਦਾਸਤਾਂ ਹੈ। ਹਾਂ ਪਰ, 'ਸੱਚ' ਨੂੰ ਰਾਜ 'ਤੇ ਬਿਠਾਉਣ ਲਈ ਅਤੇ 'ਕੂੜ' ਨੂੰ ਤਖ਼ਤੋਂ ਲਾਹੁਣ ਲਈ, ਜੋ ਕੁੱਝ ਸਿੱਖ ਗੁਰੂ ਸਾਹਿਬਾਨ ਨੂੰ ਸਾਖਿਆਤ ਇਤਿਹਾਸਕ-ਗਤੀਆਂ-ਵਿਧੀਆਂ ਦੇ ਰੂਪ ਵਿਚ ਕਰਨਾ ਪਿਆ, ਅਤੇ ਸਮੇਂ ਦੀ ਤਿਲ੍ਹਕਦੀ ਰੇਤ ਉਤੇ ਆਪਣੇ ਪਗੀ-ਪੂਰਨਿਆਂ ਦੇ ਪੈਰ-ਚਿੱਤਰ, ਆਉਣ ਵਾਲੀਆਂ ਮਨੁੱਖੀ ਨਸਲਾਂ ਦੀ ਅਗਵਾਈ ਵਾਸਤੇ ਛੱਡਣ ਲਈ ਜਿਨ੍ਹਾਂ ਜਿਨ੍ਹਾਂ ਵਿਰੋਧਤਾਈਆਂ ਦਾ ਟਾਕਰਾ ਕਰਨਾ ਪਿਆ, ਓਹ ਤਾਂ ਆਪਣੇ ਆਪ ਵਿਚ ਇਕ ਲਾਸਾਨੀ ਅਤੇ ਲੰਬੀ ਤਵਾਰੀਖ਼ ਹੈ। ਪ੍ਰੰਤੂ ਹੱਥਲੀ ਪੁਸਤਕ ਦੇ ਲੇਖਕ ਸ. ਸੰਤਾ ਸਿੰਘ ਤਾਤਲੇ ਨੇ ਗੁਰੂ ਪੰਚਮ ਪਾਤਿਸ਼ਾਹ, ਗੁਰੂ ਅਰਜਨ ਦੇਵ ਜੀ ਦੀ ਜੀਵਨੀ ਦੀ ਗਾਥਾ ਨੂੰ ਸਿਰਜ ਕੇ ਕੇਵਲ ਅਪ੍ਰੈਲ 15, 1563 ਤੋਂ ਮਈ 30, 1606 ਤਕ ਦੇ ਸਮੇਂ ਦੀ ਵਿਥਿਆ ਸੁਣਾਈ ਹੈ। ਸਿੱਖ ਇਤਿਹਾਸ ਦੇ ਇਨ੍ਹਾਂ 43 ਸਾਲਾਂ ਦੇ ਇਤਿਹਾਸ ਨੂੰ ਆਪਣੇ ਨਜ਼ਰੀਏ ਤੋਂ ਪੁਨਰ ਜਨਮ ਦੇ ਕੇ, ਅਤੇ ਨਵੇਂ ਸੰਦਰਭ ਵਿਚ ਪੇਸ਼ ਕਰਕੇ, ਉਹਨਾਂ ਨੇ ਸਮੁੱਚੀ ਮਨੁੱਖ ਜਾਤੀ 'ਤੇ ਅਹਿਸਾਨ ਕੀਤਾ ਹੈ। ਪਾਠਕਾਂ ਦੇ ਹਿਰਦਿਆਂ ਨੂੰ ਟੁੰਬ ਕੇ ਉਹਨਾਂ ਦੇ ਮਨਾਂ ਨੂੰ ਪ੍ਰਭਾਵਿਤ ਕਰਨ ਵਾਲੀ ਬੋਲੀ ਦਾ ਪ੍ਰਯੋਗ ਕਰਕੇ, ਉਹਨਾਂ ਇਸ ਇਤਿਹਾਸਕ ਰਚਨਾ ਨੂੰ ਰੌਚਕ ਬਣਾਣ ਦਾ ਯਤਨ ਕੀਤਾ ਹੈ। ਕਈ ਥਾਂਵਾਂ 'ਤੇ ਲੇਖਕ ਨੇ ਇਤਨਾ ਪਸੀਜ ਕੇ ਸ਼ਬਦਾਂ ਦੀ ਚੋਣ ਕੀਤੀ ਹੈ ਕਿ ਲਾਈਨਾਂ ਦੀਆਂ ਲਾਈਨਾਂ ਦੇ ਲੋਕੋਕਤੀਆਂ ਦੇ ਰੂਪ ਧਾਰਨ ਕਰ ਜਾਣ ਦੇ ਇਸ਼ਾਰੇ ਮਿਲਣਗੇ। ਮਿਸਾਲ ਵਜੋਂ, ਪੰਨਾ 78 'ਤੇ ਉਹਨਾਂ ਲਿਖਿਆ ਹੈ :

"ਕੌਮਾਂ ਦੀ ਹਸਤੀ ਕਾਇਮ ਰੱਖਣ ਲਈ ਉਹਨਾਂ ਦੀ ਗਰਦਿਸ਼ ਦਾ ਧੁਰਾ ਕੇਵਲ ਕੇਂਦਰ ਹੀ ਹੁੰਦਾ ਹੈ, ਕਿਉਂਕਿ ਹਰ ਕੌਮ ਦੇ ਹਰ ਆਦਮੀ ਦੀ ਵਿਅਕਤੀਗਤ ਹਸਤੀ ਕੌਮੀ ਧੁਰੇ ਨਾਲ ਬੱਝੀ ਹੁੰਦੀ ਹੈ। ਹਰ ਬਸ਼ਰ ਦੀ ਤਹਿਜ਼ੀਬੋ-ਤਮੱਦਨ, ਭਾਈਚਾਰਕ ਜੀਵਨ, ਸਾਹਿਤਕ ਸੋਚ, ਧਾਰਮਿਕ ਰੁਚੀ, ਸਦਾਚਾਰਕ ਜੱਲਾਲ ਅਤੇ ਆਤਮਿਕ ਜੀਵਨ, ਕੇਂਦਰ ਨਾਲ ਜੁੜੇ ਰਹਿਣ ਕਰਕੇ ਹੀ ਪ੍ਰਫੁੱਲਤ ਰਹਿੰਦੇ ਹਨ।"

ਤਾਤਲੇ ਸਾਹਿਬ ਜੀ ਦੀ ਲਿਖਣ-ਸ਼ੈਲੀ ਇਸ ਗੱਲੋਂ ਬਹੁਤ ਹੀ ਮਹੱਤਵ ਰਖਦੀ ਹੈ ਕਿ ਉਹ ਲਿਖਦਿਆਂ ਸਮੇਂ ਇਸ ਗੱਲ ਨੂੰ ਯਾਦ ਰੱਖ ਰਹੇ ਹੁੰਦੇ ਹਨ ਕਿ ਕਿਸੇ ਭੀ ਮਜ਼ਮੂਨ ਦੀ ਸਹੀ ਸਮਝ ਤਾਂ ਹੀ ਆਉਂਦੀ ਹੈ ਜੇ ਉਸ ਮਜ਼ਮੂਨ ਦੇ 'ਚੂਲੀ ਲਫ਼ਜ਼ਾਂ' ਅਤੇ 'ਬੁਨਿਆਦੀ ਸੰਕਲਪਾਂ','ਮਨੁੱਖੀ ਸ਼ਖ਼ਸੀਅਤਾਂ' ਅਤੇ ਕੌਮਾਂ ਦੀ ਹਸਤੀ ਦੇ ਸੰਕਲਪਾਂ (ਜੋ 'ਮਨੁੱਖੀ ਸ਼ਖ਼ਸੀਅਤਾਂ' ਅਤੇ 'ਕੌਮਾਂ ਦੀ ਹਸਤੀ' ਦੇ ਲਖਾਇਕ ਹੁੰਦੇ ਹੋਏ) ਦੇ ਅਸਲੇ ਨੂੰ ਸਹੀ ਤਰ੍ਹਾਂ ਪਹਿਲੋਂ ਸਮਝਿਆ ਜਾਵੇ ਅਤੇ ਫੇਰ ਪੇਸ਼ ਕੀਤਾ ਜਾਵੇ।

ਹੱਥਲੀ ਪੁਸਤਕ ਦਾ ਮੁੱਖ ਵਿਸ਼ਾ 'ਸਮਾਜਿਕ' ਅਤੇ ਮਨੁੱਖੀ ਵਿਅਕਤੀਤਵ ਦੀ ਉਸਾਰੀ ਨਾਲ ਸੰਬੰਧ ਰਖਦੇ ਧਾਰਮਿਕ ਵਿਸ਼ਵਾਸਾਂ ਦੇ ਦੁਆਲੇ ਘੁੰਮਦਾ ਹੈ। ਆਪਣੀ ਪਰਿਭਾਸ਼ਾ ਅਨੁਸਾਰ 'ਧਰਮ' ਦੀ ਸੰਕਲਪਨਾ ਕਿਸੇ ਉਹਨਾਂ ਵਿਵਸਥਿਤ ਵਿਸ਼ਵਾਸਾਂ ਦੇ ਸਮੂਹ ਦੀ ਪ੍ਰਤੀਨਿਧਤਾ ਕਰ ਰਹੀ ਹੁੰਦੀ ਹੈ ਜਿਨ੍ਹਾਂ ਜਿਨ੍ਹਾਂ ਵਿਸ਼ਵਾਸਾਂ ਦੇ ਚੌਖਟੇ ਤੋਂ ਇਕ ਸੰਪੂਰਣ ਵਿਸ਼ਵ ਨਜ਼ਰੀਆ (A Complete World View) ਬਣ ਆਇਆ ਕਰਦਾ ਹੈ। ਸਾਨੂੰ ਇਸ ਤੱਥ ਦੇ ਵਰਣਨ ਕਰਨ 'ਤੇ ਅਜ਼ਹੱਦ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਕਿ ਹੱਥਲੀ ਪੁਸਤਕ ਦੇ ਮੁਸੱਨਫ, ਤਾਤਲੇ ਜੀ ਨੂੰ ਪੂਰਨ ਵਿਸ਼ਵਾਸ ਹੈ ਕਿ ਸਿੱਖ ਗੁਰੂ-ਸਾਹਿਬਾਨ ਵਲੋਂ ਪੇਸ਼ ਕੀਤਾ ਗਿਆ 'ਸਮੁੱਚੇ ਬ੍ਰਹਮੰਡ ਪ੍ਰਤੀ ਨਜ਼ਰੀਆ' ਅਤੇ ਉਸ ਨਜ਼ਰੀਏ ਦੇ ਤਾਣੇ-ਪੇਟੇ ਤੋਂ ਰੂਪਮਾਨ ਹੁੰਦੀ ਵਿਵਸਥਿਤ ਸਿੱਖਿਆ-ਪ੍ਰਣਾਲੀ, ਅਜੋਕੀ ਅਤੇ ਭਵਿੱਖਤ ਮਨੁੱਖਤਾ ਲਈ ਸਯੋਗ, ਢੁਕੀਂਦੇ, ਕਲਿਆਣਕਾਰੀ ਅਤੇ ਉਦੇਸ਼-ਪੂਰਨ ਹਨ। ਉਹਨਾਂ ਦਾ ਦੂਸਰਾ ਵਿਸ਼ਵਾਸ ਇਹ ਹੈ ਕਿ 'ਧਾਰਮਿਕ ਆਗੂਆਂ ਦੀ ਚੋਣ' ਧੁਰ ਦਰਗਾਹੋਂ ਹੋ ਕੇ ਆ ਰਹੀ ਹੁੰਦੀ ਹੈ। ਇਸ ਤਰ੍ਹਾਂ ਦੇ ਉਹਨਾਂ ਦੇ ਦੋਨੋਂ ਵਿਸ਼ਵਾਸ ਉਹਨਾਂ ਨੂੰ ਮੁਬਾਰਕ ਹੋਣ, ਅਤੇ ਇਸ ਪੁਸਤਕ ਦੇ ਲਿਖਣ ਸਮੇਂ ਜੋ, ਜੋ ਰੀਝਾਂ, ਚਾਅਵਾਂ, ਹਸਰਤਾਂ ਅਤੇ ਅਰਮਾਨ ਉਹਨਾਂ ਬਣਾਈਆਂ ਸਨ, ਉਹਨਾਂ ਦੇ ਨੇਪਰੇ ਚੜ੍ਹਨ 'ਤੇ ਸਾਨੂੰ ਭੀ ਅਜ਼ਹੱਦ ਖ਼ੁਸ਼ੀ ਹੋਵੇਗੀ। ਧਾਰਮਿਕ ਵਿਸ਼ਵਾਸਾਂ ਦੀ ਸਡੌਲਤਾ ਪ੍ਰਤੀ ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਉਹਨਾਂ ਵਿਚ ਦੁਬਿਧਾ ਨੂੰ ਕੋਈ ਥਾਂ ਨਹੀਂ ਹੁੰਦੀ, ਜੋ ਵਿਸ਼ਵਾਸ ਦੇ ਧਾਰਨੀ ਹੋ ਜਾਣ। ਹਜ਼ੂਰ ਦਾ ਨਿਰੀਖਣ ਹੈ:

> **ਸਲਾਮੁ ਜਬਾਬੁ ਦੋਵੈ ਕਰੇ, ਮੁੰਢਹੁ ਘੁਥਾ ਜਾਇ ॥**
> **ਨਾਨਕ ਦੋਵੈ ਕੂੜੀਆ, ਥਾਇ ਨ ਕਾਈ ਪਾਇ ॥**

ਏਹੀ ਕਾਰਨ ਹੈ ਕਿ ਲੇਖਕ ਦੀ ਸਿੱਖੀ ਪ੍ਰਤੀ ਆਪਣੀ ਸ਼ਰਧਾ ਪੁਸਤਕ ਦੇ ਹਰ ਸ਼ਬਦ, ਵਾਕ ਅਤੇ ਪੰਨੇ ਤੋਂ ਡੁੱਲ੍ਹ ਡੁੱਲ੍ਹ ਪੈਂਦੀ ਹੈ। ਨਿਰਸੰਦੇਹ ਸਿੱਖ ਧਰਮ ਦੀ ਸ੍ਰੇਸ਼ਟਤਾ ਪ੍ਰਤੀ ਬਣੇ ਤਾਤਲੇ ਸਾਹਿਬ ਦੇ ਅਟੱਲ ਵਿਸ਼ਵਾਸ ਨੇ ਹੀ ਉਹਨਾਂ ਤੋਂ ਇਸ ਪੁਸਤਕ ਦੀ ਰਚਨਾ ਕਰਵਾਈ ਹੈ। ਉਹਨਾਂ ਨੂੰ ਪੱਕਾ ਯਕੀਨ ਹੈ ਕਿ ਗੁਰੂ-ਸਿੱਖਿਆ ਬੰਦੇ ਨੂੰ ਮਾਇਆ ਦਾ ਗ਼ੁਲਾਮ ਹੋਣ ਤੋਂ ਬਚਾ ਸਕਦੀ ਹੈ ਅਤੇ ਵਿਸ਼ਵ-ਅਮਨ ਨੂੰ ਯਕੀਨੀ ਬਣਾ ਸਕਦੀ ਹੈ।

ਇਸ ਕਿਤਾਬ ਦੀ ਸਿਰਜਣਾ ਮੌਕੇ ਮੁਤਾਬਿਕ ਭੀ ਬਹੁਤ ਹੀ ਸਾਰਥਿਕ ਜਾਪ ਰਹੀ ਹੈ। ਰੂਸ ਵਿਚ ਕਮਿਊਨਿਜ਼ਮ ਦੇ ਫ਼ੇਲ੍ਹ ਹੋ ਜਾਣ ਨਾਲ ਨਾਸਤਿਕ-ਵਿਚਾਰਧਾਰਾ ਨੂੰ ਕਾਫ਼ੀ ਧੱਕਾ ਲੱਗਿਆ ਹੈ ਅਤੇ ਅਜੋਕਾ ਮਨੁੱਖ ਫੇਰ ਆਸਤਕ ਵਿਚਾਰਾਂ ਦੇ ਪੁਨਰ-ਜਨਮ ਵਿਚ ਰੁਚਿਤ ਹੋ ਆਇਆ ਦਿੱਸਦਾ ਹੈ। ਜਗਤ ਪ੍ਰਸਿੱਧ ਮਨੋਵਿਗਿਆਨੀ

'Erich Fromm' (1991) ਆਪਣੀ ਪੁਸਤਕ *ਦੀ ਸੇਨ ਸੋਸਾਇਟੀ (The Sane Society)* ਵਿਚ ਪੰਨੇ 233 'ਤੇ ਲਿਖਦੇ ਹਨ, ਮਨੁੱਖਵਾਦੀ ਧਾਰਮਿਕ ਵਿਚਾਰ, ਵਾਸਤਵ ਵਿੱਚ ਸੁਹਿਰਦ ਸਮਾਜ ਦੀ ਉਸਾਰੀ ਲਈ ਹੀ ਹੁੰਦੇ ਹਨ। ਨਿਰਸੰਦੇਹ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਅਦੁੱਤੀ ਸ਼ਹਾਦਤ ਰਾਹੀਂ ਇਲਹਾਮੀ ਜਾਮ ਪੀ ਕੇ ਕਾਇਮ-ਦਾਇਮ ਰੱਖਿਆ ਅਤੇ ਐਸੀ ਮਨੁੱਖਵਾਦੀ ਵਿਚਾਰਧਾਰਾ ਤੋਂ ਸੇਧ ਲੈਂਦਾ ਹੈ ਅਤੇ ਸਾਵੀਂ, ਪੱਧਰੀ ਤੇ ਸਖਾਵੀਂ ਸੁੱਧਰੀ ਸਮਾਜਿਕ ਜ਼ਿੰਦਗੀ ਦੀ ਉਸਾਰੀ ਦੀ ਬਿਲਾ-ਸ਼ੁਬਾ ਵਿਸ਼ਵ ਧਰਾਤਲ 'ਤੇ ਸਹੀ ਜਾਮਨੀ ਭਰਦਾ ਹੈ। ਹਾਂ ਪਰ, ਸਮੁੱਚੀ ਮਨੁੱਖ ਜਾਤੀ ਦੀ ਬਦਕਿਸਮਤੀ ਦੀ ਗੱਲ ਇਹ ਹੈ ਕਿ ਸਿੱਖ ਗੁਰੂ ਸਾਹਿਬਾਨ ਵਲੋਂ ਉਲੀਕੀ ਗਈ ਵਿੱਦਿਆ-ਪ੍ਣਾਲੀ ਅਤੇ ਕਿਆਸੀ ਗਈ ਤਰਜ਼-ਜ਼ਿੰਦਗੀ ਨੂੰ ਪ੍ਰਯੋਗ ਵਿਚ ਪੈਣ ਦਾ ਮੌਕਾ ਨਹੀਂ ਮਿਲ ਸਕਿਆ।

ਪ੍ਰੋਫੈਸਰ ਅਮਰ ਸਿੰਘ ਧਾਲੀਵਾਲ

ਐਮ.ਏ. (ਪੰਜਾਬੀ), ਐਮ.ਐਡ.ਐਮ.ਏ. ਅਤੇ

ਪੀ.ਐਚ.ਡੀ. (ਮਨੋਵਿਗਿਆਨ)

ਸਾਬਕਾ ਮੁਖੀ, ਮਨੋਗਿਆਨ ਵਿਭਾਗ

ਡੀਨ, ਫੈਕਲਟੀ ਆਫ ਸੋਸ਼ਲ ਸਾਇੰਸਜ

ਡੀਨ, ਕਾਲਜ ਡੀਵੈਪਲਮੈਂਟ ਕੌਂਸਲ

ਗੁਰੂ ਨਾਨਕ ਦੇਵ ਯੂਨੀਵਰਸਿਟੀ,

ਅੰਮ੍ਰਿਤਸਰ (ਪੰਜਾਬ)

ਪਤਾ :

22 HUNTINGDALE ROAD

WINNIPEG,

MANITOBA (CANADA) R3P 2H3

ਮਿਤੀ : ਨਵੰਬਰ 23, 1994

ਸਹਾਇਕ ਪੁਸਤਕਾਂ ਦੀ ਸੂਚੀ

੧. *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸ਼੍ਰੋਮਣੀ ਗੁ: ਪ੍ਰ: ਕਮੇਟੀ।

੨. *ਦਸਮ ਗ੍ਰੰਥ ਸਾਹਿਬ ਜੀ*, ਸ਼੍ਰੋਮਣੀ ਗੁ: ਪ੍ਰ: ਕਮੇਟੀ।

੩. *ਵਾਰਾਂ, ਗਿਆਨ ਰਤਨਾਵਲੀ, ਭਾਈ ਗੁਰਦਾਸ ਜੀ*, ਸ਼੍ਰੋਮਣੀ ਗੁ: ਪ੍ਰ: ਕਮੇਟੀ।

੪. *ਕਬਿੱਤ ਸਵੱਯੇ ਸਟੀਕ, ਭਾਈ ਗੁਰਦਾਸ ਜੀ*, ਪੰਡਿਤ ਨਰੈਣ ਸਿੰਘ ਜੀ, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ, ਅੰਮ੍ਰਿਤਸਰ।

੫. *ਮਹਾਨ ਕੋਸ਼*, ਭਾਈ ਕਾਨ੍ਹ ਸਿੰਘ ਜੀ ਨਾਭਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

੬. *ਗੁਰ ਸ਼ਬਦ ਰਤਨ ਪ੍ਰਕਾਸ਼*, ਅਕਾਲੀ ਕੌਰ ਸਿੰਘ ਜੀ, ਭਾਸ਼ਾ ਵਿਭਾਗ ਪਟਿਆਲਾ।

੭. *ਪੰਜਾਬੀ ਕੋਸ਼*, ਭਾਸ਼ਾ ਵਿਭਾਗ, ਪਟਿਆਲਾ।

੮. *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ*, ਸ: ਬਲਬੀਰ ਸਿੰਘ ਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

੯. *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਵਿਸਥਾਰ*, ਸ: ਸਤਿਬੀਰ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਪੰਜਾਬ।

੧੦. *ਗੁਰੂ ਨਾਨਕ ਚਮਤਕਾਰ*, ਭਾਈ ਵੀਰ ਸਿੰਘ ਜੀ, ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ।

੧੧. *ਅਸ਼ਟ ਗੁਰੂ ਚਮਤਕਾਰ*, ਭਾਈ ਵੀਰ ਸਿੰਘ ਜੀ, ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ।

੧੨. *ਕਲਗੀਧਰ ਚਮਤਕਾਰ*, ਭਾਈ ਵੀਰ ਸਿੰਘ ਜੀ, ਖ਼ਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ।

੧੩. *ਸ੍ਰੀ ਗੁਰ ਪੰਥ ਪ੍ਰਕਾਸ਼*, ਗਿਆਨੀ ਗਿਆਨ ਸਿੰਘ ਜੀ, ਮੋਹਨ ਸਿੰਘ ਬਰਾੜ, ਗਲੀ ਸ਼ਹੀਦ ਬੁੰਗਾ, ਅੰਮ੍ਰਿਤਸਰ, ਪੰਜਾਬ।

੧੪. *ਸ੍ਰੀ ਗੁਰ ਬਿਲਾਸ ਪਾਤਿਸ਼ਾਹੀ ੬*, ਗਿਆਨੀ ਇੰਦਰ ਸਿੰਘ ਜੀ ਗਿੱਲ, ੩੧-ਬੀ, ਜਾਲਨ ਹਾਜੀ, ਸਾਲਹਿ, ਸੈਂਟਰਲ ਕੁਆਲਾਲੰਪੁਰ, ਮਲੇਸ਼ੀਆ, ਜੀ-੨੪, ਭੱਲਾ ਕਾਲੋਨੀ, ਛੇਹਰਟਾ, ਅੰਮ੍ਰਿਤਸਰ, ਪੰਜਾਬ।

੧੫. *ਸੋਢੀ ਚਮਤਕਾਰ ਤਵਾਰੀਖ ਗੁਰੂ ਖ਼ਾਲਸਾ, ਸੂਰਜ ਪ੍ਰਕਾਸ਼ ਦਾ ਵਾਰਤਕ ਟੀਕਾ*, ਸੰਗ੍ਰਹਿ ਕਰਤਾ ਗਿਆਨੀ ਤ੍ਰਿਲੋਕ ਸਿੰਘ ਜੀ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰਪਨੀ, ਗਲੀ ਨੰ: ੯, ਬਾਗ ਰਾਮਾ ਨੰਦ, ਅੰਮ੍ਰਿਤਸਰ, ਪੰਜਾਬ।

੧੬. *ਮਾਧਵਾਨਲ ਕਾਮ ਕੰਦਲਾ, ਕ੍ਰਿਤ ਕਵੀ ਆਲਿਮ, ਰਾਗ ਮਾਲਾ ਨਿਰਣਯ,* ਪੜਚੋਲ, ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਰੀਸਰਚ ਸਕਾਲਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ, ਪੰਜਾਬ।

੧੭. *ਸਾਡਾ ਇਤਿਹਾਸ,* ਸਤਿਬੀਰ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।

੧੮. *ਬੰਸਾਵਲੀ ਨਾਮਾ ਦਸਾਂ ਪਾਤਿਸ਼ਾਹੀਆਂ ਕਾ,* ਕੇਸਰ ਸਿੰਘ ਛਿੱਬਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬ।

੧੯. *ਸ੍ਰੀ ਗੁਰੂ ਪ੍ਰਤਾਪ ਸੂਰਜ, ਤਵਾਰੀਖ਼ ਗੁਰੂ ਖ਼ਾਲਸਾ,* ਵਾਰਤਕ, ਟੀਕਾਕਾਰ, ਸੋਢੀ ਤੇਜਾ ਸਿੰਘ, ਭਾਈ ਚਤਰ ਸਿੰਘ ਜੀਵਨ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ, ਪੰਜਾਬ।

੨੦. *ਕਰਣੀ ਪ੍ਰਧਾਨ,* ਸੰਤਾ ਸਿੰਘ ਤਾਤਲੇ ਬਰਹਮੀ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਜਾਬ।

੨੧. *ਖ਼ਾਲਸਾ ਪੰਥ ਦੀ ਸਿਰਜਨਾ ਅਤੇ ਅੰਮ੍ਰਿਤ ਸੰਚਾਰ,* ਸੰਤਾ ਸਿੰਘ ਤਾਤਲੇ ਬਰਹਮੀ, ਧਰਮ ਪ੍ਰਚਾਰ ਕਮੇਟੀ, ਵਰਲਡ ਸਿੱਖ ਆਰਗੇਨਾਈਜ਼ੇਸ਼ਨ, ਕੈਨੇਡਾ।

੨੨. *ਗੁਰਮਤਿ ਮਾਰਤੰਡ,* ਭਾਈ ਕਾਨ੍ਹ ਸਿੰਘ ਜੀ ਨਾਭਾ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ, ਪੰਜਾਬ।

੨੩. *ਗੁਰਬਾਣੀ ਪਾਠ ਦਰਸ਼ਨ,* ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ, ਮੇਹਰ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ, ਪੰਜਾਬ।

੨੪. *ਸ੍ਰੀ ਗੁਰੂ ਗ੍ਰੰਥ ਸਾਹਿਬ ਟੀਕਾ,* ਇੰਗਲਿਸ਼, ਪੰਜਾਬੀ, ਮਨਮੋਹਨ ਸਿੰਘ ਜੀ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ, ਪੰਜਾਬ।

੨੫. *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,* ਪ੍ਰੋ: ਸਾਹਿਬ ਸਿੰਘ ਜੀ, ਰਾਜ ਪਬਲਿਸ਼ਰਜ਼, ਜਲੰਧਰ, ਪੰਜਾਬ।

੨੬. *ਝਟਕਾ ਪ੍ਰਕਾਸ਼,* ਗਿਆਨੀ ਨਿਰੰਜਨ ਸਿੰਘ ਜੀ ਸਰਲ, ਸਾਖੀ ਪ੍ਰਿੰਟਿੰਗ ਪ੍ਰੈਸ, ਬਾਜ਼ਾਰ ਗੁਰੂ ਕੀ ਸਰਾਂ, ਅੰਮ੍ਰਿਤਸਰ, ਪੰਜਾਬ।

੨੭. *ਸਾਚੀ ਪ੍ਰੀਤਿ : ਗ਼ਜ਼ਲਾਂ ਭਾਈ ਨੰਦ ਲਾਲ ਜੀ ਸਟੀਕ,* ਅਨੁਵਾਦਿਕ ਹਰਭਜਨ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਜਾਬ।

੨੮. *ਭਾਈ ਨੰਦ ਲਾਲ ਜੀ ਗ੍ਰੰਥਾਵਲੀ,* ਸੰਪਾਦਕ ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

੨੯. *ਸਿੱਖ ਵਿਚਾਰ ਧਾਰਾ,* ਪ੍ਰੀਤਮ ਸਿੰਘ ਐਮ.ਏ., ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ, ਪੰਜਾਬ।

੩੦. *ਕਲਾਮ ਭਾਈ ਨੰਦ ਲਾਲ ਜੀ,* ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ।

੩੧. *ਸਰਬੱਤ ਦਾ ਭਲਾ,* ਪ੍ਰੋ: ਸਾਹਿਬ ਸਿੰਘ ਜੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ।

੩੨. *ਸਿੱਖ ਧਰਮ ਤੇ ਮਾਸ ਸ਼ਰਾਬ,* ਜੇ. ਪੀ. ਸੰਗਤ ਸਿੰਘ, ਸੂਰਾ ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ, ਪੰਜਾਬ।

੩੩. *ਕਰਤਾਰਪੁਰੀ ਬੀੜ ਦੇ ਦਰਸ਼ਨ*, ਭਾਈ ਜੋਧ ਸਿੰਘ ਜੀ, ਐਮ.ਏ., ਡੀ.ਲਿਟ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ।

੩੪. *ਗੁਰਮਤਿ ਦੇ ਮੂਲਿਕ ਸਿਧਾਂਤ*, ਡਾ: ਤਾਰਨ ਸਿੰਘ, ਸਚੈਨ ਪ੍ਰਿੰਟਿੰਗ ਪ੍ਰੈਸ, ਜਲੰਧਰ, ਪੰਜਾਬ।

੩੫. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ*, ਡਾ: ਤਾਰਨ ਸਿੰਘ, ਫਕੀਰ ਸਿੰਘ, ਘੰਟਾ ਘਰ, ਅੰਮ੍ਰਿਤਸਰ।

੩੬. *ਇਤਿਹਾਸਕ ਖੋਜ*, ਕਰਮ ਸਿੰਘ ਹਿਸਟੋਰੀਅਨ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ।

੩੭. *ਗੁਰਮਤਿ ਪ੍ਰਭਾਕਰ*, ਕਾਨ੍ਹ ਸਿੰਘ ਜੀ ਨਾਭਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

੩੮. *ਗੁਰਮਤਿ ਸੁਧਾਕਰ*, ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

੩੯. *ਆਦਿ ਬੀੜ ਬਾਰੇ*, ਪ੍ਰੋ: ਸਾਹਿਬ ਸਿੰਘ ਜੀ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ।

੪੦. *ਰਾਗ ਮਾਲਾ ਬਾਰੇ ਵਿਚਾਰ*, ਕੁਝ ਖੋਜੀ ਵਿਦਵਾਨ, ਸੂਰਾ ਮਾਸਕ ਪੱਤਰ, ਅੰਮ੍ਰਿਤਸਰ।

੪੧. *ਗੁਰਮੁਖਿ ਜੀਵਨ*, ਲਹਿਣਾ ਸਿੰਘ ਜੀ, ਆਤਮ ਸਾਇੰਸ ਟ੍ਰਸਟ, ਨਵੀਂ ਦਿੱਲੀ।

੪੨. *ਤਉ ਕਿਉ ਮੁਰਗੀ ਮਾਰੈ*, ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ਸੂਰਾ ਪੁਸਤਕ ਭੰਡਾਰ, ਅੰਮ੍ਰਿਤਸਰ, ਪੰਜਾਬ।

੪੩. *ਗਰੜ ਪੁਰਾਣ*, ਅਨੁਵਾਦਿਕ ਗਿਆਨੀ ਗੁਰਬਚਨ ਸਿੰਘ ਜੀ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

੪੪. *ਸ਼ਿਵ ਪੁਰਾਣ*, ਅਨੁਵਾਦਿਕ ਗਿਆਨੀ ਗੁਰਬਚਨ ਸਿੰਘ ਜੀ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

੪੫. *ਸ੍ਰੀ ਯੋਗ ਵਸ਼ਿਸ਼ਟ*, ਜਵਾਹਰ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ।

੪੬. *ਧਰਮ ਦੀ ਚਾਦਰ*, ਗਿਆਨੀ ਜਸਵੰਤ ਸਿੰਘ ਜੀ ਪਰਵਾਨਾ, ਮਕਾਨ ਨੰ: ੪੫੯੮, ਗਲੀ ਨੰ: ੮, ਅਵਤਾਰ ਨਗਰ, ਜਲੰਧਰ ਸ਼ਹਿਰ, ਪੰਜਾਬ।

੪੭. *ਇਤਿਹਾਸਕ ਲੈਕਚਰਜ਼*, ਗਿਆਨੀ ਪ੍ਰਤਾਪ ਸਿੰਘ ਜੀ, ਸਾਬਕਾ ਜਥੇਦਾਰ ਅਕਾਲ ਤਖ਼ਤ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰਪਨੀ, ਅੰਮ੍ਰਿਤਸਰ।

੪੮. *ਗੁਰਮਤਿ ਫ਼ਿਲਾਸਫ਼ੀ*, ਗਿਆਨੀ ਪ੍ਰਤਾਪ ਸਿੰਘ ਜੀ, ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ।

੪੯. *ਧਰਮ ਦੀ ਉਤਪਤੀ ਅਤੇ ਵਿਕਾਸ*, ਐਫ. ਮੈਕਸਮੂਲਰ, ਐਮ.ਏ., ਅਨੁਵਾਦਿਕ ਡਾ: ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

੫੦. *ਪਰਬਤ ਮੇਰਾਣੂ*, ਸਤਿਬੀਰ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।

੫੧. *ਆਦਿ ਸਿੱਖ ਤੇ ਆਦਿ ਸਾਖੀਆਂ*, ਸਤਿਬੀਰ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
੫੨. *ਗੁਰਬਾਣੀ ਸੰਗੀਤ*, ਸ: ਗਿਆਨ ਸਿੰਘ ਜੀ, ਐਬਟਾਬਾਦ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ।
੫੩. *ਸਿੱਖ ਰਾਜ ਦਾ ਸੰਕਲਪ*, ਡਾ: ਜਸਪਾਲ ਸਿੰਘ, ਨਵਯੁਗ ਪਬਲਿਸ਼ਰਜ਼, ਦਿੱਲੀ।
੫੪. *ਖ਼ੁਲਾਸਤੁਤ ਤਵਾਰੀਖ਼*, ਸੁਜਾਨ ਰਾਏ ਭੰਡਾਰੀ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ।
੫੫. *ਸਹਿਜੇ ਰਚਿਓ ਖ਼ਾਲਸਾ*, ਹਰਿੰਦਰ ਸਿੰਘ ਮਹਿਬੂਬ, ਖ਼ਾਲਸਾ ਕਾਲਜ, ਗੜ੍ਹਦੀਵਾਲ, ਹੁਸ਼ਿਆਰਪੁਰ, ਪੰਜਾਬ, ਇੰਡੀਆ।

ਉਰਦੂ, ਫ਼ਾਰਸੀ ਅਤੇ ਅਰਬੀ

੫੬. *ਕੁਰਾਨ ਮਜੀਦ*, ਤਰਜਮਾਏ ਤਫ਼ਸੀਰ, ਅਲਹਾਜ਼ ਪੀਰ ਸਾਲਹ-ਅਲ- ਦੀਨ, ਕੁਰਾਨ ਪਬਲਿਸ਼ਰਜ਼, ਹਕੀਮ ਮੁਬਾਰਕ ਅਹਿਮਦ ਖ਼ਾਨ, ਇਸਲਾਮਾਬਾਦ, ਪਾਕਿਸਤਾਨ।
੫੭. *ਤਫ਼ਹੀਮੁਲ ਕੁਰਾਨ*, ਅਬੁਲ ਅਲੀ ਮਾਦੂਦੀ, ਮਕਤਬਾ ਇਨਸਾਨੀਅਤ ਤਾਮੀਰ, ਲਾਹੌਰ।
੫੮. *ਹੈਵਾਤੁਲ ਮੁਸਲਮੀਨ*, ਮਉਲਾਨਾ ਇਸ਼ਰਤ ਅਲੀ, ਤਾਜ ਕੰਪਨੀ ਲਿਮਿਟਿਡ, ਲਾਹੌਰ।
੫੯. *ਮਾਰਫੁਲ ਕੁਰਾਨ*, ਕਦੀਮੀ ਕੁਤਬ ਖ਼ਾਨਾ, ਕਰਾਚੀ।
੬੦. *ਇਸਲਾਮੀ ਸ਼ਰਹ ਸ਼ਰੀਅਤ*, ਸਹੀਹ ਬੁਖ਼ਾਰੀ, ਕੁਰਾਨ ਮਹੱਲ, ਕਰਾਚੀ।
੬੧. *ਬਾਂਗੇ ਦਰਾ*, ਅਲਾਮਾ ਇਕਬਾਲ, ਸ਼ੇਖ਼ ਗ਼ੁਲਾਮ ਅਲੀ ਪਬਲਿਸ਼ਰਜ਼, ਲਾਹੌਰ।
੬੨. *ਜ਼ਰਬੇ ਕਲੀਮ*, ਅਲਾਮਾ ਇਕਬਾਲ, ਸ਼ੇਖ਼ ਗ਼ੁਲਾਮ ਅਲੀ ਪਬਲਿਸ਼ਰਜ਼, ਲਾਹੌਰ।
੬੩. *ਬਾਲੇ ਜਬਰੀਲ*, ਅਲਾਮਾ ਇਕਬਾਲ, ਸੇਖ਼ ਗ਼ੁਲਾਮ ਅਲੀ ਪਬਲਿਸ਼ਰਜ਼, ਲਾਹੌਰ।
੬੪. *ਗ਼ੁਲਸਤਾਨਿ ਸਾਅਦੀ*, ਫ਼ਾਰਸੀ, ਕਦੀਮੀ ਕੁਤਬ ਖ਼ਾਨਾ, ਕਰਾਚੀ, ਪਾਕਿਸਤਾਨ।
੬੫. *ਬੋਸਤਾਨਿ ਸਾਅਦੀ*, ਫ਼ਾਰਸੀ, ਕਦੀਮੀ ਕੁਤਬ ਖ਼ਾਨਾ, ਕਰਾਚੀ, ਪਾਕਿਸਤਾਨ।
੬੬. *ਮੁਕਾਲਾਤੇ ਹਿਕਮਤ* (ਉਰਦੂ), ਸੂਫ਼ੀ ਬਰਕਤ ਅਲੀ ਬਰਹਮੀ, ਲੁਧਿਆਣਾ, ਸਾਲਾਰ ਵਾਲਾ, ਫ਼ੈਸਲਾਬਾਦ, ਪਾਕਿਸਤਾਨ।
੬੭. *ਮੁਕੰਮਲ ਤਾਰੀਖ਼ੇ ਇਸਲਾਮ*, ਸ਼ਾਹ ਮਹੀ-ਉਦ-ਦੀਨ, ਉਰਦੂ ਬਾਜ਼ਾਰ ਲਾਹੌਰ।
੬੮. *ਫ਼ੀਰੋਜ਼-ਅਲ-ਲੁਗਾਤ* (ਉਰਦੂ ਕੋਸ਼), ਫ਼ੀਰੋਜ਼ ਸੰਨਜ਼, ਲਾਹੌਰ।

English Books

69. *Sri Guru Granth Sahib*, English version by Dr. Gopal Singh, World Book Centre, 12/3, Asaf Ali Road, New Delhi-2.

70. *The Holy Quran*, by A. Yusaf Ali, Shah Mohammad Ashraf, Kashmiri Bazar, Lahore.
71. *The Heritage of the Sikhs*, by Harbans Singh, Manohar Publication, Ansari Road, Darya Ganj, New Delhi-110002–India.
72. *History of the Sikhs*, by J. D. Cunningham, S. Chand & Company Ltd., Ram Nagar, New Delhi.
73. *The Sikh Revolution*, by Jagjit Singh, Bahri Publication Private Ltd., 57, Sant Nagar (Near East of Kailash), New Delhi.
74. *A History of the Sikhs*, by Khushwant Singh, Oxford University Press, Bombay.
75. *The Sikh Religion*, by Ishar Singh, Sikh Missionary College, A-143, Fateh Nagar, New Delhi-110018.
76. *High Road of Sikh History books*, by Teja Singh, Punjabi University, Patiala.
77. *The Sikhs Today*, by Khushwant Singh, Oriental Longman Ltd., 1/24, Asaf Ali Rd., New Delhi-2.
78. *The Spirit Born People*, by Puran Singh, Swan Printing Press, Jalandhar.
79. *The Bhagwat Gita*, Translated by Annie Besant, 68, Great Russell Street, London, WGIB 3BU England.
80. *The Magic of Thinking Big*, by David J. Schwartz, Simon & Schuster, New York.
81. *History of the Sikhs*, by Hari Ram Gupta, Munshi Ram Manohar Lal Pub. Pvt. Ltd., P. Box 5715, Rani Jhansi Road, New Delhi-110055.
82. *History of the Panjab*, by Syad Muhammad Latif, Kalyani Pub., 1/1, Rajinder Nagar, Ludhiana 141008.
83. *The Sikh Religion*, by Maxx Arthur Macauliffe, Lower Price Publications, 425-Nimri, Ashok Vihar, Phase IV, Delhi-110052.
84. *A History of the Sikhs*, by Khushwant Singh, Oxford University Press, Bombay.
85. *Transformation of Sikhism*, by Gokal Chand Narang, Kalyan Pub., New Delhi, Ludhiana.

86. *Islam and Christianity*, by Naseer Farooq, Ahmadiyya Anjuman Ishaiat Islam, Lahore, Pakistan.
87. *Teaching of Islam*, by Naseer Farooq, Ahmadiyya Anjuman Ishaiat Islam, Lahore, Pakistan.
88. *Sikhism : Its Ideal & Institutions*, by Teja Singh, Khalsa Brothers, Amritsar.
89. *The Golden Temple, Past & Present*, by Dr. Madanjit Kaur, Guru Nanak Dev University, Amritsar.
90. *Suraj Parkash* (by Bhai Santokh Singh Churamani in poems).
91. *Mahima Parkash* (by Kirpal Dass Bhalla, Punjabi Vibhag Patiala University).
92. *The Yoga System of Patanjli* (by James Hauhgton Woods, Printed by Moti Lall Banarsi Dass, Delhi).
93. *India's Philosophy* (by Dr. Radha Krishanan).
94. *The Dhammapada* (Translated by S. Radha Krishanan).
95. *Awakening of Faith* (Translated by Timothy Richards).
96. *An Introduction to Zin Budhism* (by D.T. Suzuki).
97. *The Doctrine of Mind* (by D.T. Suzuki).
98. *The Mystics of Islam* (by R.A. Nicholson, London).
99. *The Sacred Writing the Sikhs* (by Arnold Toynbee).
100. *Sama Veda* (Translated by Devi Chand M.A.).
101. *The Life and Time of Shaikh Farid-ud-Din Ganj Shakar* (by K.A. Nizami, Delhi).
102. *The History of India* (by Ellion and Dowson).
103. *The Punjab Under the Mughals* (by Mohammad Akbar, M.A., Idara-i-adbiat-i-Delhi).
104. *The Sacred Books of the East* (Printed by Moti Lall Banarsi Dass, Delhi).
105. *The Origin of Castes in the Vedic Age* (by J.M. Muir, Orient Publishers, 1972).
106. *A Modern Man in Search of Soul* (by C.G. Yung, 1956, London).
107. *A History of the Romans* (by Frank C. Bourne, Princton University 1967).

108. *A Study of History* (by Arnold J. Toynbee).
109. *Wisdom of Confucius.*
110. *The Stone Light.*
111. *The Dialogues of Plato.*
112. *The Secrets of the Self* (Translated by R.A. Nicholson and Sh. Mohammad Ashraf).
113. *A Historian Approach to Religion* (by Arnold Toynbee).
114. *The Spirit of Islam* (by Syed Ameer Ali).
115. *The Vedanta Sutras* (Translated by George Thibaut, Dover Publications).
116. *India of the Age of the Brahmana's* (by Dr. Jogiraj Bassu, Sanskrit Books Bhandar, Calcutta).
117. *Early Budhist Mythology* (by Dr. Haldar, Manohar Publishers, 1977).
118. *Jatak Tales* (Translated by H.T. Francis and A.J. Thoms, Jaico 1956).
119. *Decline and Fall of the Roman Empire* (by Donald Kagan, Print : D.C. Heath and Company, 1962).
120. *History of Western Philosophy* (by Bertrand Russel).

ਸਤਿਗੁਰੂ ਮਹਿਮਾ

ਸਤਿਗੁਰੂ ਅਰਜਨ ਸਾਹਿਬ ਜੀ ਦੀ ਅਲੱਖ ਅਤੇ ਅਕਹਿ ਜੀਵਨੀ ਲਿਖਣ ਤੋਂ ਪਹਿਲਾਂ ਲਿਖਾਰੀ ਦੀ ਕਲਮ ਆਪਣੇ ਆਪ ਹੀ ਕਿਸੇ ਖ਼ਾਸ ਨੁਕਤੇ 'ਤੇ ਆ ਕੇ ਰੁਕ ਜਾਂਦੀ ਹੈ, ਔਰ ਕੁਝ ਐਸੇ ਅਜ਼ੀਮ ਪ੍ਰਸ਼ਨਾਂ ਦੀ ਇਕ ਅਤਿਅੰਤ ਬੋਝਲ ਪੰਡ ਦਾ ਖਿਲਾਰਾ ਲਿਖਾਰੀ ਦੇ ਸਾਹਮਣੇ ਆਣ ਖਿਲਰਦਾ ਹੈ ਕਿ ਖ਼ਿਆਲਾਂ ਦੀ ਬਿਖਰੀ ਹੋਈ ਪੰਡ ਵਿਚੋਂ ਨਿਰਸੰਦੇਹ ਇਕ ਆਵਾਜ਼ ਬੁਲੰਦ ਹੁੰਦੀ ਹੈ, ਜਿਸ ਅਲੱਖ ਅਤੇ ਮਹਾਨ ਹਸਤੀ ਦੀ ਬਾਬਤ ਆਪਣੀ ਰਾਇ ਜ਼ਾਹਿਰ ਕਰਨ ਲਗੇ ਹੋ, ਕੀ ਤੁਹਾਨੂੰ ਉਸ ਅਗੰਮ ਅਤੇ ਅਥਾਹ ਹਸਤੀ ਦੀ ਆਸਮਾਨੀ ਪੈਗ਼ੰਬਰੀ ਅਵਸਥਾ ਪ੍ਰਤੀ ਜ਼ਰਾ ਮਾਤਰ ਕੋਈ ਅਨੁਭਵਤਾ ਹੈ ?

ਉਕਤ ਦਰਸਾਏ ਖ਼ਿਆਲ ਦੀ ਲੋਅ ਵਿਚ ਅਸਾਨੂੰ ਇਹ ਨਿਰਣੈ ਕਰਨ ਦੀ ਸੂਝ ਪਰਾਪਤ ਹੁੰਦੀ ਹੈ ਕਿ ਵਾਸਤਵ ਵਿਚ ਸਤਿਗੁਰੂ ਅਥਵਾ 'ਗੁਰ ਸ਼ਬਦ' ਕੀ ਵਸਤੂ ਹੈ ? ਤਾਕਿ ਅਸੀਂ ਸਤਿਗੁਰੂ ਅਰਜਨ ਦੇਵ ਜੀ ਦੀ ਮੁਬਾਰਕ ਅਤੇ ਲਾਸਾਨੀ ਜ਼ਿੰਦਗੀ ਦੇ ਤੋਲ ਨੂੰ ਕਿਸੇ ਦੁਨਿਆਵੀ ਲਾਲਸਾ ਦੇ ਤੁਲੇ ਉਤੇ ਨਾ ਤੋਲ ਜਾਈਏ। ਜਿਵੇਂ ਆਮ ਵਿਦਵਾਨ ਸਤਿਗੁਰੂ ਜੀ ਦੀ ਪਾਵਨ ਜੀਵਨੀ ਦਾ ਤਖ਼ਮੀਨਾ ਨਿਮਨ-ਲਿਖਤ ਸ਼ਬਦਾਂ ਦੇ ਅਨੁਸਾਰ ਨਿਰੂਪਣ ਕਰਦੇ ਹਨ :

(੧) ਬਾਣੀ ਦਾ ਬੋਹਿਥਾ	(੭) ਵੱਡੇ ਪਰਉਪਕਾਰੀ
(੨) ਮਹਾਨ ਕਵੀ	(੮) ਪਰਮ ਉਸਾਰੂ
(੩) ਗੰਭੀਰ ਚਿੰਤਕ	(੯) ਸ਼ਾਂਤੀ ਦੇ ਸਾਗਰ
(੪) ਮਹਾਨ ਫ਼ਿਲਾਸਫ਼ਰ	(੧੦) ਉਚ-ਕੋਟੀ ਦੇ ਪ੍ਰਬੰਧਕ
(੫) ਸਾਹਿਤ ਦੇ ਮੋਢੀ	(੧੧) ਬਿਉਪਾਰਕ ਸੋਚਣੀ
(੬) ਸੰਗੀਤ ਦੇ ਧਨੀ	(੧੨) ਸ਼ਹੀਦਾਂ ਦੇ ਸਿਰਤਾਜ

ਉਕਤ ਦਰਸਾਈਆਂ ਸਾਰੀਆਂ ਸਿਫ਼ਤਾਂ, ਭਾਵੇਂ ਆਪਣੀ ਆਪਣੀ ਥਾਂ 'ਤੇ ਬਹੁਤ ਹੀ ਗੰਭੀਰ ਅਤੇ ਲਾ-ਮਿਸਾਲ ਅਸਥਾਨ ਰੱਖਦੀਆਂ ਹਨ, ਪਰੰਤੂ

ਇਹ ਸਭ ਵਸਤੂਆਂ ਸਤਿਗੁਰੂ ਜੀ ਦੀ ਅਜ਼ੀਮ ਸੀਰਤ ਵਿਚ ਇਕ ਜ਼ੱਰਾ-ਮਾਤ੍ਰ, ਇਕ ਛਿਣ-ਮਾਤ੍ਰ ਦੀ ਭੀ ਕੋਟਾਨ ਖੰਡ, ਅਸਥਾਨ ਰੱਖਦੀਆਂ ਹਨ।

ਹੁਣ ਇਹ ਨਿਰਣੈ ਕਰਨਾ ਅਤਿ ਲਾਜ਼ਮੀ ਬਣ ਆਇਆ ਹੈ ਕਿ ਵਾਸਤਵ ਵਿਚ 'ਸਤਿਗੁਰੂ-ਲਿਵ' ਐਸੀ ਕਿਹੜੀ ਅਵਸਥਾ ਹੈ ਜਿਸ ਨੂੰ ਅਸਾਡੀ ਬੁੱਧੀ, ਮਨ, ਗਿਆਨ ਅਤੇ ਜਿਸਮਾਨੀ ਇੰਦ੍ਰੀਆਂ ਅਨੁਭਵ ਕਰਨੋਂ ਲਾਚਾਰ ਹਨ ?

ਸਤਿਗੁਰੂ ਅਮਲ ਨੂੰ, ਗੁਰੂ-ਲਿਵ ਨੂੰ, ਸਤਿਗੁਰੂ ਜੀ ਦੀ ਆਸਮਾਨੀ ਅਤੇ ਪੈਗ਼ੰਬਰੀ ਜ਼ੀਨਤ ਨੂੰ ਸੰਸਾਰੀ ਚਉਖਟੇ ਦੀ ਧਰਾਤਲ ਵਿਚ ਫਿੱਟ ਕਰਨਾ ਜਾਂ ਫਬਵਾਂ ਥਾਂ ਸਮਝ ਕੇ ਠੀਕ ਜੜਨ ਦਾ ਯਤਨ ਕਰਨਾ, ਐਸੇ ਖ਼ਿਆਲਾਂ ਦੀ ਉਸਾਰੀ ਸਤਿਗੁਰੂ ਜੀ ਦੀ ਪੈਗ਼ੰਬਰੀ ਅਜ਼ਮਤ ਵਲੋਂ ਪਿੱਠ ਫੇਰਨੀ ਹੈ, ਆਓ ਬੇਨਤੀ ਕਰੀਏ :

੧-੧. *ਸਤਿਗੁਰੂ ਕੀ ਵਸਤੂ ਹੈ ?*

ਗੁਰੂ ਕਿਸੇ ਜ਼ਾਹਿਰਾ (ਦ੍ਰਿਸ਼ਟੀਮਾਨ) ਇਕਾਈ ਦਾ ਸੂਚਕ ਨਹੀਂ ਹੈ। ਗੁਰੂ-ਹਸਤੀ ਤੇ ਗੁਰੂ-ਸੱਚ ਅਥਵਾ ਗੁਰ-ਲਿਵ ਅੰਦਰ ਸੰਚਾਲਨ ਹੋ ਰਹੀ ਅਥਾਹ ਅਮਾਪ ਬੁਲੰਦੀ ਦਾ ਨਾਮ ਹੈ, ਜੋ ਲਗਾਤਾਰ ਰੱਬ ਵਲੋਂ ਦੁਨੀਆਂ ਦੇ ਹਰ ਜੀਵ-ਜੰਤੂ ਉਪਰ ਰਹਿਮਤਾਂ ਦੀ ਵਰਖਾ ਕਰ ਰਹੀ ਹੈ, ਗੁਰੂ ਰੱਬੀ ਹੁਕਮ ਵਿਚ ਅਲੋਪ ਹੋ ਰਹੀ ਇਲਾਹੀ ਰਹਿਮਤ ਅਤੇ ਨੂਰਾਨੀ ਬਖ਼ਸ਼ਿਸ਼ ਦੀ ਇਕਸੁਰਤਾ ਦਾ ਦਾਮਨਗੀਰ ਹੈ। ਜੋ ਇਨਸਾਨ ਰੱਬੀ ਹੁਕਮ ਦੀ ਪਾਲਣਾ ਕਰਦੇ ਹਨ, ਉਨ੍ਹਾਂ ਵਿਚ ਰੱਬੀ ਹੁਕਮ ਦੇ ਆਸਰੇ ਹੁਕਮ ਨੂੰ ਮੁਹੱਬਤ ਕਰਨ ਦੀ ਸੁੰਦਰਤਾ ਦਾ ਆਵੇਸ਼ ਸੁਭਾਵਕ ਹੀ ਨਮੂਦਾਰ ਹੋ ਉਠਿਆ, ਏਹੀ ਵੱਡਾ ਕਾਰਣ ਹੈ ਜਿਸਦੀ ਸਹਾਇਤਾ ਨਾਲ ਮਨੁੱਖੀ ਚੇਤਨਾ ਦੀ ਪਕੜ ਵਿਚ ਕੁਦਰਤ ਦਾ ਰਾਜ਼ ਪ੍ਰਗਟ ਹੋਇਆ, 'ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥'[1] ਦੀ ਵਿਸਮਾਦੀ ਪੂਰਣਤਾ ਪਿੱਛੋਂ ਰੱਬੀ ਹੁਕਮ ਨੇ ਨਦਰ ਕਰਮ ਦੇ ਰੰਗ ਵਿਚ ਪਲਟਾ ਖਾਧਾ। ਜਿਨ੍ਹਾਂ ਨੂੰ ਇਲਾਹੀ ਨਦਰ ਕਰਮ ਦੀ ਛੋਹ ਪ੍ਰਾਪਤ ਹੋਈ, ਉਨ੍ਹਾਂ ਲਈ ਕੁਦਰਤਿ ਦੇ ਸ਼ਾਸਨਿਕ ਢਾਂਚੇ ਦੇ ਅਧੀਨ ਅਕਾਲ ਪੁਰਖ ਦਾ ਦੀਦਾਰ, ਰੱਬ ਦੀ ਵਿਸਮਾਦੀ ਸਰਗੁਣਤਾ ਵਿਚ ਤਬਦੀਲ ਹੋ ਗਿਆ। ਇਥੇ ਇਕ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਰੱਬ ਦੇ ਸਰਗੁਣ ਸਰੂਪ ਤਕ ਰਸਾਈ ਕਰਨ ਵਾਲੀ ਪਿਆਰ ਦੀ ਅੰਸ਼ ਕੋਈ ਇਨਸਾਨੀ ਅਵੇਸਲੇ-ਪਨ ਦਾ ਜਜ਼ਬਾਤੀ (ਭਾਵੁਕਤਾ ਭਰਪੂਰ) ਉਛਾਲਾ ਤੇ ਨਹੀਂ ਹੈ ? ਫਿਰ ਇਨਸਾਨ ਨੂੰ ਐਸੀ ਮੁਹੱਬਤ ਦਾ ਖ਼ਜ਼ਾਨਾ ਕਿਥੋਂ ਤੇ ਕਿਵੇਂ ਪ੍ਰਾਪਤ ਹੋਇਆ ? ਇਸ ਕਠਿਨ ਸਮੱਸਿਆ ਦਾ ਸਹੀ ਅਤੇ ਵਾਜਬ ਉੱਤਰ

1. ਆਸਾ ਮ: ੧, ਪੰਨਾ ੪੬੪-੫

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਾਪਤ ਹੁੰਦਾ ਹੈ ਕਿ ਉਕਤ ਦਰਸਾਈ ਗੁੰਝਲ ਦਾ ਹੱਲ ਗੁਰੂ ਦੇ ਮਿਲਾਪ ਰਾਹੀਂ ਸਮਝ ਵਿਚ ਆ ਜਾਂਦਾ ਹੈ। ਹਜ਼ੂਰ ਦਾ ਫ਼ੁਰਮਾਨ ਹੈ :

ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥

—ਸੂਹੀ ਮ: ੫, ਪੰਨਾ ੭੪੮-੬

ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ ਹੇ ਭਾਈ! ਜੋ ਸੇਵਕ ਆਪਣੇ ਮਾਲਿਕ ਨੂੰ ਪਿਆਰੇ ਲੱਗਣ ਲੱਗ ਪਏ ਹਨ, ਮੈਂ ਉਨ੍ਹਾਂ ਦੀ ਪ੍ਰਸੰਸਾ ਕਿਤਨੀ ਕੁ ਬਿਆਨ ਕਰ ਸਕਦਾ ਹਾਂ ? ਹੇ ਭਾਈ! ਜਿਨ੍ਹਾਂ ਨੇ ਸਤਿਗੁਰੂ ਦਾ ਮਿਲਾਪ ਹਾਸਲ ਕਰ ਲਿਆ ਹੈ ਉਹ ਸਾਰੀ ਲੁਕਾਈ ਵਲੋਂ ਬੇਪ੍ਰਵਾਹ ਹੋ ਗਏ ਹਨ, ਬੇ-ਮੁਹਤਾਜ ਹੋ ਗਏ।

ਸੰਤਨ ਅਵਰ ਨ ਕਾਹੂ ਜਾਨੀ ॥
ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥

—ਟੋਡੀ ਮ: ੫, ਪੰਨਾ ੭੧੧-੧੧

ਇਸ ਨਿਰਗੁਣ, ਸਰਗੁਣ, ਕੁਦਰਤਿ, ਹੁਕਮ, ਨਦਰ, ਕਰਮ ਅਤੇ ਮੁਹੱਬਤ ਦੇ ਰਾਜ਼ ਨੂੰ ਸਮਝਣ ਵਾਸਤੇ ਸਤਿਗੁਰੂ ਦਾ ਦਰਸਾਇਆ ਦਾਰਸ਼ਨਿਕ ਸਿਧਾਂਤ ਹਮੇਸ਼ਾ ਹੀ ਧਿਆਨ ਵਿਚ ਰੱਖਣਾ ਪਵੇਗਾ। ਜਿਵੇਂ ਅਕਾਲ ਪੁਰਖ ਦਾ ਹੁਕਮ ਕੁਦਰਤਿ ਨੂੰ ਸਥਾਪਤ ਕਰਦਾ ਹੈ ਔਰ 'ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥'[1] ਦੇ ਸਿਧਾਂਤ ਦੀ ਪਾਲਣਾ ਕਰਦਾ ਹੈ। ਰੱਬੀ ਰਹਿਮਤ ਕੁਦਰਤਿ ਨੂੰ ਆਪਣਾ ਵਜੂਦ ਸਾਕਾਰ ਕਰ ਕੇ ਦਰਸਾਉਂਦੀ ਹੈ। ਬਿਲਕੁਲ ਇਸੇ ਸਿਧਾਂਤ ਦੇ ਅਧੀਨ ਇਲਾਹੀ ਹੁਕਮ ਇਨਸਾਨੀ ਹਸਤੀ ਵਿਚ, ਗੁਰੂ-ਹਸਤੀ ਨੂੰ ਸਥਾਪਤ ਕਰਦਾ ਹੈ। ਔਰ ਰੱਬੀ ਰਹਿਮਤ ਗੁਰੂ ਨੂੰ ਆਪਣਾ ਆਪਾ ਪ੍ਰਗਟ ਕਰ ਕੇ ਵਿਖਾਉਂਦੀ ਹੈ, ਇਥੋਂ ਇਹ ਸਾਬਤ ਹੋਇਆ ਕਿ ਗੁਰੂ ਦੀ ਹਸਤੀ, ਗੁਰੂ ਦੀ ਸੁਰਤਿ, ਐਸੇ ਅਗੰਮੀ ਮੰਡਲ ਦੀ ਧਾਰਣੀ ਹੈ :

ਜਿਥੇ ਪਾਪ ਅਤੇ ਪੁੰਨ, ਡਰਾਵੇ ਅਤੇ ਸੁਆਰਥੀ ਲਾਲਚ ਨਹੀਂ ਹਨ, ਜਿਥੇ ਮਹਾਨ ਉਚਾ ਇਖ਼ਲਾਕ ਹੈ।

ਜਿਥੇ ਕਰਮ ਧਰਮ ਸੰਸਾਰੀ ਪੈਮਾਨਿਆਂ ਨਾਲ ਨਹੀਂ ਨਾਪੇ ਜਾ ਸਕਦੇ। ਕਰਮ ਧਰਮ ਦੀ ਕਾਣ ਨਹੀਂ ਹੈ।

ਜਿਥੇ ਗੁਰੁ-ਸੱਚ ਵਿਚ ਜਨਮ ਮਰਨ ਦੀ ਸੋਚਣੀ ਦੇ ਪ੍ਰਛਾਵੇਂ ਨਹੀਂ ਹਨ।

ਜਿਥੇ ਸੰਸਕਾਰਾਂ ਦੇ ਕਾਲ ਪੈਂਡਿਆਂ ਦਾ ਫ਼ਾਤਿਹਾ (ਅੰਤਮ ਅਰਦਾਸਾ) ਪੜ੍ਹਿਆ ਜਾਂਦਾ ਹੈ।

---

1. ਆਸਾ ਮ: ੧, ਪੰਨਾ ੪੬੩-੪।

ਜਿਥੇ ਨਦਰ ਕਰਮ ਹੀ ਸਭ ਤੋਂ ਵੱਡੀ ਕਰਾਮਾਤ ਹੈ।
ਜਿਥੇ ਰੱਬੀ ਰਹਿਮਤ ਤੋਂ ਬਿਨਾਂ ਕਿਸੇ ਹੋਰ ਦੇਵਤੇ ਵਗ਼ੈਰਾ ਦੀ ਓਟ ਨਹੀਂ ਹੈ।
ਜਿਥੇ 'ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ'[1]
ਦੀ ਅਵਧਾ ਬਣ ਆਂਵਦੀ ਹੈ।

ਐਸੇ ਗੁਰ ਕਉ ਬਲਿ ਬਲਿ ਜਾਈਐ, ਜਿਸ ਦੇ ਭੇਟਿਆਂ ਆਮ ਸੰਸਾਰੀ
ਜੀਵਾਂ ਦੀ ਸੁਰਤਿ-ਸ਼ਬਦ ਦੇ ਅਗੰਮੀ ਮੰਡਲਾਂ ਵਿਚ ਪ੍ਰਵੇਸ਼ ਕਰਦੀ ਹੈ। ਏਹੀ
ਵੱਡਾ ਕਾਰਣ ਹੈ ਕਿ ਗੁਰੂ ਦੀ ਸਿੱਖੀ ਸ਼ਰਧਾ ਵਿਚ ਪੁੰਗਰਦੀ ਹੈ, ਸਿਦਕ ਦੇ
ਆਸਰੇ ਵਧਦੀ ਫੁਲਦੀ ਅਤੇ ਫਲਦੀ ਹੈ, ਸਬਰ ਵਿਚ ਰਹਿ ਕੇ ਆਤਮਕ
ਸਫਲਤਾ ਦੀ ਇੰਤਜ਼ਾਰ ਕਰਦੀ ਹੈ, ਜੋ ਕੁਝ ਭੀ ਅਕਾਲ ਪੁਰਖ ਦੀ ਰਜ਼ਾ
ਦੁਆਰਾ ਪ੍ਰਾਪਤ ਹੋਵੇ, ਉਸ ਦਾ ਸ਼ੁਕਰਾਨਾ ਕਰਦੀ ਹੈ, ਗੁਰੂ ਦੇ ਇਕਰਾਰਨਾਮੇ
ਤੇ ਸਿੱਖੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਅੰਤ ਦੇ ਸਮੇਂ ਗੁਰੂ ਨੇ ਸਿੱਖੀ ਦੀ ਬਾਂਹ
ਫੜ ਕੇ ਆਪਣੇ ਬਿਰਦ ਬਾਣੇ ਦੀ ਲਾਜ ਰੱਖਣੀ ਹੀ ਹੈ। ਖ਼ਿਆਲ ਰਹੇ ਕਿ
ਸਿੱਖੀ ਕੀਤੇ ਕਰਮਾਂ 'ਤੇ ਯਕੀਨ ਨਹੀਂ ਰੱਖਦੀ, ਸਿੱਖੀ ਦੀ ਬੰਦ-ਖ਼ਲਾਸੀ ਰੱਬੀ
ਰਹਿਮਤ ਦਰਗਾਹੀ ਬਖ਼ਸ਼ਿਸ਼ ਅਥਵਾ ਅਕਾਲ ਪੁਰਖ ਦੇ ਭਾਣੇ ਅਤੇ ਹੁਕਮ
ਵਿਚ ਹੈ।

ਗੁਰੂ ਦੇ ਨਦਰ ਕਰਮ ਦਾ ਪਾਵਨ ਜਲ ਇਤਨੀ ਮਧੁਰ ਅਤੇ ਸਦੀਵੀ
ਵੇਗ ਵਿਚ ਵਹਿੰਦਾ ਹੈ ਕਿ ਹਜ਼ੂਰ ਦੇ ਰਹਿਮ ਦੇ ਪਾਣੀਆਂ ਵਿਚ ਕਿਤੇ ਭੀ
ਕਿਨਾਰਾ ਜਾਂ ਅਟਕਾਰ ਨਹੀਂ ਹੈ, ਗੁਰੂ ਰਹਿਮਤ ਦਾ ਅਮਿਤ ਸਾਗਰ ਹੈ।
ਜ਼ਿੰਦਗੀ ਦੀ ਹਰ ਇਲਹਾਮੀ ਖੇਲ ਵਿਚ ਗੁਰੂ ਦੇ ਰਹਿਮ ਦੀ ਤਨਾਸਬ ਆਪਣੇ
ਅਤੇ ਬੇਗਾਨੇ ਦਾ ਭੇਦ-ਭਾਵ ਮਿਟਾ ਕੇ ਅਬਰੇ ਰਹਿਮਤ (ਰਹਿਮਤ ਦੇ ਬੱਦਲ)
ਦੀ ਮੂਸਲਾਧਾਰ ਬਾਰਸ਼ ਵਰਸਾਂਦੀ ਹੈ, ਸੱਚਾ ਸਤਿਗੁਰੂ ਗੁਣਾਂ ਦਾ ਅੰਬਾਰ ਹੈ,
ਆਪਣੇ ਅਸੀਮਤ ਗੁਣਾਂ ਦਾ ਸਦਕਾ ਨਿਰ-ਗੁਣਿਆਰਿਆਂ ਨੂੰ ਬਿਨਾਂ ਮਜ਼ਹਬੋ-
ਮਿਲਤ ਦੇ ਬਖ਼ਸ਼ਦਾ ਹੈ। ਫ਼ੁਰਮਾਨ ਹੈ:

(ੳ) **ਸਤਿਗੁਰ ਗੁਣੀ ਨਿਧਾਨੁ ਹੈ, ਗੁਣ ਕਰਿ ਬਖਸੈ ਅਵਗੁਣਿਆਰੇ ॥...**
ਗੁਰ ਪੂਰਾ ਨਿਰਵੈਰੁ ਹੈ, ਨਿੰਦਕ ਦੋਖੀ ਬੇਮੁਖ ਤਾਰੇ ॥
—ਵਾਰ ਭਾ: ਗੁ: ੨੬-੧੯-੧

(ਅ) **ਗੁਰੁ ਨਾਨਕ ਜਾ ਕਉ ਭਇਆ ਦਇਆਲਾ ॥**
ਸੋ ਜਨੁ ਹੋਆ ਸਦਾ ਨਿਹਾਲਾ ॥
—ਆਸਾ ਮ: ੫, ਪੰਨਾ ੩੯੬-੧

ਹੇ ਭਾਈ! ਸਤਿਗੁਰੂ ਨੇਕੀਆਂ ਦਾ ਭੰਡਾਰਾ ਹੈ, ਜੋ ਬੇ-ਗੁਣਿਆਂ 'ਤੇ ਪਰਉਪਕਾਰ

---

੧. ਪਾ: ੧੦, ਸਵਈਆ।

ਕਰ ਕੇ ਬਖ਼ਸ਼ ਦਿੰਦਾ ਹੈ। ਸਰਬ ਗੁਣਾਂ ਭਰਪੂਰ ਗੁਰੂ ਇਤਨਾ ਨਿਰਵੈਰ ਹੈ ਕਿ ਉਸ ਨੇ ਆਪਣੇ ਨਿੰਦਕ, ਵੈਰੀ, ਦੋਖੀ ਅਤੇ ਗੁਰੂ ਘਰੋਂ ਬੇ-ਮੁਖਤਾਈ ਕਰਨ ਵਾਲੇ ਸਾਰੇ ਹੀ ਆਪਣੀ ਬਖ਼ਸ਼ਿਸ਼ ਦਾ ਸਦਕਾ ਤਾਰ ਦਿੱਤੇ ਹਨ।

ਸਤਿਗੁਰੂ ਨਾਨਕ ਐਸਾ ਬਖ਼ਸ਼ਿੰਦ ਹੈ, ਜਿਸ ਉਪਰ ਇਕ ਦਫ਼ਾ ਮਿਹਰਬਾਨ ਹੋ ਗਿਆ, ਉਹ ਪ੍ਰਾਣੀ ਅਮੁੱਕ ਕਾਲਾਂ ਵਿਚ ਕ੍ਰਿਤਾਰਥ ਹੋ ਗਿਆ।

ਮਜ਼ਲੂਮ ਲੋਕ ਭਾਵੇਂ ਹੱਦ ਦਰਜੇ ਦੇ ਗੁਨਾਹਗਾਰ ਕਿਉਂ ਨਾ ਹੋਣ ਪਰ ਗੁਰੂ-ਅਮਲ ਉਨ੍ਹਾਂ ਲਈ ਭੀ ਅਥਾਹ ਦਰਦ ਰੱਖਦਾ ਹੈ। ਇਹੀ ਗੁਰੂ-ਸੱਚ ਵਿਚ ਕੋਮਲਤਾ ਭਰਪੂਰ ਅਚਿਹਨਤਾ ਹੈ, ਭਾਵੇਂ ਮਜ਼ਲੂਮ ਬਾਰ ਬਾਰ ਗੁਨਾਹਾਂ ਦੀ ਰਵਾਇਤ ਦੁਹਰਾਈ ਜਾਵੇ ਪਰ ਗੁਰੂ-ਅਮਲ ਉਨ੍ਹਾਂ ਮਜ਼ਲੂਮਾਂ ਲਈ ਬਾਰ ਬਾਰ ਰੱਬੀ ਦਰਗਾਹ ਵਿਚ ਤਰਸ ਭਰਿਆ ਸ਼ਿਕਵਾ ਪੇਸ਼ ਕਰਦਾ ਹੈ। ਗੁਰੂ-ਅਮਲ ਵਿਚ ਨਿਤਾਣੇ ਮਜ਼ਲੂਮਾਂ ਵਾਸਤੇ ਸੱਧਰਾਂ-ਭਰੀ ਹੂਕ ਹੈ, ਦਰਦਾਂ ਭਰੀ ਸ਼ਿਕਵਾ ਗੁਜ਼ਾਰੀ ਮੌਜੂਦ ਹੈ। ਹਜ਼ੂਰ ਫ਼ੁਰਮਾਂਦੇ ਹਨ:

(ੳ) **ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥**

—ਆਸਾ ਮ: ੧, ੩੬੦-੧੩

(ਅ) **ਤੇਰੇ ਜੀਅ ਜੀਆ ਕਾ ਤੋਹਿ ॥**
ਕਿਤ ਕਉ ਸਾਹਿਬ ਆਵਹਿ ਰੋਹਿ ॥
ਜੇ ਤੂ ਸਾਹਿਬ ਆਵਹਿ ਰੋਹਿ ॥
ਤੂ ਓਨਾ ਕਾ ਤੇਰੇ ਓਹਿ ॥ *—ਸਿਰੀ ਰਾਗੁ ਮ: ੧, ੨੫-੨*

ਹੇ ਪ੍ਰਭੂ! ਇਹ ਗੁਨਾਹਗਾਰ ਜੀਵ ਤੇਰੇ ਹੀ ਹਨ ਔਰ ਤੂੰ ਆਪੇ ਜੀਵਾਂ ਦਾ ਸੁਆਮੀ ਹੈਂ, ਹੇ ਸਾਹਿਬ! ਫਿਰ ਤੂੰ ਗੁੱਸੇ ਕਿਸ ਉਪਰ ਹੋ ਰਿਹਾ ਹੈਂ? ਹੇ ਮੇਰੇ ਸਾਹਿਬ! ਜੇ ਕਰ ਤੂੰ ਰੋਹ ਵਿਚ ਆ ਭੀ ਜਾਵੇਂ (ਫਿਰ ਤੂੰ ਸੋਚ) ਤੂੰ ਉਨ੍ਹਾਂ ਦਾ ਮਾਲਿਕ ਹੈਂ, ਉਹ ਤੇਰੇ ਜੀਵ ਹਨ, ਇਸ ਵਾਸਤੇ ਤੂੰ ਇਨ੍ਹਾਂ ਦੇ ਐਬ ਦੇਖ ਕੇ ਭੀ ਰੋਹ ਵਿਚ ਨਾ ਆਇਆ ਕਰ।

ਗੁਰੂ-ਅਮਲ ਦੇ ਰਾਹੀਂ ਮਜ਼ਲੂਮਾਂ ਦੀ ਹਮਦਰਦੀ ਗੁਰੂ-ਪੰਥ ਦੇ ਮੂਲ ਸੋਮਿਆਂ ਤਕ ਐਸੀ ਅਰੁੱਕ ਅਤੇ ਸਦੀਵੀ ਵਹਿੰਦੀ ਨਿਰਾਕਾਰੀ ਛੋਹ ਹੈ, ਜੋ ਇਨਸਾਨੀਅਤ ਦਾ ਬੁਨਿਆਦੀ ਧਰਾਤਲ ਬਣ ਕੇ ਆਪਣੀ ਥਾਂਇ ਆਪ ਹੀ ਸੁਸ਼ੋਭਿਤ ਹੋ ਰਹੀ ਹੈ। ਸਾਰੇ ਬ੍ਰਹਿਮੰਡ ਵਿਚ ਗੁਰੂ-ਅਮਲ ਤੋਂ ਬਿਨਾਂ ਹੋਰ ਕੋਈ ਸ਼ਕਤੀ ਭੀ ਇਨ੍ਹਾਂ ਸਿਤਮ-ਰਸੀਦਾਂ (ਮਜ਼ਲੂਮਾਂ) ਦੀ ਥਰਥਰਾਹਟ ਨੂੰ ਮਨੁੱਖੀ ਅਨੁਭਵ ਦੇ ਆਕਾਰ ਦਾ ਜਾਮਾ ਨਹੀਂ ਪਹਿਨਾ ਸਕੀ।

ਮਜ਼ਲੂਮਾਂ ਲਈ ਗੁਰੂ-ਅਮਲ ਵਲੋਂ ਕੀਤੇ ਐਸੇ ਹਮਦਰਦਾਨਾ ਪਾਵਨ

ਕਰਤੱਵਾਂ ਨੂੰ ਦੇਸ਼-ਭਗਤੀ ਦੇ ਅਸੂਝ ਖ਼ਿਆਲਾਂ ਨਾਲ ਤੁਲਨਾ ਦੇਣੀ ਇਕ ਬੱਜਰ ਭੁੱਲ ਹੈ, ਬਲਕਿ ਇਹ ਸਿਤਮ-ਰਸੀਦੀ ਲਈ ਦਰਦਾਂ ਭਰਿਆ ਸ਼ਿਕਵਾ ਹੈ ਅਤੇ ਬ੍ਰਹਿਮੰਡ ਦੇ ਸਦੀਵੀ ਜੀਵਨ ਲਈ, 'ਤੇਰੇ ਭਾਣੇ ਸਰਬੱਤ ਦਾ ਭਲਾ' ਦੀ ਅਦੁੱਤੀ ਦੁਆ ਹੈ। ਇਹੀ ਕਾਰਣ ਹੈ ਗੁਰੂ ਨਾਨਕ ਦਾ ਦਰਜਾ ਸਭ ਤੋਂ ਸ੍ਰੇਸ਼ਟ ਅਤੇ ਵੱਡਾ ਹੈ। ਭਾਈ ਨੰਦ ਲਾਲ ਜੀ ਕਥਨ ਕਰਦੇ ਹਨ:

(ੳ) **ਨਾਮਿ ਓ ਨਾਨਕ ਹੱਕ ਕੇਸ਼॥**
ਕਿ ਨਿਆਯਦ ਚੂੰਨੂ ਦਿਗਰ ਦਰਵੇਸ਼॥੧੩॥
—ਗੰਜ ਨਾਮਾ, ਪੰਨਾ ੧੬੪, ਸੰਪਾਦਕ ਗੰਡਾ ਸਿੰਘ

ਅਰਥ : ਉਨ੍ਹਾਂ ਦਾ ਨਾਮ ਨਾਨਕ ਸ਼ਾਹ ਹੈ, ਅਤੇ ਰੱਬ ਦੇ ਦੀਨ ਵਿਚ ਪਰਪੱਕ ਹਨ, ਉਨ੍ਹਾਂ ਜੈਸਾ ਕੋਈ ਹੋਰ ਦਰਵੇਸ਼ ਇਸ ਜ਼ਮੀਨ ਉਤੇ ਪਹਿਲਾਂ ਨਹੀਂ ਆਇਆ।

(ਅ) **ਮੁਰਸ਼ਦੁਲ-ਆਲਮੀਂ ਸ਼ੁਦਸ਼ ਚੂੰ ਖ਼ਿਤਾਬ॥**
ਅਜ਼ ਅਨਾਯਾਤ ਹਜ਼ਰਤਿ ਵਹਾਬ॥੨੨॥ *—ਗੰਜ ਨਾਮਾ, ਪੰਨਾ ੧੬੫*

ਅਰਥ : ਬਹੁਤ ਹੀ ਬੜੀ ਬਖ਼ਸ਼ਸ਼ੇਂ ਕਰਨੇ ਵਾਲੇ ਬਖ਼ਸ਼ਿੰਦ (ਵਾਹਿਗੁਰੂ) ਨੇ ਆਪਣੀ ਬਖ਼ਸ਼ਸ਼ੋਂ ਸੇ (ਗੁਰੂ ਨਾਨਕ) ਕੋ ਜਗਤ ਗੁਰੂ ਕਾ ਦਰਜਾ ਦੇ ਕਰ ਸੰਬੋਧਨ ਕੀਆ।

(ੲ) **ਹੱਕਸ ਦਰ ਗੁਜ਼ੀਦ ਜ਼ਿ ਹਰ ਬਰ-ਗੁਜ਼ੀਂ॥**
ਨਸ਼ਾਦਸ਼ ਜ਼ਿ ਹਰ ਬਰਤਰੀ ਬਰਤਰੀ॥੩॥
—ਜੋਤਿ ਵਿਗਾਸ, ਭਾ: ਨੰਦ ਲਾਲ, ਪੰਨਾ ੧੯੧

ਅਰਥ : ਵਾਹਿਗੁਰੂ ਨੇ ਉਸ (ਗੁਰੂ ਨਾਨਕ) ਨੂੰ ਚੋਣਵਿਆਂ ਵਿਚੋਂ ਉਚੇਰਾ ਚੁਣਿਆ ਹੈ। ਰੱਬ ਨੇ ਉਸ ਨੂੰ ਹਰ ਉਚੇਰੇ ਥਾਨ ਤੋਂ ਉਚੇਰਾ ਥਾਪਿਆ ਹੈ।

(ਸ) **ਹੱਕਸ ਆਰਾਸਤ ਖ਼ੁਦ ਤਖ਼ਤਗਾਹਸ ਬੁਲੰਦ॥**
ਜ਼ਿ ਹਰ ਫ਼ਰੁੱਖ਼ੇ ਸਾਖ਼ਤਸ਼ ਅਰਜ਼ਮੰਦ॥੬॥ *—ਜੋਤਿ ਵਿਗਾਸ, ਪੰਨਾ ੧੯੧*

ਅਰਥ : ਰੱਬ ਨੇ ਆਪ ਉਸ (ਗੁਰੂ) ਦੇ ਉਚੇ ਸਿੰਘਾਸਨ ਨੂੰ ਸਜਾਇਆ ਹੈ, ਅਰਜ਼ਮੰਦ ਲੋਕਾਂ ਵਾਸਤੇ ਉਸ ਨੂੰ ਹਰ ਕਿਸਮ ਦੀਆਂ ਮੁਬਾਰਕਾਂ ਵਡਿਆਈਆਂ ਨਾਲ ਸੁਸ਼ੋਭਤ ਕੀਤਾ ਹੈ।

(ਹ) **ਹਮਹ ਖ਼ਾਸਗਾਂ ਬਪਾਇਸ਼ ਵਿਰੰਦ॥**
ਮੁਜ਼ੱਫ਼ਰ ਲਿਵਾ ਆਮਦਹ ਦੇਵ ਬੰਦ॥੭॥ *—ਜੋਤਿ ਵਿਗਾਸ, ਪੰਨਾ ੧੯੨*

ਅਰਥ : ਰੱਬ ਨੇ ਸਾਰੇ ਵਿਸ਼ੇਸ਼ ਵਿਅਕਤੀਆਂ ਨੂੰ ਉਸ ਦੇ ਚਰਨੀਂ ਲਾਇਆ ਹੈ। ਉਸ ਦਾ ਵਿਜਈ ਨਿਸ਼ਾਨ ਆਸਮਾਨਾਂ ਨੂੰ ਛੂੰਹਦਾ ਹੈ।

(ਕ) **ਜ਼ਿ ਪੇਸ਼ੀਨੀਆਂ ਪੇਸ਼ਤਰ ਆਮਦਹ ॥**

ਬਕਦਰ ਅਜ਼ ਬੇਸ਼ਤਰ ਆਮਦਹ ॥੧੦॥ *—ਜੋਤਿ ਵਿਗਾਸ, ਪੰਨਾ ੧੯੨*

ਅਰਥ : ਉਹ (ਗੁਰੂ ਨਾਨਕ) ਆਪਣੇ ਤੋਂ ਪਹਿਲਾਂ ਹੋ ਗੁਜ਼ਰੇ (ਪੈਗੰਬਰਾਂ, ਅਵਤਾਰਾਂ, ਮਹਾਂਪੁਰਖਾਂ) ਤੋਂ ਭੀ ਪਹਿਲਾਂ ਦਾ ਹੈ। ਗੁਰੂ ਨਾਨਕ ਦੀ ਕਦਰੋ-ਕੀਮਤ ਸਭ ਤੋਂ ਵਡਮੁੱਲੀ (ਅਮੁੱਲ) ਹੈ।

(ਖ) **ਹੱਕਸ ਗੁਫ਼ਤ ਖ਼ੁਦ ਮੁਰਸ਼ਦੁਲ-ਆਲਮੀਨ ॥**

ਨਜਾਤੁਲਵਰਾ ਰਹਿਮਤੁਲ ਮੁਜਨਬੀਨ ॥੪॥ *—ਜੋਤਿ ਵਿਗਾਸ, ਪੰਨਾ ੧੯੧*

ਅਰਥ : ਅਕਾਲ ਪੁਰਖ ਨੇ ਉਸ (ਗੁਰੂ ਨਾਨਕ) ਨੂੰ ਜਗਤ ਗੁਰੂ ਆਖਿਆ, ਉਹ ਮੁਕਤੀ-ਦਾਤਾ ਅਤੇ ਬਖ਼ਸ਼ਸ਼ਾਂ ਦਾ ਖ਼ਜ਼ਾਨਾ ਹੈ।

ਉਕਤ ਵਾਕਾਂ ਦੀ ਲੋਅ ਵਿਚ ਗੁਰਮਤਿ ਦੀ ਦ੍ਰਿਸ਼ਟੀਕੋਣ ਦੇ ਰਾਹੀਂ ਨਿਰੀਖਣ ਕੀਤਿਆਂ ਇਹ ਨਿਰਣੈ ਨਿੱਖਰ ਕੇ ਅਸਾਡੇ ਸਾਹਮਣੇ ਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਆਏ ਦੈਵੀ ਪੁਰਖਾਂ ਦੀ ਹਸਤੀ ਨੂੰ ਗੁਰਮਤਿ ਸਵੀਕਾਰ ਕਰਦੀ ਹੈ, ਪਰ ਉਨ੍ਹਾਂ ਦੀਆਂ ਉੱਚੀਆਂ ਪਰਵਾਜ਼ਾਂ ਦੇ ਹਮਦਮ ਚਲ ਰਹੇ ਬਿਪਰ ਸੰਸਕਾਰ ਇਨਸਾਨੀ ਚੇਤਨਾ ਨੂੰ ਭਿੰਨ ਭਿੰਨ ਪ੍ਰਕਾਰ ਦੇ ਹਕੀਰ (ਹੋਛੇ) ਟੁਕੜਿਆਂ ਵਿਚ ਵੰਡਦੇ ਹਨ। ਇਨਸਾਨੀ ਜੀਵਨ ਨੂੰ ਸੁਖ-ਸ਼ਾਂਤੀ ਦੇਣ ਦੇ ਥਾਂ ਵਾਦ-ਵਿਵਾਦ ਦੀਆਂ ਗਹਿਰੀਆਂ ਖੰਦਕਾਂ ਵਿਚ ਸੁੱਟ ਦਿੰਦੇ ਹਨ। ਮਨੁੱਖੀ ਚੇਤਨਾ ਬਹਿਸ-ਮੁਬਾਹਿਸੇ ਤੇ ਤਲਖ਼ੀ ਭਰਿਆ ਵਿਰਸਾ ਬਣ ਕੇ ਜੀਵਨ ਤਾਣ ਵਲੋਂ ਹੁੱਸ ਜਾਂਦੀ ਹੈ।

ਇਸ ਲਈ ਸਤਿਗੁਰੂ ਨਾਨਕ ਸਾਹਿਬ ਦੇ ਆਉਣ ਤੋਂ ਪੇਸ਼ਤਰ ਆਏ ਪੈਗੰਬਰਾਂ, ਅਵਤਾਰਾਂ ਦੇ ਕਰਮ ਅਤੇ ਗਿਆਨ ਦਾ ਬਹੁਤ ਵੱਡਾ ਭਾਗ ਅੰਤਮ ਸੱਚ ਦੇ ਬਰਖ਼ਿਲਾਫ਼ ਕਰਮ, ਧਰਮ ਅਤੇ ਸੰਸਾਰੀ ਅਚੇਤਨਾ ਦੀ ਸਿਆਣਪ ਭਰੀ, ਬੰਦੀ ਵਿਚ ਵਿਰਲਾਪ ਕਰ ਰਿਹਾ ਹੈ। ਅੰਤਮ ਨਿਰਣੈ ਇਹ ਹੋਇਆ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਤੋਂ ਪਹਿਲਾਂ ਕੋਈ ਭੀ ਪੂਰਨ ਅਵਤਾਰ, ਪੂਰਨ ਪੈਗੰਬਰ ਜਾਂ ਪੂਰਨ ਮਸੀਹਾ ਨਹੀਂ ਹੋਇਆ, ਕਿਉਂਕਿ ਇਹ ਸਮੂਹ ਅਵਤਾਰੀ ਢਾਂਚਾ ਕਿਸੇ ਕਾਮਨਾ ਦੇ ਅਧੀਨ ਕਾਮ-ਕ੍ਰੋਧ ਦੀ ਲਪੇਟ ਵਿਚ ਐਸਾ ਪ੍ਰਬੀਨ ਹੋ ਨਿਬੜਿਆ ਕਿ ਪਰਾ-ਸੱਚ ਦੀ ਗਤੀ ਨੂੰ ਨਾ ਆਪ ਪ੍ਰਾਪਤ ਕਰ ਸਕਿਆ ਔਰ ਨਾ ਹੀ ਇਨ੍ਹਾਂ ਦੇ ਪਿੱਛ-ਲੱਗ ਇਸ ਅਟੱਲ ਹਕੀਕਤ ਨੂੰ

ਸਮਝ ਸਕੇ। ਇਸ ਪ੍ਰਥਾਇ ਦਸਮੇਸ਼ ਜੀ ਦਾ ਕਥਨ ਹੋਰ ਸਹਾਈ ਹੋਵੇਗਾ:

ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ
ਏਕ ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੋ॥੯॥੭੯॥
ਕਾਮਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ
ਏਕ ਭਾਵਨਾ ਬਿਹੀਨ ਕੈਸੇ ਭੇਟੈ ਪਰਲੋਕ ਸੋਂ॥੧੦॥੮੦॥

—ਅਕਾਲ ਉਸਤਤਿ, ਪਾ: ੧੦

ਕਾਮਨਾ ਦੇ ਅਧੀਨ ਹੋਣ ਕਰਕੇ ਭਾਵਨਾ ਤੋਂ ਸੱਖਣੇ ਹੋਣ ਕਰਕੇ ਉਹ ਪੂਰੇ ਸਤਿਗੁਰਾਂ ਦੀ ਦਰਸਾਈ ਪਰਾ-ਸੱਚਾਈ ਤੋਂ ਵਾਂਝੇ ਰਹਿ ਗਏ, ਜੀਵਨ ਦਾ ਸੁਹਜ ਇਸ ਹੱਦ ਤਕ ਕੁਰੂਪਤਾ ਧਾਰਨ ਕਰ ਗਿਆ ਕਿ ਸਿਮਰਨ ਅਤੇ ਅਰਦਾਸਾਂ ਪਸ਼ੂ, ਪੱਥਰਾਂ ਦੀਆਂ ਮੁਦਰਾਵਾਂ ਵਿਚ ਤਬਦੀਲ ਹੋ ਗਈਆਂ। ਨਿਰਣੈ ਇਹ ਨਿਕਲਿਆ ਕਿ ਪਸ਼ੂ ਅਤੇ ਪੱਥਰ ਵਿਰਤੀਆਂ ਆਪਣੀ ਮੁਦਰਾ ਦੇ ਚੱਕਰਾਂ ਵਿਚ ਪਸ਼ੂ ਅਤੇ ਪਾਹਿਨ ਪੂਜਾ ਦੇ ਇਸ਼ਟ ਸਾਜਦੀਆਂ ਰਹੀਆਂ। ਜਿਵੇਂ ਗਊ ਪੂਜਾ, ਸਰਪ ਪੂਜਾ, ਪੰਛੀ ਪੂਜਾ, ਪੱਥਰ ਪੂਜਾ, ਲਿੰਙ ਪੂਜਾ ਆਦਿ ਇਹ ਸਭ ਕੁਝ ਅਪੂਰਣ ਅਵਤਾਰਾਂ ਵਲੋਂ ਨਿਸ਼ੇਧ ਕ੍ਰਿਆ ਦੀ ਦੇਣ ਹਨ।

ਪੂਰਨ ਸਤਿਗੁਰੂ ਜੀ ਦਾ ਫ਼ੁਰਮਾਨ ਹੈ ਕਿ ਐ ਸੰਸਾਰੀ ਧਰਾਤਲ ਦੇ ਵਸਨੀਕੋ! ਮੈਂ ਤੁਹਾਨੂੰ ਢੰਡੋਰਾ ਦੇ ਕੇ ਡੰਕੇ ਦੀ ਚੋਟ ਨਾਲ ਸੰਬੋਧਨ ਕਰਦਾ ਹਾਂ ਕਿ ਤੁਸੀਂ ਗੁਰੂ-ਸੱਚ ਵਲ ਮੋੜਾ ਪਾਓ, ਕੱਚੇ ਪਾਖੰਡੀਆਂ ਦੀਆਂ ਕੱਚੀਆਂ ਅਧੋ-ਗਤੀਆਂ ਤੋਂ ਪਿੱਛੇ ਹਟ ਜਾਓ। ਪੂਰਨ ਸਤਿਗੁਰੂ ਜੀ ਚੇਤਨਤਾ ਭਰਪੂਰ ਸਿਖਿਆ ਬਖ਼ਸ਼ਦੇ ਹਨ, ਹਜ਼ੂਰ ਦਾ ਕਥਨ ਹੈ:

ਜੇਤੇ ਬਡੇ ਗਿਆਨੀ, ਤਿਨੋ ਜਾਨੀ, ਪੈ ਬਖਾਨੀ ਨਾਹਿ॥
ਐਸੇ ਨ ਪ੍ਰਪੰਚ ਮਨ ਭੂਲ ਆਨੀਅਤੁ ਹੈ॥੨॥੭੨॥

—ਅਕਾਲ ਉਸਤਤਿ, ਪਾ: ੧੦

ਅਰਥ: ਜਿਤਨੇ ਭੀ ਬ੍ਰਹਮ ਦੇ ਜਾਣਨ ਵਾਲੇ ਪੁਰਸ਼ ਹੋਏ ਹਨ, ਉਨ੍ਹਾਂ ਨੇ ਇਨ੍ਹਾਂ ਪਾਖੰਡੀਆਂ ਦੀ ਅਧੋਗਤੀ ਜਾਣ ਲਈ ਸੀ, ਪਰ ਆਖੀ ਨਹੀਂ। (ਹੁਣ ਮੈਂ ਤੁਹਾਨੂੰ ਪੁਕਾਰ ਕੇ ਆਖਦਾ ਹਾਂ) ਕਿ ਐਸੇ ਦੰਭੀ ਕਰਮਾਂ ਨੂੰ ਭੁੱਲ ਕੇ ਭੀ ਮਨ ਵਿਚ ਨਾ ਲਿਆਵੋ।

ਪੂਰਨ ਸਤਿਗੁਰੂ ਜੀ ਦਾ ਦ੍ਰਿੜ੍ਹਾਇਆ ਸੱਚ, ਅਧੂਰੇ ਅਵਤਾਰਾਂ ਦੀ ਅਰਥਹੀਣ, ਬੇ-ਤਰਤੀਬੀ, ਬੇਡੌਲਤਾ, ਖਰੂਵੀਆਂ ਅਤੇ ਸੁਹਜ-ਹੀਣ ਆਤਮਕ ਲਾਚਾਰੀਆਂ ਦੇ ਹੁੱਸੇ ਹੋਏ ਥਕੇਵੇਂ ਨੂੰ ਨਿਮਨ-ਲਿਖਤ ਦੇ ਅਨੁਸਾਰ ਵਿਸਥਾਰ ਸਹਿਤ ਨਿਰੂਪਣ ਕਰ ਰਿਹਾ ਹੈ:

ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ
ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ॥੧॥੭੧॥

—*ਅਕਾਲ ਉਸਤਤਿ, ਪਾ: ੧੦*

ਅਰਥ : ਜੋ ਅੰਗਨਾ (ਇਸਤਰੀ) ਦੀ ਸੁੰਦਰਤਾ ਦੇ ਅਧੀਨ ਹੋ ਕੇ ਕਾਮੀ ਅਰ ਕ੍ਰੋਧੀ ਚਾਤਰ ਹਨ, ਉਹ ਛੀਨ ਪੁਰਸ਼ (ਆਤਮਕ ਤੌਰ 'ਤੇ ਕਮਜ਼ੋਰ) ਭਵ-ਸਾਗਰ ਨੂੰ ਕਿਵੇਂ ਤਰ ਸਕਦੇ ਹਨ?

ਉਕਤ ਵਿਚਾਰ ਦਾ ਅੰਜਾਮ ਇਹ ਨਿਕਲਦਾ ਹੈ ਕਿ ਸਤਿਗੁਰੂ ਨਾਨਕ ਸਾਹਿਬ ਦੇ ਆਉਣ ਤੋਂ ਪਹਿਲਾਂ ਦਰਸਾਏ ਸੱਚ ਤੋਂ ਵਿਹੂਣੇ ਫ਼ਲਸਫ਼ੇ (ਦਰਸ਼ਨ) ਨੇ ਮਾਨਵਤਾ ਨੂੰ ਪਰਾ-ਸੱਚ ਵਿਚ ਪ੍ਰਵੇਸ਼ ਹੋਣੋ ਰੋਕੀ ਰੱਖਿਆ ਹੈ, ਕਿਉਂਕਿ ਉਨ੍ਹਾਂ ਅਪੂਰਣ ਅਵਤਾਰਾਂ ਦਾ ਦੈਵੀ ਕਲਿਆਣ-ਕਾਰੀ ਪੱਖ ਊਣੇ, ਸੱਖਣੇ ਅਤੇ ਅਕਹਿਰੇ ਹਨ। ਉਨ੍ਹਾਂ ਦੀ ਤਾਅਲੀਮ ਵਿਚ ਲੋੜੀਂਦੀ ਆਤਮਕ ਪੂਰਣਤਾ ਨਹੀਂ ਹੈ। ਹਰ ਪ੍ਰਾਣੀ ਮਾਤਰ ਲਈ ਆਤਮਕ ਪ੍ਰਗਤੀ ਦੇ ਦਰਵਾਜ਼ੇ ਇਕਸਾਰ ਖੁੱਲ੍ਹੇ ਨਹੀਂ ਹਨ। ਪਰ ਗੁਰੂ ਨਾਨਕ ਅਮਲ ਵਿਚ ਹਰ ਵਿਅਕਤੀ ਲਈ ਉਪਦੇਸ਼ ਦਾ ਪੱਧਰ ਇਕਸਾਰ ਹੈ, ਸਾਂਝਾ ਹੈ। ਇਹੀ ਕਾਰਣ ਹੈ ਕਿ ਗੁਰੂ ਨਾਨਕ ਸਭ ਦਾ ਸਾਂਝਾ ਅਤੇ ਸਭ ਤੋਂ ਵੱਡਾ ਹੈ, "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥"[1] ਦਾ ਚਸ਼ਮਾ ਹਰ ਪ੍ਰਾਣੀ ਲਈ ਸਦੀਵੀ ਵੇਗ ਵਿਚ ਅਰੁਕ ਵਹਿ ਰਿਹਾ ਹੈ। ਹਜ਼ੂਰ ਦਾ ਪਾਵਨ ਫ਼ੁਰਮਾਨ ਹੈ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥

—*ਸੂਹੀ ਮ: ੫, ੭੪੭-੧੯*

ਸਤਿਗੁਰੂ ਅਰਜਨ (ਪੰਚਮ ਨਾਨਕ) ਸਾਹਿਬ ਦੀ ਜੀਵਨੀ ਵਿਚਾਰਨ ਦੇ ਪਾਤਰ ਬਣਨ ਤੋਂ ਪੇਸ਼ਤਰ ਸਾਨੂੰ ਇਹ ਗਿਆਨ ਹੋਣਾ ਅਤਿ ਲਾਜ਼ਮੀ ਹੈ ਕਿ ਗੁਰੂ ਨਾਨਕ ਤੋਂ ਪਹਿਲਾਂ ਅਧੂਰੀ ਅਵਤਾਰਵਾਦੀ ਦਾ ਸਿਲਸਿਲਾ ਆਪਣੀ ਗਤੀ ਵਿਚ ਅਧੂਰਾ ਸੀ, ਪਰ ਪੂਰਣਤਾ ਦਾ ਦਾਰਸ਼ਨਿਕ ਸਿਧਾਂਤ ਉਨ੍ਹਾਂ ਦੇ ਜੀਵਨ ਦਾ ਭਾਗ ਨਾ ਬਣ ਸਕਿਆ, ਕਿਉਂਕਿ ਅਵਤਾਰਾਂ ਦੇ ਸ਼ੁੱਧ ਅੰਸ਼ਾਂ ਉਤੇ ਉਨ੍ਹਾਂ ਦੇ ਅਸ਼ੁੱਧ ਅੰਸ਼ ਇਤਨੇ ਬੋਝਲ ਹੋ ਗਏ ਕਿ ਉਹ ਸਥਾਨਕ ਗੁੰਝਲਾਂ ਅਤੇ ਸਮੇਂ ਦੀ ਲੋੜੀਂਦੀ ਚੇਤਨਾ ਦਾ ਟਾਕਰਾ ਨਾ ਕਰ ਸਕੇ। ਲੋਕਾਂ ਦੇ ਹਿਰਦਿਆਂ ਵਿਚ ਦੈਵੀ ਪ੍ਰਕਾਸ਼ ਨੂੰ ਸਥਾਪਤ ਕਰਨੋਂ ਅਸਮਰੱਥ ਰਹੇ, ਜਿਸ ਕਰਕੇ ਮਾਨਵਤਾ ਦੀ ਅਸਲੀ ਰੂਪ-ਰੇਖਾ ਦਾ ਨਿਕਾਸ ਅਤੇ ਵਿਕਾਸ ਔਰ ਇਤਿਹਾਸ ਦੀ

1. ਸਿਰੀ ਰਾਗੁ ਮ: ੫, ੯੭-੮।

ਸਿਰਜਣਾ ਨਾ ਹੋ ਸਕੀ।

ਹੁਣ ਅਸੀਂ ਸੁਹਿਰਦ ਪਾਠਕਾਂ ਪਾਸੋਂ ਇਹ ਇਜਾਜ਼ਤ ਪ੍ਰਾਪਤ ਕਰਨੀ ਲੋਚਦੇ ਹਾਂ ਕਿ ਗੁਰੂ ਪਦ ਦੀ ਪਾਵਨ ਹਸਤੀ ਅਤੇ ਮੁਬਾਰਕ ਮਹੱਤਤਾ ਪ੍ਰਤੀ ਕੁਝ ਉਦਾਹਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਇਲਾਹੀ ਬਾਣੀ ਵਿਚੋਂ ਪੇਸ਼ ਕਰ ਸਕੀਏ, ਤਾਂਕਿ ਅਸਾਨੂੰ ਇਹ ਜਾਣਕਾਰੀ ਪ੍ਰਾਪਤ ਹੋ ਸਕੇ ਕਿ ਵਾਸਤਵ ਵਿਚ ਗੁਰੂ ਦੀ ਪਾਕ ਜ਼ਾਤ ਇਲਾਹੀ ਦਰਬਾਰ ਵਿਚ ਕਿਹੜਾ ਅਸਥਾਨ ਰੱਖਦੀ ਹੈ ? ਇਸ ਹੱਥਲੀ-ਕਿਤਾਬ ਦਾ ਆਕਾਰ ਵਧਣ ਤੋਂ ਸੰਕੋਚ ਕਰਦੇ ਹੋਏ ਕੇਵਲ ਤਿੰਨ ਦ੍ਰਿਸ਼ਟਾਂਤ ਲਿਖਣ ਦੀ ਹੀ ਆਗਿਆ ਚਾਹੁੰਦੇ ਹਾਂ। ਧੁਰ ਕੀ ਬਾਣੀ ਦਾ ਕਥਨ ਹੈ:

(ੳ) **ਗੁਰ ਕੀ ਮਹਿਮਾ ਕਿਆ ਕਹਾ, ਗੁਰੁ ਬਿਬੇਕ ਸਤ ਸਰੁ ॥**
ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥੩॥

—ਆਸਾ ਮ: ੫, ੩੯੭-੧

ਅਰਥ : ਹੇ ਭਾਈ ! ਮੈਂ ਗੁਰੂ ਦੀ ਵਡਿਆਈ ਕੀ ਆਖਾਂ (ਆਖਣ ਦੇ ਯੋਗ ਨਹੀਂ) ਕਿ ਗੁਰੂ ਕਿਤਨਾ ਕੁ ਵੱਡਾ ਅਤੇ ਉੱਚਾ ਆਤਮਕ ਸੂਹਜ ਹੈ ? ਗੁਰੂ ਸੱਚ ਦੀ ਵਿਚਾਰ ਦਾ ਇਖ਼ਲਾਕੀ ਸਰੋਵਰ ਹੈ। ਗੁਰੂ ਪੂਰਨ (ਸਰਬ ਕਲਾ ਭਰਪੂਰ) ਪਰਮੇਸ਼ਰ ਹੈ, ਜੋ ਹਰ ਸਮੇਂ ਹਾਜ਼ਰ ਨਾਜ਼ਰ ਹੈ, ਅਤੇ ਜੁਗਾਂ ਦੇ ਆਰੰਭ ਕਾਲ ਤੋਂ ਭੀ ਪਹਿਲਾਂ ਦਾ ਮੌਜੂਦ ਸੀ (ਭਾਵ ਗੁਰੂ ਹਰ ਸਮੇਂ, ਤਿੰਨ ਕਾਲ ਸਰਬ ਵਿਆਪਕ ਹੈ)।

(ਅ) **ਗੁਰ ਕੀ ਮਹਿਮਾ ਕਥਨੁ ਨ ਜਾਇ ॥**
ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥ *—ਗੋਂਡ ਮ: ੫, ੮੬੪-੧੨*

ਅਰਥ : ਹੇ ਭਾਈ ! ਗੁਰੂ ਦੀ ਵਡਿਆਈ ਦਾ ਤਬਸਰਾ ਨਹੀਂ ਕੀਤਾ ਜਾ ਸਕਦਾ, ਕਿਉਂਕਿ ਜੋ ਪਾਰਬ੍ਰਹਮ ਹੈ ਓਹੀ ਬਜ਼ਾਤਿ-ਖ਼ੁਦ (ਸਵੈਮ) ਗੁਰੂ ਹੈ, ਔਰ ਉਹ ਪਰਮਾਤਮਾ ਹੀ ਸਭਨੀਂ ਥਾਂਈ ਲੀਨ ਹੋ ਰਿਹਾ ਹੈ (ਭਾਵ ਜੋ ਗੁਰੂ ਸ਼ਬਦ ਹੈ ਕਿਸੇ ਵਿਅਕਤੀ ਦਾ ਲਖਾਇਕ ਨਹੀਂ ਹੈ ਬਲਕਿ ਇਹ ਇਲਹਾਮੀ ਨੂਰ ਦਾ ਲਖਾਇਕ ਹੈ)।

(ੲ) **ਗੁਰੁ ਤੀਰਥੁ, ਗੁਰੁ ਪਾਰਜਾਤੁ, ਗੁਰੁ ਮਨਸਾ ਪੂਰਣਹਾਰੁ ॥**
ਗੁਰੁ ਦਾਤਾ ਹਰਿ ਨਾਮੁ ਦੇਇ, ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ, ਗੁਰੁ ਨਿਰੰਕਾਰੁ, ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ, ਕਿਆ ਕਥੇ ਕਥਨਹਾਰੁ ॥੩॥

—ਸਿਰੀ ਰਾਗੁ ਮ: ੫, ੫੨-੧੪

ਅਰਥ : ਹੇ ਭਾਈ! ਗੁਰੂ ਹੀ (ਤੀਰਥਾਂ 'ਚੋਂ ਸ਼੍ਰੋਮਣੀ) ਤੀਰਥ ਹੈ, ਗੁਰੂ ਹੀ ਪਾਰਜਾਤ ਰੁੱਖ ਹੈ, ਗੁਰੂ ਸਾਰੀਆਂ ਮਨੋਕਾਮਨਾ ਪੂਰੀਆਂ ਕਰਨ ਦੇ ਸਮਰੱਥ ਹੈ। ਗੁਰੂ ਹੀ ਐਸਾ ਦਾਤਾ ਹੈ, ਜੋ ਹਰੀ ਦਾ ਨਾਮ ਦਿੰਦਾ ਹੈ, ਜਿਸ ਦਾ ਸਦਕਾ ਸਾਰਾ ਸੰਸਾਰ (ਭਵ ਸਾਗਰੋਂ) ਪਾਰ ਲੰਘਦਾ ਹੈ। ਗੁਰੂ ਸਾਰੇ ਅਰਥਾਂ ਨੂੰ ਸਿਰੇ ਚਾੜ੍ਹਨ ਦੀ ਸਮਰੱਥਾ ਰੱਖਦਾ ਹੈ, ਕਿਉਂਕਿ ਗੁਰੂ ਖ਼ੁਦ ਨਿਰੰਕਾਰ ਹੈ(ਭਾਵ ਅਚਿਹਨ ਹੈ)। ਗੁਰੂ ਸਭ ਤੋਂ ਉੱਚਾ ਅਸਥਾਨ ਰੱਖਦਾ ਹੈ, ਇਨਸਾਨੀ ਪਹੁੰਚ ਤੋਂ ਪਰ੍ਹੇ ਹੈ, ਕੋਈ ਵਿਆਖਿਆਕਾਰ ਗੁਰੂ ਦੀ ਪ੍ਰਸੰਸਾ ਬਾਰੇ ਕੀ ਕਹਿ ਸਕਦਾ ਹੈ? (ਭਾਵ, ਗੁਰੂ ਦੀ ਗਾਥਾ ਕਥਨੀ, ਕਹਿਣੀ ਅਸਾਡੇ ਵੱਸ ਦੀ ਗੱਲ ਨਹੀਂ ਹੈ)।

ਉਕਤ ਵਿਚਾਰ ਦੇ ਅਧੀਨ ਅਸੀਂ ਇਸ ਨਤੀਜੇ 'ਤੇ ਆਣ ਪੁਜੇ ਹਾਂ ਕਿ ਸਤਿਗੁਰੂ ਅਰਜਨ ਸਾਹਿਬ ਦੀ ਜੀਵਨ-ਗਾਥਾ ਅਸਾਡੇ ਕਥਨ ਕਹਿਣ ਤੋਂ ਬਹੁਤ ਪਰ੍ਹੇ ਦੀ ਵਸਤੂ ਹੈ, ਸਤਿਗੁਰੂ ਦਾ ਪੈਦਾ ਕੀਤਾ ਹੋਇਆ ਜੀਵ ਆਪਣੇ ਕਰਤੇ ਦੀ ਗਾਥਾ ਕਿਵੇਂ ਬਿਆਨ ਕਰ ਸਕਦਾ ਹੈ? ਕਿਉਂਕਿ "ਗੁਰੁ ਕਰਤਾ, ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ॥"[1]

ਹਾਂ, ਜੇਕਰ ਅਸੀਂ ਸਾਰੇ ਪਾਸਿਆਂ ਵਲ ਪਿੱਠ ਕਰ ਕੇ ਕੇਵਲ ਗੁਰੂ ਵਲ ਮੂੰਹ ਕਰ ਲਈਏ, ਔਰ ਜਾਚਨਾ ਕਰੀਏ, ਹੇ ਸਤਿਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਜੀਓ! ਆਪ ਜੀ ਆਪਣੀ ਗਾਥਾ ਵਰਣਨ ਕਰਨ ਪ੍ਰਥਾਇ ਆਪਣੇ ਸੇਵਕਾਂ ਨੂੰ ਸੱਚੀ ਸੋਇ ਬਖ਼ਸ਼ੋ ਜੀ, ਫਿਰ ਸਤਿਗੁਰੂ ਤੁਠ ਕੇ ਇਹ ਦਾਤਿ ਬਖ਼ਸ਼ ਦੇਵੇਗਾ। ਅਸੀਂ ਵਡਭਾਗੀ ਹੋਵਾਂਗੇ। ਆਓ! ਹੁਣ ਸਤਿਗੁਰੂ ਦੇ ਆਸਰੇ ਸਤਿਗੁਰੂ ਜੀ ਦੀ ਪਾਵਨ-ਗਾਥਾ ਦਾ ਅੰਮ੍ਰਿਤ ਰਸ ਮਾਣੀਏ।

---

1. ਸਿਰੀ ਰਾਗੁ ਮ: ੫, ਪੰਨਾ ੫੨-੧੩।

ਸਤਿਗੁਰੂ ਅਰਜਨ ਦੇਵ ਜੀ ਦੀ ਜੀਵਨ-ਗਾਥਾ

ਸਤਿਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪੰਜਵੇਂ ਗੁਰੂ ਹੋਏ ਹਨ, ਜੋ ਕਿ ਸੱਚ ਵਿਚ ਵਿਚਰ ਰਹੀ ਸਤਿਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤਿ ਦਾ ਨੂਰਾਨੀ ਸਿਖਰ ਸਨ। ਭਾਈ ਸਾਹਿਬ ਭਾਈ ਨੰਦ ਲਾਲ ਜੀ ਆਪਣੀ ਪੁਸਤਕ *ਗੰਜ ਨਾਮਾ* ਵਿਚ ਹਜ਼ੂਰ ਪੰਚਮ ਨਾਨਕ ਜੀ ਦੀ ਸਿਫ਼ਤੋ-ਸਾਲਾਹ ਨਿਮਨ-ਲਿਖਤ ਦੇ ਅਨੁਸਾਰ ਕਰਦੇ ਹਨ :

ਗੁਰੂ ਅਰਜਨ ਆਂ ਜੁਮਲਾ ਜੂਦੋ ਫ਼ਜ਼ਾਲ॥
ਹਕੀਕਤ ਪਜ਼ੋਹਿੰਦਾਇ ਹੱਕ ਜਮਾਲ॥੭੫॥

ਅਰਥ : ਗੁਰੂ ਅਰਜਨ ਬਖਸ਼ਿਸ਼ ਅਤੇ ਵਡਿਆਈ ਦਾ ਰੂਪ ਹੈ, ਰੱਬੀ ਸ਼ਾਨ ਦੀ ਅਸਲੀਅਤ ਦਾ ਢੂੰਡਣਹਾਰਾ ਹੈ।੭੫।

ਵਜੂਦਸ਼ ਹਮਾ ਰਹਿਮਤਿ ਈਜ਼ਦੀ॥
ਸਆਦਤ ਫ਼ਜ਼ਾਇੰਦਾਇ ਸਰਮਦੀ॥੭੬॥

ਅਰਥ : ਉਸ ਦਾ ਵਜੂਦ ਸਾਰਾ ਹੀ ਰੱਬੀ ਰਹਿਮਤ ਦਾ ਝਲਕਾਰਾ ਹੈ, ਅਤੇ ਸਦੀਵੀ ਨੇਕ ਗੁਣਾਂ ਵਿਚ ਵਾਧਾ ਕਰਨ ਵਾਲਾ ਹੈ।੭੬।

ਮੁਰੀਦਸ਼ ਦੋ ਆਲਮ ਚਿਹ ਬਲ ਸਦ ਹਜ਼ਾਰ॥
ਹਮਾ ਕਰਮਹਾਇ ਊ ਜ਼ੱਰਾ ਖਵਾਰ॥੭੭॥

ਅਰਥ : ਦੋ ਜਹਾਨ ਕੀ, ਲੱਖਾਂ ਹੀ ਜਹਾਨ ਉਸ ਦੇ ਮੁਰੀਦ ਹਨ। ਸਾਰੇ ਹੀ ਉਸ ਤੋਂ ਉਪਜੀ ਰਹਿਮਤ ਰੂਪੀ ਅੰਮ੍ਰਿਤ ਧਾਰਾ ਦੇ ਘੁੱਟ ਪੀਣ ਵਾਲੇ ਹਨ।੭੭।

ਅਜ਼ੋ ਨਜ਼ਮ ਕਾਲਿ ਹੱਕ ਅੰਦੇਸ਼ਾ ਰਾ॥
ਬਦੋ ਨਸਕ ਇਲਮਿ ਯਕੀਂ ਪੇਸ਼ਾ ਰਾ॥੭੮॥

ਅਰਥ : ਰੱਬ ਦੀ ਆਖੀ ਹੋਈ ਬਾਣੀ ਉਸਦੇ ਰਾਹੀਂ ਉਤਰੀ ਹੈ, ਔਰ ਸਿਦਕ ਭਰੋਸੇ ਦੀ ਸੂਝ ਭੀ ਉਸ ਕੋਲੋਂ ਪ੍ਰਾਪਤ ਹੁੰਦੀ ਹੈ।੭੮।

ਜਲਾਏ ਮਕਾਲਿ ਹੱਕ ਆਮਦ ਅਜ਼ੋ॥

ਫ਼ਰੋਗਿ ਜਮਾਲਿ ਹੱਕ ਆਮਦ ਅਜ਼ੋ॥੭੯॥

ਅਰਥ : ਧੁਰ ਕੀ ਬਾਣੀ ਦਾ ਪ੍ਰਕਾਸ਼ ਉਸੇ (ਗੁਰੂ ਅਰਜਨ) ਤੋਂ ਹੀ ਹੋਇਆ ਹੈ, ਔਰ ਇਲਾਹੀ ਹੁਸਨ ਦਾ ਪ੍ਰਕਾਸ਼ ਭੀ ਉਸੇ ਤੋਂ ਹੀ ਹੋਇਆ ਹੈ।੭੯।

ਭਾਈ ਨੰਦ ਲਾਲ ਜੀ ਵਲੋਂ ਉਕਤ ਦਰਸਾਈਆਂ ਸਿਫ਼ਤਾਂ ਤੋਂ ਇਲਾਵਾ ਅਨੇਕ ਪ੍ਰਕਾਰ ਦੀਆਂ ਹੋਰ ਸਿਫ਼ਤਾਂ ਭੀ ਦਰਸਾਈਆਂ ਹਨ, ਜਿਨ੍ਹਾਂ ਦੇ ਰਾਹੀਂ ਕਥਨ ਕੀਤਾ ਹੈ ਕਿ ਗੁਰੂ ਅਰਜਨ ਰੱਬੀ ਦਰਗਾਹ ਦਾ ਅਤਿਅੰਤ ਹੀ ਲਾਡਲਾ ਅਤੇ ਬੇਨਜ਼ੀਰ ਇਲਾਹੀ ਦਰਬਾਰ ਦਾ ਪਿਆਰਾ ਹੈ। ਉਹ ਰੱਬ ਵਿਚ ਅਭੇਦ ਹੈ ਅਤੇ ਰੱਬ ਉਸਦੇ ਆਪੇ ਵਿਚ ਸਮਾ ਰਿਹਾ ਹੈ। ਕਥਨ ਹੈ:

ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ॥੭॥੧੯॥

—ਸਵਈਏ ਮ: ਪੰਜਵੇਂ ਕੇ, ਮਥੁਰਾ, ੧੪੦੯-੧੨

ਸਤਿਗੁਰੂ ਅਰਜਨ ਸਾਹਿਬ ਜੀ ਦੀਆਂ ਸਿਫ਼ਤਾਂ ਦਾ ਕਥਨ ਕਰਨਾ ਇਨਸਾਨੀ ਸੋਚ ਦੀ ਕਲਪਨਾ ਤੋਂ ਅਗੋਚਰ ਹੈ। ਰੱਬੀ ਕਾਇਨਾਤ ਦੇ ਮਹੱਤਵ-ਪੂਰਣ ਵਿਅਕਤੀ ਉਸ ਦੇ ਮਾਰਗ ਦੀ ਚਰਨ-ਧੂੜੀ ਦੇ ਇੱਛਕ ਹਨ ਅਤੇ ਆਸਮਾਨੀ ਫ਼ਰਿਸ਼ਤੇ ਉਸਦੀ ਪਨਾਹ ਵਿਚ ਆਉਣ ਲਈ ਜੋਦੜੀਆਂ ਕਰਦੇ ਹਨ, ਔਰ ਇਲਾਹੀ ਕਲਾਮ ਦਾ ਇਲਹਾਮ ਸਤਿਗੁਰੂ ਅਰਜਨ ਦੇ ਹਿਰਦੇ ਵਿਚੋਂ ਨਾਜ਼ਲ ਹੋਇਆ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਗੁਰੂ ਅਰਜਨ ਸੱਚ ਦਾ ਕਰਤਾ ਹੈ।

ਗੁਰੂ ਅਰਜਨੁ ਸਚੁ ਸਿਰਜਣਹਾਰਾ॥੧੮॥

—ਵਾ: ਭਾ: ਗੁ: ੨੪-੧੮, ੭

ਭੱਟਾਂ ਦੀ ਬਾਣੀ ਵਿਚ ਭੀ ਸਤਿਗੁਰੂ ਅਰਜਨ ਸਾਹਿਬ ਜੀ ਦੀ ਮਹਿਮਾ ਪ੍ਰਤੀ ਭਿੰਨ ਭਿੰਨ ਪ੍ਰਕਾਰ ਦੇ ਅਮੋਲਕ ਸ਼ਬਦਾਂ ਦੀ ਵਰਤੋਂ ਕੀਤੀ ਹੈ, ਭੱਟ ਆਪਣੇ ਵਜਦ ਵਿਚ ਆਣ ਕੇ ਕਥਨ ਕਰਦੇ ਹਨ ਕਿ ਸਤਿਗੁਰੂ ਅਰਜਨ ਜੀ ਕਲਿਜੁਗ ਦਾ ਜਹਾਜ਼ ਹੈ, ਅਪਰੰਪਰ ਬੀਣਾ ਹੈ, ਧਰਮ ਧੁਜਾ ਹੈ, ਰਾਜ ਜੋਗੀਸ਼ਰ ਹੈ, ਪ੍ਰਮਾਣ ਪੁਰਖ ਹੈ, ਪਰ ਇਹ ਸਾਰੀਆਂ ਸਿਫ਼ਤਾਂ ਗੁਰੂ ਅਰਜਨ ਸਾਹਿਬ ਜੀ ਦੇ ਜੀਵਨ ਵਿਚੋਂ ਛਿਣ-ਮਾਤ੍ਰ ਇਕ ਕੋਟਾਨ ਖੰਡ ਦਾ ਹਿੱਸਾ ਹਨ, ਕਿਉਂਕਿ ਭੱਟਾਂ ਦੀ ਕਥਨੀ ਵਿਚ ਮਹਾਨ ਗਾਥਾ ਹੈ ਕਿ ਗੁਰੂ ਅਰਜਨ, ਹਰੀ ਪਰਮੇਸ਼ਰ ਦਾ ਪ੍ਰਤੱਖ ਰੂਪ ਹੈ, ਔਰ ਪਰਮਾਤਮਾ ਖ਼ੁਦ ਉਨ੍ਹਾਂ ਦੇ ਹਿਰਦੇ ਵਿਚ ਵਸਿਆ ਹੈ। ਅੰਤਮ ਸਿੱਟੇ ਵਜੋਂ 'ਗੁਰੂ ਅਰਜੁਨੁ ਪਰਤਖੵ ਹਰਿ' ਦਾ ਐਲਾਨ ਕੀਤਾ ਹੈ।

ਹੁਣ ਅਸੀਂ ਆਗਿਆ ਚਾਹਾਂਗੇ ਕਿ ਗੁਰੂ ਅਰਜਨ ਸਾਹਿਬ ਜੀ ਦੀ ਸਵਾਨਿਹ-ਉਮਰੀ (ਬਾਲ-ਅਵਸਥਾ) ਪ੍ਰਤੀ ਗਾਥਾ ਆਰੰਭੀ ਜਾਵੇ।

ਜੀਵਨ ਦਾ ਆਰੰਭ

ਜਨਮ : ਸਤਿਗੁਰੂ ਅਰਜਨ ਦੇਵ ਜੀ ਦਾ ਪਵਿੱਤਰ ਜਨਮ ਸਤਿਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਭਾਨੀ ਜੀ ਦੀ ਪਾਵਨ ਕੁੱਖੋਂ ਗੋਇੰਦਵਾਲ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ੧੫ ਅਪ੍ਰੈਲ, ੧੫੬੩ ਮੁਤਾਬਿਕ ਵਿਸਾਖ ਵਦੀ ੭, ਸੰਮਤ ੧੬੨੦ (੧੯ ਵਿਸਾਖ) ਨੂੰ ਹੋਇਆ।[1] ਪ੍ਰਿਥੀ ਚੰਦ ਅਤੇ ਮਹਾਂਦੇਵ ਆਪ ਜੀ ਦੇ ਵੱਡੇ ਭਰਾਤਾ ਸਨ।[2]

ਬਚਪਨ : ਆਪ ਜੀ ਦਾ ਬਚਪਨ ਆਪਣੇ ਨਾਨਕੇ ਘਰ ਗੋਇੰਦਵਾਲ ਸਾਹਿਬ ਹੀ ਬੀਤਿਆ, ਆਪ ਜੀ ਪਹਿਲੇ ਗੁਰੂ ਸਨ ਜਿਨ੍ਹਾਂ ਦਾ ਬਚਪਨ ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਨਿਗਰਾਨੀ ਵਿਚ ਅਥਵਾ ਸਿੱਖੀ ਵਾਤਾਵਰਣ ਵਿਚ ਪ੍ਰਫੁੱਲਤ ਹੋਇਆ। ਹਰ ਪ੍ਰਕਾਰ ਦੀ ਧਾਰਮਕ, ਆਤਮਕ ਅਤੇ ਦੁਨਿਆਵੀ ਸਦਾਚਾਰਕ ਵਿਦਿਆ ਪੰਜ ਸਾਲ ਦੀ ਆਯੂ ਵਿਚ ਹੀ ਆਰੰਭ ਹੋ ਚੁੱਕੀ ਸੀ। ਪਿਛਲੇ ਸਤਿਗੁਰਾਂ ਦੀ ਬਣਾਈ ਗੁਰ-ਮਰਯਾਦਾ ਭੀ ਗੁਰੂ ਤੀਸਰੇ ਪਾਤਿਸ਼ਾਹ ਜੀ ਦੀ ਹਾਜ਼ਰੀ ਵਿਚ ਹੀ ਪ੍ਰਾਪਤ ਕੀਤੀ, ਤਦੇ ਹੀ ਭੱਟ ਕਲ੍ਯ੍ਯਸਹਾਰ ਨੇ ਲਿਖਿਆ ਹੈ :

ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥

—ਸਵਈਏ ਮ: ਪੰਜਵੇ ਕੇ, ਪੰਨਾ ੧੪੦੭-੨

ਇਕ ਦਫ਼ਾ ਦਾ ਜ਼ਿਕਰ ਹੈ ਕਿ ਬਾਲਕ (ਗੁਰੂ) ਅਰਜਨ ਦੇਵ ਜੀ ਖੇਡਦੇ ਖੇਡਦੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਮੰਜੇ ਪਾਸ ਚਲੇ ਗਏ, ਆਪ ਜੀ ਨੇ ਮੰਜੇ ਦੇ ਪਾਵੇ ਫੜ ਕੇ ਮੰਜੇ ਨੂੰ ਖ਼ੂਬ ਹਲੂਣਾ ਦਿੱਤਾ। ਤਦ ਸਤਿਗੁਰੂ ਅਮਰਦਾਸ ਜੀ ਨੇ ਆਖਿਆ, "ਇਹ ਕਉਣ ਹੈ ਵਡਾ ਪੁਰਖ ਜਿਸ ਨੇ ਅਸਾਡੀ ਮੰਜੀ ਹਿਲਾ ਦਿੱਤੀ ਹੈ ?" ਇਸ ਵਾਰਤਾ ਦਾ ਜ਼ਿਕਰ *ਬੰਸਾਵਲੀ ਨਾਮਾ* ਦਾ ਕਰਤਾ ਨਿਮਨ-ਲਿਖਤ ਦੇ ਅਨੁਸਾਰ ਦਰਜ ਕਰਦਾ ਹੈ :

ਸੁਤਾ ਸੁਤ ਗੁਰੂ ਅਰਜਨ ਬਾਲ ਇਆਣੇ।
ਖੇਡਣ ਖੂੰਡੀ ਟੱਲੇ ਕਛੁ ਅਵਰ ਨ ਜਾਣੇ।
ਖੇਨੂੰ ਟਪ ਗਇਆ ਅੰਦਰਵਾਰ।

---

1. ਦੇਖੋ ਹਰੀ ਰਾਮ ਗੁਪਤਾ, ੧, ਪੰਨਾ ੧੩੦, *ਹਿਸਟਰੀ ਆਫ਼ ਦੀ ਸਿਖਸ*।
2. ਦੇਖੋ ਨਿਰੁਕਤ *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੩੬੦, ਕ੍ਰਮ ਨੰ: ੩੦੨੯।

ਜਿਥੇ ਬੈਠਾ ਨਾਨਾ ਸਮਾਧੀ ਧਾਰਿ।
ਖੇਨੂੰ ਟਪ ਗਇਆ ਮੰਜੀ ਹੇਠ।
ਇਨ ਦਉੜ ਗਹਿ ਲੀਤਾ ਮੰਜੀ ਦੇ ਪਲੇਟ।੯੦।
ਬਚਨ ਕੀਤਾ ਇਹ ਬਡਾ ਪੁਰਖ ਹੈ ਭਾਰੀ।
ਇਨ ਮੰਜੀ ਹਲਾਈ ਅਸਾਡੀ ਸਾਰੀ।
ਬੀਬੀ ਭਾਨੀ ਪਹਿਲੇ ਸੁਣ ਕੇ ਡਰ ਗਈ।
ਜਾਂ ਬਚਨ ਸੁਣਿਆ ਪੁਰਖ ਦਾ ਤਾਂ ਪ੍ਰਸੰਨ ਭਈ।੯੧।

—*ਬੰਸਾਵਲੀ ਨਾਮਾ, ਚਰਣ ੩, ਪੰਨਾ ੩੫*

ਜਦ ਸਤਿਗੁਰੂ ਤੀਸਰੇ ਪਾਤਿਸ਼ਾਹ ਜੀ ਨੇ ਪੁਛਿਆ ਇਹ ਵਡਾ ਪੁਰਖ ਕਉਣ ਹੈ, ਜਿਸ ਨੇ ਅਸਾਡੀ ਸਾਰੀ ਮੰਜੀ ਹਿਲਾ ਦਿੱਤੀ ਹੈ? ਤਦ ਬੀਬੀ ਭਾਨੀ ਜੀ ਨੇ ਬੇਨਤੀ ਕੀਤੀ, ਹੇ ਪਿਤਾ ਸਤਿਗੁਰੂ ਜੀ! ਇਹ ਹੈ ਸੁਤਾ ਸੁਤ, ਦੋਹਿਤਾ। ਤਦ ਸਤਿਗੁਰੂ ਜੀ ਨੇ ਬਚਨ ਕੀਤਾ, "ਇਹ ਦੋਹਿਤਾ ਬਾਣੀ ਕਾ ਬੋਹਿਥਾ"

ਭਾਰੀ ਜਗ ਗੁਰ ਜਗ ਮੇਂ ਬਿਦਤੇ ਹੈ।
ਬਾਣੀ ਕੋ ਬੋਹਿਥ ਬਡ ਹਵੈ ਹੈ।[1]

—*ਸੂਰਜ ਪ੍ਰਕਾਸ਼, ਪੰਨਾ ੧੯੦, ਸੋਢੀ ਤੇਜਾ ਸਿੰਘ*

ਇਕ ਦਫ਼ਾ ਦਾ ਜ਼ਿਕਰ ਹੈ ਕਿ ਸਤਿਗੁਰੂ ਅਮਰਦਾਸ ਸਾਹਿਬ ਜੀ ਪ੍ਰਸ਼ਾਦ ਛਕ ਰਹੇ ਸਨ, ਬਾਲ (ਗੁਰੂ) ਅਰਜਨ ਦੇਵ ਜੀ ਖੇਡਦੇ ਖੇਡਦੇ ਓਥੇ ਆਏ, ਸਤਿਗੁਰੂ ਜੀ ਦਾ ਪ੍ਰਸ਼ਾਦਾ ਖਿਲਾਰਨ ਲੱਗ ਪਏ। ਇਕ ਸਿੱਖ ਬਾਲ (ਗੁਰੂ) ਅਰਜਨ ਦੇਵ ਜੀ ਨੂੰ ਚੁਕ ਕੇ ਦੂਰ ਛੱਡ ਆਇਆ, ਆਪ ਦੋਬਾਰਾ ਆਣ ਕੇ ਫਿਰ ਸਤਿਗੁਰੂ ਜੀ ਦਾ ਖਾਣਾ ਖਿਲਾਰਨ ਲੱਗ ਗਏ, ਤਦ ਹਜ਼ੂਰ ਤੀਸਰੇ ਸਤਿਗੁਰੂ ਜੀ ਨੇ ਬਚਨ ਕੀਤਾ, "ਆ ਓਇ ਥਾਲ ਦਿਆ ਮਾਲਕਾ, ਬੇਟਾ ਕਾਹਲ ਨਾ ਕਰ, ਉਹ ਸਮਾਂ ਦੂਰ ਨਹੀਂ ਜਦੋਂ ਤੂੰ ਇਸ ਸਿੰਘਾਸਣ 'ਤੇ ਬੈਠੇਂਗਾ।"[2]

ਸਤਿਗੁਰੂ ਅਰਜਨ ਦੇਵ ਸਾਹਿਬ ਜੀ ਦੀਆਂ ਬਾਲ-ਅਵਸਥਾ ਦੀਆਂ ਖੇਡਾਂ ਪ੍ਰਤੀ ਬੀਬੀ ਭਾਨੀ ਜੀ ਨੇ ਆਪਣੇ ਪਤੀ ਦੇਵ ਭਾਈ ਜੇਠਾ (ਸਤਿਗੁਰੂ ਰਾਮਦਾਸ ਸਾਹਿਬ) ਪਾਸ ਜ਼ਿਕਰ ਕੀਤਾ ਕਿ ਬਾਲਕ ਅਰਜਨ ਨੇ ਆਪਣੇ ਨਾਨਾ ਜੀ ਪਾਸੋਂ ਸ਼ੁਭ ਇੱਛਾਵਾਂ ਪ੍ਰਾਪਤ ਕੀਤੀਆਂ ਹਨ, ਤਦ ਜੇਠਾ ਜੀ ਨੇ ਬਚਨ ਕੀਤਾ :

1. *ਸੂਰਜ ਪ੍ਰਕਾਸ਼* ਵਾਰਤਕ, ਸੋਢੀ ਤੇਜਾ ਸਿੰਘ ਪੰਨਾ ੧੯੦; *ਸਾਡਾ ਇਤਿਹਾਸ* ਭਾਗ ੧, ਪੰਨਾ ੧੯੫।
2. *ਸੋਢੀ ਚਮਤਕਾਰ ਸੂਰਜ ਪ੍ਰਕਾਸ਼* ਵਾਰਤਕ ਰਾਸ ੨, ਅਧਿ: ੨੧, ਪੰਨਾ ੭੩. *ਸਾਡਾ ਇਤਿਹਾਸ* ਪੰਨਾ ੧੯੬।

ਭਾਨੀ ਰਾਮਦਾਸ ਪਾਸ ਕਹਿਆ।
ਕਹੇ ਨਾਨੇ ਦੇ ਅਰਜਨ ਭਾਰੀ ਪੁਰਖ ਹੋਇ ਰਹਿਆ।
ਗੁਰੂ ਅਮਰਦਾਸ ਜੀ ਕਰੇ ਬਖਾਨੇ।
ਇਸ ਨੂੰ ਟਿਕਾ ਦਿਤਾ ਗੁਰਿਆਈ ਦਾ ਸਕੇ ਨਾਨੇ।੯੨।[1]

੨-੧. *ਲਾਹੌਰ ਸ਼ਾਦੀ 'ਤੇ ਜਾਣਾ*

ਸੰਨ ੧੫੮੦ ਦੇ ਅਖੀਰ ਵਿਚ ਸਤਿਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤਰ ਸਹਾਰੀ ਮੱਲ ਜੀ ਨੇ ਦਰਬਾਰ ਵਿਚ ਹਾਜ਼ਰ ਹੋ ਕੇ ਬੇਨਤੀ ਕੀਤੀ ਕਿ ਮੇਰੇ ਪੁੱਤਰ ਦਾ ਵਿਆਹ ਹੈ, ਆਪ ਵਿਆਹ ਵਿਚ ਸ਼ਾਮਲ ਹੋ ਕੇ ਸਾਰੇ ਰਿਸ਼ਤੇਦਾਰਾਂ ਨੂੰ ਮਾਣ ਬਖ਼ਸ਼ੋ। ਪਰ ਸਤਿਗੁਰੂ ਰਾਮਦਾਸ ਜੀ ਨੇ ਆਖਿਆ, ਭ੍ਰਾਤਾ ਜੀ! ਅਸਾਡੇ ਉਥੇ ਜਾਣ ਨਾਲ ਸੰਗਤਿ ਬਹੁਤ ਭਾਰੀ ਸੰਖਿਆ ਵਿਚ ਜੁੜ ਜਾਵੇਗੀ, ਅੌਰ ਆਪ ਜੀ ਨੂੰ ਜੁੜੀਆਂ ਸੰਗਤਾਂ ਦੀ ਸੰਭਾਲ ਅਥਵਾ ਜਲ ਪਾਣੀ ਦੀ ਬਹੁਤ ਕਠਨਾਈ ਹੋਵੇਗੀ, ਬਹੁਤ ਬੇਹਤਰ ਹੋਵੇਗਾ, ਤੁਸੀਂ ਅਸਾਡੇ ਲੜਕਿਆਂ ਵਿਚੋਂ ਇਕ ਲੜਕਾ ਆਪਣੇ ਨਾਲ ਲੈ ਜਾਵੋ। ਸਹਾਰੀ ਮੱਲ ਜੀ ਇਹ ਬਚਨ ਸੁਣ ਕੇ ਬਹੁਤ ਹੀ ਪ੍ਰਸੰਨ ਹੋਏ, ਫਿਰ ਸਤਿਗੁਰੂ ਜੀ ਨੇ ਆਪਣੇ ਪੁੱਤਰ ਬਾਬਾ ਪ੍ਰਿਥੀ ਚੰਦ ਜੀ ਨੂੰ ਲਾਹੌਰ ਜਾਣ ਲਈ ਆਖਿਆ, ਪਰੰਤੂ ਪ੍ਰਿਥੀ ਚੰਦ ਜੀ ਲਾਹੌਰ ਜਾਣ ਵਾਸਤੇ ਰਜ਼ਾਮੰਦ ਨਹੀਂ ਹੋਏ। ਕਹਿਣ ਲੱਗੇ ਜੇਕਰ ਮੈਂ ਲਾਹੌਰ ਚਲਾ ਗਿਆ ਤਦ ਬਾਹਰੋਂ ਆਈਆਂ ਸੰਗਤਾਂ ਦੀ ਦੇਖ-ਭਾਲ ਕੌਣ ਕਰੇਗਾ? ਸਤਿਗੁਰੂ ਜੀ ਨੇ ਪ੍ਰਿਥੀ ਚੰਦ ਨੂੰ ਬਹੁਤ ਸਮਝਾਇਆ, ਪਰ ਉਹ ਲਾਹੌਰ ਜਾਣ ਲਈ ਰਜ਼ਾਮੰਦ ਨਹੀਂ ਹੋਇਆ। ਅੌਰ ਗੱਲ-ਬਾਤ ਦੇ ਦੌਰਾਨ ਗੁਰ-ਗੱਦੀ ਸੰਭਾਲਣ ਦਾ ਹੱਕ ਭੀ ਜਣਾਂਦਾ ਰਿਹਾ। ਤਦ ਸਤਿਗੁਰੂ ਜੀ ਨੇ ਬਚਨ ਕੀਤਾ, "ਪ੍ਰਿਥੀ ਚੰਦ! ਇਸ ਮਾਇਆ ਨਾਲ ਲੱਗਿਆਂ ਹੱਥ ਤੇ ਮੈਲੇ ਹੁੰਦੇ ਹੀ ਹਨ, ਪਰ ਨਾਲ ਦੀ ਨਾਲ ਮਨ ਭੀ ਮੈਲਾ ਹੋ ਜਾਂਦਾ ਹੈ।"[2]

ਜਦੋਂ ਬਾਬਾ ਪ੍ਰਿਥੀ ਚੰਦ ਜੀ ਲਾਹੌਰ ਜਾਣ ਤੋਂ ਇਨਕਾਰੀ ਹੋ ਗਏ, ਫਿਰ ਸਤਿਗੁਰੂ ਜੀ ਨੇ ਵਿਚਾਲੜੇ ਸਾਹਿਬਜ਼ਾਦੇ ਬਾਬਾ ਮਹਾਂਦੇਵ ਜੀ ਨੂੰ ਬਚਨ ਕੀਤਾ ਕਿ ਇਸ ਵਿਆਹ ਦੇ ਕਾਰਜ ਲਈ ਤੁਸੀਂ ਲਾਹੌਰ ਚਲੇ ਜਾਵੋ। ਇਹ ਸੁਣ ਕੇ ਮਹਾਂਦੇਵ ਨੇ ਉੱਤਰ ਦਿੱਤਾ, "ਪਿਤਾ ਜੀ! ਮੈਂ ਐਸੇ ਸੰਸਾਰੀ ਝੰਮੇਲਿਆਂ ਤੋਂ ਪਰ੍ਹੇ ਹੀ ਰਹਿਣਾ ਚਾਹੁੰਦਾ ਹਾਂ, ਇਸ ਵਾਸਤੇ ਮੈਂ ਨਹੀਂ ਜਾ ਸਕਦਾ।"

---

1. *ਭੰਸਾਵਲੀ ਨਾਮਾ*, ਚਰਣ ੩, ਪੰਨਾ ੩੫।
2. *ਸਾਡਾ ਇਤਿਹਾਸ*, ਭਾਗ ੧, ਪੰਨਾ ੧੯੭।

ਸਤਿਗੁਰੂ ਜੀ ਨੇ ਦੋਹਾਂ ਵੱਡੇ ਸਾਹਿਬਜ਼ਾਦਿਆਂ ਦੇ ਉੱਤਰ ਸੁਣਨ ਤੋਂ ਬਾਅਦ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਅਰਜਨ ਦੇਵ ਜੀ ਨੂੰ ਲਾਹੌਰ ਜਾਣ ਵਾਸਤੇ ਆਖਿਆ ਅੌਰ ਹੁਕਮ ਕੀਤਾ ਕਿ ਜਦੋਂ ਤਕ ਵਿਆਹ ਦਾ ਸਮਾਗਮ ਪੂਰਾ ਨਾ ਹੋ ਜਾਵੇ, ਅਸਾਡੇ ਹੁਕਮ ਤੋਂ ਬਿਨਾਂ ਉਥੋਂ ਵਾਪਸ ਨਹੀਂ ਆਉਣਾ, ਬਲਕਿ ਆਪਣੀ ਧਰਮਸਾਲਾ ਵਿਚ ਨਿਵਾਸ ਰੱਖ ਕੇ ਸੰਗਤਾਂ ਨੂੰ ਗੁਰਮਤਿ ਦਾ ਉਪਦੇਸ਼ ਦ੍ਰਿੜ੍ਹ ਕਰਵਾਂਦੇ ਰਹਿਣਾ ਹੈ। ਜਦ ਤਕ ਅਸੀਂ ਵਾਪਸ ਨਾ ਬੁਲਾਈਏ, ਤੁਸੀਂ ਉਥੇ ਹੀ ਰਹਿਣਾ ਹੈ।

ਸਤਿਗੁਰੂ ਜੀ ਵਲੋਂ ਇਹ ਹੁਕਮ ਸੁਣ ਕੇ ਸਾਹਿਬਜ਼ਾਦਾ (ਗੁਰੂ) ਅਰਜਨ ਦੇਵ ਜੀ ਨੇ ਸਿਰ ਨਿਵਾ ਕੇ ਆਗਿਆ ਪਾਲਣ ਦਾ ਸੰਕੇਤ ਜ਼ਾਹਰ ਕੀਤਾ ਅੌਰ ਹੱਥ ਜੋੜ ਕੇ ਬੇਨਤੀ ਕੀਤੀ, ਜੋ ਹੁਕਮ ਕਰੋ ਸੋਈ ਪ੍ਰਵਾਨ ਹੈ। ਸਤਿਗੁਰੂ ਸਾਹਿਬ ਦੀਆਂ ਅਸੀਸਾਂ ਲੈਂਦੇ ਹੋਏ ਆਪਣੇ ਤਾਇਆ ਜੀ ਸਹਾਰੀ ਮੱਲ ਨਾਲ ਲਾਹੌਰ ਨੂੰ ਰਵਾਨਾ ਹੋ ਗਏ। ਅੌਰ ਆਪ ਜੀ ਨੇ ਪਿਤਾ ਸਤਿਗੁਰੂ ਸਾਹਿਬ ਅਗੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਪਿਤਾ ਸਤਿਗੁਰੂ ਜੀਓ! ਆਪ ਜੀ ਮੈਨੂੰ ਖ਼ੁਸ਼ੀ ਦੇ ਸਮਾਗਮ ਵਿਚ ਭੇਜ ਰਹੇ ਹੋ ਪਰ ਮੈਂ ਤਾਂ ਉਥੇ ਭੀ ਪ੍ਰਸੰਨਤਾ ਨਾਲ ਜਾਵਾਂਗਾ ਜਿਥੇ ਸੀਸ ਦੇਣ ਦੀ ਆਵੱਸ਼ਕਤਾ ਹੋਵੇ। ਆਪ ਜੀ ਕਹਿ ਰਹੇ ਹਨ :

ਇਹ ਤੋਂ ਸੁਗਮ ਕਾਜ ਮਹਿ ਮੋਹਿ ॥
ਪਠਹੁ ਆਪ ਜਹਿ ਆਨੰਦ ਹੋਹਿ ॥੧੧॥
ਜਿਹ ਜਾਵਨ ਮਹਿ ਜੀਵਨ ਸੰਸੈ ॥
ਤਿਹ ਆਇਸ ਮੋਹਿ ਦੇਹੁ ਨਿਸੰਸੈ ॥
ਦੇਰ ਨਾ ਕਰੋਂ ਪਿਤਾ ਜੀ ਉਹਾਂ ॥
ਪ੍ਰਾਨ ਦੇਊਂ ਮੈਂ ਤੁਰਨ ਤਹਾਂ ॥੧੨॥[1]

ਮਾਤਾ ਭਾਨੀ ਜੀ ਦੀ ਆਗਿਆ ਲੈ ਕੇ ਸਾਹਿਬਜ਼ਾਦਾ (ਗੁਰੂ) ਅਰਜਨ ਦੇਵ ਜੀ ਲਾਹੌਰ ਨੂੰ ਵਿਦਾ ਹੋ ਗਏ। ਗਿਆਨੀ ਗਿਆਨ ਸਿੰਘ ਜੀ ਲਾਹੌਰ ਜਾਣ ਦੀ ਵਾਰਤਾ ਆਪਣੇ ਕਾਵਿ ਰਸ ਵਿਚ ਬਿਆਨ ਕਰਦੇ ਹਨ :

ਇਕ ਗੁਰ ਕਾ ਭਾਈ, ਹੁਤੋ ਵਡਾਈ, ਆਯੋ ਧਾਈ, ਗੁਰ ਪਾਸੰ ॥
ਤਿਹ ਨਾਮ ਸਹਾਰੀ ਭਗਤ ਅਪਾਰੀ, ਮਨ ਮੁਦ ਧਾਰੀ, ਧਰ ਆਸੰ ॥੮੪॥
ਉਨਿ ਅਰਜ਼ ਗੁਜ਼ਾਰੀ, ਗੁਰੂ ਅਗਾਰੀ, ਚਲੋ ਖਰਾਰੀ[2] ਲਾਹੌਰੰ ॥

---

1. *ਸ੍ਰੀ ਗੁਰ ਪ੍ਰਤਾਪ ਸੂਰਜ*, ਰਾਸਿ ੨, ਅੰਸੂ ੧੬, ਪੰਨਾ ੧੭੦੭।
2. ਖਰ ਦੈਂਤ ਦੇ ਵੈਰੀ ਭਾਵ ਪਰਮੇਸ਼ਰ।

ਮਮ ਸੁਤ ਕੇ ਬਯਾਹੂ, ਹੈ ਉਤਸਾਹੂ, ਆਪ ਤਹਾਂ ਹੂੰ, ਸਿਰ ਮੌਰੰ ॥
ਚਲੀਏ ਸੁਖ ਦਾਵਨ, ਕਰੀਏ ਪਾਵਨ, ਭੂਮ ਸੁਹਾਵਨ, ਸੋਇ ਸਹੀ ॥
ਤਬਿ ਗੁਰੂ ਵਖਾਨਾ, ਹਮਰਾ ਜਾਨਾ, ਬਨੈ ਨ ਆਨਾ, ਕੋਇ ਕਹੀ ॥੯੫॥
ਦੋਹਰਾ : ਪੁਨਾ ਸਹਾਰੀ ਜੋਰਿ ਕਰ, ਕਹਯੋ ਗੁਰੂ ਕੇ ਪਾਸ ॥
ਕੇ ਕਰਿ ਆਪ ਨ ਚਲਤ ਹੋ, ਪਠੋ ਏਕ ਸੁਤ ਖ਼ਾਸ ॥੯੬॥
ਤੋਟਕ ਛੰਦ : ਤਬ ਪ੍ਰਿਥੀ ਚੰਦ ਕੋ ਗੁਰੂ ਕਹਾ ॥
ਤੁਮ ਜਾਹੋ ਇਨ ਕੇ ਸੰਗਿ ਵਹਾਂ ॥
ਉਨਿ ਦਯੋ ਜਵਾਬ ਖ਼ਿਤਾਬ ਭਲੇ ॥
ਹਮਰੇ ਤੋਹਿ ਗਏ ਨ ਕਾਮ ਚਲੇ ॥੯੭॥
ਪੁਨ ਗੁਰ ਅਰਜਨ ਕਉ ਪਠਯੋ ਤਹਾਂ ॥
ਹਿਤ ਪਰਖਨ ਕੇ ਇਸ ਭਾਂਤਿ ਕਹਾ ॥
ਹਮਰੇ ਬੁਲਵਾਏ ਬਿਨੁ ਕਬਿ ਹੀ ॥
ਤੁਮ ਆਵਨ ਨਾਹਿ ਕਰਯੋ ਅਬਿ ਹੀ ॥੯੮॥
ਸੁਨਿ ਮਾਨ ਰਿਦੇ ਗੁਰਵਾਕ ਭਲੇ ॥
ਤਿਨ ਸੰਗ ਲਹੌਰਹਿ ਓਰ ਚਲੇ ॥
ਦਿਨ ਕੇਤਕ ਜਾਇ ਲਾਹੌਰ ਰਹੇ ॥
ਗੁਰ ਪੰਚਮ ਵੀਚ ਬਿਵਾਹਿ ਅਹੇ ॥੯੯॥.........
ਗੀਆ ਛੰਦ : ਇਸ ਭਾਂਤਿ ਸੋ ਗੁਰ ਬਯਾਹਿ ਪੇਖਯੋ ਨਿਜ ਸਬੰਧੀ ਕੇਰ ਹੀ ॥
ਉਰਿ ਰਹੇ ਘਰਿ ਨਿਰਵੇਦ, ਭੇਦ ਨ ਸਕਯੋ ਕੋਊ ਹੇਰ ਹੀ ॥
ਤਨ ਥਿਰਯੋ ਵੀਚ ਲਾਹੌਰ ਕੇ, ਮਨ ਰਹਯੋ ਗੁਰ ਕੇ ਪਾਸ ਹੈ ॥
ਕਬ ਗੁਰ ਬੁਲਾਵੈਂ ਮੁਝੈ ਨਿਜ ਢਿਗ, ਕਰੈਂ ਨਿਸ ਦਿਨ ਆਸ ਹੈਂ ॥੯੨॥

—ਪੰਥ ਪ੍ਰਕਾਸ਼, ਪੂ. ਬਿਸ: ੧੭, ਪੰਨਾ ੬੨੪

੨-੨. ਵੈਰਾਗਮਈ ਪੱਤਰ

ਦਰਸ਼ਨ ਕੀ ਪਿਆਸ ਇਤਨੀ ਪ੍ਰਬਲ ਹੋਈ ਤਦ ਸਾਹਿਬਜ਼ਾਦਾ (ਗੁਰੂ) ਅਰਜਨ ਦੇਵ ਜੀ ਨੇ ਵੈਰਾਗ ਵਿਚ ਆਣ ਕੇ ਹਜ਼ੂਰ ਦੀ ਤਰਫ਼ ਇਕ ਚਾਤ੍ਰਿਕ ਦੀ ਨਿਆਂਈ ਇਲਹਾਮੀ ਦੀਦਾਰ ਵਾਸਤੇ ਇਕ, ਦੋ ਅਤੇ ਤਿੰਨ ਪੱਤਰ ਲਿਖੇ, ਜਿਨ੍ਹਾਂ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਝ ਮ: ੫ ਦੇ ਸਿਰਲੇਖ ਹੇਠ ਪੰਨਾ ੯੬ 'ਤੇ ਦਰਜ ਹੈ। ਇਸ ਬਿਰਹਾ ਭਰਪੂਰ ਅਵਸਥਾ ਦਾ ਕਥਨ *ਪੰਥ ਪ੍ਰਕਾਸ਼* ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਨਿਮਨ-ਲਿਖਤ ਅਨੁਸਾਰ ਕਰਦੇ ਹਨ:

ਗੁਰਿ ਦਰਸ ਹਿਤ ਬਹੁ ਪ੍ਰੇਮ ਉਮਗੈ, ਨੈਨ ਜਲ ਭਰਿ ਆਵਹੀਂ॥
ਚਢਿ ਸਦਨ ਪੈ ਮਗ ਪਿਖੇਂ[1] ਨਿਸ ਦਿਨ, ਚਿਤ ਚੈਨ ਨ ਪਾਵਹੀਂ॥
ਨਹਿ ਆਇ ਸਾਕੈਂ ਆਪ ਤੈਂ ਗੁਰ ਬਚਨ ਕੇ ਬਸ ਮੈ ਪਰੇ॥
ਪੁਨ ਏਕ ਚਿਠੀ ਲਿਖੀ ਗੁਰ ਦਿਸ, ਐਸ ਬਿਧਿ ਸੁਨ ਲੇਹੁ ਭਰੇ॥੯੩॥

—ਪੰਥ ਪ੍ਰਕਾਸ਼, ਪੂ: ਬਿਸ: ੧੨, ਪੰਨਾ ੬੨੫

ਵਿਆਹ ਤੋਂ ਉਪਰੰਤ ਸਾਹਿਬਜ਼ਾਦਾ (ਗੁਰੂ) ਅਰਜਨ ਦੇਵ ਜੀ ਲਾਹੌਰ ਵਿਚ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ, ਜਿਸ ਦਾ ਸਦਕਾ ਅਨੇਕਾਂ ਪ੍ਰਾਣੀ ਸਿੱਖੀ ਨਾਲ ਜੁੜੇ। ਪ੍ਰਚਾਰ ਕਰਦਿਆਂ ਲਾਹੌਰ ਵਿਚ ਲਗ ਪਗ ਚਾਰ ਮਹੀਨੇ ਗੁਜ਼ਰ ਗਏ, ਪਰ ਪਿਤਾ ਸਤਿਗੁਰੂ ਜੀ ਵਲੋਂ ਵਾਪਸ ਪਰਤਣ ਲਈ ਕੋਈ ਸੱਦਾ ਪੱਤਰ ਨਾ ਆਇਆ, ਆਪ ਜੀ ਨੇ ਚਾਤ੍ਰਿਕ ਦੀ ਤ੍ਰਿਖਾ ਰੂਪੀ ਸਨੇਹ-ਪੱਤਰ ਲਿਖ ਭੇਜਿਆ :

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ *—ਮਾਝ ਮ: ੫, ੯੬-੧੫*

ਪ੍ਰਿਥੀ ਚੰਦ ਨੇ ਇਹ ਪੱਤਰ ਸਤਿਗੁਰੂ ਜੀ ਪਾਸ ਨਹੀਂ ਪੁਜਣ ਦਿਤਾ, ਕਾਫ਼ੀ ਅਰਸਾ ਠਹਿਰਨ ਤੋਂ ਬਾਅਦ ਸਾਹਿਬਜ਼ਾਦਾ (ਗੁਰੂ) ਅਰਜਨ ਦੇਵ ਜੀ ਨੇ ਦੂਸਰਾ ਸਨੇਹ-ਪੱਤਰ ਲਿਖਿਆ :

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥
ਚਿਰੁ ਹੋਆ ਦੇਖੇ ਸਾਰਿੰਗਪਾਣੀ॥ *—ਮਾਝ ਮ: ੫, ੯੬-੧੭*

ਪ੍ਰਿਥੀ ਚੰਦ ਨੇ ਇਹ ਦੂਸਰਾ ਪੱਤਰ ਭੀ ਸਤਿਗੁਰੂ ਜੀ ਪਾਸ ਨਹੀਂ ਪੁੱਜਣ ਦਿੱਤਾ, ਔਰ ਸਾਹਿਬਜ਼ਾਦਾ (ਗੁਰੂ) ਅਰਜਨ ਦੇਵ ਜੀ ਦੀ ਗ਼ੈਰ-ਹਾਜ਼ਰੀ ਦਾ ਲਾਭ ਉਠਾ ਕੇ ਉਨ੍ਹਾਂ ਦੇ ਵਿਰੁੱਧ ਸੰਗਤਾਂ ਨੂੰ ਭੀ ਕੁਰਾਹੇ ਪਾਉਂਦਾ ਰਿਹਾ, ਥੋੜ੍ਹਾ ਅਰਸਾ ਇੰਤਜ਼ਾਰ ਕਰਨ ਤੋਂ ਬਾਅਦ (ਗੁਰੂ) ਅਰਜਨ ਦੇਵ ਜੀ ਨੇ ਤੀਸਰਾ ਪੱਤਰ ਲਿਖਿਆ, ਜਿਸ ਦੀ ਇਬਾਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਤ ਹੈ :

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ *—ਮਾਝ ਮ: ੫, ੯੬-੧੯*

ਇਹ ਤੀਸਰਾ ਪੱਤਰ ਸਿੱਖਾਂ ਨੇ ਸਿੱਧਾ ਲੈ ਜਾ ਕੇ ਸਤਿਗੁਰੂ ਰਾਮਦਾਸ ਜੀ ਅਗੇ ਪੇਸ਼ ਕੀਤਾ ਜਿਥੋਂ ਕਪਟੀ ਪ੍ਰਿਥੀ ਚੰਦ ਦਾ ਭੇਦ ਖੁੱਲ੍ਹ ਗਿਆ। ਸਤਿਗੁਰੂ ਜੀ ਨੇ ਓਸੇ ਵੇਲੇ ਪ੍ਰਿਥੀ ਚੰਦ ਨੂੰ ਆਣ ਕੇ ਪੁੱਛਿਆ, ਪਹਿਲੀਆਂ ਦੋ ਚਿੱਠੀਆਂ

---

1 ਕੋਠੇ 'ਤੇ ਚੜ੍ਹ ਕੇ ਰਸਤਾ ਵੇਖਦੇ ਹਨ।

ਕਿੱਥੇ ਹਨ ? ਤਦ ਪ੍ਰਿਥੀ ਚੰਦ ਨੇ ਕ੍ਰੋਪ ਦਸ਼ਾ ਵਿਚ ਆਣ ਕੇ ਸਤਿਗੁਰੂ ਜੀ ਪ੍ਰਤੀ ਕਠੋਰ ਸ਼ਬਦਾਂ ਦੀ ਵਰਤੋਂ ਕੀਤੀ, *ਪੰਥ ਪ੍ਰਕਾਸ਼* ਨੇ ਐਸੇ ਦਰਜ ਕੀਤਾ ਹੈ :

ਦੋ ਉਂਗਲ ਭਰ ਕਾ, ਕਾਗਜ਼ ਵਰਕਾ, ਤੁਮਰੇ ਘਰ ਕਾ, ਹਮ ਲੈ ਹੈਂ॥
ਧਨ ਔਰ ਅਪਾਰੇ, ਹਾਥ ਹਮਾਰੇ, ਆਵਤ ਥਾਰੇ, ਢਿਗ ਦੈ ਹੈਂ॥
ਹਮ ਕਾਰ ਤੁਮਾਰੀ, ਨਿਸ ਦਿਨ ਭਾਰੀ, ਕਰਿ ਹੈਂ ਸਾਰੀ, ਜਗ ਹੇਰੈ॥
ਯਹਿ ਦਈ ਵਡਾਈ, ਆਖਰ ਆਈ, ਚੋਰੀ ਲਾਈ, ਸਿਰ ਮੇਰੈ॥੧੦੨॥

—ਪੰਥ ਪ੍ਰਕਾਸ਼, ਪੂ: ਬਿਸ: ੧੭, ਪੰਨਾ ੬੨੭

ਅੰਤਰਯਾਮੀ ਸਤਿਗੁਰੂ ਜੀ ਨੇ ਦੋ ਸਿੱਖ ਭੇਜ ਕੇ ਪ੍ਰਿਥੀ ਚੰਦ ਦੇ ਕੋਟ ਦੀ ਜੇਬ ਵਿਚੋਂ ਪਹਿਲੀਆਂ ਆਈਆਂ ਦੋ ਚਿੱਠੀਆਂ ਕਢਵਾ ਲਈਆਂ। ਪ੍ਰਿਥੀ ਚੰਦ ਦੁਰਬਚਨ ਬੋਲਦਾ ਹੋਇਆ ਦਰਬਾਰ ਵਿਚੋਂ ਬਾਹਰ ਚਲਾ ਗਿਆ।

ਸਤਿਗੁਰੂ ਜੀ ਨੇ ਸ਼ੀਘਰ ਹੀ ਬਾਬਾ ਬੁੱਢਾ ਜੀ ਨੂੰ ਬੁਲਾ ਕੇ ਹੁਕਮ ਕੀਤਾ, ਆਪ ਚਾਰ ਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਜਾਵੋ ਅੌਰ ਸਾਹਿਬਜ਼ਾਦਾ ਅਰਜਨ ਦੇਵ ਜੀ ਨੂੰ ਵਾਪਸ ਲੈ ਆਵੋ। ਹੁਕਮ ਦੀ ਪਾਲਣਾ ਕਰਦੇ ਹੋਏ ਬਾਬਾ ਬੁੱਢਾ ਜੀ ਨੇ ਭਾਈ ਗੁਰੀਆ, ਭਾਈ ਬਾਲੂ ਅਤੇ ਦੋ ਸਿੱਖ ਹੋਰ ਨਾਲ ਲੈ ਕੇ ਲਾਹੌਰ ਵਲ ਚਾਲੇ ਪਾ ਦਿੱਤੇ। ਪੰਜੇ ਸਿੱਖ ਦੂਸਰੇ ਦਿਨ ਲਾਹੌਰ ਪਹੁੰਚ ਗਏ। ਅਗਲੇ ਦਿਨ ਸਾਹਿਬਜ਼ਾਦਾ ਅਰਜਨ ਦੇਵ ਜੀ ਨੂੰ ਨਾਲ ਲੈ ਕੇ ਕੁਝ ਹੋਰ ਲਾਹੌਰੀ ਸਿੱਖਾਂ ਦੇ ਸਮੇਤ ਤੁਰ ਪਏ ਅੌਰ ਅੰਮ੍ਰਿਤਸਰ ਸਾਹਿਬ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਣ ਹਾਜ਼ਰ ਹੋਏ।

ਆਉਣ ਦੀ ਖ਼ੁਸ਼ੀ ਵਿਚ (ਗੁਰੂ) ਅਰਜਨ ਦੇਵ ਜੀ ਨੇ ਸਨੇਹ ਭਰੀਆਂ ਚਿੱਠੀਆਂ ਦੀ ਲੜੀ ਨੂੰ ਪੂਰਾ ਕਰਨ ਲਈ ਚੌਥਾ ਪਦ ਲਿਖ ਕੇ ਸਤਿਗੁਰੂ ਜੀ ਦੀ ਭੇਟਾ ਕੀਤਾ :

ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥ *—ਮਾਝ ਮ: ੫, ੯੭-੨*

ਗੁਰ-ਗੱਦੀ

ਗੁਰ-ਗੱਦੀ ਦੀ ਵਾਰਤਾ ਆਰੰਭ ਕਰਨ ਤੋਂ ਪਹਿਲਾਂ ਇਹ ਨਿਰਣੈ ਕਰਨਾ ਬਹੁਤ ਹੀ ਲਾਜ਼ਮੀ ਹੋਵੇਗਾ ਕਿ 'ਗੁਰ-ਗੱਦੀ' ਵਾਸਤਵ ਵਿਚ ਕੀ ਵਸਤੂ ਹੈ ? ਇਸ ਵਿਸ਼ੇ ਦਾ ਉੱਤਰ ਇਤਨਾ ਆਸਾਨ ਨਹੀਂ ਹੈ ਜਿਤਨਾ ਕਿ ਅਸੀਂ ਸਮਝੀ ਬੈਠੇ ਹਾਂ। ਜਿਸ ਢੰਗ ਰਾਹੀਂ ਸਿੱਖੀ ਜਗਤ ਵਿਚ 'ਗੁਰ-ਗੱਦੀ' ਦੀ ਪ੍ਰਥਾ ਨੂੰ ਪ੍ਰਚਾਰਿਆ ਗਿਆ ਹੈ, ਇਸ ਵਿਚ ਕੁਝ ਮੁਗਾਲਤੇ ਪਾਏ ਜਾਂਦੇ ਹਨ। ਆਪ ਜੀ ਭਲੀ ਭਾਂਤਿ ਪਿੱਛੇ ਪਰਕਰਣ ਪਹਿਲੇ ਵਿਚ 'ਸਤਿਗੁਰੂ' ਕੀ ਵਸਤੂ ਹੈ, ਪੜ੍ਹ ਆਏ ਹੋ। ਜੋ ਅਵਸਥਾ (ਪਦਵੀ) ਸਿੱਖੀ ਸੋਚ ਮੰਡਲ ਵਿਚ ਸਤਿਗੁਰੂ ਜੀ ਦੀ ਹੈ, ਬਿਲਕੁਲ ਇਸੇ ਪ੍ਰਕਾਰ ਅਸਾਨੂੰ ਮੰਨਣਾ ਪਵੇਗਾ ਕਿ ਗੁਰ-ਗੱਦੀ ਦਾ ਦਰਜਾ ਭੀ ਸਿੱਖੀ ਜਗਤ ਵਿਚ ਉਹੀ ਹੈ, ਜੋ ਅਸਥਾਨ ਸਤਿਗੁਰੂ ਜੀ ਵਾਸਤੇ ਮਖ਼ਸੂਸ ਹੈ।

ਗੁਰੂ, ਰੱਬੀ ਹੁਕਮ ਵਿਚ ਅਲੋਪ ਹੋ ਰਹੀ ਇਲਾਹੀ ਰਹਿਮਤ, ਨੂਰਾਨੀ ਬਖ਼ਸ਼ਿਸ਼ ਦੀ ਇਕ-ਸੁਰਤਾ ਦਾ ਭੰਡਾਰਾ ਹੈ, ਬਸ ਜਿਸ ਅਸਥਾਨ ਤੋਂ ਜਿਸ ਨੂਰਾਨੀ ਤਖ਼ਤ ਤੋਂ ਰੱਬੀ ਰਹਿਮਤਾਂ, ਨੂਰਾਨੀ ਬਖ਼ਸ਼ਿਸ਼ਾਂ ਦੇ ਭੰਡਾਰੇ ਸਦੀਵ ਕਾਲ ਲਈ ਬ੍ਰਹਮੰਡ ਦੀ ਬੇਹਤਰੀ ਵਾਸਤੇ ਵੰਡੇ ਜਾਂਦੇ ਹਨ, ਉਸ ਇਲਾਹੀ ਤਖ਼ਤ ਦਾ ਨਾਮ 'ਗੁਰ-ਗੱਦੀ' ਹੈ।

ਜੇ ਪ੍ਰਿਥੀ ਚੰਦ ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਆਗਿਆ ਦਾ ਪਾਲਣ ਕਰਦਾ, ਲਾਹੌਰ ਵਿਆਹ ਦੇ ਸਮਾਗਮ 'ਤੇ ਚਲਾ ਜਾਂਦਾ, ਅਥਵਾ ਸਤਿਗੁਰੂ ਜੀ ਦੀ ਸੇਵਾ ਵਿਚ ਨਿਹਕਾਮੀ ਹੋ ਕੇ ਸੇਵਾ-ਭਾਵ ਦੇ ਰਾਹੀਂ ਗੁਰੂ ਘਰ ਦਾ ਕਾਰੋਬਾਰ ਨਿਭਾਂਦਾ ਰਹਿੰਦਾ, ਕੀ ਉਸ ਨੂੰ 'ਗੁਰ-ਗੱਦੀ' ਦੀ ਮਹਾਨ ਪਦਵੀ ਸੌਂਪੀ ਜਾ ਸਕਦੀ ਸੀ ? ਨਹੀਂ, ਕਦੇ ਭੀ ਨਹੀਂ; ਹਾਂ ਉਹ ਇਕ ਅੱਛਾ ਆਗਿਆਕਾਰ ਸਪੁੱਤਰ ਜ਼ਰੂਰ ਹੋ ਸਕਦਾ ਸੀ, ਨਿਹਕਾਮੀ ਸੇਵਾਦਾਰ ਹੋ ਸਕਦਾ ਸੀ, ਪਰ 'ਗੁਰ-ਗੱਦੀ' ਦਾ ਵਾਰਸ ਨਹੀਂ ਬਣ ਸਕਦਾ ਸੀ, ਕਿਉਂਕਿ 'ਗੁਰ-ਗੱਦੀ'

ਨਿਹਕਾਮੀ ਸੇਵਾਦਾਰ ਜਾਂ ਆਗਿਆਕਾਰ ਸਪੁੱਤਰ ਦਾ ਵਿਰਸਾ ਨਹੀਂ ਹੈ। ਆਗਿਆਕਾਰ ਸਪੁੱਤਰ ਅਤੇ ਨਿਹਕਾਮੀ ਸੇਵਕਾਂ 'ਤੇ ਗੁਰੂ ਮਿਹਰ ਕਰ ਸਕਦਾ ਹੈ, ਪਰ ਗੁਰ-ਗੱਦੀ ਨਹੀਂ ਬਖ਼ਸ਼ ਸਕਦਾ, ਕਿਉਂਕਿ ਗੁਰ-ਗੱਦੀ ਨਿਰੋਲ ਅਤੇ ਨਿਰ-ਸੰਦੇਹ ਇਲਾਹੀ ਵਿਰਸਾ ਹੈ। ਉਕਤ ਲਿਖਤ ਦੀ ਪ੍ਰੋੜ੍ਹਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਿਮਨ-ਲਿਖਤ ਦੇ ਅਨੁਸਾਰ ਸਾਦਰ ਫ਼ੁਰਮਾ ਰਹੇ ਹਨ:

ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ
ਧੁਰਹੁ ਹੁਕਮੁ ਬੁਝਿ ਨੀਸਾਣੁ ॥
ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ
ਲਾਹਿਓਨੁ ਸਭਨਾ ਕਾ ਅਭਿਮਾਨੁ ॥

—ਬਿਲਾਵਲ ਵਾਰ, ਮ: ੪, ੮੫੩-੧੭

ਹੇ ਭਾਈ! ਜੋ ਬਜ਼ੁਰਗੀ (ਗੁਰੂ ਅਮਰਦਾਸ ਜੀ ਨੂੰ ਗੁਰ-ਗੱਦੀ ਮਿਲਨੇ ਕਰਕੇ) ਹੋਈ ਹੈ, ਇਹ ਪੈਗੰਬਰੀ ਵਡਿਆਈ ਗੁਰੂ ਅੰਗਦ ਦੇਵ ਜੀ ਨੇ ਪਰਮਾਤਮਾ ਦੀ ਹਜ਼ੂਰੀ ਤੋਂ ਮਿਲਿਆ ਹੁਕਮ ਸਮਝ ਕੇ, ਮਨਜ਼ੂਰੀ ਦਾ ਪਰਵਾਨਾ ਸਮਝ ਕੇ (ਗੁਰੂ ਅਮਰਦਾਸ ਜੀ ਨੂੰ) ਦਿੱਤੀ। ਪੁੱਤਰਾਂ ਨੇ, ਭਤੀਜਿਆਂ ਨੇ, ਜਵਾਈਆਂ ਨੇ, ਹੋਰ ਸਕੇ-ਸੰਬੰਧੀਆਂ ਨੇ (ਗੁਰ-ਗੱਦੀ ਦੀ ਪਰਾਪਤੀ ਲਈ) ਆਪਣਾ ਆਪਣਾ ਟਿੱਲ ਲਾ ਕੇ ਵੇਖ ਲਿਆ, ਪਰ ਸਤਿਗੁਰੂ ਜੀ ਨੇ (ਦਰਗਾਹੀ ਪਰਵਾਨੇ ਦੇ ਅਧੀਨ) ਸਾਰਿਆਂ ਦਾ ਅਹੰਕਾਰੀ ਵਤੀਰਾ ਭੰਗ ਕਰ ਦਿੱਤਾ। ਭਾਵ ਕਿਸੇ ਨੂੰ ਭੀ ਗੁਰ-ਗੱਦੀ ਨਹੀਂ ਸੰਭਾਲੀ। ਕੇਵਲ ਉਸੇ ਮਹਾਨ ਹਸਤੀ ਨੂੰ ਗੁਰ-ਗੱਦੀ ਦੀ ਦਾਤ ਬਖ਼ਸ਼ੀ, ਜਿਸ ਵਾਸਤੇ ਧੁਰਹੁ ਹੁਕਮੀ ਪਰਵਾਨਾ (ਰੱਬੀ ਮਨਜ਼ੂਰੀ) ਦਾ ਹੁਕਮਨਾਮਾ ਆਇਆ ਸੀ।

ਆਪ ਜੀ ਦੀ ਗਿਆਤ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਹੋਰ ਉਦਾਹਰਣ ਪੇਸ਼ ਕਰਨ ਦੀ ਆਗਿਆ ਚਾਹਾਂਗੇ। ਸਤਿਗੁਰੂ ਅਮਰਦਾਸ ਸਾਹਿਬ ਜੀ ਰਾਗ ਗੂਜਰੀ ਵਿਚ ਹਜ਼ੂਰ ਦੂਸਰੇ ਨਾਨਕ ਜੀ ਨੂੰ ਗੁਰ-ਗੱਦੀ ਪ੍ਰਾਪਤ ਹੋਣ ਦਾ ਨਿਰਣੈ ਨਿਰੂਪਣ ਕਰ ਰਹੇ ਹਨ। ਫ਼ੁਰਮਾਂਦੇ ਹਨ:

ਨਾਨਕ ਗੁਰ ਤੇ ਗੁਰੁ ਹੋਇਆ, ਵੇਖਹੁ ਤਿਸ ਕੀ ਰਜਾਇ ॥
ਇਹੁ ਕਾਰਣੁ ਕਰਤਾ ਕਰੇ, ਜੋਤੀ ਜੋਤਿ ਸਮਾਇ ॥੪॥੩॥੫॥

—ਗੂਜਰੀ ਮ: ੩, ਪੰਨਾ ੪੯੦-੧੯

ਸਤਿਗੁਰੂ ਜੀ ਫ਼ੁਰਮਾਂਦੇ ਹਨ ਕਿ ਹੇ ਭਾਈ! ਉਸ (ਵਾਹਿਗੁਰੂ ਦੀ) ਰਜ਼ਾਮੰਦੀ ਵੇਖੋ ਕਿ ਉਸ ਨੇ (ਨਾਨਕ ਗੁਰੂ ਤੋਂ ਗੁਰੂ ਅੰਗਦ ਜੀ ਨੂੰ) ਹੋਂਦ ਵਿਚ ਲੈ ਆਂਦਾ (ਭਾਵ ਗੁਰੂ ਬਣਾ ਦਿੱਤਾ)। ਪਹਿਲੇ ਗੁਰੂ ਦੀ ਜੋਤਿ ਵਿਚ ਦੂਸਰੇ ਗੁਰੂ ਦੀ

ਜੋਤਿ ਨੂੰ ਸਮੋ ਦੇਣਾ ਇਹ ਵਿਧੀ ਉਹ ਸਿਰਜਣਹਾਰ ਆਪ ਹੀ ਬਣਾਂਦਾ ਹੈ।

ਉਕਤ ਉਦਾਹਰਣ ਦੀ ਲੋਅ ਵਿਚ ਇਹ ਨਿਰਣੈ ਹੋਇਆ ਕਿ ਗੁਰੂ ਜੋਤਿ ਦਾ ਦੂਸਰੇ ਸਤਿਗੁਰੂ ਵਿਚ ਲੀਨ ਹੋਣਾ ਨਿਰੋਲ ਦਰਗਾਹੀ ਹੁਕਮ ਵਿਚ ਹੈ, ਇਲਾਹੀ ਪਰਵਾਨਗੀ ਹੈ, ਰੱਬੀ ਰਜ਼ਾ ਵਿਚ ਹੈ। ਇਹ ਵਿਰਸਾ ਕਿਸੇ ਸੇਵਕ ਦੀ ਸੇਵਾ ਜਾਂ ਕਿਸੇ ਪੁੱਤਰ ਅਥਵਾ ਰਿਸ਼ਤੇਦਾਰ ਦੀ ਆਗਿਆ-ਕਾਰੀ ਦਾ ਵਿਰਸਾ ਨਹੀਂ ਹੈ। ਜਾਂ ਬੀਬੀ ਭਾਨੀ ਜੀ ਵਾਂਗੂੰ ਗੁਰ-ਗੱਦੀ, ਵਰ-ਪ੍ਰਾਪਤੀ ਦਾ ਹਾਸਲ ਨਹੀਂ ਹੈ।

ਆਪ ਜੀ ਦੀ ਹੋਰ ਵਧੇਰੇ ਜਾਣਕਾਰੀ ਵਾਸਤੇ ਪਾਵਨ ਆਦਿ ਬੀੜ ਵਿਚੋਂ ਇਕ ਹੋਰ ਸ਼ਹਾਦਤ ਦੇਣ ਦੀ ਆਗਿਆ ਮੰਗਦੇ ਹਾਂ, ਜੋ ਉਕਤ ਖ਼ਿਆਲਾਂ ਦੀ ਪ੍ਰੋੜ੍ਹਤਾ ਕਰਦੀ ਹੈ। ਭੱਟ ਕੱਲ੍ਹਸਹਾਰ ਜੀ ਅੰਕਤ ਕਰਦੇ ਹਨ ਕਿ ਗੁਰ-ਗੱਦੀ ਦੀ ਆਭਾ ਕੋਈ ਸੰਸਾਰੀ ਲੈਣ-ਦੇਣ ਨਹੀਂ ਹੈ, ਬਲਕਿ ਇਹ ਤੇ ਆਦਿ ਪੁਰਖ ਦਾ ਇਲਾਹੀ ਫ਼ੁਰਮਾਨ ਹੈ:

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ, ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ ॥੭॥

—ਸਵਈਏ ਮ: ਪਹਿਲੇ ਕੇ, ਪੰਨਾ ੧੩੯੦-੯

ਹੇ ਗੁਰੂ ਨਾਨਕ! ਕਲਜੁਗ ਵਿਚ ਭੀ ਤੂੰ ਹੀ ਵਾਹਿਗੁਰੂ ਦੀ ਦਰਗਾਹ ਵਿਚੋਂ ਕਬੂਲ ਹੋ ਕੇ ਆਇਆ ਹੈਂ। ਹੇ ਭਾਈ! ਇਹ ਤੇ ਅਕਾਲ ਪੁਰਖ ਨੇ ਹੀ ਹੁਕਮ ਦੇ ਰੱਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਜ ਸਦਾ ਹੀ ਕਾਇਮ ਦਾਇਮ ਰਹੇਗਾ।੭।

ਉਕਤ ਲਿਖੇ ਭੱਟਾਂ ਦੇ ਪ੍ਰਮਾਣ ਤੋਂ ਭੀ ਇਹੀ ਸਿੱਧ ਹੁੰਦਾ ਹੈ ਕਿ ਗੁਰ-ਗੱਦੀ ਇਲਾਹੀ ਦਾਤਿ ਅਤੇ ਅਗੰਮੀ ਜੋਤਿ ਹੈ, ਜੋ ਨਿਰਸੰਦੇਹ ਕੇਵਲ ਰੱਬੀ ਹੁਕਮ ਦੁਆਰਾ ਹੀ ਵਜੂਦ ਵਿਚ ਆਉਂਦੀ ਹੈ। ਇਹ ਇਲਾਹੀ ਦਾਤਿ ਕਿਸੇ ਸੇਵਕ ਜਾਂ ਪਰਵਾਰਿਕ ਵਿਅਕਤੀ ਦਾ ਅਧਿਕਾਰ ਨਹੀਂ ਹੈ।

ਸਿੱਖ ਜਗਤ ਵਿਚ ਗੁਰ-ਗੱਦੀ ਦੀ ਪ੍ਰਾਪਤੀ ਵਾਸਤੇ ਆਮ ਮੁਗ਼ਾਲਤੇ ਪਾਏ ਜਾਂਦੇ ਹਨ। ਗੁਰੂ ਘਰਾਂ ਦੀਆਂ ਸਟੇਜਾਂ ਤੋਂ ਆਮ ਵਿਆਖਿਆਕਾਰ ਇਹ ਕਹਿੰਦੇ ਸੁਣੇ ਗਏ ਹਨ, ਅਥਵਾ ਆਮ ਲਿਖਾਰੀਆਂ ਦੀਆਂ ਲਿਖਤਾਂ ਵਿਚ ਐਸੇ ਲਿਖਿਆ ਮਿਲਦਾ ਹੈ ਕਿ ਲਹਿਣਾ ਜੀ ਨੂੰ ਗੁਰ-ਗੱਦੀ ਦੀ ਦਾਤਿ ਤਦ ਪ੍ਰਾਪਤ ਹੋਈ ਜਦੋਂ ਕਿ ਉਨ੍ਹਾਂ ਨੇ ਦੋਹਾਂ ਗੁਰ-ਪੁੱਤਰਾਂ ਦੇ ਮੁਕਾਬਲੇ ਵਿਚ ਅਦੁੱਤੀ ਸੇਵਾ ਕੀਤੀ ਅਤੇ ਰਜ਼ਾ ਵਿਚ ਰਹਿ ਕੇ ਆਗਿਆ ਦਾ ਪਾਲਣ ਕੀਤਾ।

ਤੀਸਰੇ ਸਤਿਗੁਰੂ ਜੀ ਨੇ 'ਸੇਵਾ ਕਰਤ ਹੋਇ ਨਿਹਕਾਮੀ' ਦੀ ਹਾਲਤ ਵਿਚ

ਜੀਵਨ ਬਤੀਤ ਕਰਦੇ ਹੋਏ ਬਾਰਾਂ ਸਾਲ ਕਠਨ ਘਾਲਣਾ ਘਾਲੀ, ਜਦੋਂ ਕਿ ਬਾਬਾ ਦਾਤੂ ਔਰ ਦਾਸੂ ਜੀ ਗੁਰ-ਹੁਕਮ ਮੰਨਣ ਵਿਚ ਅਸਫਲ ਰਹੇ।

ਭਾਈ ਜੇਠਾ ਜੀ (ਗੁਰੂ ਰਾਮਦਾਸ ਸਾਹਿਬ) ਨੂੰ ਗੁਰ-ਗੱਦੀ ਉਸ ਵੇਲੇ ਪ੍ਰਾਪਤ ਹੋਈ ਜਦੋਂ ਬੀਬੀ ਭਾਨੀ ਜੀ ਨੇ ਪਿਤਾ ਸਤਿਗੁਰੂ ਜੀ ਨੂੰ ਇਸ਼ਨਾਨ ਕਰਾਵਨ ਵੇਲੇ ਆਪਣਾ ਪੈਰ ਟੁੱਟੀ ਫੱਟੀ ਥੱਲੇ ਰੱਖ ਦਿੱਤਾ। ਪਿਤਾ ਸਤਿਗੁਰੂ ਜੀ ਨੇ ਪੁੱਤਰੀ ਦੀ ਘਾਲਣਾ 'ਤੇ ਤਰੁੱਠ ਕੇ ਆਖਿਆ, "ਹੇ ਪੁੱਤਰੀ! ਕੁਝ ਮੰਗ।" ਤਦ ਗੁਰ-ਪੁੱਤਰੀ ਨੇ ਸੋਢੀ ਵੰਸ ਵਾਸਤੇ ਗੁਰ-ਗੱਦੀ ਮੰਗ ਲਈ। ਜੇਕਰ ਗੁਰ-ਗੱਦੀ ਦੀ ਦਾਤਿ ਪਟੜੇ ਥੱਲੇ ਪੈਰ ਰੱਖਿਆਂ ਵਰ ਪ੍ਰਾਪਤੀ ਦਾ ਵਿਰਸਾ ਹੈ, ਤਦ ਗੁਰ-ਗੱਦੀ ਦਾ ਪੈਗੰਬਰੀ ਰਹੱਸ ਅਤੇ ਇਸ ਦੀ ਇਲਾਹੀ ਪਦਵੀ ਦਾ ਟਿਕਾਣਾ ਕਿੱਥੇ ਖਲੋਤਾ ਹੋਵੇਗਾ?

ਭੱਟ ਹਰਬੰਸ ਗੁਰ-ਗੱਦੀ ਦੀ ਪ੍ਰਾਪਤੀ ਪ੍ਰਥਾਇ ਸਵਈਏ ਮਹਲੇ ਪੰਜਵੇਂ ਵਿਚ ਨਿਮਨ-ਲਿਖਤ ਦੇ ਅਨੁਸਾਰ ਨਿਰਣੈ ਕਰਦਾ ਹੈ:

ਅਜੈ ਚਵਰੁ ਸਿਰਿ ਢੁਲੈ, ਨਾਮੁ ਅੰਮ੍ਰਿਤੁ ਮੁਖਿ ਲੀਅਉ ॥
ਗੁਰ ਅਰਜੁਨ ਸਿਰਿ ਛਤ੍ਰੁ, ਆਪਿ ਪਰਮੇਸਰਿ ਦੀਅਉ ॥

—ਸਵਈਏ ਮ: ਪੰਜਵੇ ਕੇ, ਪੰਨਾ ੧੪੦੯-੧੩

ਹੇ ਭਾਈ! ਗੁਰੂ ਅਰਜਨ ਦੇਵ ਦੇ ਸਿਰ 'ਤੇ ਇਲਾਹੀ ਚਉਰ ਝੁਲ ਰਿਹਾ ਹੈ, ਆਪ ਨੇ ਸਦੀਵੀ ਜੀਵਨ ਦੇਣ ਵਾਲਾ ਨਾਮ ਮੂੰਹੋਂ (ਹਮੇਸ਼ਾ ਹੀ) ਉਚਾਰਿਆ ਹੈ। ਗੁਰੂ ਅਰਜਨ ਦੇਵ ਜੀ ਦੇ ਸਿਰ 'ਤੇ ਐਸਾ ਛੱਤਰ ਪਰਮੇਸ਼ਰ ਨੇ ਆਪ ਬਖ਼ਸ਼ਿਆ ਹੈ। ਭਾਵ, ਗੁਰ-ਗੱਦੀ ਪਰਮੇਸ਼ਰ ਨੇ ਆਪ ਬਖ਼ਸ਼ੀ ਹੈ।

ਉਕਤ ਦਰਸਾਈਆਂ ਮਿਸਾਲਾਂ ਤੋਂ ਇਹ ਸਿੱਧ ਹੋਇ ਆਂਵਦਾ ਹੈ ਕਿ ਗੁਰ-ਗੱਦੀ ਬਿਲਾ-ਸ਼ੁਬਾ ਰੱਬੀ ਦਾਤਿ ਹੈ, ਔਰ ਇਹ ਰੱਬੀ, ਪੈਗੰਬਰੀ ਕੇਵਲ ਪਰਮਾਤਮਾ ਦੇ ਹੁਕਮ ਦੁਆਰਾ ਹੀ ਰੱਬੀ ਰਹਿਮਤ ਵਜੋਂ ਪ੍ਰਾਪਤ ਹੁੰਦੀ ਹੈ, ਔਰ ਇਸ ਇਲਾਹੀ ਸਿੰਘਾਸਣ 'ਤੇ ਬਿਰਾਜਮਾਨ ਹੋ ਕੇ ਗੁਰੂ ਰੱਬੀ ਬਖ਼ਸ਼ਸ਼ਾਂ ਦਾ ਭੰਡਾਰਾ ਦੁਨਿਆਵੀ ਜੀਵਾਂ ਦੇ ਨਿਸਤਾਰੇ ਲਈ ਵਰਤਦਾ ਹੈ।

ਇਕ ਗੁਰੂ ਵਿਅਕਤੀ ਤੋਂ ਦੂਸਰੇ ਗੁਰੂ ਤਕ ਮਿਆਰ-ਬੰਦੀ ਦਾ ਪੱਧਰ ਉਹ ਨਹੀਂ ਹੈ ਜੋ ਇਕ ਵਿਅਕਤੀ ਨੂੰ ਕੋਈ ਚੰਗਾ ਰੁਤਬਾ ਦੇਣ ਲਈ ਨਾਪਿਆ ਜਾਂਦਾ ਹੈ, ਗੁਰ-ਗੱਦੀ ਚਰਿੱਤਰ ਦੀਆਂ ਕੁਝ ਖ਼ਾਸ ਸਿਫ਼ਤਾਂ ਦੀ ਮਦਦ ਨਾਲ ਨਸੀਬ ਨਹੀਂ ਹੁੰਦੀ, ਭਾਵੇਂ ਉੱਚਾ ਚਰਿੱਤਰ ਜ਼ਿੰਦਗੀ ਦੇ ਸਿਦਕ ਨੂੰ ਬਲਵਾਨ ਜ਼ਰੂਰ ਕਰਦਾ ਹੈ, ਪਰ ਇਸ ਦੀ ਬੁਲੰਦੀ ਗੁਰ-ਗੱਦੀ ਦੀ ਆਭਾ ਤੋਂ ਬਹੁਤ ਉਰੇਰੇ ਦੀ ਵਸਤੂ ਹੈ। ਮਿੱਠਾ ਸੁਭਾਅ, ਸੇਵਾ ਅਤੇ ਸ਼ਰਧਾ ਦੀ ਬਹੁਤਾਤ,

ਗੁਰ-ਗੱਦੀ ਦੇ ਉਮੀਦਵਾਰਾਂ ਦਾ ਕੁਝ ਗ਼ਲਤੀਆਂ ਦੇ ਕਾਰਣ ਗੁਰੂ ਦੀ ਨਜ਼ਰ ਤੋਂ ਲਾਂਭੇ ਹਟ ਜਾਣਾ, ਸਿੱਟੇ ਵਜੋਂ ਗੁਰੂ ਦੀ ਮਿਹਰ ਕਿਸੇ ਖ਼ਾਸ ਵਿਅਕਤੀ 'ਤੇ ਹੋਣੀ, ਆਮ ਤੌਰ ਉੱਤੇ ਅਜਿਹੇ ਮਿਆਰ ਨੂੰ ਅਥਵਾ ਐਸੇ ਹਾਲਾਤ ਨੂੰ ਹੀ ਗੁਰ-ਗੱਦੀ ਦਾ ਪਾਰਖੂ ਤੋਲ ਮਿਥ ਲਿਆ ਜਾਂਦਾ ਹੈ। ਪਰ ਖ਼ਿਆਲ ਰਹੇ, ਗੁਰ-ਗੱਦੀ ਇਨਸਾਨੀ ਚਰਿੱਤਰ ਦੀਆਂ ਸਿਫਤਾਂ ਦਾ ਮੁਕਾਬਲਾ ਨਹੀਂ ਹੈ, ਮੁਕਾਬਲਾ ਦੁਨਿਆਵੀ ਤੋਲ ਦੀ ਨਿਸ਼ਾਨੀ ਹੈ। ਗੁਰ-ਗੱਦੀ ਪ੍ਰਾਪਤੀ ਲਈ ਜੇਕਰ ਪ੍ਰਤਿਯੋਗਤਾ ਦੀਆਂ ਸ਼ਰਤਾਂ ਮੰਨ ਲਈਆਂ ਜਾਣ, ਤਦ ਗੁਰ-ਗੱਦੀ ਪ੍ਰਸੰਗ ਦਾ ਅੰਤਰੀਵੀ ਤੱਤ ਯਕੀਨਨ ਹੀ ਘਟੀਆ ਦਰਜੇ ਦਾ ਸਾਖੀ ਬਣ ਕੇ ਰਹਿ ਜਾਵੇਗਾ।

ਜੇਕਰ ਸਤਿਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਗੁਰੂ ਜੀ ਦੇ ਸਾਰੇ ਬਚਨ ਮੰਨ ਲੈਂਦੇ, ਤਦ ਉਹ ਅੱਛੇ ਪੁੱਤਰ ਬਣ ਸਕਦੇ ਸਨ, ਔਰ ਗੁਰੂ-ਲਿਵ ਦੇ ਹੋਰ ਨੇੜੇ ਹੋ ਜਾਂਦੇ, ਪਰ ਗੁਰ-ਗੱਦੀ ਦੇ ਵਾਰਸ ਨਹੀਂ ਬਣ ਸਕਦੇ ਸਨ। ਗੁਰੂ, ਲਹਿਣਾ ਜੀ ਨੇ ਹੀ ਬਣਨਾ ਸੀ। ਅਗਰ ਦਾਤੂ ਦਾਸੂ ਗੁਰੂ ਬਚਨਾਂ ਦੀ ਪਾਲਣਾ ਕਰਦੇ, ਉਹ ਚੰਗੇ ਸਪੁੱਤਰ ਬਣ ਸਕਦੇ ਸਨ, ਪਰ ਗੁਰ-ਗੱਦੀ ਦੇ ਪਾਤਰ ਨਹੀਂ ਬਣ ਸਕਦੇ ਸਨ। ਬਿਲਕੁਲ ਇਸੇ ਪ੍ਰਕਾਰ ਜੇਕਰ ਪ੍ਰਿਥੀ ਚੰਦ ਜੀ ਆਪਣੇ ਪਿਤਾ ਗੁਰੂ ਰਾਮਦਾਸ ਜੀ ਪ੍ਰਤੀ ਸੱਚੀ ਸ਼ਰਧਾ ਰੱਖਦੇ, ਤਦ ਉਨ੍ਹਾਂ ਦੇ ਨਸੀਬਾਂ ਵਿਚ ਗੁਰੂ-ਲਿਵ ਦਾ ਜਲਵਾ ਆ ਸਕਦਾ ਸੀ, ਗੁਰੂ ਦੀ ਪਿਆਰੀ ਪਿਆਰੀ ਸੰਗਤ ਦਾ ਪ੍ਰਭਾਵ ਉਮੰਡ ਸਕਦਾ ਸੀ, ਪਰ ਗੁਰ-ਗੱਦੀ ਦਾ ਨਿਰੰਜਨੀ ਛੱਤਰ ਸਤਿਗੁਰੂ ਅਰਜਨ ਦੇਵ ਜੀ ਦੇ ਪੈਗੰਬਰੀ ਸੀਸ ਉਤੇ ਹੀ ਝੁੱਲਣਾ ਸੀ।

ਅਗਰ ਰਾਮ ਰਾਇ ਬਾਬਰੀ ਜਲਾਲ ਦੀ ਝੂਠੀ ਸ਼ਾਨ ਉਤੇ ਮੋਹਤ ਹੋ ਕੇ ਗੁਰੂ ਨਾਨਕ ਦੇ ਘਰ ਦਾ ਅਪਮਾਨ ਨਾ ਭੀ ਕਰਦਾ, ਉਹ ਇਕ ਹਿਤੈਸ਼ੀ ਪੁੱਤਰ ਹੋ ਸਕਦਾ ਸੀ, ਪਰ ਗੁਰ-ਗੱਦੀ ਦੀ ਦਾਤਿ ਗੁਰੂ ਹਰਿ ਕ੍ਰਿਸ਼ਨ ਜੀ ਤੋਂ ਇਲਾਵਾ ਹੋਰ ਕਿਸੇ ਵਿਅਕਤੀ ਉਤੇ ਨਾਜ਼ਲ ਨਹੀਂ ਹੋਣੀ ਸੀ। ਇਸ ਦਾ ਭਾਵ ਇਹ ਹੈ ਕਿ ਗੁਰੂ ਇਕੋ ਹੀ ਹੈ, ਪਿੱਛੇ ਭੀ ਇਕ ਸੀ ਅਤੇ ਅੱਗੇ ਵਾਸਤੇ ਭੀ ਇਕ ਹੋਵੇਗਾ। ਗੁਰੂ ਦੀ ਇਕਾਈ ਨੂੰ ਇਕ ਤੋਂ ਬਿਨਾਂ ਸੋਚਿਆ ਭੀ ਨਹੀਂ ਜਾ ਸਕਦਾ, ਗੁਰ-ਗੱਦੀ ਪ੍ਰਾਪਤੀ ਵੇਲੇ ਨਵੇਂ ਗੁਰੂ ਵਿਚ ਪ੍ਰਗਟ ਹੋਏ ਇਲਹਾਮੀ ਲੱਛਣ ਨਾ ਤਾਂ ਕਿਸੇ ਮੁਕਾਬਲੇ ਵਿਚੋਂ ਪ੍ਰਗਟ ਹੁੰਦੇ ਹਨ ਅਤੇ ਨਾ ਹੀ ਉਨ੍ਹਾਂ ਲੱਛਣਾਂ ਦਾ ਮੁਕਾਬਲਾ ਕਿਸੇ ਵਿਅਕਤੀ ਨਾਲ ਕੀਤਾ ਜਾ ਸਕਦਾ ਹੈ। ਇਨ੍ਹਾਂ ਇਲਹਾਮੀ ਲੱਛਣਾਂ ਨੂੰ ਗੁਰੂ-ਲਿਵ ਦੀਆਂ ਪਾਵਨ ਨਿਸ਼ਾਨੀਆਂ ਕਹਿਣਾ ਹੀ ਵਧੇਰੇ ਉਚਿਤ ਹੋਵੇਗਾ। ਪਰ ਇਨ੍ਹਾਂ ਨੂੰ ਪੂਰਨ ਪ੍ਰਤਿਨਿਧਤਾ ਦੇਣੀ ਇਨਸਾਨੀ ਉਕਤੀ ਜੁਗਤੀ ਦਾ ਵਿਰਸਾ ਨਹੀਂ ਹੈ। ਗੁਰਮੁਖ ਗੁਰੂ ਪਦਵੀ ਨੂੰ ਗ੍ਰਹਿਣ ਕਰਨ ਤੋਂ

ਪਹਿਲਾਂ ਆਪਣੀ ਇਲਹਾਮੀ ਜੋਤਿ ਦੇ ਲਤੀਫ਼ ਜਲਵਿਆਂ ਦੀ ਸੁੰਦਰਤਾ ਨੂੰ ਪੂਰੀ ਤਰ੍ਹਾਂ ਗ੍ਰਹਿਣ ਕਰ ਚੁੱਕਾ ਹੁੰਦਾ ਹੈ ਅਤੇ ਉਸ ਦੀ ਸੰਸਾਰੀ ਜੀਵਨੀ ਦਾ ਜਿਸਮਾਨੀ ਪੱਖ ਦੁਨਿਆਵੀ ਜੀਵਾਂ ਲਈ ਇਕ ਪਾਵਨ ਸੇਧ ਬਣਦਾ ਸੀ। ਸੰਸਾਰੀ ਜੀਵਨੀ ਦਾ ਰੂਹਾਨੀ ਪੱਖ ਇਸ ਦੇ ਸਰੀਰਕ ਪੱਖ ਵਿਚ ਪ੍ਰਵੇਸ਼ ਹੋ ਕੇ ਸੰਸਾਰੀ ਜੀਵਾਂ ਦੇ ਮਨਾਂ ਵਿਚ ਗੁਰੂ ਦੀ ਰੌਸ਼ਨੀ ਨੂੰ ਦ੍ਰਿੜ੍ਹ ਕਰਦਾ ਸੀ। ਨਿਸਚਿਤ ਰੂਪ ਵਿਚ ਮੰਨਣ ਦੇ ਯੋਗ ਬਣਾਉਂਦਾ ਸੀ। ਗੁਰੂ ਦੀ ਇਲਹਾਮੀ ਜੋਤਿ ਇਕ ਸਿੱਖ ਦੀ ਜੀਵਨ-ਕ੍ਰਿਤ ਨੂੰ ਵਕਤੀ ਅਤੇ ਸਥਾਨਿਕ ਧਰਾਤਲ ਤੋਂ ਚੁੱਕ ਕੇ ਅਗੰਮੀ ਮੰਡਲਾਂ ਨਾਲ ਜੋੜ ਦਿੰਦੀ ਸੀ। ਗੁਰ-ਗੱਦੀ ਪ੍ਰਾਪਤੀ ਵੇਲੇ ਜੋ ਸਦ-ਗੁਣ ਨਵੇਂ ਗੁਰੂ ਵਿਚ ਦਿਖਾਈ ਦਿੰਦੇ ਹਨ, ਉਨ੍ਹਾਂ ਦੀ ਹਸਤੀ ਸੁਤੰਤਰ ਨਹੀਂ ਹੁੰਦੀ, ਉਹ ਪੈਗੰਬਰੀ ਖੇਡ ਜਾਂ ਕਿਸੇ ਵਿਰਾਟ ਗਤੀ ਦਾ ਇਕ ਛਿਣ-ਮਾਤ੍ਰ ਝਲਕਾਰਾ ਹੀ ਹੁੰਦੇ ਹਨ। ਸੋ ਨਿਰਣੈ ਇਹ ਹੋਇਆ ਕਿ ਗੁਰ-ਗੱਦੀ ਕਿਸੇ ਪਰਖ ਜਾਂ ਇਮਤਿਹਾਨ ਦੀ ਰਿਣੀ ਨਹੀਂ ਹੈ, ਕਿਉਂਕਿ ਪਰਖ ਜਾਂ ਇਮਤਿਹਾਨ ਇਲਹਾਮੀ ਖੇਤਰ ਦਾ ਵਿਰਸਾ ਨਹੀਂ ਹਨ।

ਗੁਰ-ਗੱਦੀ ਕੋਈ ਦੁਨਿਆਵੀ ਚੀਜ਼ ਨਹੀਂ ਹੈ, ਇਸ ਲਈ ਇਸ ਦੇ ਨਾਪ ਭੀ ਦੁਨਿਆਵੀ ਨਹੀਂ ਹੋ ਸਕਦੇ। ਗੁਰ-ਗੱਦੀ ਰੱਬ ਦਾ ਰਸਤਾ ਹੈ ਅਤੇ ਰੱਬ ਦੇ ਮੁਸ਼ਤਾਕ ਹੀ ਇਸ ਨੂੰ ਢੂੰਡ ਸਕਣਗੇ। ਜੋ ਗੁਰ-ਗੱਦੀ ਦਾ ਵਾਰਸ ਗੁਰੂ ਹੈ, ਉਸ ਨੂੰ ਆਪਣੇ ਆਪ ਨੂੰ ਗੁਰੂ ਸਮਝਣ ਲਈ ਕਿਸੇ ਆਦੇਸ਼ ਦੀ ਜਾਂ ਕਿਸੇ ਸਹਾਰੇ ਦੀ ਅਥਵਾ ਦੀਖਿਆ ਅਤੇ ਉਪਦੇਸ਼ ਦੀ ਲੋੜ ਨਹੀਂ ਹੈ। ਉਹ ਨਿਰਸੰਦੇਹ ਜਾਣਦਾ ਹੈ ਕਿ ਉਹ ਗੁਰੂ ਹੈ, ਕੇਵਲ ਉਹੀ ਜਾਣਦਾ ਹੈ:

ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥
ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥੩॥

—ਆਸਾ ਮ: ੫, ਪੰਨਾ ੩੯੭-੧

ਗੁਰ-ਗੱਦੀ ਦਾ ਬਦਲਣਾ ਇੰਝ ਨਹੀਂ ਹੈ ਜਿਵੇਂ ਇਕ ਬਾਦਸ਼ਾਹ ਦੇ ਮਰਨ ਪਿੱਛੋਂ ਦੂਸਰਾ ਇਨਸਾਨ ਬਾਦਸ਼ਾਹ ਬਣ ਕੇ ਤਖ਼ਤ-ਨਸ਼ੀਨ ਹੋ ਜਾਂਦਾ ਹੈ। ਗੁਰ-ਗੱਦੀ ਸੰਸਾਰੀ ਪ੍ਰਚਲਤ ਕਾਇਦੇ ਕਾਨੂੰਨਾਂ ਤੋਂ ਅਤਿਅੰਤ ਹੀ ਉਚੇਰੀ ਵਸਤੂ ਹੈ ਔਰ ਚਮਤਕਾਰ-ਰਸ ਦੀ ਹਉਮੈ ਤੋਂ ਭੀ ਅਬੰਧ ਹੈ। ਗੁਰ-ਗੱਦੀ ਨਾਲ ਸੰਬੰਧਤ ਕਿਤਨੇ ਹੀ ਕ੍ਰਿਸ਼ਮੇ ਅਤੇ ਕਰਾਮਾਤਾਂ ਵੇਖਣ ਸੁਣਨ ਵਿਚ ਆਉਂਦੀਆਂ ਹਨ, ਪਰ ਅਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਸਭ ਕੁਝ ਇਲਹਾਮੀ ਰਾਜ਼ ਨੂੰ ਸਮਝਾਉਣ ਦਾ ਸਲੀਕਾ ਹੈ। ਇਹ ਇਕ ਸੁਭਾਵਕ ਗੁਰੂ ਆਭਾ ਦਾ ਛਿਣ-ਮਾਤ੍ਰ ਹੈ, ਜੋ ਕਿ ਗੁਰ-ਸਿੱਖੀ ਦੀਆਂ ਸਹਿਜ ਦੀਆਂ ਸੀਮਾਂ ਨਹੀਂ ਉਲੰਘਦਾ।

ਗੁਰ-ਗੱਦੀ ਉਨ੍ਹਾਂ ਦੂਰੀਆਂ ਨੂੰ ਇਕ ਆਤਮਕ ਨੇੜਤਾ ਦੀ ਛੋਹ ਬਖ਼ਸ਼ਦੀ ਅਤੇ ਤਰਤੀਬ ਦਿੰਦੀ ਹੈ ਜੋ ਕੁਦਰਤ ਦੀ ਰਸਕਤਾ ਕਰਕੇ ਦੁਰੇਡੇ ਭਾਸਦੀਆਂ ਹਨ। ਅਗਮ ਅਤੇ ਅਗੋਚਰ ਪੈਂਡਿਆਂ ਨੂੰ ਅਤਿਅੰਤ ਹੀ ਸੁਖੈਨ ਜਿਹੇ ਮਾਹੌਲ ਵਿਚ ਪਰਿਵਰਤਿਤ ਕਰ ਦਿੰਦੀ ਹੈ, ਅਧਿਆਤਮਕ ਆਨੰਦ ਦੀਆਂ ਗਹਿਰਾਈਆਂ ਨੂੰ ਜ਼ਮੀਨੀ ਧਰਾਤਲ ਦੇ ਰੰਗਾਂ ਵਿਚ ਪਲਟ ਕੇ ਲਬਰੇਜ਼ ਕਰ ਦਿੰਦੀ ਹੈ, ਗੂੜ੍ਹ ਗਿਆਨ ਦੀਆਂ ਅਛੋਹ ਰਮਜ਼ਾਂ ਨੂੰ ਬਾਲ-ਉਪਦੇਸ਼ ਵਿਚ ਬਦਲ ਕੇ ਸਾਧਾਰਨ ਜਨ ਵਾਸਤੇ ਗੁਰ-ਲਿਵ ਦਾ ਖੇਤਰ ਤਿਆਰ ਕਰਦੀ ਹੈ। ਬੁੱਤ-ਪ੍ਰਸਤਾਂ ਦੇ ਕਠੋਰ ਹਿਰਦਿਆਂ ਨੂੰ ਪਾਹਿਨ-ਪੂਜਾ ਵਲੋਂ ਹੋੜ ਕੇ ਆਪਣੀ ਅਦੁੱਤੀ ਸੰਗਤ ਦਾ ਫ਼ੈਜ਼ ਬਖ਼ਸ਼ਦੀ ਹੈ। ਇਸ ਵਾਸਤੇ ਅਸੀਂ ਗੁਰ-ਗੱਦੀ ਦੇ ਇਲਾਹੀ ਤਖ਼ਤ ਨੂੰ, ਮਹਾਨ ਰੱਬੀ ਰਸਕਤਾ ਦੇ ਇਸ ਨਵੀਨ ਅਤੇ ਨਵਤਨ ਰੂਪ ਨੂੰ ਪੈਗੰਬਰੀ ਬਜ਼ੁਰਗੀ ਦੇ ਸ਼ਬਦਾਂ ਦੁਆਰਾ ਸਤਿਕਾਰਦੇ, ਪਿਆਰਦੇ ਅਤੇ ਨਿਵਾਜਦੇ ਰਹਾਂਗੇ, ਕਿਉਂਕਿ ਪੈਗੰਬਰੀ ਬਜ਼ੁਰਗੀ ਮਨੁੱਖ ਦੀ ਸੋਚਣੀ ਅਤੇ ਕ੍ਰਿਤ ਵਿਰਤ ਵਿਚ ਨਿਰੋਲ ਰੱਬੀ ਜਲਵੇ ਦਾ ਅਨੁਭਵ ਪ੍ਰਜਵਲਤ ਕਰ ਦਿੰਦੀ ਹੈ। ਅਕਾਲ ਪੁਰਖ ਵਲੋਂ ਬਖ਼ਸ਼ੀ ਹੋਈ ਦੈਵੀ ਚਿਣਗ ਜ਼ਮੀਨੀ ਧਰਾਤਲ ਦੇ ਇਨਸਾਨੀ ਹਿਰਦਿਆਂ ਵਿਚ ਨਮੂਦਾਰ ਹੋ ਕੇ ਨੂਰੀ ਜਲਵੇ ਦਾ ਪ੍ਰਗਟਾਵਾ ਕਰ ਦਿੰਦੀ ਹੈ। ਇਲਾਹੀ ਸ਼ਾਨ ਦੀ ਅਜ਼ੀਮ ਸ਼ਗੀਨੀ ਮਿਠਾਸ ਨੂੰ ਆਦਮੀਅਤ ਫ਼ਿਤਰਤ ਵਿਚ ਪੂਰੀ ਤਰ੍ਹਾਂ ਲੀਨ ਕਰ ਦਿੰਦੀ ਹੈ। ਇਨਸਾਨ ਦੇ ਅਮਲ ਦੀ ਹਰ ਵੇਗ ਨੂੰ ਦਰਗਾਹੀ ਹਲਾਵਤ (ਮਿਠਾਸ) ਵਿਚ ਪਲਟਾ ਦਿੰਦੀ ਹੈ। ਔਰ ਇਨਸਾਨ ਦਾ ਹਰ ਰੰਗ (ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਇ ॥[1]) ਦੇ ਮਾਹੌਲ ਵਿਚ ਤਬਦੀਲ ਹੋ ਕੇ 'ਅੰਤ ਨ ਅੰਤ' ਦੀ ਅਗੰਮੀ ਅਤੇ ਅਸੀਮ ਛੋਹ ਵਿਚ ਅਭੇਦ ਹੋ ਜਾਂਦਾ ਹੈ। ਜੋ ਨਿਰਗੁਣ ਸੱਚ ਹੈ ਉਹ ਨਿਜ ਘਰ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਨਸਾਨੀ ਦੇਹੀ ਜੋ ਬਿਖੜੇ ਕਾਲਾਂ ਦੀ ਦੁਖਾਂਤ ਸਹਿੰਦੀ ਚਲੀ ਆ ਰਹੀ ਸੀ, ਉਹ ਗੁਰ-ਗੱਦੀ ਦੇ ਲਤੀਫ਼ ਫ਼ੈਜ਼ ਦੇ ਰਾਹੀਂ ਛਿਣ-ਮਾਤ੍ਰ ਵਿਚ ਧਰਮਸਾਲ ਦਾ ਰੂਪ ਧਾਰ ਲੈਂਦੀ ਹੈ। ਦੁਨੀਆ ਦਾ ਇਨਸਾਨ ਇਹ ਸੋਚਣ 'ਤੇ ਮਜਬੂਰ ਹੋ ਜਾਂਦਾ ਹੈ ਕਿ ਗੁਰ-ਗੱਦੀ ਨੇ ਇਨਸਾਨੀ ਹਿਰਦਿਆਂ ਵਿਚ ਸੰਗਤ ਦੇ ਰਾਹੀਂ ਕਿਸੇ ਅਛੋਹ ਸੱਚ ਦਾ ਧਰਾਤਲ ਕਾਇਮ ਕਰ ਦਿੱਤਾ ਹੈ ਅਤੇ ਰੱਬੀ ਕੁਦਰਤ ਦੀ ਅਜ਼ੀਮ ਰਸਕਤਾ ਨੂੰ ਅਟੱਲ ਸੱਚਾਈ ਦੀ ਭੇਟ ਚੜ੍ਹਾ ਦਿੱਤਾ ਹੈ। ਬਸ ਇਹ ਭੇਟਾ ਅਤੇ ਅਭੇਦ ਕਰਨ ਦਾ ਸਲੀਕਾ ਹੀ ਪੈਗੰਬਰੀ ਰਹੱਸ ਦੀ ਅਕੱਥ ਬਜ਼ੁਰਗੀ ਅਤੇ ਲਾ-ਬਿਆਨ ਗਾਥਾ ਹੈ।

---

1 ਆਸਾ ਦੀ ਵਾਰ।

ਭਾਵੇਂ ਸੰਸਾਰੀ ਜੀਵ ਆਪਣੇ ਆਪ ਵਿਚ ਇਤਨਾ ਹੋਸ਼ਿਆਰ ਅਤੇ ਵਿਦਵਾਨ ਹੋ ਜਾਵੇ ਕਿ ਉਹ ਇਕ ਛਿਣ-ਮਾਤ੍ਰ ਵਿਚ ਪ੍ਰਮਾਣੂ ਬਣ ਕੇ ਆਕਾਸ਼ ਦੇ ਸਮੂੰਹ ਬ੍ਰਹਿਮੰਡਾਂ ਦਾ ਚੱਕਰ ਲਗਾ ਆਵੇ, ਪਰੰਤੂ ਸਤਿਗੁਰੂ ਦੀ ਸ਼ਰਨ ਲਏ ਬਿਨਾ, ਭਾਵ ਸਤਿਗੁਰੂ ਦੇ ਤਖਤ ਗੁਰ-ਗੱਦੀ ਅਗੇ ਆਪਾ ਭੇਟਾ ਕੀਤੇ ਬਿਨਾ ਜੀਵ ਦੀ ਗਤੀ ਨਹੀਂ ਹੋਵੇਗੀ। ਹਜ਼ੂਰ ਦਾ ਕਥਨ ਹੈ:

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥
ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਰਤੇ ॥੨॥

—ਮ: ੫, ਗਾਥਾ, ਪੰਨਾ ੧੩੬੦-੭

ਗੁਰ-ਗੱਦੀ ਦੀ ਅਜ਼ੀਮ ਪਦਵੀ ਨੂੰ ਦੁਨਿਆਵੀ ਤਰਕ ਦੇ ਅਧੀਨ ਤੋਲਣਾ ਗੁਰੂ-ਲਿਵ ਵਲ ਪਿੱਠ ਫੇਰਨੀ ਹੈ। ਇਹ ਬਿਪਰ ਸੰਸਕਾਰ ਦੀ ਨਿਸ਼ਾਨੀ ਹੈ ਅਤੇ ਬਿਪਰ ਸੰਸਕਾਰ ਦੀ ਸ਼ੈਤਾਨੀਅਤ ਵਿਚੋਂ ਉਪਜੀ ਹੋਈ ਕੁਹਜੀ ਕੁਟੱਲਿਆ-ਨੀਤੀ ਹੈ। ਜਿਵੇਂ ਗੁਰ-ਗੱਦੀ ਨੂੰ ਖ਼ਾਨਦਾਨੀ ਵਿਰਾਸਤ ਬਣਾ ਕੇ ਪੇਸ਼ ਕਰਨਾ, ਗੁਰ-ਗੱਦੀ ਦੀ ਪ੍ਰਾਪਤੀ ਦਾ ਆਧਾਰ ਸੰਸਾਰੀ ਨੈਤਕ ਅਤੇ ਸਦਾਚਾਰਕ ਗੁਣਾਂ ਨੂੰ ਮਿਥਣਾ। ਜਾਂ ਗੁਰੂ-ਘਰ ਦੇ ਕਈ ਇਕ ਵਿਅਕਤੀਆਂ ਨੂੰ ਕੁਝ ਗ਼ਲਤੀਆਂ ਕਾਰਣ ਗੁਰ-ਗੱਦੀ ਦਾ ਪ੍ਰਾਪਤ ਨਾ ਹੋਣਾ, ਔਰ ਗੁਰਾਂ ਦੇ ਚਲਾਏ ਪੰਥ ਨੂੰ ਗੁਰੂ ਦੇ ਅਮਲ ਅਤੇ ਸਿਖਿਆ ਨੂੰ ਆਮ ਸੰਸਾਰੀ ਸੂਝ-ਬੂਝ ਦੇ ਖਰੜੇ ਉਤੇ ਰੱਖ ਕੇ ਤੋਲਣਾ ਆਦਿ ਖ਼ਿਆਲ ਨਿਰੋਲ ਬਿਪਰ ਬੁੱਧੀ ਦੀਆਂ ਹੋਛੀਆਂ ਕਾਢਾਂ ਹੀ ਨਜ਼ਰ ਪੈਣਗੀਆਂ।

ਜੇ ਥੋੜ੍ਹੇ ਅਰਸੇ ਲਈ ਇਹ ਸਵੀਕਾਰ ਕਰ ਲਈਏ ਕਿ ਉਕਤ ਦਰਸਾਏ ਖ਼ਿਆਲ ਬੜੇ ਤਰਕਸ਼ੀਲ ਹਨ ਔਰ ਐਸੇ ਖ਼ਿਆਲ ਨਿਰਸੰਦੇਹ ਸਿੱਖ ਕੌਮ ਵਿਚ ਉਤਪੰਨ ਹੋਏ—ਕਿ ਗੁਰ-ਗੱਦੀ ਸੇਵਾ ਦਾ ਵਿਰਸਾ ਹੈ, ਜਾਂ ਗੁਰ-ਗੱਦੀ ਸੋਢੀ ਖ਼ਾਨਦਾਨ ਦੀ ਜੱਦੀ ਜਾਇਦਾਦ ਹੈ, ਐਸੇ ਖ਼ਿਆਲਾਂ ਦੀ ਉਪਜ ਨਿਰੋਲ ਹਮੇਸ਼ਾ ਲਈ ਬਿਪਰ ਸੰਸਕਾਰ ਹੀ ਮੰਨਣੀ ਪਵੇਗੀ। ਇਸ ਧਾਰਨਾ ਦੀ ਸਪੱਸ਼ਟਤਾ ਲਈ ਕੁਝ ਮਹੱਤਵਪੂਰਨ ਨੁਕਤੇ ਸਮਝਣੇ ਅਤਿਅੰਤ ਹੀ ਲਾਜ਼ਮੀ ਹਨ। ਜਿਵੇਂ ਸਤਿਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਗੁਰੂ ਹਰਿ ਗੋਬਿੰਦ ਸਾਹਿਬ ਤਕ ਗੁਰ-ਗੱਦੀ ਦੀ ਪ੍ਰਾਪਤੀ ਲਈ ਜੋ ਨਿਸ਼ੇਧ ਹਥਕੰਡੇ ਵਰਤੇ ਗਏ ਔਰ ਗ਼ਮਗੀਨ ਹਾਦਸੇ ਪ੍ਰਤੱਖ ਰੂਪ ਵਿਚ ਸਾਹਮਣੇ ਆਏ, ਭਾਈ ਗੁਰਦਾਸ ਜੀ ਉਨ੍ਹਾਂ ਅਫ਼ਸੋਸਨਾਕ ਘਟਨਾਵਾਂ ਦਾ ਕੋਝਾ ਚਿੱਤਰ ਆਪਣੀਆਂ ਵਾਰਾਂ ਵਿਚ ਦਰਜ ਕਰਦੇ ਹਨ:

ਬਾਲ ਜਤੀ ਹੈ ਸਿਰੀ ਚੰਦੁ ਬਾਬਾਣਾ ਦੇਹੁਰਾ ਬਣਾਇਆ ॥
ਲਖਮੀ ਦਾਸਹੁ ਧਰਮ ਚੰਦ ਪੋਤਾ ਹੁਇ ਕੈ ਆਪੁ ਗਣਾਇਆ ॥

ਮੰਜੀ ਦਾਸੁ ਬਹਾਲਿਆ ਦਾਤੂ ਸਿਧਾਸਣ ਸਿਖਿ ਆਇਆ॥
ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ॥
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ॥
ਮਹਾਦੇਉ ਅਹੰਮੇਵ ਕਰਿ ਕਰਿ ਬੇਮੁਖੁ ਪੁਤਾਂ ਭਉਕਾਇਆ॥
ਚੰਦਨੁ ਵਾਸੁ ਨ ਵਾਂਸ ਬੋਹਾਇਆ॥੩੩॥ —ਵਾਰ ਭਾ: ਗੁ: ੨੬-੩੩

੩-੧. ਗੁਰ-ਗੱਦੀ ਖ਼ਾਨਦਾਨੀ ਵਿਰਸਾ ਨਹੀਂ ਹੈ

ਜਦੋਂ ਸਤਿਗੁਰੂ ਨਾਨਕ ਸਾਹਿਬ ਜੀ ਨੇ ਦਰਗਾਹੀ ਹੁਕਮ ਦੇ ਅਨੁਸਾਰ ਗੁਰ-ਗੱਦੀ ਦੀ ਦਰਗਾਹੀ ਅਮਾਨਤ ਭਾਈ ਲਹਿਣਾ ਜੀ ਨੂੰ ਸੌਂਪਣ ਦਾ ਸੰਕਲਪ ਕੀਤਾ, ਤਦ ਉਨ੍ਹਾਂ ਦੇ ਦੋਹਾਂ ਪੁੱਤਰਾਂ ਅਤੇ ਹੋਰ ਸੰਬੰਧੀਆਂ ਨੇ ਇਸ ਖ਼ਿਆਲ ਦੀ ਕਾਫ਼ੀ ਮੁਖ਼ਾਲਫ਼ਤ ਕੀਤੀ। ਸਤਿਗੁਰੂ ਨਾਨਕ ਦੇਵ ਜੀ ਦੇ ਦਰਸਾਏ ਪੰਥ ਤੋਂ ਆਕੀ ਹੋ ਕੇ ਸਿਰੀ ਚੰਦ ਨੇ ਸਤਿਗੁਰੂ ਨਾਨਕ ਜੀ ਦਾ ਦੇਹੁਰਾ ਬਣਾ ਕੇ ਗੁਰ-ਸਿੱਖੀ ਵਿਚੋਂ ਇਕ ਵੱਖਰੀ ਸ਼ਾਖ਼ ਵਜੂਦ ਵਿਚ ਲੈ ਆਂਦੀ, ਜਦੋਂ ਕਿ ਦੇਹੁਰਾ ਬਣਾਉਣਾ ਸਤਿਗੁਰੂ ਨਾਨਕ ਸਾਹਿਬ ਦੀ ਤਾਅਲੀਮ ਦੇ ਬਿਲਕੁਲ ਵਿਰੁੱਧ ਹੈ। ਜੋ ਦੇਹੁਰਾ ਸਿਰੀ ਚੰਦ ਨੇ ਬਣਵਾਇਆ ਸੀ, ਉਹ ਰਾਵੀ ਦਰਿਆ ਦੀ ਲਪੇਟ ਵਿਚ ਆਣ ਕੇ ਤਬਾਹ ਹੋ ਗਿਆ। ਫਿਰ ਲਖਮੀ ਚੰਦ ਦੇ ਪੁੱਤਰ ਧਰਮ ਚੰਦ ਨੇ ਰਾਵੀ ਦੇ ਦੱਖਣੀ ਕਿਨਾਰੇ ਉਤੇ ਨਵਾਂ ਦੇਹੁਰਾ ਬਣਾਇਆ, ਜਿਸ ਜਗ੍ਹਾ ਦਾ ਨਾਮ ਡੇਰਾ ਬਾਬਾ ਨਾਨਕ ਹੈ। ਇਹ ਅਸਥਾਨ ਗੁਰਦਾਸਪੁਰ ਤੋਂ ਬਾਈ (੨੨) ਮੀਲ ਦੀ ਵਿੱਥ 'ਤੇ ਹੈ, ਇਹ ਦੇਹੁਰਾ ਬਣਾ ਕੇ ਧਰਮ ਚੰਦ ਜੀ ਨੇ ਆਪਣਾ ਆਪਾ ਜਣਾਇਆ ਹੈ।

ਦੂਸਰੇ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਨੇ ਸਤਿਗੁਰੂ ਅਮਰਦਾਸ ਜੀ ਦੀ ਕਾਫ਼ੀ ਵਿਰੋਧਤਾ ਕੀਤੀ, ਉਨ੍ਹਾਂ ਸਤਿਗੁਰੂ ਜੀ ਦੀ ਇਲਾਹੀ ਸ਼ਕਤੀ ਨੂੰ ਤਸਲੀਮ ਨਹੀਂ ਕੀਤਾ, ਦਾਤੂ ਜੀ ਨੇ ਸਿੱਧ ਆਸਣ ਸਿਖਿਆ ਪ੍ਰਾਪਤ ਕਰ ਕੇ ਆਪਣੇ ਛੋਟੇ ਭਾਈ ਦਾਸੂ ਜੀ ਨੂੰ ਦੋ ਸਾਲ ਤੋਂ ਭੀ ਵੱਧ ਸਮੇਂ ਲਈ ਗੱਦੀ 'ਤੇ ਬਿਠਾਈ ਰੱਖਿਆ ਔਰ ਕਾਫ਼ੀ ਲੰਮੇ ਸਮੇਂ ਲਈ ਆਪਣੀ ਹੱਠ-ਧਰਮੀ ਦਾ ਪ੍ਰਗਟਾਵਾ ਕਰਦੇ ਰਹੇ। ਸਮੇਂ ਅਨੁਸਾਰ ਸਤਿਗੁਰੂ ਅਮਰਦਾਸ ਸਾਹਿਬ ਜੀ ਨੇ ਗੁਰ-ਗੱਦੀ ਦੀ ਦਰਗਾਹੀ ਜ਼ਿੰਮੇਵਾਰੀ ਭਾਈ ਜੇਠਾ (ਗੁਰੂ ਰਾਮਦਾਸ ਸਾਹਿਬ ਜੀ) ਨੂੰ ਸੰਭਾਲ ਦਿੱਤੀ, ਇਹ ਵੇਖ ਮੋਹਣ ਵਿਆਕੁਲ ਹੋ ਗਿਆ। ਮੋਹਰੀ ਨੇ ਚੁਬਾਰੇ ਦੀ ਪੂਜਾ ਅਰੰਭ ਕਰਵਾ ਦਿੱਤੀ। ਫਿਰ ਸਤਿਗੁਰੂ ਅਰਜਨ ਸਾਹਿਬ ਜੀ ਦੇ ਵਿਰੁੱਧ ਉਨ੍ਹਾਂ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਜੀ ਨੇ ਅਤਿਅੰਤ ਹੀ ਦੁਰ-ਭਾਵਨਾ ਵਾਲਾ ਵੈਰ ਕਮਾਇਆ। ਇਹੀ ਕਾਰਣ ਹੈ ਕਿ ਸਿੱਖ-ਯਾਦ ਪ੍ਰਿਥੀ ਚੰਦ

ਨੂੰ ਮੀਣਾ ਕਰਕੇ ਸੰਬੋਧਨ ਕਰਦੀ ਹੈ। ਸੱਤੇ ਅਤੇ ਬਲਵੰਡ ਦੀ ਰਾਮਕਲੀ ਵਾਰ ਵਿਚ ਵਿਰੋਧੀ ਗੁਰੂ-ਵੰਸ ਦੇ ਪੁੱਤਰਾਂ ਦੀ ਬਾਬਤ ਲਿਖਤੀ ਰੂਪ ਵਿਚ ਸ਼ਹਾਦਤ ਪ੍ਰਾਪਤ ਹੁੰਦੀ ਹੈ:

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨ੍ਹਿ, ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥

—ਰਾਮਕਲੀ ਵਾਰ, ਰਾਇ ਬਲਵੰਡ ਤਥਾ ਸਤੈ ਡੂਮ ਆਖੀ, ਪੰਨਾ ੯੬੭-੮

ਇਥੇ ਹੀ ਬਸ ਨਹੀਂ, ਰਾਮ ਰਾਇ ਜੀ ਨੇ ਔਰੰਗਜ਼ੇਬ ਬਾਦਸ਼ਾਹ ਨੂੰ ਆਪਣੀਆਂ ਕਰਾਮਾਤਾਂ ਦੇ ਰਾਹੀਂ ਮੁਤਾਸਰ ਕਰ ਲਿਆ ਔਰ ਆਪਣੇ ਛੋਟੇ ਭਰਾਤਾ ਸਤਿਗੁਰੂ ਹਰਿ ਕ੍ਰਿਸ਼ਨ ਦੇ ਖ਼ਿਲਾਫ਼ ਸ਼ਿਕਾਇਤ ਕੀਤੀ ਕਿ ਗੁਰ-ਗੱਦੀ ਦਾ ਹੱਕ ਮੇਰਾ ਹੈ, ਕਿਉਂਕਿ ਮੈਂ ਵੱਡਾ ਹਾਂ, ਮੇਰਾ ਜੱਦੀ ਹੱਕ ਹੈ ਕਿ ਮੈਂ ਹੀ ਗੁਰ-ਗੱਦੀ ਦਾ ਵਾਰਸ ਬਣਾਂ। ਇਸ ਵੇਲੇ ਗੁਰੂ ਹਰਿ ਕ੍ਰਿਸ਼ਨ ਮੇਰੀ ਹੱਕ-ਤਲਾਫ਼ੀ ਕਰ ਕੇ ਗੁਰ-ਗੱਦੀ ਸੰਭਾਲੀ ਬੈਠਾ ਹੈ, ਕਿਉਂਕਿ ਪਿਤਾ ਗੁਰੂ ਜੀ ਨੇ ਛੋਟੇ ਭਰਾ ਨੂੰ ਗੁਰ-ਗੱਦੀ ਸੰਭਾਲ ਦਿੱਤੀ ਹੈ। ਹੇ ਬਾਦਸ਼ਾਹ ਸਲਾਮਤ! ਮੇਰੇ ਨਾਲ ਹੋਈ ਬੇ-ਅਦਲੀ ਨੂੰ ਰਫ਼ਾਅ ਕਰੋ। ਜਿਸ ਦੇ ਸਿੱਟੇ ਵਜੋਂ ਸਤਿਗੁਰੂ ਜੀ ਨੂੰ ਦਿੱਲੀ ਆਉਣ ਲਈ ਬਾਦਸ਼ਾਹੀ ਹੁਕਮ ਜਾਰੀ ਕੀਤਾ ਗਿਆ।

ਜਿਸ ਵੇਲੇ ਸਤਿਗੁਰੂ ਹਰਿ ਕ੍ਰਿਸ਼ਨ ਜੀ ਨੇ ਗੁਰ-ਗੱਦੀ ਪ੍ਰਤੀ ਅੰਤਮ ਹੁਕਮ ਸਾਦਰ ਫ਼ੁਰਮਾਇਆ ਕਿ 'ਬਾਬਾ ਬਕਾਲੇ' ਤਦ ਕਿਤਨੇ ਗੁਰੂ ਵੰਸ ਦੇ ਸਾਹਿਬਜ਼ਾਦੇ ਮੰਜੀਆਂ ਸਜਾ ਕੇ ਗੁਰ-ਗੱਦੀ ਦੀ ਤਲਬ ਵਾਸਤੇ ਆਣ ਬੈਠੇ। ਪਰ ਗੁਰ-ਗੱਦੀ ਕੇਵਲ ਉਸੇ ਇਲਾਹੀ ਆਤਮਾ ਨੂੰ ਹੀ ਪ੍ਰਾਪਤ ਹੋਈ ਜਿਸ ਵਾਸਤੇ 'ਧੁਰਹੁ ਹੁਕਮ ਬੁਝਿ ਨੀਸਾਨ' ਦੀ ਅਵਧੀ ਬਣ ਆਈ।

ਹੁਣ ਇਥੇ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ-ਕਾਲ ਵਿਚ ਗੁਰਮਤਿ ਦੇ ਅਜ਼ੀਮ ਸਿਦਕ ਨੂੰ ਇਸ ਹੱਦ ਤਕ ਪਰਖ ਦੀ ਕਸਵੱਟੀ 'ਤੇ ਕਿਉਂ ਅਜ਼ਮਾਇਆ ਗਿਆ? ਗੁਰ-ਸਿੱਖੀ ਦੇ ਸਭ ਤੋਂ ਪਾਵਨ ਅਤੇ ਕੋਮਲ ਅੰਸ ਉਤੇ, ਗੁਰੂ ਸਾਹਿਬਾਨ ਦੇ ਅਤਿ ਨਜ਼ਦੀਕੀ ਸੰਬੰਧੀਆਂ ਵਲੋਂ ਹੀ ਐਸੀਆਂ ਕੁਰੱਖਤ ਸੱਟਾਂ ਕਿਉਂ ਮਾਰੀਆਂ ਗਈਆਂ? ਸਤਿਗੁਰਾਂ ਦੇ ਆਪਣੇ ਖ਼ੂਨ ਨੇ ਹੀ ਪੈਗੰਬਰੀ ਅਜ਼ਮਤ ਦਾ ਇਤਨਾ ਅਪਮਾਨ ਕਿਉਂ ਕੀਤਾ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਇਤਨਾ ਕਠਨ ਨਹੀਂ ਹੈ ਜਿਤਨਾ ਕਿ ਅਸੀਂ ਖ਼ਿਆਲ ਕਰਦੇ ਹਾਂ। ਉੱਤਰ ਹੈ:

ਗੁਰ-ਗੱਦੀ ਦੇ ਝੂਠੇ ਦਾਅਵੇਦਾਰ, ਭਾਵੇਂ ਉਹ ਗੁਰੂ ਸਾਹਿਬਾਨ ਦੇ ਪੁੱਤਰ, ਭਰਾ ਜਾਂ ਹੋਰ ਨਜ਼ਦੀਕੀ ਸੰਬੰਧੀ ਭੀ ਕਿਉਂ ਨਾ ਹੋਣ, ਉਹ ਪੈਗੰਬਰੀ ਅਜ਼ਮਤ ਦੀ ਇਲਹਾਮੀ ਰਸਕਤਾ ਤੋਂ ਸੱਖਣੇ ਸਨ। ਉਹ ਰੱਬੀ ਫ਼ਜ਼ੀਲਤ ਦੀ ਰਹੱਸਮਈ

ਦਾਤਿ ਵਲੋਂ ਨਾਦਾਨ ਸਨ। ਉਨ੍ਹਾਂ ਵਿਚ ਕਠੋਰਤਾ ਅਤੇ ਮੂੜ੍ਹਤਾ ਦੀ ਭਰਮਾਰ ਸੀ। ਮੁਕਦੀ ਗੱਲ ਏਥੇ ਹੈ ਕਿ ਬਿਪਰ ਸੰਸਕਾਰੀ ਅੰਸ ਆਪਣੀਆਂ ਚਾਤਰ ਵਿਧੀਆਂ ਰਾਹੀਂ ਗੁਰ-ਗੱਦੀ ਜੈਸੀ ਦੈਵੀ ਵਸਤੂ ਪ੍ਰਾਪਤ ਕਰਨ ਲਈ, ਕੋਝੇ ਹੀਲੇ ਵਸੀਲੇ ਵਰਤਣੋਂ ਭੀ ਗੁਰੇਜ਼ ਨਹੀਂ ਕਰਦਾ ਸੀ। ਉਹ ਇਲਹਾਮੀ ਨਜ਼ਾਲਤ ਉਤੇ ਦੁਨਿਆਵੀ ਸ਼ਰਤਾਂ ਠੋਸਣ ਦਾ ਆਦੀ ਹੈ। ਔਰ ਧੁਰ ਦਰਗਾਹੀ ਬਖ਼ਸ਼ਿਸ਼ ਨੂੰ ਸੰਸਾਰੀ ਹਾਣ-ਲਾਭ ਲਈ ਵਰਤਣਾ ਲੋੜਦਾ ਹੈ।

ਗੁਰਿਆਈ ਇਕ ਅਰੱਕ ਬਖ਼ਸ਼ਿਸ਼ ਹੈ, ਖ਼ਾਨਦਾਨੀ ਸਾਂਝ, ਦੁਨਿਆਵੀ ਚਤੁਰਾਈਆਂ, ਸੰਸਾਰੀ ਬਖੇੜੇ, ਦਿਮਾਗੀ ਚਤੁਰਤਾ, ਲਹੂ ਦੀ ਸਾਂਝ ਆਦਿ ਗੁਰ-ਗੱਦੀ ਦੇ ਨਾਜ਼ਲ ਹੋਣ ਵਿਚ ਕਿਸੇ ਪ੍ਰਕਾਰ ਦਾ ਭੀ ਅੜਿੱਕਾ ਨਹੀਂ ਬਣ ਸਕਦੇ। ਜੇਕਰ ਐਸਾ ਅਮਲ ਵਰਤੋਂ ਵਿਚ ਆਉਂਦਾ, ਤਦ ਪ੍ਰਿਥੀ ਚੰਦ ਤੇ ਉਸ ਦੀ ਸੰਤਾਨ ਲਾਜ਼ਮੀ ਹੀ ਗੁਰ-ਗੱਦੀ ਦੇ ਵਾਰਸ ਹੁੰਦੇ। ਜੇ ਗੁਰਿਆਈ ਬਖ਼ਸ਼ਿਸ਼ ਵਾਰਸ ਨੀਤੀ ਦਾ ਵਿਰਸਾ ਹੁੰਦੀ, ਜਾਂ ਬਹਿਕਾਵੇ ਵਿਚ ਫਾਥੇ ਕੁਰਾਹੀਏ ਅਤੇ ਅਸ਼ੁੱਧ ਵਿਚਾਰੀ ਬੰਦਿਆਂ ਦੇ ਕਾਬੂ ਵਿਚ ਆਉਣੀ ਹੁੰਦੀ ਤਦ ਗੁਰੂ ਤੇਗ ਬਹਾਦਰ ਸਾਹਿਬ ਗੁਰੂ ਦੇ ਰੂਪ ਵਿਚ ਪ੍ਰਗਟ ਹੀ ਨਾ ਹੁੰਦੇ।

ਅਸੀਂ ਉਕਤ ਵਿਚਾਰ ਦੇ ਰਾਹੀਂ ਇਸ ਸਿੱਟੇ 'ਤੇ ਆਣ ਖਲੋਤੇ ਹਾਂ ਕਿ ਗੁਰ-ਗੱਦੀ, ਸੇਵਾ, ਆਗਿਆਕਾਰਤਾ, ਬੌਧਿਕ ਨਿਪੁੰਨਤਾ ਜਾਂ ਖ਼ਾਨਦਾਨੀ ਵਿਰਾਸਤ ਦਾ ਵਿਰਸਾ ਨਹੀਂ ਹੈ। ਗੁਰ-ਗੱਦੀ ਨਿਰੋਲ ਇਲਾਹੀ ਬਖ਼ਸ਼ਿਸ਼ ਹੈ, ਰੱਬੀ ਰਹਿਮਤ ਦਾ ਤਖ਼ਤ ਹੈ, ਨੂਰਾਨੀ ਅਜ਼ਮਤ ਦਾ ਜ਼ਹੂਰ ਹੈ। ਜਿਥੋਂ ਦੁਨੀਆ ਦੇ ਹਰ ਫ਼ਰਦੋ-ਬਸ਼ਰ ਨੇ ਇਲਾਹੀ ਰਹਿਮਤ ਦਾ ਆਸਰਾ ਲੈਣਾ ਹੈ, ਇਲਾਹੀ ਨੂਰ ਦੀ ਰੌਸ਼ਨੀ ਵਿਚ ਜੀਵਨ ਦਾ ਪੰਧ ਸਫਲਾ ਕਰਨਾ ਹੈ। ਰੱਬੀ ਰਜ਼ਾ ਦਾ ਰਸ ਮਾਣਦੇ ਹੋਏ ਜੋਤੀ ਵਿਚ ਆਪਣੀ ਜੋਤਿ ਲੀਨ ਕਰਨੀ ਹੈ, ਇਲਾਹੀ ਜ਼ੀਨਤ ਵਿਚ ਅਭੇਦ ਹੋਣਾ ਹੈ। ਬਸ ਇਹੀ ਗੁਰ-ਗੱਦੀ ਦਾ ਅਭਿਪਰਾਯ ਹੈ।

੩-੨. ਗੁਰ-ਗੱਦੀ ਦਾ ਸਮਾਗਮ

ਜਿਸ ਵੇਲੇ ਸਾਹਿਬਜ਼ਾਦਾ ਅਰਜਨ ਦੇਵ ਜੀ ਲਾਹੌਰੋਂ ਵਾਪਸ ਅੰਮ੍ਰਿਤਸਰ ਸਾਹਿਬ ਆਣ ਪਹੁੰਚੇ, ਸਤਿਗੁਰੂ ਪਿਤਾ ਜੀ ਦੇ ਚਰਨ ਪਰਸ ਕੇ ਕਾਫ਼ੀ ਅਰਸਾ ਵੈਰਾਗਮਈ ਹਾਲਤ ਵਿਚ ਲੀਨ ਰਹੇ, ਤਦ ਆਪ ਜੀ ਨੂੰ ਸਤਿਗੁਰੂ ਪਿਤਾ ਜੀ ਨੇ ਸੀਨੇ ਨਾਲ ਲਾ ਕੇ ਪਿਆਰ ਅਤੇ ਧੀਰਜ ਦਿੱਤੀ, ਔਰ ਬਚਨ ਕੀਤਾ, "ਹੇ ਪੁੱਤਰ ਜੀ! ਹੁਣ ਤੁਸਾਂ ਨੇ ਬਹੁਤ ਵੱਡੀਆਂ ਜ਼ਿੰਮੇਵਾਰੀਆਂ ਸੰਭਾਲਣੀਆਂ

ਹਨ।" ਪ੍ਰਿਥੀ ਚੰਦ ਜੋ ਨਜ਼ਦੀਕ ਹੀ ਬੈਠਾ ਸੀ, ਇਨ੍ਹਾਂ ਬਚਨਾਂ ਨੂੰ ਸੁਣ ਕੇ ਅਤਿਅੰਤ ਹੀ ਕ੍ਰੋਧਵਾਨ ਹੋਇਆ। ਔਰ ਅਗਲੇ ਦਿਨ ਪ੍ਰਿਥੀ ਚੰਦ ਸਤਿਗੁਰੂ ਪਿਤਾ ਜੀ ਨਾਲ ਗੁਰਿਆਈ ਦੀ ਬਾਬਤ ਗੱਲ-ਬਾਤ ਕਰਨ ਲੱਗਾ, ਬੜੀ ਚਰਚਾ ਕੀਤੀ, ਵਾਦ-ਵਿਵਾਦ ਕੀਤਾ, ਸਤਿਗੁਰੂ ਜੀ ਨੇ ਬਹੁਤ ਸਮਝਾਇਆ ਕਿ ਝਗੜਾ ਨਾ ਕਰ। ਕਿਉਂਕਿ ਗੁਰਿਆਈ ਧੁਰ ਦਰਗਾਹੀ ਦਾਤਿ ਹੈ, ਗੁਰ-ਗੱਦੀ ਖ਼ਾਨਦਾਨੀ ਵਿਰਾਸਤ ਨਹੀਂ ਹੈ, ਗੁਰਿਆਈ ਖਸਮ ਦੀ ਦਾਤਿ ਹੈ, ਮਾਲਕ ਦੀ ਜੋਤਿ ਅਤੇ ਰੱਬੀ ਅਜ਼ਮਤ ਹੈ, ਪੈਗੰਬਰੀ ਨਜ਼ੂਲਤ ਅਤੇ ਇਲਹਾਮੀ ਬਜ਼ੁਰਗੀ ਹੈ।

ਦਾਤਿ ਜੋਤਿ ਖਸਮੈ ਵਡਿਆਈ ॥ *—ਭਾ: ਗੁ: ਵਾਰ : ੧-੪੬-੮*

ਪਰੰਤੂ ਪ੍ਰਿਥੀ ਚੰਦ ਨੇ ਹੱਠ-ਧਰਮੀ ਵਤੀਰਾ ਅਪਣਾਈ ਰੱਖਿਆ ਅਤੇ ਇਹੀ ਗੱਲ ਆਖੀ ਜਾਂਦਾ ਹੈ ਕਿ ਮੈਂ ਵੱਡਾ ਹਾਂ, ਗੁਰ-ਗੱਦੀ ਮੇਰਾ ਹੱਕ ਹੈ, ਮੈਂ ਅਰਜਨ ਦੇਵ (ਜੀ) ਨੂੰ ਗੁਰ-ਗੱਦੀ ਤੇ ਨਹੀਂ ਬੈਠਣ ਦੇਵਾਂਗਾ। ਮੇਰੇ ਹੱਥ ਵੇਖਣੇ, ਮੈਂ ਕੀ ਕਰਦਾ ਹਾਂ, ਮੈਂ ਹੁਣੇ ਲਾਹੌਰ ਜਾ ਕੇ ਅਰਜ਼ੀ ਦਾਅਵਾ ਕਰਦਾ ਹਾਂ। ਲੜਾਈ ਝਗੜਾ ਕਰਦਾ ਹੋਇਆ ਸਤਿਗੁਰੂ ਜੀ ਕੋਲੋਂ ਦੁਰੇਡੇ ਚਲਾ ਗਿਆ। ਪ੍ਰਿਥੀ ਚੰਦ ਦੀ ਐਸੀ ਭੁੱਲੜ ਦਸ਼ਾ ਵੇਖ ਕੇ ਹਜ਼ੂਰ ਚੌਥੇ ਪਾਤਸ਼ਾਹ ਜੀ ਨੇ ਪਾਵਨ ਵਾਕ ਉਚਾਰਿਆ :

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ ॥੧॥ਰਹਾਉ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ
ਸੋ ਧਨੁ ਕਿਸਹਿ ਨ ਆਪ ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ
ਤਉ ਲਾਗੈ ਪਛੁਤਾਪ ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ
ਹਰਿ ਤਿਨ ਕੇ ਜਾਪਹੁ ਜਾਪ ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਸੁਨਹੁ ਤਉ ਜਾਇ ਸੰਤਾਪ ॥੨॥੧॥੭॥

—ਸਾਰਗ ਮ: ੪, ਪੰਨਾ ੧੨੦੦-੧੦

ਪ੍ਰਿਥੀ ਚੰਦ ਦੇ ਆਖੇ ਦੁਰਬਚਨਾਂ ਦਾ ਵੇਰਵਾ ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਸੰਖੇਪ ਵਾਰਤਾ ਵਿਚ ਐਸੇ ਦਰਜ ਕੀਤਾ ਹੈ, ਕਿਉਂਕਿ

ਪ੍ਰਿਥੀ ਚੰਦ ਦੀ ਜੇਬ ਵਿਚੋਂ ਸਾਹਿਬਜ਼ਾਦਾ ਅਰਜਨ ਦੇਵ ਜੀ ਦੀਆਂ ਭੇਜੀਆਂ ਚਿੱਠੀਆਂ ਨਿਕਲ ਆਈਆਂ, ਜੋ ਕਿ ਪ੍ਰਿਥੀ ਚੰਦ ਨੇ ਛੁਪਾ ਕੇ ਰੱਖੀਆਂ ਹੋਈਆਂ ਸਨ। ਇਸ ਮੰਦੀ ਕਰਤੂਤ ਤੋਂ ਅਪ੍ਰਸੰਨ ਹੋ ਕੇ ਹਜ਼ੂਰ ਨੇ ਨਿਮਨ-ਲਿਖਤ ਬਚਨ ਉਚਾਰੇ:

> **ਪੁਨ ਬੈਠ ਕਠੋਰ ਪ੍ਰਿਥੀਏ ਕੇਤਕ,**
> **ਗੁਰ ਕੌ ਕਹੇ ਅਵਾਚ ਤਬੈ।**
> **ਸੁਨਿ ਰਾਮਦਾਸ ਗੁਰ ਕੋਪ ਹੋਇ ਕਰਿ,**
> **ਕਹਯੋ ਜਾਹੁ ਮੁਝ ਢਿਗੋਂ ਅਬੈ।੧੦੪।**
> **ਪਿਤਾ ਸੰਗਿ ਝਗਰਤ ਤੇ ਹੋਵੈ,**
> **ਪਾਪ ਤੁਝੈ ਸੰਤਾਪ ਮਹਾਂ।**
> **ਕਪਟੀ ਕੂਰ ਕਲਾਪੀ ਮੀਣੇ,**
> **ਪਾਪੀ ਤੁਮ ਨ ਰਹੋ ਯਹਾਂ।** —*ਪੰਥ ਪ੍ਰਕਾਸ਼ ਪੂਰ, ਬਿਸ-੧੭, ਪੰਨਾ ੬੨੯*

ਗੁਰ-ਗੱਦੀ ਦੀ ਪ੍ਰਾਪਤੀ ਪਿੱਛੇ ਘਰੇਲੂ ਵਾਦ-ਵਿਵਾਦ ਨਿਤਾ-ਪ੍ਰਤੀ ਹੋਰ ਵਧਦਾ ਹੀ ਗਿਆ, *ਬੰਸਾਵਲੀ-ਨਾਮਾ* ਦੇ ਲਿਖਾਰੀ ਕੇਸਰ ਸਿੰਘ ਜੀ ਛਿੱਬਰ ਅੰਕਤ ਕਰਦੇ ਹਨ ਕਿ ਗੁਰ-ਗੱਦੀ ਦੀ ਮਨਜ਼ੂਰੀ ਸਤਿਗੁਰੂ ਅਮਰਦਾਸ ਸਾਹਿਬ ਜੀ ਨੇ ਹੀ ਮੋਹਰ ਛਾਪ ਲਗਾ ਛੱਡੀ ਸੀ:

> **ਗੁਰੂ ਅਮਰਦਾਸ ਅਰਜਨ ਸਹੀ ਕਰ ਲੀਤਾ।**
> **ਤਬ ਭਾਰੀ ਪੁਰਖ ਦਾ ਬਚਨ ਸੀ ਕੀਤਾ।੨।**
> **ਪ੍ਰਿਥੀਆ ਇਸ ਦਾ ਮਹਿਰਮ ਨਾਹੀਂ।**
> **ਲਘੂ ਭ੍ਰਾਤ ਜਾਨ ਦੁਬਿਧਾ ਰਖੇ ਮਨ ਮਾਹੀ।**
> **ਪਿਤਾ ਜੀ ਪ੍ਰਿਥੀਏ ਨੂੰ ਅਤਿ ਸਮਝਾਇਆ।**
> **ਪਰ ਪ੍ਰਿਥੀਏ ਮਨੋ ਰੋਗ ਨ ਗਵਾਇਆ।੩।**
>
> —*ਬੰਸਾਵਲੀ ਨਾਮਾ, ਚਰਣ ੫, ਪੰਨਾ ੪੨*

ਪ੍ਰਿਥੀ ਚੰਦ ਵਲੋਂ ਬਿਲਾ-ਵਜ੍ਹਾ (ਅਕਾਰਥ) ਹੀ ਵਧਾਏ ਜਾਣ ਵਾਲੇ ਵਾਦ-ਵਿਵਾਦ ਦੇ ਬਾਵਜੂਦ ਭੀ ਸਤਿਗੁਰੂ ਜੀ ਨੇ ਅਕਾਲ ਪੁਰਖ ਦੀ ਆਗਿਆ ਦੇ ਅਨੁਸਾਰ ਗੁਰ-ਗੱਦੀ ਦਾ ਟਿੱਕਾ ਸਭ ਤੋਂ ਛੋਟੇ ਸਾਹਿਬਜ਼ਾਦਾ (ਗੁਰੂ) ਅਰਜਨ ਦੇਵ ਜੀ ਨੂੰ ਆਪਣੀ ਪਾਵਨ ਹਜ਼ੂਰੀ ਵਿਚ ਦੇ ਦਿੱਤਾ। ਟਿੱਕੇ ਦੀ ਰਸਮ ਪ੍ਰਤੀ ਕੇਸਰ ਸਿੰਘ ਛਿੱਬਰ ਨਿਮਨ-ਲਿਖਤ ਦੇ ਅਨੁਸਾਰ ਨਿਰੂਪਣ ਕਰਦੇ ਹਨ:

ਸੰਮਤ ਸੋਲ੍ਹਾਂ ਸੈ ਅਠਤੀਵੇਂ (ਸੰਨ ੧੫੮੧) ਗੁਰੂ ਰਾਮਦਾਸ ਟਿੱਕਾ ਸੀ ਦਿੱਤਾ।
ਨਿਕੜੇ ਬਾਲਕ ਨੂੰ ਗੁਰ ਸੀ ਕੀਤਾ।
ਦੁਬਿਧਾ ਉਠੀ ਤਬ ਵਿਚਿ ਪਰਵਾਰ।
ਕਰ ਰਹੇ ਜਤਨ ਨ ਨਿਵਰੀ, ਰਹੇ ਨਿਵਾਰ।੭।
ਆਪਸ ਵਿਚਿ ਪਇਆ ਪੱਕਾ ਵੈਰ।
ਜਿਥੇ ਦੁਬਿਧਾ ਉਥੈ ਕੇਹੀ ਖੈਰੁ।
ਪਿਰਥੀਏ ਕੋ ਟਬਰ ਕੱਢਣ ਲਗੇ ਗਾਲੀ।
ਸਾਹਿਬ (ਗੁਰੂ ਅਰਜਨ ਦੇਵ ਜੀ) ਗੋਇੰਦਵਾਲੋਂ ਉਠਿ ਗਏ ਵਡਾਲੀ।੧੫।

—ਬੰਸਾਵਲੀ ਨਾਮਾ, ਚਰਣ ੫, ਪੰਨਾ ੪੨, ੪੩

ਗੁਰ-ਗੱਦੀ ਸਮਾਗਮ ਗੋਇੰਦਵਾਲ ਸਾਹਿਬ ਵਿਚ ਰਚਿਆ ਗਿਆ, ਸਮਾਗਮ ਦੇ ਆਰੰਭ ਵਿਚ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੀ ਮੁਬਾਰਕ ਰਸਨਾ ਦੁਆਰਾ ਗੁਰਿਆਈ ਦੀ ਗੰਭੀਰ ਜ਼ਿੰਮੇਵਾਰੀ ਦਾ ਅਸਹਿ ਬੋਝ ਸੰਭਾਲਣ ਦੇ ਯੋਗ ਕੇਵਲ (ਗੁਰੂ) ਅਰਜਨ ਦੇਵ ਜੀ ਨੂੰ ਹੀ ਨਿਸਚਿਤ ਕੀਤਾ। ਭਾਈ ਸੰਤੋਖ ਸਿੰਘ ਜੀ ਪੈਗ਼ੰਬਰੀ ਅਜ਼ਮਤ ਦੀ ਯੋਗਤਾ ਨੂੰ ਨਿਮਨ-ਲਿਖਤ ਦੇ ਮੁਤਾਬਿਕ ਤਹਰੀਰੀ ਸ਼ਕਲ ਪੇਸ਼ ਕਰਦੇ ਹਨ:

ਸਰਬ ਸਹਾਰਹਿ ਗੁਰਤਾ ਭਾਰ॥
ਅਜਰ ਜਰਹਿ ਗੋ ਨਹਿਂ ਹੰਕਾਰਿ॥੧੧॥ *—ਰਾਸਿ ੨, ਅੰਸੂ ੨੦*

ਗੁਰਤਾ ਗਾਦੀ ਪਰ ਇਹ ਥਿਰਯੋ॥
ਹਲਤ ਪਲਤ ਭਾਰ ਜੁ ਸਭਿ ਧਰਯੋ॥
ਸੰਗਤ ਕੋ ਦੁਖ ਪਾਰ ਉਤਾਰਹਿ॥
ਕਾਰਜ ਅਨਿਕ ਜਗਤ ਮਹਿਂ ਸਾਰਹਿ॥੮॥

—ਰਾਸ ੨, ਅੰਸੂ ੨੨, ਪੰਨਾ ੧੭੩੧

੩-੩. ਗੁਰਿਆਈ ਦੀ ਰਸਮ

ਭਾਦਰੋਂ ਸੁਦੀ ਏਕਮ ਸੰਮਤ ੧੬੩੮ (ਸੰਨ ੧੫੮੧) ਦਾ ਪਾਵਨ ਦਿਹਾੜਾ ਆਣ ਪੁੱਜਾ, ਸਾਰੀ ਸੰਗਤ ਇਕੱਠੀ ਹੋ ਗਈ। ਬਾਰਾਂ ਮਸੰਦ ਭੀ ਆ ਗਏ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਾਇਮ ਕੀਤੀ ਮਰਿਆਦਾ ਅਨੁਸਾਰ ਪਹਿਲਾਂ ਬਾਬਾ ਬੁੱਢਾ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਸਿੰਘਾਸਣ 'ਤੇ ਬਿਠਾ ਕੇ ਗੁਰਿਆਈ ਦਾ ਤਿਲਕ ਲਾਇਆ। ਜਦੋਂ ਤਿਲਕ ਦੀ ਰਸਮ ਪੂਰੀ ਹੋ ਗਈ, ਤਦ ਪੰਜ ਪੈਸੇ ਤੇ ਨਾਰੀਅਲ ਅੱਗੇ ਰੱਖ ਕੇ ਸਤਿਗੁਰੂ ਰਾਮਦਾਸ ਜੀ ਨੇ ਆਪ

ਗੁਰੂ ਅਰਜਨ ਦੇਵ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ। ਤਿੰਨ ਪਰਕਰਮਾ ਲਈਆਂ ਤੇ ਗੁਰਿਆਈ ਦੀ ਰਸਮ ਪੂਰੀ ਹੋ ਗਈ। ਸਤਿਗੁਰੂ ਦੇ ਪਿੱਛੋਂ ਸਾਰੀ ਸੰਗਤ ਨੇ ਮੱਥੇ ਟੇਕੇ ਤੇ ਕਾਰ ਭੇਟ ਅੱਗੇ ਰੱਖੀ। ਮਸੰਦਾਂ ਨੇ ਭੀ ਮੱਥੇ ਟੇਕੇ ਤੇ ਕਾਰ ਭੇਟ ਅੱਗੇ ਰੱਖੀ।

ਜਦੋਂ ਪ੍ਰਿਥੀ ਚੰਦ ਨੂੰ ਸੱਦਿਆ ਗਿਆ ਕਿ ਉਹ ਗੁਰੂ ਘਰ ਦੀ ਮਰਿਆਦਾ ਦੇ ਅਨੁਸਾਰ ਸਤਿਗੁਰੂ ਅਰਜਨ ਦੇਵ ਜੀ ਦੇ ਚਰਨਾਂ 'ਤੇ ਮੱਥਾ ਟੇਕੇ। ਉਹ ਬਹੁਤ ਕ੍ਰੋਧਤ ਹੋ ਕੇ ਵਾਦ-ਵਿਵਾਦ ਕਰਨ ਲੱਗਾ। ਆਪਣੀ ਜ਼ਬਾਨੋਂ ਮੰਦੇ ਬਚਨ ਉਚਾਰਨ ਲੱਗਾ, ਕਹਿਣ ਲੱਗਾ ਕਿ ਮੈਂ ਅਰਜਨ ਦੇਵ ਨੂੰ ਮੱਥਾ ਟੇਕਾਂ ? ਮੈਂ ਇਸ ਨੂੰ ਗੁਰੂ ਨਹੀਂ ਮੰਨਦਾ, ਅਸਲੀ ਗੁਰੂ ਮੈਂ ਹਾਂ। ਤੁਸੀਂ ਦੇਖੋਗੇ ਕਿ ਮੈਂ ਕਿਵੇਂ ਗੁਰ-ਗੱਦੀ ਹਾਸਲ ਕਰਦਾ ਹਾਂ। ਇੰਞ ਰੌਲਾ-ਰੱਪਾ ਪਾਉਂਦਾ ਹੋਇਆ ਉਹ ਨਗਰੀ ਤੋਂ ਬਾਹਰ ਖੂਹ ਵਲ ਚਲਾ ਗਿਆ। ਗੁਰਿਆਈ ਦੀ ਮਰਿਆਦਾ ਅਨੰਦ ਸਾਹਿਬ ਦੇ ਪਾਠ ਦੇ ਭੋਗ ਨਾਲ ਸੰਪੂਰਣ ਕੀਤੀ ਗਈ।

ਗੁਰਿਆਈ ਦੀ ਦਾਤਿ ਬਖ਼ਸ਼ ਕੇ ਸਤਿਗੁਰੂ ਰਾਮਦਾਸ ਸਾਹਿਬ ਜੀ ਅੱਸੂ ਸੰਮਤ ੧੬੩੮, ਮੁਤਾਬਿਕ ੧ ਸਤੰਬਰ, ੧੫੮੧ ਨੂੰ ਜੋਤੀ ਜੋਤਿ ਸਮਾ ਗਏ।

—ਸੋਢੀ ਚਮਤਕਾਰ, ਸੂਰਜ ਪ੍ਰਕਾਸ਼ ਵਾਰਤਕ, ਪੰਨਾ ੮੧

੩-੪. ਪਗੜੀ ਦੀ ਰਸਮ ਤੇ-ਪ੍ਰਿਥੀ ਚੰਦ ਦੀ ਵਿਰੋਧਤਾ

ਜਦੋਂ ਸਤਿਗੁਰੂ ਰਾਮਦਾਸ ਜੀ ਨੂੰ ਜੋਤੀ ਜੋਤਿ ਸਮਾਇਆਂ ਤੇਰ੍ਹਾਂ ਦਿਨ ਹੋ ਗਏ, ਤਦ ਪਗੜੀ ਬਨ੍ਹਾਉਣ ਦੀ ਰਸਮ ਹੋਣ ਲੱਗੀ। ਸਾਰੇ ਸੰਬੰਧੀ ਸਿੱਖ ਸੰਗਤ ਇਕੱਤਰ ਹੋ ਕੇ ਸਤਿਗੁਰੂ ਅਰਜਨ ਸਾਹਿਬ ਨੂੰ ਪਗੜੀ ਭੇਟਾ ਕਰਨ ਲੱਗੇ। ਤਦ ਪ੍ਰਿਥੀ ਚੰਦ ਨੇ ਆਖਿਆ, "ਮੈਂ ਵੱਡਾ ਪੁੱਤਰ ਹਾਂ, ਪਗੜੀ ਬੰਨ੍ਹਣ ਦਾ ਮੇਰਾ ਹੱਕ ਹੈ।" ਉਸ ਸਮੇਂ ਬਾਬਾ ਬੁੱਢਾ ਜੀ ਜੈਸੇ ਸਿਆਣੇ ਗੁਰਸਿੱਖਾਂ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਪ੍ਰਿਥੀ ਚੰਦ ਨੂੰ ਇਕ ਪਗੜੀ ਦੇ ਦਿੱਤੀ। ਇਸ ਤੋਂ ਉਪਰੰਤ ਸਿੱਖ ਸੰਗਤਾਂ ਨੇ ਪਗੜੀ ਦੀ ਰਸਮ ਪੂਰੀ ਕਰਨ ਲਈ ਸਤਿਗੁਰੂ ਅਰਜਨ ਸਾਹਿਬ ਜੀ ਅੱਗੇ ਆਪਣੀਆਂ ਆਪਣੀਆਂ ਭੇਟਾਵਾਂ ਰੱਖੀਆਂ ਅਤੇ ਸਤਿਗੁਰੂ ਜੀ ਦੀਆਂ ਰਹਿਮਤ ਭਰੀਆਂ ਆਸ਼ੀਰਵਾਦਾਂ ਪ੍ਰਾਪਤ ਕੀਤੀਆਂ। ਇਹ ਵੇਖ ਕੇ ਪ੍ਰਿਥੀ ਚੰਦ ਆਪਣਾ ਅਪਮਾਨ ਸਮਝ ਕੇ ਬਹੁਤ ਹੀ ਕ੍ਰੋਧਤ ਦਸ਼ਾ ਵਿਚ ਆਣ ਕੇ ਗੋਇੰਦਵਾਲ ਤੋਂ ਗੁੱਸੇ ਹੋ ਕੇ ਅੰਮ੍ਰਿਤਸਰ ਆ ਗਿਆ। ਔਰ ਸਤਿਗੁਰੂ ਜੀ ਦੇ ਵਿਰੁੱਧ ਹਰ ਪ੍ਰਕਾਰ ਦੇ ਹੱਥਕੰਡੇ ਵਰਤਣ ਲੱਗਾ।

ਉਕਤ ਦਰਸਾਏ ਖ਼ਿਆਲਾਂ ਦੀ ਹਾਮੀ *ਬੰਸਾਵਲੀ ਨਾਮਾ* ਦਾ ਲਿਖਾਰੀ ਕੁਝ

ਐਸੇ ਹੀ ਸ਼ਬਦਾਂ ਦੇ ਰਾਹੀਂ ਦਰਜ ਕਰਦਾ ਹੈ:

ਭਾਦੋਂ ਸੁਦੀ ਤ੍ਰਿਤੀਆ ਕੀਤਾ ਸਿਸਕਾਰ। ਨਦੀ ਕਿਨਾਰੇ ਸ਼ੁਕਰਵਾਰ।
ਕਿਰਿਆ ਕਰਮ ਸਭ ਕਰਿਵਾਏ।
ਕਰਮਾ ਉਪਰਿ ਪਿਰਥੀਆ ਜੀ ਬੈਠਾਏ।੩੪।
ਸਿਰੀ ਚੰਦ ਸਾਹਿਬ ਜੀ ਪੱਗ ਭਿਜਵਾਈ।
ਇਕ ਪ੍ਰਿਥੀਏ ਨੂੰ ਇਕ ਅਰਜਨ ਨੂੰ ਆਈ।
ਮਰਨ ਦੀ ਪੱਗ ਪ੍ਰਿਥੀਏ ਬਧੀ।
ਗੁਰਿਆਈ ਪੱਗ ਅਰਜਨ ਲੱਧੀ।੩੫। *—ਭੱਟ ਵਹੀ ... ਪੰਨਾ ੪੧*

੩-੫. ਸਤਿਗੁਰੂ ਅਰਜਨ ਸਾਹਿਬ ਪ੍ਰਤੀ ਸੰਗਤ ਦੀ ਸ਼ਰਧਾ

ਗੁਰ-ਗੱਦੀ ਸੌਂਪਣ ਤੋਂ ਪਹਿਲਾਂ ਸਾਹਿਬਜ਼ਾਦਾ (ਗੁਰੂ ਅਰਜਨ ਦੇਵ ਜੀ) ਲਈ ਆਮ ਕਰਕੇ ਸਮੂੰਹ ਸੰਗਤ ਵਿਚ ਖ਼ਾਸ ਕਰਕੇ ਮੋਢੀ ਸਿੱਖਾਂ ਵਿਚ ਅਥਾਹ ਸ਼ਰਧਾ ਪਾਈ ਜਾਂਦੀ ਸੀ। ਸਿੱਖ ਯਾਦ ਵਿਚੋਂ ਇਸ ਪ੍ਰਥਾਇ ਕਈ ਹਵਾਲੇ ਪ੍ਰਾਪਤ ਹੁੰਦੇ ਹਨ, ਜਿਵੇਂ *ਪੰਥ ਪ੍ਰਕਾਸ਼* ਵਿਚ ਦਰਜ ਹੈ:

ਬਾਬੇ ਬੁੱਢੇ ਅਰ ਗੁਰਦਾਸੰ, ਭਾਈ ਸਾਲ੍ਹੋ ਆਦਿ ਵਰੈ।
ਗੁਰ ਸਿਖਨ ਮਿਲ ਕਰਿ ਕਈ ਬਾਰ, ਗੁਰ ਪਾਸ ਰਰਯੋ ਅਸ ਜੋਰਿ ਕਰੈਂ।
ਅਬ ਠੀਕ ਭਯੋ ਗੁਰੁ ਗਾਦੀ ਲਾਯਕ, ਅਰਜਨ ਸਭਿ ਬਿਧਿ ਹਮ ਲਖਯੋ।
ਪੁਨ ਰਾਮਦਾਸ ਸਤਿਗੁਰੂ ਨੇ ਭੀ ਸਮਾਂ ਅਖੀਰੀ ਨਿਕਟ ਪਿਖਯੋ।੧੦੭।
ਤਬ ਰੀਤਿ ਸਭੀ ਗੁਰ ਕੇ ਘਰ ਕੀ, ਕਰਿ ਕੈ ਭਰ ਕੈ ਮਨ ਮੋਦ ਸਹੀ।
ਗੁਰ ਰਾਮਦਾਸ ਨੇ ਦਈ ਗੁਰਯਾਈ, ਗੁਰ ਅਰਜਨ ਕੋ ਠੀਕ ਵਹੀ।੧੦੮।
—ਪੰਥ ਪ੍ਰਕਾਸ਼, ਪੂਰ, ਬਿ: ੧੭, ੬੨੯

ਇਥੇ ਤੀਸਰਾ ਪਰਕਰਣ ਸਮਾਪਤ ਹੁੰਦਾ ਹੈ ਜਿਸ ਵਿਚ ਅੱਠ ਪ੍ਰਕਾਰ ਦੇ ਭੇਦ ਦਰਸਾਏ ਗਏ ਹਨ:

(੧) ਗੁਰ-ਗੱਦੀ ਸੰਸਾਰੀ ਸਦਾਚਾਰਕ ਨੈਤਕ ਗੁਣਾਂ ਦਾ ਬਦਲ ਨਹੀਂ ਹੈ।
(੨) ਗੁਰ-ਗੱਦੀ ਦੀ ਅਜ਼ੀਮ ਪਦਵੀ ਨੂੰ ਦੁਨਿਆਵੀ ਤਰਕ ਦੇ ਅਧੀਨ ਤੋਲਣਾ ਗੁਰ-ਲਿਵ ਵਲੋਂ ਬੇ-ਮੁਖਤਾ ਹੈ।
(੩) ਗੁਰ-ਗੱਦੀ ਰੱਬੀ ਮਾਰਗ ਹੈ, ਰੱਬ ਦੇ ਢੂੰਢਾਊ ਹੀ ਇਸ ਦੀ ਅਜ਼ੀਮ ਹਸਤੀ ਨੂੰ ਸਮਝ ਸਕਣਗੇ।
(੪) ਗੁਰ-ਗੱਦੀ ਕਿਸੇ ਸੇਵਕ ਦੀ ਕੀਤੀ ਨਿਹਕਰਮੀ ਸੇਵਾ ਦਾ ਵਿਰਸਾ ਨਹੀਂ, ਇਹ ਨਿਰੋਲ ਇਲਾਹੀ ਬਖ਼ਸ਼ਸ਼ਾਂ ਦਾ ਅਮੁੱਕ ਭੰਡਾਰਾ ਹੈ।

(੫) ਗੁਰ-ਗੱਦੀ ਕਿਸੇ ਵਰ-ਪ੍ਰਾਪਤੀ ਜਾਂ ਸੰਸਾਰੀ ਰੁਚੀ ਦਾ ਵਿਰਸਾ ਨਹੀਂ, ਇਹ ਬਿਲਾ-ਸ਼ੁਭਾ ਅਗੰਮੀ ਜੋਤਿ ਹੈ, ਜੋ ਸਿਰਫ਼ ਰੱਬੀ ਹੁਕਮ ਦੁਆਰਾ ਹੀ ਵਜੂਦ ਵਿਚ ਆਉਂਦੀ ਹੈ।

(੬) ਗੁਰ-ਗੱਦੀ ਪ੍ਰਵਾਰਿਕ ਅਧਿਕਾਰ ਜਾਂ ਖ਼ਾਨਦਾਨੀ ਵਿਰਸਾ ਨਹੀਂ ਹੈ, ਬਲਕਿ ਗੁਰ-ਗੱਦੀ ਦਾ ਇਲਹਾਮੀ ਤਖ਼ਤ ਸਦੀਵੀ ਕਾਇਮ ਦਾਇਮ ਰਹੇਗਾ।

(੭) ਗੁਰ-ਗੱਦੀ ਇਨਸਾਨੀ ਹੱਕ ਨਹੀਂ ਹੈ, ਬਲਕਿ ਰੱਬ ਵਲੋਂ ਇਨਾਇਤ ਹੋਏ ਇਲਾਹੀ ਹੁਕਮ ਦੇ ਰਾਹੀਂ ਹਾਸਲ ਹੋਈ ਪੈਗ਼ੰਬਰੀ ਰਹੱਸ ਦਾ ਅਹਿੱਲ ਤਖ਼ਤ ਹੈ, ਜਿਥੋਂ ਹਰ ਫ਼ਰਦੋ-ਬਸ਼ਰ ਵਰੋਸਾਇਆ ਜਾਵੇਗਾ।

(੮) ਪ੍ਰਿਥੀ ਚੰਦ ਇਲਾਹੀ ਫ਼ਜ਼ੀਲਤ ਦੇ ਮਰਮ ਨੂੰ ਨਹੀਂ ਸਮਝ ਸਕਿਆ, ਉਸ ਨੇ ਗੁਰ-ਗੱਦੀ ਦੀ ਪਰਾ-ਰਹਿਮਤ ਅਤੇ ਪਰਾ-ਸ਼ਕਤੀ ਨੂੰ ਸੰਸਾਰੀ ਚੌਖਟੇ ਵਿਚ ਰੱਖ ਕੇ ਤੋਲਿਆ ਤੇ ਵੈਰ ਵਿਰੋਧ ਦੀ ਉਪਾਧੀ ਦਾ ਕਲੰਕ ਖੱਟਿਆ, ਜਿਥੋਂ ਘਰੇਲੂ ਵਾਦ-ਵਿਵਾਦ ਦਾ ਅਰੰਭ ਹੋਇਆ, ਜੋ ਸਤਿਗੁਰੂ ਜੀ ਦੀ ਪਾਵਨ ਸ਼ਹੀਦੀ ਦੇ ਬਹੁ-ਕਾਰਨਾਂ ਵਿਚੋਂ ਇਕ ਕਾਰਨ ਬਣਿਆ।

ਚੌਥਾ ਪਰਕਰਣ—

ਸਿੱਖੀ ਕੇਂਦਰ ਦੀ ਸਥਾਪਨਾ

ਕਿਸੇ ਕੌਮ ਦੇ ਨਿਕਾਸ ਲਈ, ਵਿਕਾਸ ਲਈ ਅਤੇ ਇਤਿਹਾਸ ਦੀ ਪੂਰਨ ਸੂਹਜ ਵਾਸਤੇ ਤਿੰਨਾਂ ਵਸਤੂਆਂ ਦਾ ਹੋਣਾ ਅਤਿਅੰਤ ਲਾਜ਼ਮੀ ਹੁੰਦਾ ਹੈ:

(੧) ਕੇਂਦਰ, (੨) ਆਪਣੀ ਭਾਸ਼ਾ, (੩) ਰੂਹਾਨੀ ਕਿਤਾਬ

ਆਪਣਾ ਕੇਂਦਰੀ ਅਸਥਾਨ :

ਜਿਸ ਦੇ ਉਦਾਲੇ ਕੌਮ ਪਰਕਰਮਾ ਕਰ ਸਕੇ, ਜਿਸ ਦੀ ਨੂਰਾਨੀ ਝਲਕ ਵਿਚ ਜੀਵਨ ਦਾ ਪੰਧ ਸਫਲਤਾ ਪੂਰਬਕ ਤੈਅ ਕਰ ਸਕੇ, ਜਿਸ ਦੇ ਧੁਰੇ ਨਾਲ ਜੁੜ ਕੇ ਜਾਨ, ਮਾਲ, ਇੱਜ਼ਤ ਅਤੇ ਈਮਾਨ ਦੀ ਸਲਾਮਤੀ ਮਹਿਸੂਸ ਹੋਵੇ। ਜਿਵੇਂ ਇਕ ਨਿੱਕੇ ਜਿਹੇ ਅੱਕ ਦੇ ਬੂਟੇ ਨਾਲ ਜੁੜੀਆਂ ਅੱਕ ਦੀਆਂ ਕੱਕੜੀਆਂ ਆਪਣੇ ਆਪ ਨੂੰ ਮਹਿਫ਼ੂਜ਼ (ਸੁਰੱਖਿਅਤ) ਸਮਝਦੀਆਂ ਹਨ। ਪਰ ਜਦੋਂ ਕੋਈ ਅੱਕ ਦੀ ਇਕ ਕੱਕੜੀ ਅੱਕ ਨਾਲੋਂ ਟੁੱਟ ਕੇ ਸੰਸਾਰੀ ਚੌਖਟੇ ਵਿਚ ਡਿੱਗ ਪੈਂਦੀ ਹੈ, ਤਦ ਜ਼ਮਾਨੇ ਦਾ ਬੇ-ਰਹਿਮ ਝੱਖੜ ਉਸ ਦੀਆਂ ਨਰਮ ਨਰਮ ਰੂਈ ਜੈਸੀਆਂ ਪੱਤੀਆਂ ਨੂੰ ਰੇਜ਼ਾ ਰੇਜ਼ਾ ਕਰ ਕੇ ਪਾਮਾਲ ਕਰ ਦਿੰਦਾ ਹੈ। ਐਸਾ ਕਿਉਂ ਹੋਇਆ ? ਕਿਉਂਕਿ ਉਹ ਅੱਕ ਦੀ ਕੱਕੜੀ ਕੇਂਦਰ-ਹੀਣ ਹੋ ਗਈ, ਪਾਵਨ ਗੁਰਬਾਣੀ ਵਿਚ ਇਸ ਦੁਖਾਂਤ ਨੂੰ ਨਿਮਨ-ਲਿਖਤ ਦੇ ਅਨੁਸਾਰ ਪੇਸ਼ ਕੀਤਾ ਗਿਆ ਹੈ:

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥੧॥

—ਗਉੜੀ ਵਾਰ, ਮ: ੫, ਪੰਨਾ ੩੧੯-੧੩

ਸਾਨੂੰ ਕੇਂਦਰ ਦੀ ਲੋੜ ਇਸ ਵਾਸਤੇ ਪਈ, ਤਾਕਿ ਅਸੀਂ ਸੰਸਾਰੀ ਭਰਮਾਂ ਦੀ ਬਿਪਰ-ਚੇਤਨਾ ਤੋਂ ਛੁਟਕਾਰਾ ਪਾ ਸਕੀਏ। ਔਰ ਆਪਣਾ ਵਿਕਾਸ ਅਤੇ ਨਿਵਾਸ ਸਦੀਵ ਕਾਲ ਲਈ ਪਰਾ-ਚੇਤਨਾ ਵਿਚ ਕਰ ਸਕੀਏ। ਵਾਹਿਗੁਰੂ ਦੇ ਪਾਵਨ ਚਰਨਾਂ ਨਾਲ ਜੁੜੇ ਰਹੀਏ। ਜੇਕਰ ਅੱਜ ਅਸਾਡੇ ਪਾਸ ਸਿੱਖੀ ਕੇਂਦਰ

ਨਾ ਹੁੰਦਾ ਤਦ ਅਸਾਡੀ ਹਾਲਤ ਅੱਕ ਦੀਆਂ ਕੱਕੜੀਆਂ ਵਾਲੀ ਹੋਣੀ ਸੀ। ਅਸੀਂ ਸਤਿਗੁਰੂ ਜੀ ਦੇ ਪਰਉਪਕਾਰ ਦਾ ਇਵਜ਼ਾਨਾ ਕਦੇ ਭੀ ਨਹੀਂ ਚੁਕਾ ਸਕਦੇ, ਜਿਨ੍ਹਾਂ ਅਸਾਨੂੰ ਸਿੱਖੀ ਕੇਂਦਰ ਦਰਬਾਰ ਸਾਹਿਬ ਇਲਾਹੀ ਰਹਿਮਤ ਵਜੋਂ ਇਕ ਅਮੁੱਲੀ ਦਾਤਿ ਬਖ਼ਸ਼ਿਸ਼ ਕੀਤੀ ਹੈ।

ਸਿੱਖੀ ਕੇਂਦਰ ਇਕ ਧੁਰਾ ਹੈ, ਜਿਸ ਦੇ ਚੌਗਿਰਦੇ ਸਮੂੰਹ ਮਾਨਵਤਾ, ਖ਼ਾਸ ਕਰਕੇ ਸਿੱਖੀ ਜਗਤ ਆਪਣੀ ਅਮੋਲਕ ਜ਼ਿੰਦਗੀ ਦਾ ਘੁਮਾਉ ਘੁੰਮਦਾ ਹੈ। ਜੋ ਕੋਈ ਭੀ ਧੁਰੇ ਨਾਲ ਜੁੜਿਆ ਰਹਿੰਦਾ ਹੈ, ਉਹ ਚੱਕੀ ਦੀ ਕਿੱਲੀ ਨਾਲ ਜੁੜੇ ਦਾਣਿਆਂ ਵਾਂਙੂ ਮਹਿਫ਼ੂਜ਼ ਰਹਿੰਦਾ ਹੈ, ਪਰੰਤੂ ਜੋ ਪ੍ਰਾਣੀ ਚੱਕੀ ਦੇ ਧੁਰੇ ਤੋਂ ਲਾਂਭੇ ਹਟ ਜਾਂਦਾ ਹੈ, ਉਹ ਸੰਸਾਰੀ ਪੁੜਾਂ ਦੇ ਥੱਲੇ ਆਣ ਕੇ ਚੱਕੀ ਦੇ ਦਾਣਿਆਂ ਵਾਂਙੂ ਪੀਠਿਆ ਜਾਂਦਾ ਹੈ। ਪਾਵਨ ਗੁਰਬਾਣੀ ਦਾ ਵਾਕ ਹੈ:

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥੧॥

—ਮਾਝ ਵਾਰ, ਮ: ੧, ਪੰਨਾ ੧੪੨-੧੯

ਸਿੱਖੀ ਕੇਂਦਰ ਮਾਨਵ ਜੀਵਨ ਦਾ ਉਹ ਦ੍ਰਿਸ਼ਟੀ-ਮਾਨ ਬਿੰਦੂ ਹੈ, ਜਿਸ ਨਾਲ ਜੁੜਿਆਂ ਸਿੱਖੀ ਆਪਣਾ ਨਿਕਾਸ ਖੋਜਦੀ ਹੈ। ਰੱਬੀ ਰਹੱਸ ਵਿਚ ਵਿਚਰਦੀ ਹੋਈ ਆਪਣਾ ਵਿਕਾਸ ਨੇਪਰੇ ਚਾੜ੍ਹਦੀ ਹੈ, ਔਰ ਸੁਹਜ-ਮਈ ਇਤਿਹਾਸ ਦੀ ਸਿਰਜਨਾ ਕਰਦੀ ਹੈ। ਕੇਂਦਰ ਨਾਲ ਬੱਧਾ ਹੋਇਆ ਸਿਖ ਦੇਹੀ ਦੇ ਦੀਖਤ ਪੈਂਡੇ ਨੂੰ ਸਫਲਤਾ ਸਹਿਤ ਸੰਪੂਰਨ ਕਰ ਕੇ ਬਿ-ਦੇਹੀ ਵਿਚ ਲੀਨਤਾ ਪ੍ਰਾਪਤ ਕਰਦਾ ਹੈ। ਭਾਵ ਆਪਣੀ ਤੁੱਛ ਇਕਾਈ ਨੂੰ ਕਾਇਮ ਰੱਖਦਾ ਹੋਇਆ ਆਪ ਮੂਲਕ ਅੰਸ਼ ਵਿਚ ਅਭੇਦ ਹੋ ਜਾਂਦਾ ਹੈ।

ਇਨ੍ਹਾਂ ਕਾਰਨਾਂ ਨੂੰ ਧਿਆਨ ਵਿਚ ਰੱਖਦਿਆਂ ਸਤਿਗੁਰੂ ਅਰਜਨ ਦੇਵ ਜੀ ਨੇ ਪਹਿਲੇ ਚੌਹਾਂ ਸਤਿਗੁਰਾਂ ਦੇ ਚਾਲੂ ਕੀਤੇ ਇਲਾਹੀ ਪ੍ਰੋਗਰਾਮ ਦੇ ਅਧੀਨ ਸਿੱਖੀ ਕੇਂਦਰ ਦੀ ਨੁਹਾਰ ਨੂੰ ਅੰਤਮ ਵਜੂਦ ਦੇ ਕੇ ਪਾਇਆ-ਏ-ਤਕਮੀਲ ਦਾ ਰੱਬੀ ਹੁਸਨ ਬਖ਼ਸ਼ਿਆ। ਭਾਵ ਅੰਮ੍ਰਿਤਸਰ ਸ਼ਹਿਰ, ਅੰਮ੍ਰਿਤ ਸਰੋਵਰ, ਦਰਬਾਰ ਸਾਹਿਬ ਨੂੰ ਅਥਵਾ ਹਰਿਮੰਦਰ ਨੂੰ ਸਾਜ ਕੇ ਇਲਾਹੀ ਮਨਜ਼ੂਰੀ ਦੀ ਮੋਹਰ ਲਾ ਦਿੱਤੀ। ਇਹੀ ਵੱਡਾ ਕਾਰਨ ਹੈ ਕਿ ਇਹ ਕੇਂਦਰ ਬੇ-ਨਜ਼ੀਰ ਹੈ। ਆਪਣੀ ਉਦਾਹਰਣ ਕੇਵਲ ਆਪ ਹੀ ਹੈ। ਇਸ ਇਲਾਹੀ ਕੇਂਦਰ ਦੀ ਸਿਫ਼ਤ-ਸਾਲਾਹ ਕਰਦਿਆਂ ਹਜ਼ੂਰ ਫ਼ੁਰਮਾਨ ਕਰਦੇ ਹਨ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥

ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦॥

—ਫੁਨਹੇ ਮ: ੫, ਪੰਨਾ ੧੩੬੨-੧੦

ਸਿੱਖੀ ਕੇਂਦਰ ਅੰਮ੍ਰਿਤਸਰ ਦੇ ਵਿਕਾਸ ਦੀ ਖ਼ਾਤਰ ਕੁਝ ਲਿਖਾਰੀਆਂ ਦੇ ਖ਼ਿਆਲਾਂ ਵਿਚ ਥੋੜ੍ਹਾ ਬਹੁਤ ਮਤ-ਭੇਦ ਹੈ, ਪਰ ਇਕ ਗੱਲ ਨਿਰਸੰਦੇਹ ਆਖੀ ਜਾ ਸਕਦੀ ਹੈ ਕਿ ਇਸ ਮਹਾਨ ਸਿੱਖੀ ਕੇਂਦਰ ਦੀ ਚੋਣ ਸਤਿਗੁਰੂ ਨਾਨਕ ਦੇਵ ਜੀ ਹੀ ਕਰ ਗਏ ਸਨ। ਸੱਯਦ ਮੁਹੰਮਦ ਲਤੀਫ਼ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਭੀ ਇਸ ਪਾਵਨ ਅਸਥਾਨ 'ਤੇ ਬਿਰਾਜੇ ਸਨ।[1]

ਸਤਿਗੁਰੂ ਅਮਰਦਾਸ ਜੀ ਭੀ ਇਸ ਪਾਵਨ ਅਸਥਾਨ 'ਤੇ ਗਾਹੇ-ਬਗਾਹੇ ਆਉਂਦੇ ਰਹੇ। ਆਪ ਜੀ ਨੇ ਇਸ ਅਸਥਾਨ ਦੀ ਰਮਣੀਕਤਾ ਨੂੰ ਮੁੱਖ ਰੱਖਦੇ ਹੋਏ ਸੰਮਤ ੧੬੨੦ ਬਿਕ੍ਰਮੀ (ਮੁਤਾਬਿਕ ਸੰਨ ੧੫੬੪ ਈਸਵੀ) ਨੂੰ ਇਸ ਅਸਥਾਨ ਨੂੰ ਸਿੱਖੀ ਕੇਂਦਰ ਬਨਾਵਣ ਲਈ ਆਪਣੀ ਮਨਜ਼ੂਰੀ ਬਖ਼ਸ਼ੀ।[2]

ਸਤਿਗੁਰੂ ਅਮਰਦਾਸ ਜੀ ਨੇ ਅੰਮ੍ਰਿਤ ਕੁੰਡ ਦੀ ਖੁਦਾਈ ਵਾਸਤੇ ਭਾਈ ਜੇਠਾ (ਸਤਿਗੁਰੂ ਰਾਮਦਾਸ) ਜੀ ਨੂੰ ਹੁਕਮ ਕੀਤਾ ਕਿ ਅੰਮ੍ਰਿਤ ਕੁੰਡ ਦੀ ਖੁਦਾਈ ਕੀਤੀ ਜਾਵੇ। ਉਕਤ ਲਿਖਤ ਦੀ ਹਾਮੀ ਕਵੀ ਜੀ ਨਿਮਨ-ਲਿਖਤ ਦੇ ਅਨੁਸਾਰ ਭਰਦੇ ਹਨ :

ਦੋਹਰਾ : ਕਿਤਕ ਦਿਵਸ ਜਲ ਢਿਗ ਰਹੇ ਸੋਢੀ ਕੁਲ ਸਿਰਮੌਰ ॥
ਕਰਯੋ ਹੁਕਮ ਸ੍ਰੀ ਗੁਰ ਅਮਰ ਕਰਹੁ ਕਾਰ ਅਬਿ ਔਰ ॥੧॥......

ਚੌਪਈ : ਤਿਸ ਤੇ ਉਰੇ ਨਿੰਮ੍ਰਥਲ ਜਹਾਂ ॥
ਦੂਸਰ ਤਾਲ ਖਲਾਵਹੁ ਤਹਾਂ ॥੩॥

---

1. One day Nanak, becoming thirsty, asked Budha, who was attending his cattle near a village, to bring some water in a vessel from a tank close by. Budha said there was a tank, but it was dry, Nanak said, "Go and see ; the tank is not dry." Budha went and to his ashtonishment saw that the tank was full of water, although it had not a drop in it in the morning. He brought water for Nanak, and became his disciple. At this place Guru Arjan constructed a new tank and called it Amritsar, or the "Water of Immortality."

(Syad M. Latif, p. 247-248)

੨. *ਦੇਖੋ ਕਰਣੀ ਪ੍ਰਧਾਨ*, ਪੰਨਾ ੧੫੨, ਅਧਿ: ੮, ਕਾਂਡ ੬੭।
ਗੋਲਡਨ ਟੈਂਪਲ ਅੰਮ੍ਰਿਤਸਰ, ਸ: ਸੁੰਦਰ ਸਿੰਘ ਰਾਮਗੜ੍ਹੀਆ, ੧੯੦੪, ਪੰਨਾ ੫।

ਸ੍ਰੀ ਅੰਮ੍ਰਿਤਸਰ ਨਾਮ ਧਰੀਜੈ ॥
ਜਾਇ ਕਿਤਕ ਖਨਾਵਨ ਕੀਜੈ ॥੪॥
ਸਮੋਂ ਪਾਇ ਪਾਕੋ ਹੁਇ ਸਾਰੋ ॥
ਪ੍ਰਥਮ ਜਾਇ ਉੱਦਮ ਤੁਮ ਧਾਰੋ ॥੫॥

—*ਸੂਰਜ ਪ੍ਰਕਾਸ਼, ਰਾਸ ੨, ਅੰਸੂ ੧੩, ਪੰਨਾ ੧੬੯੧*

ਸਤਿਗੁਰੂ ਅਮਰਦਾਸ ਜੀ ਦਾ ਹੁਕਮ ਪਾ ਕੇ, ਕੁਝ ਪਤਵੰਤੇ ਸਿੱਖਾਂ ਨੂੰ ਨਾਲ ਲੈ ਕੇ (ਗੁਰੂ) ਰਾਮਦਾਸ ਜੀ ਪੰਜ ਹਾੜ, ਵਦੀ ੧੩, ਸੰਮਤ ੧੬੨੭ ਬਿਕ੍ਰਮੀ (ਮੁਤਾਬਿਕ ਸੰਨ ੧੫੭੦) ਨੂੰ ਸੁਲਤਾਨਵਿੰਡ ਪਿੰਡ ਦੀ ਜੂਹ ਵਿਚ ਜਿਥੇ ਅਜ ਗੁਰੂ ਕੇ ਮਹਿਲ ਅਤੇ ਗੁਰੂ ਕਾ ਬਾਜ਼ਾਰ ਹੈ, ਬੁਨਿਆਦੀ ਮੋੜ੍ਹੀ ਆਣ ਗੱਡੀ। ਇਸ ਨਵੇਂ ਨਗਰ ਦਾ ਨਾਮ ਰਾਮਦਾਸਪੁਰਾ ਰੱਖਿਆ।[1]

ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਸਿੱਖੀ ਕੇਂਦਰ ਸ੍ਰੀ ਅੰਮ੍ਰਿਤਸਰ ਦੇ ਨਿਕਾਸ ਵਿਕਾਸ ਅਤੇ ਇਤਿਹਾਸ ਪ੍ਰਤੀ ਐਸੇ ਦਰਜ ਕਰਦੇ ਹਨ :

ਇਕ ਨਯੋ ਸੁ ਨਗਰ ਬਸਾਇ ਦਯੋ,
ਸੰਮਤ ਸੋਲਾਂ ਸੈ ਸਤ ਬੀਸ ਮਹੇਂ। (ਸੰਨ ੧੫੭੦)
ਰਾਮਦਾਸ ਪੁਰਾ ਤਿਹ ਨਾਮ ਧਰਯੋ ਅਬ ਅੰਮ੍ਰਿਤਸਰ ਜਨ ਜਾਂਹਿ ਕਹੇਂ।...
ਗੁਰੁ ਆਦਿ ਜੁਗਾਦੀ ਅਮਰ ਕੀ ਰੀਤੀ ਰਾਮਦਾਸ ਸਭਿ ਭਲੇ ਗਹੀ।
ਬਹੁ ਸੰਗਤਿ ਦੇਸ ਬਦੇਸਨ ਤੇ, ਨਿਤ ਆਵਤ ਜਾਵਤ ਰਹੇ ਤਹੀਂ ।੫੮॥
ਅਮਰਦਾਸ ਗੁਰੁ ਰਾਮਦਾਸ ਕੋ, ਖਾਸ ਕਹਯੋ ਥਾ ਇਕ ਦਿਵਸੰ ॥
ਪੁਰ ਰਾਮਦਾਸ ਪਾਸ ਇਕ ਤੀਰਥ, ਅਤਿ ਨੀਕੋ ਹੈ ਪੁਰਾ ਦਿਸੰ ॥੫੯॥

—*ਪੰਥ ਪ੍ਰਕਾਸ਼, ਪੂਰ: ਬਿਸ: ੧੭, ਪੰਨਾ ੬੧੮*

ਬਹੁਤ ਦੂਰ ਦੁਰੇਡੇ ਦੀ ਸੰਗਤ ਸਿੱਖੀ ਕੇਂਦਰ ਵਿਚ ਇਕੱਤ੍ਰ ਹੋਣੀ ਆਰੰਭ ਹੋ ਗਈ। ਆਮ ਲੋਕ ਅੱਨਯ-ਮੱਤੀਆਂ ਦੀਆਂ ਨਿਘਾਰੂ ਰੀਤੀਆਂ ਨੂੰ ਤਿਆਗ ਕੇ ਸਿੱਖੀ ਵਿਚ ਪ੍ਰਵੇਸ਼ ਕਰਨ ਲੱਗੇ, *ਪੰਥ ਪ੍ਰਕਾਸ਼* ਨਿਮਨ-ਲਿਖਤ ਸ਼ਬਦਾਂ ਵਿਚ ਬਿਆਨ ਕਰਦਾ ਹੈ :

ਰਾਮਦਾਸ ਗੁਰੂ ਇਸੀ ਤੇ, ਆਇ ਬੈਠ ਇਸ ਥਾਂਇ ॥
ਭਜਨ ਕਰੇ ਪਰਮੇਸੁਰ ਕੋ ਤਾਲ ਖਦਾਵਹਿ ਸਾਇ ॥੬੦॥
ਲੋਕ ਦੇਸ ਕੇ ਆਇ ਬਹੁ ਛਕਿ ਲੰਗਰ ਪ੍ਰਸਾਦ ॥
ਦਰਸ ਭਜਨ ਕਰਿ ਤਾਲ ਕੋ ਖੋਦੇਂ ਸਹਿ ਅਹਿਲਾਦ ॥੬੧॥

—*ਪੰਥ ਪ੍ਰਕਾਸ਼, ਪੁਰ: ਬਿਸ: ੧੭, ਪੰਨਾ ੬੧੮*

---

1. *ਤਵਾਰੀਖ ਗੁਰੂ ਖਾਲਸਾ* ਵਾਰਤਕ, ਪੰਨਾ ੧੫੬-੧੫੭; *ਕਰਣੀ ਪ੍ਰਧਾਨ*, ਪੰਨਾ ੧੪੮, ਅਧਿ: ੮, ਕਾਂਡ ੬੭।

ਉਕਤ ਦਰਸਾਈਆਂ ਗੱਲਾਂ ਉਸ ਸਮੇਂ ਨਾਲ ਸਬੰਧ ਰੱਖਦੀਆਂ ਹਨ, ਜਦੋਂ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਨਿਵਾਸ ਰੱਖਦੇ ਸਨ, ਆਪ ਜੀ ਗਾਹੇ-ਬਗਾਹੇ ਅੰਮ੍ਰਿਤਸਰ ਦੇ ਤਾਲਾਬ ਦੀ ਖੁਦਾਈ ਦਾ ਵੇਰਵਾ ਪ੍ਰਾਪਤ ਕਰਦੇ ਰਹਿੰਦੇ ਸਨ। ਸਤਿਗੁਰੂ ਅਮਰਦਾਸ ਜੀ ਦੀ ਨਿਗਰਾਨੀ ਵਿਚ ਸਿੱਖੀ ਕੇਂਦਰ ਦਾ ਵਿਕਾਸ ਸੰਨ ੧੫੬੩-੧੫੭੪ ਤਕ ਲਗਾਤਾਰ ਯਾਰ੍ਹਾਂ ਸਾਲ ਚਲਦਾ ਰਿਹਾ।

ਸੰਨ ੧੫੭੪ ਵਿਚ ਸਤਿਗੁਰੂ ਅਮਰਦਾਸ ਸਾਹਿਬ ਜੀ ਜੋਤੀ ਜੋਤਿ ਸਮਾ ਗਏ, ਇਸ ਤੋਂ ਬਾਅਦ ਸਤਿਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਤੋਂ ਹਿਜਰਤ ਕਰ ਕੇ ਪੱਕੇ ਤੌਰ 'ਤੇ ਅੰਮ੍ਰਿਤਸਰ ਸਾਹਿਬ ਆਣ ਬਿਰਾਜੇ। ਆਪ ਜੀ ਨੇ ਆਪਣੀ ਬਾਕੀ ਦੀ ਸਾਰੀ ਆਯੂ ਇਸ ਸਿੱਖੀ ਕੇਂਦਰ ਦੇ ਵਿਕਾਸ ਦੀ ਖ਼ਾਤਰ ਹੀ ਸਰਫ਼ ਕੀਤੀ, ਤਾਕਿ ਦੁਨੀਆ ਦੇ ਇਨਸਾਨ ਨੂੰ ਇਸ ਇਲਾਹੀ ਕੇਂਦਰ ਵਲੋਂ ਰੱਬੀ ਰਹੱਸ ਦੀ ਅਣਮੁੱਲੀ ਦਾਤਿ ਪ੍ਰਾਪਤ ਹੁੰਦੀ ਰਹੇ। ਸਿੱਖ ਯਾਦ ਅਤੇ ਸਿੱਖੀ ਇਤਿਹਾਸ ਇਸ ਅਦੁੱਤੀ ਕਾਰਜ ਪ੍ਰਤੀ ਆਪਣੀ ਆਪਣੀ ਯੋਗਤਾ ਦੇ ਅਨੁਸਾਰ ਸਤਿਗੁਰੂ ਰਾਮਦਾਸ ਜੀ ਦੇ ਅਤਿਅੰਤ ਹੀ ਰਿਣੀ ਹਨ। ਇਸ ਇਤਿਹਾਸਕ ਵਿਸ਼ੇਸ਼ਤਾ ਦਾ ਜ਼ਿਕਰ *ਅੰਮ੍ਰਿਤਸਰ ਗਜ਼ਿਟੀਅਰ* ਵਿਚ ਨਿਮਨ ਲਿਖਤ ਦੇ ਅਨੁਸਾਰ ਤਹਰੀਰੀ ਪ੍ਰਮਾਣ ਵਜੋਂ ਪ੍ਰਾਪਤ ਹੁੰਦਾ ਹੈ ਕਿ ਇਹ ਅੰਮ੍ਰਿਤਸਰ ਦੀ ਪੰਜ ਸੌ ਬੀਘਾ ਜ਼ਮੀਨ ਜਿਸ ਦੀ ਕੀਮਤ ੭੦੦ ਅਕਬਰੀ ਰੁਪਏ ਨੂੰ ਖ਼ਰੀਦੀ ਗਈ, ਇਹ ਰਕਮ ਤੁੰਗ ਪਿੰਡ ਦੇ ਜ਼ਿਮੀਦਾਰਾਂ ਨੂੰ ਦਿੱਤੀ ਗਈ ਔਰ ਇਸੇ ਜ਼ਮੀਨ ਵਿਚ ਸਤਿਗੁਰੂ ਰਾਮਦਾਸ ਜੀ ਨੇ ਆਪਣੇ ਰਹਿਣ ਲਈ ਅਸਥਾਨ ਬਣਵਾਇਆ, ਜਿਸ ਨੂੰ ਗੁਰੂ ਕੇ ਮਹਿਲ ਆਖਿਆ ਜਾਂਦਾ ਹੈ।[1]

ਤਾਲਾਬ ਦੀ ਖੁਦਾਈ ਦੇ ਨਾਲ ਨਾਲ ਅੰਮ੍ਰਿਤਸਰ ਨਗਰ ਭੀ ਬੜੀ ਤੇਜ਼ੀ ਨਾਲ ਵੱਸਣਾ ਆਰੰਭ ਹੋਇਆ, ਇਸ ਨਗਰ ਦਾ ਨਾਮ ਸ਼ੁਰੂ ਸ਼ੁਰੂ ਵਿਚ 'ਗੁਰੂ ਕਾ ਚੱਕ' ਰੱਖਿਆ ਗਿਆ, ਫਿਰ 'ਰਾਮਦਾਸ ਪੁਰਾ' ਪ੍ਰਸਿੱਧ ਹੋਇਆ, ਅੰਤ ਨੂੰ ਅੰਮ੍ਰਿਤ ਸਰੋਵਰ ਦੇ ਨਾਮ ਨਾਲ ਹੀ 'ਅੰਮ੍ਰਿਤਸਰ' ਨਾਮ ਇਤਿਹਾਸ ਵਿਚ ਮਸ਼ਹੂਰ ਹੋ ਗਿਆ।

ਸਿੱਖੀ ਕੇਂਦਰ ਉਸਾਰੀ ਦਾ ਜੋ ਕਾਰਜ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਜ਼ਮਾਨੇ ਵਿਚ ਹੀ ਆਰੰਭ ਹੋ ਚੁੱਕਾ ਸੀ, ਉਸ ਕਾਰਜ ਦੀ ਉੱਨਤੀ ਸਤਿਗੁਰੂ ਰਾਮਦਾਸ ਜੀ ਦੇ ਸਮੇਂ ਵਿਚ ਕਾਫ਼ੀ ਤੇਜ਼ ਗਤੀ ਦੁਆਰਾ ਅੱਗੇ ਵਧਦੀ ਗਈ,

---

1. In 1577 A.D., he (Guru Ramdas) obtained a grant of the site, together with 500 Bighas of land from the Emperor Akbar on payment of Rs. 700 Akbary to Zimindars of Tung, who owned the land. *(The Amritsar Gazetteer, 1883-84, p. 61)*

ਪਰੰਤੂ ਇਸ ਸਾਰੇ ਕਾਰਜ ਦੀ ਸੰਪੂਰਣਤਾ ਸਤਿਗੁਰੂ ਅਰਜਨ ਸਾਹਿਬ ਜੀ ਦੀ ਨਿਗਰਾਨੀ ਵਿਚ ਹੀ ਪਾਇਆ-ਏ-ਤਕਮੀਲ ਤਕ ਪਹੁੰਚੀ, ਜਿਸ ਵਿਚ ਹਰਿਮੰਦਰ ਸਾਹਿਬ ਦੀ ਉਸਾਰੀ, ਸਰੋਵਰ ਦੀਆਂ ਦੀਵਾਰਾਂ ਨੂੰ ਪੱਕੀਆਂ ਕਰਨਾ, ਦਰਸ਼ਨੀ ਡਿਉਢੀ ਤੋਂ ਹਰਿਮੰਦਰ ਸਾਹਿਬ ਤਕ ਪੁਲ ਦੀ ਉਸਾਰੀ ਸ਼ਾਮਿਲ ਹਨ। ਸਿੱਖੀ ਕੇਂਦਰ ਦੀ ਸੰਪੂਰਣਤਾ ਉਪਰੰਤ ਸਤਿਗੁਰੂ ਅਰਜਨ ਸਾਹਿਬ ਜੀ ਨੇ ਪੈਗ਼ੰਬਰੀ-ਲਿਵ ਵਿਚ ਲੀਨ ਹੋ ਕੇ ਵਾਹਿਗੁਰੂ ਦੀ ਹਜ਼ੂਰੀ ਵਿਚ ਸ਼ੁਕਰਾਨੇ ਵਜੋਂ ਨਿਮਨ-ਲਿਖਤ ਇਲਾਹੀ ਧੁਨ ਉਚਾਰਨ ਕੀਤੀ :

ਸੰਤਾ ਕੇ ਕਾਰਜਿ ਆਪਿ ਖਲੋਇਆ,
ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ,
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ,
ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ,
ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ,
ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ,
ਨਾਨਕ ਨਾਮੁ ਧਿਆਇਆ ॥੧॥ *—ਸੂਹੀ ਮਹਲਾ ੫, ਪੰਨਾ ੭੮੩-੧੬*

ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕਾਰਜ ਜਿਸ ਵੇਲੇ ਸੰਪੂਰਣ ਹੋ ਗਿਆ, ਹਜ਼ੂਰ ਪੰਚਮ ਨਾਨਕ (ਗੁਰੂ ਅਰਜਨ ਦੇਵ) ਜੀ ਨੇ ਇਸ ਕਾਮਯਾਬੀ ਦਾ ਸਿਹਰਾ ਆਪਣੇ ਨਾਮ ਨਾਲ ਨਹੀਂ ਜੋੜਿਆ ਬਲਕਿ ਸਿਰਜਣਹਾਰ ਵਾਹਿਗੁਰੂ ਦੀ ਰਹਿਮਤ ਦਾ ਤੁਫ਼ੈਲ ਦਰਸਾਇਆ ਅਤੇ ਸਮੂੰਹ ਸੰਗਤ ਦੀ ਹੌਸਲਾ ਅਫ਼ਜ਼ਾਈ ਕੀਤੀ। ਹਜ਼ੂਰ ਕਥਨ ਕਰਦੇ ਹਨ :

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥

—ਸੂਹੀ ਮ: ੫, ਪੰਨਾ ੭੮੪-੪

ਸਿੱਖੀ ਕੇਂਦਰ ਨੂੰ ਹੋਰ ਵਧੇਰੇ ਸ਼ਕਤੀਸ਼ਾਲੀ ਬਣਾਉਣ ਲਈ ਸਤਿਗੁਰੂ ਅਰਜਨ ਦੇਵ ਜੀ ਵਲੋਂ ਅਨੇਕਾਂ ਹੀ ਹੋਰ ਕਾਰਜ ਪਰਜਾ ਦੀ ਬੇਹਤਰੀ ਲਈ ਆਰੰਭ ਕੀਤੇ ਗਏ। ਇਨ੍ਹਾਂ ਕਾਰਜਾਂ ਦੀ ਕਾਮਯਾਬੀ ਲਈ ਹਰ ਪ੍ਰਕਾਰ ਦੀਆਂ

ਵਸਤੂਆਂ ਦੀ ਕਾਫ਼ੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਸੀ, ਖ਼ਾਸ ਕਰਕੇ ਮਾਇਆ ਅਤੇ ਨਿਰ-ਇੱਛਤ ਸੇਵਕਾਂ ਦੀ ਕਾਫ਼ੀ ਲੋੜ ਸੀ। ਇਸ ਯੋਜਨਾ ਨੂੰ ਸਫਲਤਾ ਪੂਰਬਕ ਸਰੰਜਾਮ ਦੇਣ ਲਈ ਮੰਜੀਆਂ ਦੀ ਬਜਾਏ ਮਸੰਦ ਸੰਸਥਾ ਕਾਇਮ ਕੀਤੀ ਗਈ।[1]

ਮਸੰਦ ਸ਼ਬਦ ਦਾ ਨਿਕਾਸ ਅਰਬੀ ਭਾਸ਼ਾ ਵਿਚੋਂ ਹੈ, ਜਿਸ ਦਾ ਅਸਲੀ ਰੂਪ 'ਮਸਨਦ' ਹੈ। ਇਸ ਦੇ ਅਰਥ ਹਨ: ਤਕੀਆ ਲਗਾ ਕਰ ਬੈਠਨੇ ਕੀ ਜਗ੍ਹਾ, ਤਖ਼ਤ, ਤਕੀਆ ਗਾਹ, ਜੋ ਮਸਨਦ ਉਪਰ ਬੈਠੇ ਉਹ ਮਸਨਦ ਦਾਰ ਹੈ। ਇਸਲਾਮੀ ਹਕੂਮਤ ਵੇਲੇ ਇਹ ਲਫ਼ਜ਼ ਬਾਦਸ਼ਾਹ ਦੇ ਅਹਿਲਕਾਰਾਂ ਲਈ ਵਰਤਿਆ ਜਾਂਦਾ ਸੀ। ਕਿਉਂਕਿ ਸਤਿਗੁਰੂ ਜੀ ਵਾਸਤੇ 'ਸੱਚੇ ਪਾਤਿਸ਼ਾਹ' ਸ਼ਬਦ ਵਰਤਿਆ ਜਾਂਦਾ ਸੀ, ਇਸ ਲਈ ਜੋ ਭੀ ਆਦਰ ਸਤਿਕਾਰ ਵਾਲੇ ਗੁਰਸਿੱਖ ਸਨ, ਜਿਨ੍ਹਾਂ ਨੂੰ ਦੂਰ ਦੁਰੇਡੇ ਇਲਾਕਿਆਂ ਵਿਚ ਗੁਰੂ-ਘਰ ਦੀ ਸੇਵਾ ਲਈ ਨਿਯੁਕਤ ਕੀਤਾ ਜਾਂਦਾ ਸੀ, ਉਨ੍ਹਾਂ ਨੂੰ ਇਸ ਮਸਨਦ ਸ਼ਬਦ ਦੀ ਆਦਰ ਸਤਿਕਾਰ ਵਾਲੀ ਪਦਵੀ ਬਖ਼ਸ਼ੀ ਜਾਂਦੀ ਸੀ। ਉਸ ਸਮੇਂ ਹਕੂਮਤ ਦੇ ਦਾਇਰੇ ਵਿਚ ਕੰਮ ਕਰਨ ਵਾਲੇ ਉਚ-ਅਧਿਕਾਰੀਆਂ ਵਾਸਤੇ ਮਸਨਦਿ-ਆਲੀ (His Excellency) ਕਰਕੇ ਹੀ ਸੰਬੋਧਨ ਕੀਤਾ ਜਾਂਦਾ ਸੀ। ਇਹੀ ਕਾਰਣ ਸੀ ਕਿ ਸਤਿਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਮਸੰਦ ਸ਼ਬਦ ਸਨਮਾਨਤ ਗੁਰ-ਸਿੱਖਾਂ ਲਈ ਹੀ ਰਾਖਵਾਂ ਸੀ।

ਇਨ੍ਹਾਂ ਮਸੰਦ ਗੁਰ-ਸਿੱਖਾਂ ਦੀ ਜ਼ਿੰਮੇਵਾਰੀ ਆਪਣੇ ਆਪਣੇ ਇਲਾਕਿਆਂ ਵਿਚ ਗੁਰਮਤਿ ਦਾ ਪ੍ਰਚਾਰ ਕਰਨਾ, ਸਿੱਖੀ ਧਾਰਾ ਵਿਚ ਹੋਰ ਜਨਤਾ ਨੂੰ ਪ੍ਰਫੁਲਤ ਕਰਨ ਲਈ ਮੁਨਾਸਿਬ ਯਤਨ ਕਰਦੇ ਰਹਿਣਾ, ਆਮ ਜਨਤਾ ਨਾਲ ਜਨ-ਸੰਪਰਕ ਪੈਦਾ ਕਰ ਕੇ ਗੁਰੂ-ਲਿਵ ਨਾਲ ਜੋੜਨਾ, ਗੁਰ-ਸਿੱਖਾਂ ਵਲੋਂ ਆਈ ਭੇਟਾ ਵੱਡੇ ਵੱਡੇ ਜੋੜ ਮੇਲਿਆਂ ਦੇ ਦੌਰਾਨ ਗੁਰੂ ਦਰਬਾਰ ਤਕ ਪਹੁੰਚਾਉਣੀ—ਮਸੰਦ ਸੰਸਥਾ ਦੇ ਉੱਦਮੀ ਯਤਨਾਂ ਦਾ ਸਦਕਾ ਸਿੱਖੀ ਵਿਚ ਬੜੀ ਤੇਜ਼ੀ ਨਾਲ ਵਾਧਾ ਹੋਇਆ।

ਦਬਿਸਤਾਨਿ-ਮਜ਼ਾਹਿਬ ਦਾ ਲਿਖਾਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਸਿੱਖੀ ਦੀ ਚੜ੍ਹਤਲ ਦਾ ਜ਼ਿਕਰ ਨਿਮਨ-ਲਿਖਤ ਦੇ ਅਨੁਸਾਰ ਕਰਦਾ ਹੈ:

> ਮੁੱਕਦੀ ਗੱਲ ਸਤਿਗੁਰੂ ਅਰਜਨ ਸਾਹਿਬ ਦੇ ਜ਼ਮਾਨੇ ਵਿਚ ਇਨ੍ਹਾਂ ਸਿੱਖਾਂ ਦੀ ਗਿਣਤੀ ਹਰ ਥਾਂ 'ਤੇ ਵਧਦੀ ਹੀ ਗਈ। ਇਤਨੇ ਜ਼ਿਆਦਾ ਹੋ ਗਏ ਕਿ ਕੋਈ ਸ਼ਹਿਰ ਐਸਾ ਨਹੀਂ ਸੀ ਜਿਥੇ ਕੁਝ ਸਿੱਖ ਨਾ ਵੱਸਦੇ ਹੋਣ, ਗੁਰੂ

1. Hari Ram Gupta, *History of the Sikhs*, V. I, p. 130.

ਅਰਜਨ ਸਾਹਿਬ ਦੇ ਸਮੇਂ ਅਨੇਕਾਂ ਹੀ ਲੋਕਾਂ ਨੇ ਸਿੱਖੀ ਅਪਣਾਈ ਤੇ ਉਨ੍ਹਾਂ ਦੀ ਸ਼ਰਧਾ ਗੁਰੂ ਸਾਹਿਬਾਨ ਤੇ ਇਤਨੀ ਚੜ੍ਹਤਲ ਵਿਚ ਆਈ ਕਿ ਹੁਣ ਸਿੱਖ ਇਹ ਕਹਿਣ ਲੱਗ ਪਏ ਕਿ 'ਗੁਰੂ ਨਾਨਕ ਹੀ ਰੱਬ ਹੈ ਤੇ ਸਭ ਸ੍ਰਿਸ਼ਟੀ ਉਸ ਨੇ ਹੀ ਸਾਜੀ ਹੈ।' —"ਗੁਫ਼ਤੰਦ ਬਾਬਾ ਨਾਨਕ ਖ਼ੁਦਾਇ ਅਸਤ" (*ਦਬਸਤਾਨਿ ਮਜ਼ਾਹਿਬ*, ਪੰਨਾ ੨੨੩)

—ਕਥਾ ਪੁਰਾਤਨ ਇਉਂ ਸੁਣੀ : ਪੰਨਾ ੫, ੬

ਜਿਸ ਸਮੇਂ ਤਾਲਾਬ (ਅੰਮ੍ਰਿਤ ਸਰੋਵਰ) ਦੀਆਂ ਪਉੜੀਆਂ ਪੱਕੀਆਂ ਹੋ ਰਹੀਆਂ ਸਨ ਔਰ ਦਰਬਾਰ ਸਾਹਿਬ ਦੀ ਉਸਾਰੀ ਭੀ ਆਪਣੇ ਵੇਗ ਵਿਚ ਚਲ ਰਹੀ ਸੀ, ਸਾਰੇ ਖ਼ਰਚ ਨੂੰ ਮਹਿਸੂਸ ਕਰਦੇ ਹੋਏ ਸਤਿਗੁਰੂ ਨੇ ਸਾਰੀ ਉੱਮਤ ਨੂੰ ਪ੍ਰੇਰਣਾ ਕੀਤੀ ਕਿ ਹਰ ਗੁਰਸਿੱਖ ਆਪਣੀ ਸੁਕ੍ਰਿਤ ਵਿਚੋਂ ਪੰਥਕ ਕੇਂਦਰ ਲਈ ਕਮਾਈ ਦਾ ਦਸਵਾਂ ਭਾਗ ਅਰਪਣ ਕਰੇ। ਇਸ ਭੇਟਾ ਦਾ ਸੂਚਕ ਨਾਮ 'ਦਸਵੰਧ' ਕਰਕੇ ਆਖਿਆ ਜਾਣ ਲੱਗਾ। ਇਸ ਦਸਵੰਧ ਭੇਟ ਕਰਨ ਦੀ ਮਰਯਾਦਾ ਅਜ ਤਕ ਸਿੱਖੀ ਜਗਤ ਵਿਚ ਕਾਇਮ ਹੈ। ਔਰ ਗੁਰਸਿੱਖਾਂ ਦੇ ਤਿਲ-ਮਾਤਰ ਸੁਕ੍ਰਿਤਕ ਧਨ ਦੇ ਰਾਹੀਂ ਸਿੱਖ ਕੇਂਦਰ ਦੀ ਕਾਰ-ਸੇਵਾ ਨਿਤਾ-ਪ੍ਰਤੀ ਚੜ੍ਹਤਲ ਦੀ ਗਤੀ ਵਿਚ ਪ੍ਰਵੇਸ਼ ਕਰ ਰਹੀ ਸੀ। *ਪੰਥ ਪ੍ਰਕਾਸ਼* ਵਿਚ ਨਿਮਨ-ਲਿਖਤ ਦੇ ਅਨੁਸਾਰ ਦਰਜ ਕੀਤਾ ਗਿਆ ਹੈ:

ਸਵੱਯਾ॥ ਤਾਲ ਬਿਸਾਲ ਖੁਦਾਇ ਰਹੇ, ਗੁਰੁ ਪੰਚਮ ਦੌਲਤ ਲਾਇ ਸੁ ਚਿਤੈਂ॥
ਸੰਗਤ ਦੇਸ ਬਦੇਸਨ ਤੇ, ਨਿਤ ਆਇ ਕਰੇ ਬਹੁ ਕਾਰ ਅਮਿਤੈਂ॥
ਤਾਂ ਪਰ ਭੀ ਗੁਰੁ ਭੂਰ ਮਜੂਰ, ਜ਼ਰੂਰ ਲਗਾਵਤ ਦੈ ਕਰਿ ਬਿਤੈਂ॥
ਸਿਖਨ ਕਾ ਧਨ ਆਵਤ ਜੇਤਕ, ਲਾਵਤ ਲੰਗਰ ਔ ਸਰ ਇਤੈਂ॥੪੮॥

—ਪੰਥ ਪ੍ਰਕਾਸ਼, ਪੂਰ. ਬਿਸ: ੧੮, ਪੰਨਾ ੬੩੮

ਹਰਿਮੰਦਰ ਸਾਹਿਬ ਦੀ ਉਸਾਰੀ, ਸਰੋਵਰ ਦੀਆਂ ਪੱਕੀਆਂ ਇੱਟਾਂ, ਚੂਨੇ ਆਦਿ ਨਾਲ ਤਾਮੀਰ ਨੇ ਦੂਰ-ਦੁਰੇਡੇ ਦੇ ਗੁਰ-ਸਿੱਖਾਂ ਵਿਚ ਗੁਰ-ਲਿਵ ਪ੍ਰਤੀ ਇਕ ਨਵੀਨ ਪ੍ਰਕਾਰ ਦੀ ਪ੍ਰਫੁਲਤਾ ਦਾ ਅਚਿਹਨ ਰੂਪ ਉਭਾਰ ਦਿੱਤਾ। ਗੁਰ-ਸਿੱਖਾਂ ਵਲੋਂ ਦਸਵੰਧ ਦੀ ਭੇਟਾ ਅਗਿਣਤ ਸੰਖਿਆ ਵਿਚ ਪੁਜਣ ਲੱਗੀ। *ਦਬਸਤਾਨਿ ਮਜ਼ਾਹਿਬ* ਦੇ ਕਹਿਣ ਮੁਤਾਬਕ ਸਿੱਖੀ ਵਿਚ ਇਤਨੀ ਪ੍ਰਗਤੀ ਆਈ ਕਿ ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਸੰਗਤ ਦਸਵੰਧ ਲੈ ਕੇ ਸਤਿਗੁਰੂ ਦੀਆਂ ਦੈਵੀ ਖ਼ੁਸ਼ੀਆਂ ਮਾਣ ਰਹੀ ਸੀ, ਔਰ ਗੁਰੂ ਕੇ ਚੱਕ ਦੀ ਉੱਨਤੀ ਇਤਨੀ ਤੇਜ਼-ਗਤੀ ਵਿਚ ਚਲ ਰਹੀ ਸੀ, ਜਿਸ ਦੀ ਗਾਥਾ *ਪੰਥ ਪ੍ਰਕਾਸ਼* ਨੇ ਭੀ *ਦਬਸਤਾਨਿ ਮਜ਼ਾਹਿਬ* ਦੇ ਅਨੁਸਾਰ ਹੀ ਕੀਤੀ ਹੈ, ਕਿ ਜਦੋਂ ਪ੍ਰਿਥੀ ਚੰਦ ਦਾ

ਪਾਜ ਖੁਲ੍ਹ ਗਿਆ, ਸਾਰੀ ਸੰਗਤ ਗੁਰੂ ਘਰ ਵਲ ਉਮਡ ਪਈ। ਕਥਨ ਹੈ :

ਜਬ ਫੈਲ ਗਈ ਇਮ ਦੇਸ ਬਦੇਸਨ ਮੈਂ, ਪ੍ਰਿਥੀ ਸਸਿ ਕੀ ਬੁਰਿਆਈ।
ਦਸਵੰਧ ਜਿਤੋ ਜਿਸ ਪੈ ਤਬ ਥਾ ਗੁਰ ਕਾ, ਗੁਰ ਕੇ ਢਿਗ ਦੀਨ ਪੁਚਾਈ।
ਪੁੰਨ ਲੰਗਰ ਆਦਿ ਬਿਹਾਰ ਜਿਤੋ ਗੁਰ ਕਾ, ਲਗਯੋ ਚਲਨੇ ਬਹੁ ਭਾਈ।
ਗਜ ਬਾਜ ਰਥਾਇ ਗਊ ਮਹਿਖੀ, ਬਹੁ ਜੇਵਰ ਬਾਸਨ ਲੀਨ ਬਨਾਈ।੯।
ਭੀਰ ਰਹੈ ਗੁਰ ਕੈ ਦਰ ਪੈ, ਮਨ ਬਾਂਛਿਤ ਪਾਂਇ ਸਬੈ ਜਨ ਜਾਏ।
ਪੇਖਿ ਰਿਸਾਇ ਮਹਾਂ ਦੁਖ ਪਾਇ, ਪ੍ਰਿਥੀ ਸਸਿ ਕਾ ਬਸ ਨਾਂਹਿ ਬਸਾਇ।
ਸੰਗਤਿ ਦੇਸ ਬਦੇਸਨ ਤੇ, ਬਸਤੂ ਬਹੁ ਲੈ ਗੁਰ ਕੇ ਢਿਗ ਆਏ।੧੦।
ਆਵਤ ਜਾਵਤ ਸਿਖ ਘਨੇ, ਬਹੁ ਭੀਰ ਰਹੇ ਗੁਰ ਕੇ ਢਿਗ ਫਾਬੀ।
ਦਿਨ ਜਯੋ ਸਰਸਾਵਤ ਤਯੋ, ਰਾਮਦਾਸ ਪੁਰੇ ਮਹਿ ਆਬੀ।੧੨।
ਹੋਨ ਲਗੀ ਦਿਨ ਹੀ ਦਿਨ ਮੈਂ ਗੁਲਜ਼ਾਰ, ਅਗਾਰ ਬਜ਼ਾਰ ਬਨੇ ਹੈਂ।
ਨਰ ਨਾਰ ਅਪਾਰ ਹਜ਼ਾਰਹਿ ਆਵਤ, ਨਿਤਹਿ ਬਿੱਤ ਅਮਿਤਹਿ ਦੇ ਹੈਂ।
ਗੁਰ ਸੋ ਧਨ ਲੈ ਕਰ ਲੰਗਰ ਲਾਵਤ, ਪਾਵਤ ਭੋਜਨ ਜੋਜਨ ਐ ਹੈਂ।
ਗੁਰ ਕੋ ਦਰਸੈਂ ਪਰਸੈਂ ਹਰਸੈਂ, ਗਹਿ ਕੈ ਉਪਦੇਸ ਸਵਦੇਸ ਸਿਧੇ ਹੈਂ।੧੩।

—ਪੰਥ ਪ੍ਰਕਾਸ਼, ਪੂਰ: ਬਿਸ: ੧੯, ਪੰਨਾ ੬੩੨-੩੩

੪-੧. *ਹਰਿਮੰਦਰ ਸਾਹਿਬ ਦੀ ਨੀਂਹ*[1]

ਹਰਿਮੰਦਰ ਸਾਹਿਬ ਦੀ ਨੀਂਹ ਜਨਵਰੀ ਸੰਨ ੧੫੮੮ ਵਿਚ ਰੱਖੀ ਗਈ। *ਮਹਾਨ ਕੋਸ਼* ਦੀ ਲਿਖਤ ਦੇ ਮੁਤਾਬਕ ਮਾਘ ੧, ਸੰਮਤ ੧੬੪੫ ਨੂੰ ਪੰਜਵੇਂ ਪਾਤਿਸ਼ਾਹ ਜੀ ਨੇ ਤਾਲ ਦੇ ਮੱਧ ਵਿਚ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ। ਸਿੱਖ ਯਾਦ ਦੇ ਅਨੁਸਾਰ ਹਰਿਮੰਦਰ ਸਾਹਿਬ ਦੀ ਮੁਬਾਰਕ ਨੀਂਹ ਰੱਖਣ ਦਾ ਪਵਿੱਤਰ ਕੰਮ ਸਤਿਗੁਰੂ ਜੀ ਨੇ ਸਾਂਈ ਮੀਆਂ ਮੀਰ ਦੇ ਹੱਥੀਂ ਕਰਵਾਇਆ। ਸਾਂਈ ਮੀਆਂ ਮੀਰ ਜੀ ਦਾ ਪੂਰਾ ਨਾਮ 'ਮੀਰ ਮੁਅਈਨ-ਉਲ-ਇਸਲਾਮ' ਸੀ। ਸਾਂਈ ਜੀ ਉਸ ਸਮੇਂ ਦੇ ਪ੍ਰਸਿੱਧ ਵਿਅਕਤੀ ਸਨ। ਗੁਰੂ-ਘਰ ਨਾਲ ਉਨ੍ਹਾਂ ਦੇ ਸੰਬੰਧ ਆਤਮਕ ਸਨ। ਜਹਾਂਗੀਰ ਬਾਦਸ਼ਾਹ ਨੇ ਆਪਣੀ *ਤਜ਼ਕ* ਵਿਚ ਜ਼ਿਕਰ ਕੀਤਾ ਹੈ ਕਿ ਸਾਂਈ ਮੀਆਂ ਮੀਰ ਜੈਸਾ ਖ਼ੁਦਾ ਪ੍ਰਸਤ ਫ਼ਕੀਰ ਲੱਭਣਾ ਬੜਾ ਹੀ ਕਠਿਨ ਹੈ।

ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਭੀ ਹਰਿਮੰਦਰ

---

1. ਹਰੀ ਰਾਮ ਗੁਪਤਾ, ਜਿਲਦ ੧, ਪੰਨਾ ੧੩੧; *ਮਹਾਨ ਕੋਸ਼*, ਪੰਨਾ ੭੬, ਅੰਮ੍ਰਿਤਸਰ; *ਕਰਣੀ ਪ੍ਰਧਾਨ*, ਪੰਨਾ ੧੬੦।
The Golden Temple, Past and Present by Dr. Madanjit Kaur, p.II.

ਸਾਹਿਬ ਦੀ ਨੀਂਹ ਰੱਖਣ ਦਾ ਜ਼ਿਕਰ ਥੋੜ੍ਹੇ ਸਮੇਂ ਦੇ ਫ਼ਰਕ ਨਾਲ ਲਿਖਦੇ ਹਨ। ਕਥਨ ਹੈ :

ਸੰਮਤ ਸੋਲਾਂ ਸੈ ਇਕਤਾਲੀ॥
ਮੈਂ ਮੰਦਰ ਯਹਿ ਰਚਾ ਬਿਸਾਲੀ॥
ਮੀਆਂ ਮੀਰ ਤੇ ਨੀਓਂ ਰਖਾਈ॥
ਕਾਰੀਗਰਿ ਪਲਟਿ ਕਰਿ ਲਾਈ॥੭੦॥

—ਪੰਥ ਪ੍ਰਕਾਸ, ਪੂਰ: ਬਿ: ੧੯, ਪੰਨਾ ੬੪੧

ਹਰਿਮੰਦਰ ਸਾਹਿਬ ਦੀ ਪਾਵਨ ਨੀਂਹ ਰੱਖਣ ਦੀ ਖ਼ਾਤਰ ਲਿਖਾਰੀਆਂ ਦੀਆਂ ਲਿਖਤਾਂ ਵਿਚ ਮਿਤੀ ਪ੍ਰਥਾਇ ਥੋੜ੍ਹਾ ਬਹੁਤ ਅੰਤਰ ਜ਼ਰੂਰ ਹੈ, ਪਰੰਤੂ ਖ਼ਿਆਲਾਂ ਦੀ ਸਭ ਤੋਂ ਵੱਡੀ ਅਤੇ ਪ੍ਰਮੁੱਖ ਗਤੀ ਇਕ ਸੇਧ ਵਲ ਹੀ ਸੰਕੇਤ ਕਰਦੀ ਹੈ। ਜਿਸ ਵੇਲੇ ਅੰਮ੍ਰਿਤ ਸਰੋਵਰ ਦੀ ਖ਼ੁਦਾਈ ਦਾ ਕੰਮ ਸੰਪੂਰਣ ਹੋ ਗਿਆ, ਤਦ ਸਤਿਗੁਰੂ ਜੀ ਨੇ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੇ ਉਸਾਰਨ ਦੀ ਤਜਵੀਜ਼ ਸੰਗਤਾਂ ਅੱਗੇ ਰੱਖੀ। ਸੰਗਤਾਂ ਵਿਚੋਂ ਆਮ ਖ਼ਿਆਲ ਉੱਭਰ ਕੇ ਸਾਹਮਣੇ ਆਇਆ ਕਿ ਹਰਿਮੰਦਰ ਸਾਹਿਬ ਦੀ ਪਾਵਨ ਇਮਾਰਤ ਨਜ਼ਦੀਕੀ ਇਮਾਰਤਾਂ ਨਾਲੋਂ ਬਹੁਤ ਉੱਚੀ ਬਣਾਈ ਜਾਵੇ ਤਾਕਿ ਰੱਬ ਦੇ ਘਰ ਨੂੰ ਠੀਕ ਮਾਣ ਸਤਿਕਾਰ ਮਿਲ ਸਕੇ। ਮਗਰ ਨਿੰਮ੍ਰਤਾ ਦੇ ਸਾਗਰ ਸਤਿਗੁਰੂ ਜੀ ਨੇ ਸੰਗਤ ਪ੍ਰਤੀ ਸੰਬੋਧਨ ਕਰਦੇ ਹੋਏ ਬਚਨ ਕੀਤਾ, ਭਾਈ ਸਿੱਖੋ ! ਐਸਾ ਕੀਤਿਆਂ ਫਿਰ ਨਿੰਮ੍ਰਤਾ ਕਿਥੇ ਰਹੇਗੀ ? ਹਾਂ, ਇਮਾਰਤ ਜ਼ਰੂਰ ਉੱਚੀ ਹੋ ਜਾਵੇਗੀ, ਪਰ ਨਿੰਮ੍ਰਤਾ...? ਜਿਸ ਦਰਖ਼ਤ ਨੂੰ ਫਲ ਲੱਗਦਾ ਹੈ ਉਹ ਲਾਜ਼ਮੀ ਹੀ ਝੁਕ ਜਾਂਦਾ ਹੈ, ਜਿਤਨਾ ਜ਼ਿਆਦਾ ਫਲ ਉਤਨੀ ਹੀ ਜ਼ਿਆਦਾ ਝੁਕਾਵਟ ਆ ਜਾਂਦੀ ਹੈ। ਇਸ ਵਾਸਤੇ ਹਰਿਮੰਦਰ ਸਾਹਿਬ ਅੱਠ ਦਸ ਪਉੜੀਆਂ ਨੀਵਾਂ ਰੱਖ ਕੇ ਹੀ ਉਸਾਰਿਆ ਜਾਵੇ, ਤਾਕਿ ਦੁਨੀਆਂ ਦਾ ਹਰ ਵਿਅਕਤੀ ਨਿਮਾਣਾ ਮਸਕੀਨ ਹੋ ਕੇ, ਦੀਨ ਹੋ ਕੇ ਹੀ ਹਰਿਮੰਦਰ ਸਾਹਿਬ ਦੇ ਇਹਾਤੇ ਵਿਚ ਪ੍ਰਵੇਸ਼ ਹੋਣ ਦਾ ਮਾਣ ਪ੍ਰਾਪਤ ਕਰ ਸਕੇ। ਇਸ ਇਲਾਹੀ ਖ਼ਿਆਲ ਦੀ ਤਨਜ਼ੀਮ ਦੇ ਆਧਾਰ 'ਤੇ ਹੀ ਹਜ਼ੂਰ ਨੇ ਪਹਿਲੀ ਮਾਘ ਸੰਮਤ ੧੬੪੫ (ਮੁਤਾਬਕ ਜਨਵਰੀ, ਸੰਨ ੧੫੮੯ ਈਸਵੀ) ਨੂੰ ਦਰਬਾਰ ਸਾਹਿਬ ਦੀ ਪਾਵਨ ਨੀਂਹ ਰਖਵਾਈ, ਪਰ ਮਿਸਤਰੀ ਨੇ ਉਹ ਇੱਟ ਚੁੱਕ ਕੇ ਦੁਬਾਰਾ ਰੱਖ ਦਿੱਤੀ[1]। ਤਦ ਹਜ਼ੂਰ ਨੇ ਬਚਨ ਕੀਤਾ ਕਿ ਹਰਿਮੰਦਰ ਸਾਹਿਬ ਦੀ ਨੀਂਹ ਦੁਬਾਰਾ ਰੱਖੀ ਜਾਵੇਗੀ। ਸਤਿਗੁਰੂ

---

1. ਮੀਆਂ ਮੀਰ ਤੇ ਨੀਓਂ ਰਖਾਈ॥ ਕਾਰੀਗਰਿ ਪਲਟਿ ਕਰਿ ਲਾਈ॥੭੦॥

—ਪੰਥ ਪ੍ਰਕਾਸ ਪੂਰ: ਬਿ: ੧੯, ਪੰਨਾ ੬੪੧

ਜੀ ਦਾ ਫ਼ੁਰਮਾਨ ਕੀਤਾ ਇਹ ਇਲਹਾਮੀ ਕਲਾਮ ਉਸ ਵੇਲੇ ਵਜੂਦ ਵਿਚ ਆਇਆ, ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਸੰਮਤ ੧੮੧੯ (ਮੁਤਾਬਕ ਸੰਨ ੧੭੬੨) ਵਿਚ ਹਰਿਮੰਦਰ ਸਾਹਿਬ ਦੀ ਪਵਿੱਤਰ ਇਮਾਰਤ ਨੂੰ ਢਹਿ ਢੇਰੀ ਕਰ ਕੇ, ਅੰਮ੍ਰਿਤ ਸਰੋਵਰ ਨੂੰ ਅਪਵਿੱਤਰ ਕਰ ਕੇ ਮਿੱਟੀ ਅਤੇ ਹੋਰ ਮਲਬੇ ਆਦਿ ਨਾਲ ਭਰ ਦਿੱਤਾ। ਫਿਰ ਗੁਰੂ ਕੇ ਖ਼ਾਲਸੇ ਦੀ ਸ਼ਕਤੀਸ਼ਾਲੀ ਫ਼ੌਜ ਨੇ ਸੰਨ ੧੭੬੪ ਵਿਚ ਦੁਬਾਰਾ ਹਰਿਮੰਦਰ ਸਾਹਿਬ ਦੀ ਪਾਵਨ ਉਸਾਰੀ ਕੀਤੀ। ਉਕਤ ਦਰਸਾਈ ਵਾਰਤਾ ਨੂੰ ਸਮਝਣ ਲਈ ਮੈਕਾਲਿਫ਼ ਦੀ ਲਿਖਤ ਹੋਰ ਵਧੇਰੇ ਲਾਭਦਾਇਕ ਹੋਵੇਗੀ :

> When the tank was excavated, it was represented to the Guru that Harimandar or the temple of God to be built in the midst of it, should be raised higher than all other buildings in the neighbourhood, so that it might receive proper respect. The Guru replied : No; what is humble shall be exalted. The more a tree is laden with fruit,the more its branches descend to the earth. By whatever way you approach the temple you must descend eight or ten steps, wherefore let the Harimandar be made the lowest edifice of all.
>
> The Guru himself was humble, but through his spiritual greatness he obtained the dignity of being visited by people of rank from all parts of India and receiving their rich offerings. (Other religion's places or) Hindu temples are closed on three sides and opened only towards the east or rising sun. The great Sikh temple at Amritsar was to be open on all sides. This meant that the Sikh worship was open to all, and was not concerned with Sun-worship. The Granth Sahib is placed in the middle of the temple, so that no man may seat himself in its place.
>
> It was on the Ist of Magh Sambat 1645 (A.D. 1589) the Guru laid the first brick of the Harimandar or the Darbar Sahib, now known to Europeans as the

Golden Temple. A mason afterward accidentally displaced the brick, whereupon the Guru prophesied that the foundation should again have to be laid. His words were subsequently fulfilled. Ahmed Shah Abdali, in Sambat 1819 (A.D. 1762) destroyed the temple and desecrated the tank. Two years afterwards the great army of the Khalsa recovered possession of the temple, re-laid its masonry foundation, and re-constructed it.

(Macauliff, III, p. 9-10)

ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਪ੍ਰਥਾਇ *ਸਹਜੇ ਰਚਿਓ ਖਾਲਸਾ* ਦਾ ਕਰਤਾ ਆਪਣੇ ਮੁਖ-ਬੰਦ ਵਿਚ ਦਰਜ ਕਰਦਾ ਹੈ ਕਿ :

ਤੱਥ ਪੂਜ ਇਤਿਹਾਸਕਾਰਾਂ ਨੇ ਵੱਡੀਆਂ ਗ਼ਲਤੀਆਂ ਉਦੋਂ ਕੀਤੀਆਂ ਜਦੋਂ ਉਨ੍ਹਾਂ ਤੱਥ ਦੇ ਲਿਖਤੀ ਰੂਪ ਉਤੇ ਵਧੇਰੇ ਨਿਰਭਰਤਾ ਵਿਖਾਈ। ਮਿਸਾਲ ਲਈ ਕਈ ਵਿਦਵਾਨਾਂ ਦਾ ਇਹ ਕਹਿਣਾ ਪਈ ਸਾਂਈ ਮੀਆਂ ਮੀਰ ਨੇ ਹਰਿਮੰਦਰ ਸਾਹਿਬ ਦੀ ਨੀਂਹ ਨਹੀਂ ਰੱਖੀ, ਕਿਉਂਕਿ ਕੋਈ ਲਿਖਤੀ ਤੱਥ ਇਸ ਦੀ ਗਵਾਹੀ ਨਹੀਂ ਦਿੰਦਾ। ਪਰ ਉਹ ਇਹ ਨਹੀਂ ਜਾਣਦੇ ਕਿ ਪਿਛਲੀਆਂ ਤਿੰਨ ਸਦੀਆਂ ਦੇ ਸਿੱਖ ਫ਼ਿਤਰਤ ਦੇ ਸਮੁੱਚੇ ਮੁਸਲਮਾਨ ਵਿਰੋਧੀ ਝੁਕਾਵਾਂ ਦੇ ਹੁੰਦਿਆਂ ਹੋਇਆਂ ਸੱਚ ਹੋਣ ਤੋਂ ਬਿਨਾਂ ਕਿਸੇ ਮੁਸਲਮਾਨ ਦੇ ਹੱਕ ਵਿਚ ਐਡੀ ਬਲਵਾਨ ਮਿੱਥ ਨਹੀਂ ਸੀ ਉਭਰ ਸਕਦੀ।[1]

ਸਿੱਖੀ ਯਾਦ ਇਸ ਤੱਥ ਨੂੰ ਸਹੀ ਸਾਬਤ ਕਰਦੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਨਿਰ-ਸੰਦੇਹ ਸਾਂਈ ਮੀਆਂ ਮੀਰ ਜੀ ਨੇ ਹੀ ਰੱਖੀ ਹੈ, ਜਿਵੇਂ *ਬਚਿੱਤਰ ਨਾਟਕ* ਵਿਚ ਪੀਰ ਬੁਧੂ ਸ਼ਾਹ ਦੇ ਪੁੱਤਰਾਂ ਦੀ ਸ਼ਹੀਦੀ ਬਾਰੇ ਬਿਲਕੁਲ ਹੀ ਜ਼ਿਕਰ ਨਹੀਂ ਹੈ, ਪਰ ਇਹ ਅਟੱਲ ਸੱਚਾਈ ਹੈ ਕਿ ਪੀਰ ਬੁਧੂ ਸ਼ਾਹ ਨੇ ਭੰਗਾਣੀ ਦੇ ਯੁੱਧ ਵਿਚ ਆਪਣੀ ਤਰਫੋਂ ਬਹੁਤ ਵੱਡਾ ਯੋਗਦਾਨ ਪਾਇਆ, ਔਰ ਇਸ ਦੇ ਇਵਜ਼ਾਨੇ ਵਿਚ ਦਸਮੇਸ਼ ਪਿਤਾ ਜੀ ਵਲੋਂ ਰੂਹਾਨੀ ਦਾਤਾਂ ਪ੍ਰਾਪਤ ਕੀਤੀਆਂ, ਹਜ਼ੂਰ ਦਾ ਕੰਘਾ, ਕੇਸਾਂ ਦੀ ਲਿਟ ਅਤੇ ਛੋਟੀ ਦਸਤਾਰ ਦੀ ਦਾਤਿ ਸਰੋਪੇ ਵਜੋਂ ਪ੍ਰਾਪਤ ਕਰ ਕੇ ਸਤਿਗੁਰੂ ਜੀ ਦੇ ਕੰਘਾ ਕੀਤੇ ਕੇਸਾਂ ਦੀ ਲਿਟ ਵਿਚ ਆਪਣੇ ਆਪੇ ਨੂੰ ਲੀਨ ਕਰ ਦਿੱਤਾ। ਭਾਈ ਨੰਦ ਲਾਲ ਦੀ ਲਿਖਤ ਰੁਬਾਈ ਨੇ ਆਸ਼ਕਾਨਾ ਫ਼ਿਤਰਤ ਨੂੰ ਹਕੀਕਤ ਵਿਚ ਤਬਦੀਲ ਕਰ ਦਿੱਤਾ। ਆਖਣ ਲੱਗਾ :

---

1. *ਸਹਿਜੇ ਰਚਿਓ ਖਾਲਸਾ*, ਮੁੱਖ-ਬੰਦ, xv.

ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖ਼ਸਾਰਿ ਮਾ।
ਹਰ ਦੋ ਆਲਮ ਕੀਮਤੇ ਯਕ ਤਾਰਿ ਮੂਏ ਯਾਰਿ ਮਾ।

ਅਰਥ : ਹੇ ਸਤਿਗੁਰੂ ਜੀ! ਤੇਰੇ ਕੇਸਾਂ ਦੀ ਇਕ ਸੁਹਣੀ ਲਿਟ ਦੇ ਰੂਪ ਵਿਚ ਦੀਨ ਅਤੇ ਦੁਨੀਆ ਲਪੇਟੇ ਹੋਏ ਹਨ ਅਤੇ ਆਪ ਜੀ ਦੇ ਇਕ ਅਨਮੋਲ ਕੇਸ ਦਾ ਮੁੱਲ ਦੋਵੇਂ ਜਹਾਨ ਨਹੀਂ ਪਾ ਸਕਦੇ ਹਨ।

ਅਸੀਂ ਇਸ ਨਿਰਣੇ 'ਤੇ ਆਣ ਪੁਜੇ ਹਾਂ ਕਿ ਜਿਵੇਂ ਸਿੱਖ ਯਾਦ ਵਿਚ ਪੀਰ ਬੁੱਧੂ ਸ਼ਾਹ ਦੇ ਪੁੱਤਰਾਂ ਅਤੇ ਮੁਰੀਦਾਂ ਦੀ ਸ਼ਹਾਦਤ ਭੰਗਾਣੀ ਜੰਗ ਵਿਚ ਬਿਲਾ-ਸ਼ੁਬਾ ਸੱਚ ਹੈ, ਬਿਲਕੁਲ ਇਸੇ ਤਖ਼ਮੀਨੇ ਦੇ ਅਧੀਨ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਸਾਂਈ ਮੀਆਂ ਮੀਰ ਜੀ ਵਲੋਂ ਹੀ ਸਤਿਗੁਰੂ ਜੀ ਦੀ ਆਗਿਆ ਦੇ ਅਨੁਸਾਰ ਰੱਖਿਆ ਗਿਆ।

੪-੨. ਸਿੱਖੀ ਕੇਂਦਰ ਦੀ ਚੜ੍ਹਤਲ

ਸੰਨ ੧੫੯੯ ਵਿਚ ਸਿੱਖੀ ਕੇਂਦਰ ਦੀ ਉਸਾਰੀ ਲਗਪਗ ਸੰਪੂਰਣਤਾ ਦੇ ਧਰਾਤਲ 'ਤੇ ਆਣ ਪਹੁੰਚੀ।[1] ਕੇਂਦਰ ਦੀ ਉਸਾਰੀ ਦਾ ਕੰਮ ਪਾਇਅ-ਏ-ਤਕਮੀਲ 'ਤੇ ਪੁੱਜਾ ਵੇਖ ਕੇ ਸਤਿਗੁਰੂ ਜੀ ਨੇ ਵਾਹਿਗੁਰੂ ਦੀ ਦਰਗਾਹ ਵਿਚ ਸ਼ੁਕਰਾਨੇ ਵਜੋਂ ਕਈ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਕੀਤੇ ਹਨ, ਜਿਨ੍ਹਾਂ ਵਿਚੋਂ ਕੇਵਲ ਇਕ ਸ਼ਬਦ ਹੀ ਸੁਹਿਰਦ ਪਾਠਕਾਂ ਦੀ ਪਾਵਨ ਗਿਆਤ ਲਈ ਦਰਜ ਕਰਾਂਗੇ। ਜੋ ਸਿੱਖੀ ਉੱਮਤ ਅਤੇ ਸਿੱਖੀ ਕੇਂਦਰ ਦੀ ਚੜ੍ਹਤਲ ਦਾ ਪ੍ਰਗਟਾਵਾ ਕਰਦੇ ਹਨ :

ਵਿਚਿ ਕਰਤਾ ਪੁਰਖੁ ਖਲੋਆ॥
ਵਾਲੁ ਨ ਵਿੰਗਾ ਹੋਆ॥
ਮਜਨੁ ਗੁਰ ਆਂਦਾ ਰਾਸੇ॥
ਜਪਿ ਹਰਿ ਹਰਿ ਕਿਲਵਿਖ ਨਾਸੇ॥੧॥
ਸੰਤਹੁ ਰਾਮਦਾਸ ਸਰੋਵਰੁ ਨੀਕਾ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥੧॥ਰਹਾਉ॥
ਜੈ ਜੈ ਕਾਰੁ ਜਗੁ ਗਾਵੈ॥
ਮਨ ਚਿੰਦਿਅੜੇ ਫਲ ਪਾਵੈ॥
ਸਹੀ ਸਲਾਮਤਿ ਨਾਇ ਆਏ॥
ਅਪਣਾ ਪ੍ਰਭੂ ਧਿਆਏ॥੨॥ *—ਸੋਰਠਿ ਮ: ੫, ਪੰਨਾ ੬੨੩-੨*

1 ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੩੧।

ਸਿੱਖੀ ਕੇਂਦਰ ਦੀ ਅਦੁੱਤੀ ਚਹੁਤਲ ਵੇਖ ਕੇ ਕੁਝ ਕੱਟੜ ਮੁਲਾਣਿਆਂ ਅਤੇ ਬਿਪ ਸੰਸਕਾਰੀ ਲੋਕਾਂ ਦੇ ਦਿਲਾਂ ਵਿਚ ਸਤਿਗੁਰੂ ਜੀ ਪ੍ਰਤੀ ਵਿਰੋਧਤਾ ਦੇ ਬੀਜ ਪੁੰਗਰਣ ਲੱਗੇ। ਜੋ ਬਾਅਦ ਵਿਚ ਸਤਿਗੁਰੂ ਜੀ ਦੀ ਸ਼ਹੀਦੀ ਦੇ ਹੋਰ ਕਾਰਨਾਂ ਵਿਚੋਂ ਇਕ ਖ਼ਾਸ ਕਾਰਨ ਸਿੱਧ ਹੋਏ।

ਹਰਿਮੰਦਰ ਸਾਹਿਬ ਦੀ ਸ਼ਾਨੋ-ਸ਼ੌਕਤ ਅਤੇ ਸਤਿਗੁਰੂ ਦੀ ਰਬਾਨੀਅਤ ਦੀ ਜ਼ੀਨਤ ਸੁਣ ਸੁਣ ਕੇ ਹਰ ਪ੍ਰਕਾਰ ਦੇ ਲੋਕ, ਹਲਤ ਪਲਤ ਸੁਹੇਲਾ ਕਰਨ ਹਿਤ ਗੁਰੂ ਕੇ ਚੱਕ ਵਲ ਵਹੀਰਾਂ ਘੱਤ ਘੱਤ ਕੇ ਆਉਣ ਲੱਗੇ। ਸਿੱਖੀ ਕੇਂਦਰ ਦੀ ਇਲਾਹੀ ਜ਼ੀਨਤ ਦਾ ਜਿਕਰ ਗਿਆਨੀ ਗਿਆਨ ਸਿੰਘ ਜੀ ਨਿਮਨ-ਲਿਖਤ ਦੇ ਅਨੁਕੂਲ ਕਰਦੇ ਹਨ :

ਮੰਦਰ ਰਚਾਯੋ ਅਤਿ ਸੁੰਦਰ ਅਪਾਰ ਗੁਰੁ,
ਮੁਕਤਿ ਚਤੁਰ ਦਾਇ ਜਾਂਹਿ ਦ੍ਵਾਰ ਚਾਰ ਹੈਂ॥
ਚਮਕ ਦਮਕ ਚਾਰ, ਚਾਰ ਦਿਸਹੂੰ ਤੇ ਚਾਰਿ,
ਚਾਰਿ ਹੀ ਬਰਨ ਆਇ ਪਾਂਇ ਫਲ ਚਾਰ ਹੈਂ॥੩੪॥

—ਪੰਥ ਪ੍ਰਕਾਸ਼, ਪੂ: ਬਿ: ੧੯, ਪੰਨਾ ੬੫੧

ਹਰਿਮੰਦਰ ਸਾਹਿਬ ਇਨਸਾਨੀ ਜੀਵਨ ਦੀ ਰਵਾਨੀ ਦਾ ਲਖਾਇਕ ਹੈ, ਜਿਥੋਂ ਵਿਸਮਾਦੀ ਜ਼ੀਨਤ ਦਾ ਚਸ਼ਮਾ ਸਫੁਟ ਹੁੰਦਾ ਹੈ। ਤਦੇ ਹੀ ਕਿਸੇ ਸੈਲਾਨੀ ਨੇ ਆਖਿਆ ਸੀ ਕਿ ਤਾਜ ਮਹੱਲ ਕਬਰਸਤਾਨ ਦੀ ਵਲਗਣ ਹੈ, ਹਰਿਮੰਦਰ ਸਾਹਿਬ ਸਮੁੱਚੇ ਬ੍ਰਹਮੰਡ ਦਾ ਜੀਵਨ ਹੈ।

ਪ੍ਰਿਥੀ ਚੰਦ ਨੇ ਮਸੰਦਾਂ ਅਤੇ ਸਰਕਾਰੀ ਵਸੀਲਿਆਂ ਦੇ ਰਾਹੀਂ ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਵਿਚ ਹੱਦੋਂ ਵੱਧ ਮੁਦਾਖ਼ਲਤ ਕੀਤੀ, ਪਰੰਤੂ ਉਹ ਇਨ੍ਹਾਂ ਕਪਟੀ ਕਰਤਵਾਂ ਵਿਚ ਸਫਲ ਨਹੀਂ ਹੋ ਸਕਿਆ। ਸਤਿਗੁਰੂ ਜੀ ਦੀ ਕੀਰਤੀ, ਸਰੋਵਰ ਦੀਆਂ ਲਹਿਰਾਂ ਦੀ ਰਮਣੀਕਤਾ, ਹਰਿਮੰਦਰ ਸਾਹਿਬ ਦੀ ਇਲਾਹੀ ਜ਼ੀਨਤ, ਅੰਮ੍ਰਿਤਸਰ ਸ਼ਹਿਰ ਦੀ ਅਨੂਪਮਤਾ, ਨਿਤਾ-ਪ੍ਰਤੀ ਵਧਦੀ ਹੀ ਗਈ, ਇਸ ਸ਼ੁਕਰਾਨੇ ਵਿਚ ਹਜ਼ੂਰ ਨੇ ਆਖਿਆ, ਹੇ ਵਾਹਿਗੁਰੂ ! ਇਹ ਆਪ ਜੀ ਦੀ ਰਹਿਮਤ ਦਾ ਹੀ ਸਦਕਾ ਹੈ ਕਿ ਅਜ ਸਾਰਾ ਸੰਸਾਰ ਆਖ ਰਿਹਾ ਹੈ ਕਿ ਅਸਾਡੇ ਕੋਲ ਰਿਧੀਆਂ ਸਿਧੀਆਂ ਹਨ, ਜਿਨ੍ਹਾਂ ਨੂੰ ਅਸੀਂ ਲੋਕ ਭਲਾਈ ਦੇ ਕੰਮਾਂ ਲਈ ਵਰਤੀ ਜਾਂਦੇ ਹਾਂ, ਆਪ ਜੀ ਦੀ ਨਦਰ ਕਰਮ ਦਾ ਸਦਕਾ ਅਸੀਂ ਦਾਤਾਂ ਨੂੰ ਵਰਤ ਰਹੇ ਹਾਂ, ਖਾਈ ਖਰਚੀ ਜਾਂਦੇ ਹਾਂ, ਫਿਰ ਭੀ ਕਿਸੇ ਪ੍ਰਕਾਰ ਦੀ ਤੋਟ ਨਹੀਂ ਆ ਰਹੀ। ਹਰ ਪ੍ਰਕਾਰ ਦੀਆਂ ਰੁਕਾਵਟਾਂ ਦੂਰ ਹੋ ਗਈਆਂ ਹਨ। ਕਿਸੇ ਕਿਸਮ ਦਾ ਦੁਖ (ਸਿੱਖੀ ਕੇਂਦਰ ਦੇ) ਨੇੜੇ ਨਹੀਂ

ਹੈ। ਸੁਖ ਸ਼ਾਂਤੀ ਆਤਮਕ ਰਹੱਸ ਅਤੇ ਇਲਾਹੀ ਆਨੰਦ ਦਾ ਮਾਹੌਲ ਉਤਪੰਨ ਹੋ ਰਿਹਾ ਹੈ। ਹਰ ਪ੍ਰਕਾਰ ਦੀ ਤ੍ਰਿਸ਼ਨਾ ਪਦਾਰਥਾਂ ਦੀ ਭੁੱਖ ਆਪ ਜੀ ਦੀ ਰਹਿਮਤ ਦਾ ਸਦਕਾ ਖ਼ਤਮ ਹੋ ਗਈ ਹੈ।

ਹੇ ਮਾਲਕ! ਆਪ ਜੀ ਦੇ ਤੁਫ਼ੈਲ ਦਾ ਸਦਕਾ ਸਿੱਖੀ ਉੱਮਤ ਦੇ ਸਮੂੰਹ ਬਸ਼ਰ ਤੇਰੇ ਗੁਣ ਗਾ ਰਹੇ ਹਨ, ਜਿਸ ਦੀ ਸੋਭਾ ਇਨਸਾਨੀ ਅਕਲ ਨੂੰ ਦੰਗ ਕਰ ਦਿੰਦੀ ਹੈ।

ਉਕਤ ਦਰਸਾਈ ਵਾਰਤਕ ਗਤੀ ਦਾ ਮੂਲ ਅੰਸ਼ ਹਜ਼ੂਰ ਨੇ ਨਿਮਨ-ਲਿਖਤ ਦੇ ਅਨੁਕੂਲ ਕਥਨ ਕੀਤਾ ਹੈ:

ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥
ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥
ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥
ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥
ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥
ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥੨॥

—ਸੂਹੀ ਮ: ੫, ਛੰਤ, ਪੰਨਾ ੭੮੩-੮੪

ਇਹ ਮੰਦਰ ਨਹੀਂ ਹਰਿਮੰਦਰ ਹੈ, "ਸ੍ਰੀ ਹਰਿਮੰਦਰ ਨਾਮ ਕੋ ਤੀਰਥ ਹੈ॥ ਹਰਿਮੰਦਰ ਸਰੋਵਰ ਮੇਂ ਜਹਾਜ਼ ਹੈ॥ ਔਰ ਨਾਮ ਖੇਵਟ ਹੈ, ਬਿਚ ਜਹਾਜ਼ ਸ੍ਰੀ ਹਰਿਮੰਦਰ॥ ਜਿਸ ਮੇਂ ਨਾਮ ਮੁਹਾਣਾ ਸੁੰਦਰ॥"

੪-੩. ਸਰੋਵਰ ਦਾ ਪੁਲ

ਇਸਲਾਮੀ ਅਕੀਦੇ ਦੇ ਮੁਤਾਬਕ ਦੋਜ਼ਖ਼ ਕੇ ਊਪਰ ਵਹੁ ਪੁਲ ਜੋ ਬਾਲ (ਕੇਸ਼) ਸੇ ਭੀ ਜ਼ਿਆਦਾ ਬਾਰੀਕ ਔਰ ਤਲਵਾਰ ਸੇ ਭੀ ਜ਼ਿਆਦਾ ਤੇਜ਼ ਹੈ, ਨੇਕ ਲੋਗ ਆਸਾਨੀ ਕੇ ਸਾਥ ਇਸ ਕੇ ਊਪਰ ਸੇ ਗੁਜ਼ਰ ਕਰ ਬਹਿਸ਼ਤੋਂ ਮੇਂ ਚਲੇ ਜਾਏਂਗੇ। ਔਰ ਬੁਰੇ ਆਦਮੀ ਕਟ ਕਰ ਦੋਜ਼ਖ਼ ਮੇਂ ਗਿਰ ਪੜੇਂਗੇ।[1]

ਸਤਿਗੁਰੂ ਅਰਜਨ ਸਾਹਿਬ ਜੀ ਨੇ ਅੰਮ੍ਰਿਤ ਸਰੋਵਰ ਦੇ ਉਪਰ ਇਹ ਅਲੀਸ਼ਾਨ ਪੁਲ ਬੰਨ੍ਹ ਕੇ 'ਪੁਲ ਸਰਾਤ' (پل صراط) ਦੇ ਭਿਅੰਕਰ ਅਤੇ ਡਰਾਵਣੇ ਤਸੀਹਿਆਂ ਤੋਂ ਸਿੱਖੀ ਉੱਮਤ ਨੂੰ ਨਿਜਾਤ ਬਖ਼ਸ਼ ਦਿੱਤੀ। ਜੋ ਪ੍ਰਾਣੀ ਸ਼ਰਧਾ ਧਾਰ ਕੇ ਇਸ ਇਲਾਹੀ ਦਰਗਾਹ ਨੂੰ ਜਾਣ ਵਾਲੇ ਪੁਲ ਉਪਰ ਆਪਣੇ ਪੈਰਾਂ ਦੀ ਗਤੀ ਰਵਾਨੀ ਵਿਚ ਰਖੇਗਾ, ਉਹ ਉਕਤ ਦਰਸਾਏ ਦੋਜ਼ਖ਼ੀ ਪੁਲ ਸਰਾਤ

1. ਦੇਖੋ *ਫ਼ੀਰੋਜ਼ ਲੁਗਾਤ* (ਕੋਸ਼) ਪੁਲ ਸਰਾਤ (پل صراط)

ਦੀਆਂ ਸਜ਼ਾਵਾਂ ਤੋਂ ਨਿਰਸੰਦੇਹ ਮੁਕਤ ਹੋ ਜਾਵੇਗਾ।

ਗਿਆਨੀ ਗਿਆਨ ਸਿੰਘ ਜੀ ਉਕਤ ਦਰਸਾਈ ਵਾਰਤਾ ਲਈ ਜ਼ੋਰਦਾਰ ਸ਼ਬਦਾਂ ਵਿਚ ਹਾਮੀ ਭਰਦੇ ਹਨ:

ਮੰਦਰ ਕੇ ਅੰਦਰ ਜੋ ਜਾਨ ਹੇਤ ਪੁਲ ਕੀਨ,
ਸੁੰਦਰ ਬਿਸਦ[1] ਚੀਨ ਬਿਪਲ[2] ਸੁਹਾਵਨੋ॥
ਕਦਮ ਚੁਰਾਸੀ ਵਾਹਿ ਸਦਮ ਸਦਮ ਲੌ ਹੇਤੁ ਯਾਂਹਿ,
ਛਦਮ[3] ਚੁਰਾਸੀ ਲਾਖ ਜੋਨਿ ਹੋਇ ਭਾਵਨੋ॥
ਚਲਤਿ ਸੁਨੇਮ ਗੁਰੁ ਪਗ ਧਰਿ ਪ੍ਰੇਮ ਜੋਇ,
ਹੋਇ ਨਾਹਿ ਤਾਂਹਿ ਪੁਰਸਲਾਤ ਪਰ ਜਾਵਨੋ॥
ਸੰਤ ਜੇ ਮਰਾਲ ਮਾਲ, ਥਿਰ ਹੈਂ ਬਿਸਾਲ ਤਾਂਹਿ,
ਤਿਨ ਕੋ ਨਿਹਾਲ ਜਨ ਹ੍ਵੈ ਨਿਹਾਲ ਪਾਵਨੋ॥੩੫॥

—ਪੰਥ ਪ੍ਰਕਾਸ, ਪੂਰ: ਬਿਸ: ੧੯, ਪੰਨਾ ੬੫੧

ਹਰਿਮੰਦਰ ਸਾਹਿਬ, ਅੰਮ੍ਰਿਤ ਸਰੋਵਰ ਅਤੇ ਇਲਾਹੀ ਦਰਗਾਹ ਦੀ ਜ਼ੀਨਤ ਦਾ ਪੁਲ ਤਿਆਰ ਹੋਣ ਤੋਂ ਉਪਰੰਤ ਸਿੱਖੀ ਉੱਮਤ ਵਿਚ ਇਤਨੀ ਬਲਵਾਨ ਧਾਰਾ ਉਤਪੰਨ ਹੋ ਗਈ, ਇਤਨੀ ਉੱਨਤੀ ਆਈ ਕਿ ਸਦੀਵੀ ਸਹਜ ਗਤੀ ਦਾ ਆਰੰਭ ਹੋ ਗਿਆ। ਜਿਸ ਨੂੰ ਵੇਖ ਕੇ ਜਨੂੰਨੀ ਮੁਲਾਣੇ, ਕੁਟਲ-ਨੀਤੀਏ ਬਿਪਰ, ਮਨ, ਬਚ, ਕਰਮ ਕਰਕੇ ਸਿੱਖੀ ਦੇ ਕੱਟੜ ਵਿਰੋਧੀ ਹੋ ਗਏ, ਜਿਨ੍ਹਾਂ ਨੇ ਸਤਿਗੁਰੂ ਜੀ ਦੀ ਸ਼ਹੀਦੀ ਪ੍ਰਤੀ ਅਤਿਅੰਤ ਘ੍ਰਿਣਤ ਭੂਮਿਕਾ ਨਿਭਾਈ। ਕਿਉਂਕਿ ਦੇਸ ਪ੍ਰਦੇਸ ਵਿਚ ਗੁਰੂ ਕੀ ਮਹਿਮਾ, ਮਰਕਜ਼ੇ ਮਿੱਲਤ ਦੀ ਸ਼ੋਭਾ ਇਕ ਦਮ ਫੈਲ ਗਈ। ਜਿਵੇਂ ਜਿਵੇਂ ਪ੍ਰੇਮੀ ਸਿੱਖ ਕੇਂਦਰ ਤੋਂ ਸਰੋਪੇ ਪ੍ਰਾਪਤ ਕਰ ਕੇ ਆਪਣੇ ਆਪਣੇ ਦੇਸ਼ਾਂ ਵਲ ਵਾਪਸ ਗਏ, ਉਨ੍ਹਾਂ ਦੇ ਰਾਹੀਂ ਮਰਕਜ਼ੇ-ਮਿੱਲਤ ਦੀ ਆਸਮਾਨੀ ਕੀਰਤੀ ਸੁਣ ਕੇ ਸਾਰੇ ਜਗਤ ਵਿਚ ਸਿੱਖੀ ਦਾ ਪਾਸਾਰ ਐਸੇ ਪ੍ਰਗਟ ਹੋਇਆ, ਜਿਵੇਂ ਸੂਰਜ ਨਿਕਲਦਿਆਂ ਹੀ ਹਰ ਆਫ਼ਤਾਬੀ ਕਿਰਨ ਜ਼ੱਰੇ ਜ਼ੱਰੇ ਨੂੰ ਨਵੀਂ ਜ਼ਿੰਦਗੀ, ਨਵੀਂ ਰੌਸ਼ਨੀ, ਨਵੀਆਂ ਹਸਰਤਾਂ, ਨਵੀਆਂ ਉਮੰਗਾਂ, ਨਵਾਂ ਉਤਸ਼ਾਹ, ਨਵਾਂ ਹੀ ਜੀਵਨ ਰਹੱਸ, ਸਦੀਵੀ ਗੁਰ-ਲਿਵ, ਜੀਵਨ ਵਿਚ ਖੇੜਾ ਅਤੇ ਜ਼ਿੰਦਗੀ ਵਿਚ ਮਸੱਰਤ ਦੇ ਭੰਡਾਰ ਬਖ਼ਸ਼ਦੀ ਹੈ। ਮੁਕਦੀ ਗੱਲ, ਦੇਸ ਬਦੇਸਾਂ ਦੇ ਹਰ ਕੋਨੇ ਕੋਨੇ ਵਿਚ ਸਿੱਖੀ ਦਾ ਅਬੁਝ ਚਿਰਾਗ਼ ਰੌਸ਼ਨ ਹੋ

---

1. ਬਿਸਦ—ਚਿੱਟਾ, ਉੱਜਲ।
2. ਬਿਪਲ—ਬਹੁਤਾ ਜ਼ਿਆਦਾ।
3. ਛਦਮ—ਜੋ ਸ਼ਰਧਾ ਧਾਰ ਕੇ ਪੁਲ ਉਪਰ ਦੀ ਲੰਘੇਗਾ ਉਸਦੀ ਚਉਰਾਸੀਹ ਲੱਖ ਜੋਨ ਕੱਟੀ ਜਾਵੇਗੀ।

ਗਿਆ। ਇਸ ਖ਼ੁਸ਼ੀ ਵਿਚ ਸਤਿਗੁਰੂ ਜੀ ਨੇ ਇਲਾਹੀ ਧਾਰਾ ਦੇ ਅਨੁਸਾਰ ਸਿੱਖੀ ਕੇਂਦਰ ਦੇ ਸਮੂੰਹ ਉਸਰਈਆਂ ਨੂੰ ਮਾਨ-ਪੱਤਰ ਅਤੇ ਸਰੋਪੇ ਇਨਾਇਤ ਫ਼ੁਰਮਾਏ। ਗਿਆਨੀ ਗਿਆਨ ਸਿੰਘ ਜੀ ਉਕਤ ਦਰਸਾਏ ਵਾਰਤਿਕ ਖ਼ਿਆਲ ਨਿਮਨ-ਲਿਖਤ ਦੇ ਅਨੁਸਾਰ ਕਲਮ-ਬੰਦ ਕਰਦੇ ਹਨ :

ਤਾਲ ਤੱਯਾਰ ਭਏ ਗੁਰੁ ਖੁਸੀ ਸਮਾਨ ਕੀਏ,
ਪਰਸਾਦ ਬਰਤਏ ਆਏ ਸਿਖ ਭਾਰ ਹੈਂ॥
ਮੰਜ, ਪੈੜਾ, ਮੋਖਾ, ਬਾਲੂ, ਭਗਤੂ, ਬਹਿਲੋ,
ਲਾਲੂ, ਕਲਯਾਨ, ਰੂਪੇ ਆਦਿਕ ਅਪਾਰ ਹੈਂ॥
ਭਾਵਨਾ ਕੇ ਅਨੁਸਾਰ ਰਿਧਿ ਸਿਧਿ ਫਲ ਚਾਰ,
ਖਿੱਲਤ[1] ਅਪਾਰ ਗੁਰੂ ਬਖਸ਼ੇ ਸੁਧਾਰ ਹੈਂ॥
ਸੁਜਸ ਉਚਾਰਤ ਵਿਚਾਰਤ ਗੁਰੂ ਕੇ ਗੁਨ,
ਦੇਸ ਦੇਸ ਸਿਖ ਚਲੇ ਮੋਦ[2] ਅਤਿ ਧਾਰ ਹੈਂ॥੩੬॥

—ਪੰਥ ਪ੍ਰਕਾਸ਼, ਪੂਰ: ਬਿਸ: ੧੯, ਪੰਨਾ ੬੫੧

੪-੪. ਕੇਂਦਰ ਦੀ ਮਜ਼ਬੂਤੀ ਜਾਂ ਗਿਰਾਵਟ ਦਾ ਪ੍ਰਣਾਮ

ਕੇਂਦਰ ਦੀ ਸ਼ਕਤੀਸ਼ਾਲੀ ਖਿੱਚ ਉੱਮਤ ਦੇ ਹਰ ਛੋਟੇ ਤੋਂ ਛੋਟੇ ਜ਼ੱਰੇ ਅਤੇ ਹਰ ਵੱਡੇ ਤੋਂ ਵੱਡੇ ਭਾਰੀ ਭਰਕਮ ਵਜ਼ਨ ਨੂੰ ਆਪਣੀ ਲਪੇਟ ਵਿਚ ਰੱਖ ਕੇ ਮਹਿਵਰ ਦੇ ਚੌਗਿਰਦੇ ਪਰਕਰਮਾ ਕਰਵਾਂਦੀ ਹੈ। ਹਰ ਵਸਤੂ ਆਪਣੀ ਆਪਣੀ ਵਿੱਥ ਤੇ ਪੱਕੇ ਤੌਰ 'ਤੇ ਮਹਿਵਰ ਦੇ ਨਾਲ ਜੁੜੀ ਰਹਿੰਦੀ ਹੈ, ਮਹਿਵਰ ਦੀ ਸ਼ਕਤੀਸ਼ਾਲੀ ਖਿੱਚ ਉਨ੍ਹਾਂ ਨੂੰ ਆਪਣੇ ਚੌਗਿਰਦੇ ਘੁਮਾਂਦੀ ਭੀ ਹੈ ਔਰ ਉਨ੍ਹਾਂ ਦਾ ਘੁਮਾਉ ਵੇਗ ਭੀ ਕਿਸੇ ਖ਼ਾਸ ਨਿਯਮ ਵਿਚ ਕਾਇਮ ਰੱਖਦੀ ਹੈ। ਹਰ ਇਕਾਈ ਦਾ ਆਪਣਾ ਆਪਣਾ ਘੁਮਾਊ ਦਾਇਰਾ ਹੁੰਦਾ ਹੈ, ਮਗਰ ਉਨ੍ਹਾਂ ਦੀ ਖਿੱਚ ਕੇਵਲ ਮਹਿਵਰ ਦੇ ਅਧੀਨ ਹੀ ਹੁੰਦੀ ਹੈ। ਕੀਟਸ ਇਸ ਖ਼ਿਆਲ ਦੀ ਪ੍ਰੋੜ੍ਹਤਾ ਬੜੇ ਜ਼ੋਰਦਾਰ ਸ਼ਬਦਾਂ ਦੇ ਰਾਹੀਂ ਕਰਦਾ ਹੈ :

> A focal point design to live together keeps the things together. If in case there is no focal point, things fall apart. When centre does not hold, things fall. Centralization of a nation, makes the nation rich and develop the Common-wealth heritage in the nation.[3]

---

1. ਖਿੱਲਤ—ਸਰੋਪਾ, ਉਹ ਪਹਿਰਾਵਾ ਜੋ ਸਨਮਾਨ ਵਜੋਂ ਦਿੱਤਾ ਜਾਵੇ।
2. ਮੋਦ—ਖ਼ੁਸ਼ੀ, ਪ੍ਰਸੰਨਤਾ। 3. ਕੀਟਸ।

ਜੇਕਰ ਮਰਕਜ਼ ਢਿੱਲਾ ਪੈ ਜਾਵੇ, ਜਾਂ ਆਪਣੇ ਸੰਤੁਲਨ ਦੇ ਤਨਾਸਬ ਨੂੰ ਗੁਆ ਦੇਵੇ, ਤਦ ਸਾਰੀ ਉੱਮਤ ਦਾ ਸ਼ੀਰਾਜਾ ਬਿਖਰ ਜਾਂਦਾ ਹੈ। ਇਹੀ ਕਾਰਣ ਸੀ ਕਿ ਸਤਿਗੁਰੂ ਜੀ ਨੇ ਹਰ ਪ੍ਰਕਾਰ ਦੀਆਂ ਧੜੇਬੰਦੀਆਂ, ਸੁਆਰਥੀ ਲੋਕਾਂ ਦੇ ਡੇਰੇ, ਹਉਮੈ ਭਰੀਆਂ ਗੁਟ-ਬੰਦੀਆਂ, ਦਿਖਾਵੇ ਦੀਆਂ ਠਾਠਾਂ-ਬਾਠਾਂ ਨੂੰ ਕੇਂਦਰ ਨਾਲ ਜੁੜਨ ਦਾ ਇਲਾਹੀ ਪੈਗ਼ਾਮ ਸਾਦਰ ਫ਼ੁਰਮਾਇਆ। ਇਕ ਸੇਧ ਦੇ ਅਧੀਨ ਮਰਕਜ਼ੇ-ਮਿੱਲਤ ਵਿਚ ਇਕੱਤ੍ਰ ਹੋਣ ਦਾ ਉਤਸ਼ਾਹ ਪੈਦਾ ਕੀਤਾ, ਤਾਕਿ ਸਿੱਖੀ ਆਉਣ ਵਾਲੇ ਸਮੇਂ ਵਿਚ ਕੇਵਲ ਇਕ ਨੁਕਤੇ 'ਤੇ ਆਪਣੇ ਮੂਲਿਕ ਅੰਸ਼ ਨਾਲ ਬੱਝੀ ਰਹੇ। ਤਦੇ ਹਜ਼ੂਰ ਨੇ ਫ਼ੁਰਮਾਇਆ ਸੀ, ਜੇ ਕੋਈ ਧੜਾ ਕਦੇ ਕੇਂਦਰ ਤੋਂ ਬੇ-ਮੁਖਤਾਈ ਕਰੇਗਾ, ਉਸ ਦੀ ਹਾਲਤ ਉਨ੍ਹਾਂ ਟਹਿਣੀਆਂ ਜੈਸੀ ਹੋ ਜਾਵੇਗੀ, ਜੋ ਪੇੜ ਨਾਲੋਂ ਕੱਟ ਦਿੱਤੀਆਂ ਹੋਣ, ਆਪਣੇ ਮੂਲ ਅੰਸ਼ ਨਾਲ ਜੁੜੇ ਰਹਿਣਾ ਹੀ ਜੀਵਨ ਦੀ ਗਤੀ ਨੂੰ ਉੱਨਤੀ ਵਿਚ ਲੈ ਜਾਣ ਦਾ ਵਾਹਿਦ ਸਾਧਨ ਹੈ।

ਹਜ਼ੂਰ ਫ਼ੁਰਮਾਂਦੇ ਹਨ ਕਿ ਸਿੱਖੀ ਕੇਂਦਰ ਦੇ ਅਨੁਸਾਰ ਗੁਰੂ ਦੀ ਅਗਵਾਈ ਵਿਚ ਤੁਰਨਾ ਹੀ ਜੀਵਨ ਦੀ ਸੁਚੱਜੀ ਸੇਧ ਹੈ। ਇਸ ਤਰ੍ਹਾਂ ਦੁਨਿਆਵੀ ਉੱਨਤੀ ਵਿਚ ਵਿਚਰਦਿਆਂ ਜਨਮ ਮਰਨ ਦਾ ਗੇੜ ਭੀ ਮੁੱਕ ਜਾਂਦਾ ਹੈ, ਜਮਰਾਜ ਦੀ ਸਿਤਮਗੀਰ ਧਾਰਾ ਤੋਂ ਭੀ ਖਲਾਸੀ ਪਾਈ ਜਾ ਸਕਦੀ ਹੈ। ਜੋ ਪ੍ਰਾਣੀ ਗੁਰੂ ਦੀ ਅਗਵਾਈ ਵਿਚ ਰਹਿੰਦਾ ਹੋਇਆ ਆਪੋ ਆਪਣੇ ਧੜੇ ਛੱਡ ਕੇ ਮੂਲ ਨਾਲ ਜੁੜਿਆ ਰਹਿੰਦਾ ਹੈ, ਉਸ ਦੇ ਮਨ ਵਿਚ ਸੱਚਾ ਸਦੀਵੀ ਥਿਰ ਰਹਿਣ ਵਾਲਾ ਉਤਸ਼ਾਹ ਉਤਪੰਨ ਹੋ ਜਾਂਦਾ ਹੈ। ਉਕਤ ਦਰਸਾਈ ਧਾਰਾ ਦੀ ਪੁਸ਼ਟੀ ਸਤਿਗੁਰੂ ਜੀ ਦੀ ਪਾਵਨ ਕਲਾਮ ਵਿਚ ਨਿਮਨ-ਲਿਖਤ ਦੇ ਅਨੁਸਾਰ ਕੀਤੀ ਗਈ ਹੈ:

> **ਸਚੀ ਕਰਣੀ ਗੁਰ ਕੀ ਸਿਰਕਾਰਾ ॥**
> **ਆਵਣੁ ਜਾਣੁ ਨਹੀ ਜਮ ਧਾਰਾ ॥**
> **ਡਾਲ ਛੋਡਿ ਤਤੁ ਮੂਲੁ ਪਰਾਤਾ ਮਨਿ ਸਾਚਾ ਓਮਾਹਾ ਹੇ ॥੧੩॥**

—ਮਾਰੂ ਮ: ੧, ਪੰਨਾ ੧੦੩੩-੩

ਸਤਿਗੁਰੂ ਜੀ ਨੇ ਆਪਣੀ ਉੱਮਤ ਨੂੰ ਮੂਲ (ਕੇਂਦਰ) ਨਾਲ ਗੰਢ ਪਾਈ ਰੱਖਣ ਲਈ ਬਾਰ ਬਾਰ ਚੇਤਾਵਨੀ ਦਿੱਤੀ ਹੈ, "ਹੇ ਭਾਈ! ਜੋ ਪ੍ਰਾਣੀ ਆਪਣੇ ਮੂਲ (ਕੇਂਦਰ) ਨਾਲ ਸੰਯੁਕਤਕ ਢੰਗ ਦੇ ਰਾਹੀਂ ਜੁੜੇ ਹੋਏ ਹਨ, ਉਨ੍ਹਾਂ ਨੇ ਦੀਨ ਦੁਨੀ ਦਾ ਸੁਖ ਪ੍ਰਾਪਤ ਕੀਤਾ ਹੈ, ਪਰੰਤੂ ਜੋ ਮੂਲ (ਮਰਕਜ਼) ਨੂੰ ਛੱਡ ਕੇ ਆਪਣੇ ਆਪਣੇ ਅਹੰਕਾਰੀ ਟੋਲਿਆਂ ਵਿਚ ਵਿਚਰਦੇ ਹਨ, ਉਨ੍ਹਾਂ ਨੇ ਆਪਣਾ ਮਾਣਸ ਜਨਮ ਅਕਾਰਥ ਹੀ ਗਵਾਇਆ ਹੈ।" ਹਜ਼ੂਰ ਕਥਨ ਕਰਦੇ ਹਨ:

ਇਕਿ ਮੂਲਿ ਲਗੇ ਓਨੀ ਸੁਖੁ ਪਾਇਆ॥
ਡਾਲੀ ਲਾਗੇ ਤਿਨੀ ਜਨਮੁ ਗਵਾਇਆ॥

—ਮਾਰੂ ਮ: ੩, ਪੰਨਾ ੧੦੫੧-੧੦

ਉਕਤ ਦਰਸਾਏ ਪਾਵਨ ਇਲਾਹੀ ਕਲਾਮ ਨੂੰ ਵਿਚਾਰਿਆਂ ਇਹ ਸਿੱਟਾ ਪ੍ਰਤੱਖ ਰੂਪ ਵਿਚ ਅਸਾਡੇ ਸਾਹਮਣੇ ਆ ਜਾਂਦਾ ਹੈ ਕਿ ਆਪਣੇ ਮੂਲਿਕ ਅੰਸ਼ (ਕੇਂਦਰ) ਨਾਲੋਂ ਟੁੱਟਿਆਂ ਟੁੱਟਣ ਵਾਲੇ ਦੀ ਸਮਾਜੀ ਤੌਰ 'ਤੇ, ਇਖ਼ਲਾਕੀ ਤੌਰ 'ਤੇ, ਸਿਆਸੀ ਤੌਰ 'ਤੇ, ਔਰ ਆਤਮਕ ਤੌਰ 'ਤੇ ਮੌਤ ਹੋ ਜਾਂਦੀ ਹੈ। ਇਹ ਜ਼ਿਹਨੀ ਮੌਤ ਹੀ ਇਖ਼ਲਾਕੀ ਮੌਤ ਹੈ। ਅਲਾਮਾ ਇਕਬਾਲ ਇਸ ਖ਼ਿਆਲ ਦੀ ਪ੍ਰੋੜ੍ਹਤਾ ਕਰਦੇ ਹਨ:

ਮਿੱਲਤ ਕੀ ਮੌਤ ਹੈ ਮਰਕਜ਼ ਸੇ ਜੁਦਾਈ,
ਹੋ ਸਾਹਿਬੇ ਮਿੱਲਤ ਤੋ ਕਿਆ ਹੈ ਖ਼ੁਦਾਈ।[1]

ਭਾਵ ਹੈ ਜੇਕਰ ਇਕ ਵਿਅਕਤੀ ਆਪਣੀ ਮਿੱਲਤ ਨਾਲ ਜੁੜਿਆ ਰਹਿੰਦਾ ਹੈ ਉਸ ਦੇ ਸਾਹਮਣੇ ਖ਼ੁਦਾਈ (ਦੁਨੀਆ) ਕੋਈ ਅਰਥ ਨਹੀਂ ਰੱਖਦੀ। ਕਿਉਂਕਿ ਉਸ ਦੀ ਦੁਨੀਆ ਮਿੱਲਤ ਵਿਚ ਹੀ ਪ੍ਰਵੇਸ਼ ਕਰ ਰਹੀ ਹੁੰਦੀ ਹੈ। ਉਸ ਬਦ-ਨਸੀਬ ਟੋਲੇ ਦੀ ਉਸ ਵੇਲੇ ਮੌਤ ਹੋ ਜਾਂਦੀ ਹੈ, ਜਦੋਂ ਉਹ ਸਿੱਖੀ ਕੇਂਦਰ ਨਾਲੋਂ ਪਰ੍ਹੇ ਹਟ ਜਾਂਦਾ ਹੈ, ਪਰੰਤੂ ਜੇਕਰ ਸਾਰਾ ਪੰਥ ਹੀ ਸਿੱਖੀ ਕੇਂਦਰ ਦਾ ਅਦਬ ਸਤਿਕਾਰ ਅਤੇ ਮਾਨਤਾ ਦਾ ਧਾਰਣੀ ਹੋ ਜਾਵੇ ਤਦ ਇਹ ਦੁਨਿਆਵੀ ਤਾਕਤਾਂ (ਖ਼ੁਦਾਈ) ਮਿੱਲਤ ਦੇ ਸਾਹਮਣੇ ਕੁਝ ਭੀ ਨਹੀਂ ਹਨ, ਭਾਵ ਤੁੱਛ ਹਨ।

ਕੌਮਾਂ ਦੀ ਹਸਤੀ ਕਾਇਮ ਰੱਖਣ ਲਈ ਉਨ੍ਹਾਂ ਦੀ ਗਰਦਸ਼ ਦਾ ਧੁਰਾ ਕੇਵਲ ਕੇਂਦਰ ਹੀ ਹੁੰਦਾ ਹੈ, ਕਿਉਂਕਿ ਹਰ ਕੌਮ ਦੇ ਹਰ ਆਦਮੀ ਦੀ ਵਿਅਕਤੀਗਤ ਹਸਤੀ ਕੌਮੀ ਧੁਰੇ ਨਾਲ ਬੱਝੀ ਹੁੰਦੀ ਹੈ। ਹਰ ਬਸ਼ਰ ਦੀ ਤਹਿਜ਼ੀਬੋ-ਤਮੱਦਨ, ਭਾਈਚਾਰਕ ਜੀਵਨ, ਸਾਹਿਤਕ ਸੋਚ, ਧਾਰਮਿਕ ਰੁਚੀ, ਸਦਾਚਾਰਕ ਜੱਲਾਲ ਅਤੇ ਆਤਮਕ ਜੀਵਨ ਕੇਂਦਰ ਨਾਲ ਜੁੜੇ ਰਹਿਣ ਕਰਕੇ ਹੀ ਪ੍ਰਫੁੱਲਤ ਰਹਿੰਦੇ ਹਨ। ਜੇਕਰ ਬਦ-ਕਿਸਮਤੀ ਨਾਲ ਕਿਸੇ ਕੌਮ ਦਾ ਜਾਂ ਵਿਅਕਤੀ ਦਾ ਰਾਬਤਾ ਆਪਣੇ ਕੇਂਦਰ ਨਾਲੋਂ ਢਿੱਲਾ ਪੈ ਜਾਵੇ ਜਾਂ ਟੁੱਟ ਜਾਵੇ ਤਦ ਟੁੱਟਣ ਵਾਲਿਆਂ ਦੀ ਮੌਤ ਹਰ ਪਹਿਲੂ ਤੋਂ ਹੋ ਜਾਂਦੀ ਹੈ, ਔਰ ਨਾਲ ਹੀ ਕੇਂਦਰ ਦਾ ਸੰਤੁਲਨ ਭੀ ਡਾਵਾਂ ਡੋਲ ਹੋ ਜਾਂਦਾ ਹੈ, ਇਹੀ ਕਾਰਣ ਸੀ ਕਿ ਹਜ਼ੂਰ ਨੇ ਸਾਨੂੰ ਆਦੇਸ਼ ਦਿੱਤਾ ਹੈ ਕਿ ਕੇਂਦਰ ਦੀ ਢਿੱਲ ਅਥਵਾ ਬਰਬਾਦੀ ਹੋਣ ਕਰਕੇ ਕੌਮਾਂ ਭੀ ਖ਼ਤਮ ਹੋ ਜਾਂਦੀਆਂ ਹਨ:

---

1. ਅਲਾਮਾ ਇਕਬਾਲ।

ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ ॥੧੨॥

—ਗਉੜੀ ਕੀ ਵਾਰ, ਮ: ੪, ਪੰਨਾ ੩੦੬-੧੯

ਕੌਮੀ ਤਾਲਮੇਲ, ਕੌਮੀ ਸ਼ਾਸਨਿਕ ਪ੍ਰਬੰਧ ਸੁਲਝੇ ਹੋਏ ਸ਼ਕਤੀਸ਼ਾਲੀ ਕੇਂਦਰ ਨਾਲ ਹੀ ਠੀਕ ਚੱਲ ਸਕਦਾ ਹੈ, ਸਤਿਕਾਰ ਭਰਪੂਰ ਕਿਰਤ ਵਿਰਤ (ਰੋਜ਼ਗਾਰ) ਦਾ ਹੋਣਾ ਭੀ ਸਮਰੱਥ ਕੇਂਦਰ 'ਤੇ ਹੀ ਨਿਰਭਰ ਹੁੰਦਾ ਹੈ, ਅਗਰ ਕਿਸੇ ਕੌਮ ਦੇ ਮਰਕਜ਼ ਵਿਚ ਖਲਲ ਅਥਵਾ ਇੰਤਿਸ਼ਾਰ ਜਾਂ ਖੋਖਲਾਪਨ ਆ ਜਾਵੇ, ਤਦ ਤਹਿਜ਼ੀਬੋ-ਤਮੱਦਲ ਅਤੇ ਰੋਜ਼ਗਾਰ ਦੀਆਂ ਸਹੂਲਤਾਂ ਦਾ ਸ਼ੀਰਾਜ਼ਾ ਖੇਰੂੰ ਖੇਰੂੰ ਹੋ ਨਿਬੜਦਾ ਹੈ, ਕੌਮ ਦੀਆਂ ਆਸੂਦਗੀਆਂ ਖੋਹ ਲਈਆਂ ਜਾਂਦੀਆਂ ਹਨ, ਜ਼ਿਹਨੀ ਤੌਰ 'ਤੇ ਕੌਮ ਨਿਵਾਣ ਵਾਲੇ ਦੌਰ ਵਿਚ ਪ੍ਰਵੇਸ਼ ਕਰ ਜਾਂਦੀ ਹੈ। *ਮਾਅਰਫੁਲ ਕੁਰਾਨ* ਵਿਚ ਲਿਖਿਆ ਹੈ ਕਿ:

ਕੌਮ ਰਾ ਰਾਬਤਾ ਵ ਨਿਜ਼ਾਮ ਅਜ਼ ਮਰਕਜ਼ੇ,
ਰੋਜ਼ਗਾਰਸ ਰਾ ਦਵਾਮ ਅਜ਼ ਮਰਕਜ਼ੇ। *—ਪੰਨਾ ੩੬੧*

ਕੌਮੀ ਕੇਂਦਰ ਉਸ ਜਗ੍ਹਾ ਦਾ ਪ੍ਰਤੀਕ ਹੀ ਹੋ ਸਕਦਾ ਹੈ ਜਿਥੋਂ ਕੇਵਲ ਤੌਹੀਦ ਦੀ ਸਦਾਅ ਹੀ ਬੁਲੰਦ ਹੁੰਦੀ ਹੋਵੇ, ਜਿਥੇ ਇਕਤਵ ਦੀ ਧੁਨੀ ਆਸ਼ਕਾਰ ਹੁੰਦੀ ਹੋਵੇ। ਸੋ ਉਹ ਅਸਥਾਨ ਨਿਰ-ਸੰਦੇਹ ਦਰਬਾਰ ਸਾਹਿਬ ਹੈ, ਅਕਾਲ ਤਖ਼ਤ ਹੈ, ਜਿਥੋਂ ਦੁਨੀਆ ਦੇ ਹਰ ਇਨਸਾਨ ਲਈ ਖ਼ਾਸ ਕਰਕੇ ਹਰ ਗੁਰ-ਸਿੱਖ ਨੂੰ ਆਤਮਕ ਜੀਵਨ ਗੁਰ-ਲਿਵ ਇਲਾਹੀ ਜ਼ੀਨਤ, ਦੁਨਿਆਵੀ ਗੌਰਵ ਦੀ ਪ੍ਰਾਪਤੀ ਹੁੰਦੀ ਹੈ। ਇਸ ਖ਼ਿਆਲ ਦੀ ਬਾਬਤ ਹਜ਼ੂਰ ਦਾ ਫ਼ੁਰਮਾਨ ਹੈ:

ਮੂਲਿ ਲਾਗੇ ਸੇ ਜਨ ਪਰਵਾਣੁ ॥ *—ਆਸਾ ਮ: ੩, ਪੰਨਾ ੩੬੨-੭*

ਕਈ ਇਕ ਵਿਦਵਾਨਾਂ ਦਾ ਖ਼ਿਆਲ ਹੈ ਕਿ ਕਲਗੀਧਰ ਪਿਤਾ ਜੀ ਨੇ ਸਿੱਖੀ ਦੀ ਨਿਆਰੀ ਹੋਂਦ ਵਜੂਦ ਵਿਚ ਲਿਆਂਦੀ। ਮਗਰ ਐਸਾ ਨਹੀਂ ਹੈ। ਸਿੱਖੀ ਦੀ ਜੁਦਾ-ਗਾਨਾ ਹੈਸੀਅਤ ਸਤਿਗੁਰੂ ਨਾਨਕ ਜੀ ਦੇ ਦੌਰ ਵਿਚ ਹੀ ਆਰੰਭ ਹੋ ਚੁੱਕੀ ਸੀ। ਭਾਈ ਸਾਹਿਬ ਭਾਈ ਗੁਰਦਾਸ ਜੀ ਇਸ ਖ਼ਿਆਲ ਦੀ ਹਾਮੀ ਭਰਦੇ ਹਨ:

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ ॥

—ਵਾਰ ੧-੩੧-੭

ਯਥਾ: **ਮਾਰਿਆ ਸਿਕਾ ਜਗਤਿ ਵਿਚਿ,**
ਨਾਨਕ ਨਿਰਮਲ ਪੰਥੁ ਚਲਾਇਆ ॥ *—ਵਾਰ ੧-੪੫-੪*

ਯਥਾ: **ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ ॥** *—ਵਾਰ ੩-੫-੪*

ਯਥਾ: **ਗੁਰਮੁਖਿ ਪੰਥੁ ਨਿਪੰਗੁ ਬਾਰਹ ਖੇਲਿਆ ॥** *—ਵਾਰ ੩-੧੬-੬*

ਯਥਾ : ਮਾਰਗੁ ਖੰਡੇ ਧਾਰ ਹੈ ਭਵਜਲੁ ਭਰਨਾਲਾ॥
ਵਾਲਹੁ ਨਿਕਾ ਆਖੀਐ ਗੁਰ ਪੰਥੁ ਨਿਰਾਲਾ॥

—ਵਾਰ ੧੩-੧੭-੩

ਤੀਸਰੇ ਸਤਿਗੁਰੂ ਜੀ ਨੇ ਸਤਿਗੁਰੂ ਨਾਨਕ ਸਾਹਿਬ ਜੀ ਦੇ ਇਲਹਾਮੀ ਹੁਕਮ ਦੀ ਤਾਅਮੀਲ ਕਰਦਿਆਂ ਹੀ ਭਾਈ ਜੇਠਾ (ਚੌਥੇ ਸਤਿਗੁਰੂ) ਜੀ ਨੂੰ ਉਚੇਚੇ ਤੌਰ 'ਤੇ ਕੇਂਦਰ ਦੀ ਬੁਨਿਆਦੀ ਪੜਚੋਲ ਲਈ ਭੇਜਿਆ ਔਰ ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਪਾਵਨ ਨਿਗਰਾਨੀ ਵਿਚ ਕੇਂਦਰ ਦੀ ਉਸਾਰੀ ਦਾ ਕਾਰਜ ਆਰੰਭ ਕੀਤਾ। ਕੇਂਦਰ ਦੀ ਪੂਰਣਤਾ ਦਾ ਕੰਮ ਪੰਚਮ ਪਾਤਿਸ਼ਾਹ ਜੀ ਦੀ ਅਗਵਾਈ ਵਿਚ ਪਾਇਆ-ਏ-ਤਕਮੀਲ 'ਤੇ ਪੁੱਜਾ। ਉਸ ਦਿਨ ਤੋਂ ਹੀ ਸਾਰੀ ਉੱਮਤ ਦਾ ਚਿਹਰਾ ਮੋਹਰਾ, ਸਮੂੰਹ ਮਿੱਲਤ ਦੀ ਅਕੀਦਤ, ਅਨਿਯ-ਮੱਤੀਆਂ ਦੇ ਤੀਰਥਾਂ ਵਲੋਂ ਨਿਜਾਤ ਪਾ ਕੇ ਅੰਮ੍ਰਿਤਸਰ ਵਲ, ਅਥਵਾ ਆਪਣੇ ਕਿਬਲੇ ਵਲ, ਸਨਮੁਖ ਹੋ ਗਈ। ਇਸ ਦੀ ਬਾਬਤ ਕੁਝ ਠੋਸ ਉਦਾਹਰਣਾਂ ਪਾਵਨ ਗੁਰਬਾਣੀ ਵਿਚੋਂ ਪ੍ਰਾਪਤ ਹੁੰਦੀਆਂ ਹਨ। ਜਿਵੇਂ :

ਵਰਤ ਨ ਰਹਉ ਨ ਮਹ ਰਮਦਾਨਾ॥
ਤਿਸੁ ਸੇਵੀ ਜੋ ਰਖੈ ਨਿਦਾਨਾ॥੧॥
ਏਕੁ ਗੁਸਾਈ ਅਲਹੁ ਮੇਰਾ॥
ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ॥
ਏਕੋ ਸੇਵੀ ਅਵਰੁ ਨ ਦੂਜਾ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡੁ ਪਰਾਨ॥੪॥
ਕਹੁ ਕਬੀਰ ਇਹੁ ਕੀਆ ਵਖਾਨਾ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥੫॥੩॥

—ਭੈਰਉ ਮ: ੫, ਪੰਨਾ ੧੧੩੬-੯

ਦਰਬਾਰ ਸਾਹਿਬ ਦੀ ਉਸਾਰੀ ਤੋਂ ਉਪਰੰਤ ਸਮੂੰਹ ਗੁਰਸਿੱਖਾਂ ਨੇ ਅਠਸਠਿ ਤੀਰਥ ਦੀ ਫੋਕਟ ਸਮਾਜੀ ਰੀਤੀ ਨੂੰ ਛੱਡ ਕੇ ਆਪਣੇ ਇਲਹਾਮੀ ਕੇਂਦਰ ਵਲ ਵਹੀਰਾਂ ਘੱਤ ਦਿੱਤੀਆਂ। ਪੁਰਾਣੀ ਕੁਲ-ਰੀਤੀ ਦੇ ਉਲਟ ਆਪਣੀ ਜੀਵਨ ਬੁਨਤੀ ਸਹਜਿ ਸੁੰਨ ਵਿਚ ਲੀਨ ਕਰ ਲਈ। ਪੰਡਿਤ ਅਤੇ ਮੁੱਲਾਂ ਦਾ ਝਗੜਾਲੂ

ਦਾਇਰਾ ਖ਼ਤਮ ਕਰ ਕੇ ਕੇਵਲ ਅਤੇ ਕੇਵਲ ਵਾਹਿਦੀਅਤ ਦੇ ਪੁਜਾਰੀ ਬਣ ਗਏ। ਬਸ ਇਹੀ ਇਕ ਮਹਾਨ ਜੀਵਨ ਸੇਧ ਸੀ ਜੋ ਸਿੱਖੀ ਕੇਂਦਰ ਵਲੋਂ ਸਮੂਹ ਮਾਨਵਤਾ ਨੂੰ ਪ੍ਰਾਪਤ ਹੋਈ। ਇਸ ਖ਼ਿਆਲ ਦੀ ਪ੍ਰੋੜ੍ਹਤਾ ਪਾਵਨ ਗੁਰਬਾਣੀ ਵਿਚ ਨਿਮਨ-ਲਿਖਤ ਦੇ ਅਨੁਸਾਰ ਕੀਤੀ ਗਈ ਹੈ:

ਉਲਟਿ ਜਾਤਿ ਕੁਲ ਦੋਊ ਬਿਸਾਰੀ॥
ਸੁੰਨ ਸਹਜ ਮਹਿ ਬੁਨਤ ਹਮਾਰੀ॥੧॥
ਹਮਰਾ ਝਗਰਾ ਰਹਾ ਨ ਕੋਊ
ਪੰਡਿਤ ਮੁਲਾਂ ਛਾਡੇ ਦੋਊ॥੧॥ਰਹਾਉ॥

—ਭੈਰਉ ਕਬੀਰ, ਪੰਨਾ ੧੧੫੮-੫੯

ਸਿੱਖੀ ਕੇਂਦਰ ਦਾ ਜਾਹੋ-ਜਲਾਲ ਵੇਖ ਕੇ ਦੇਸ-ਦੇਸਾਂਤਰਾਂ ਦੇ ਰੱਬੀ ਅਕੀਦਤ ਰੱਖਣ ਵਾਲੇ ਵਿਅਕਤੀਆਂ ਨੇ ਸਿੱਖੀ ਕੇਂਦਰ ਵਲ ਨੂੰ ਆਪ-ਮੁਹਾਰੇ ਹੀ ਵਹੀਰਾਂ ਘੱਤ ਦਿੱਤੀਆਂ। ਜਿਥੋਂ ਬਿਪਰ-ਰੀਤੀ ਦੇ ਹਾਮੀਆਂ ਨੂੰ ਸਿੱਖੀ ਤੇ ਸਿੱਖੀ ਕੇਂਦਰ ਦੇ ਵਿਰੁੱਧ ਇਕ ਗੰਭੀਰ ਖੁਣਸ ਉਤਪੰਨ ਹੋ ਗਈ ਜੋ ਸਤਿਗੁਰੂ ਜੀ ਦੀ ਸ਼ਹੀਦੀ ਦੇ ਹੋਰ ਕਾਰਣਾਂ ਵਿਚੋਂ ਇਕ ਠੋਸ ਕਾਰਣ ਬਣੀ।

ਭਾਵੇਂ ਸਮੂਹ ਪਾਵਨ ਗੁਰਦੁਆਰੇ ਸਾਹਿਬ ਸਿੱਖੀ ਦੇ ਕੇਂਦਰ ਹਨ, ਪਰੰਤੂ ਸ੍ਰੀ ਦਰਬਾਰ ਸਾਹਿਬ, ਅਕਾਲ ਤਖ਼ਤ ਸਮੇਤ ਸਿੱਖੀ ਦੇ ਕੇਂਦਰਾਂ ਦਾ ਅਜ਼ੀਮ ਅਤੇ ਇਲਾਹੀ ਕੇਂਦਰ ਹੈ। ਅੰਮ੍ਰਿਤਸਰ ਸਿੱਖੀ ਦਾ ਹਿਰਦਾ ਹੈ, ਕਈ ਸਦੀਆਂ ਦੇ ਜਹਾਦ (ਸੰਘਰਸ਼) ਅਤੇ ਅਗਿਣਤ ਕੁਰਬਾਨੀਆਂ ਦਾ ਬਦਲ ਇਹ ਪਾਵਨ ਨਗਰੀ ਸਿੱਖੀ ਦੇ ਕੇਂਦਰ ਵਜੋਂ ਰੱਬੀ ਰਹਿਮਤ ਦੇ ਹਾਸਲ ਵਿਚੋਂ ਦੁਨੀਆਂ ਦੇ ਨਕਸ਼ੇ 'ਤੇ ਆਈ। ਉਕਤ ਖ਼ਿਆਲਾਂ ਦੀ ਪ੍ਰੋੜ੍ਹਤਾ ਨਿਮਨ-ਲਿਖਤ ਖ਼ਿਆਲਾਂ ਦੇ ਅਨੁਸਾਰ ਹੀ ਕੀਤੀ ਜਾ ਸਕਦੀ ਹੈ:

ਐ ਪੰਥ ਦੇ ਜਾ-ਨਸ਼ੀਨੋ! ਮਿੱਲਤ ਦੇ ਬਾਨੀਓ!
ਉੱਮਤ ਦਾ ਦਿਲ ਹੈ ਇਹ ਸ਼ਹਿਰ।
ਸਮਝ ਲੈਣਾ ਸਦੀਓਂ ਕੀ ਕੁਸ਼ਤੋ-ਗਾਰਤ ਕਾ ਹਾਸਿਲ ਹੈ,
ਔਰ ਅਕੀਦਤ ਹੈ ਇਹ ਸ਼ਹਿਰ। *—ਲੇਖਕ*

ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਇਲਹਾਮੀ ਫ਼ਜ਼ੀਲਤ ਨੂੰ ਛੱਡ ਕੇ ਜੋ ਭੁੱਲੜ ਪ੍ਰਾਣੀ ਛੋਟੀਆਂ ਛੋਟੀਆਂ ਦੁਕਾਨਦਾਰੀਆਂ ਅਥਵਾ ਗੁਟ-ਬੰਦੀਆਂ ਖੋਲ੍ਹੀ ਬੈਠੇ ਹਨ, ਅਸਲ ਵਿਚ ਉਹ ਆਪਣੇ ਮੂਲਿਕ ਅੰਸ਼ ਨਾਲੋਂ ਗੁਮ-ਰਾਹ ਹੋ ਚੁੱਕੇ ਹਨ। ਤੁਸੀਂ ਆਪ ਹੀ ਨਿਰਣਾ ਕਰੋ, ਉਹ ਸਤਿਗੁਰੂ ਅਰਜਨ ਸਾਹਿਬ ਦੀ ਇਲਾਹੀ ਜ਼ੀਨਤ, ਦਰਬਾਰ ਸਾਹਿਬ ਨਾਲੋਂ ਦੁਰੇਡੇ ਹੋ

ਕੇ ਕਿੱਥੇ ਆਸਰਾ ਲੈਣਗੇ ? ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਨੂਰੀ ਜਲਾਲ, ਅਕਾਲ ਤਖ਼ਤ ਨਾਲੋਂ ਟੁੱਟ ਕੇ ਰੱਬਾਨੀਅਤ ਦੇ ਗ਼ਜ਼ਬ ਦਾ ਲੇਖਾ ਜੋਖਾ ਕਿੱਥੇ ਜਾ ਕੇ ਉਤਾਰਨਗੇ ? ਹਜ਼ੂਰ ਗਉੜੀ ਕੀ ਵਾਰ ਵਿਚ ਮੁਬਾਰਕ ਕੇਂਦਰ ਨਾਲ ਬੱਧੇ ਰਹਿਣ ਲਈ ਇਕ ਮਹਾਨ ਤਸ਼ਕੀਲ ਨਾਮਾ (ਤਰਕੀਬੀ ਢਾਂਚਾ) ਅਥਵਾ ਇਕ ਖਰੜਾ ਪੇਸ਼ ਕਰਦੇ ਹਨ:

ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ ॥
ਤਿੰਨੈ ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ ॥੨॥

—ਗਉੜੀ ਵਾਰ ਮ: ੪, ਮ: ੫, ਪੰਨਾ ੩੧੫-੨

ਲੈਲਾ ਅਤੇ ਮਜਨੂੰ ਦਾ ਪਿਆਰ ਦੁਨੀਆ ਵਿਚ ਇਕ ਪ੍ਰਸਿੱਧ ਗਾਥਾ ਹੈ, ਲੈਲਾ ਦੇ ਪਿਆਰ ਵਿਚ ਆਣ ਕੇ ਮਜਨੂੰ ਆਪਣਾ ਘਰ ਬਾਰ ਛੱਡ ਕੇ, ਆਪਣਾ ਟਿਕਾਣਾ ਛੱਡ ਕੇ, ਆਪਣਾ ਕੇਂਦਰ ਛੱਡ ਕੇ ਲੈਲਾ ਦੀ ਤਲਾਸ਼ ਵਿਚ ਇਤਨਾ ਮਖ਼ਮੂਰ ਹੋਇਆ ਕਿ ਉਹ ਕੇਂਦਰ-ਹੀਣ ਹੋ ਗਿਆ। ਉਸ ਦੀ ਐਸੀ ਤਰਸ-ਯੋਗ ਦਸ਼ਾ ਵੇਖ ਕੇ ਕਿਸੇ ਫ਼ਾਜ਼ਲ ਬਸ਼ਰ ਨੇ ਉਸ ਨੂੰ ਮਸ਼ਵਰਾ ਦਿੱਤਾ ਸੀ ਕਿ ਐ ਕੈਸ! (ਮਜਨੂੰ ਦਾ ਅਸਲੀ ਨਾਮ) ਜੇਕਰ ਇਸ਼ਕ ਦੇ ਮੈਦਾਨ ਵਿਚ ਸਾਰੇ ਪਰਦੇ ਢੱਕਣ ਵਾਲਾ ਆਪਣਾ ਕੇਂਦਰ (ਮਹੱਲ) ਛੱਡੇਂਗਾ, ਯਾਦ ਰੱਖੀਂ, ਮੁਕਾਮ ਦੇ ਛੱਡਿਆਂ ਇੱਜ਼ਤ ਭੀ ਜਾਵੇਗੀ, ਗ਼ੈਰਤ ਨਹੀਂ ਰਹੇਗੀ, ਔਰ ਤੇਰੀ ਮਹਿਬੂਬਾ ਭੀ ਨਹੀਂ ਮਿਲੇਗੀ। ਇਸ ਗਾਥਾ ਨੂੰ ਹੋਰ ਵਧੇਰੇ ਸਮਝਣ ਲਈ ਅਲਾਮਾ ਇਕਬਾਲ ਦੇ ਸ਼ਬਦ ਕਾਫ਼ੀ ਹੱਦ ਤਕ ਸਹਾਇਕ ਹੋਣਗੇ:

ਇੱਜ਼ਤ ਹੈ ਮੁਹੱਬਤ ਕੀ ਕਾਇਮ ਐ ਕ਼ੈਸ! ਹਜਾਬਿ ਮਹਲ ਸੇ।
ਮਹਲ ਜੋ ਗਇਆ, ਇੱਜ਼ਤ ਭੀ ਗਈ, ਗ਼ੈਰਤ ਭੀ ਗਈ, ਲੈਲਾ ਭੀ ਗਈ।

—ਅਲਾਮਾ ਇਕਬਾਲ, ਬਾਂਗੇ ਦਰਾ, ੨੭੭

ਹਰਿਮੰਦਰ ਸਾਹਿਬ (ਸਿੱਖੀ ਕੇਂਦਰ) ਇਨਸਾਨੀ ਸਾਜਨਾ ਨਹੀਂ ਹੈ, ਇਹ ਵਾਹਿਦੀਅਤ ਦੇ ਸੁਆਮੀ ਵਾਹਿਗੁਰੂ ਦੀ ਆਪਹੁ ਕੀਤੀ ਹੋਈ ਸਾਜਨਾ ਹੈ। ਅਕਾਲ ਪੁਰਖ ਦੇ ਦਰਸਾਏ ਚਿੱਤਰ ਦੇ ਰਾਹੀਂ ਸਤਿਗੁਰੂ ਅਰਜਨ ਸਾਹਿਬ ਜੀ ਨੇ ਸਮੂਹ ਸ੍ਰਿਸ਼ਟੀ ਦੇ ਹਰ ਇਕ ਇਨਸਾਨ ਦੇ ਨਿਸਤਾਰੇ ਲਈ ਰੱਬੀ ਰਹਿਮਤ ਦਾ ਅਸਥਾਨ ਬਣਾ ਦਿੱਤਾ, ਜਿਥੇ ਆਇਆਂ ਹਰ ਜੀਵ ਨੂੰ ਆਤਮਕ ਸੁੰਦਰਤਾ ਸੁਭਾਵਿਕ ਹੀ ਪ੍ਰਾਪਤ ਹੁੰਦੀ ਹੈ। ਹਰਿ ਸਿਮਰਨ ਦੀ ਇਲਹਾਮੀ ਗਤੀ ਅਰੁੱਕ ਰੌਅ ਵਿਚ ਵਹਿੰਦੀ ਹੈ, ਜਿਸ ਦੇ ਰਾਹੀਂ ਪੂਰਬਲੇ ਕਰਮਾਂ ਦਾ ਚਿਰਾਣਾ ਲੇਖਾ ਪੱਤਰ ਮਿਟ ਜਾਂਦਾ ਹੈ। ਫ਼ੁਰਮਾਨ ਹੈ:

ਹਰਿ ਜਪੇ ਹਰਿ ਮੰਦਰੁ ਸਾਜਿਆ, ਸੰਤ ਭਗਤ ਗੁਣ ਗਾਵਹਿ ਰਾਮ
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ, ਸਗਲੇ ਪਾਪ ਤਜਾਵਹਿ ਰਾਮ॥

—ਸੂਹੀ ਮ: ੫, ਛੰਤ, ਪੰਨਾ ੭੮੧-੮੨

ਸਿੱਖੀ ਸਲਤਨਤ ਦੀ ਸਦੀਵੀ ਗਤੀ ਨੂੰ ਕਾਇਮ ਰੱਖਣ ਲਈ ਇਕ ਮਜ਼ਬੂਤ ਮਹਿਵਰ (ਕੇਂਦਰ) ਦਾ ਹੋਣਾ ਅਤਿ ਲਾਜ਼ਮੀ ਸੀ, ਜਿਸ ਨੂੰ ਸਤਿਗੁਰੂ ਅਰਜਨ ਸਾਹਿਬ ਜੀ ਨੇ ਪਾਇਆ-ਏ-ਤਕਮੀਲ ਤਕ ਪਹੁੰਚਾਇਆ। ਭਾਵੇਂ ਸਮੂੰਹ ਗੁਰਦੁਆਰੇ ਹੀ ਆਪਣੇ ਆਪਣੇ ਥਾਂਇ ਸਿੱਖੀ ਦੇ ਛੋਟੇ ਵੱਡੇ ਕੇਂਦਰ ਹਨ, ਪਰੰਤੂ ਦਰਬਾਰ ਸਾਹਿਬ ਕੇਂਦਰਾਂ ਦਾ ਮਹਾਨ ਕੇਂਦਰ ਹੈ। ਜੋ ਨਿਰੋਲ ਬਿਲਾ-ਸ਼ੁਬਾ ਇਲਾਹੀ ਹੁਸਨ ਦੀ ਦੌਲਤ ਨਾਲ ਸਰ-ਸ਼ਾਰ ਹੋ ਰਿਹਾ ਹੈ। ਐ ਰੱਬ ਦੇ ਮੁਤਲਾਸ਼ੀਓ! ਇਸ ਰੱਬੀ ਰਹਿਮਤ ਦੀ ਪੂੰਜੀ ਨੂੰ ਖਾਵਹੁ, ਖਰਚਹੁ, ਭੁੰਚਹੁ, ਤਾਕਿ ਅਸੀਂ ਇਲਾਹੀ ਫ਼ਜ਼ੀਲਤ ਦੇ ਅਧਿਕਾਰੀ ਬਣ ਕੇ 'ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ' ਦੀ ਕਾਦਰਾਨਾ ਜ਼ੀਨਤ ਵਿਚ ਲੀਨ ਹੋ ਸਕੀਏ। ਤਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫ਼ੁਰਮਾਨ ਆਇਆ ਹੈ:

ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ॥
ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿ ਹੈ ਕੋਇ॥੫੦॥

—ਕਬੀਰ ਜੀ, ਪੰਨਾ ੧੩੬੭-੨

ਹੋ ਸਕਦਾ ਹੈ ਕਿ ਗੁਮਰਾਹ ਵਿਰਤੀ ਦੇ ਅਧੀਨ ਕਈ ਸਾਦਾ ਲੌਹ (ਸਾਧਾਰਨ ਭੋਲੇ) ਗੁਰਸਿੱਖਾਂ ਨੇ ਕੇਂਦਰ ਤੋਂ ਬੇਮੁਖਤਾਈ ਕੀਤੀ ਹੋਵੇ, ਫਿਰ ਭੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਨ੍ਹਾਂ ਨੂੰ ਫਿਰ ਦੋਬਾਰਾ ਆਪਣੇ ਪਾਵਨ ਹਿਰਦੇ ਨਾਲ ਜੋੜਦੇ ਹਨ। ਐ ਸਿੱਖ! ਸਮੁੰਦਰ ਨ ਛੱਡ, ਛੋਟੇ ਛੋਟੇ ਟੋਘਣੇ ਛੱਪੜੀਆਂ ਅਥਵਾ ਪੋਖਰਾਂ ਦੇ ਵਿਚ ਜਾਣ ਕਰਕੇ ਤੇਰੀ ਹਲਤਿ ਪਲਤਿ ਦੀ ਹਿਫ਼ਾਜ਼ਤ, ਸਲਾਮਤੀ ਅਤੇ ਇੱਜ਼ਤ ਨਹੀਂ ਹੋਵੇਗੀ। ਤੂੰ ਉਸ ਮਛਲੀ ਵਾਂਙੂ ਹਤਿਆਰੇ ਝੀਵਰ ਦੇ ਗ਼ੁਲਾਮੀ ਦੇ ਜਾਲ ਵਿਚ ਕਪਟ ਭਰਪੂਰ ਫੰਦੇ ਵਿਚ ਜਕੜਿਆ ਜਾਵੇਂਗਾ। ਆ ਜਾ! ਮੁੜ ਆ, ਤੂੰ ਸਤਿਗੁਰੂ ਅਰਜਨ ਸਾਹਿਬ ਜੀ ਦੇ ਸਾਜੇ ਹੋਏ ਪੰਥਕ ਕੇਂਦਰ ਨਾਲ ਜੁੜ, ਜਿਥੇ ਤੇਰੀ ਹਲਤਿ ਪਲਤਿ ਦੀ ਰਾਖੀ ਹੋਵੇਗੀ, ਤੇਰੇ ਨਿਕਾਸ ਵਿਚੋਂ ਤੇਰਾ ਉੱਨਤੀ ਭਰਪੂਰ ਵਿਕਾਸ ਹੋਵੇਗਾ, ਤੇਰੀ ਤਵਾਰੀਖ ਦੁਨੀਆ ਦੇ ਸਫ਼ੇ ਉਪਰ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਵੇਗੀ। ਤੂੰ ਕਪਟੀ ਝੀਵਰ ਦੇ ਜਾਲ ਤੋਂ ਖ਼ਬਰਦਾਰ ਹੋ ਜਾ। ਹਜ਼ੂਰ ਫ਼ੁਰਮਾਂਦੇ ਹਨ:

ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥
ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ॥੪੯॥

—ਕਬੀਰ ਜੀ, ਪੰਨਾ ੧੩੬੭-੧

ਸਿੱਖੀ ਕੇਂਦਰ ਜਾਂ ਆਖੋ ਸਾਰੇ ਹੀ ਗੁਰਦੁਆਰੇ ਐਸਾ ਰੱਬੀ ਅਸਥਾਨ ਹਨ, ਜਿਥੋਂ ਕੋਈ ਭੀ ਇਨਸਾਨ ਕਿਸੇ ਦੂਸਰੇ ਇਨਸਾਨ ਦੀ ਨਿਰਣੈ ਕੀਤੀ ਸ੍ਵੈ-ਆਤਮਕ ਉੱਨਤੀ ਵਿਚ ਰੁਕਾਵਟ ਨਹੀਂ ਪਾ ਸਕਦਾ। ਇਹੀ ਕਾਰਣ ਹੈ ਹਜ਼ੂਰ ਨੇ ਪਾਵਨ ਗੁਰਬਾਣੀ ਵਿਚ ਭਲੀ-ਭਾਂਤਿ ਦਰਸਾ ਦਿੱਤਾ ਹੈ ਕਿ ਭਾਈ! ਸਤਿਗੁਰੂ ਨਾਨਕ ਦਾ ਸਾਜਿਆ ਹੋਇਆ ਕੇਂਦਰ ਛੱਡਣ ਵਾਲੀ ਵਿਰਾਸਤ ਨਹੀਂ ਹੈ, ਤੂੰ ਭੁੱਲ ਨਾ ਕਰ। ਆ ਜਾ! ਇਹ ਰੱਬਾਨੀਅਤ ਦਾ ਘਰ ਸਿਰਫ਼ ਤੇਰੇ ਭਲੇ ਵਾਸਤੇ ਹੀ ਦਰਗਾਹੀ ਹੁਕਮ ਦੇ ਅਧੀਨ ਸਾਜਿਆ ਗਿਆ ਹੈ, ਤੂੰ ਆ ਜਾ। ਹਜ਼ੂਰ ਜ਼ਿਕਰ ਕਰਦੇ ਹਨ:

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥੬੬॥

—ਕਬੀਰ ਜੀ, ਪੰਨਾ ੧੩੬੭-੧੮

੪-੫. ਹਰਿਮੰਦਰ ਸਾਹਿਬ ਦਾ ਵਾਤਾਵਰਣ

ਵਾਤਾਵਰਣ ਇਕ ਐਸਾ ਕੁਦਰਤੀ ਢਾਂਚਾ ਹੈ, ਜੋ ਸੁਭਾਵਿਕ ਹੀ ਹਰ ਇਕ ਇਨਸਾਨੀ ਜੀਵਨ ਨੂੰ ਆਪਣੀ ਅਨੁਕੂਲ ਗਤੀ ਵਿਚ ਢਾਲਦਾ, ਚਲਾਂਦਾ ਔਰ ਤਬਦੀਲ ਕਰਦਾ ਹੈ। ਜੇ ਅਸੀਂ ਇਹ ਭੀ ਆਖ ਲਈਏ ਕਿ ਇਨਸਾਨ ਵਾਤਾਵਰਣ ਦੀ ਉਪਜ ਹੈ, ਇਸ ਵਿਚ ਕੋਈ ਸੰਦੇਹ ਵਾਲੀ ਗਤੀ ਨਹੀਂ ਹੋਵੇਗੀ। ਇਹੀ ਕਾਰਣ ਹੈ ਕਿ ਪਾਵਨ ਗੁਰਬਾਣੀ ਵਿਚ ਬਾਰ ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਜੋ ਜੀਵ ਜੈਸੀ ਸੰਗਤਿ ਵਿਚ ਜੀਵਨ ਬਤੀਤ ਕਰਦਾ ਹੈ, ਉਸ ਦੀ ਜੀਵਨ ਗਤੀ ਉਸ ਮਜਲਿਸ ਦੇ ਮੁਤਾਬਿਕ ਹੋਣੀ ਲਾਜ਼ਮੀ ਹੈ। ਪਾਵਨ ਗੁਰਬਾਣੀ ਦੇ ਕੁਝ ਪ੍ਰਮਾਣ ਇਸ ਖ਼ਿਆਲ ਨੂੰ ਸਮਝਣ ਲਈ ਹੋਰ ਵਧੇਰੇ ਲਾਭਦਾਇਕ ਹੋਣਗੇ:

ਊਤਮ ਸੰਗਤਿ ਗਤਿ ਮਿਤਿ ਊਤਮ ਜਗੁ ਭਉਜਲੁ ਪਾਰਿ ਤਰਾਇਆ ॥੮॥

—ਮਾਰੂ ਮ: ੧, ਪੰਨਾ ੧੦੪੨-੫

ਯਥਾ: **ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥**

—ਗੂਜਰੀ ਮ: ੧, ਪੰਨਾ ੫੦੫-੭

ਯਥਾ: **ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਇ ॥**
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥

—ਕਬੀਰ, ਪੰਨਾ ੧੩੬੯-੧

ਜਿਸ ਤਰ੍ਹਾਂ ਸਰੀਰਕ ਖ਼ੁਰਾਕ ਭੋਜਨ ਹੈ, ਜੈਸਾ ਭੋਜਨ ਖਾਧਾ ਜਾਵੇ, ਸਰੀਰਕ ਦਸ਼ਾ ਵੈਸੀ ਹੀ ਬਣ ਆਂਵਦੀ ਹੈ, ਸਰੀਰਕ ਭੋਜਨ ਦੁਕਾਨਾਂ ਤੋਂ ਮਿਲ ਸਕਦਾ

ਹੈ, ਪਰ ਮਨ ਦਾ ਭੋਜਨ ਦੁਕਾਨਾਂ 'ਤੇ ਨਹੀਂ ਹੈ, ਮਨ ਦਾ ਭੋਜਨ ਵਾਤਾਵਰਣ ਹੈ, ਸੰਗਤਿ ਹੈ। ਜੈਸੀ ਸੰਗਤਿ ਤੈਸੀ ਹੀ ਮਨ ਦੀ ਅਵਸਥਾ ਹੋ ਜਾਂਦੀ ਹੈ। ਮਿਸਟਰ ਡੇਵਡ ਆਪਣੀ ਕਿਤਾਬ *ਥਿੰਕਿੰਗ ਬਿਗ* ਵਿਚ ਠੀਕ ਹੀ ਲਿਖਦੇ ਹਨ :

> The body is what the body is fed. By the same token, mind is what the mind is fed. Mind-food, of course, doesn't come in packages and you can't buy it at store. Mind-food is your environment.
> The mind reflects what its environment feeds it just as surely as the body reflects the food you feed it. As the saying goes, you are a product of your environment. *(The Magic of Thinking Big, p. 95)*

ਪਿਛਲੇ ਪੰਨਿਆਂ 'ਤੇ ਜ਼ਿਕਰ ਆ ਚੁੱਕਾ ਹੈ ਕਿ ਹਰਿਮੰਦਿਰ ਸਾਹਿਬ ਇਨਸਾਨੀ ਸਾਜਣਾ ਨਹੀਂ ਹੈ, ਬਲਕਿ ਇਹ ਕਾਦਰ ਦੀ ਰਚੀ ਹੋਈ ਇਲਹਾਮੀ ਤੌਹੀਦ ਦੀ ਆਤਮਕ ਨੂਰਾਨੀ ਨਗਰੀ ਹੈ, ਜਿਥੋਂ ਸਦੀਵ ਕਾਲ ਲਈ ਰੱਬਾਨੀਅਤ ਦੀ ਆਸਮਾਨੀ ਧੁਨੀ ਆਸ਼ਕਾਰ ਹੁੰਦੀ ਹੈ। ਜਿਸ ਦਾ ਨੁਕਤਾ-ਏ-ਨਜ਼ਰ (ਬਿੰਦੂ ਦ੍ਰਿਸ਼ਟੀਕੋਣ) ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਔਰ ਗੁਰੂ ਗ੍ਰੰਥ ਸਾਹਿਬ ਵਿਚੋਂ ਕੀਰਤਨੀਆਂ ਦੇ ਰਾਹੀਂ ਕੇਵਲ ਅਤੇ ਕੇਵਲ ਰੱਬੀ ਨਾਮ ਦੀ ਵਰਖਾ, 'ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ'[1] ਦੀ ਸ਼ਕਲ ਵਿਚ ਹਮੇਸ਼ਾ ਹੀ ਝਰਦੀ ਹੈ। ਜਿਸ ਦੀ ਪ੍ਰੋੜ੍ਹਤਾ ਹਰੀ ਰਾਮ ਗੁਪਤਾ *ਹਿਸਟਰੀ ਆਫ਼ ਦੀ ਸਿਖਸ* ਵਿਚ ਨਿਮਨ-ਲਿਖਤ ਦੇ ਅਨੁਸਾਰ ਕਰਦੇ ਹਨ :

> In the Harimandar the worship of God simply consisted of recitations from the Guru Granth to the accompaniment of musical instruments in a sweet and melodious voice and tune. No preaching and no discussions were permitted. *(Gupta, I, p. 140)*

ਹਰਿਮੰਦਰ ਸਾਹਿਬ ਦਾ ਵਾਤਾਵਰਣ ਉਹ ਨੂਰਾਨੀ ਝਲਕ ਪੈਦਾ ਕਰਦਾ ਹੈ, ਜਿਥੇ ਆਤਮਕ ਅਵਸਥਾ ਦੇ ਅਭਿਲਾਸ਼ੀ ਰੂਹਾਨੀ ਪੌੜੀਆਂ ਚੜ੍ਹ ਕੇ 'ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ' ਦੀ ਲਾਸਾਨੀ ਪਦਵੀ ਨੂੰ ਪ੍ਰਾਪਤ ਕਰਦੇ ਹਨ, ਜਿਥੇ ਕੇਵਲ ਇਕ ਹੀ ਇਕ ਹੈ।

---

1. ਦੇਖੋ *ਕਰਣੀ ਪ੍ਰਧਾਨ*, ਕਿਰਤ ਲੇਖਕ, ਕਾਂਡ ੬੭, ਪੰਨਾ ੧੪੯।

੪-੬. ਸ਼ਕਤੀਸ਼ਾਲੀ ਕੇਂਦਰ ਰਾਹੀਂ ਸਿੱਖੀ ਦਾ ਪਸਾਰਾ

ਸਤਿਗੁਰੂ ਅਰਜਨ ਸਾਹਿਬ ਜੀ ਦੇ ਗੁਰ-ਗੱਦੀ ਕਾਲ ਵਿਚ ਜੋ ਗੁਰਮਤਿ ਦਾ ਫੈਲਾਓ ਹੋਇਆ, ਉਸ ਕਾਲ ਦੀ ਗਤੀ ਪ੍ਰਥਾਇ ਕਈ ਇਕ ਵਿਦਵਾਨ ਆਪਣੇ ਆਪਣੇ ਵਿਚਾਰਾਂ ਦੇ ਅਨੁਸਾਰ ਸਿੱਖੀ ਮਿੱਲਤ ਦੀ ਉੱਨਤੀ ਦਾ ਜ਼ਿਕਰ ਅਤਿਅੰਤ ਹੀ ਭਰਵੇਂ ਸ਼ਬਦਾਂ ਵਿਚ ਬਿਆਨ ਕਰਦੇ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ 'ਅਬਚਲੁ ਰਾਜੁ ਹੋਆ ਸਣਖਤਾ' ਜੈਸੇ ਅਮੋਲ ਖ਼ਿਆਲ ਪੇਸ਼ ਕਰ ਰਹੇ ਹਨ ਕਿ ਗੁਰੂ ਅਰਜਨ ਦੇਵ ਜੀ ਬਾਬਾਣੇ ਘਰ ਦੀ ਕੁਲ ਦਾ ਚਾਨਣ ਅਤੇ ਅਜਰ ਅਮਰ ਇਲਾਹੀ ਜ਼ੀਨਤ ਦੇ ਮਾਲਿਕ ਹਨ, ਜੋ ਦਰਗਾਹੀ ਰਹਿਮਤ ਦੇ ਤੁਖ਼ਮ ਨੂੰ ਸੁੰਦਰਤਾ ਦੇ ਰਹੇ ਹਨ। ਸ਼ਬਦ ਦੇ ਨਾਲ ਨਾਲ ਸੁਰਤੀ ਜੋੜਨ ਦਾ ਲਾਭਦਾਇਕ ਵਾਪਾਰ ਸਿੱਖੀ ਉੱਮਤ ਨੂੰ ਵੰਡੀ ਜਾ ਰਹੇ ਹਨ। ਸਤਿਗੁਰੂ ਅਰਜਨ ਦੇਵ ਜੀ ਨੇ ਸਿੱਖੀ ਜਗਤ ਦੇ ਪਸਾਰੇ ਲਈ ਗੁਰਬਾਣੀ ਦੇ ਖ਼ਜ਼ਾਨੇ ਪਰੀਪੂਰਨ ਕਰ ਕੇ ਸਾਰੀ ਉੱਮਤ ਨੂੰ ਕੀਰਤਨ ਅਤੇ ਕਥਾ ਦੇ ਹੁਸਨ ਵਿਚ ਰੰਗ ਦਿੱਤਾ ਹੈ। ਅਪਾਰ ਸ਼ਬਦ ਦੀ ਧੁਨੀ ਨਿਰੰਤਰ ਵੇਗ ਵਿਚ ਨਿਝਰ ਧਾਰਾ ਦਾ ਰੂਪ ਧਾਰ ਕੇ ਵਰਸਦੀ ਹੈ, ਜਿਸ ਦਾ ਸਦਕਾ ਸਮੂੰਹ ਸਿੱਖੀ ਜਗਤ ਪੂਰਨ ਇਲਾਹੀ ਮੁਹੱਬਤ ਦੇ ਅੰਮ੍ਰਿਤ-ਰਸ ਵਿਚ ਮਸਤ ਰਹਿੰਦਾ ਹੈ, ਜਿਥੋਂ ਸਿੱਖੀ ਦਾ ਪਾਸਾਰਾ ਹੁੰਦਾ ਹੈ। ਸਾਧ ਸੰਗਤਿ ਅਤੇ ਸ਼ਬਦ ਦੀ ਓਟ ਤੋਂ ਬਿਨਾਂ ਦੂਜੀ ਕੋਈ ਆਸ ਨਹੀਂ ਹੈ। ਇਹੀ ਬਾਬਾਣੇ ਘਰ ਦੀ ਇਲਹਾਮੀ ਚਾਲ ਹੈ:

ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ॥

—ਭਾਈ ਗੁਰਦਾਸ, ਵਾਰ ੧/੪੨/੪

ਸਤਿਗੁਰੂ ਅਰਜਨ ਦੇਵ ਜੀ ਦੀ ਸਭਾ ਸਾਧ ਸੰਗਤਿ ਹੈ, ਇਹੀ ਅਮੋਲ ਕਾਰਣ ਹੈ ਕਿ ਸਤਿਗੁਰੂ ਜੀ ਦਾ ਝੁਲਾਇਆ ਹੋਇਆ ਦੀਨੇ-ਇਲਾਹੀ ਦਾ ਪਰਚਮ ਸਚੁ ਹੈ। ਹਜ਼ੂਰ ਦਾ ਫ਼ੈਸਲੇ ਦੇਣ ਵਾਲਾ ਦੀਬਾਣ ਭੀ ਸਦੀਵੀ ਕਾਇਮ ਦਾਇਮ ਹੈ, ਸਤਿਗੁਰੂ ਜੀ ਦੀ ਸ਼ਕਤੀ ਭੀ ਅਮਰ ਹੈ, ਵਡਿਆਈ ਭੀ ਸਚੁ ਹੈ ਔਰ ਹਕੂਮਤ ਭੀ ਅਡੋਲ ਹੈ, ਕਿਉਂਕਿ ਸਤਿਗੁਰੂ ਜੀ ਨੂੰ ਦਰਗਾਹੀ ਗਿਆਨ ਦੀ ਸ਼ਨਾਖ਼ਤ ਹੈ। ਭਾਈ ਸਾਹਿਬ ਜੀ ਹਾਮੀ ਭਰਦੇ ਹਨ:

ਸਚੁ ਨੀਸਾਣੁ ਦੀਬਾਣੁ ਸਚੁ, ਸਚੁ ਤਾਣੁ ਸਚੁ ਮਾਣੁ ਮਹਤਾ॥
ਅਬਚਲੁ ਰਾਜੁ ਹੋਆ ਸਣਖਤਾ॥

—ਭਾਈ ਗੁਰਦਾਸ, ਵਾਰ ੨੪/੧੯/੬

ਮਿਸਟਰ ਬਿੰਗਲੇ ਆਪਣੀ ਲਿਖਤ ਵਿਚ ਜ਼ਿਕਰ ਕਰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸਾਰੀ ਸਿੱਖ ਕੌਮ ਦੇ ਇਕੱਤਰ ਹੋਣ ਲਈ ਇਕ ਸਾਂਝਾ

ਕੇਂਦਰ ਬਣਾ ਦਿੱਤਾ, ਜਿਥੋਂ ਸਿੱਖੀ ਦਾ ਪਾਸਾਰਾ ਹੋਇਆ :

> Guru Arjan provided a common rallying point for Sikh Nation.

ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ ਸਤਿਗੁਰੂ ਅਰਜਨ ਦੇਵ ਜੀ ਨੇ ਇਹ ਸਮਝ ਲਿਆ ਸੀ ਕਿ ਸਿੱਖੀ ਦੇ ਵਿਸਥਾਰ ਲਈ ਅੰਮ੍ਰਿਤਸਰ ਨੂੰ ਇਕ ਪਿੰਡ ਤੋਂ ਸ਼ਹਿਰ ਬਣਾਉਣਾ ਬਹੁਤ ਹੀ ਜ਼ਰੂਰੀ ਹੈ, ਤਾਕਿ ਸਿੱਖੀ ਦਾ ਵਿਕਾਸ ਹੋ ਸਕੇ। ਇਹੀ ਕਾਰਣ ਸੀ ਜੋ ਸਤਿਗੁਰੂ ਜੀ ਨੇ ਬਵੰਜਾ (੫੨) ਪ੍ਰਕਾਰ ਦੇ ਕਿਰਤੀ-ਸ਼ਹਿਰੀ ਲਿਆ ਕੇ ਸ਼ਹਿਰ ਵਿਚ ਵਸਾਏ ਤਾਕਿ ਸਿਆਣੇ ਲੋਕਾਂ ਦੀ ਮੱਧ-ਸ਼੍ਰੇਣੀ ਵਜੂਦ ਵਿਚ ਆ ਸਕੇ। ਇਕ ਦੂਸਰੇ ਨੂੰ ਵਾਪਾਰਕ ਕਾਰਜਾਂ ਵਿਚ ਸਹਾਇਤਾ ਦੇ ਸਕਣ। ਨਾਰੰਗ ਦੀ ਲਿਖਤ ਨਿਮਨ-ਲਿਖਤ ਦੇ ਅਨੁਸਾਰ ਹਾਮੀ ਭਰਦੀ ਹੈ :

> As a matter of fact the Sikhs had made a great advance under the pontificate of Guru Arjan. A state, peaceful and unobtrusive, had been slowly evolved, and with the Guru at its head as "Sachcha Patshah". the Sikhs had already become accustomed to a form of self government within the empire.[1] Their power and prestige had increased and they were fast becoming a factor in the political life of the province. Reference may here be made to two circumstances which furnish an index to the position which the Sikhs had attained under the regime of Arjan. *—Narang, p. 45*

1. Mohsin Fani, *Dabistan-i-Mazahib.*

ਪੰਜਵਾਂ ਪਰਕਰਣ—

ਘੋੜਿਆਂ ਦੀ ਤਜਾਰਤ

ਸਿੱਖ ਕੌਮ ਦੀ ਬੇਹਤਰੀ ਲਈ ਸਤਿਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਦੂਸਰੇ ਦੇਸ਼ਾਂ ਵਿਚ ਵਪਾਰਕ ਤਾਲ-ਮੇਲ ਰੱਖਣ ਦਾ ਆਦੇਸ਼ ਦਿੱਤਾ, ਖ਼ਾਸ ਕਰਕੇ ਬਦੇਸ਼ੀ ਘੋੜਿਆਂ ਦੀ ਤਜਾਰਤ ਲਈ ਉਤਸ਼ਾਹਤ ਕੀਤਾ। ਸਿੱਖ ਅਫ਼ਗਾਨਿਸਤਾਨ, ਤੁਰਕਿਸਤਾਨ, ਈਰਾਨ ਆਦਿ ਦੇਸ਼ਾਂ ਵਿਚੋਂ ਅੱਛੀ ਨਸਲ ਦੇ ਘੋੜੇ ਲਿਆ ਕੇ ਹਿੰਦੁਸਤਾਨ ਵਿਚ ਵਾਪਾਰ ਕਰਨ ਲਗੇ। ਇਸ ਵਾਪਾਰ ਨਾਲ ਸਿੱਖਾਂ ਦੇ ਹੌਸਲੇ ਬਹੁਤ ਹੀ ਬੁਲੰਦ ਹੋਣ ਲਗੇ। ਸਿੱਖ ਸ਼ਾਹਸਵਾਰ ਬਣ ਗਏ। ਮਾਲੀ ਹਾਲਤ ਵਿਚ ਚੋਖੀ ਉੱਨਤੀ ਹੋਈ ਔਰ ਇਨ੍ਹਾਂ ਦਾ ਆਪਣੇ ਆਪ 'ਤੇ ਇਤਨਾ ਭਰੋਸਾ ਵਧਿਆ ਕਿ ਬਦੇਸ਼ਾਂ ਵਿਚ ਜਾਣਾ ਉਨ੍ਹਾਂ ਲਈ ਇਕ ਸੁਭਾਵਿਕ ਜਿਹੀ ਰੁਚੀ ਬਣ ਗਈ। ਬਦੇਸ਼ਾਂ ਵਿਚ ਰਹਿੰਦਿਆਂ ਭੀ ਆਪਣੇ ਈਮਾਨ ਧਰਮ ਵਿਚ ਹੋਰ ਪ੍ਰਪੱਕਤਾ ਦਾ ਇਜ਼ਹਾਰ ਕੀਤਾ। ਘੋੜਿਆਂ ਦੀ ਤਜਾਰਤ ਬਾਰੇ ਲਤੀਫ਼ ਆਪਣੀ ਲਿਖਤ ਵਿਚ ਨਿਮਨ-ਲਿਖਤ ਦੇ ਅਨੁਸਾਰ ਦਰਜ ਕਰਦਾ ਹੈ :

> To increase the commonwealth (Guru) Arjan also sent his disciples to foreign countries for the purpose of trade-dealing principally in Turkish horses.
>
> —*Latif, p. 254*

ਇਸ ਤਾਲ-ਮੇਲ ਦਾ ਸਦਕਾ ਸਿਖੀ ਵਿਚ ਇਕ ਬਹੁਤ ਅਨੂਪਮ ਉਭਾਰ ਆਇਆ, ਸਾਧਾਰਨ ਸਿਖਾਂ ਵਿਚ 'ਅਗਾਹੂ ਕੂ ਤ੍ਰਾਂਘ' ਦੀ ਜਾਗ੍ਰਤਾ ਨੇ ਕਰਵਟ ਬਦਲੀ। ਸਿੱਖ ਇਕ ਦੂਸਰੇ ਦੀ ਬਹਿਬੂਦੀ ਵਾਸਤੇ ਸਤਿਗੁਰੂ ਜੀ ਦੇ ਦਰਬਾਰ ਵਿਚ ਜੁੜ ਕੇ ਅਰਦਾਸਾਂ ਕਰਦੇ, ਲੋੜਵੰਦਾਂ ਨੂੰ ਆਰਥਕ ਸਹਾਇਤਾ ਭੀ ਆਪਸੀ ਮਸ਼ਵਰੇ ਦੇ ਅਧੀਨ ਦਿੰਦੇ। ਤੁਰਕੀ ਘੋੜਿਆਂ ਦੀ ਤਜਾਰਤ ਨੇ ਹਿੰਦੂ ਮੱਤ ਦੀਆਂ ਜ਼ਾਤ-ਪਾਤ ਦੀਆਂ ਜ਼ੰਜੀਰਾਂ ਤੋੜ ਦਿੱਤੀਆਂ। ਹਿੰਦੂ ਸ਼ਾਸਤ੍ਰਾਂ ਦੇ ਅਨੁਸਾਰ ਇਕ ਹਿੰਦੂ, ਮਲੇਛ (ਇਸਲਾਮਿਕ) ਦੇਸ਼ਾਂ ਵਿਚ ਨਹੀਂ ਸੀ ਜਾ ਸਕਦਾ, ਪਰੰਤੂ ਗੁਰ-ਸਿੱਖਾਂ ਨੇ ਸਤਿਗੁਰੂ ਸਾਹਿਬ ਦੀ ਪ੍ਰੇਰਨਾ ਦੇ ਅਧੀਨ ਇਸਲਾਮੀ ਦੇਸ਼ਾਂ

ਨਾਲ ਘੋੜਿਆਂ ਦੀ ਤਜਾਰਤ ਕਰ ਕੇ ਹਿੰਦੂ ਮਿਥਿਹਾਸ ਦਾ ਭੋਗ ਪਾ ਦਿੱਤਾ।

ਗੋਕਲ ਚੰਦ ਨਾਰੰਗ[1] ਘੋੜਿਆਂ ਦੀ ਤਜਾਰਤ ਬਾਰੇ ਆਪਣੇ ਖ਼ਿਆਲਾਂ ਦੀ ਰੁਚੀ ਹੋਰ ਵਧੇਰੇ ਗਹਿਰਾਈ ਵਿਚ ਲੈ ਜਾਂਦੇ ਹਨ। ਉਹ ਦਰਜ ਕਰਦੇ ਹਨ ਕਿ ਘੋੜਿਆਂ ਦੀ ਤਜਾਰਤ ਇਕ ਸਾਧਾਰਨ ਇਨਸਾਨ ਲਈ ਹੋ ਸਕਦਾ ਹੈ ਕਿ ਉਹ ਇਕ ਸਾਧਾਰਨ ਅਮਲ ਹੋਵੇ ਪਰ ਇਸ ਅਮਲ ਨੇ ਸਿੱਖੀ ਦੇ ਪਾਸਾਰੇ ਵਿਚ ਬਹੁਤ ਹੀ ਵਾਧਾ ਕੀਤਾ।

ਘੋੜਿਆਂ ਦੀ ਤਜਾਰਤ ਨੇ ਸਿੱਖੀ ਉੱਮਤ ਨੂੰ ਇਤਨੇ ਦਲੇਰ ਬਣਾ ਦਿੱਤਾ ਕਿ ਉਹ ਵੱਡੇ ਬਹਾਦਰ ਸ਼ਾਹਸਵਰ ਅਤੇ ਘੋੜਿਆਂ ਦੀ ਨਸਲ ਦੇ ਇਤਨੇ ਪਾਰਖੂ ਹੋ ਗਏ ਕਿ ਜਿਥੋਂ ਆਉਣ ਵਾਲੇ ਸਮੇਂ ਵਿਚ ਸਿੱਖ ਫ਼ੌਜ ਦੀ ਬੁਨਿਆਦ ਰੱਖੀ ਗਈ,ਔਰ ਸਿੱਖੀ ਦੇ ਹੋਰ ਕਈ ਨਵੇਂ ਕੇਂਦਰ ਭਾਰਤ ਵਿਚ ਬਣ ਗਏ।

ਇਸ ਤਜਾਰਤ ਦੇ ਆਸਰੇ ਸਿੱਖਾਂ ਵਿਚ ਦਲੇਰੀ, ਸਮਾਜਿਕ ਉੱਨਤੀ, ਸ੍ਵੈ-ਗੌਰਵ, ਆਤਮ-ਨਿਰਣੈ ਦੀ ਲਹਿਰ ਜਾਗ ਪਈ, ਜਿਸ ਨੂੰ ਵੇਖ ਕੇ ਮੌਕੇ ਦੀ ਹਕੂਮਤ ਦੇ ਕਰਮਚਾਰੀਆਂ ਦੇ ਦਿਲਾਂ ਵਿਚ ਇਕ ਪ੍ਰਕਾਰ ਦਾ ਭੈ ਪੈਦਾ ਕਰਨ ਵਾਲੀ ਸੋਚ ਪੈਦਾ ਹੋ ਗਈ, ਜਿਸ ਸੋਚ ਨੇ ਕੱਟੜ ਮੁਲਾਣਿਆਂ ਅਤੇ ਕੁਝ ਹਕੂਮਤ ਦੇ ਅਨਸਰਾਂ ਵਿਚ ਸਤਿਗੁਰੂ ਸਾਹਿਬ ਜੀ ਦੇ ਵਿਰੁੱਧ ਇਕ ਤਾਕਤਵਰ ਮੁਹਾਜ਼ ਖੜਾ ਕਰਨ ਦਾ ਬਾਨ੍ਹਣੂ ਬੰਨ੍ਹ ਦਿੱਤਾ, ਜੋ ਅਕਬਰ ਸ਼ਹਿਨਸ਼ਾਹ ਦੀ ਮੌਤ ਤੋਂ ਫ਼ੌਰਨ ਬਾਅਦ ਜਹਾਂਗੀਰ ਦੇ ਤਖ਼ਤ 'ਤੇ ਬੈਠਦਿਆਂ ਹੀ ਸਤਿਗੁਰੂ ਜੀ ਦੀ ਸ਼ਹੀਦੀ ਦੇ ਹੋਰ ਕਾਰਣਾਂ ਵਿਚੋਂ ਇਕ ਗੰਭੀਰ ਕਾਰਣ ਬਣਿਆ। ਘੋੜਿਆਂ ਦੀ ਤਜਾਰਤ ਬਾਰੇ ਜੇ. ਡੀ. ਕਨਿੰਘਮ *ਹਿਸਟਰੀ ਆਫ਼ ਦੀ ਸਿਖਸ* ਵਿਚ ਦਰਜ ਕਰਦੇ ਹਨ :

> He (Guru Arjan) despatched his followers into foreign countries to be as keen in traffic as they were zealous in belief, and it is probable that his transanctions as a merchant were extensive, although confined to the purchase of horses in Turkistan.
>
> —*J.D. Cunningham, p. 47*

ਹਰੀ ਰਾਮ ਗੁਪਤਾ ਦੇ ਕਥਨ ਅਨੁਸਾਰ ਸਤਿਗੁਰੂ ਜੀ ਨੇ ਘੋੜਿਆਂ ਦੀ ਤਜਾਰਤ ਵੱਡੀ ਮਾਤਰਾ ਵਿਚ ਆਰੰਭ ਕੀਤੀ ਤਾਕਿ ਉਨ੍ਹਾਂ ਦੇ ਸਿੱਖਾਂ ਦੇ ਦਿਲਾਂ ਵਿਚੋਂ ਗਿਰਾਵਟ ਦਾ ਅਹਿਸਾਸ, ਜੋ ਮੁਗ਼ਲਾਂ ਨੇ ਹਿੰਦੂਆਂ ਦੇ ਹਿਰਦਿਆਂ 'ਤੇ ਹਾਵੀ ਕੀਤਾ ਹੋਇਆ ਸੀ, ਖ਼ਤਮ ਹੋ ਜਾਵੇ, ਔਰ ਹਰ ਕਿਸਮ ਦੀ ਵਾਪਰਨ

1. ਨਾਰੰਗ, ਪੰਨਾ ੪੪।

ਵਾਲੀ ਕਠਿਨਾਈ ਦਾ ਸਾਹਮਣਾ ਕਰ ਸਕਣ। ਕੌਮ ਵਿਚ ਅਹਿਸਾਸੇ-ਬਰਤਰੀ ਆ ਜਾਵੇ। ਨਿਡਰਤਾ ਦਾ ਵਾਤਾਵਰਣ ਉਲੀਕਿਆ ਜਾਵੇ। ਆਪਣੇ ਆਪ 'ਤੇ ਦ੍ਰਿੜ੍ਹ ਵਿਸ਼ਵਾਸ ਆ ਜਾਵੇ। ਗੁਪਤਾ ਜੀ ਲਿਖਦੇ ਹਨ:

> Trade in horses : Guru Arjan appears to have encouraged his followers to take to trade and commerce in addition to agriculture– This made them rich, adventurous, fearless and free from caste prejudices, they had to buy horses from Central and West Asia. He seems to have organised some trade in horses purely for himself to meet his rising (commonwealth) expenses, as he would not spend money contributed by his disciples on himself. The contemporary author of *Dabistan* writes : "Some of the Sikhs of Gurus take to agriculture and others to trade." The Sikhs became good horsemen and formed the nucleus of the Guru's military power. The Sikh community aquired the position of a separate state within the Mughal state, and it prepared the way for their political development.[1]
>
> *—Gupta, I, p. 133*

ਤਜਾਰਤੀ ਰੁਚੀ ਦੇ ਵਧਣ ਕਰਕੇ ਸਿੱਖੀ ਦਾ ਵਿਸਥਾਰ ਇਤਨੀ ਤੇਜ਼ੀ ਨਾਲ ਹੋਇਆ ਕਿ ਸਿੱਖ ਦੇਸ਼ ਦੇ ਕੋਨੇ ਕੋਨੇ ਵਿਚ ਫੈਲ ਗਏ। ਦੇਸ਼ ਦਾ ਐਸਾ ਕੋਈ ਭੀ ਅਸਥਾਨ ਨਹੀਂ ਸੀ ਜਿਥੇ ਸਿੱਖ ਵੇਖਣ ਵਿਚ ਨਾ ਆਉਂਦੇ ਹੋਣ। ਇਸ ਖ਼ਿਆਲ ਦੀ ਪੁਸ਼ਟੀ ਮੁਹਸਨ ਫ਼ਾਨੀ *ਦਬਸਤਾਨਿ ਮਜ਼ਾਹਿਬ* ਵਿਚ ਨਿਮਨ-ਲਿਖਤ ਦੇ ਅਨੁਸਾਰ ਕਰਦੇ ਹਨ[2]:

> Muhsin Fani observes : That in the time of Arjan Sikhs were to be found every where throughout the country.[3]

ਘੋੜਿਆਂ ਦੀ ਤਜਾਰਤ ਦਾ ਨਤੀਜਾ, ਜਿਥੇ ਸਿੱਖ ਬਹਾਦਰ, ਨਿਰਭੈ,

1. Hari Ram Gupta, *History of the Sikhs*, V. I, pp. 133-134.
2. *Dabistan-i-Mazahib*, Muhsin Fani, p. 233, 255, 270.
3. J.D. Cunnigham, *History of the Sikhs*, p. 48.

ਸ੍ਵੈ-ਵਿਸ਼ਵਾਸੀ, ਉਦਮੀ, ਮੇਲ ਮਿਲਾਪੜੇ, ਮਨਚਲੇ ਬਣੇ, ਉਥੇ ਸਿੱਖੀ ਜਗਤ ਵਿਚ ਆਰਥਿਕ ਉੱਨਤੀ ਭੀ ਬੜੀ ਤੇਜ਼ੀ ਨਾਲ ਵਜੂਦ ਵਿਚ ਆਈ, ਜਿਸ ਦਾ ਤੁਫ਼ੈਲ ਸਿੱਖੀ ਕੇਂਦਰ ਵਾਸਤੇ ਦਸਵੰਧ ਭੇਟਾ ਕਰਨ ਵਿਚ ਕਦੇ ਭੀ ਕੋਈ ਕਠਿਨਾਈ ਪੇਸ਼ ਨਹੀਂ ਆਈ। ਗੋਕਲ ਚੰਦ ਨਾਰੰਗ ਉਕਤ ਖ਼ਿਆਲ ਦੀ ਪ੍ਰੋੜ੍ਹਤਾ ਬੜੇ ਸੁਲਝੇ ਹੋਏ ਸ਼ਬਦਾਂ ਵਿਚ ਕਰਦੇ ਹਨ:

(b) Horse trade, being a lucrative trade in those days, enriched the Sikh traders and brought large contributions to the coffer of the Church (Sikh centre). The Daswandh, (one tenth of profit) which was set apart by every pious Sikh for the communal funds, would of itself be a valuable addition, but it is likely that the trade, or at any rate a considerable part of it, was carried on with public funds of the community and major portion of the profits, therefore, went to the fund of the Church (Gurudwara).

(c) Horse trade laid the foundation of the future for the armies of the Khalsa, by developing a taste for riding among the Sikhs, who gradually became the finest horsemen in Northern India.

--*Narang, p. 44*

ਨੋਟ: ਜਿਵੇਂ ਕਨਿੰਘਮ, ਨਾਰੰਗ ਅਤੇ ਟਰੰਪ ਜੈਸੇ ਲਿਖਾਰੀਆਂ ਨੇ ਇਹ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਆਪ ਭੀ ਘੋੜਿਆਂ ਦੀ ਤਜਾਰਤ ਕਰਦੇ ਸਨ, ਕਿਉਂਕਿ ਤਜਾਰਤ ਦੇ ਰਾਹੀਂ ਬਹੁਤ ਸਾਰੀ ਆਰਥਿਕ ਸਹਾਇਤਾ ਗੁਰੂ ਕੇਂਦਰ ਵਿਚ ਆਉਂਦੀ ਸੀ, ਪਰ ਸਤਿਗੁਰੂ ਜੀ ਦਾ ਜੀਵਨ ਪੜ੍ਹਿਆਂ ਇਹ ਕਿਤੇ ਭੀ ਸਿੱਧ ਨਹੀਂ ਹੁੰਦਾ ਕਿ ਉਨ੍ਹਾਂ ਨੇ ਆਪ ਭੀ ਘੋੜਿਆਂ ਦੀ ਤਜਾਰਤ ਕੀਤੀ ਹੋਵੇ, ਪਰ ਹਾਂ, ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਘੋੜਿਆਂ ਦੀ ਤਜਾਰਤ ਲਈ ਉਤਸ਼ਾਹਤ ਕੀਤਾ। ਗੁਰੂ ਜੀ ਦਾ ਕੇਵਲ ਇਕੋ ਹੀ ਅਕੀਦਾ ਸੀ ਕਿ ਸਿੱਖ ਕੌਮ ਦੀ ਆਤਮਕ ਅਤੇ ਮਾਨਸਿਕ ਜਾਂ ਦੁਨਿਆਵੀ ਉੱਨਤੀ ਕੀਤੀ ਜਾਵੇ। *ਹਿਸਟਰੀ ਆਫ਼ ਦੀ ਪੰਜਾਬ* ਵਿਚ ਸੱਯਦ ਮੁਹੰਮਦ ਲਤੀਫ਼ ਇਨ੍ਹਾਂ ਖ਼ਿਆਲਾਂ ਦੀ ਪ੍ਰੋੜ੍ਹਤਾ ਕਰਦੇ ਹਨ:

To increase the commonwealth, (Guru) Arjan also sent his disciples to foreign countries for the purpose

of trade, dealing principally in Turkistan horses.
—*Latif, p. 254*

He (Guru Arjan) was an energetic and aspiring Guru, and his aims were high. He organized the Sikhs into a community, and devised the Sikhs extending his spiritual authority. --*Latif, p. 253*

ਸਤਿਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਚਾਰੇ ਸਤਿਗੁਰਾਂ ਦੇ ਜ਼ਮਾਨੇ ਵਿਚ ਸਿੱਖੀ ਜੀਵਨ ਦੀ ਰੁਚੀ ਖੇਤੀ-ਬਾੜੀ ਦੇ ਕੰਮਾਂ ਵਿਚ ਮਸਰੂਫ ਰਹਿੰਦੀ ਸੀ, ਪਰੰਤੂ ਸਤਿਗੁਰੂ ਅਰਜਨ ਸਾਹਿਬ ਜੀ ਪਹਿਲੇ ਗੁਰੂ ਸਨ, ਜਿਨ੍ਹਾਂ ਸਿੱਖੀ ਦਾ ਕਿਰਤ ਵਿਰਤ ਜੀਵਨ ਤਜਾਰਤ ਵਾਲੇ ਪਾਸੇ ਮੋੜਿਆ। ਹਰੀ ਰਾਮ ਗੁਪਤਾ ਦੀ ਲਿਖਤ ਤੋਂ ਪਤਾ ਲਗਦਾ ਹੈ ਕਿ ਸਤਿਗੁਰੂ ਜੀ ਨੇ ਕਿਸ ਢੰਗ ਦੁਆਰਾ ਸਿੱਖਾਂ ਨੂੰ ਤਜਾਰਤ ਵਿਚ ਖ਼ਾਸ ਕਰਕੇ ਘੋੜਿਆਂ ਦੀ ਤਜਾਰਤ ਵਿਚ ਉਤਸ਼ਾਹਤ ਕੀਤਾ :

The first four Gurus were farmers or villagers, and their Sikhs were petty peasants and tiny traders. Guru Arjan converted himself into a prince and made his Sikhs horse-dealers buying them in Central Asia and selling them in India, Timber and Iron Merchants,Masons and Carpenters in addition to agriculturists. --*Gupta, I, p. 144*

ਮਸੰਦ ਸੰਸਥਾ

ਸਤਿਗੁਰੂ ਤੀਸਰੇ ਪਾਤਸ਼ਾਹ ਦੇ ਜ਼ਮਾਨੇ ਵਿਚ ਸਿੱਖੀ ਦੇ ਪ੍ਰਚਾਰ ਲਈ ਮੰਜੀਆਂ ਅਤੇ ਪੀੜੇ ਅਸਥਾਪਨ ਕੀਤੇ ਗਏ ਸਨ, ਉਨ੍ਹਾਂ ਵਿਚ ਕੁਝ ਬੁਨਿਆਦੀ ਕਮਜ਼ੋਰੀਆਂ ਆ ਜਾਣ ਕਰਕੇ ਹਜ਼ੂਰ ਚੌਥੇ ਪਾਤਸ਼ਾਹ ਜੀ ਨੇ ਮਸੰਦ ਸੰਸਥਾ ਕਾਇਮ ਕੀਤੀ। ਜਿਸ ਵੇਲੇ ਸਤਿਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾ ਗਏ, ਤਦ ਤਕਰੀਬਨ ਬਹੁ ਸੰਮਤੀ ਮਸੰਦ ਸਤਿਗੁਰੂ ਅਰਜਨ ਸਾਹਿਬ ਜੀ ਦਾ ਸਾਥ ਛੱਡ ਕੇ ਬਾਬਾ ਪ੍ਰਿਥੀ ਚੰਦ ਜੀ ਨਾਲ ਜਾ ਮਿਲੇ, ਕਿਉਂਕਿ ਸਤਿਗੁਰੂ ਰਾਮਦਾਸ ਜੀ ਦੇ ਸਮੇਂ ਪ੍ਰਿਥੀ ਚੰਦ ਦੇ ਹੱਥਾਂ ਵਿਚ ਹੀ ਗੁਰੂ-ਘਰ ਦੀ ਆਮਦਨੀ ਅਤੇ ਖ਼ਰਚੇ ਦਾ ਪ੍ਰਬੰਧ ਚਲਦਾ ਸੀ, ਇਸ ਲਈ ਆਮ ਮਸੰਦਾਂ ਦੇ ਸੰਬੰਧ ਪ੍ਰਿਥੀ ਚੰਦ ਨਾਲ ਬਹੁਤ ਹੀ ਨਜ਼ਦੀਕੀ ਸਨ। ਜੋ ਗੁਰਸਿੱਖਾਂ ਵਲੋਂ ਦਸਵੰਧ ਦੇ ਰੂਪ ਵਿਚ ਭੇਜੀ ਹੋਈ ਭੇਟਾ ਗੁਰੂ-ਘਰ ਦੀ ਬਜਾਏ ਸਿੱਧੀ ਪ੍ਰਿਥੀ ਚੰਦ ਦੇ ਹਵਾਲੇ ਹੀ ਕਰਦੇ ਸਨ।[1]

ਮਸੰਦਾਂ ਦੀ ਐਸੀ ਰੁਚੀ ਵੇਖ ਕੇ ਸਤਿਗੁਰੂ ਜੀ ਨੇ ਮਸੰਦ ਸੰਸਥਾ ਨੂੰ ਦੁਬਾਰਾ ਨਵੇਂ ਸਿਰਿਓਂ ਇਕ ਸੁਘੜ ਤਨਜ਼ੀਮ ਵਿਚ ਲਾਮਬੰਦ ਕਰ ਦਿੱਤਾ। ਮਸੰਦਾਂ ਦੀ ਸਥਾਪਨਾ ਯੋਗਤਾ ਦੇ ਆਧਾਰ 'ਤੇ ਕੀਤੀ ਗਈ। ਹੁਣ ਸਾਰੀ ਭੇਟਾ ਸਿੱਧੀ ਕੇਂਦਰ ਨੂੰ ਆਉਣ ਲੱਗੀ। *ਦਬਸਤਾਨਿ* ਦੇ ਕਰਤਾ ਮੁਹਸਨ ਫ਼ਾਨੀ ਲਿਖਦੇ ਹਨ ਕਿ ਹੁਣ ਕੇਂਦਰ ਵਿਚ ਭੇਟ ਕੀਤੀ ਮਾਇਆ ਦੀ ਇਤਨੀ ਬਹੁਤਾਤ ਹੋ ਗਈ ਕਿ ਸਾਲਾਨਾ ਬਜਟ ਤਿਆਰ ਹੋਣ ਲੱਗਾ। ਨਾਰੰਗ, ਮੈਕਾਲਿਫ਼, ਮੁਹਸਨ ਫ਼ਾਨੀ ਉਗਾਹੀ ਭਰਦੇ ਹਨ ਕਿ ਮੁਗ਼ਲ ਹਕੂਮਤ ਨੂੰ ਮਾਮਲਾ ਲੈਣ ਵਿਚ ਕਾਫ਼ੀ ਦਿੱਕਤ ਹੁੰਦੀ ਸੀ, ਪਰ ਗੁਰੂ ਜੀ ਨੂੰ ਦਸਵੰਧ ਲੈਣ ਵਿਚ ਕੋਈ ਭੀ ਤਕਲੀਫ਼ ਨਹੀਂ ਹੁੰਦੀ ਸੀ। ਇੰਝ ਜਾਪਦਾ ਹੈ ਜਿਵੇਂ ਸਤਿਗੁਰੂ ਜੀ ਦੇ ਅਧੀਨ ਇਕ ਨਵੀਂ ਹਕੂਮਤ ਵਜੂਦ ਵਿਚ ਆ ਗਈ ਹੈ। ਔਰ ਮਸੰਦਾਂ ਦੀ ਈਮਾਨਦਾਰੀ,

1. ਦੇਖੋ ਹਰੀ ਰਾਮ ਗੁਪਤਾ, ਜਿਲਦ ੧, ਪੰਨਾ ੧੩੦।

ਵਫ਼ਾਦਾਰੀ, ਸਿਦਕ-ਦਿਲੀ ਦਾ ਸਦਕਾ ਪਿੰਡਾਂ ਦੇ ਪਿੰਡ ਸਿੱਖੀ ਉੱਮਤ ਵਿਚ ਪ੍ਰਵੇਸ਼ ਕਰ ਗਏ।[1]

ਸਿੱਖੀ ਉੱਮਤ ਦੀ ਐਸੀ ਬੇ-ਨਜ਼ੀਰ ਉੱਨਤੀ ਵੇਖ ਕੇ ਤੁਅੱਸਬੀ ਮੌਲਾਣਿਆਂ, ਹਕੂਮਤ ਦੇ ਢਾਂਚੇ ਵਿਚ ਅਤੇ ਬਿਪਰ ਸੰਸਕਾਰੀਆਂ ਨੂੰ ਸਿੱਖੀ ਕੇਂਦਰ ਦੇ ਵਿਰੁੱਧ ਵੱਡੀ ਭਾਰੀ ਖੁਣਸ ਖੜੀ ਹੋ ਗਈ। ਜੋ ਹੋਰ ਕਈ ਇਕ ਕਾਰਨਾਂ ਦੇ ਨਾਲ ਨਾਲ ਇਹ ਭੀ ਇਕ ਵਿਸ਼ੇਸ਼ ਕਾਰਨ ਦੇ ਰੂਪ ਵਿਚ ਸਤਿਗੁਰੂ ਜੀ ਦੀ ਅਜ਼ੀਮ ਸ਼ਹੀਦੀ ਦਾ ਕਾਰਨ ਬਣੀ, ਕਿਉਂਕਿ ਇਹ ਸਿੱਖੀ ਦੀ ਚੜ੍ਹਤਲ ਨੂੰ ਵੇਖ ਕੇ ਸੁਖਾਉਂਦੇ ਨਹੀਂ ਸਨ।

ਸਤਿਗੁਰੂ ਤੀਸਰੇ ਪਾਤਸ਼ਾਹ ਜੀ ਦੇ ਸਮੇਂ ਮੰਜੀਆਂ ਦੀ ਸਥਾਪਨਾ ਹੋਈ, ਜਿਸ ਦਾ ਮੁੱਖ ਸੇਵਕ 'ਸੰਗਤੀਆ' ਕਰਕੇ ਆਖਿਆ ਜਾਂਦਾ ਸੀ, ਇਨ੍ਹਾਂ ਨੂੰ 'ਵੱਡੀ ਸੰਗਤ' ਕਰਕੇ ਭੀ ਪੁਕਾਰਿਆ ਜਾਂਦਾ ਸੀ। ਔਰ ਜੋ ਪੀੜ੍ਹੇ ਮਾਈਆਂ ਵਾਸਤੇ ਮਖ਼ਸੂਸ ਸਨ, ਉਨ੍ਹਾਂ ਨੂੰ 'ਛੋਟੀ ਸੰਗਤ' ਕਰਕੇ ਆਖਿਆ ਜਾਂਦਾ ਸੀ, ਪਰੰਤੂ ਗੁਰੂ-ਘਰ ਨੂੰ 'ਦਰਬਾਰ' ਕਰਕੇ ਸਤਿਕਾਰਿਆ ਜਾਂਦਾ ਸੀ, ਮਗਰ ਸਤਿਗੁਰੂ ਅਰਜਨ ਸਾਹਿਬ ਜੀ ਨੇ ਇਸ ਸਾਰੇ ਢਾਂਚੇ ਨੂੰ ਨਵੀਂ ਪ੍ਰਬੰਧਕੀ ਸੇਧ ਬਖ਼ਸ਼ ਕੇ ਇਨ੍ਹਾਂ ਦਾ ਨਾਮ ਮਸੰਦ ਰੱਖ ਦਿੱਤਾ, ਜੋ ਕਿ ਮੁਗ਼ਲ ਦਰਬਾਰ ਵਿਚ ਅੱਛੇ ਦਰਬਾਰੀਆਂ ਵਾਸਤੇ ਸਤਿਕਾਰ ਯੋਗ ਸ਼ਬਦ ਸੀ।[2]

ਮਸੰਦ ਸੰਸਥਾ ਦੀ ਤਨਜ਼ੀਮ ਬਾਰੇ ਸੱਯਦ ਮੁਹੰਮਦ ਲਤੀਫ਼ ਨੇ *ਹਿਸਟਰੀ ਆਫ਼ ਦੀ ਪੰਜਾਬ* ਵਿਚ ਬੜੇ ਭਰਵੇਂ ਸ਼ਬਦਾਂ ਵਿਚ ਜ਼ਿਕਰ ਕੀਤਾ ਹੈ :

> He (Guru Arjan) organized a system of texation (Daswandh) and appointed delegates or deputies, for the purposes of collecting it from his followers throughout the country. These contributions or (Nazrana نذرانہ) from the faithful were collected in all districts by means of the deputies above mentioned, and presented by them to the Guru in an annual assembly. Thus were the Sikhs accustomed to a regular system of government, and having been formed into a community. —*Latif, p. 254*

ਸਤਿਗੁਰੂ ਅਰਜਨ ਦੇਵ ਜੀ ਨੇ ਸਿੱਖੀ ਨੂੰ ਆਤਮਕ ਖੇਤਰ, ਸਦਾਚਾਰਕ

1. ਦੇਖੋ *ਦਬਿਸਤਾਨਿ ਮਜ਼ਾਹਿਬ*, ਪੰਨਾ ੨੨੫, ੨੨੩।
2. ਦੇਖੋ ਹਰੀ ਰਾਮ ਗੁਪਤਾ, ਜਿਲਦ ੧, ਪੰਨਾ ੧੩੩ (ਮਸਨ· ।

ਖੇਤਰ, ਆਰਥਿਕ ਖੇਤਰ, ਸਭਿਅਕ ਖੇਤਰ, ਸਾਹਿਤਕ ਪ੍ਰਣਾਲੀ ਵਿਚ ਪ੍ਰੋਣ ਲਈ ਔਰ ਰਾਜਨੀਤਿਕ ਤਨਜ਼ੀਮ ਦੀ ਮਜ਼ਬੂਤ ਉਸਾਰੀ ਕਰਨ ਲਈ ਮਸੰਦਾਂ ਦੇ ਰਾਹੀਂ ਦਸਵੰਧ ਪ੍ਰਣਾਲੀ ਨੂੰ ਹੋਰ ਵਧੇਰੇ ਨਵੀਨ ਜੁਗਤੀ ਦੁਆਰਾ ਆਰਾਸਤਾ ਕਰ ਦਿੱਤਾ ਔਰ ਇਹ ਦਸਵੰਧ ਪ੍ਰਣਾਲੀ ਵਫ਼ਾਦਾਰ ਮਸੰਦਾਂ ਦੇ ਰਾਹੀਂ ਬੜੀ ਸੁਘੜਤਾ ਭਰਪੂਰ ਤਨਜ਼ੀਮ ਦੇ ਅਧੀਨ ਪੇਸ਼ਾਵਰ ਤੋਂ ਦਿੱਲੀ ਤਕ ਸੁਭਾਵਕ ਹੀ ਵਜੂਦ ਵਿਚ ਆ ਗਈ। ਕਈ ਦਫ਼ਾ ਪ੍ਰੇਮੀ ਅਤੇ ਸ਼ਰਧਾਵਾਨ ਗੁਰਸਿੱਖਾਂ ਵਾਸਤੇ ਗੁਰੂ ਕੇ ਦਰਬਾਰ ਤਕ ਰਸਾਈ ਕਰਨੀ ਕਠਨ ਹੋ ਜਾਂਦੀ, ਇਸ ਕਠਨਾਈ ਦਾ ਸੁਖੈਨ ਹੱਲ ਮਸੰਦ ਸੰਸਥਾ ਦੇ ਰਾਹੀਂ ਹੋਰ ਵਧੇਰੇ ਸੁਖੈਨ ਹੋ ਗਿਆ। ਮਸੰਦਾਂ ਦੇ ਰਾਹੀਂ ਦਸਵੰਧ ਪ੍ਰਣਾਲੀ ਸ਼ਰਧਾਲੂ ਗੁਰਸਿੱਖਾਂ ਅਤੇ ਸਤਿਗੁਰੂ ਜੀ ਦਰਮਿਆਨ ਨਰੋਏ ਸੁਰ-ਤਾਲ ਦਾ ਅੰਗ ਬਣ ਗਈ। ਸਿੱਖੀ ਜਗਤ ਵਿਚ ਇਸ ਤਨਜ਼ੀਮ ਦੇ ਆਸਰੇ ਗੁਰ-ਲਿਵ, ਗੁਰ-ਅਮਲ ਦੀ ਪਹਿਲੀ ਤਾਜ਼ਗੀ ਦੀ ਬਹੁ-ਰੰਗੀ ਭਰਪੂਰਤਾ ਵਿਚ ਲਰਜ਼ਸ਼ ਪੈਦਾ ਹੋ ਗਈ। ਗੁਰਸਿੱਖਾਂ ਵਿਚ ਗੁਰਸਿੱਖੀ ਦੀ ਸੁੰਦਰਤਾ ਨੂੰ ਪ੍ਰਚੰਡ ਕਰਨ ਦੀ ਜੁਰਅਤ ਆਸ਼ਕਾਰ ਹੋ ਨਿਬੜੀ। ਗੁਰਸਿੱਖੀ ਦੀ ਗੁਰ-ਦਰਬਾਰ-ਪ੍ਰੀਤ, ਸ਼ਰਧਾ ਅਤੇ ਰੂਹਾਨੀ ਹੁਸਨ ਦੀ ਸੀਰਤ ਵਿਚ ਅਥਾਹ ਵਾਧਾ ਹੋਇਆ। ਗੋਕਲ ਚੰਦ ਨਾਰੰਗ ਉਕਤ ਦਰਸਾਏ ਮਜ਼ਮੂਨ ਦੀ ਪ੍ਰੋੜ੍ਹਤਾ ਨਿਮਨ-ਲਿਖਤ ਦੇ ਆਧਾਰ 'ਤੇ ਕਰਦੇ ਹਨ:

> Arjan now introduced a further and much more important measure of political organisation by placing the revenue system on sounder and less precarious basis. Hithertofore the revenue of the Church (Sikh centre) depended upon the voluntary contribution of the congregations. The number of the Sikhs had immensely increased and as they were scattered over all parts of the Punjab, from Peshawar to Delhi, the collection of these gifts was very difficult and very often they did not find their way into the treasury of the Gurus. Arjan overcame this difficulty into two ways :
>
> (a) In the first place the amount of these gifts was fixed with the consent of donors, so that the Guru could now arrange his budget much more readily and unfailingly than even the Mughal revenues.

(b) Secondly, the difficulty as regards the collection was removed by the appointment of Masands or collectors in each of the twenty-two provinces of Sikhism. The duty of each collector was to realise the Guru's dues and take them to the Guru at Amritsar on the Baisakhi day when the great Darbar was held by the Guru and was attended by all pious and well to-do Sikhs.

—*Narang, p. 43*

ਸਤਿਗੁਰੂ ਅਰਜਨ ਸਾਹਿਬ ਦੇ ਜ਼ਮਾਨੇ ਵਿਚ ਦਸਵੰਧ ਇਕੱਤ੍ਰ ਕਰਨ ਦੀ ਰੀਤੀ ਖ਼ਾਸ ਨਿਜ਼ਾਮ ਦੇ ਅਧੀਨ ਸੀ। ਇਹ ਨਿਰੋਲ ਗੁਰਸਿੱਖਾਂ ਦੀ ਆਪਣੀ ਸ਼ਰਧਾ 'ਤੇ ਨਿਰਭਰ ਕਰਦਾ ਸੀ ਕਿ ਉਹ ਕਿਤਨੀ ਭੇਟਾ ਸਤਿਗੁਰੂ ਜੀ ਦੇ ਦਰਬਾਰ ਵਿਚ ਕੌਮੀ ਨਿਸ਼ਾਨੇ ਦੀ ਪੂਰਤੀ ਲਈ ਭੇਟਾ ਕਰਨੀ ਚਾਹੁੰਦੇ ਹਨ। ਪਰ ਫਿਰ ਭੀ ਮਸੰਦ ਸੰਸਥਾ ਦੇ ਆਗੂ ਸਾਰੇ ਦੇਸ਼ ਵਿਚੋਂ ਸ਼ਰਧਾਲੂ ਗੁਰਸਿੱਖਾਂ ਪਾਸੋਂ ਭੇਟਾ ਇਕੱਤ੍ਰ ਕਰ ਕੇ ਸਾਲ ਦੇ ਸਾਲ ਗੁਰੂ ਦਰਬਾਰ ਵਿਚ ਆਪ ਚਲ ਕੇ ਆਂਵਦੇ ਸਨ, ਔਰ ਇਕੱਤ੍ਰ ਕੀਤੀ ਭੇਟਾ ਕੇਂਦਰ ਵਿਚ ਜਮ੍ਹਾਂ ਕਰਵਾਂਦੇ ਸਨ। ਉਸ ਵੇਲੇ ਸਿੱਖੀ ਉੱਮਤ ਦੀ ਤਰਤੀਬ ਇਤਨੀ ਸੁਚੱਜੇ ਢੰਗ ਦੁਆਰਾ ਚਲ ਰਹੀ ਸੀ ਜੋ ਵੇਖਣ ਵਾਲੇ ਦਰਸ਼ਕਾਂ ਲਈ ਇਕ ਕਿਸਮ ਦੀ ਸਲਤਨਤ ਭਾਸਦੀ ਸੀ। ਭਾਵੇਂ ਉਹ ਕੋਈ ਰਾਜ ਬਣਤਰ ਨਹੀਂ ਸੀ, ਪਰੰਤੂ ਸਿੱਖੀ ਕੇਂਦਰ ਦਾ ਨਿਜ਼ਾਮ ਇਕ ਖ਼ਾਸ ਸੁਲਝੀ ਹੋਈ ਤਨਜ਼ੀਮ ਵਿਚ ਗਤੀ-ਬੱਧ ਸੀ। ਇਸ ਖ਼ਿਆਲ ਦੀ ਪ੍ਰੋੜ੍ਹਤਾ ਮਿਸਟਰ ਕਨਿੰਘਮ *ਹਿਸਟਰੀ ਆਫ਼ ਦੀ ਸਿਖਸ* ਵਿਚ ਨਿਮਨ-ਲਿਖਤ ਦੇ ਆਧਾਰ 'ਤੇ ਕਰਦਾ ਹੈ:

The Guru next reduced to a systematic tax the customary offering of his converts or adherents, who, under his ascendancy, were to be found in every city and province. The Sikhs were bound by social usage, and disposed from reverential feelings, to make such presents to their spiritual guide; but the agents of Arjan were spread over the country to demand and receive the contributions of the faithful, which he proceeded to deliver to the Guru in person at an annual assembly. Thus the Sikhs,

says the almost contemporary Muhsin Fani[1], became accustomed to a regular government.

—*Cunningham, p. 47*

ਸਤਿਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਵਿਚ ਮਸੰਦ ਸੰਸਥਾ ਬੜੀ ਉੱਦਮੀ, ਸੁਘੜ, ਸੁਲਝੀ ਹੋਈ ਰੀਤੀ ਦੇ ਧਾਰਨੀ, ਉੱਚੇ ਤੇ ਸੁੱਚੇ ਇਖ਼ਲਾਕ ਦੇ ਮਾਲਕ, ਸਤਿਗੁਰੂ ਜੀ ਦੀ ਆਗਿਆ ਦੇ ਅਨੁਸਾਰੀ, ਸਿੱਖੀ ਨਿਜ਼ਾਮ ਨੂੰ ਸੁਲਝੇ ਹੋਏ ਢੰਗ ਨਾਲ ਚਲਾਉਣ ਵਾਲੇ, ਸਤਿਗੁਰੂ ਜੀ ਅਤੇ ਦੂਰ ਦੁਰੇਡੇ ਦੀ ਸਿੱਖੀ ਸੇਵਕੀ ਵਿਚ ਸ਼ਰਧਾਲੂ ਰਾਬਤਾ ਕਾਇਮ ਕਰਨ ਵਾਲੇ, ਬੜੇ ਵਫ਼ਾਦਾਰ ਤੇ ਈਮਾਨਦਾਰ ਵਿਅਕਤੀ ਸਨ। ਇਹੀ ਵੱਡਾ ਕਾਰਨ ਸੀ ਕਿ ਪੰਚਮ ਸਤਿਗੁਰੂ ਜੀ ਦੇ ਸਮੇਂ ਵਿਚ ਸਿਖੀ ਦੀ ਨੂਰਾਨੀ ਝਲਕ ਬਿਜਲੀ ਦੇ ਝਮਕਾਰੇ ਵਾਂਙੂ ਸਾਰੇ ਦੇਸ਼ ਵਿਚ ਫੈਲ ਗਈ। ਉਕਤ ਦਰਸਾਏ ਖ਼ਿਆਲ ਦੀ ਪ੍ਰੋੜ੍ਹਤਾ ਮਿਸਟਰ ਮੈਕਾਲਿਫ਼ ਨਿਮਨ-ਲਿਖਤ ਦੇ ਮੁਤਾਬਿਕ ਦਰਜ ਕਰਦੇ ਹਨ:

> Indeed there were many Sikhs at the time who served the Guru with the utmost fidelity. Among others the Names of Ajab, Ajaib and Umar Shah are mentioned. They were Masands who collected offerings for the Guru, and faithfully delivered them. On one occasion he asked them in what light they regarded the offerings which passed through their hands? They replied, that they regarded them as poison not only for their bodies but for their souls.
>
> —*Macauliffe, iii, p. 8*

੬-੧. ਮਸੰਦਾਂ ਵਿਚ ਗਿਰਾਵਟ

ਪੰਚਮ ਪਾਤਸ਼ਾਹ ਜੀ ਦੇ ਜ਼ਮਾਨੇ ਵਿਚ ਮਸੰਦ ਸੰਸਥਾ ਬੜੀ ਉੱਦਮੀ, ਈਮਾਨਦਾਰੀ ਅਤੇ ਵਫ਼ਾਦਾਰੀ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਰਹੀ, ਪਰੰਤੂ ਕਈ ਥਾਈਂ ਇਤਿਹਾਸ ਦੇ ਪੰਨੇ ਮਸੰਦਾਂ ਦੀ ਦਿਆਨਤਦਾਰੀ 'ਤੇ ਸੰਦੇਹ ਪ੍ਰਗਟ ਕਰਦੇ ਹਨ।

ਅੰਮ੍ਰਿਤ ਸਰੋਵਰ ਦੀਆਂ ਪੌੜੀਆਂ ਦੀ ਪਕਿਆਈ ਸਮੇਂ ਅਤੇ ਦਰਬਾਰ ਸਾਹਿਬ ਦੀ ਹੋਰ ਵਧੇਰੇ ਪੁਖ਼ਤਗੀ ਵਾਸਤੇ ਹਜ਼ੂਰ ਨੇ ਹੁਕਮ ਫ਼ੁਰਮਾਇਆ ਕਿ ਸਿਰਫ਼ ਪੰਜਾਵੇ (ਭੱਠਿਆਂ) ਦੀਆਂ ਪੱਕੀਆਂ ਇੱਟਾਂ ਹੀ ਹਰਿਮੰਦਰ ਸਾਹਿਬ ਅਤੇ

1. Muhsin Fani, ii, p. 270 and CF Malcolm, Sketch, p. 30.

ਅੰਮ੍ਰਿਤ ਸਰੋਵਰ ਦੀ ਤਾਅਮੀਰ ਵਾਸਤੇ ਵਰਤੀਆਂ ਜਾਣ। ਪਰੰਤੂ ਕੁਝ ਨਾ-ਅਹਿਲ ਮਸੰਦਾਂ ਨੇ ਆਪਣੇ ਅਧਿਕਾਰ ਦੀ ਦੁਰ-ਵਰਤੋਂ ਕਰਦੇ ਹੋਏ ਕੁਝ ਪਿੱਲੀਆਂ, ਅੱਧ ਪੱਕੀਆਂ ਅਤੇ ਕੇਵਲ ਸੂਰਜ ਦੀ ਧੁੱਪ ਵਿਚ ਸੁੱਕੀਆਂ ਇੱਟਾਂ ਤੇ ਪੱਕੀਆਂ ਇੱਟਾਂ ਜੈਸਾ ਪੋਚਾ ਫੇਰ ਕੇ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਵਿਚ ਲਗਵਾਣੀਆਂ ਆਰੰਭ ਕਰ ਦਿੱਤੀਆਂ। ਮਿਹਰਬਾਨ ਸਤਿਗੁਰੂ ਨੇ ਉਨ੍ਹਾਂ ਗਲਤ ਕੰਮ ਕਰਨ ਵਾਲੇ ਮਸੰਦਾਂ ਨੂੰ ਤਿੰਨ ਦਫ਼ਾ ਸਮਝਾਇਆ, ਪਰ ਉਹ ਨਹੀਂ ਸਮਝੇ। ਉਨ੍ਹਾਂ ਦੀ ਬੇ-ਵਫ਼ਾਈ ਅਤੇ ਬਦ-ਦਿਆਨਤਦਾਰੀ ਨੂੰ ਮੱਦੇ-ਨਜ਼ਰ ਰੱਖਦੇ ਹੋਏ ਹਜ਼ੂਰ ਨੇ ਉਨ੍ਹਾਂ ਨੂੰ ਇੱਟਾਂ ਦੀ ਸੇਵਾ ਸੰਭਾਲ ਕਰਨੋਂ ਬਰਖ਼ਾਸਤ ਕਰ ਦਿੱਤਾ, ਔਰ ਹਜ਼ੂਰ ਨੇ ਇਲਾਹੀ ਬਚਨ ਸਾਦਰ ਫ਼ੁਰਮਾਇਆ ਕਿ ਜਦੋਂ ਅਸੀਂ ਦਸਵੇਂ ਜਾਮੇ ਵਿਚ ਆਵਾਂਗੇ, ਤਦ ਐਸੇ ਬਦ-ਦਿਆਨਤੀ ਮਸੰਦਾਂ ਨੂੰ ਮੁਨਾਸਿਬ ਦੰਡ ਦੇ ਰਾਹੀਂ ਸੁਧਾਰ ਪ੍ਰਣਾਲੀ ਵਿਚ ਦਾਖ਼ਲ ਕਰਾਂਗੇ। ਇਥੇ ਇਕ ਯਾਦ ਰੱਖਣ ਵਾਲੀ ਬੜੀ ਮਹੱਤਵਪੂਰਨ ਸਥਿਤੀ ਪੈਦਾ ਹੁੰਦੀ ਹੈ ਕਿ ਸਤਿਗੁਰੂ ਜੀ ਦੇ ਦੰਡ ਦੇ ਪਿੱਛੇ ਜਾਂ ਆਖੋ ਰੱਬੀ ਕਹਿਰ ਦੇ ਪਿੱਛੇ ਇਲਹਾਮੀ ਰਹਿਮਤ ਦੇ ਦਰਵਾਜ਼ੇ ਖੁਲ੍ਹਦੇ ਹਨ। ਸਤਿਗੁਰੂ ਕਦੇ ਭੀ ਮਾਰਨ ਵਾਸਤੇ ਦੰਡ ਨਹੀਂ ਦਿੰਦਾ, ਸਗੋਂ ਦਰਵਾਜ਼ੇ ਖੋਲ੍ਹ ਕੇ ਬਖ਼ਸ਼ਿਸ਼ ਦੇ ਦਰੇ-ਦੌਲਤ 'ਤੇ ਲੈ ਜਾਂਦਾ ਹੈ। ਬਿਲਕੁਲ ਇਸੇ ਦਾਰਸ਼ਨਿਕ ਸਿਧਾਂਤ ਦੇ ਅਧੀਨ ਹਜ਼ੂਰ ਨੇ ਦਸਵੇਂ ਜਾਮੇ ਵਿਚ ਦੰਡ-ਮਾਪ ਨੂੰ ਪੂਰਾ ਕਰ ਕੇ ਮਸੰਦਾਂ ਦੇ ਵਾਸਤੇ ਰਹਿਮਤ ਦੇ ਦਰਵਾਜ਼ੇ ਖੋਲ੍ਹ ਦਿੱਤੇ। ਔਰ ਬਖ਼ਸ਼ਿਸ਼ ਦੀ ਦੁਨੀਆ ਵਿਚ ਉਨ੍ਹਾਂ ਦਾ ਨਿਸਤਾਰਾ ਕੀਤਾ, ਕਿਉਂਕਿ ਰੱਬੀ ਕਹਿਰ ਦੇ ਪਿੱਛੇ ਹਮੇਸ਼ਾ ਹੀ ਰਹਿਮਤ ਗੁਰ-ਇਕਰਾਰ, ਅਤੇ ਬਖ਼ਸ਼ਿਸ਼ ਦੇ ਭੰਡਾਰੇ ਪਰੀਪੂਰਨ ਹੁੰਦੇ ਹਨ। ਮਸੰਦਾਂ ਦੀ ਬਦ-ਦਿਆਨਤੀ ਅਤੇ ਨਾ-ਵਫ਼ਾਦਾਰੀ ਦੀ ਗਾਥਾ ਮੈਕਾਲਿਫ਼ ਦੇ ਸ਼ਬਦਾਂ ਦੁਆਰਾ ਹੋਰ ਵਧੇਰੇ ਵਜ਼ਨਦਾਰ ਹੋ ਜਾਂਦੀ ਹੈ:

> The Guru had given orders that only Kiln-dried bricks should be employed. Some Masands who had charge of bricks, resolved to cheat the Guru and scamp the work. They smeared Sun-dried bricks with plaster and laid them. The Guru heard of their dishonesty and ordered them to desist. They disobeyed his orders three times. He then dismissed them, and said that when He became tenth Guru He would visit them with condign punishment.
>
> —*Maccauliffe, iii, p. 10*

ਸਤਵਾਂ ਪਰਕਰਣ—

ਕੌਮ ਦੀ ਪਹਿਲੀ ਤਾਜ਼ਗੀ

ਕੌਮਾਂ ਦੀ ਜਿਊਂਦੀ ਜਾਗਦੀ ਹਸਤੀ ਦਾ ਤਖ਼ਮੀਨਾ ਉਸ ਵੇਲੇ ਸਹੀ ਅਰਥਾਂ ਵਿਚ ਨਿਰੂਪਣ ਕੀਤਾ ਜਾ ਸਕਦਾ ਹੈ, ਜਦੋਂ ਇਹ ਚੀਜ਼ ਸਮਝ ਵਿਚ ਆ ਜਾਵੇ ਕਿ ਇਸ ਕੌਮ ਦੇ ਨਿਕਾਸ, ਵਿਕਾਸ ਅਤੇ ਇਤਿਹਾਸ ਦੀ ਬੁਨਿਆਦੀ ਇਮਾਰਤ ਕਿਸ ਅਸਥਾਨ 'ਤੇ ਖੜੀ ਹੈ, ਇਸ ਦੀ ਉੱਚੀ ਸੁਰਤ ਦੀ ਪਰਵਾਜ਼ ਕਿਸ ਮੂਲਿਕ ਸ਼ਿਲਾ 'ਤੇ ਆਧਾਰਤ ਹੈ।

ਉੱਚੀ ਸੁਰਤਿ ਅਚਿਹਨ ਸਮੇਂ ਦੀ ਗਤੀ ਵਿਚ ਭੀ ਹੋ ਸਕਦੀ ਹੈ। ਸਤਿ ਪੁਰਖਾਂ ਦੇ ਨਿਤਾ-ਪ੍ਰਤੀ ਅਮਲ, ਉਨ੍ਹਾਂ ਦੇ ਸਪਰਸ਼ ਕੀਤਿਆਂ ਜਾਂ ਉਨ੍ਹਾਂ ਦੀ ਚੁੱਪ ਵਿਚ ਭੀ ਹੋ ਸਕਦੀ ਹੈ, ਉੱਚੀ ਸੁਰਤਿ ਦਾ ਤਖ਼ੱਯਲ ਰੂਹਾਨੀ ਕਿਤਾਬਾਂ ਵਿਚ ਭੀ ਹੋਣਾ ਸੰਭਵ ਹੈ। ਪਰੰਤੂ ਉੱਚੀ ਸੁਰਤਿ ਕਿਸੇ ਵਿਦਵਤਾ, ਹੁਨਰ ਜਾਂ ਵਿਗਿਆਨਕ ਗਿਆਨ ਦੀ ਮੁਹਤਾਜ ਨਹੀਂ ਹੈ। ਜਿਸ ਵੇਲੇ ਉੱਚੀ ਸੁਰਤਿ ਵਾਲੇ ਅਨੂਪਮ ਪੁਰਸ਼ ਕਿਸੇ ਅਚਿਹਨ ਯੁਗ ਵਿਚ ਪ੍ਰਵੇਸ਼ ਕਰਦੇ ਹਨ, ਤਦ ਇਸ ਪਹਿਲੀ ਤਾਜ਼ਗੀ ਦੀ ਅਛੋਹ ਪਰਵਾਜ਼ ਨੂੰ ਵਿਦਵਾਨਾਂ ਦੀ ਵਿਦਵਤਾ ਪਕੜ ਨਹੀਂ ਸਕਦੀ।

ਕੌਮਾਂ ਵਿਚ ਪਹਿਲੀ ਤਾਜ਼ਗੀ ਦਾ ਆਰੰਭ ਗੁਰੂ-ਲਿਵ ਦੇ ਰਾਹੀਂ ਹੁੰਦਾ ਹੈ, ਜਿਵੇਂ ਪੰਡਿਤ ਨਿਤਾ ਨੰਦ ਦੇ ੩੬੦ ਮਾਰਗ, ਪਰੰਤੂ ਗੁਰੂ-ਲਿਵ ਵਾਲੇ ਸਿੱਖਾਂ ਦਾ ਕੇਵਲ ਅਤੇ ਕੇਵਲ ਇਕੋ ਹੀ ਮਾਰਗ ਹੈ। ਉਹ ਮਾਰਗ ਇਲਾਹੀ ਰਹਿਮਤ ਹੈ, ਗੁਰ ਪ੍ਰਸਾਦਿ ਹੈ, ਰੱਬੀ ਬਖ਼ਸ਼ਿਸ਼ ਹੈ, ਕਿਉਂਕਿ ਸੰਸਾਰੀ ਗਿਆਨ ਗੁਰੂ-ਲਿਵ ਦਾ ਵਟਾਂਦਰਾ ਨਹੀਂ ਹੈ। ਇਕ ਗੁਰ-ਸਿੱਖ ਗੁਰ-ਲਿਵ ਦੇ ਤੁਫ਼ੈਲ ਇਸ ਭਵਸਾਗਰ ਨੂੰ ਇਕ ਛਿਣ-ਮਾਤ੍ਰ ਵਿਚ ਪਾਰ ਕਰ ਸਕਦਾ ਹੈ, ਪਰੰਤੂ ਪੰਡਿਤ ਨਿਤਾ ਨੰਦ ਦੇ ੩੬੦ ਮਾਰਗ ਕਈ ਸਾਲਾਂ ਅਥਵਾ ਕਈ ਜਨਮਾਂ ਵਿਚ ਭੀ ਪਾਰਗਰਾਮੀ ਨਹੀਂ ਬਣ ਸਕਦੇ।

ਚਾਰੇ ਵੇਦ, ਛੇ ਦਰਸ਼ਨ, ਸਤਾਈ ਸਿਮਰਤੀਆਂ, ੧੭੦ ਉਪਨਿਸ਼ਦ[1], ਰਾਮਾਇਣ ਅਤੇ ਭਗਵਤ ਗੀਤਾ ਦੀ ਇਕ ਸੰਪੂਰਣ ਬੋਧ ਗੁਰੂ ਆਵੇਸ਼ ਦੀ ਇਕ ਅਤਿਅੰਤ ਹੀ ਤੁਛ-ਮਾਤ੍ਰ ਅਥਵਾ ਕੋਟਾਨ ਦਾ ਭੀ ਇਕ ਕੋਟਾਨ ਖੰਡ ਛਿਣ-ਮਾਤ੍ਰ ਹੈ। ਗੁਰ-ਲਿਵ ਵਿਚ ਮਖ਼ਮੂਰ ਹੋਏ ਗੁਰ-ਸਿੱਖ ਦੀ ਇਕ ਭੋਲੇ ਭਾਇ ਦ੍ਰਿਸ਼ਟੀ ਸਮੂੰਹ ਗਿਆਨ ਦਾ ਤੱਤਸਾਰ ਚੁੱਕਣ ਦੀ ਅਥਾਹ ਸਮਰੱਥਾ ਰੱਖਦੀ ਹੈ। ਜਿਵੇਂ ਪੰਜੋਖਰੇ ਦਾ ਇਤਿਹਾਸ ਗੁਰ-ਲਿਵ ਵਾਲੇ ਗੁਰ-ਸਿੱਖਾਂ ਦੀ ਪਹਿਲੀ ਤਾਜ਼ਗੀ ਦੀ ਸੂਹਜਮਈ ਹਾਮੀ ਭਰਦਾ ਹੈ।

ਪਾਉਂਟੇ ਸਾਹਿਬ ਦੀ ਪਾਵਨ ਧਰਤੀ ਉੱਤੇ ਇਕ ਐਸਾ ਸਮਾਂ ਭੀ ਆਇਆ ਜਦੋਂ ਕਾਫ਼ੀ ਕਵੀ-ਜਨ ਸਤਿਗੁਰੂ ਜੀ ਦੀ ਹਜ਼ੂਰੀ ਦਾ ਨਿੱਘ ਮਾਣ ਰਹੇ ਸਨ, ਉਨ੍ਹਾਂ ਦਿਨਾਂ ਵਿਚ ਗੁਰੂ ਕੇ ਸਿੰਘ ਭੀ ਕਵੀਆਂ ਦੀ ਕਵਿਤਾ ਦਾ ਰਸ ਮਾਣ ਲੈਂਦੇ ਸਨ। ਇਕ ਦਫ਼ਾ ਇਕ ਦਿਗ ਵਿਦਵਾਨ ਕਵੀ 'ਚੰਦਨ' ਨੂੰ ਆਪਣੀ ਲਿਖੀ ਕਾਵਿਕ ਸੂਹਜ ਬਹੁਤ ਹੀ ਦੀਰਘ ਜਾਪੀ। ਉਸ ਨੂੰ ਆਪਣੀ ਕਾਵਿ ਰਚਨਾ ਦਾ ਵੱਡਾ ਗੁਮਾਨ ਹੋ ਗਿਆ, ਦਿਮਾਗ਼ ਵਿਚ ਇਕ ਘੁੰਤਰ-ਬਾਜ਼ੀ ਆਣ ਵੱਸੀ ਕਿ ਮੇਰੀ ਕਵਿਤਾ ਸਭ ਨਾਲੋਂ ਬੇਹਤਰ ਹੈ। ਪਰ ਸਤਿਗੁਰੂ ਜੀ ਮੇਰੀ ਕਾਵਿ ਪ੍ਰਬੀਨਤਾ ਦੀ ਕਦਰ ਨਹੀਂ ਕਰਦੇ ਜਦੋਂ ਕਿ ਮੇਰੇ ਸਮਾਨ ਇਸ ਦਰਬਾਰ ਵਿਚ ਹੋਰ ਕੋਈ ਦੂਜਾ ਕਵੀ ਨਹੀਂ ਹੈ। ਗ਼ੈਬ ਦੀਆਂ ਜਾਣਨਹਾਰ ਅੰਤਰਯਾਮੀ ਸਤਿਗੁਰੂ ਜੀ ਨੇ ਉਸ ਦੇ ਦਿਲ ਦੀ ਹਉਮੈ ਬਿਰਤੀ ਨੂੰ ਆਪਣੀ ਪੈਗੰਬਰੀ ਸੂਹਜ ਦੇ ਰਾਹੀਂ ਅਨੁਭਵ ਕੀਤਾ ਅੌਰ ਹਜ਼ੂਰ ਨੇ ਕਵੀ ਚੰਦਨ ਨੂੰ ਦਰਬਾਰ ਵਿਚ ਆਉਣ ਲਈ ਆਦੇਸ਼ ਜਾਰੀ ਕੀਤਾ।

ਕਵੀ ਚੰਦਨ ਨੂੰ ਸੰਬੋਧਨ ਕਰਦੇ ਹੋਏ ਫ਼ੁਰਮਾਇਆ, "ਕਵੀ ਜੀ! ਅੱਜ ਕੋਈ ਬਹੁਤ ਸੂਖ਼ਸ਼ਮ ਭਾਵ ਭਰਪੂਰ ਕਵਿਤਾ ਸੁਣਾਓ।" ਚੰਦਨ ਨੇ ਸਤਿਗੁਰੂ ਜੀ ਦੇ ਮੁਬਾਰਕ ਬਚਨ ਸੁਣ ਕੇ ਇਕ ਬਹੁਤ ਹੀ ਮਹੀਨ ਅਤੇ ਸੂਖ਼ਸ਼ਮ ਕਾਵਿਕ ਛੰਦ ਸੁਣਾਇਆ। ਤਦ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਇਸ ਦਰਬਾਰ ਵਿਚ ਕੋਈ ਸਿੱਖ ਹੈ, ਜੋ ਇਸ ਛੰਦ ਦੇ ਸਹੀ ਅਰਥ ਕਰ ਸਕੇ? ਸਤਿਗੁਰੂ ਜੀ ਦੇ ਬਚਨ ਸੁਣ ਕੇ ਕਵੀ ਚੰਦਨ ਨੇ ਅਭਿਮਾਨੀ ਭਾਵ ਵਿਚ ਆਣ ਕੇ ਆਖਿਆ, "ਇਸ ਛੰਦ ਦੀ ਵਿਆਖਿਆ ਇਕ ਈਸ਼ਵਰ ਤੋਂ ਬਿਨਾਂ ਹੋਰ ਕੋਈ ਭੀ ਨਹੀਂ ਕਰ ਸਕਦਾ।" ਇਤਨੇ ਨੂੰ ਗੁਰੂ ਕੇ ਘੋੜਿਆਂ ਲਈ ਘਾਹ ਖੋਦਣ ਵਾਲਾ ਇਕ ਸਿੰਘ ਦਰਬਾਰ ਵਿਚ ਆਣ ਖਲੋਤਾ, ਜਿਸ ਦਾ ਨਾਂ ਧੰਨਾ ਸਿੰਘ

1. ਦੇਖੋ ਮਹਾਨ ਕੋਸ਼ ਉਪਨਿਸ਼ਦ, ਪੰਨਾ ੧੩, ਉਪਨਿਸ਼ਦਾਂ ਦੀ ਗਿਣਤੀ ੧੭੦ ਹੈ, ਪਰ ਦਸ ਪਰਮ ਹਨ।

ਹੈ। ਹਜ਼ੂਰ ਨੇ ਆਖਿਆ, "ਭਾਈ ਧੰਨਾ ਸਿੰਘ! ਇਸ ਛੰਦ ਦੇ ਅਰਥ ਕਰੋ।" ਸਿੱਖ ਨੇ ਸੀਸ ਝੁਕਾ ਕੇ ਆਖਿਆ, "ਹੇ ਸੱਚੇ ਪਾਤਸ਼ਾਹ ਜੀਓ! ਜੇਕਰ ਆਪ ਜੀ ਦਾ ਸਮਰੱਥ ਹੱਥ ਮੇਰੇ ਸਿਰ ਉਤੇ ਹੋਵੇ, ਫਿਰ ਸਭ ਕੁਝ ਹੋ ਸਕਦਾ ਹੈ, ਇਹ ਛੰਦ ਦੇ ਅਰਥ ਤੇ ਇਕ ਛਿਣ-ਮਾਤ੍ਰ ਵਸਤੂ ਹੈ।" ਸਿੱਖ ਨੇ ਸਾਰੀ ਸੰਗਤ ਦੇ ਸਾਹਮਣੇ ਛੰਦ ਪੜ੍ਹਿਆ, ਅਰਥ ਕੀਤੇ, ਛੰਦ ਦੇ ਸੂਖ਼ਸ਼ਮ ਸੁਹਜ ਦੀਆਂ ਸਾਰੀਆਂ ਗੁੰਝਲਾਂ ਖੋਲ੍ਹ ਦਿੱਤੀਆਂ। ਜੋ ਗੁਰ-ਸਿੱਖ ਗੁਰ-ਲਿਵ ਦੇ ਤਹਿਤ ਜੀਵਨ ਬਤੀਤ ਕਰਦੇ ਹਨ, ਉਨ੍ਹਾਂ ਵਿਚ ਸੁਭਾਵਕ ਹੀ ਕੌਮੀਅਤ ਦੀ ਪਹਿਲੀ ਤਾਜ਼ਗੀ ਆਵੇਸ਼ ਕਰ ਜਾਂਦੀ ਹੈ, ਕਿਉਂਕਿ ਉਹ ਉੱਚੀ ਸੁਰਤਿ ਦੇ ਧਾਰਣੀ ਹੋ ਨਿਬੜਦੇ ਹਨ। ਪਰੰਤੂ ਨਿਰੋਲ ਸੰਸਾਰੀ ਖ਼ਿਆਲਾਂ ਦੀ ਸੂਖ਼ਸ਼ਮ ਵਿਦਵਤਾ ਮਨੁੱਖ ਨੂੰ ਰੱਬੀ ਫ਼ਜ਼ਲ ਵਲੋਂ ਸੱਖਣਾ ਕਰ ਦਿੰਦੀ ਹੈ। ਜਦੋਂ ਖ਼ਿਆਲ ਆਪਣੇ ਆਪ ਵਿਚ ਹਉਮੈ ਅਤੇ ਸਿਆਣਪ ਦਾ ਰਸ ਲੈਣਾ ਆਰੰਭ ਦੇਣ, ਤਦ ਉਸ ਦੀ ਜੀਵਨ ਗਤੀ ਦਾ ਜ਼ਾਵੀਆ ਗੁਰ-ਅਮਲ ਨਾਲੋਂ ਟੁੱਟ ਜਾਂਦਾ ਹੈ। ਗੁਰੂ-ਲਿਵ ਅਤੇ ਗੁਰੂ-ਅਮਲ ਨਾਲੋਂ ਟੁੱਟਿਆਂ ਪਹਿਲੀ ਪ੍ਰਫੁੱਲਤਾ ਖ਼ਤਮ ਹੋ ਜਾਂਦੀ ਹੈ। ਖ਼ਿਆਲਾਂ ਦੇ ਫੈਲਾਓ ਦਾ ਆਪਣੀ ਸੂਖ਼ਸ਼ਮ ਗਤੀ ਉਤੇ ਭਾਰੂ ਹੋ ਜਾਣਾ, ਆਪ ਹੀ ਆਪਣੇ ਖ਼ਿਆਲਾਂ ਦੇ ਨਸ਼ਈ ਪਹਿਰੇਦਾਰ ਬਣ ਜਾਣਾ, ਗੁਰੂ ਦੀ ਪਨਾਹ ਛੱਡ ਕੇ ਰੱਬ ਦੀ ਰੱਬਾਨੀਅਤ ਤੋਂ ਕਿਨਾਰਾ-ਕਸ਼ੀ ਕਰਨ ਦਾ ਮੂਲਿਕ ਚਿੰਨ੍ਹ ਹੈ। ਜੋ ਇਨਸਾਨ ਆਪਣੀ ਸੂਖ਼ਸ਼ਮਤਾ ਦੇ ਕਾਰਣ ਰੱਬੀ ਹਕੂਮਤ ਤੋਂ ਵਾਂਝਾ ਹੋ ਜਾਵੇ, ਔਰ ਰੱਬੀ ਤੁਫ਼ੈਲ ਦੀ ਸਲਤਨਤ ਤੋਂ ਪਰ੍ਹੇ ਹਟ ਗਿਆ, ਉਸ ਵਿਚੋਂ ਧਰਮ ਦੀ ਪਹਿਲੀ ਤਾਜ਼ਗੀ ਅਤੇ ਉੱਚੀ ਸੁਰਤਿ ਦਾ ਪਤਨ ਹੋ ਜਾਂਦਾ ਹੈ।

ਸਿੱਖੀ ਉੱਮਤ ਵਿਚ ਪ੍ਰਫੁੱਲਤਾ ਪ੍ਰਥਾਇ ਕਾਫ਼ੀ ਵੱਡੀ ਮਾਤਰਾ ਵਿਚ ਉੱਚੀ ਸੁਰਤਿ ਵਾਲੇ ਗੁਰ-ਸਿੱਖਾਂ ਦੀਆਂ ਸਾਖੀਆਂ ਪੜ੍ਹਨ ਸੁਣਨ ਵਿਚ ਪ੍ਰਾਪਤ ਹੁੰਦੀਆਂ ਹਨ। ਸ੍ਰੀ ਅੰਮ੍ਰਿਤ ਸਰੋਵਰ ਦੀ ਸੇਵਾ ਸਮੇਂ ਭਾਈ ਕੀ ਡਰੋਲੀ ਦੇ ਵਸਨੀਕ ਭਾਈ ਅਜਬ ਅਤੇ ਅਜਾਇਬ ਡਾਢੇ ਪ੍ਰੇਮ ਸਹਿਤ ਗੁਰੂ-ਘਰ ਦੀ ਖ਼ਿਦਮਤ ਵਿਚ ਮਗਨ ਰਹਿੰਦੇ ਸਨ। ਇਨ੍ਹਾਂ ਨੇ ਇਤਨੀ ਸਿੱਖੀ ਦੀ ਤਬਲੀਗ ਕੀਤੀ, ਜਿਸ ਦਾ ਤੁਫ਼ੈਲ ਇਲਾਕੇ ਦੇ ਲੋਕ ਭਾਰੀ ਗਿਣਤੀ ਵਿਚ ਸਿੱਖੀ ਨਾਲ ਆ ਜੁੜੇ। ਸੰਗਤਾਂ ਕੋਲੋਂ ਅਧਿਕ ਸੰਖਿਆ ਵਿਚ ਮਾਇਆ ਇਕੱਤਰ ਕਰ ਕੇ ਕੇਂਦਰ ਦੀ ਇਲਾਹੀ ਜ਼ੀਨਤ ਨੂੰ ਵਧੇਰੇ ਸੁਹਜ ਦੇਣ ਲਈ ਆਪਣਾ ਯੋਗਦਾਨ ਪਾ ਰਹੇ ਸਨ। ਸਤਿਗੁਰੂ ਜੀ ਨੇ ਇਨ੍ਹਾਂ ਦੀ ਸੇਵਾ ਉਤੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਤਹਿਸੀਲ ਜ਼ੀਰਾ (ਫ਼ੀਰੋਜ਼ਪੁਰ) ਦੀ ਮਸਨਦ ਬਖ਼ਸ਼ੀ।[1] ਗੁਰਮਤਿ ਦਾ ਪ੍ਰਚਾਰ

---

1. *ਸੂਰਜ ਪ੍ਰਕਾਸ਼ ਵਾਰਤਕ*, ਲੇਖਕ ਸੋਢੀ ਤੇਜਾ ਸਿੰਘ, ਪੰਨਾ ੧੯੭।

ਅਤੇ ਦਸਵੰਧ ਇਕੱਤਰ ਕਰਨ ਦੀ ਪ੍ਰਮਾਣਤਾ ਭੀ ਅਦਾ ਕੀਤੀ। ਅਜਬ, ਅਜਾਇਬ ਅਤੇ ਉਮਰ ਸ਼ਾਹ ਨੇ ਮਸੰਦ ਹੁੰਦਿਆਂ ਉੱਚ-ਕੋਟੀ ਦੀ ਸੇਵਾ ਸਿਮਰਨ ਕਰ ਕੇ ਗੁਰ-ਲਿਵ ਦੇ ਆਸਰੇ ਆਪਣਾ ਅਮੋਲਕ ਜਨਮ ਸਫਲ ਕੀਤਾ ਅਤੇ ਹੋਰਨਾਂ ਨੂੰ ਭੀ ਜੀਵਨ ਦੀ ਸੁਚੱਜੀ ਪਰੰਪਰਾ ਦਰਸਾਈ। 'ਤਿਨ੍ਹਾਂ ਪਿਛੈ ਹੋਰ ਖਾਇ ਘਨੇਰੀ' ਦੇ ਪਾਵਨ ਵਾਕ ਦੀ ਸੁਹਜਮਈ ਤਸਕੀਨ ਪ੍ਰਾਪਤ ਕੀਤੀ।

ਇਕ ਦਫ਼ਾ ਸਮੂੰਹ ਸੰਗਤ ਦੀ ਹਾਜ਼ਰੀ ਵਿਚ ਸਤਿਗੁਰੂ ਜੀ ਨੇ ਭਾਈ ਅਜਬ, ਅਜਾਇਬ ਅਤੇ ਉਮਰ ਸ਼ਾਹ ਸੰਘੇ ਤੋਂ ਪੁਛਿਆ ਕਿ ਗੁਰੂ-ਘਰ ਲਈ ਇਕੱਤਰ ਕੀਤੇ ਦਸਵੰਧ ਨੂੰ ਕੀ ਸਮਝਦੇ ਹੋ ਅਤੇ ਕਿਵੇਂ ਉਸ ਦੀ ਵਰਤੋਂ ਕਰਦੇ ਹੋ ? ਉਨ੍ਹਾਂ ਹੱਥ ਜੋੜ ਕੇ ਅਰਜ਼ ਕੀਤੀ, "ਹੇ ਸੱਚੇ ਪਾਤਸ਼ਾਹ ਜੀਉ ! ਇਸ ਦਸਵੰਧ ਭੇਟਾ ਨੂੰ ਨਾ ਸਿਰਫ਼ ਸਰੀਰ ਲਈ ਹੀ, ਬਲਕਿ ਰੂਹਾਨੀਅਤ ਲਈ ਭੀ ਮੋਹਰਾ ਹੀ ਸਮਝਦੇ ਹਾਂ।" ਇਹ ਹੈ ਸਿੱਖ ਕੌਮ ਦੀ ਪਹਿਲੀ ਤਾਜ਼ਗੀ ਜਿਸ ਦਾ ਆਰੰਭ ਗੁਰ-ਲਿਵ ਦੇ ਆਸਰੇ ਉੱਚੀ ਸੁਰਤਿ ਦੇ ਰਾਹੀਂ ਵਜੂਦ ਵਿਚ ਆਉਂਦਾ ਹੈ।

ਇਹੀ ਵੱਡਾ ਕਾਰਣ ਸੀ ਕਿ ਗੁਰੂ ਅਰਜਨ ਸਾਹਿਬ ਜੀ ਦੇ ਗੁਰ-ਗੱਦੀ ਕਾਲ ਵਿਚ ਸਿੱਖੀ ਮਿੱਲਤ ਆਪਣੇ ਮਜ਼ਬੂਤ ਪੈਰਾਂ 'ਤੇ ਖੜੀ ਹੋ ਗਈ। ਮਿਸਟਰ ਪੇਨ ਦੇ ਕਹਿਣ ਅਨੁਸਾਰ ਸਤਿਗੁਰੂ ਜੀ ਨੇ ਸਿੱਖੀ ਕੇਂਦਰ ਅਤੇ ਸਿੱਖੀ ਉੱਮਤ ਨੂੰ ਐਸੀ ਸੁਲਝੀ ਹੋਈ ਤਨਜ਼ੀਮ ਵਿਚ ਪਰੋ ਦਿੱਤਾ, ਜਿਸ ਦੇ ਤੁਫ਼ੈਲ ਸਿੱਖੀ ਦੀ ਸਮਾਜੀ, ਰਾਜਸੀ, ਆਰਥਕ, ਭਾਈਚਾਰਕ ਅਤੇ ਆਤਮਕ ਜ਼ਿੰਦਗੀ ਅਨੂਪ ਸੁੰਦਰਤਾ ਦੀ ਨੁਹਾਰ ਵਿਚ ਢਲ ਗਈ। *ਦਬਸਤਾਨਿ ਮਜ਼ਾਹਿਬ* ਦੇ ਕਰਤਾ ਮੁਹਸਨ ਫ਼ਾਨੀ ਉਕਤ ਦਰਸਾਏ ਖ਼ਿਆਲਾਂ ਦੀ ਹਾਮੀ ਅਤਿ ਭਰਵੇਂ ਸ਼ਬਦਾਂ ਦੇ ਰਾਹੀਂ ਕਰਦੇ ਹਨ। ਸਿੱਖੀ ਜਗਤ ਨੇ ਇਤਨੀ ਉੱਨਤੀ ਕੀਤੀ ਕਿ ਉਨ੍ਹਾਂ ਦੇ ਰੋਜ਼ਾਨਾ ਵਿਹਾਰਾਂ ਵਿਚ ਰਾਜਸੀ, ਸਮਾਜੀ, ਆਰਥਕ ਅਤੇ ਆਤਮਕ ਸੁਘੜਤਾ ਜਲਵਾਗਰ ਹੋ ਉਠੀ। ਮੁਹਸਨ ਫ਼ਾਨੀ ਦੇ ਖ਼ਿਆਲਾਂ ਦੀ ਗ਼ਲਤ ਤਰਜਮਾਨੀ ਕਰਦੇ ਹੋਏ ਕਨਿੰਘਮ, ਲਤੀਫ਼ ਅਤੇ ਬੈਨਰ ਜੀ ਨੇ ਆਪਣੀਆਂ ਕਿਤਾਬਾਂ ਵਿਚ ਇਹ ਸੰਕੇਤ ਜ਼ਾਹਰ ਕੀਤੇ ਹਨ ਕਿ ਗੁਰੂ ਜੀ ਨੇ ਇਕ ਪ੍ਰਕਾਰ ਦੀ ਰਾਜਸੀ ਸੱਤਾ (ਹਕੂਮਤ) ਸਥਾਪਨ ਕਰ ਲਈ ਸੀ, ਜਿਸ ਨੂੰ ਵੇਖ ਕੇ ਜਹਾਂਗੀਰ ਅਤੇ ਉਸ ਦੇ ਹਾਮੀ ਕਰਿੰਦੇ ਹਸਦ ਦੀ ਅਗਨੀ ਵਿਚ ਸੜ ਉਠੇ, ਜੋ ਗੁਰੂ ਜੀ ਦੀ ਸ਼ਹੀਦੀ ਦਾ ਮੂਲ ਕਾਰਣ ਬਣੀ।

ਸਤਿਗੁਰੂ ਅਰਜਨ ਸਾਹਿਬ ਜੀ ਦੇ ਸੁਨਹਿਰੀ ਜ਼ਮਾਨੇ ਵਿਚ ਗੁਰ-ਸਿੱਖੀ ਦੀ ਆਤਮਕ ਉਚਾਨ ਅਤੇ ਪਹਿਲੀ ਤਾਜ਼ਗੀ ਦਾ ਜ਼ਿਕਰ ਭਾਈ ਸਾਹਿਬ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਨਿਮਨ-ਲਿਖਤ ਦੇ ਅਨੁਸਾਰ ਕਰਦੇ ਹਨ :

ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ ਨਤਾ॥
ਤਖਤੁ ਬਖਤੁ ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ॥
ਗੁਰਬਾਣੀ ਭੰਡਾਰੁ ਭਰਿ ਕੀਰਤਨੁ ਕਥਾ ਰਹੈ ਰੰਗ ਰਤਾ॥
ਧੁਨਿ ਅਨਹਦਿ ਨਿਝਰੁ ਝਰੈ ਪੂਰਨ ਪ੍ਰੇਮਿ ਅਮਿਓ ਰਸ ਮਤਾ॥
ਸਾਧ ਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜ ਸਹਤਾ॥
ਸਚੁ ਨੀਸਾਣੁ, ਦੀਬਾਣੁ ਸਚੁ, ਸਚੁ ਤਾਣੁ, ਸਚੁ ਮਾਣੁ ਮਹਤਾ॥
ਅਬਚਲੁ ਰਾਜੁ ਹੋਆ ਸਣਖਤਾ॥੧੯॥

—ਵਾਰ ਭਾ: ਗੁਰਦਾਸ ੨੪-੧੯

ਉਕਤ ਦਰਸਾਈ ਸਮੂੰਹ ਵਾਰਤਾ ਨੂੰ ਨੀਝ ਨਾਲ ਵਿਚਾਰਿਆਂ ਇਕ ਨਿਰਣੈ ਨਿਰਸੰਦੇਹ ਅਸਾਡੇ ਜ਼ਿਹਨ ਵਿਚ ਦ੍ਰਿੜ੍ਹ ਵਿਸ਼ਵਾਸ ਪੈਦਾ ਕਰਦਾ ਹੈ ਕਿ ਗੁਰ-ਲਿਵ ਨਾਲ ਜੁੜਿਆਂ, ਗੁਰੂ-ਅਮਲ ਦੇ ਪੈਰੋਕਾਰ ਬਣਿਆਂ, ਸਤਿਗੁਰੂ ਦੇ ਫ਼ਜ਼ਲ-ਕਰਮ ਦਾ ਸਦਕਾ ਉੱਚੀ ਸੁਰਤਿ ਦੇ ਦਾਮਨਗੀਰ ਬਣ ਜਾਈਦਾ ਹੈ। ਉੱਚੀ ਸੁਰਤਿ ਦੇ ਭੰਡਾਰੇ ਵਿਚ ਹੀ ਦੁਨੀਆ ਦੀਆਂ ਖ਼ੁਦਾ-ਪ੍ਰਸਤ ਕੌਮਾਂ ਪਹਿਲੀ ਤਾਜ਼ਗੀ ਦੀਆਂ ਅਲਮ-ਬਰਦਾਰ ਬਣਦੀਆਂ ਹਨ ਅੌਰ ਪਹਿਲੀ ਪ੍ਰਫੁੱਲਤਾ ਹੀ 'ਸਵਾ ਲਾਖ ਸੇ ਏਕ ਲੜਾਊਂ' ਦੇ ਇਲਾਹੀ ਕਲਾਮ ਦੇ ਨੂਰੀ ਜੱਲਾਲ ਮਜਾਹਿਦਾਨੇ-ਦੀਨ ਦੇ ਆਵੇਸ਼ ਵਿਚ ਅਮਲੀ ਜਲਵਾ ਆਸ਼ਕਾਰ ਕਰਦੀ ਹੈ। ਜਿਵੇਂ ਆਪਾਂ ਵੇਖਦੇ ਹਾਂ ਕਿ ਭਾਈ ਮੰਝ, ਭਾਈ ਬਹਿਲੋ, ਭਾਈ ਕਟਾਰੂ, ਕਾਬਲ ਵਾਲੀ ਮਾਈ, ਭਾਈ ਬੋਹੜੂ, ਭਾਈ ਕਲਿਆਣਾ ਅਤੇ ਹੋਰ ਅਨੇਕਾਂ ਗੁਰ-ਸਿੱਖ ਗੁਰ-ਲਿਵ ਦੇ ਧਾਰਣੀ ਬਣ ਕੇ ਉੱਚੀ ਸੁਰਤਿ ਦੇ ਆਸਰੇ ਪਹਿਲੀ ਤਾਜ਼ਗੀ ਦੇ ਪਾਤਰ ਬਣੇ। ਅੌਰ ਪਹਿਲੀ ਪ੍ਰਫੁੱਲਤਾ ਹੀ ਕੌਮਾਂ ਨੂੰ ਨਿਕਾਸ ਵਿਚੋਂ ਵਿਕਾਸ ਵਿਚ ਬਦਲਦੀ ਹੈ। ਪਹਿਲੀ ਤਾਜ਼ਗੀ ਦੇ ਸੁਹੱਪਣ ਨਾਲ ਪਰੀਪੂਰਨ ਵਿਕਾਸ ਕੌਮਾਂ ਦੀ ਬੇ-ਨਜ਼ੀਰ ਹਿਸਟਰੀ ਸਾਜਦਾ ਹੈ।

੭-੧. ਪਹਿਲੀ ਤਾਜ਼ਗੀ ਵਿਚ ਗਿਰਾਵਟ

ਅੰਧੇਰੇ ਵਿਚ ਰਸਤਾ ਵੇਖਣ ਲਈ ਦੀਵੇ ਦੀ ਲੋੜ ਹੁੰਦੀ ਹੈ, ਪਰ ਦੀਵਾ ਮੰਜ਼ਲ ਨਹੀਂ ਬਣ ਸਕਦਾ। ਬਿਲਕੁਲ ਇਸੇ ਪ੍ਰਕਾਰ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਗਿਆਨ ਦੀ ਆਵੱਸ਼ਕਤਾ ਹੈ, ਕਿਉਂਕਿ ਗਿਆਨ ਖ਼ਿਆਲਾਂ ਦੀ ਸੂਖਸ਼ਮ ਗਤੀ ਨੂੰ ਆਸ਼ਕਾਰ (ਪ੍ਰਗਟ) ਕਰਦਾ ਹੈ। ਚੰਗੀ ਕਿਸਮਤ ਦੇ ਤੁਫ਼ੈਲ ਜੇਕਰ ਸੂਖਸ਼ਮ ਖ਼ਿਆਲਾਂ ਦੀ ਲੜੀ ਗੁਰੂ-ਲਿਵ ਅਤੇ ਗੁਰੂ-ਅਮਲ ਵਿਚ ਲੀਨ ਹੋ ਜਾਵੇ, ਤਦ ਰੱਬੀ ਦਰਗਾਹ ਦੇ ਵਿਚੋਂ ਫ਼ਜ਼ਲ ਦੀ ਸਖ਼ਾਵਤ (ਦਾਤਿ) ਬਖ਼ਸ਼ੀਸ਼ ਵਜੋਂ ਪ੍ਰਾਪਤ ਹੁੰਦੀ ਹੈ।

ਪਰੰਤੂ ਦੂਸਰੇ ਪਾਸੇ ਵਲ ਸੋਚਿਆਂ ਇਹ ਪ੍ਰਣਾਮ ਭੀ ਸਾਹਮਣੇ ਆ ਜਾਂਦਾ ਹੈ ਕਿ ਕਈ ਇਕ ਸੂਖਸ਼ਮ ਖ਼ਿਆਲੀਏ ਵਿਦਵਾਨ ਗੁਰੂ-ਲਿਵ ਅਤੇ ਗੁਰੂ-ਅਮਲ ਨਾਲੋਂ ਦੁਰੇਡੇ ਹਟ ਕੇ ਆਪਣੇ ਚੌਗਿਰਦੇ ਕੇਵਲ ਸੂਖਸ਼ਮ ਖ਼ਿਆਲਾਂ ਦੀ ਚਾਰ ਦੀਵਾਰੀ ਉਸਾਰ ਲੈਂਦੇ ਹਨ। ਔਰ ਸੂਖਸ਼ਮਤਾ ਦੀ ਦੁਨੀਆ ਵਿਚ ਇਤਨੇ ਪ੍ਰਵੇਸ਼ ਕਰ ਜਾਂਦੇ ਹਨ ਕਿ ਰੱਬਾਨੀਅਤ ਦੇ ਦਰਗਾਹੀ ਫ਼ਿਆਜ਼ ਵਲੋਂ ਕੋਰੇ ਰਹਿ ਜਾਂਦੇ ਹਨ। ਜਿਥੋਂ ਪਹਿਲੀ ਤਾਜ਼ਗੀ ਦਾ ਦਰਵਾਜ਼ਾ ਬੰਦ ਹੋ ਜਾਂਦਾ ਹੈ, ਕੇਵਲ ਸੂਖਸ਼ਮਤਾ ਹੀ ਉਨ੍ਹਾਂ ਦੇ ਖ਼ਿਆਲਾਂ ਦੀ ਪਹਿਰੇਦਾਰ ਬਣ ਜਾਂਦੀ ਹੈ। ਔਰ ਸੂਖਸ਼ਮ ਖ਼ਿਆਲਾਂ ਦੇ ਵਾਤਾਵਰਣ ਵਿਚ ਗਿਆਨ ਨੂੰ ਆਪਣੇ ਹੀ ਵਧੇ ਹੋਏ ਤਰਕ-ਬਾਜ਼ੀ ਗਿਆਨ ਤੋਂ ਨਿਜਾਤ ਨਹੀਂ ਮਿਲਦੀ। ਪਰ ਜੇਕਰ ਸੂਖਸ਼ਮ ਖ਼ਿਆਲੀਏ ਆਕਲ ਵਿਚ ਗੁਰੂ-ਲਿਵ ਦਾ ਝਰਨਾ ਝਰਦਾ ਹੋਵੇ, ਹਿਰਦਾ ਗੁਰੂ-ਅਮਲ ਵਿਚ ਮਖ਼ਮੂਰ ਹੋਵੇ, ਤਦ ਇਕ ਸੂਖਸ਼ਮ ਖ਼ਿਆਲੀਆ ਆਪਣੇ ਰਚੇ ਹੋਏ ਖ਼ਿਆਲਾਂ ਦੀ ਜਾਲੀ ਵਿਚੋਂ ਮੁਕਤ ਹੋ ਸਕਦਾ ਹੈ। ਕਿਉਂਕਿ ਗੁਰੂ-ਲਿਵ ਨਾਲ ਜੁੜਿਆਂ ਆਮਲ ਹਿਰਦਾ ਕੁਰਾਹੇ ਪਈ ਸੂਖਸ਼ਮਤਾ ਨੂੰ ਗੁਰੂ-ਅਮਲ ਵਿਚ ਪਰੋ ਦਿੰਦਾ ਹੈ। ਉਕਤ ਦਰਸਾਏ ਖ਼ਿਆਲ ਨੂੰ ਹੋਰ ਵਧੇਰੇ ਸਮਝਣ ਲਈ ਅਲਾਮਾ ਇਕਬਾਲ ਦਾ ਕਲਾਮ ਕਾਫ਼ੀ ਸਹਾਇਕ ਹੋਵੇਗਾ:

ਹਰ ਖ਼ਾਕੀ ਵ ਨੂਰੀ ਪਹਿ ਹਕੂਮਤ ਹੈ ਖਿਰਦ (ਅਕਲ) ਕੀ,
ਬਾਹਿਰ ਨਹੀਂ ਕੁਛ ਅਕਲੇ ਖ਼ੁਦਾ ਦਾਦ ਕੀ ਜ਼ਦ ਸੇ।
ਆਲਮ ਹੈ ਗ਼ੁਲਾਮ ਇਸ ਕੇ ਜਲਾਲੇ-ਅਜ਼ਲ ਕਾ,
ਇਕ ਦਿਲ ਹੈ ਕਿ ਹਰ ਲਹਿਜ਼ਾ ਉਲਝਤਾ ਹੈ ਖਿਰਦ ਸੇ।

—ਇਕਬਾਲ, ਜ਼ਰਬੇ-ਕਲੀਮ

ਅਗਰ ਕੋਈ ਸੂਖਸ਼ਮ ਖ਼ਿਆਲੀਆ ਗੁਰੂ-ਲਿਵ ਨੂੰ ਤਿਆਗ ਕੇ ਅੰਨਯ-ਮਤੀ ਦਾਰਸ਼ਨਿਕਾਂ ਵਾਂਗੂ ਨਿਰੋਲ ਸੂਖਸ਼ਮ ਖ਼ਿਆਲੀਆ ਹੀ ਬਣਿਆ ਰਹੇ, ਤਦ ਸੂਖਸ਼ਮ ਉਡਾਨ ਆਪਣੇ ਬਣਾਏ ਹੋਏ ਤਖ਼ੱਯਲ ਦੇ ਪਿੰਜਰੇ ਵਿਚ ਆਪ ਹੀ ਕੈਦ ਹੋ ਜਾਂਦੀ ਹੈ। ਅਲਾਮਾ ਇਕਬਾਲ ਨੂੰ ਭੀ ਐਸੇ ਹੀ ਖ਼ਿਆਲਾਂ ਦੀ ਕੈਦ ਦਾ ਭੈ ਤੰਗ ਕਰ ਰਿਹਾ ਜਾਪਦਾ ਹੈ:

ਬਨਾਯਾ ਇਸ਼ਕ ਨੇ ਦਰਯਾਏ ਨਾ-ਪੈਦਾ ਕਿਰਾਂ ਮੁਝ ਕੋ,
ਯਹ ਮੇਰੀ ਖ਼ੁਦ ਨਿਗਹਦਾਰੀ ਮਿਰਾ ਸਾਹਿਲ ਨ ਬਨ ਜਾਏ।

—ਇਕਬਾਲ, ਬਾਲੇ-ਜਬਰੀਲ

ਜਦੋਂ ਖ਼ਿਆਲਾਂ ਦੀ ਦੁਨੀਆ ਵਹਦੀਅਤ ਨਾਲੋਂ ਟੁੱਟ ਕੇ ਕੇਵਲ ਸੂਖਸ਼ਮ ਤਖ਼ੱਯਲ ਦੇ ਕਫ਼ਸ (ਪਿੰਜਰੇ) ਵਿਚ ਸੁੰਘੜ ਕੇ ਬੈਠ ਜਾਵੇ, ਸਮਝੋ ਉਹ ਤੱਤ

ਵਸਤੂ ਪ੍ਰਦਾਨ ਕਰਨ ਵਾਲੇ ਪੈਗੰਬਰੀ ਰਹੱਸ ਤੋਂ ਬੇਗਾਨੀ ਹੋ ਕੇ ਬੁੱਤ-ਖ਼ਾਨੇ ਦੇ ਸੰਸਾਰੀ ਦਰਵਾਜ਼ੇ ਨੂੰ ਦਸਤਕ ਦਿੰਦੀ ਹੈ। ਫਿਰ ਇਨਸਾਨ ਦੀ ਸਮੁੱਚੀ ਚੇਤਨਾ ਇਕ ਐਸੇ ਮਾਰਗ 'ਤੇ ਅੰਨ੍ਹੇ ਵਾਹ ਟੁਰ ਪੈਂਦੀ ਹੈ, ਜਿਸ ਦੇ ਹਰ ਪਹਿਲੂ 'ਤੇ ਕੇਵਲ ਖ਼ਿਆਲਾਂ ਦੇ ਬੁੱਤਾਂ ਦੀ ਨਗਰੀ ਹੀ ਵੱਸੀ ਹੁੰਦੀ ਹੈ। ਬੁੱਤ-ਖ਼ਾਨਾ ਇਕ ਐਸੀ ਨਾ-ਮੁਰਾਦ ਵਸਤੂ ਹੈ ਜੋ ਕੌਮਾਂ ਦੀ ਪਹਿਲੀ ਤਾਜ਼ਗੀ ਅਤੇ ਉੱਚੀ ਸੁਰਤਿ ਦੇ ਜ਼ਵਾਲ ਦਾ ਬਾਇਸ ਬਣਦੀ ਹੈ।

ਉੱਚੀ ਸੁਰਤਿ ਦੇ ਇਲਾਹੀ ਇਲਹਾਮ ਤੋਂ ਬੇਮੁਖ ਹੋ ਕੇ ਸੰਸਾਰੀ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਅਰਦਾਸਾਂ ਕਰਵਾਉਣੀਆਂ ਜਾਂ ਆਪ ਕਰਨੀਆਂ, ਸਤਿਗੁਰੂ ਦੀ ਪੈਗੰਬਰੀ ਫ਼ਜ਼ੀਲਤ ਨੂੰ ਸੰਸਾਰੀ ਬੁੱਤ-ਖ਼ਾਨੇ ਵਿਚ ਬਦਲ ਦਿੰਦੀਆਂ ਹਨ। ਜਿਸ ਵੇਲੇ ਲਲਚਾਇਆ ਹੋਇਆ ਜੀਵ ਬੁੱਤ-ਪ੍ਰਸਤੀ ਦਾ ਆਦੀ ਬਣ ਜਾਵੇ, ਤਦ ਉਹ ਆਪੇ ਤੋਂ ਨਾ-ਆਸ਼ਨਾ ਹੋ ਜਾਂਦਾ ਹੈ, ਆਪੇ ਦੀ ਪਹਿਚਾਣ ਤੋਂ ਨਾ-ਆਸ਼ਨਾਈ, ਭਰਮ ਅਥਵਾ ਵਹਿਮ ਦਾ ਮੂਲ ਹੈ। ਵਹਿਮ ਇਕ ਐਸੀ ਨਾ-ਮਾਕੂਲ ਖ਼ਰਾਬੀ ਹੈ, ਜੋ ਇਨਸਾਨ ਦੇ ਆਪੇ ਨੂੰ ਆਪੇ ਤੋਂ ਵੱਖਰਾ ਰੱਖਦੀ ਹੈ। ਇਸ ਭਰਮ ਤੋਂ ਭੈ-ਭੀਤ ਹੋਇਆ ਇਨਸਾਨ ਜਾਦੂ-ਟੂਣਿਆਂ ਦਾ ਸ਼ਾਗਿਰਦ ਬਣਦਾ ਹੈ। ਗੁਰੂ-ਲਿਵ ਤੋਂ ਵਾਂਝਾ ਇਨਸਾਨ ਸੰਸਾਰੀ ਪਦਾਰਥਾਂ ਦੀ ਪ੍ਰਾਪਤੀ ਲਈ ਬੁੱਤ-ਖ਼ਾਨੇ ਵਲ ਮੂੰਹ ਫੇਰ ਲੈਂਦਾ ਹੈ, ਬੁੱਤਾਂ ਦਾ ਪੁਜਾਰੀ ਬਣਦਾ ਹੈ, ਆਪਣਾ ਮੂਲ ਨਾ ਪਛਾਣਨ ਕਰਕੇ ਭਰਮ ਵਹਿਮ ਦੇ ਬੁੱਤਾਂ ਦਾ ਸ਼ਰਧਾਲੂ ਹੋ ਨਿਬੜਦਾ ਹੈ। ਬੱਸ ਇਥੋਂ ਹੀ ਇਕ ਭਲਾ ਇਨਸਾਨ ਰੱਬੀ ਰਹਿਮਤ ਦੇ ਮੈਖ਼ਾਨੇ ਤੋਂ ਮਹਿਰੂਮ ਹੋ ਜਾਂਦਾ ਹੈ। ਦੇਵੀ ਦੇਵਤਿਆਂ ਦੇ ਬੁੱਤ ਬਣਾ ਕੇ ਬੁੱਤ-ਖ਼ਾਨੇ ਦਾ ਬੰਦੀ ਹੋ ਨਿਬੜਦਾ ਹੈ, ਔਰ ਭਰਮ ਦੇ ਬੁੱਤ ਇਸ ਨੂੰ ਭੈ-ਭੀਤ ਕਰਦੇ ਹਨ, ਉਸ ਨਾ-ਪਾਇਦਾਰ (ਫੱਕੜ) ਭੈ ਤੋਂ ਖ਼ਲਾਸੀ ਪਾਉਣ ਲਈ ਯੱਗ, ਵਰਤ, ਨੇਮ, ਸੁੱਚ, ਸੰਜਮ, ਟੂਣੇ-ਟਾਮਣ, ਜੰਤਰ ਮੰਤਰ ਤੰਤਰ ਦੇ ਕਰਮ ਕਾਂਡੀ ਬੁੱਤ-ਖ਼ਾਨਾ ਤਾਮੀਰ ਕਰ ਕੇ ਮਨ ਦਾ ਝੂਠਾ ਪਰਚਾਵਾ ਢੂੰਡਦਾ ਹੈ। ਬੁੱਤਾਂ ਦੀ ਪੂਜਾ ਅੰਧ-ਵਿਸ਼ਵਾਸੀ ਹੈ, ਮਲੀਣਤਾ ਹੈ, ਅੰਨ੍ਹੇ ਆਗੂਆਂ ਦੀਆਂ ਅਸ਼ਲੀਲ ਅਤੇ ਬੇ-ਢੱਬੀਆਂ ਜਾਹਲ-ਸਾਜ਼ੀਆਂ ਹਨ, ਤਦੇ ਹਜ਼ੂਰ ਨੇ ਦੁਨੀਆ ਦੇ ਇਨਸਾਨ ਨੂੰ ਚੇਤਾਵਨੀ ਦਿੱਤੀ ਹੈ:

ਅੰਧੇ ਗੁਰੂ ਤੇ ਭਰਮੁ ਨ ਜਾਈ॥
ਮੂਲੁ ਛੋਡਿ ਲਾਗੇ ਦੂਜੈ ਭਾਈ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ॥੩॥

—ਗਉੜੀ ਮ: ੩, ਪੰਨਾ ੨੩੨-੧

ਨਤੀਜਾ ਇਹ ਨਿਕਲਿਆ ਕਿ ਜਦੋਂ ਕੋਈ ਇਨਸਾਨ ਸੂਖ਼ਸ਼ਮ ਖ਼ਿਆਲਾਂ ਦੀ ਵਰਤੋਂ ਇਲਾਹੀ ਫ਼ਜ਼ਲ ਤੋਂ ਬਿਨਾਂ ਕਰਦਾ ਹੈ, ਜੋ ਕਿ ਗੁਰੂ-ਲਿਵ ਵਿਚੋਂ ਨਮੂਦਾਰ ਹੁੰਦੀ ਹੈ, ਉਹ ਗੁਰੂ-ਅਮਲ ਤੋਂ ਬੇ-ਮੁਖ ਹੋ ਜਾਂਦਾ ਹੈ ਔਰ ਫਿਰ ਉਹ ਇਕ ਭਰਮ ਨੂੰ, ਕਿਸੇ ਮਸਨੂਈ ਵਹਿਮ ਨੂੰ, ਦੁਨਿਆਵੀ ਪਦਾਰਥਾਂ ਦੀ ਲਾਲਸਾ ਲਈ ਪੇਸ਼ ਕਰਦਾ ਹੈ, ਜਿਸ ਦਾ ਤੁਫ਼ੈਲ ਪਹਿਲੀ ਤਾਜ਼ਗੀ ਨਿਵਾਣ ਵਲ ਮੋੜਾ ਘੱਤ ਲੈਂਦੀ ਹੈ, ਇਨਸਾਨੀ ਜ਼ਵਾਲ ਦੀ ਗਤੀ ਇਤਨੀ ਗਿਰਾਵਟ ਵਿਚ ਆ ਜਾਂਦੀ ਹੈ ਕਿ ਇਕ ਨਾਪਾਕ ਬੁੱਤ-ਖ਼ਾਨਾ ਬਣ ਕੇ ਰਹਿ ਜਾਂਦੀ ਹੈ।

ਰੱਬੀ ਰਹੱਸ ਨਾਲੋਂ ਖੁੰਝਿਆ ਇਨਸਾਨ ਸਿਦਕ-ਹੀਣ ਹੋ ਜਾਂਦਾ ਹੈ ਔਰ ਸਿਦਕ ਪਹਿਲੀ ਤਾਜ਼ਗੀ ਦਾ ਇਕ ਬੁਨਿਆਦੀ ਸਤੂਨ ਹੈ, ਜੇ ਸਿਦਕ ਪ੍ਰਬਲ ਰਹੇ, ਤਦ ਖੇਰੂੰ ਖੇਰੂੰ ਹੋਈਆਂ ਕੌਮਾਂ ਦੁਬਾਰਾ ਪਹਿਲੀ ਪ੍ਰਫੁੱਲਤਾ ਵਿਚ ਵਿਚਰਦੀਆਂ ਨਜ਼ਰੀਂ ਪੈਣਗੀਆਂ। ਸਿਦਕ ਦੇ ਆਸਰੇ ਹੀ ਰੱਬੀ ਸਲਤਨਤਾਂ ਵਜੂਦ ਵਿਚ ਆਉਂਦੀਆਂ ਹਨ।

ਭਾਵੇਂ ਸਮੂਹ ਮਿੱਲਤ (ਪੰਥ) ਵਿਚ ਬੇ-ਸਿਦਕੀ ਦਾ ਇਕ ਭੀ ਜ਼ੱਰਾ ਕਿਉਂ ਨਾ ਹੋਵੇ, ਔਰ ਕਿਤਨੀ ਮਾਤਰਾ ਵਿਚ ਹੋਵੇ, ਕਦੋਂ ਹੋਵੇ ਤੇ ਕਿਥੇ ਹੋਵੇ, ਪਰੰਤੂ ਇਸ ਨਿਸ਼ੇਧ-ਅਣੂ ਦਾ ਪ੍ਰਭਾਵ ਸਾਰੀ ਮਿੱਲਤ 'ਤੇ ਅਸਰ ਪਾਉਂਦਾ ਹੈ। ਦੂਜੇ ਪਾਸੇ ਗੁਰੂ ਦੇ ਪੈਗੰਬਰੀ ਰਹੱਸ ਦੇ ਕਰਮੋ-ਫ਼ਜ਼ਲ ਦੇ ਛਿਣ ਵਿਚ ਕਿਤਨੀ ਦੇਰੀ ਅਤੇ ਦੂਰੀ ਕਿਉਂ ਨਾ ਹੋਵੇ, ਮਗਰ ਇਸ ਨੂਰਾਨੀ ਰਹਿਮਤ ਦੇ ਅਮਲ ਨਾਲ ਭੀ ਸਾਰੀ ਕੌਮ ਦਾ ਵਾਸਤਾ ਹੁੰਦਾ ਹੈ। ਪਰ ਜੇ ਕਿਤੇ ਸਿਦਕ ਵਿਚ ਖ਼ਾਮੀ ਆ ਜਾਵੇ, ਤਦ ਪਹਿਲੀ ਤਾਜ਼ਗੀ ਦਾ ਅੰਤ ਹੋ ਜਾਂਦਾ ਹੈ, ਪਹਿਲੀ ਪ੍ਰਫੁੱਲਤਾ ਦੇ ਖ਼ਤਮ ਹੁੰਦਿਆਂ ਹੀ ਪ੍ਰਾਪਤ ਹੋਈਆਂ ਸਲਤਨਤਾਂ ਦੇ ਸ਼ੀਰਾਜ਼ੇ ਖੇਰੂੰ ਖੇਰੂੰ ਹੋ ਕੇ ਢਹਿ ਢੇਰੀ ਹੋ ਜਾਂਦੇ ਹਨ।

ਜੋ ਕਾਲ ਛਿਨ ਛਿਨ ਦੇ ਰੂਪ ਵਿਚ ਬੀਤਦਾ ਹੈ, ਭਾਵੇਂ ਉਹ ਬੇ-ਸਿਦਕੀ ਦੀ ਅਸ਼ਲੀਲ ਗਤੀ ਵਿਚ ਹੋਵੇ, ਭਾਵੇਂ ਗੁਰੂ-ਲਿਵ ਦੀ ਸਿਦਕਵਾਨ ਨੂਰਾਨੀ ਫ਼ਿਜ਼ਾ ਵਿਚ ਹੋਵੇ, ਮਿੱਲਤ ਨੂੰ ਹਰ ਹਾਲਤ ਵਿਚ ਦੋਹਾਂ ਅਮਲਾਂ ਦੇ ਸਾਂਝੇ ਮਾਹੌਲ ਦਾ ਲੇਖਾ ਜੋਖਾ ਲਾਜ਼ਮੀ ਹੀ ਭਰਨਾ ਪੈਣਾ ਹੈ, ਕਿਉਂਕਿ ਅੰਤ ਦੇ ਸਮੇਂ ਇਲਹਾਮੀ ਦਰਗਾਹ ਵਿਚ ਸਾਰੀ ਕਾਇਨਾਤ ਦਾ ਹਰ ਜ਼ੱਰਾ ਜ਼ੱਰਾ ਆਪਣਾ ਆਪਣਾ ਨੇਕੋ-ਬਦ (ਚੰਗਾ-ਮੰਦਾ) ਸ਼ਜਰਾ ਫੜ ਕੇ ਹਿਸਾਬ ਚੁਕਾਵੇਗਾ। ਸਿਦਕੀ ਸਿੱਖ ਗੁਰੂ-ਲਿਵ ਦੇ ਆਸਰੇ ਪਹਿਲੀ ਤਾਜ਼ਗੀ ਅਤੇ ਉੱਚੀ ਸੁਰਤਿ ਦਾ ਪਰਚਮ ਝੁਲਾਂਦੇ ਹੋਏ ਇਕ ਨੂਰ ਵਿਚ ਅਭੇਦ ਹੋ ਜਾਣਗੇ। ਦੂਜੇ ਪਾਸੇ ਬੇ-ਸਿਦਕੇ, ਗੁਰੂ-ਲਿਵ ਤੋਂ ਵਿਹੂਣੇ, ਪਹਿਲੀ ਹਰਿਆਵਲ ਤੋਂ ਸੱਖਣੇ, ਉੱਚੀ ਸੁਰਤਿ ਤੋਂ ਵਾਂਝੇ ਰਸਾਤਲ ਦੀ ਅਸ਼ਲੀਲਤਾ ਵਿਚ ਗ਼ਰਕ ਹੋਣਗੇ।

ਦੁਨੀਆ ਦੀਆਂ ਸਲਤਨਤਾਂ ਸਿਦਕ ਦੇ ਆਸਰੇ ਵਜੂਦ ਵਿਚ ਆਉਂਦੀਆਂ ਹਨ, ਵਧਦੀਆਂ ਫੁਲਦੀਆਂ ਫਲਦੀਆਂ ਹਨ, ਦੀਰਘ ਕਾਲ ਲਈ ਕਾਇਮ ਦਾਇਮ ਰਹਿੰਦੀਆਂ ਹਨ, ਪਰ ਸਿਦਕ ਵਿਚ ਖੀਣਤਾ ਆ ਜਾਵੇ, ਤਦ ਸਲਤਨਤਾਂ ਦੇ ਨਿਜ਼ਾਮ ਖੀਣ ਹੋ ਜਾਂਦੇ ਹਨ। ਇਸ ਦੀ ਮਿਸਾਲ ਨਿਮਨ-ਲਿਖਤ ਵਾਰਤਾ ਤੋਂ ਹੋਰ ਵਧੇਰੇ ਇਨਸਾਨੀ ਸਮਝ ਦਾ ਵਿਸ਼ਾ ਬਣ ਜਾਂਦੀ ਹੈ।

ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਰਾਇ ਕੱਲੇ (ਰਾਇ ਕੋਟ) ਤੋਂ ਵਿਦਾਅ ਹੋ ਕੇ ਦੀਨੇ ਕਾਂਗੜ ਆਣ ਬਿਰਾਜੇ। ਹਜ਼ੂਰ ਨੇ ਆਪਣੇ ਰਹਿਣ ਲਈ ਦੇਸੂ ਨਾਂ ਦੇ ਇਕ ਗੁਰ-ਸਿੱਖ ਦਾ ਕੱਚਾ ਚੁਬਾਰਾ ਪਸੰਦ ਕੀਤਾ। ਸਤਿਗੁਰੂ ਜੀ ਦੇ ਆਵਣ ਦੀ ਕਨਸੋ ਸੁਣ ਕੇ ਦੂਰੋਂ ਨੇੜਿਓਂ ਮਾਲਵੇ ਦੇ ਸਿੱਖ ਦੀਦਾਰ ਦੀ ਅਭਿਲਾਸ਼ਾ ਪੂਰੀ ਕਰਨ ਲਈ ਆਉਣ ਲੱਗੇ। ਸਤਿਗੁਰੂ ਜੀ ਦੀ ਸੇਵਾ ਵਿਚ ਹਥਿਆਰ, ਘੋੜੇ, ਪੁਸ਼ਾਕੇ ਅਤੇ ਲੰਗਰ ਲਈ ਬਹੁਤਾਤ ਸੰਖਿਆ ਵਿਚ ਅਨਾਜ ਭੀ ਆਉਣਾ ਆਰੰਭ ਹੋ ਗਿਆ। ਲੰਗਰ ਦੀ ਪਰੰਪਰਾ ਦੁਬਾਰਾ ਸ਼ੁਰੂ ਹੋ ਗਈ, ਅੰਮ੍ਰਿਤ ਪ੍ਰਚਾਰ ਦੇ ਸੰਸਕਾਰ ਭੀ ਹੋਣ ਲੱਗੇ। ਇਲਾਕੇ ਦੇ ਲੋਕਾਂ ਵਿਚ ਗੁਰ-ਸਿੱਖੀ ਦੇ ਸਿਦਕੀ ਬੀਜ ਪੁੰਗਰਨੇ ਆਰੰਭ ਹੋ ਗਏ। ਸਿਦਕ ਦੀ ਸਾਦਗੀ ਵਿਚ ਸਿੱਖੀ ਆਭਾ ਚਮਕ ਉੱਠੀ। ਪਿੰਡਾਂ ਦੀਆਂ ਸੱਥਾਂ ਵਿਚ, ਚਰਾਗਾਹਾਂ ਦੇ ਬੇਲਿਆਂ ਵਿਚ ਕਲਗੀਧਰ ਪਿਤਾ ਜੀ ਦੇ ਗੀਤ ਤੇ ਵਾਰਤਾਵਾਂ ਸੁਣੀਆਂ ਸੁਣਾਈਆਂ ਜਾਣ ਲਗੀਆਂ, ਪਰ ਇਸ ਇਲਾਕੇ ਵਿਚ ਨਿਗੁਰੇ ਲੋਕਾਂ ਦੀ ਬਹੁਤਾਤ ਸੀ, ਜੋ ਹੁਣ ਤਕ ਗੁਰੂ ਵਾਲੇ ਨਹੀਂ ਬਣ ਸਕੇ।

ਸਤਿਗੁਰੂ ਜੀ ਦੀ ਮੁਬਾਰਕ ਆਮਦ ਸੁਣ ਕੇ ਭਾਈ ਰੂਪੇ ਦੀ ਸੰਤਾਨ ਵਿਚੋਂ ਭਾਈ ਧਰਮ ਸਿੰਘ ਅਤੇ ਭਾਈ ਪਰਮ ਸਿੰਘ ਇਲਾਕੇ ਦੇ ਬਹੁਤ ਸਾਰੇ ਸਤਿਸੰਗੀਆਂ ਨੂੰ ਨਾਲ ਲੈ ਕੇ ਢੋਲਕੀਆਂ ਛੈਣਿਆਂ ਦੇ ਨਾਲ ਜੋਟੀਆਂ ਦੇ ਸ਼ਬਦ ਪੜ੍ਹਦੇ ਹੋਏ ਇਲਾਹੀ ਨੂਰ ਦੀ ਦਰਗਾਹੀ-ਜ਼ੀਨਤ ਵਿਚ ਆਣ ਪੁੱਜੇ। ਭਾਈ ਧਰਮ ਸਿੰਘ ਅਤੇ ਭਾਈ ਪਰਮ ਸਿੰਘ ਸਤਿਗੁਰੂ ਦੇ ਪਹਿਨਣ ਲਈ ਇਕ ਚਿੱਟਾ ਪੁਸ਼ਾਕਾ ਲੈ ਕੇ ਆਏ। ਪੁਸ਼ਾਕਾ ਸਤਿਗੁਰੂ ਜੀ ਦੀ ਭੇਟਾ ਕੀਤਾ ਗਿਆ। ਉਸ ਪੁਸ਼ਾਕੇ ਵਿਚ ਸਿਦਕ ਦੀ ਝਲਕ ਆਪਣੀ ਆਭਾ ਦੇ ਰਹੀ ਸੀ, ਔਰ ਆਤਮਕ ਹੁਸਨ ਦੀ ਵੰਨ-ਸੁਵੰਨਤਾ ਜ਼ਾਹਿਰ ਕਰ ਰਹੀ ਸੀ। ਉਸ ਵੇਲੇ ਚੌਧਰੀ ਸ਼ਮੀਰ ਭੀ ਲਾਗੇ ਹੀ ਬੈਠਾ ਸੀ, ਸਤਿਗੁਰੂ ਜੀ ਤੁਠੇ, ਫ਼ਜ਼ੀਲਤ ਭਰੀਆਂ ਮੁਬਾਰਕ ਅੱਖੀਆਂ ਨਾਲ ਸ਼ਮੀਰ ਵਲ ਤੱਕਿਆ, ਫ਼ੁਰਮਾਨ ਕੀਤਾ, "ਐ ਸ਼ਮੀਰ! ਇਹ ਚਿੱਟਾ ਪੁਸ਼ਾਕਾ ਪਹਿਨ ਲੈ, ਔਰ ਘੋੜੇ 'ਤੇ ਸਵਾਰ ਹੋ ਜਾ। ਇਸ ਮਾਲਵੇ ਦੇ ਇਲਾਕੇ ਵਿਚ ਜਿਤਨਾ ਭੀ ਵੱਡੇ ਤੋਂ ਵੱਡਾ ਚੱਕਰ ਤੈਥੋਂ ਲੱਗਦਾ ਹੈ, ਲਗਾਓ। ਜਿਥੇ ਤਕ ਚੱਕਰ ਲਗਾਉਗੇ, ਉਥੇ ਤਕ ਤੁਹਾਡੀ ਬਾਦਸ਼ਾਹੀ

ਦੀ ਸੀਮਾ ਹੋਵੇਗੀ।" ਸ਼ਮੀਰ ਸਿਦਕਵਾਨ ਸੀ, ਪਰ ਹਾਲੇ ਤਕ ਸਿਦਕ ਕੁਠਾਲੀ ਵਿਚ ਪੈ ਕੇ ਅਜ਼ਮਾਇਸ਼ੀ ਤਨਜ਼ੀਮ ਵਿਚੋਂ ਨਹੀਂ ਸੀ ਲੰਘਿਆ। ਸ਼ਮੀਰ ਚਿੱਟਾ ਪੁਸ਼ਾਕਾ ਪਹਿਨ ਕੇ ਕਿਸੇ ਅਭਵੀ ਗਤੀ ਵਿਚ ਆਪਣੇ ਘਰ ਆਇਆ। ਹਵੇਲੀ ਵਿਚ ਉਸ ਦਾ ਮਾਮਾ ਬੈਠਾ ਸੀ, ਜੋ ਸੁਲਤਾਨੀਆ ਸੀ, ਸਖੀ ਸਰਵਰ ਦਾ ਵੱਡਾ ਉਪਾਸ਼ਕ ਸੀ। ਸ਼ਮੀਰ ਨੇ ਸਾਰੀ ਦਾਸਤਾਂ ਕਹਿ ਸੁਣਾਈ। ਮਾਮੇ ਲੱਖੂ ਨੇ ਸ਼ਮੀਰ ਨੂੰ ਘੋੜਾ ਫੇਰਨ ਤੋਂ ਰੋਕਿਆ, ਕਹਿਣ ਲੱਗਾ, "ਐਸੇ ਗੁਰੂ ਦੇ ਆਖੇ ਨਹੀਂ ਲੱਗੀਦਾ।" ਲੱਖੂ ਨੇ ਸਤਿਗੁਰੂ ਜੀ ਦੇ ਇਲਾਹੀ ਵਾਕ ਦੀ ਬੜੀ ਨਿਰਾਦਰੀ ਕੀਤੀ। ਉੱਚੀ ਉੱਚੀ ਹੱਸ ਕੇ ਉਸ ਗੰਵਾਰ ਨੇ ਸਤਿਗੁਰੂ ਜੀ ਦੇ ਦਰਗਾਹੀ ਫ਼ੁਰਮਾਨ ਦਾ ਤ੍ਰਿਸਕਾਰ ਕੀਤਾ। ਆਖਿਓ ਨੇ, "ਜੇ ਘੋੜਾ ਫੇਰਿਆਂ ਪਾਤਿਸ਼ਾਹੀਆਂ ਮਿਲਣ, ਤਦ ਜਣਾ ਖਣਾ ਰਾਜਾ ਨਾ ਬਣ ਬੈਠੇ। ਐ ਸ਼ਮੀਰ! ਘੋੜਾ ਨਾ ਫੇਰ, ਤੇਰੀ ਮੱਤ ਮਾਰੀ ਗਈ ਹੈ। ਜੇ ਗੁਰੂ ਇਤਨਾ ਹੀ ਕਰਾਮਾਤੀ ਹੁੰਦਾ ਤਦ ਆਪਹੁੰ ਅਨੰਦਪੁਰ ਕਿਉਂ ਛੱਡਦਾ। ਉਹ ਆਪਹੁੰ ਸਭ ਕੁਝ ਗੁਆ ਕੇ ਮਾਰਿਆ ਮਾਰਿਆ ਫਿਰਦਾ ਹੈ, ਤੈਨੂੰ ਰਾਜ ਗੱਦੀਆਂ ਕਿਵੇਂ ਦੇ ਸਕਦਾ ਹੈ?"

ਲੱਖੂ ਮਾਮੇ ਦੀਆਂ ਗੰਵਾਰਪੁਣੇ ਵਾਲੀਆਂ ਅਸ਼ਰਧਕ ਗੱਲਾਂ ਸੁਣ ਕੇ ਸ਼ਮੀਰ ਦਾ ਦਿਲ ਡੋਲ ਗਿਆ, ਸਿਦਕ ਦੀ ਜ਼ੀਨਤ ਤੋਂ ਥੱਲੇ ਆਣ ਡਿੱਗਾ। ਪਰ ਫਿਰ ਭੀ ਆਪਣੇ ਪਿੰਡ ਦੇ ਉਦਾਲੇ ਘੋੜੇ 'ਤੇ ਸਵਾਰ ਹੋ ਕੇ ਇਕ ਛੋਟੇ ਘੇਰੇ ਦਾ ਗੇੜਾ ਲਾ ਹੀ ਦਿੱਤਾ। ਮੁਰਝਾਏ ਹੋਏ ਸਿਦਕ ਨਾਲ ਘੋੜੇ ਦਾ ਚੱਕਰ ਕੱਟ ਕੇ ਸ਼ਮੀਰ ਸ਼ਾਮ ਦੇ ਦੀਵਾਨ ਵਿਚ ਸ਼ਰਮਾਂਦਾ ਸ਼ਰਮਾਂਦਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਇਆ। ਤਦ ਅੰਤਰਯਾਮੀ ਪੈਗ਼ੰਬਰਾਂ ਦੇ ਸਿਰਤਾਜ ਨੇ ਬਚਨ ਉਚਾਰਿਆ, "ਐ ਸਿੱਖਾ! ਤੇਰਾ ਸਿਦਕ ਕੱਚਾ ਹੈ, ਕੱਚੇ ਸਿਦਕ ਨੂੰ ਬਾਦਸ਼ਾਹੀਆਂ ਦੀ ਪ੍ਰਾਪਤੀ ਨਾ-ਮੁਮਕਿਨ ਹੈ, ਅਸੰਭਵ ਹੈ।"

ਕੌਮਾਂ ਦੀ ਉੱਚੀ ਸੁਰਤਿ, ਅਥਾਹ ਆਸਮਾਨੀ ਮੰਡਲਾਂ ਦੀ ਧਾਰਨੀ ਹੋ ਸਕਦੀ ਹੈ ਔਰ ਪਹਿਲੀ ਤਾਜ਼ਗੀ ਦੀ ਹਰਿਆਵਲ, ਥਾਂ, ਕਾਲ ਅਤੇ ਵਿੱਥ ਦੀ ਮੁਹਤਾਜੀ ਤੋਂ ਬੇਲਾਗ ਹੋ ਕੇ ਹਮੇਸ਼ਾ ਕਾਇਮ ਰਹਿ ਸਕਦੀ ਹੈ, ਪਰ ਜੇਕਰ ਜੀਵਨ ਦਾ ਵਾਤਾਵਰਣ ਇਲਹਾਮੀ ਅਕੀਦੇ ਦੇ ਅਨੁਸਾਰ ਹੋਵੇ, ਸੱਚ ਦੇ ਸੁਹਜ ਵਿਚ ਜੁੜੀਆਂ ਹੋਈਆਂ ਜੀਵਨੀਆਂ ਦੀ ਸੰਗਤਿ ਹੋਵੇ। ਸ਼ਮੀਰ ਦੇ ਸਿਦਕ ਵਿਚ ਕਾਂਪ ਉਸ ਵੇਲੇ ਆਈ, ਜਦੋਂ ਉਸ ਦੀ ਸੰਗਤ ਇਕ ਸਰਵਰੀਏ, ਸੁਲਤਾਨੀਏ, ਲੱਖੂ ਗੰਵਾਰ ਨਾਲ ਹੋ ਗਈ। ਖਸਮ ਦੀ ਪਾਕ ਦਰਗਾਹ ਵਿਚ ਐਸੇ ਅਕੀਦਤ ਪਸੰਦ ਇਨਸਾਨ ਹੀ ਰਸਾਈ ਕਰ ਸਕਦੇ ਹਨ, ਜਿਨ੍ਹਾਂ ਦਾ ਅਕੀਦਾ ਕਦੇ ਭੀ ਆਪਣੇ ਸਿਦਕ ਤੋਂ ਲਾਂਭੇ ਨਹੀਂ ਹਟਦਾ। ਜਿਨ੍ਹਾਂ ਦੁਨਿਆਵੀ ਪੈਂਡੇ ਤੈਅ ਕਰਦਿਆਂ ਕਿਸੇ ਕਿਸਮ ਦੀ ਆਂਚ ਜਾਂ ਕਾਂਪ ਨਾ ਖਾਧੀ ਹੋਵੇ।

ਕਬੀਰ ਜੀ ਇਸ ਖ਼ਿਆਲ ਦੀ ਪ੍ਰੋੜ੍ਹਤਾ ਨਿਮਨ-ਲਿਖਤ ਦੇ ਅਨੁਸਾਰ ਕਰਦੇ ਹਨ :

ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ॥
ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ॥੧੩੪॥

—ਕਬੀਰ ਜੀ, ਪੰਨਾ ੧੩੭੧-੭੨

ਸਤਿਗੁਰੂ ਨਾਨਕ ਦੇਵ ਜੀ ਦੀ ਦਰਸਾਈ ਹੋਈ ਮੰਜ਼ਲ, ਉਨ੍ਹਾਂ ਦਾ ਉਲੀਕਿਆ ਹੋਇਆ ਇਲਹਾਮੀ ਮਾਰਗ, ਨਿਰਣੇ ਕੀਤੀ ਹੋਈ ਜੀਵਨ ਜਾਚ (ਸਿਖੀ) ਸ਼ਰਧਾ 'ਤੇ ਖੜੀ ਹੈ। ਸਿਦਕ ਦੇ ਆਸਰੇ ਪ੍ਰਫੁੱਲਤ ਹੁੰਦੀ ਹੈ, ਸਬਰ ਸੰਤੋਖ ਦੀ ਧਾਰਨੀ ਹੋ ਕੇ ਗੁਰੂ ਵਲੋਂ ਆਉਣ ਵਾਲੀਆਂ ਰਹਿਮਤਾਂ ਦੀ ਇੰਤਜ਼ਾਰ ਕਰਦੀ ਹੈ। ਜੋ ਭੀ ਇਲਾਹੀ ਨਦਰਿ ਕਰਮ ਦਾ ਛਿਣ (ਕਿਣਕਾ) ਪੈਗੰਬਰ ਵਲੋਂ ਮਿਲ ਜਾਵੇ, ਸਿਖੀ ਉਸ ਇਲਾਹੀ ਬਖ਼ਸ਼ਿਸ਼ ਦਾ ਸ਼ੁਕਰਾਨਾ ਕਰਦੀ ਹੈ, ਔਰ ਮੁਕਤੀ ਦਾ ਤਖ਼ੱਯਲ ਭੀ ਗੁਰੂ ਦੇ ਭਾਣੇ ਵਿਚ ਹੀ ਸਵੀਕਾਰ ਕਰਦੀ ਹੈ। 'ਬੰਦਿ ਖਲਾਸੀ ਭਾਣੈ ਹੋਇ' ਦੇ ਰੱਬੀ ਹੁਸਨ ਨੂੰ ਸਿਰਮੌਰ ਕਰ ਕੇ ਤਸਲੀਮ ਕੀਤਾ ਗਿਆ ਹੈ। ਭਾਵ ਸਿੱਖੀ ਦੇ ਬੁਨਿਆਦੀ ਥੰਮ੍ਹ ਕੇਵਲ ਨਾਮ ਦੇ ਸਹਾਇਕ ਲੱਛਣ, ਸ਼ਰਧਾ, ਸਿਦਕ, ਸਬਰ, ਸੰਤੋਖ, ਸ਼ੁਕਰ, ਰਜ਼ਾ, ਭਾਣਾ, ਬਖ਼ਸ਼ਿਸ਼, ਰਹਿਮਤ ਅਤੇ ਨਦਰਿ ਕਰਮ ਹਨ।

ਸਿੱਖੀ ਦੇ ਜੀਵਨ ਪੰਧ ਹਮੇਸ਼ਾ ਹੀ ਗੁਰੂ-ਲਿਵ ਅਤੇ ਗੁਰ-ਇਕਰਾਰ ਨਾਲ ਸੰਯੁਕਤ ਹਨ। ਜਿਥੋਂ ਸਿੱਖੀ ਦੀ ਪਹਿਲੀ ਤਾਜ਼ਗੀ ਅਤੇ ਉੱਚੀ ਸੁਰਤਿ ਕਾਇਮ ਰਹਿੰਦੀਆਂ ਹਨ। ਉਕਤ ਦਰਸਾਏ ਲੱਛਣਾਂ ਦੀ ਪ੍ਰਾਪਤੀ ਲਈ ਸੱਚ ਦੀ ਸੁੰਦਰਤਾ ਵਿਚ ਜੁੜੀਆਂ ਹੋਈਆਂ ਜੀਵਨੀਆਂ ਦੀ ਸੰਗਤ ਅਤਿਅੰਤ ਹੀ ਲਾਜ਼ਮੀ ਹੈ। ਮੰਦੇ ਗੰਵਾਰਾਂ ਦੀ ਸੰਗਤਿ ਇਨਸਾਨ ਨੂੰ ਆਪਣੀ ਮੰਜ਼ਲ ਤੋਂ ਲਾਂਭੇ ਹਟਾ ਦਿੰਦੀ ਹੈ। ਜਿਵੇਂ ਚੌਧਰੀ ਸ਼ਮੀਰ ਦੇ ਸਿਦਕ ਨੂੰ ਲੱਖੂ ਗੰਵਾਰ ਅਤੇ ਬੇ-ਦੀਨੇ ਦੀ ਮੰਦੀ ਸੰਗਤਿ ਨੇ ਮੰਜ਼ਲ ਤੋਂ ਦੁਰੇਡੇ ਕਰ ਦਿੱਤਾ। ਭਾਵ ਮੰਦੀ-ਚੰਗੀ ਸੰਗਤਿ ਦਾ ਪ੍ਰਭਾਵ ਇਕ ਸਾਦਾ ਇਨਸਾਨ 'ਤੇ ਲਾਜ਼ਮੀ ਹੀ ਵਿਆਪਕ ਹੁੰਦਾ ਹੈ। ਭਾਈ ਗੁਰਦਾਸ ਜੀ ਮੰਦੀ-ਚੰਗੀ ਸੰਗਤਿ ਦੇ ਪ੍ਰਭਾਵ ਪ੍ਰਤੀ ਨਿਮਨ-ਲਿਖਤ ਵਾਕਾਂ ਦੁਆਰਾ ਸੰਬੋਧਨ ਕਰਦੇ ਹਨ। ਪਹਿਲਾ ਪ੍ਰਮਾਣ ਭਲੇ ਪੁਰਸ਼ਾਂ ਦੀ ਸੰਗਤਿ ਪ੍ਰਥਾਇ ਹੈ, ਜੋ ਉੱਚੀ ਸੁਰਤਿ ਦਾ ਬਾਨ੍ਹਣੂ ਬੰਨ੍ਹਦਾ ਹੈ:

ਚੰਦਨ ਸੁਗੰਧ ਸਨਬੰਧ ਕੈ ਬਨਾਸਪਤੀ
ਢਾਕ ਅਉ ਪਲਾਸ ਜੈਸੇ ਚੰਦਨ ਸੁਬਾਸ ਹੈ॥
ਸਾਧੁ ਸੰਗਿ ਮਿਲਤ ਸੰਸਾਰੀ ਨਿਰੰਕਾਰੀ ਹੋਤ,
ਗੁਰਮਤਿ ਪਰਉਪਕਾਰ ਕੈ ਨਿਵਾਸ ਹੈ॥੧੨੯॥

—ਕਬਿੱਤ ਭਾਈ ਗੁਰਦਾਸ ਜੀ

ਭਾਈ ਸਾਹਿਬ ਜੀ ਨੇ ਅਤਿਅੰਤ ਹੀ ਸੁਹਜਮਈ ਢੰਗ ਰਾਹੀਂ ਪ੍ਰਮਾਣ ਦੇ ਕੇ ਸਮਝਾਇਆ ਹੈ ਕਿ ਜੇ ਦੁੱਧ ਵਿਚ ਰਤੀ ਭਰ ਜਾਮਨ (ਜਾਗ) ਦੀ ਵਰਤੋਂ ਕਰ ਲਈਏ ਤਦ ਦੁੱਧ ਤੋਂ ਦਹੀਂ ਅਤੇ ਮੱਖਣ ਪੈਦਾ ਹੁੰਦਾ ਹੈ। ਪਰ ਦੂਜੇ ਪਾਸੇ ਜੇ ਰਤੀ ਭਰ ਕਾਂਜੀ ਪਾ ਦੇਈਏ, ਦੁੱਧ ਫਟ ਜਾਂਦਾ ਹੈ (ਜਿਵੇਂ ਸ਼ਮੀਰ ਦਾ ਸਿਦਕ ਫਟ ਗਿਆ)।

ਇਕ ਨੰਨ੍ਹਾ-ਨਿੱਕਾ ਜਿਹਾ ਬੀਜ ਬੀਜਣ ਕਰਕੇ ਬੜੇ ਭਾਰੀ ਫੈਲਾਓ ਵਾਲਾ ਦਰੱਖ਼ਤ ਫੈਲਦਾ ਹੈ, ਜ਼ਰਾ ਮਾਤਰ ਅਗਨੀ ਦੀ ਚਿਣਗ ਪੈ ਜਾਣ ਕਰਕੇ ਸਾਰੀ ਬਨਸਪਤੀ ਸੜ ਕੇ ਰਾਖ ਹੋ ਜਾਂਦੀ ਹੈ।

ਇਕ ਤਿਲ-ਮਾਤਰ ਜ਼ਹਿਰ ਖਾਣ ਨਾਲ ਸਰੀਰ ਦਾ ਵਿਨਾਸ਼ ਹੋ ਜਾਂਦਾ ਹੈ, ਪਰ ਅੰਮ੍ਰਿਤ ਦੀ ਵਰਤੋਂ ਕੀਤਿਆਂ ਸਰੀਰ ਅਮਰ ਹੁੰਦਾ ਹੈ, ਇਕ ਵੇਸੁਆ ਦੀ ਸੰਗਤਿ ਜਾਂ ਇਕ ਮੰਦੇ ਗੰਵਾਰ ਦੀ ਸੰਗਤਿ ਇਕ ਛਿਣ ਵਿਚ ਸ਼ੁਭ ਕਰਮਾਂ ਦਾ ਵਿਨਾਸ਼ ਕਰਦੀ ਹੈ, ਮਗਰ ਵਿਆਹੁਤਾ ਇਸਤ੍ਰੀ ਦੀ ਸੰਗਤਿ ਪ੍ਰਸੰਨਤਾ, ਖਲੂਸ ਅਤੇ ਤ੍ਰਿਪਤੀ ਉਤਪੰਨ ਕਰਦੀ ਹੈ। ਭਲੇ ਪੁਰਸ਼ਾਂ ਦੀ ਸੰਗਤਿ ਇਕ ਛਿਣ ਵਿਚ ਮੰਦੇ ਕਰਮਾਂ ਦਾ ਨਾਸ਼ ਕਰਦੀ ਹੈ। ਥੱਲੇ ਲਿਖਿਆ ਕਬਿੱਤ ਸਮਝਣ ਲਈ ਹੋਰ ਵਧੇਰੇ ਸਹਾਇਕ ਹੋਵੇਗਾ:

ਤਨਕ ਹੀ ਜਾਵਨ ਕੈ ਦੂਧ ਦਧ ਹੋਤ ਜੈਸੇ,
ਤਨਕ ਹੀ ਕਾਂਜੀ ਪਰੇ ਦੂਧ ਫਟ ਜਾਤ ਹੈ॥
ਤਨਕ ਹੀ ਬੀਜ ਬੋਏ ਬਿਰਖ ਬਿਥਾਰ ਹੋਇ,
ਤਨਕ ਹੀ ਚਿਨਗ ਪਰੇ ਭਸਮ ਹੋਇ ਜਾਤ ਹੈ॥
ਤਨਕ ਹੀ ਖਾਇ ਬਿਸੁ ਹੋਤ ਹੈ ਬਿਨਾਸ ਕਾਲ,
ਤਨਕ ਹੀ ਅੰਮ੍ਰਿਤ ਕੈ ਅਮਰ ਹੋਇ ਗਾਤ ਹੈ॥
ਸੰਗਤਿ ਅਸਾਧ ਸਾਧ ਗਨਿਕਾ ਬਿਵਾਹਤਾ ਤਿਉ,
ਤਨਕ ਹੀ ਮੈਂ ਉਪਕਾਰ ਅਉ ਬਿਕਾਰ ਘਾਤ ਹੈ॥੧੭੪॥

—ਕਬਿੱਤ ਭਾਈ ਗੁਰਦਾਸ ਜੀ

ਚੰਗੀ ਅਤੇ ਮੰਦੀ ਸੰਗਤਿ ਦੇ ਪ੍ਰਭਾਵ ਬਾਰੇ ਮਿਸਟਰ ਡੇਵਡ ਨਿਮਨ-ਲਿਖਤ ਦੇ ਮੁਤਾਬਿਕ ਆਪਣੀ ਰਾਇ ਜ਼ਾਹਿਰ ਕਰਦੇ ਹਨ ਕਿ ਹਰ ਇਨਸਾਨ ਦੇ ਜੀਵਨ ਦੀ ਗਤੀ ਉਸ ਦੀ ਚੰਗੀ ਮੰਦੀ ਸੰਗਤਿ 'ਤੇ ਨਿਰਭਰ ਕਰਦੀ ਹੈ:

Your mind is an amazing mechanism, when your mind works one-way. It can carry you forward to outstanding succeses. But the same mind operating in different manner can produce a total failure. The

mind is the most delicate, most sensitive instrument in all creation.

The body is what the body is fed. By the same token, the mind is what the mind is fed, mind-food, of course, doesn't come in packages, and can't buy it at the store. Mind-food is your environment. All the countless things which influence your conscious and subconscious thought. The kind of food we consume determine our habits attitudes, personality.

The mind reflects what its environment feeds it just as surely as the body reflects the food you feed it. As the saying goes, you are a product of your environment. Mark it well, environment shapes us, makes us think the way we do.

—*The Magic of Thinking Big, p. 95*

ਸਾਰੀ ਗੱਲ ਦਾ ਤੱਤਸਾਰ ਇਹ ਨਿਕਲਿਆ ਕਿ ਮੰਦੀ ਅਤੇ ਨੀਚ ਸੰਗਤਿ ਦੇ ਹੋਣ ਕਰਕੇ ਉੱਚੀ ਸੁਰਤਿ ਦੇ ਅਸੂਲ, ਪਹਿਲੀ ਤਾਜ਼ਗੀ ਦੀ ਇਖ਼ਲਾਕੀ ਜ਼ੀਨਤ ਵਿਚ ਗੁੰਮ ਹੋ ਜਾਂਦੇ ਹਨ। ਪਰ ਜੇ ਉੱਚੀ ਸੁਰਤਿ ਗੁਰੂ-ਲਿਵ ਵਿਚ, ਗੁਰੂ-ਅਮਲ ਵਿਚ ਅਭੇਦ ਹੋ ਜਾਵੇ, ਫਿਰ ਸਮੇਂ, ਸਥਾਨ ਅਤੇ ਵਿੱਥ ਦੇ ਚਿਹਨ ਚੱਕਰ ਅਥਵਾ ਮੰਦੀ ਸੰਗਤਿ ਦੇ ਪ੍ਰਭਾਵ ਅਸਰ ਨਹੀਂ ਪਾ ਸਕਦੇ। ਬਲਕਿ ਉਸ ਦੀ ਹਰ ਗਤੀ ਉੱਚੀ ਸੁਰਤਿ ਦੇ ਮਾਰਗ ਨੂੰ ਸਾਜਦੀ ਅਤੇ ਸੁਹੱਪਣ ਬਖ਼ਸ਼ਦੀ ਹੈ। ਉਹ ਦੁਨਿਆਵੀ ਤੁਛ ਬੰਧਨਾਂ ਤੋਂ ਮੁਕਤ ਹੁੰਦੀ ਹੈ, ਬਲਕਿ ਲੱਖੂ ਜੈਸੇ ਗੰਵਾਰਾਂ ਨੂੰ ਆਪਣੇ ਅਦੀਖਤ ਵਿਚ ਸ਼ਾਮਲ ਕਰਦੀ ਹੈ। ਕਿਉਂਕਿ ਉੱਚੀ ਸੁਰਤਿ ਦੇ ਤਮਾਮ ਜਾਵੀਏ ਸੰਸਾਰੀ ਅੰਕੜੇ-ਬਾਜ਼ੀ ਤੋਂ ਸੁਤੰਤਰ ਹੁੰਦੇ ਹਨ। ਉੱਚੀ ਸੁਰਤਿ ਆਪਣੀ ਅਦ੍ਰਿਸ਼ਟ ਸਥਿਤੀ ਤੋਂ ਦੀਖਤ ਵਸਤੂਆਂ ਵਿਚ ਜੀਵਨ ਦੀ ਗਤੀ ਪੈਦਾ ਕਰਦੀ ਹੈ। ਜਿਥੋਂ ਰੱਬਾਨੀਅਤ ਦੀ ਨੁਹਾਰ ਉਪਜਦੀ ਹੈ, ਔਰ ਸੁਹਜਮਈ ਆਤਮਕ ਜੀਵਨ ਦੇ ਬੇ-ਨਜ਼ੀਰ ਅਮਲਾਂ ਦਾ ਸਿਦਕੀ ਰੌਅ ਉਮੰਡ ਉਠਦਾ ਹੈ, ਜਿਥੋਂ ਪਹਿਲੀ ਤਾਜ਼ਗੀ ਬਰਕਰਾਰ ਰਹਿੰਦੀ ਹੈ ਔਰ ਕੌਮੀ ਕੇਂਦਰ ਮਜ਼ਬੂਤ ਹੁੰਦਾ ਹੈ। ਕੇਂਦਰ ਨੂੰ ਹਮੇਸ਼ਾ ਹੀ ਜਿਉਂਦੇ ਅਤੇ ਸ੍ਵੈ-ਮਾਨਤਾ ਵਿਚ ਰਹਿਣ ਲਈ ਕਿਸੇ ਖ਼ਾਸ ਸਹਾਰੇ ਦੀ ਜ਼ਰੂਰਤ ਹੁੰਦੀ ਹੈ, ਔਰ ਇਹ ਆਸਰਾ ਸਤਿਗੁਰੂ ਨਾਨਕ ਜੀ ਨੇ ਭਲੀ ਭਾਂਤਿ ਦਰਸਾਇਆ ਹੈ:

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥

—ਸਿਰੀ ਰਾਗੁ ਮ: ੧, ੭੨-੨

ਵਾਹਿਗੁਰੂ ਦੀ ਨਿਰਗੁਣ ਜੋਤਿ, ਅਥਵਾ ਰੱਬਾਨੀਅਤ ਦਾ ਬਾਤਨੀ ਜਲਾਲ (ਅਦੀਖਤ ਜੋਤਿ) ਉਸ ਸਮੇਂ ਖ਼ਾਸ ਦੀਨ-ਦਾਰਾਂ (ਗੁਰਮੁਖਾਂ) ਦੇ ਰੂਪ ਵਿਚ ਇਕ ਮਜ਼ਹਬ ਦੇ ਨਿਸ਼ਾਨ ਰਾਹੀਂ ਪ੍ਰਗਟ ਹੁੰਦਾ ਹੈ, ਜਦੋਂ ਕਿ ਉਸ ਦੇ ਇਤਿਹਾਸਕ ਪਿਛੋਕੜ ਵਿਚ ਗੁਰੂ-ਲਿਵ ਅਤੇ ਗੁਰੂ-ਅਮਲ ਜਾਂ ਆਖੋ ਪੈਗ਼ੰਬਰੀ ਜਲਾਲ ਦੀ ਪ੍ਰੇਰਕ ਗਤੀ ਕੰਮ ਕਰਦੀ ਹੈ, ਔਰ ਇਸੇ ਪ੍ਰੇਰਣਾ ਦਾ ਸਦਕਾ ਮਜ਼ਹਬਾਂ, ਕੌਮਾਂ ਅਤੇ ਧਰਮਾਂ ਦੇ ਸੀਨੇ ਵਿਚ ਪਹਿਲੀ ਤਾਜ਼ਗੀ ਦੀ ਤਰਜ਼ ਉਭਾਰਦੀ ਹੈ। ਕੌਮਾਂ ਉੱਚੀ ਸੁਰਤਿ ਦੀਆਂ ਧਾਰਨੀ ਹੋ ਨਿਬੜਦੀਆਂ ਹਨ। ਜਿਵੇਂ ਦਸਮੇਸ਼ ਪਿਤਾ ਜੀ ਦੇ ਜੋਤੀ ਜੋਤਿ ਸਮਾਵਨ ਪਿਛੋਂ ਖ਼ਾਲਸਾ ਪੰਥ ਦੇ ਪੰਜਾਹ ਸੱਠ ਸਾਲ ਉੱਚੀ ਸੁਰਤਿ ਦੇ ਲਖਾਇਕ ਹਨ। ਐਸਾ ਸਮਾਂ ਹੀ ਕੌਮਾਂ ਦੀ ਪਹਿਲੀ ਤਾਜ਼ਗੀ, ਰੱਬੀ ਜਲਾਲ ਦੀਆਂ ਬੇ-ਨਜ਼ੀਰ ਰਹੱਸਮਈ ਤਰਜ਼ਾਂ ਨਾਲ ਸਰਸ਼ਾਰ ਹੁੰਦਾ ਹੈ। ਉੱਚੀ ਸੁਰਤਿ ਦੇ ਅਧੀਨ ਸਿੱਖ ਪੰਥ ਦਾ ਇਹ ਪੰਜਾਹ ਸੱਠ ਸਾਲ ਦਾ ਸਮਾਂ, ਸਮੇਂ ਦੀਆਂ ਤਿਲਕਦੀਆਂ, ਢਹਿੰਦੀਆਂ, ਬਰਬਾਦ ਹੁੰਦੀਆਂ, ਜਲਾਲ ਪੈਦਾ ਕਰਦੀਆਂ ਕੋਣਾਂ ਦੇ ਵਿਚਦੀ ਲੰਘਦਾ ਹੋਇਆ, ਵਿੱਥ,ਕਾਲ ਤੇ ਥਾਂ ਦੀ ਪ੍ਰਵਾਹ ਨਾ ਕਰਦਾ ਹੋਇਆ, ਆਪਣੀ ਮੰਜ਼ਲ ਵਲ ਅਗਾਂਹ ਕੂ ਤ੍ਰਾਂਘਦਾ ਰਿਹਾ, ਪਰ ਆਪਣੀ ਸ਼ਰਧਾ ਸਿਦਕ, ਸਬਰ, ਸੰਤੋਖ ਅਤੇ ਸ਼ੁਕਰ, ਇਲਾਹੀ ਰਹਿਮਤ ਦਾ ਪਾਤਰ ਬਣਿਆ ਰਿਹਾ। ਇਸ ਕਾਫ਼ਲੇ ਦੀਆਂ ਪਹਿਲੀਆਂ ਤਾਜ਼ਗੀਆਂ ਨੇ ਮਾਨਵਤਾ ਨੂੰ ਰੱਬੀ ਜਲਾਲ ਦੇ ਨਵੇਂ ਜ਼ਾਵੀਏ ਪ੍ਰਦਾਨ ਕੀਤੇ। ਬਸ ਇਸੇ ਦਾ ਨਾਂ ਪਹਿਲੀ ਤਾਜ਼ਗੀ ਹੈ। ਕੌਮਾਂ ਨੂੰ ਪੈਗ਼ੰਬਰੀ ਫ਼ਜ਼ੀਲਤ ਵਿਚੋਂ, ਗੁਰੂ-ਲਿਵ ਦੀ ਪ੍ਰੇਰਣਾ ਵਿਚੋਂ, ਇਕ ਦਾਤਿ ਵਜੋਂ ਪ੍ਰਾਪਤ ਹੁੰਦੀ ਹੈ।

ਸਮੇਂ ਦੀ ਗਤੀ ਅਨੁਸਾਰ ਕੌਮਾਂ ਵਿਚੋਂ ਪੈਗ਼ੰਬਰੀ ਜਲਾਲ ਦਾ ਰਹੱਸ ਘਟਣਾ ਆਰੰਭ ਹੋ ਜਾਂਦਾ ਹੈ, ਜਿਵੇਂ ਜਿਵੇਂ ਗੁਰੂ-ਲਿਵ, ਪੈਗ਼ੰਬਰੀ ਪ੍ਰੇਰਣਾ ਘਟਦੀ ਜਾਵੇਗੀ, ਤਿਵੇਂ ਤਿਵੇਂ ਹੀ ਕੌਮਾਂ ਦੇ ਸੁਨਹਿਰੀ ਇਤਿਹਾਸ ਵਿਚ ਧੁੰਧਲਾ-ਪਨ ਆ ਜਾਂਦਾ ਹੈ, ਮਜ਼ਹਬਾਂ ਦੀ ਪਹਿਲੀ ਤਾਜ਼ਗੀ ਦੀ ਰਵਾਨੀ ਮੱਧਮ ਪੈ ਜਾਂਦੀ ਹੈ ਔਰ ਜੀਵਨ ਦੀ ਹਰਕਤ ਧੱਬੇਦਾਰ ਇਤਿਹਾਸ ਦੀ ਸਿਰਜਣਾ ਕਰਦੀ ਹੈ। ਪਰ ਯਾਦ ਰਹੇ, ਜੋ ਪੈਗ਼ੰਬਰੀ ਰਹੱਸ ਦੀ ਇਲਾਹੀ ਪ੍ਰੇਰਨਾ ਹੈ, ਉਹ ਸਮੇਂ ਸਮੇਂ ਸਿਰ ਧਰਾਤਲ 'ਤੇ ਡਿੱਗੀਆਂ ਕੌਮਾਂ ਨੂੰ ਉਠਾਲ ਕੇ ਵਕਤ ਦੀ ਲੋੜ ਅਨੁਸਾਰ ਉੱਚੀ ਸੁਰਤਿ ਦੇ ਮੁਸਾਫ਼ਰ ਬਣਾਈ ਰੱਖਦੀ ਹੈ। ਕੌਮਾਂ ਦੀ ਆਪਣੀ ਆਪਣੀ ਯੋਗਤਾ ਦੇ ਅਨੁਸਾਰ ਉਨ੍ਹਾਂ ਕੋਲ ਰੱਬੀ ਸੁਹਜ ਦਾ ਭੰਡਾਰਾ ਹਮੇਸ਼ਾ ਹੀ ਮੌਜੂਦ ਹੁੰਦਾ ਹੈ। ਜਿਵੇਂ ਜਿਵੇਂ ਕੌਮ ਇਸ ਨੂਰਾਨੀ ਸੁਹਜ ਦੀ ਧਾਰਨੀ ਹੋਵੇਗੀ, ਤਿਵੇਂ

ਤਿਵੇਂ ਕੌਮ ਵਿਚ ਖੇੜਾ, ਪ੍ਰਫੁੱਲਤਾ, ਉੱਚੀ ਸੁਰਤਿ ਅਤੇ ਪਹਿਲੀ ਤਾਜ਼ਗੀ ਆਵੇਗੀ, ਔਰ ਕੌਮ ਦੀ ਸਮੁੱਚੀ ਚੇਤਨਾ ਈਸ਼ਵਰੀ ਨਿਰਗੁਣਤਾ ਵਿਚ ਪ੍ਰਵੇਸ਼ ਕਰੇਗੀ। ਇਹੀ ਉੱਚੀ ਸੁਰਤਿ ਅਥਵਾ ਪਹਿਲੀ ਤਾਜ਼ਗੀ ਦੇ ਸੰਕੇਤਕ ਚਿੰਨ੍ਹ ਹਨ, ਜਿਨ੍ਹਾਂ ਦੇ ਆਸਰੇ ਕੌਮਾਂ ਆਪਣੇ ਨਿਕਾਸ ਵਿਚੋਂ ਪ੍ਰਫੁੱਲਤ ਹੋ ਕੇ ਵਿਕਾਸ ਦੀ ਗਤੀ ਨੂੰ ਛੋਂਹਦੀਆਂ ਹਨ, ਔਰ ਸੁਲਝੇ ਹੋਏ ਇਤਿਹਾਸ ਦੀ ਸਿਰਜਣਾ ਕਰਦੀਆਂ ਹਨ।

ਤਰਨ ਤਾਰਨ ਦੀ ਸਥਾਪਨਾ

ਆਪ ਜੀ ਪਿੱਛੇ ਪੜ੍ਹ ਆਏ ਹੋ ਕਿ ਸਿੱਖ ਕੇਂਦਰ ਦੇ ਮਜ਼ਬੂਤ ਹੋਣ ਨਾਲ ਸਿੱਖੀ ਦੇ ਪ੍ਰਚਾਰ ਵਿਚ ਬੜੀ ਤੇਜ਼ੀ ਨਾਲ ਵਾਧਾ ਹੋਇਆ। ਭਾਵੇਂ ਦਰਬਾਰ ਸਾਹਿਬ ਕੇਂਦਰਾਂ ਦਾ ਅਜ਼ੀਮ ਕੇਂਦਰ ਹੈ, ਪਰ ਸਿੱਖੀ ਦੀ ਤਬਲੀਗ (ਪ੍ਰਚਾਰ) ਵਾਸਤੇ ਸਤਿਗੁਰੂ ਜੀ ਨੇ ਸੋਚਿਆ ਕਿ ਹਰਿਮੰਦਰ ਸਾਹਿਬ ਦੀ ਨਿਗਰਾਨੀ ਦੇ ਅਧੀਨ ਹੋਰ ਭੀ ਸਿੱਖੀ ਦੇ ਕੇਂਦਰ ਹੋਣੇ ਲਾਜ਼ਮੀ ਹਨ। ਇਸ ਖ਼ਿਆਲ ਦੀ ਪੂਰਤੀ ਲਈ ਹਜ਼ੂਰ ਪੰਚਮ ਨਾਨਕ ਜੀ ਨੇ ੧੫੯੦ ਈਸਵੀ ਮੁਤਾਬਿਕ ਸੰਮਤ ੧੬੪੭ ਵਿਚ ਇਕ ਨਵੇਂ ਨਗਰ ਦੀ ਨੀਂਹ ਰੱਖੀ, ਜਿਸ ਦਾ ਪਾਵਨ ਨਾਮ ਤਰਨ ਤਾਰਨ ਰੱਖਿਆ।[1]

ਤਰਨ ਤਾਰਨ ਦੇ ਮੌਜੂਦਾ ਸਰੋਵਰ ਦੀ ਥਾਂ 'ਤੇ ਇਕ ਛੱਪੜੀ ਹੁੰਦੀ ਸੀ, ਉਸ ਦੇ ਚੌਹੀਂ ਪਾਸੀਂ ਘਣੇ ਦਰਖ਼ਤਾਂ ਦਾ ਇਕ ਜੰਗਲ ਸੀ। ਇਸ ਲਘੂ ਜਿਹੇ ਬਨ ਵਿਚ ਕੁਸ਼ਟੀ ਰੋਗ ਦੇ ਮਰੀਜ਼ ਰਹਿੰਦੇ ਸਨ। ਸਿੱਖ ਯਾਦ ਰਾਹੀਂ ਇਕ ਜਾਣਕਾਰੀ ਮਿਲਦੀ ਹੈ ਕਿ ਜੋ ਕੋਈ ਮਰੀਜ਼ ਇਸ ਛੱਪੜੀ ਵਿਚ ਇਸ਼ਨਾਨ ਕਰੇ, ਉਸ ਦਾ ਕੋਹੜ ਦੂਰ ਹੋ ਜਾਂਦਾ ਸੀ।

ਜਦੋਂ ਸਤਿਗੁਰੂ ਜੀ ਮਾਝੇ ਦੇ ਪਿੰਡਾਂ ਵਿਚ ਗੁਰਮਤਿ ਦਾ ਪ੍ਰਚਾਰ ਕਰਦੇ ਕਰਦੇ ਇਸ ਅਸਥਾਨ 'ਤੇ ਪੁਜੇ, ਤਦ ਸਤਿਗੁਰੂ ਜੀ ਨੇ ਆਪਣੀ ਪੈਗੰਬਰੀ ਦਿੱਬ-ਦ੍ਰਿਸ਼ਟੀ ਦੁਆਰਾ ਨਿਰਣੈ ਕੀਤਾ ਕਿ ਇਹ ਅਸਥਾਨ ਕਲਯੁਗੀ ਜੀਵਾਂ ਦੇ ਪਾਰ ਉਤਾਰੇ ਅਤੇ ਰੋਗੀਆਂ ਦੇ ਰੋਗ ਖੰਡਨ ਲਈ ਬਹੁਤ ਹੀ ਅਜ਼ੀਮ ਹੋਵੇਗਾ। ਪਤਾ ਕਰਨ 'ਤੇ ਇਹ ਜਾਣਕਾਰੀ ਪ੍ਰਾਪਤ ਹੋਈ ਕਿ ਇਹ ਜ਼ਮੀਨ ਤਿੰਨਾਂ ਪਿੰਡਾਂ ਦੀ ਸਾਂਝੀ ਮਾਲਕੀ ਹੈ। ਸਤਿਗੁਰੂ ਜੀ ਨੇ ਆਪਣੇ ਮੋਢੀ ਸਿੱਖਾਂ ਨੂੰ ਜ਼ਮੀਨ ਦੀ ਪ੍ਰਾਪਤੀ ਵਾਸਤੇ ਜਾਣਕਾਰੀ ਲੈਣ ਲਈ, ਪਿੰਡ ਨੂਰਦੀ, ਖਾਰਾ ਅਤੇ ਪਲਾਸੌਰ ਦੇ ਚੌਧਰੀਆਂ ਕੋਲ ਭੇਜਿਆ। ਤਿੰਨੇ ਚੌਧਰੀ ਸਤਿਗੁਰੂ ਜੀ ਦੀ

1. ਹਰੀ ਰਾਮ ਗੁਪਤਾ, ਜਿਲਦ ੧, ਪੰਨਾ ੧੩੨।

ਹਜ਼ੂਰੀ ਵਿਚ ਆਣ ਹਾਜ਼ਰ ਹੋਏ। ਉਨ੍ਹਾਂ ਆਖਿਆ, "ਇਹ ਜ਼ਮੀਨ ਤਿੰਨਾਂ ਪਿੰਡਾਂ ਦੀ ਸਾਂਝੀ ਜੂਹ ਹੈ, ਜੋ ਆਪ ਜੀ ਨੂੰ ਮੁੱਲ ਮਿਲ ਸਕਦੀ ਹੈ।" ਸਤਿਗੁਰੂ ਜੀ ਨੇ ਜ਼ਮੀਨ ਦਾ (੧੫੭੦੦੦) ਇਕ ਲੱਖ ਸਤਵੰਜਾ ਹਜ਼ਾਰ ਰੁਪਏ ਮੁੱਲ ਪਾ ਕੇ ਅਠਾਰਾਂ ਸੌ ਵਿਘੇ ਜ਼ਮੀਨ ਦਾ ਸੌਦਾ ਕਰ ਲਿਆ। ਔਰ ਇਲਾਹੀ ਹੁਕਮ ਦੇ ਅਨੁਸਾਰ ੧੦ ਭਾਦਰੋਂ ਸੰਮਤ ੧੬੪੭ (ਮੁਤਾਬਿਕ ੧੫੯੦ ਈਸਵੀ) ਨੂੰ ਮੱਸਿਆ ਵਾਲੇ ਦਿਨ ਆਪਣੇ ਪਾਵਨ ਹੱਥਾਂ ਦੇ ਨਾਲ ਸਰੋਵਰ ਦਾ ਬੁਨਿਆਦੀ ਟੱਕ ਲਾਇਆ। ਇਹ ਸਰੋਵਰ ੪੯ ਵਿਘੇ ਜ਼ਮੀਨ ਵਿਚ ਸੁਸ਼ੋਭਤ ਹੈ। ਸਰੋਵਰ ਦੀ ਲੰਬਾਈ ੯੯੯ ਫੁੱਟ ਹੈ ਅਤੇ ਚੌੜਾਈ ੯੯੦ ਫੁੱਟ ਹੈ। ਛੇ ਸਾਲ ਸਰੋਵਰ ਦੀ ਖੁਦਾਈ ਹੁੰਦੀ ਰਹੀ, ਆਖ਼ਰ ਸੰਮਤ ੧੬੫੩ ਬਿਕ੍ਰਮੀ ਚੇਤ (ਮੁਤਾਬਿਕ ੧੫੯੭ ਈਸਵੀ) ਵਿਚ ਸਤਿਗੁਰੂ ਜੀ ਨੇ ਸਰੋਵਰ ਨੂੰ ਪੱਕਿਆਂ ਕਰਨ ਦੀ ਨੀਂਹ ਰੱਖ ਦਿੱਤੀ।

ਉਕਤ ਦਰਸਾਏ ਖ਼ਿਆਲ ਦੀ ਪ੍ਰੋੜ੍ਹਤਾ ਗਿਆਨੀ ਗਿਆਨ ਸਿੰਘ ਜੀ ਨਿਮਨ-ਲਿਖਤ ਦੇ ਅਨੁਸਾਰ ਕਰਦੇ ਹਨ ਕਿ ਅਕਬਰ ਬਾਦਸ਼ਾਹ ਨੇ ਤਰਨ ਤਾਰਨ ਦੀ ਜ਼ਮੀਨ ਦਾ ਵਿਰਾਸਤ ਨਾਮਾ ਜਾਂ ਸਨਦ ਲਿਖ ਦਿੱਤੀ, ਪਰ ਸਤਿਗੁਰੂ ਜੀ ਨੇ ਜ਼ਮੀਨ ਮੁਫ਼ਤ ਲੈਣੋਂ ਇਨਕਾਰ ਕਰ ਦਿੱਤਾ ਔਰ ਇਸ ਦਾ ਮੁੱਲ ੧੫੭੦੦੦ ਰੁਪਏ ਉਤਾਰਿਆ। ਲਿਖਤ ਐਸੇ ਹੈ:

ਆਠ ਹਜ਼ਾਰ ਬਿਘੇ ਜ਼ਮੀਨ॥
ਦਯੋ ਪੱਟਾ ਲਿਖਿ ਔਰ ਨਵੀਨ॥
ਤਰਨ ਤਾਰਨ ਜਹਿ ਗੁਰੂ ਬਸਾਯਾ॥
ਬਾਦਸ਼ਾਹ ਪੁਨ ਐਸ ਅਲਾਯਾ॥
ਤੀਸਰ ਗੁਰ ਢਿਗ ਜਬ ਮੈਂ ਆਇਆ॥
ਗਾਊਂ ਦ੍ਵਾਦਸ ਪਟਾ ਚੜ੍ਹਾਇਆ॥
ਸੋ ਤੁਮ ਕਯੋਂ ਅਬਿ ਲੌ ਨਹੀਂ ਲੀਨੇ॥
ਕਹਯੋ ਗੁਰੂ, ਗੁਰ ਮਰਜ਼ੀ ਥੀਨੇ॥੫੪॥
ਹੈ ਗੁਰੂ ਕਾ ਘਰ ਫਕਰਨ ਕੇਰਾ॥
ਲਵੈ ਜਗੀਰ ਤੁ ਭਵੈ ਬਖੇਰਾ॥
ਚਹੀਅਤ ਜਿਤਕ ਸਿੱਖ ਦੇ ਜਾਵੈਂ॥
ਲੰਗਰ ਆਦਿ ਕਾਰ ਨਿਬਾਹਵੈਂ॥੫੫॥

1. ਵਾਰਤਕ *ਸੋਢੀ ਚਮਤਕਾਰ*, *ਸੂਰਜ ਪ੍ਰਕਾਸ਼*, ਰਾਸ ੨, ਅਧਿ: ੪੨, ਪੰਨਾ ੧੭੭, ਕਰਤਾ ਗਿਆਨੀ ਤ੍ਰਿਲੋਕ ਸਿੰਘ ਅਤੇ *ਸੂਰਜ ਪ੍ਰਕਾਸ਼* ਵਾਰਤਕ ਸੋਢੀ ਤੇਜਾ ਸਿੰਘ, ਪੰਨਾ ੧੯੯।

ਜੇਤਕ ਅਧਿਕ ਬਢੇ ਬਿਉਹਾਰਾ॥
ਬਿਘਨ ਬੰਦਗੀ ਮੈ ਹ੍ਵੈ ਭਾਰਾ॥
ਜਾਨ ਫਕੀਰ ਗੁਰੂ ਕੋ ਗੋਰੇਂ॥
ਬੰਦਿ ਚਰਨ ਸਾਹਿ ਗਯੋ ਲਹੌਰੇਂ॥੫੬॥

—ਪੰਥ ਪ੍ਰਕਾਸ਼, ਪੂਰ: ਬਿਸ: ੧੯, ਪੰਨਾ ੬੫੩

ਅਕਬਰ ਬਾਦਸ਼ਾਹ ਸੰਮਤ ੧੬੪੮ (ਸੰਨ ੧੫੯੧ ਈਸਵੀ) ਵਿਚ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਆਇਆ, ਉਸ ਨੇ ਆਖਿਆ ਜਦੋਂ ਮੈਂ ਤੀਸਰੇ ਸਤਿਗੁਰਾਂ ਦੇ ਦਰਸ਼ਨਾਂ ਲਈ ਆਇਆ ਸਾਂ, ਉਸ ਵੇਲੇ ਬਾਰਾਂ ਪਿੰਡਾਂ ਦਾ ਪਟਾ ਲਿਖਿਆ ਸੀ, ਹੁਣ ਤੁਸੀਂ ਭੀ ਇਸ ਨਵੀਂ (ਤਰਨ ਤਾਰਨ ਵਾਲੀ) ਜ਼ਮੀਨ ਦਾ ਪਟਾ ਲਿਖਤ ਵਿਚ ਲੈ ਲਵੋ। ਪਰ ਸਤਿਗੁਰੂ ਜੀ ਨੇ ਮੁਫ਼ਤ ਪਟਾ ਲੈਣ ਤੋਂ ਇਨਕਾਰ ਕਰ ਦਿੱਤਾ, ਔਰ ਉਸ ਸਮੇਂ ਦਾ ਇਕ ਲੱਖ ਸਤਵੰਜਾ ਹਜ਼ਾਰ (੧੫੭੦੦੦) ਸਿੱਕਾ ਤਾਰ ਕੇ ਜ਼ਮੀਨ ਦਾ ਪਟਾ ਹਾਸਲ ਕੀਤਾ।

—ਸੂਰਜ ਪ੍ਰਕਾਸ਼ ਵਾਰਤਕ, ਪੰਨਾ ੨੦੦, ਕਰਤਾ ਸੋਢੀ ਤੇਜਾ ਸਿੰਘ

ਜਿਸ ਵੇਲੇ ਜ਼ਮੀਨ ਦਾ ਮੁੱਲ ਤਾਰ ਕੇ ਬਾਦਸ਼ਾਹੀ ਪਟਾ ਪ੍ਰਾਪਤ ਹੋ ਗਿਆ, ਤਦ ਸਤਿਗੁਰੂ ਜੀ ਨੇ ਭਲਾ ਸਮਾਂ ਸਮਝ ਕੇ ਤਰਨ ਤਾਰਨ ਨਗਰ ਦੀ ਨੀਂਹ ਰੱਖ ਦਿੱਤੀ। ਗਿਆਨੀ ਗਿਆਨ ਸਿੰਘ ਜੀ ਇਸ ਗਾਥਾ ਨੂੰ ਐਸੇ ਦਰਜ ਕਰਦੇ ਹਨ :

ਇਨ ਹੀ ਦਿਨ ਮਾਫਕ ਸੰਨਦ ਸ਼ਾਹਿ,
ਸ੍ਰੀ ਗੁਰ ਪੇਖ ਜ਼ਮੀਨ ਸੁਹਾਵਨ॥
ਦਸ ਕੋਸ ਸੁਧਾਸਰ ਤੇ ਦਿਸ ਪੂਰਬ,
ਕੀਨ ਭਲੇ ਇਕ ਗਾਉ ਬਸਾਵਨ॥
ਸੋਲ੍ਹਾਂ ਸੈ ਸਰ ਦੋਇ (ਸੰਮਤ ੧੬੫੨, ਸੰਨ ੧੫੯੫) ਵਿਖੇ,
ਗੁਰ ਨੀਵ ਧਰੀ ਤਰਨ ਤਾਰਨ ਭਾਵਨ॥
ਖੋੜਸ ਸੈ ਸਰ ਚਾਰ (ਸੰਮਤ ੧੬੫੪, ਸੰਨ ੧੫੯੭) ਵਿਖੇ,
ਪੁੰਨ ਤਾਲ ਤਹਾਂ ਗੁਰ ਕੀਨ ਲਗਾਵਨ॥੬੮॥

—ਪੰਥ ਪ੍ਰਕਾਸ਼, ਪੂਰ: ਬਿਸ: ੧੯, ਪੰਨਾ ੬੫੬

ਤਰਨ ਤਾਰਨ ਕੇਂਦਰ ਦੀ ਉਸਾਰੀ ਵਾਸਤੇ ਪੱਕੀਆਂ ਇੱਟਾਂ ਦੇ ਆਵੇ ਗੁਰ-ਸਿੱਖਾਂ ਨੇ ਚੜ੍ਹਾ ਦਿੱਤੇ। ਇੱਟਾਂ ਜਿਸ ਵੇਲੇ ਤਿਆਰ ਹੋ ਗਈਆਂ ਤਦ ਨੂਰ ਦੀਨ ਦੇ ਪੁੱਤਰ ਅਮੀਰ-ਉ-ਦੀਨ ਨੇ ਜੋ ਉਸ ਵੇਲੇ ਦੀ ਹਕੂਮਤ ਦਾ ਇਕ ਅਹਿਲਕਾਰ ਸੀ, ਸਾਰੀਆਂ ਇੱਟਾਂ ਜ਼ਬਰਦਸਤੀ ਚੁਕਵਾ ਕੇ ਆਪਣੀ ਸਰਾਂ,

ਹਵੇਲੀ ਅਤੇ ਘਰਾਂ ਨੂੰ ਪੱਕੇ ਕਰਨ ਲਈ ਵਰਤ ਲਈਆਂ। ਪਰੰਤੂ ਮਿਹਰਬਾਨ ਸਤਿਗੁਰੂ ਜੀ ਨੇ ਉਸ ਦੀ ਹੱਠ-ਧਰਮੀ, ਧੱਕੇ-ਸ਼ਾਹੀ ਵਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ। ਔਰ ਕੇਂਦਰ ਦੀ ਉਸਾਰੀ ਵਿਚ ਇਕ ਮਨ, ਇਕ ਚਿੱਤ ਹੋ ਕੇ ਮਗਨ ਰਹੇ। ਕੁਝ ਸਿੱਖ ਸੇਵਕਾਂ ਨੇ ਅਮੀਰ-ਉ-ਦੀਨ ਦੀ ਜ਼ਬਰਦਸਤੀ ਦੇ ਖ਼ਿਲਾਫ਼ ਸਤਿਗੁਰੂ ਜੀ ਪਾਸ ਸ਼ਿਕਾਇਤ ਕੀਤੀ, ਸਤਿਗੁਰੂ ਜੀ ਨੇ ਧਰਵਾਸਾ ਦਿੰਦੇ ਹੋਏ ਬਚਨ ਕੀਤਾ, "ਗੁਰਸਿੱਖੋ! ਚਿੰਤਾ ਨਾ ਕਰੋ। ਇਹ ਇੱਟਾਂ ਕਿਤੇ ਨਹੀਂ ਜਾਂਦੀਆਂ, ਇਸੇ ਸਿੱਖੀ ਕੇਂਦਰ ਨੂੰ ਲੱਗਣਗੀਆਂ, ਪਰ ਇਹ ਕਾਰਜ ਅਸਾਡੇ ਸਿੱਖ ਕਰਨਗੇ।" ਸਤਿਗੁਰੂ ਜੀ ਦਾ ਭਵਿੱਖਤ ਵਾਕ ਉਸ ਵੇਲੇ ਪੂਰਾ ਹੋਇਆ ਜਦੋਂ ਸੰਮਤ ੧੮੩੨ ਬਿਕ੍ਰਮੀ (ਸੰਨ ੧੭੭੫) ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਸ. ਖੁਸ਼ਾਲ ਸਿੰਘ ਫ਼ਾਜ਼ਿਲਪੁਰ ਨੇ ਨੂਰ-ਉ-ਦੀਨ ਦੀ ਹਵੇਲੀ ਢਾਹ ਕੇ ਇਹ ਇੱਟਾਂ ਇਸ ਪਾਵਨ ਸਰੋਵਰ ਨੂੰ ਲਾਈਆਂ।[1]

ਭਾਵੇਂ ਤਰਨ ਤਾਰਨ ਸਾਹਿਬ ਦੀ ਪਾਵਨ ਨੀਂਹ ਸਤਿਗੁਰੂ ਜੀ ਨੇ ਆਪਣੇ ਕਰ-ਕਮਲਾਂ ਦੁਆਰਾ ਰੱਖੀ ਸੀ, ਪਰੰਤੂ ਇਸ ਸੇਵਾ ਨੂੰ ਪਾਇਆ-ਏ-ਤਕਮੀਲ ਤਕ ਲੈ ਜਾਣ ਦਾ ਮਾਣ ਮਹਾਰਾਜਾ ਰਣਜੀਤ ਸਿੰਘ ਸ਼ੇਰੇ-ਪੰਜਾਬ ਨੂੰ ਹੈ, ਜਿਨ੍ਹਾਂ ਨੇ ਸੰਮਤ ੧੮੮੨ (ਸੰਨ ੧੮੨੫) ਵਿਚ ਇਸ ਮਹਾਨ ਸੇਵਾ ਨੂੰ ਸਿਰੇ ਚਾੜ੍ਹਿਆ, ਔਰ ਕੰਵਰ ਨੌਨਿਹਾਲ ਸਿੰਘ ਜੀ ਨੇ ਬਹੁਤ ਭਾਰੀ ਸੰਖਿਆ ਵਿਚ ਮਾਇਆ ਖ਼ਰਚ ਕੇ ਪਰਕਰਮਾ ਪੱਕੀਆਂ ਕਰਨ ਦੀ ਅਦੁੱਤੀ ਸੇਵਾ ਕੀਤੀ। ਤਰਨ ਤਾਰਨ ਸਾਹਿਬ ਉੱਤਰੀ ਹਿੰਦੁਸਤਾਨ ਵਿਚ ਇਕ ਮਹਾਨ ਤੀਰਥ ਹੈ, ਜੋ ਪੰਜਾਬ ਦੇ ਆਮ ਕਸਬਿਆਂ ਤੋਂ ਵਧੇਰੇ ਰੌਣਕ ਵਾਲਾ ਹੈ। ਸਿੱਖੀ ਦੇ ਪ੍ਰਚਾਰ ਦਾ ਇਕ ਬਹੁਤ ਹੀ ਵੱਡਾ ਕੇਂਦਰ ਹੈ। ਸ਼ਰਧਾ ਨਾਲ ਸਰੋਵਰ ਵਿਚ ਇਸ਼ਨਾਨ ਕੀਤਿਆਂ ਕੋਹੜੀਆਂ ਦੇ ਕੋਹੜ ਨਵਿਰਤ ਹੁੰਦੇ ਹਨ।

ਤਰਨ ਤਾਰਨ ਕੇਂਦਰ ਇਕ ਐਸੀ ਥਾਂ 'ਤੇ ਸਸ਼ੋਭਤ ਕੀਤਾ ਗਿਆ, ਜਿਥੇ ਸਖੀ ਸਰਵਰ ਪੀਰ ਦੀ ਸੁਲਤਾਨੀ ਤਬਲੀਗ (ਪ੍ਰਚਾਰ) ਦਾ ਬਹੁਤ ਵੱਡਾ ਅਰੁੱਕ ਹੜ੍ਹ ਆਪਣੀ ਸ਼ਕਤੀਸ਼ਾਲੀ ਵੇਗ ਵਿਚ ਚਲ ਰਿਹਾ ਸੀ, ਖ਼ਾਸ ਕਰਕੇ ਪੱਖੋ ਪਿੰਡ ਜੋ ਸਰਵਰੀਆਂ ਦੀ ਗੱਦੀ ਦਾ ਬਿੰਦੂ ਅਸਥਾਨ ਸੀ, ਔਰ ਤਰਨ ਤਾਰਨ ਦਾ ਸਾਰਾ ਇਲਾਕਾ ਇਸ ਸਰਵਰੀ ਗੱਦੀ ਦੇ ਅਧੀਨ ਹੀ ਵਿਕਾਸ ਵਿਚ ਆ ਰਿਹਾ ਸੀ। ਯਾਦ ਰੱਖਣ ਵਾਲੀ ਇਕ ਹੀ ਦਾਸਤਾਂ ਹੈ ਕਿ ਤਰਨ ਤਾਰਨ ਸਾਹਿਬ ਦੇ ਵਜੂਦ ਵਿਚ ਆਵਣ ਨਾਲ ਸਿੱਖੀ ਦਾ ਪ੍ਰਚਾਰ ਇਤਨਾ ਪ੍ਰਫੁੱਲਤ ਹੋਇਆ, ਜਿਸ ਨੇ ਮਾਝੇ ਦੀ ਧੁੰਨੀ ਵਿਚੋਂ ਸਖੀ ਸਰਵਰ ਦੀ ਜੜ੍ਹ ਉਖੇੜ ਦਿੱਤੀ। ਇਹ

1. *ਸੂਰਜ ਪ੍ਰਕਾਸ਼ ਵਾਰਤਕ*, ਸੋਢੀ ਤੇਜਾ ਸਿੰਘ, ਪੰਨਾ ੨੦੦; ਦੇਖੋ *ਸੋਢੀ ਚਮਤਕਾਰ*, ਤ੍ਰਿਲੋਕ ਸਿੰਘ, ਪੰਨਾ ੧੭੩; ਦੇਖੋ ਮੈਕਾਲਿਫ਼, ਜਿਲਦ ੧, *ਦੀ ਸਿੱਖ ਰੀਲੀਜਨ*, ਪੰਨਾ ੨੫।

ਸਰਵਰੀਏ ਫ਼ਕੀਰ ਪਰਜਾ ਨੂੰ ਇਸਲਾਮ ਵਿਚ ਖਿੱਚਣ ਦਾ ਪਹਿਲਾ ਕਦਮ ਸੀ ਜਾਂ ਆਖੋ ਇਕ ਆਰੰਭਕ ਹਥਿਆਰ ਸੀ। ਕੇਂਦਰ ਦੇ ਬਣਨੇ ਕਰਕੇ ਇਨ੍ਹਾਂ ਦੀ ਤਬਲੀਗ ਰੁਕ ਗਈ, ਜਿਥੋਂ ਇਨ੍ਹਾਂ ਨੇ ਸਤਿਗੁਰੂ ਜੀ ਦੇ ਖ਼ਿਲਾਫ਼ ਤਕੜੀ ਵੱਡੀ ਖੁਣਸ ਖਾਧੀ, ਔਰ ਪ੍ਰਿਥੀ ਚੰਦ ਅਤੇ ਚੰਦੂ ਦੇ ਨਾਲ ਮਿਲ ਕੇ ਸਤਿਗੁਰੂ ਜੀ ਦੇ ਵਿਰੁੱਧ ਅਣ-ਹੋਈਆਂ ਸਾਜ਼ਸ਼ਾਂ ਰਚਣ ਲੱਗ ਪਏ, ਜੋ ਸਤਿਗੁਰੂ ਜੀ ਦੀ ਸ਼ਹੀਦੀ ਦੇ ਹੋਰ ਕਈ ਕਾਰਨਾਂ ਵਿਚੋਂ ਇਹ ਭੀ ਇਕ ਮਹਾਨ ਕਾਰਨ ਬਣਿਆ।

ਤਰਨ ਤਾਰਨ ਸਾਹਿਬ ਦੀ ਮਹਾਨਤਾ ਦਰਸਾਂਦੇ ਹੋਏ ਹਰੀ ਰਾਮ ਗੁਪਤਾ *ਦੀ ਹਿਸਟਰੀ ਆਫ਼ ਦੀ ਸਿਖਸ* ਵਿਚ ਦਰਜ ਕਰਦੇ ਹਨ :

> (iii) Tarn Taran : Guru Arjan often went on tours to spread the gospel of Nanak among the Jat peasantry of Majha tract. In 1590 he was struck by an attractive site twenty kilometres south of Amritsar. Here he laid out another big tank which was named Tarn Taran, which means a raft to take men across world's ocean. It became another important place of pilgrimage. It saved Hindus from becoming Musalmans due to the propaganda of Sakhi-Sarwar Muslims whose seat was located at a distance of 12 kms. (called Pakhoke).[1]

ਤਰਨ ਤਾਰਨ ਸਾਹਿਬ ਦੀ ਸਿਰਜਨਾ ਦੀ ਬਾਬਤ ਸੱਯਦ ਮੁਹੰਮਦ ਲਤੀਫ਼ ਭੀ ਆਪਣੀ ਪੁਸਤਕ *ਹਿਸਟਰੀ ਆਫ਼ ਦੀ ਪੰਜਾਬ* ਵਿਚ ਭੀ ਦਰਜ ਕਰਦੇ ਹਨ ਕਿ ਸਤਿਗੁਰੂ ਅਰਜਨ ਸਾਹਿਬ ਜੀ ਨੇ ਇਕ ਹੋਰ ਕੇਂਦਰ ਦੀ ਸਥਾਪਨਾ ਅੰਮ੍ਰਿਤਸਰ ਜ਼ਿਲ੍ਹੇ ਵਿਚ ਕਾਇਮ ਕੀਤੀ।

ਜਦੋਂ ਸਤਿਗੁਰੂ ਅਰਜਨ ਦੇਵ ਜੀ ਮਾਝੇ ਦੇਸ਼ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਕਰਦੇ 'ਖਾਰਾ' ਪਿੰਡ ਵਿਚ ਪੁਜੇ, ਉਥੇ ਦੇ ਚੌਧਰੀ ਨੇ ਸਤਿਗੁਰੂ ਜੀ ਦਾ ਬਹੁਤ ਹੀ ਜ਼ਿਆਦਾ ਸੁਆਗਤ ਤੇ ਆਦਰ ਮਾਣ ਕੀਤਾ। ਤਰਨ ਤਾਰਨ ਵਾਲੀ ਰਮਣੀਕ ਥਾਂ ਵੇਖ ਕੇ ਸਤਿਗੁਰੂ ਜੀ ਨੇ ਚੌਧਰੀ ਨੂੰ ਆਖਿਆ ਕਿ ਪਿੰਡਾਂ ਦੇ ਲੋਕਾਂ ਤੋਂ ਪੁੱਛ ਕੇ ਇਸ ਥਾਂ ਦੀ ਪ੍ਰਾਪਤੀ ਕੀਤੀ ਜਾਵੇ, ਤਾਕਿ ਇਥੇ ਇਕ ਹੋਰ

---

1. Hari Ram Gupta, I, p. 132; and see Syad Muhammad Latif, *History of the Punjab*. He also built the celebrated tank called 'Tarn Taran' in the Amritsar district. p. 254.

ਸਿੱਖੀ ਦੇ ਕੇਂਦਰ ਦੀ ਨੀਂਹ ਰੱਖੀ ਜਾ ਸਕੇ। ਮਿਸਟਰ ਮੈਕਾਲਿਫ਼ ਆਪਣੀ ਕਿਤਾਬ *ਦੀ ਸਿੱਖ ਰੀਲੀਜਨ* ਵਿਚ ਨਿਮਨ-ਲਿਖਤ ਦੇ ਅਨੁਸਾਰ ਦਰਜ ਕਰਦੇ ਹਨ:

> The Guru thence proceeded to the village of Khara, where he was pleased with the prospect around him—the flowering woods and glades, the limpid water and the fresh and exhilarating atmosphere. On entering the village he received a friendly reception from the headman. They afterwards assisted him in obtaining land from the villagers on which he laid the foundation of what is now the famous Sikh city of Tarn Taran, and proceeded to construct a tank for the devotional ablutions of his Sikhs. The year in which these events occurred is stated to be A.D. 1590. The name Tarn Taran means a raft to take men across the world's ocean.[1]

ਅੰਮ੍ਰਿਤਸਰ ਦੀ ਉਸਾਰੀ, ਅੰਮ੍ਰਿਤ ਸਰੋਵਰ ਦੀ ਪਕਿਆਈ, ਦਰਬਾਰ ਸਾਹਿਬ ਦੀ ਸੁਤੰਤਰ ਨਿਰਾਕਾਰਤਾ, ਸਤਿਗੁਰੂ ਅਰਜਨ ਸਾਹਿਬ ਜੀ ਦੀ ਅਦੁੱਤੀ ਇਲਹਾਮੀ ਜ਼ੀਨਤ ਸੰਕੇਤਕ ਚਿੰਨ੍ਹ ਵਜੂਦ ਵਿਚ ਆ ਚੁਕੇ ਸਨ। ਜਿਥੋਂ ਸਿੱਖੀ ਦੀ ਉਪਦੇਸ਼ਕ ਗਤੀ ਜਾਰੀ ਰੱਖੀ ਜਾ ਸਕੇ। ਮਗਰ ਸਿੱਖੀ ਦੀ ਆਰੰਭਕ ਚੇਤਨਾ ਮਾਝੇ ਦੇ ਪੇਂਡੂ ਜ਼ਿਮੀਂਦਾਰਾਂ ਤੋਂ ਆਰੰਭ ਹੋਈ ਸੀ। ਇਸ ਵਾਸਤੇ ਸਤਿਗੁਰੂ ਜੀ ਦੀ ਮਹੀਨ ਸੋਚਣੀ ਇਸ ਨੁਕਤੇ 'ਤੇ ਆਣ ਖਲੋਤੀ ਕਿ ਮਾਝੇ ਦੀ ਪੁੰਨੀ ਵਿਚ ਇਕ ਹੋਰ ਐਸਾ ਸਿੱਖੀ ਕੇਂਦਰ ਵਜੂਦ ਵਿਚ ਲਿਆਂਦਾ ਜਾਵੇ ਤਾਕਿ ਨਗਾਹੇ ਦੇ ਪੀਰ ਸਰਵਰੀ ਹਿਤੈਸ਼ੀਆਂ ਨੂੰ ਵਿਅਕਤੀਗਤ ਉਪਾਸ਼ਨਾ ਵਲੋਂ ਮੋੜ ਕੇ ਕੇਵਲ ਵਾਹਦੀਅਤ ਦੀ ਸੁਹਜਮਈ ਤਰਜ਼ ਨਾਲ ਜੋੜਿਆ ਜਾ ਸਕੇ। ਬਸ ਇਸੇ ਖ਼ਿਆਲ ਦੀ ਤਕਮੀਲ ਵਾਸਤੇ ਹਜ਼ੂਰ ਨੇ ਤਰਨ ਤਾਰਨ ਕੇਂਦਰ ਦੀ ਪਾਵਨ ਬੁਨਿਆਦ ਆਪਣੇ ਕਰ-ਕਮਲਾਂ ਨਾਲ ਰੱਖੀ। ਨਾਰੰਗ ਆਪਣੀ ਇਤਿਹਾਸਕ ਕਿਤਾਬ ਵਿਚ ਐਸੇ ਦਰਜ ਕਰਦਾ ਹੈ:

> The foundation of the city of Amritsar and its conversion into a base of operations by Guru Arjan had considerably contributed to the propagation of Sikhism among the Jats of Majha, and now the

1. Macauliffe, iii, p. 24-25.

Guru as it were carried the new faith and new ideas to their very doors by establishing an important centre in the heart of the population. The town of Tarn Taran was founded and a large tank laid out. Tarn Taran is the capital of the tract of country known as the Majha or the middle land, which extends from the Ravi to Beas, the nursery of the chivalry of the Native army, and the home of a sturdy and strong race of the agriculturist[1]. It was the light that radiated from Amritsar and Tarn Taran that made the peasantry realise their strength and transformed them from peaceful and toiling husbandmen into fiery soldiers and rulers of the soil which their ancestors had ploughed a few generations before them[2].

ਤਰਨ ਤਾਰਨ ਸਾਹਿਬ ਦੀ ਉਸਾਰੀ ਨੇ ਮਾਝੇ ਦੀ ਧਰਤੀ ਵਿਚ ਇਕ ਨਵੀਂ ਅਤੇ ਨਿਵੇਕਲੀ ਰੂਹ ਪੈਦਾ ਕਰ ਦਿੱਤੀ, ਜੋ ਕਿਸਾਨ ਸਖ਼ਤ ਘਾਲਣਾ ਘਾਲ ਕੇ ਖੇਤੀ ਬਾੜੀ ਦਾ ਕੰਮ ਕਰਦੇ ਸਨ, ਔਰ ਆਪਣੇ ਪਰਵਾਰਾਂ ਦੀ ਪਾਲਣਾ ਬੜੇ ਸ਼ਾਂਤਮਈ ਢੰਗ ਦੁਆਰਾ ਕਰਦੇ ਸਨ। ਉਨ੍ਹਾਂ ਵਿਚ ਆਪਣੇ ਦੇਸ਼ ਦੀ ਪਹਿਰੇਦਾਰੀ ਦਾ ਜਜ਼ਬਾ ਜਾਗ ਉਠਿਆ। ਉਹ ਜੋਸ਼ੀਲੇ, ਉਤਸ਼ਾਹੀ, ਘੋੜ ਸਵਾਰੀ ਦੇ ਸ਼ਾਹਸਵਾਰ ਖ਼ਾਲਸਈ ਫ਼ੌਜਾਂ ਦੇ ਮੋਹਰੀ ਅਤੇ ਆਪਣੀ ਪਵਿੱਤਰ ਭੂਮੀ ਦੇ ਨਾਜ਼ਮ ਹੋ ਨਿਬੜੇ।

ਇਹ ਸਤਿਗੁਰੂ ਅਰਜਨ ਸਾਹਿਬ ਜੀ ਦੀ ਹੀ ਦੀਰਘ ਦ੍ਰਿਸ਼ਟੀ ਅਤੇ ਫ਼ਜ਼ੀਲਤ ਭਰਪੂਰ ਰਹੱਸਮਈ ਜ਼ੀਨਤ ਸੀ, ਜਿਸ ਨੇ ਮਾਝੇ ਦੀ ਧਰਤੀ ਵਿਚ ਅੰਮ੍ਰਿਤਸਰ ਅਤੇ ਤਰਨ ਤਾਰਨ ਜੈਸੇ ਸਿੱਖੀ ਕੇਂਦਰ ਸਥਾਪਨ ਕਰ ਕੇ ਸਿੱਖੀ ਦੀ ਜਨਮ-ਭੂਮੀ ਵਿਚੋਂ ਨਾਪਾਕ ਨਦੀਨ ਨੂੰ ਜੜ੍ਹੋਂ ਉਖਾੜਨ ਲਈ ਸਤਿ ਦਾ ਹਲ ਚਲਾਇਆ, ਜਿਸ ਦਾ ਫਲ ਰੱਬ ਨੂੰ ਸਿਜਦਾ ਕਰਨ ਵਾਲਾ ਹਰ ਵਿਅਕਤੀ ਅੱਜ ਤਕ ਮਾਣ ਰਿਹਾ ਹੈ। ਇਸ ਪਾਵਨ ਤਰਨ ਤਾਰਨ ਕੇਂਦਰ ਦੀ ਬੁਨਿਆਦ ਹਜ਼ੂਰ ਪੰਚਮ ਨਾਨਕ ਜੀ ਨੇ ਸੰਨ ੧੫੯੦ ਈਸਵੀ ਵਿਚ ਆਪਣੇ ਕਰ-ਕਮਲਾਂ ਦੁਆਰਾ ਰੱਖੀ।

1. *Gazetteer of Amritsar*, 1883-1884.

2. G.C. Narang, *Transformation of Sikhism*, p. 42.

ਕਰਤਾਰਪੁਰ ਦੀ ਸਥਾਪਨਾ

ਤਰਨ ਤਾਰਨ ਸਾਹਿਬ ਦੀ ਉਸਾਰੀ ਸਮੇਂ ਗੁਰੂ ਕਾਲ ਦੇ ਹਾਕਮ ਨੂਰ-ਉ-ਦੀਨ ਨੇ ਗੁਰੂ ਕੇ ਸਿੱਖਾਂ ਦੇ ਲਗਾਏ ਹੋਏ ਭੱਠਿਆਂ ਵਿਚੋਂ ਇੱਟਾਂ ਧੱਕੇ ਨਾਲ ਚੁੱਕ ਕੇ ਨੂਰ ਦੀ ਸਰਾਂ ਅਤੇ ਆਪਣੇ ਮਕਾਨਾਂ ਨੂੰ ਲਾ ਲਈਆਂ। ਸਤਿਗੁਰੂ ਜੀ ਨੇ, ਜੋ ਉਸ ਸਮੇਂ ਦੇ ਰੱਬੀ ਰਹਿਬਰ ਸਨ, ਨੂਰ-ਉ-ਦੀਨ ਦੇ ਛੇੜੇ ਹੋਏ ਇੱਟਾਂ ਦੇ ਵਾਦ-ਵਿਵਾਦ ਵਿਚ ਸ਼ਮੂਲੀਅਤ ਕਰਨੀ ਠੀਕ ਨਹੀਂ ਸਮਝੀ। ਇਸ ਵਾਸਤੇ ਸਤਿਗੁਰੂ ਜੀ ਤਰਨ ਤਾਰਨ ਤੋਂ ਹਿਜਰਤ ਕਰ ਕੇ ਭਾਈ ਹੇਮੇ ਦੀ ਛੱਪਰੀ ਵਿਚ ਪਿੰਡ ਛਾਪਰੇ ਆਣ ਬਿਰਾਜੇ। ਭਾਈ ਹੇਮੇ ਨੇ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਸੰਗਤ ਦੀ ਸੇਵਾ ਕੀਤੀ। ਹੇਮੇ ਕੀ ਵਾਰਤਾ ਨਿਮਨ-ਲਿਖਤ ਦੇ ਆਧਾਰਤ ਕੀਤੀ ਜਾ ਸਕਦੀ ਹੈ:

ਤਰਨ ਤਾਰਨ ਸਾਹਿਬ ਅਤੇ ਗੋਇੰਦਵਾਲ ਸਾਹਿਬ ਦੇ ਵਿਚਕਾਰ ਇਕ ਪਿੰਡ ਹੈ, ਜਿਸ ਦਾ ਨਾਮ ਖ਼ਾਨਪੁਰ ਕਰਕੇ ਲਿਖਿਆ ਹੈ। ਤ੍ਰਿਕਾਲਾਂ ਦਾ ਸਮਾਂ ਸੀ, ਸਤਿਗੁਰੂ ਜੀ ਕੁਝ ਸਿੱਖਾਂ ਸਮੇਤ ਇਸ ਪਿੰਡ ਦੀ ਜੂਹ ਵਿਚ ਆਏ। ਭਾਰੀ ਮੀਂਹ ਅਤੇ ਸਿਆਲੇ ਦੀ ਠੰਡੀ ਠਾਰ ਹੱਡ-ਭੰਨਵੀਂ ਹਵਾ ਚਲ ਰਹੀ ਸੀ। ਭਾਈ ਗੁਰਦਾਸ ਜੀ ਅਤੇ ਭਾਈ ਬਿਧੀ ਚੰਦ ਜੀ ਭੀ ਸਤਿਗੁਰੂ ਜੀ ਦੇ ਨਾਲ ਹੀ ਸਨ, ਭਾਈ ਬਿਧੀ ਚੰਦ ਨੇ ਸਤਿਗੁਰਾਂ ਅਗੇ ਬੇਨਤੀ ਕੀਤੀ ਕਿ ਸਿਆਲੇ ਦਾ ਠੱਕਾ ਬਹੁਤ ਤੇਜ਼ ਹੈ, ਆਹ ਸਾਹਮਣੇ ਪਿੰਡ ਵਿਚ ਉੱਚੀ ਅਟਾਰੀ ਨਜ਼ਰੀਂ ਪੈਂਦੀ ਹੈ, ਜੇ ਹੁਕਮ ਹੋਵੇ ਤਦ ਮੈਂ ਪੁੱਛ ਆਵਾਂ ਤੇ ਰਾਤ ਉਥੇ ਕੱਟੀਏ ? ਸਤਿਗੁਰੂ ਅੰਤਰਜਾਮੀ ਨੇ ਨਾਂਹ ਕਰ ਦਿੱਤੀ, ਦੁਰਜਨਾਂ ਦੀ ਸੰਗਤ ਨਾਲੋਂ ਇਥੇ ਹੀ ਚੰਗੇ ਰਹਾਂਗੇ। ਪਰ ਬਿਧੀ ਚੰਦ ਨੇ ਪਿੰਡ ਜਾਣ ਵਾਸਤੇ ਥੋੜ੍ਹੀ ਜ਼ਿਦ ਕੀਤੀ। ਆਖ਼ਰ ਸਤਿਗੁਰਾਂ ਨੂੰ ਰਜ਼ਾਮੰਦ ਕਰ ਹੀ ਲਿਆ। ਸਤਿਗੁਰਾਂ ਦੀ ਆਗਿਆ ਲੈ ਕੇ ਬਿਧੀ ਚੰਦ ਪਿੰਡ ਵਿਚ ਰਾਤ ਕੱਟਣ ਲਈ ਪੁੱਛਣ ਚਲਾ ਗਿਆ। ਆਸਰਾ ਲੈਣ ਦਾ ਯਤਨ ਕੀਤਾ, ਕਿਉਂਕਿ ਰਾਤ ਦੀ ਸਰਦੀ ਹੱਡਾਂ ਨੂੰ ਭੰਨਦੀ ਜਾ ਰਹੀ ਸੀ, ਪਰ ਪਿੰਡ ਵਾਲਿਆਂ ਬਿਧੀ ਚੰਦ ਦੀ ਕੋਈ ਗੱਲ ਨਾ ਸੁਣੀ। ਕਾਫ਼ੀ ਮੰਦੇ

ਸ਼ਬਦ ਸੁਣ ਕੇ ਵਾਪਸ ਪਰਤ ਆਇਆ। ਆਪਣੀ ਹੱਡ-ਬੀਤੀ ਸਤਿਗੁਰੂ ਜੀ ਅਗੇ ਆ ਸੁਣਾਈ। ਸਤਿਗੁਰਾਂ ਆਖਿਆ, "ਭਾਈ ਬਿਧੀ ਚੰਦ ਕੋਈ ਖ਼ਿਆਲ ਨਾ ਕਰੋ, ਕੋਈ ਸ਼ਰਧਾ ਵਾਲਾ ਆਪਣੇ ਆਪ ਹੀ ਆਵੇਗਾ ਅਤੇ ਆਪਾਂ ਸਾਰਿਆਂ ਨੂੰ ਰਾਤ ਕੱਟਣ ਲਈ ਟਿਕਾਣਾ ਦੇਵੇਗਾ।" ਸਤਿਗੁਰੂ ਜੀ ਦੀ ਭਵਿੱਖ ਬਾਣੀ ਦੇ ਅਨੁਸਾਰ ਇਕ ਸਿੱਖ ਆਇਆ ਜਿਸ ਦਾ ਨਾਮ ਹੇਮਾ ਹੈ। ਅਰਜ਼ ਕੀਤੀ, "ਸੱਚੇ ਪਾਤਿਸ਼ਾਹ ਜੀ! ਮੇਰੇ ਧੰਨ ਭਾਗ ਹਨ ਜੋ ਆਪ ਅਤੇ ਆਪ ਜੀ ਦੇ ਸਿੱਖ ਆਏ ਹਨ, ਮੇਰੀ ਛੱਪਰੀ ਵਿਚ ਚਲੋ, ਰਾਤ ਉਥੇ ਕੱਟੋ ਜੀ।" ਸਤਿਗੁਰੂ ਜੀ ਪੰਜਾਂ ਸਿੱਖਾਂ ਸਮੇਤ ਹੇਮੇ ਦੀ ਛੱਪਰੀ ਵਿਚ ਆਣ ਉਤਰੇ। ਹੇਮਾ ਚੱਕੀ ਪੀਹ ਕੇ ਗੁਜ਼ਾਰਾ ਕਰਦਾ ਸੀ। ਫ਼ਾਲਤੂ ਸਮੇਂ ਨਾਮ ਜਪਦਾ ਤੇ ਗੁਰਬਾਣੀ ਪੜ੍ਹਦਾ ਸੀ। ਹੇਮੇ ਕੋਲ ਉਪਰ ਲੈਣ ਲਈ ਇਕ ਬੜਾ ਖੁਰਦਰਾ ਅਤੇ ਪੁਰਾਣਾ ਕੰਬਲ ਭੀ ਸੀ। ਪਰ ਹੇਮਾ ਸ਼ਰਧਾ, ਸਿਦਕ, ਸਬਰ, ਸ਼ੁਕਰ, ਰਜ਼ਾ, ਰਹਿਮਤ ਵਿਚ ਰਹਿ ਕੇ ਜੀਵਨ ਬਤੀਤ ਕਰਨ ਵਾਲਾ ਸਾਦਾ ਲੋਹ ਸਿੱਖ ਸੀ। ਹੇਮੇ ਨੇ ਆਪਣੇ ਹੱਥੀਂ ਭੋਜਨ ਤਿਆਰ ਕੀਤਾ, ਜੋ ਉਸ ਸਮੇਂ ਉਸ ਪਾਸ ਮੌਜੂਦ ਸੀ। ਸਤਿਗੁਰੂ ਜੀ ਨੇ ਫ਼ੁਰਮਾਇਆ, "ਹੇਮੇ! ਭੋਜਨ ਪਿਆਰਾ ਨਹੀਂ ਹੈ, ਪਰ ਤੇਰਾ ਭਾਉ ਪਿਆਰਾ ਹੈ।" ਰਾਤ ਨੂੰ ਸੌਣ ਵੇਲੇ ਹੇਮੇ ਨੇ ਆਪਣਾ ਇਕੋ ਇਕ ਕੰਬਲ ਸਤਿਗੁਰੂ ਜੀ ਦੇ ਹਵਾਲੇ ਕੀਤਾ, ਔਰ ਸਾਰੀ ਰਾਤ ਭਾਉ ਭਗਤਿ ਵਿਚ ਆ ਕੇ ਸੇਵਾ ਸਿਮਰਨ ਕਰਦਿਆਂ ਰਾਤਰੀ ਗੁਜ਼ਾਰੀ। ਇਸ ਸਮੇਂ ਸਤਿਗੁਰੂ ਜੀ ਨੇ ਵਾਕ ਉਚਾਰਨ ਕੀਤਾ:

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥੧॥ਰਹਾਉ॥
ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ॥੧॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥੨॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ॥੩॥
ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ॥੪॥੧॥੪੧॥[1]

—ਸੂਹੀ ਮ: ੫, ਪੰਨਾ ੭੪੫-੭

ਅਜ ਸਤਿਗੁਰੂ ਜੀ ਹੇਮੇ ਦੀ ਛੱਪਰੀ ਵਿਚ ਪ੍ਰਤੱਖ ਹਰੀ ਦਾ ਰੂਪ ਧਾਰ ਕੇ ਬੈਠੇ ਹਨ। ਗੁਰੂ ਗ਼ਰੀਬਾਂ ਦਾ ਸੰਗੀ ਹੈ:

1. ਦੇਖੋ ਮੈਕਾਲਿਫ਼, ਜਿਲਦ ਤੀਜੀ, ਪੰਨਾ ੨੨।

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

—ਸਿਰੀ ਰਾਗੁ ਮ: ੧, ਪੰਨਾ ੧੫-੯

ਜਿਵੇਂ ਸਤਿਗੁਰੂ ਨਾਨਕ ਦੇਵ ਜੀ ਮਲਿਕ ਭਾਗੋ ਦਾ ਭੋਜਨ ਛੱਡ ਕੇ ਭਾਈ ਲਾਲੋ ਦੇ ਘਰ ਜਾ ਬਿਰਾਜੇ, ਸ੍ਰੀ ਕ੍ਰਿਸ਼ਨ ਜੀ ਦੁਰਯੋਧਨ ਨੂੰ ਛੱਡ ਕੇ ਬਿਦਰ ਦੀ ਝੁੱਗੀ ਵਿਚ ਆਣ ਬਿਰਾਜੇ, ਬਿਲਕੁਲ ਇਸੇ ਤਰ੍ਹਾਂ ਅਜ ਸਤਿਗੁਰੂ ਅਰਜਨ ਦੇਵ ਜੀ ਖ਼ਾਨਪੁਰ ਦੀਆਂ ਅਟਾਰੀਆਂ ਛੱਡ ਕੇ ਭਾਈ ਹੇਮੇ ਨੂੰ ਮਾਣ ਬਖ਼ਸ਼ ਰਹੇ ਹਨ।

ਭਾਈ ਹੇਮੇ ਕੋਲੋਂ ਵਿਦਾ ਹੋ ਕੇ ਸਤਿਗੁਰੂ ਜੀ ਸਰਹਾਲੀ ਵਿਚ ਆਣ ਪਧਾਰੇ। ਇਥੇ ਸਤਿਗੁਰਾਂ ਨੇ ਸੰਗਤਾਂ ਵਿਚ ਨਾਮ ਦਾਨ ਅਤੇ ਇਸ਼ਨਾਨ ਦੀ ਦ੍ਰਿੜ੍ਹਤਾ ਬਖ਼ਸ਼ੀ। ਸਤਿਗੁਰਾਂ ਦੀ ਪਾਵਨ ਯਾਦ ਵਿਚ ਇਥੇ ਗੁਰਦੁਆਰਾ ਚੁਬੱਚਾ ਸਾਹਿਬ ਸੁਭਾਇਮਾਨ ਹੈ। ਸਰਹਾਲੀ ਦੀਆਂ ਸੰਗਤਾਂ ਨੂੰ ਤਾਰਨ ਉਪਰੰਤ ਹਜ਼ੂਰ ਦੀ ਪਾਵਨ ਆਮਦ ਪਿੰਡ ਭੈਣੀ ਵਿਚ ਆਣ ਹੋਈ। ਇਸ ਪਿੰਡ ਦੀ ਇਕ ਮਾਈ, ਜਿਸ ਨੇ ਵੇਖਿਆ ਕਿ ਗੁਰੂ ਕੀ ਸੰਗਤਿ ਬਹੁਤ ਹੀ ਥੱਕੀ ਹੋਈ ਹੈ, ਔਰ ਪ੍ਰਸ਼ਾਦੇ ਦੀ ਆਵੱਸ਼ਕਤਾ ਹੈ। ਦਾਲ ਭਾਜੀ ਦੀ ਦੇਰੀ ਹੋਣ ਕਾਰਨ ਮਾਤਾ ਜੀ ਨੇ ਪਹਿਲੀਆਂ ਪੱਕੀਆਂ ਰੋਟੀਆਂ ਦੀ ਚੂਰੀ ਚੰਗਾ ਚੋਖਾ ਘਿਉ ਮਿੱਠਾ ਪਾ ਕੇ ਬਣਾਈ। ਸਾਰੀ ਸੰਗਤ ਨੇ ਚੂਰੀ ਦਾ ਪ੍ਰਸ਼ਾਦ ਪ੍ਰਸੰਨ ਹੋ ਕੇ ਛਕਿਆ। ਹਜ਼ੂਰ ਨੇ ਮਾਤਾ ਜੀ ਦੀ ਚੂਰਮ ਸੇਵਾ 'ਤੇ ਤੁੱਠ ਕੇ ਮੁਬਾਰਕ ਬਚਨ ਕੀਤਾ, "ਜਿਥੇ ਘਿਉ ਮਿੱਠੇ ਦਾ ਸਨਿਗੱਧ ਭੋਜਨ ਮਿਲੇ, ਇਸ ਪਿੰਡ ਦਾ ਨਾਮ ਭੈਣੀ ਨਹੀਂ ਹੋਣਾ ਚਾਹੀਦਾ, ਬਲਕਿ ਚੋਲ੍ਹਾ ਹੋਣਾ ਚਾਹੀਦਾ ਹੈ।" ਅਜ ਤਕ ਉਸ ਪਿੰਡ ਦਾ ਨਾਮ ਚੋਲ੍ਹਾ ਸਾਹਿਬ ਹੈ। ਇਸ ਮੁਬਾਰਕ ਸਮੇਂ ਹਜ਼ੂਰ ਲਈ ਇਕ ਇਲਹਾਮੀ ਵਾਕ ਨਾਜ਼ਲ ਹੋਇਆ :

ਸੀਤਲ ਸਾਂਤਿ ਮਹਾ ਸੁਖੁ ਪਾਇਆ ਸੰਤ ਸੰਗਿ ਰਹਿਓ ਓਲ੍ਹਾ ॥
ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ ॥

—ਧਨਾਸਰੀ ਮ: ੫, ਪੰਨਾ ੬੭੨-੧੯[1]

ਚੋਲ੍ਹਾ ਸਾਹਿਬ ਦੀ ਮਿੱਠੀ ਮਿੱਠੀ ਯਾਦ ਤੋਂ ਉਪਰੰਤ ਹਜ਼ੂਰ ਗੋਇੰਦਵਾਲ ਸਾਹਿਬ ਤੋਂ ਹੁੰਦੇ ਹੋਏ ਬਿਆਸਾ ਨਦੀ ਨੂੰ ਪਾਰ ਕਰ ਕੇ ਡੱਲੇ ਪਿੰਡ ਵਿਚ ਚਲੇ ਗਏ। ਆਪ ਜੀ ਇਸ ਪਿੰਡ ਵਿਚ ਹੀ ਬਿਰਾਜ ਰਹੇ ਸਨ ਕਿ ਜਲੰਧਰ ਦਾ ਹਾਕਮ ਸੱਯਦ ਅਜ਼ੀਮ ਖ਼ਾਨ ਜੋ ਇਨ੍ਹਾਂ ਨਗਰਾਂ ਦੇ ਦੌਰੇ 'ਤੇ ਆਇਆ ਹੋਇਆ

---

1. ਦੇਖੋ ਮੈਕਾਲਿਫ, ਜਿਲਦ ਤੀਜੀ, ਪੰਨਾ ੨੧-੨੨ ਅਤੇ *ਸੂਰਜ ਪ੍ਰਕਾਸ਼* ਵਾਰਤਕ, ਸੋਢੀ ਤੇਜਾ ਸਿੰਘ, ਪੰਨਾ ੨੦੧।

ਸੀ, ਉਸ ਨੇ ਸਤਿਗੁਰੂ ਜੀ ਦੀ ਨੂਰਾਨੀ ਸੋਭਾ ਸੁਣ ਕੇ ਦਰਸ਼ਨ ਕਰਨ ਹਿਤ ਡੱਲੇ ਪਿੰਡ ਵਿਚ ਆਣ ਡੇਰਾ ਕੀਤਾ। ਸੂਬੇਦਾਰ ਅਜ਼ੀਮ ਖ਼ਾਨ ਆਪ ਜੀ ਦੇ ਦਰਗਾਹੀ ਦਰਸ਼ਨ ਅਤੇ ਇਲਹਾਮੀ ਕਲਾਮ ਸੁਣ ਕੇ ਬਹੁਤ ਹੀ ਪ੍ਰਭਾਵਤ ਹੋਇਆ। ਅਜ਼ੀਮ ਖ਼ਾਨ ਨੇ ਬੇਨਤੀ ਕੀਤੀ ਕਿ ਆਪ ਜੀ ਹਮੇਸ਼ਾ ਜਲੰਧਰ ਦੇ ਨੇੜੇ ਨਿਵਾਸ ਰੱਖੋ ਤਾਕਿ ਅਸੀਂ ਭੀ ਆਪ ਜੀ ਦੀ ਵਹਦੀਅਤ ਭਰਪੂਰ ਤਬਲੀਗ ਦਾ ਲਾਭ ਉਠਾ ਸਕੀਏ। ਗੁਰੂ ਜੀ ਨੂੰ ਬੇਨਤੀ ਕਰ ਕੇ ਸੂਬਾ ਆਪਣੇ ਨਾਲ ਹੀ ਲੈ ਗਿਆ। ਇਕ ਸੁੰਦਰ ਰਮਣੀਕ ਜਗ੍ਹਾ ਵਿਖਾਈ। ਸਤਿਗੁਰੂ ਜੀ ਨੇ ਇਸ ਅਸਥਾਨ ਨੂੰ ਬਹੁਤ ਹੀ ਪਸੰਦ ਕੀਤਾ। ਆਪ ਜੀ ਨੇ ਇਸ ਜਗ੍ਹਾ ਦੀ ਕੀਮਤ ਤਾਰ ਕੇ ਸਰਕਾਰੀ ਪਟਾ ਲਿਖਵਾ ਲਿਆ, ਔਰ ਆਪਣੇ ਮੁਬਾਰਕ ਹੱਥਾਂ ਦੁਆਰਾ ਇੱਕੀ (੨੧) ਮੱਘਰ ਸੰਮਤ ੧੬੫੧ (ਸੰਨ ੧੫੯੪) ਨੂੰ ਇਕ ਵੱਡੀ, ਲੰਮੀ ਅਤੇ ਮੋਟੀ ਟਾਹਲੀ ਦਾ ਥੰਮ੍ਹ ਬਣਵਾਇਆ ਜੋ ਪਿੰਡ ਦੀ ਮੋਹੜੀ ਦੇ ਰੂਪ ਵਿਚ ਗੱਡਿਆ ਗਿਆ। ਇਸ ਗੁਰਦੁਆਰਾ ਸਾਹਿਬ ਦਾ ਪਾਵਨ ਨਾਮ ਥੰਮ੍ਹ ਸਾਹਿਬ ਕਰਕੇ ਪ੍ਰਸਿੱਧ ਹੋਇਆ, ਔਰ ਨਗਰੀ ਦਾ ਪਵਿੱਤਰ ਨਾਮ ਕਰਤਾਰਪੁਰ ਰੱਖਿਆ। ਕੁਝ ਸਮਾਂ ਠਹਿਰ ਕੇ ਸੰਮਤ ੧੬੫੭ ਵਿਚ ਹਜ਼ੂਰ ਨੇ ਇਥੇ ਇਕ ਵੱਡਾ ਖੂਹ ਲਗਵਾਇਆ, ਜਿਸ ਦਾ ਸ਼ੁਭ ਨਾਮ ਮਾਤਾ ਗੰਗਾ ਜੀ ਦੇ ਪਵਿੱਤਰ ਨਾਮ ਨਾਲ ਗੰਗਸਰ ਕਰਕੇ ਮਸ਼ਹੂਰ ਹੋਇਆ।[1]

ਕਰਤਾਰਪੁਰ ਦੀ ਹੋਰ ਵਧੇਰੇ ਜਾਣਕਾਰੀ ਲਈ ਗਿਆਨੀ ਗਿਆਨ ਸਿੰਘ ਜੀ *ਪੰਥ ਪ੍ਰਕਾਸ਼* ਵਿਚ ਦਰਜ ਕਰਦੇ ਹਨ :

> **ਸੱਯਦ ਖਾਨ ਅਜ਼ੀਮ ਹੁਤੋ ਤਬਿ, ਹਾਕਮ ਵੀਚ ਜਲੰਧਰ ਨੀਕੋ ॥**
> **ਦੋਸਤ ਪੋਸਤ ਜੈਸ ਫਕੀਰਨ, ਥਾ ਵਹਿ ਪੀਰਨ ਕੇਰ ਸਦੀਕੋ ॥**
> **ਸੋ ਸੁਨਿ ਕੈ ਗੁਰ ਕੋ ਜਸ, ਆਇ ਮੁਰੀਦ ਭਯੋ ਮਨ ਔ ਤਨ ਹੀ ਕੋ ॥**
> **ਨੀਮ ਖ਼ੁਦਾਇ ਰਹੀਮ ਕਰੀਮ, ਫ਼ਹੀਮ ਕਲੀਮ ਲਖਯੋ ਗੁਰ ਜੀ ਕੋ ॥੭੦॥**
> **ਜੌਂ ਪਤਿਸ਼ਾਹਿ ਗਯੋ ਗੁਰ ਪੈ, ਅਰ ਖ਼ਾਨ ਵਜ਼ੀਰ ਮੁਰੀਦ ਪਛਾਨੇ ॥**
> **ਯਾਂ ਹਿਤ ਭੀ ਸਭਿ ਲੋਗ ਲਿਹਾਜ਼ ਰਖੈਂ, ਗੁਰ ਕੋ ਬਡ ਹਾਕਮ ਮਾਨੇ ॥**
> **ਖੋੜਸ ਸੈ ਪਚਵੰਜਾ (ਸੰਮਤ ੧੬੫੫) ਵਿਖੇ,**
> **ਕਰਤਾਰਪੁਰ ਗੁਰੁ ਕੀਨ ਬਸਾਨੇ ॥ (ਸੰਨ ੧੫੯੮)**
> **ਇਤਆਦਿਕ ਕਾਰ ਅਪਾਰ, ਉਪਕਾਰ ਕਰੇ ਗੁਰੁ ਪੰਚਮ ਜਾਨੇ ॥੭੧॥**[2]

---

1. ਦੇਖੋ ਮੈਕਾਲਿਫ਼, ਜਿਲਦ ਤੀਜੀ, ਪੰਨਾ ੨੬; *ਸੂਰਜ ਪ੍ਰਕਾਸ਼* ਵਾਰਤਕ, ਸੋਢੀ ਤੇਜਾ ਸਿੰਘ, ਪੰਨਾ ੨੦੨-੨੦੩।
2. ਦੇਖੋ *ਪੰਥ ਪ੍ਰਕਾਸ਼*, ਪੂਰ: ਵਿਸ਼ਰਾਮ ੧੯, ਪੰਨਾ ੬੫੬।

ਹਰਿ ਗੋਬਿੰਦ ਆਗਮਨ

ਜਿਤਨੀ ਤੇਜ਼ ਰਫ਼ਤਾਰੀ ਦੇ ਰਾਹੀਂ ਸਿੱਖੀ ਕੇਂਦਰ ਦੀ ਚੜ੍ਹਤਲ ਹੋਰ ਵਧੇਰੇ ਮਜ਼ਬੂਤ ਹੁੰਦੀ ਗਈ, ਸਤਿਗੁਰੂ ਜੀ ਨੇ ਉਤਨੀ ਹੀ ਸ਼ੀਘਰਤਾ ਲੋਕ-ਭਲਾਈ ਦੇ ਕੰਮਾਂ ਵਿਚ ਲੈ ਆਂਦੀ। ਜਿਸ ਵੇਲੇ ਸਰਕਾਰੀ ਮਾਲੀਆ ਇਕੱਤਰ ਕਰਨ ਵਾਲੇ ਹਾਕਮ ਸੁਲਹੀ ਖ਼ਾਨ ਨੇ ਪ੍ਰਿਥੀ ਚੰਦ ਦੀ ਉਕਸਾਹਟ ਦੁਆਰਾ ਸਤਿਗੁਰੂ ਜੀ 'ਤੇ ਹਮਲਾ ਕਰਨ ਦੀ ਵਿਉਂਤ ਬਣਾਈ, ਤਦ ਧੀਰਜ ਦੇ ਸਾਗਰ ਸਤਿਗੁਰੂ ਜੀ ਗੁਰੂ ਕੀ ਨਗਰੀ ਅੰਮ੍ਰਿਤਸਰ ਤੋਂ ਹਿਜਰਤ ਕਰ ਕੇ ਵਡਾਲੀ ਪਿੰਡ ਵਿਚ ਆਨ ਬਿਰਾਜੇ। ਇਸੇ ਮੁਬਾਰਕ ਪਿੰਡ ਵਿਚ ਹੀ ਸਤਿਗੁਰੂ ਨਾਨਕ ਦੇਵ ਦੀ ਛੇਵੀਂ ਜੋਤਿ ਸਾਹਿਬਜ਼ਾਦਾ ਹਰਿ ਗੋਬਿੰਦ ਸਾਹਿਬ ਜੀ ਨੇ ਮਾਤਾ ਗੰਗਾ ਜੀ ਦੇ ਉਦਰ ਤੋਂ ਹਾੜ੍ਹ ੨੧, ਸੰਮਤ ੧੬੫੨ (ਮੁਤਾਬਿਕ ਜੂਨ ੧੯, ਸੰਨ ੧੫੯੫) ਨੂੰ ਅਵਤਾਰ ਧਾਰਿਆ। ਇਸ ਇਲਾਹੀ ਦਾਤਿ ਦੀ ਪ੍ਰਾਪਤੀ ਪ੍ਰਥਾਇ ਸਤਿਗੁਰੂ ਜੀ ਵਾਸਤੇ ਇਕ ਇਲਹਾਮੀ ਕਲਾਮ ਨਾਜ਼ਲ ਹੋਇਆ, ਜਿਸ ਦੀ ਨੁਹਾਰ ਨਿਮਨ-ਲਿਖਤ ਦੇ ਅਨੁਸਾਰ ਹੈ[1] :

ਸਤਿਗੁਰ ਸਾਚੈ ਦੀਆ ਭੇਜਿ ॥
ਚਿਰੁ ਜੀਵਨੁ ਉਪਜਿਆ ਸੰਜੋਗਿ ॥
ਉਦਰੈ ਮਾਹਿ ਆਇ ਕੀਆ ਨਿਵਾਸੁ ॥
ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥
ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ਰਹਾਉ॥
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥
ਮਿਟਿਆ ਸੋਗੁ ਮਹਾ ਅਨੰਦੁ ਥੀਆ ॥

---

1. ਦੇਖੋ *ਸੂਰਜ ਪ੍ਰਕਾਸ਼* ਵਾਰਤਕ ਲਿਖਤ ਸੋਢੀ ਤੇਜਾ ਸਿੰਘ, ਪੰਨਾ ੨੦੩।

ਗੁਰਬਾਣੀ ਸਖੀ ਅਨੰਦੁ ਗਾਵੈ ॥
ਸਾਚੇ ਸਾਹਿਬ ਕੈ ਮਨਿ ਭਾਵੈ ॥੨॥
ਵਧੀ ਵੇਲਿ ਬਹੁ ਪੀੜੀ ਚਾਲੀ ॥
ਧਰਮ ਕਲਾ ਹਰਿ ਬੰਧਿ ਬਹਾਲੀ ॥
ਮਨ ਚਿੰਦਿਆ ਸਤਿਗੁਰੂ ਦਿਵਾਇਆ ॥
ਭਏ ਅਚਿੰਤ ਏਕ ਲਿਵ ਲਾਇਆ ॥੩॥
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥
ਬੁਲਾਇਆ ਬੋਲੈ ਗੁਰ ਕੈ ਭਾਣਿ ॥
ਗੁਝੀ ਛੰਨੀ ਨਾਹੀ ਬਾਤ ॥
ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥ —ਆਸਾ ਮ: ੫, ਪੰਨਾ ੩੯੬-੨

ਉਕਤ ਦਰਸਾਈ ਇਲਾਹੀ ਜ਼ੀਨਤ ਦੀ ਆਮਦ ਪ੍ਰਥਾਇ ਕਈ ਇਕ ਪ੍ਰਸਿੱਧ ਇਤਿਹਾਸਕਾਰਾਂ ਨੇ ਆਪਣੇ ਆਪਣੇ ਲਤੀਫ਼ ਖ਼ਿਆਲਾਂ ਦਾ ਇਜ਼ਹਾਰ ਬੜੇ ਮਹੱਜ਼ਬ ਢੰਗ ਨਾਲ ਕੀਤਾ ਹੈ। ਮਿਸਟਰ ਮੈਕਾਲਿਫ਼ ਲਿਖਦੇ ਹਨ:

Har Gobind was born at Wadali on the 21st of the month of Harh, Sambat 1652 (A.D. 1595). On his birth the Guru composed the following.[1]

ਹਰੀ ਰਾਮ ਗੁਪਤਾ ਸਤਿਗੁਰੂ ਜੀ ਦੀ ਅੰਮ੍ਰਿਤਸਰ ਤੋਂ ਵਡਾਲੀ ਹਿਜਰਤ ਕਰਨ ਦਾ ਜ਼ਿਕਰ ਆਪਣੀ ਪੁਸਤਕ *ਹਿਸਟਰੀ ਆਫ਼ ਦੀ ਸਿਖਸ* ਵਿਚ ਬਹੁਤ ਸੰਕੋਚਵੇਂ ਅਤੇ ਮਹੱਤਵਪੂਰਨ ਸ਼ਬਦਾਂ ਵਿਚ ਜ਼ਿਕਰ ਕਰਦਾ ਹੈ, ਜਿਸ ਵਿਚ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਆਗਮਨ ਅਤੇ ਛੇਹਰਟਾ ਸਾਹਿਬ ਦੇ ਖੂਹ ਦਾ ਭੀ ਜ਼ਿਕਰ ਕੀਤਾ ਗਿਆ ਹੈ, ਜੋ ਛੇ ਈਰਾਨੀ ਹਲਟਾਂ 'ਤੇ ਚਲਾਇਆ ਗਿਆ ਸੀ। ਇਸ ਹਿਜਰਤ ਦਾ ਵੱਡਾ ਕਾਰਨ ਸੁਲਹੀ ਦਾ ਹਮਲਾ ਹੀ ਦਰਸਾਇਆ ਗਿਆ ਹੈ। ਲਿਖਤ ਨਿਮਨ ਦਰਸਾਏ ਅਨੁਸਾਰ ਹੈ:

(vi) Chheharta :
Sulhi Khan : a Mughal revenue official of Batala led an armed attack on Guru Arjan. The Guru retired to the neighbouring village of Wadali. Finding scarcity of water at the place, the Guru dug a well

1. ਦੇਖੋ ਮੈਕਾਲਿਫ਼, ਜਿਲਦ ਤੀਜੀ, ਪੰਨਾ ੩੫; ਅਤੇ ਆਸਾ ਮ: ੫, ਪੰਨਾ ੩੯੬-੨, see above *Sri Guru Granth Sahib*, p. 396-2.

which was worked by six Persian wheels. The place came to be called Chheharta. It was here that Hargobind, the next Guru was born. The Guru expressed his joy in a hymn. The True Guru hath granted me what my heart desired.[1]

ਵਡਾਲੀ ਵਿਚ ਸਤਿਗੁਰੂ ਹਰਿਗੋਬਿੰਦ ਸਾਹਿਬ ਦੀ ਆਗਮਨ ਦੀ ਖ਼ੁਸ਼ੀ ਵਿਚ ਸਮੂੰਹ ਸਿੱਖ ਸੰਗਤਿ ਨੇ ਬਹੁਤ ਪ੍ਰਸੰਨਤਾ ਦਾ ਪ੍ਰਗਟਾਵਾ ਕੀਤਾ, ਪਰੰਤੂ ਸਤਿਗੁਰੂ ਅਰਜਨ ਦੇਵ ਜੀ ਨੇ ਉਸ ਦਾਤਾਰ ਦੇ ਸ਼ੁਕਰਾਨੇ ਵਿਚ ਧੁਰ ਕੀ ਬਾਣੀ ਦੁਆਰਾ ਇਲਹਾਮੀ ਨਾਦ ਦਾ ਆਲਾਪ ਕੀਤਾ। ਜਿਸ ਇਲਾਹੀ ਕਲਾਮ ਦਾ ਤਜ਼ਕਰਾ ਨਿਮਨ-ਲਿਖਤ ਦੇ ਅਨੁਸਾਰ ਹੈ:

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹਾਰਿਆ ॥
ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥੧॥
ਕਾਰਜੁ ਸਤਿਗੁਰਿ ਆਪਿ ਸਵਾਰਿਆ ॥
ਵਡੀ ਆਰਜਾ ਹਰਿਗੋਬਿੰਦ ਕੀ
ਸੂਖ ਮੰਗਲ ਕਲਿਆਣ ਬੀਚਾਰਿਆ ॥੧॥ਰਹਾਉ॥
ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ
ਸਗਲੇ ਜੀਅ ਸਾਧਾਰਿਆ ... ॥੨॥੫॥੨੩॥

—ਬਿਲਾਵਲੁ ਮ: ੫, ਪੰਨਾ ੮੦੬-੧੯

ਮਾਤਾ ਗੰਗਾ ਜੀ ਪੁੱਤਰ ਦੀ ਇੱਛਾ ਧਾਰ ਕੇ ਬਾਬਾ ਬੁੱਢਾ ਜੀ ਪਾਸ ਆਏ। ਬ੍ਰਹਮ-ਗਿਆਨੀ ਬਾਬਾ ਜੀ ਨੇ ਆਖਿਆ, "ਮਾਤਾ ਜੀ! ਮੈਨੂੰ ਭੁੱਖ ਬਹੁਤ ਲੱਗੀ ਹੈ, ਪਹਿਲਾਂ ਪ੍ਰਸ਼ਾਦ ਛਕਾਵੋ, ਫਿਰ ਤੁਹਾਡੀ ਗੱਲ ਸੁਣਾਂਗਾ।" ਮਾਤਾ ਜੀ ਨੇ ਬੜੀ ਸ਼ਰਧਾ ਦੁਆਰਾ ਪ੍ਰਸ਼ਾਦ ਛਕਾਇਆ। ਫਿਰ ਬਾਬਾ ਜੀ ਨੇ ਬਚਨ ਕੀਤਾ, "ਹੇ ਮਾਤਾ ਜੀ, ਆਪ ਜੀ ਦੇ ਗ੍ਰਹਿ ਬਹੁਤ ਵਲੀ ਜੋਧਾ ਪੁੱਤਰ ਹੋਵੇਗਾ।"

ਸਾਹਿਬ ਬੁਢੇ ਬਚਨ ਅਲਾਯੋ ॥
ਸੁਨਹੁ ਮਾਤ ਤੁਮ ਬਡ ਜਸ ਪਾਯੋ ॥
ਐਸ ਸਮੇਂ ਮਮ ਖੁਧਿਆ ਖੋਈ ॥
ਇੱਛਾ ਸੁਤ ਤੁਮ ਪੂਰੀ ਹੋਈ ॥੧੨੪॥
ਤੁਮਰੇ ਗ੍ਰਿਹ ਪ੍ਰਗਟੇਗਾ ਜੋਧਾ ॥
ਜਾਂ ਕੋ ਬਲ ਗੁਨ ਕਿਨ੍ਹੂੰ ਨ ਸੋਧਾ ॥੧੨੫॥

—ਗੁਰ ਬਿਲਾਸ ਪਾਤਿਸ਼ਾਹੀ ੬, ਪੰਨਾ ੨੪

---

1. Hari Ram Gupta, I, p. 132, and Macauliffe, III, p. 34-35. See *Sri Guru Granth Sahib*, p. 396-2.

ਕਾਲ ਪੈ ਜਾਣਾ

ਜਿਥੇ ਸਤਿਗੁਰੂ ਆਤਮਕ ਅਤੇ ਮਾਨਸਿਕ ਸ਼ਰੀਣੀ ਅਭਿਲਾਸ਼ੀ ਗੁਰੂ ਪਿਆਰਿਆਂ ਲਈ ਜੀਅ-ਦਾਨ ਵਜੋਂ ਵੰਡਦੇ ਸਨ, ਉਥੇ ਸਤਿਗੁਰੂ ਜੀ ਨੇ ਲੋਕ-ਭਲਾਈ ਦੇ ਕਾਰਜ ਨੂੰ ਅੱਖੋਂ ਓਹਲੇ ਨਹੀਂ ਕੀਤਾ। ਲੋਕ-ਭਲਾਈ ਦੇ ਸ਼ੁਭ ਕੰਮਾਂ ਦਾ ਕਰਨਾ, ਆਪਣੀ ਉੱਮਤ ਵਾਸਤੇ ਸੇਵਾ ਅਤੇ ਪਰਉਪਕਾਰੀ ਜ਼ੀਨਤ ਦਾ ਦਰਸਾਉਣਾ ਸੀ। ਜਿਵੇਂ ਤਰਨ ਤਾਰਨ ਸਾਹਿਬ ਵਿਚ ਵੱਡੇ ਰੋਗੀਆਂ ਲਈ ਟਿਕਾਣਾ ਅਤੇ ਹਸਪਤਾਲ ਦੀ ਉਸਾਰੀ ਥਾਂ ਥਾਂ 'ਤੇ ਸੇਵਾ ਸੰਮਤੀ ਦੀਆਂ ਛੋਟੀਆਂ ਵੱਡੀਆਂ ਜਮਾਤਾਂ (ਸੰਗਤਾਂ) ਕਾਇਮ ਕੀਤੀਆਂ। ਇਸੇ ਸਮੇਂ ਹੀ ਸੰਨ ੧੫੯੧ ਈਸਵੀ ਵਿਚ ਦੇਸ਼ ਅੰਦਰ ਇਕ ਬਹੁਤ ਵੱਡਾ ਕਹਿਤ (ਕਾਲ) ਪੈ ਗਿਆ। ਇਸ ਭੁੱਖ-ਮਰੀ ਦੇ ਸਮੇਂ ਹਜ਼ੂਰ ਨੇ ਆਪਣੇ ਹੱਥੀਂ ਦੁੱਖ-ਭੁੱਖ ਦੇ ਸੰਤਾਪੇ ਲੋਕਾਂ ਵਿਚ ਦਵਾਈਆਂ ਵੰਡੀਆਂ, ਅੱਠੇ ਪਹਿਰ ਗੁਰੂ ਕਾ ਲੰਗਰ ਚਾਲੂ ਰੱਖਿਆ। ਕਾਲ ਔਰ ਬੀਮਾਰੀ ਦੇ ਕਾਰਨ ਮੁਰਦਿਆਂ ਦੀਆਂ ਲਾਸ਼ਾਂ ਬਹੁਤ ਵੱਡੀ ਸੰਖਿਆ ਵਿਚ ਹੋ ਗਈਆਂ, ਸਤਿਗੁਰੂ ਜੀ ਨੇ ਆਪਣੇ ਹੱਥੀਂ ਮੁਰਦਾ ਲਾਸ਼ਾਂ ਨੂੰ ਉਨ੍ਹਾਂ ਦੇ ਧਾਰਮਿਕ ਅਕੀਦੇ ਅਨੁਸਾਰ ਸਸਕਾਰਿਆ ਜਾਂ ਦਫ਼ਨ ਕੀਤਾ। ਸਤਿਗੁਰੂ ਜੀ ਵਲੋਂ ਦੁਖਿਆਰੇ ਲੋਕਾਂ ਪ੍ਰਤੀ ਐਸੀ ਸਦਭਾਵਨਾ ਦੇਖ ਕੇ ਪੰਜਾਬ ਦੇ ਆਮ ਸ਼ਹਿਰੀ ਗੁਰਮਤਿ ਵਿਚ ਧੜਾ-ਧੜ ਪ੍ਰਵੇਸ਼ ਕਰਨ ਲੱਗੇ। ਸਿੱਖੀ ਦੇ ਪਸਾਰੇ ਵਿਚ ਹੈਰਾਨੀ-ਜਨਕ ਵਾਧਾ ਹੋਇਆ। ਬਿਨਾਂ ਵਿਤਕਰੇ ਸਤਿਗੁਰੂ ਜੀ ਵਲੋਂ ਕੀਤੀ ਇਨਸਾਨੀ ਖ਼ਿਦਮਤ ਸੁਣ ਕੇ ਬਾਦਸ਼ਾਹ ਅਕਬਰ ਅਤਿਅੰਤ ਹੀ ਪ੍ਰਸੰਨ ਹੋਇਆ ਔਰ ਸਤਿਗੁਰੂ ਜੀ ਦੇ ਰੱਬੀ ਦੀਦਾਰ ਦਾ ਭਰਵਾਂ ਜਲਵਾ ਵੇਖਣ ਲਈ ਉਤਾਵਲਾ ਹੋ ਉਠਿਆ, ਕਿਉਂਕਿ ਵਜ਼ੀਰ ਖ਼ਾਨ ਨੇ ਆਪਣੇ ਅੱਖੀਂ ਡਿੱਠੇ ਦ੍ਰਿਸ਼ ਬਾਦਸ਼ਾਹ ਸਲਾਮਤ ਦੀ ਹਜ਼ੂਰੀ ਵਿਚ ਸਤਿਗੁਰੂ ਜੀ ਦੀ ਇਲਾਹੀ ਸ਼ਖ਼ਸੀਅਤ ਪ੍ਰਤੀ ਬਿਆਨ ਕੀਤੇ। ਸਭ ਤੋਂ ਵੱਡਾ ਇਹੀ ਕਾਰਨ ਸੀ ਕਿ ਬਾਦਸ਼ਾਹ ਦਾ ਮਨ ਸਤਿਗੁਰੂ ਦੇ ਪੈਗੰਬਰੀ ਦੀਦਾਰ ਵਾਸਤੇ

ਬਿਹਬਲ ਹੋ ਉਠਿਆ। ਇਸ ਵਾਰਤਾ ਦਾ ਸੰਕੇਤ ਗਿਆਨੀ ਗਿਆਨ ਸਿੰਘ ਜੀ ਦੇ ਸ਼ਬਦਾਂ ਵਿਚ ਹੋਰ ਵਧੇਰੇ ਸੂਹਜਮਈ ਜਾਪਦਾ ਹੈ। ਵਜ਼ੀਰ ਖ਼ਾਨ ਦਾ ਜਲ-ਧਰ ਰੋਗ ਜਦੋਂ ਸਤਿਗੁਰੂ ਜੀ ਨੇ ਬਾਬਾ ਬੁੱਢਾ ਜੀ ਦੇ ਰਾਹੀਂ ਦੂਰ ਕਰਵਾ ਦਿੱਤਾ, ਤਦ ਵਜ਼ੀਰ ਖ਼ਾਨ ਪ੍ਰਸੰਨ ਹੋ ਕੇ ਬਾਦਸ਼ਾਹ ਪਾਸ ਗਿਆ ਅਤੇ ਅਰਜ਼ ਕੀਤੀ:

ਦੋਹਰਾ॥ ਹੈ ਮੁਰੀਦ ਸਾਦਕ ਵਹੇ (ਵਜ਼ੀਰ ਖ਼ਾਨ) ਮਨ ਤਨ ਰੋਗ ਗਵਾਇ॥
ਗਯੋ ਧਾਮ ਫਿਰ ਸ਼ਾਹਿ ਢਿਗ, ਕਰੀ ਤਾਰੀਫ਼ ਮਹਾਂਇ॥੪੮॥
ਜੋ ਮਹਿਮਾ ਸੁਨਿ ਸ਼ਾਹਿ ਭੀ, ਚਾਅ ਦਰਸ ਕੀ ਕੀਨ॥
ਆਯੋ ਜਬੈ ਲਾਹੌਰ ਦਿਸ, ਅਕਬਰ ਸ਼ਾਹ ਪ੍ਰਬੀਨ॥੪੯॥

ਚੌਪਈ॥ ਸੋਲਾਂ ਸੈ ਅਠਤਾਲੀ ਮਾਂਹੀ॥
ਸ਼ਾਹਿ ਦਰਸਯੋ ਗੁਰ ਕੋ ਚਾਹੀ॥
ਸ਼ਰੱਫ਼ੀ ਧਰੀ ਪਾਂਚ ਸੈਂ ਭੇਟਾ॥
ਸੁਨਿ ਉਪਦੇਸ਼ ਸ਼ੋਕ ਸਭ ਮੇਟਾ॥੫੦॥
ਗੁਰੂ ਤਿਹਾਵਲ ਦਿਯ ਪ੍ਰਸਾਦੂ॥
ਛਕਿਯੋ ਸ਼ਾਹਿ ਨੈ ਸਹਿ ਅਹਿਲਾਦੂ॥
ਕਰੀ ਅਰਜ਼ ਖ਼ਿਦਮਤ ਫ਼ੁਰਮਾਵੋ॥
ਥਾ ਦੁਰਭਿਖ (ਕਾਲ) ਤਬੈ ਬਹੁ ਥਾਵਹੁ॥੫੧॥
ਪਰਜਾ ਕੌ ਗੁਰੁ ਅੰਨ ਦਿਲਾਯੋ॥
ਔਰ ਮਾਮਲਾ ਮਾਫ਼ ਕਰਾਯੋ॥
ਗੁਰ ਚਕ ਕੀ ਜ਼ਮੀਨ ਪਾਤਿਸ਼ਾਹਿ॥
ਜੁਦੀ ਕਰਾਇ ਮਾਫ਼ ਕੀ ਚਾਹਿ॥੫੨॥
ਆਠ ਹਜ਼ਾਰ ਬਿਘੇ ਜਾਮੀਨ॥
ਦਯੋ ਪਟਾ ਲਿਖਿ ਔਰ ਨਵੀਨ॥
ਤਰਨ ਤਾਰਨ ਜਹਿ ਗੁਰੁ ਬਸਾਯਾ॥
ਬਾਦਸ਼ਾਹਿ ਪੁਨ ਐਸ ਅਲਾਯਾ॥੫੩॥

—ਪੰਥ ਪ੍ਰਕਾਸ਼, ਪੂਰ: ਬਿਸ: ੧੯, ਪੰਨਾ ੬੫੩

ਸਤਿਗੁਰੂ ਜੀ ਦੀ ਅਦੁੱਤੀ ਮਹਿਮਾ, ਗੁਰੂ ਕੇ ਲੰਗਰ ਦਾ ਸੰਚਾਲਨ, ਸਿੱਖੀ ਕੇਂਦਰ ਦਾ ਉਭਾਰ, ਲੋਕ-ਭਲਾਈ ਦੇ ਲਾ-ਇਮਤਿਆਜ਼ (ਬਿਨਾਂ ਵਿਤਕਰਾ) ਕਾਰਜਾਂ ਦੀ ਰੁਚੀ, ਰੂਹਾਨੀਅਤ ਦੀ ਅਥਾਹ ਅਤੇ ਅਪਕੜ ਬੁਲੰਦੀ, ਭਾਈਚਾਰਕ ਨਿਆਇ ਪ੍ਰਣਾਲੀ, ਦਸਵੰਧ ਦੀ ਤਨਜ਼ੀਮ ਔਰ ਗੁਰ-ਸਿੱਖੀ ਦੀ ਸੁਭਾਵਕ ਹੀ ਲਾ-ਮਿਸਾਲ ਚੜ੍ਹਤਲ ਨੇ ਸਮਕਾਲੀ ਲਿਖਾਰੀਆਂ ਦੇ ਦਿਲ ਵਿਚ ਇਕ ਤਖ਼ੱਯਲ ਪੈਦਾ ਕਰ ਦਿੱਤਾ ਕਿ ਸਤਿਗੁਰੂ ਜੀ ਨੇ ਹਕੂਮਤ ਦੇ ਵਿਚ ਰਹਿੰਦੇ

ਹੋਏ ਬੜੀ ਵੱਡੀ ਸੰਜੀਦਗੀ ਦੇ ਆਧਾਰ 'ਤੇ ਇਕ ਆਪਣੀ ਸਲਤਨਤ ਕਾਇਮ ਕਰ ਲਈ ਹੈ। ਗੋਕਲ ਚੰਦ ਨਾਰੰਗ ਉਕਤ ਖ਼ਿਆਲ ਦੀ ਪੁਸ਼ਟਤਾ ਨਿਮਨ-ਲਿਖਤ ਦੇ ਆਧਾਰ 'ਤੇ ਕਰਦੇ ਹਨ:

> The character of Guru-ship had already been changed by the adoption of rules of hereditary succession. Now that the number of followers multiplied, the resource increased and the Church was developed into a sort of state. Guru Arjan changed his mode of living, so as to suit the present condition of the community, which he presided.[1]

ਕਾਲ ਪੈਣ ਕਰਕੇ ਪੰਜਾਬ ਦੀ ਖ਼ਲਕਤ ਅਨਾਜ ਵਲੋਂ, ਪੈਸੇ ਵਲੋਂ ਅਤੇ ਰੋਜ਼ਗਾਰ ਵਲੋਂ ਬੜੀ ਗੰਭੀਰ ਸਮੇਂ ਵਿਚੋਂ ਲੰਘ ਰਹੀ ਸੀ। ਉਨ੍ਹੀਂ ਦਿਨੀਂ ਹੀ ਬਾਦਸ਼ਾਹ ਅਕਬਰ ਭੀ ਪੰਜਾਬ ਦੇ ਦੌਰੇ 'ਤੇ ਪਰਜਾ ਦੀ ਸਾਰ ਲੈਣ ਲਈ ਆਇਆ। ਕਾਲ ਦੇ ਦਿਨਾਂ ਵਿਚ ਸਤਿਗੁਰੂ ਜੀ ਵਲੋਂ ਸਮਾਜੀ ਭਲਾਈ ਦੇ ਕੰਮਾਂ ਦੀ ਖ਼ਬਰ ਅਕਬਰ ਦੇ ਰੋਜ਼ਨਾਮਚੇ ਵਿਚ ਭੀ ਆ ਚੁੱਕੀ ਸੀ। ਇਸੇ ਸਾਰਥਿਕ ਖ਼ਿਆਲੀ ਨੂੰ ਦਿਲ ਵਿਚ ਰੱਖ ਕੇ ਅਕਬਰ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਹੋਰ ਵਧੇਰੇ ਲੋਚਦਾ ਸੀ। *ਸੂਰਜ ਪ੍ਰਕਾਸ਼* ਵਾਰਤਕ, *ਤਵਾਰੀਖ਼ ਗੁਰੂ ਖ਼ਾਲਸਾ* ਵਿਚ ਸੰਗ੍ਰਹਿ ਕਰਤਾ ਗਿਆਨੀ ਤ੍ਰਿਲੋਕ ਸਿੰਘ ਜੀ ਕਾਲ ਦੇ ਸਮੇਂ ਦੀ ਵਾਰਤਾ ਐਸੇ ਦਰਜ ਕਰਦੇ ਹਨ:

"ਬਾਦਸ਼ਾਹ ਬਟਾਲੇ ਤੋਂ ਪਿਸ਼ਾਵਰ ਨੂੰ ਗਿਆ ਸੀ। ਸੰਬਤ ੧੬੬੨ ਭਾਦਰੋਂ ਨੂੰ ਆਉਂਦਾ ਹੋਇਆ ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਗੋਇੰਦਵਾਲ ਰੁਕਿਆ।[2] ਉਨੀਂ ਦਿਨੀਂ ਸਤਿਗੁਰੂ ਜੀ ਗੋਇੰਦਵਾਲ ਸਾਹਿਬ ਪੁੱਜੇ ਹੋਏ ਸਨ। ਬਾਦਸ਼ਾਹ ਸਤਿਗੁਰੂ ਜੀ ਦੀ ਸ਼ਰਣ ਆਇਆ, ਉਸ ਨੇ ਖ਼ੁਸ਼ ਹੋ ਕੇ ਆਖਿਆ ਕਿ ਉਹ ਗੁਰੂ ਕੇ ਲੰਗਰ ਨੂੰ ਹੋਰ ਜਾਗੀਰ ਦੇਣੀ ਚਾਹੁੰਦਾ ਹੈ। ਸਤਿਗੁਰੂ ਜੀ ਨੇ ਬਾਦਸ਼ਾਹ ਨੂੰ ਆਖਿਆ ਕਿ ਸਾਲ ਭਰ ਹੋ ਗਿਆ ਹੈ, ਦੇਸ਼ ਵਿਚ ਮੀਂਹ ਨਹੀਂ ਵੱਸਿਆ, ਮੀਂਹ ਨਾ ਹੋਣ ਕਰਕੇ ਫ਼ਸਲਾਂ ਮਾਰੀਆਂ ਗਈਆਂ ਹਨ, ਦੇਸ਼ ਵਿਚ ਕਾਲ ਪੈ ਗਿਆ ਹੈ, ਪਰਜਾ ਤ੍ਰਾਸ ਤ੍ਰਾਸ ਕਰ ਰਹੀ ਹੈ। ਬਾਦਸ਼ਾਹ ਦਾ ਧਰਮ ਹੈ ਕਿ ਉਹ ਆਪਣੀ ਪਰਜਾ ਨੂੰ ਸੁਖ ਦੇਵੇ। ਸਾਰੇ ਪੰਜਾਬ ਦਾ ਮਾਮਲਾ ਮਾਫ਼ ਕੀਤਾ ਜਾਵੇ। ਇਤਨੇ ਨਾਲ ਕਿਸਾਨਾਂ ਨੂੰ ਬਹੁਤ

1. Gokal Chand Narang, *Transformation of Sikhism*, p. 44.
2. ਦੇਖੋ *ਅਕਬਰ ਨਾਮਾ*, ਪੰਨਾ ੫੧੪; ਦੇਖੋ ਗੁਪਤਾ, ੧, ਪੰਨਾ ੧੩੪।

ਲਾਭ ਹੋ ਜਾਵੇਗਾ। ਨਹੀਂ ਤੇ ਭੁੱਖੇ ਲੋਕਾਂ ਨੂੰ ਕਰਮਚਾਰੀ ਬਹੁਤ ਤੰਗ ਕਰਨਗੇ। ਸਤਿਗੁਰੂ ਜੀ ਦੇ ਇਹ ਬਚਨ ਸੁਣ ਕੇ ਤੇ ਲੋਕਾਂ ਨਾਲ ਪ੍ਰੀਤ ਤੇ ਹਮਦਰਦੀ ਦੇਖ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ ਤੇ ਉਸ ਨੇ ਉਸੇ ਵੇਲੇ ਫ਼ੁਰਮਾਨ ਜਾਰੀ ਕੀਤਾ। ਉਸ ਫ਼ੁਰਮਾਨ ਰਾਹੀਂ ਸਾਰੇ ਪੰਜਾਬ ਦਾ ਮਾਮਲਾ ਮੁਆਫ਼ ਕੀਤਾ ਗਿਆ। ਜਦੋਂ ਸਾਰੇ ਪੰਜਾਬ ਵਿਚ ਇਹ ਪਤਾ ਲੱਗਾ ਕਿ ਸਤਿਗੁਰੂ ਜੀ ਨੇ ਮਾਮਲਾ ਮੁਆਫ਼ ਕਰਾ ਦਿੱਤਾ ਹੈ, ਤਾਂ ਲੋਕ ਸਤਿਗੁਰੂ ਜੀ ਦੇ ਗੁਣ ਗਾਉਣ ਲੱਗੇ।[1]

ਸਤਿਗੁਰੂ ਜੀ ਦੇ ਗੁਣ ਗਾਉਣ ਦਾ ਭਾਵ ਹੈ ਕਿ ਦੇਸ਼ ਦੀ ਜਨਤਾ ਗੁਰੂ ਅਰਜਨ ਸਾਹਿਬ ਜੀ ਦੇ ਦਰਸਾਏ ਆਤਮਕ ਮਾਰਗ ਦੀ ਪਰਪੱਕ ਅਤੇ ਬਲਵਾਨ ਭੁਜਾ ਵੇਖ ਕੇ ਆਪਣੀ ਆਤਮਕ ਸ਼ਾਂਤੀ ਲਈ ਅਤੇ ਪ੍ਰਕ੍ਰਿਤ ਜੀਵਨ ਦੀ ਉੱਨਤੀ, ਸਮਾਜਕ ਸਾਂਝ 'ਸਭੇ ਸਾਂਝੀਵਾਲ ਸਦਾਇਨਿ' ਦੇ ਰੂਹਾਨੀ ਹੁਸਨ ਦੀ ਪਹਿਲੀ ਤਾਜ਼ਗੀ ਦਾ ਅਮੁੱਲਾ ਆਬੇ-ਹਯਾਤ ਮਾਨਣ ਲਈ, ਦੇਸ਼ ਦੇ ਹਰ ਕੋਨੇ ਕੋਨੇ ਤੋਂ ਇਸਤ੍ਰੀ ਪੁਰਸ਼ ਧੜਾ-ਧੜ ਸਿੱਖੀ ਉੱਮਤ ਦੇ ਧਾਰਨੀ ਹੋ ਗਏ। ਐਸੀ ਤੇਜ਼ ਰਫ਼ਤਾਰੀ, ਅਰੁੱਕ ਚੜ੍ਹਤਲ, ਖੁਣਸੀ, ਜਨੂੰਨੀ ਅਤੇ ਬਿਪਰੀਤਕ ਟੋਲੇ ਦੇ ਦਿਲਾਂ ਵਿਚ ਸਤਿਗੁਰੂ ਸਾਹਿਬ ਜੀ ਦੇ ਵਿਰੁੱਧ ਅਣ-ਹੋਈ ਜਲਨ ਪੈਦਾ ਕਰ ਗਈ। ਜੋ ਹਜ਼ੂਰ ਦੀ ਸ਼ਹੀਦੀ ਦੇ ਹੋਰ ਕਾਰਨਾਂ ਵਿਚੋਂ ਇਕ ਗੰਭੀਰ ਕਾਰਨ ਬਣੀ।

ਦੇਸ਼ ਦੇ ਲੋਕਾਂ 'ਤੇ ਰੱਬੀ ਫ਼ਜ਼ੀਲਤ ਦੀ ਵਰਖਾ ਜ਼ਰੂਰ ਹੋਈ, ਪਰੰਤੂ ਬੁੱਤ-ਪ੍ਰਸਤੀ, ਜਨੂੰਨੀ ਕਟੜਤਾ ਅਤੇ ਬਿਪ-ਰੀਤੀ ਦੇ ਕਾਰਨ ਇਨ੍ਹਾਂ ਦੇ ਹਿਰਦੇ ਇਸ ਆਸਮਾਨੀ ਅੰਮ੍ਰਿਤੀ ਬੂੰਦ ਦੀ ਰਹਿਮਤ ਤੋਂ ਵਾਂਝੇ ਰਹੇ, ਕਿਉਂਕਿ ਇਨ੍ਹਾਂ ਦੀ ਹਿਰਦਾ-ਰੂਪੀ ਜ਼ਮੀਨ ਕੱਲਰ ਹੋਈ ਪਈ ਸੀ। ਕੱਲਰ ਤੇ ਸਵਾਂਤੀ ਬੂੰਦ ਪ੍ਰਫੁਲਤਾ ਦਾ ਮਾਹੌਲ ਨਮੂਦਾਰ ਨਹੀਂ ਕਰ ਸਕਦੀ। ਤਦੇ ਅਲਾਮਾ ਇਕਬਾਲ ਨੇ ਲਿਖਿਆ ਹੈ :

> **ਸ਼ਮਾ-ਏ-ਹੱਕ ਸੇ ਜੋ ਮੁਨੱਵਰ ਹੋ, ਯਹ ਵਹੁ ਮਹਿਫ਼ਲ ਨ ਥੀ।**
> **ਬਾਰਸ਼ ਰਹਿਮਤ ਹੂਈ, ਲੇਕਿਨ ਜ਼ਮੀਨ ਕਾਬਿਲ ਨ ਥੀ।[2]**

ਪੰਜਾਬ ਦੇ ਕਿਸਾਨਾਂ ਦਾ ਮਾਮਲਾ ਮੁਆਫ਼ ਕਰਨ ਦੀ ਕਹਾਣੀ ਸੁਜਾਨ ਰਾਏ ਭੰਡਾਰੀ ਆਪਣੀ ਕਿਤਾਬ *ਖ਼ੁਲਾਸਤੁਤ ਤਵਾਰੀਖ਼* ਵਿਚ ਭੀ ਦਰਜ ਕਰਦੇ ਹਨ ਕਿ ਜਦੋਂ ਅਕਬਰ ਬਾਦਸ਼ਾਹ ਲਾਹੌਰ ਤੋਂ ਦੱਖਣ ਦੇਸ਼ ਵਲ ਨੂੰ ਜਾ ਰਿਹਾ ਸੀ[3], ਤਦ ਨਵੰਬਰ ੨੪, ੧੫੯੮ ਨੂੰ ਸਫ਼ਰ ਦੇ ਦੌਰਾਨ, ਇਥੋਂ ਚਲ ਕੇ ਦਰਿਆ

1. ਦੇਖੋ *ਤਵਾਰੀਖ਼ ਗੁਰੂ ਖ਼ਾਲਸਾ*, ਗਿਆਨ ਸਿੰਘ ਗਿਆਨੀ, ਪੰਨਾ ੨੬੨।
2. ਇਕਬਾਲ, *ਬਾਂਗੇ ਦਰਾ*, ਪੰਨਾ ੨੩੯।
3. ਦੇਖੋ *ਅਕਬਰ ਨਾਮਾ*, ਪੰਨਾ ੫੧੪।

ਬਿਆਸ ਪਾਰ ਕਰ ਕੇ ਬਾਬਾ ਨਾਨਕ ਦੇ ਉੱਤਰ-ਅਧਿਕਾਰੀ ਗੁਰੂ ਅਰਜਨ ਦੇਵ ਜੀ ਦੇ ਸਥਾਨ 'ਤੇ ਪਹੁੰਚੇ, ਕਿਉਂਕਿ ਸਤਿਗੁਰੂ ਜੀ ਉਨ੍ਹਾਂ ਦਿਨਾਂ ਵਿਚ ਗੋਇੰਦਵਾਲ ਠਹਿਰੇ ਹੋਏ ਸਨ। ਬਾਦਸ਼ਾਹ ਅਕਬਰ ਬਾਬਾ ਨਾਨਕ ਜੀ ਦੀ ਕਵਿਤਾ ਸੁਣ ਕੇ ਬਹੁਤ ਪ੍ਰਸੰਨ ਹੋਇਆ।

ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਤੇ ਧੰਨਵਾਦ ਦੇ ਤੌਰ 'ਤੇ ਬਾਦਸ਼ਾਹ ਦਾ ਢੁਕਵਾਂ ਸੁਆਗਤ ਕੀਤਾ ਔਰ ਅਰਜ਼ ਕੀਤੀ ਕਿ ਸਾਰੀ ਫ਼ੌਜ ਠਹਿਰਾਉ ਦੇ ਕਾਰਨ ਪੰਜਾਬ ਵਿਚ ਅਨਾਜ ਦਾ ਭਾਉ ਕਾਫ਼ੀ ਮਹਿੰਗਾ ਸੀ, ਇਸ ਲਈ ਪਰਗਣਿਆਂ ਦਾ ਲਗਾਨ ਵਧ ਗਿਆ ਸੀ। ਹੁਣ ਫ਼ੌਜ ਦੇ ਚਲੇ ਜਾਣ ਕਰਕੇ ਅਨਾਜ ਦਾ ਭਾਅ ਸਸਤਾ ਹੋ ਗਿਆ ਹੈ। ਪਰਜਾ ਇਤਨਾ ਲਗਾਨ ਨਹੀਂ ਦੇ ਸਕੇਗੀ। ਅਕਬਰ ਨੇ ਸਤਿਗੁਰੂ ਜੀ ਦੀ ਰਾਇ ਸੁਣ ਕੇ ਮਾਲ ਦੇ ਅਫ਼ਸਰਾਂ ਨੂੰ ਹੁਕਮ ਦਿੱਤਾ ਕਿ ਲਗਾਨ ਦਾ ਛੇਵਾਂ ਭਾਗ ਮੁਆਫ਼ ਕਰ ਦਿੱਤਾ ਜਾਵੇ ਅਤੇ ਅਹਿਲਕਾਰਾਂ ਨੂੰ ਤਾੜਨਾ ਕਰ ਦਿਉ ਕਿ ਪਰਜਾ ਤੋਂ ਲਗਾਨ ਦਾ ਕੇਵਲ 5/6 ਹਿੱਸਾ ਹੀ ਲਿਆ ਜਾਵੇ ਔਰ ਕਿਸਾਨਾਂ ਨਾਲ ਨਰਮੀ ਦਾ ਵਰਤਾਉ ਕੀਤਾ ਜਾਵੇ, ਕਿਉਂਕਿ ਕਿਸਾਨ ਦੇਸ਼ ਲਈ ਉੱਨਤੀ ਅਤੇ ਪਕਿਆਈ ਦੇ ਜ਼ਿੰਮੇਵਾਰ ਹਨ।[1]

ਮਾਮਲੇ ਦੀ ਮੁਆਫ਼ੀ ਔਰ ਦਿਹਾਤੀ ਕਿਸਾਨਾਂ 'ਤੇ ਨਰਮੀ ਦਾ ਵਰਤਾਉ ਹੋਣ ਕਰਕੇ ਸਤਿਗੁਰੂ ਜੀ ਦੀ ਮਹਿਮਾ ਸਾਰੇ ਦੇਸ਼ ਵਿਚ, ਖ਼ਾਸ ਕਰਕੇ ਕਿਸਾਨਾਂ ਵਿਚ ਇਕ ਦਮ ਫੈਲ ਗਈ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਾਰਾ ਦੇਸ਼ ਖ਼ਾਸ ਕਰਕੇ ਪੰਜਾਬ ਦੇ ਕਿਸਾਨ ਗੁਰ-ਸਿੱਖੀ ਦੇ ਧਾਰਨੀ ਹੋ ਗਏ। ਜੋ ਸਾਧਾਰਨ ਦਿਹਾਤੀ ਲੋਕ ਇਸ ਤੋਂ ਪਹਿਲਾਂ ਸਰਵਰੀ ਮੱਤ ਦੇ ਪੀਰਾਂ ਕੋਲੋਂ ਧਾਗੇ, ਤਵੀਤ ਵਗੈਰਾ ਕਰਵਾਂਦੇ ਸਨ ਔਰ ਪੀਰ ਸਰਵਰ ਦੀ ਪੂਜਾ ਲਈ ਨਗਾਹੇ ਦੀ ਯਾਤਰਾ ਭੀ ਕਰਦੇ ਸਨ। ਉਹ ਬਹੁਤ ਵੱਡੀ ਸ਼ਰਧਾ ਨਾਲ ਸਤਿਗੁਰੂ ਜੀ ਦੇ ਪਾਵਨ ਚਰਨਾਂ ਨਾਲ ਆ ਜੁੜੇ। ਦੂਸਰੇ ਪਾਸੇ ਜੋ ਭੁੱਲੜ ਵਿਅਕਤੀ ਅਚਲ ਬਟਾਲੇ ਸੰਨਿਆਸੀਆਂ, ਜੋਗੀਆਂ ਦੇ ਸੇਵਕ ਸਨ, ਉਹ ਭੀ ਬਟਾਲੇ ਦੀ ਬਜਾਏ ਸਿੱਖੀ ਕੇਂਦਰ ਦਰਬਾਰ ਸਾਹਿਬ ਨਾਲ ਆਣ ਜੁੜੇ। ਸ਼ਹਿਨਸ਼ਾਹ ਅਕਬਰ ਅਤੇ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਇਸ ਮੁਲਾਕਾਤ ਦਾ ਅਸਰ ਲੋਕ ਜੀਵਨ, ਹਕੂਮਤੀ ਅਹਿਲਕਾਰ ਪ੍ਰਣਾਲੀ ਉਤੇ ਬਹੁਤ ਗਹਿਰਾ ਅਸਰ ਛੱਡ ਗਿਆ। ਪਰਿਣਾਮ ਵਜੋਂ ਸਿੱਖੀ ਕੇਂਦਰ ਦੀ ਆਭਾ ਵਿਚ ਲਾ-ਮਿਸਾਲ ਤਰੱਕੀ ਹੋਈ। ਜਿਥੇਂ ਸਰਵਰੀ ਮਜੌਰਾਂ ਅਤੇ ਸੰਨਿਆਸੀ ਜੋਗੀਆਂ ਦੀ ਧਾਰਮਿਕ ਅਤੇ ਇਖ਼ਲਾਕੀ ਖੈ ਹੋ ਗਈ, ਜਿਸ ਦੇ ਪ੍ਰਤੀਕਰਮ ਵਜੋਂ ਜਨੂੰਨੀ ਮੁਲਾਣਿਆਂ ਅਤੇ

1. ਦੇਖੋ *ਖ਼ੁਲਾਸਤੁਤ ਤਵਾਰੀਖ਼*, ਪੰਨਾ ੪੩੬।

ਕਪਟੀ ਬਿਪਰਾਂ ਨੇ ਵਿਰੋਧੀ ਧਿਰਾਂ ਦੀ ਬੁਨਿਆਦ ਰੱਖੀ। ਜਿਨ੍ਹਾਂ ਦਾ ਭਾਈਵਾਲ ਪ੍ਰਿਥੀ ਚੰਦ ਭੀ ਬਣਿਆ, ਜੋ ਸਤਿਗੁਰੂ ਸਾਹਿਬ ਜੀ ਦੀ ਸ਼ਹੀਦੀ ਕਰਵਾਉਣ ਵਿਚ ਵੱਡੇ ਦੋਸ਼ੀ ਆਖੇ ਜਾ ਸਕਦੇ ਹਨ।

ਸ਼ਹਿਨਸ਼ਾਹ ਅਕਬਰ ਨਵੰਬਰ ੨੪, ਸੰਨ ੧੫੯੮ ਵਿਚ ਸਤਿਗੁਰੂ ਜੀ ਦੇ ਪਾਵਨ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਵਿਚ ਆਇਆ, ਕਿਉਂਕਿ ਉਨ੍ਹਾਂ ਦਿਨਾਂ ਵਿਚ ਸਤਿਗੁਰੂ ਜੀ ਬਾਰੀ ਦੁਆਬ ਬਿਆਸ ਅਤੇ ਰਾਵੀ ਦੇ ਵਿਚਾਲੜੇ ਪਿੰਡਾਂ ਵਿਚ ਗੁਰਮਤਿ ਦਾ ਤਬਲੀਗੀ ਦੌਰਾ ਕਰਦੇ ਹੋਏ ਗੋਇੰਦਵਾਲ ਸਾਹਿਬ ਵਿਚ ਸੰਗਤਾਂ ਨੂੰ ਆਤਮਕ ਜਲਾਲ ਦੇ ਪੈਗੰਬਰੀ ਹੁਸਨ ਨਾਲ ਮਾਲਾ-ਮਾਲ ਕਰ ਰਹੇ ਸਨ। ਸਤਿਗੁਰੂ ਅਰਜਨ ਸਾਹਿਬ ਅਤੇ ਸ਼ਹਿਨਸ਼ਾਹ ਅਕਬਰ ਦੀ ਭੇਂਟ ਬੜੇ ਪਿਆਰ, ਸਤਿਕਾਰ ਅਤੇ ਅਦਬੋ-ਅਦਾਬ ਦੇ ਮਾਹੌਲ ਵਿਚ ਹੋਈ। ਅੱਜ ਬਾਬਰੀ ਜਲਾਲ ਆਪਣੇ ਸ਼ਹਿਨਸ਼ਾਹੀ ਖ਼ਿਤਾਬ ਨੂੰ ਲਾਂਭੇ ਰੱਖ ਕੇ ਇਕ ਦੀਨ ਦੀ ਨਿਆਈਂ ਹੋ ਕੇ ਸਤਿਗੁਰੂ ਨਾਨਕ ਦੇ ਦਰੋ-ਦੌਲਤ ਤੇ ਦਰਗਾਹੀ ਰਹਿਮਤ ਦੇ ਖ਼ਜ਼ਾਨੇ ਪ੍ਰਾਪਤ ਕਰਨ ਲਈ ਆਣ ਹਾਜ਼ਰ ਹੋਇਆ ਹੈ। ਉਕਤ ਦਰਸਾਈ ਵਾਰਤਾ ਦੀ ਪ੍ਰੋੜ੍ਹਤਾ ਹਰੀ ਰਾਮ ਗੁਪਤਾ ਨਿਮਨ-ਲਿਖਤ ਦੇ ਅਨੁਕੂਲ ਕਰਦੇ ਹਨ :

> Emperor Akbar visits Guru Arjan, Nov. 1598 : Akbar's Prime Minister and Court historian, Abul Fazal, writes in Akbar Namah that Emperor Akbar crossed river Beas at Goindwal on an elephant while his army passed over by a bridge. The Emperor called at the residence of Guru on November 24, 1598. Guru Arjan was 35 in the prime of life. His bewitching and handsome appearance, sweet and melodious voice and fascinating and charming manners, his princely style of living, his warm reception of the Emperor and his singing of the hymns deeply impressed Akbar. Sujan Rai Bhandari gives greater details of this meeting; Emperor Akbar crossed the river Beas and visited the dwelling place of Guru Arjan, successor of Baba Nanak, who was famous for divine love. The Emperor was highly pleased to meet him and with his recitation of the hymns of Baba Nanak in praise of God. Guru Arjan offered

him a suitable present out of regard for his visit. He represented that during the stay of the imperial army in Punjab the price of grain had gone up, and the revenues of parganahs had been increased. Now on the departure of royal troops the price of corn would come down. It would be difficult for the subjects to pay the enhanced revenue. The Emperor acceded to his request and issued orders to his Chief Diwan to reduce the revenue by one-sixth. He instructed that the revenue must be charged according to the concession granted and nothing more should be demanded.

The Emperor's visit considerably raised the prestige of the Guru. The rural traders and peasants of the Majha became Sikhs in large numbers.[1]

ਜਿਸ ਵੇਲੇ ਬਾਦਸ਼ਾਹ ਅਕਬਰ ਕਲਾਨੌਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਤੋਂ ਉਪਰੰਤ ਲਾਹੌਰ ਕਸ਼ਮੀਰ ਦਾ ਦੌਰਾ ਕਰ ਕੇ ਵਾਪਸ ਦਿੱਲੀ ਨੂੰ ਪਰਤ ਰਿਹਾ ਸੀ, ਤਦ ਉਸ ਨੇ ਆਪਣੇ ਇਕਰਾਰ ਦੇ ਮੁਤਾਬਿਕ ਸਤਿਗੁਰੂ ਜੀ ਦੇ ਦਰਸ਼ਨ ਗੋਇੰਦਵਾਲ ਸਾਹਿਬ ਵਿਚ ਕੀਤੇ। ਸਤਿਗੁਰੂ ਸਾਹਿਬ ਜੀ ਦੀ ਮਹਾਨ ਰੂਹਾਨੀਅਤ ਤੋਂ ਪ੍ਰਭਾਵਤ ਹੋ ਕੇ ਔਰ ਦਰਬਾਰ ਸਾਹਿਬ ਦੀ ਇਲਹਾਮੀ ਨੁਹਾਰ ਵੇਖ ਕੇ ਅਤਿਅੰਤ ਹੀ ਪ੍ਰਸੰਨ ਹੋਇਆ ਔਰ ਆਪਣੀ ਤਰਫੋਂ ਕੁਝ ਭੇਟਾ ਕਰਨ ਦੀ ਆਗਿਆ ਚਾਹੀ, ਪਰ ਦੈਵੀ ਸਤਿਗੁਰੂ ਜੀ ਨੇ ਆਖਿਆ, "ਹੇ ਪਾਤਿਸ਼ਾਹ! ਆਪ ਜੀ ਪਹਿਲਾਂ ਹੀ ਪਰਜਾ ਦੀ ਭਲਾਈ ਕਰ ਗਏ ਹੋ, ਇਸ ਵਾਸਤੇ ਆਪ ਜੀ ਦਾ ਦੀਨ-ਦੁਨੀ ਸਫਲਾ ਹੋ ਗਿਆ ਹੈ, ਆਪ ਕ੍ਰਿਪਾ ਕਰਕੇ ਪਰਜਾ ਦਾ ਇਸ ਸਾਲ ਦਾ ਮਾਮਲਾ ਮਾਫ਼ ਕਰ ਜਾਵੋ, ਕਿਉਂਕਿ ਇਸ ਸਾਲ ਬਾਰਿਸ਼ ਨਹੀਂ ਹੋਈ ਹੈ।" ਤਦ ਬਾਦਸ਼ਾਹ ਨੇ ਪਰਜਾ ਦਾ ਇਕ ਸਾਲ ਲਈ ਮਾਲੀਆ ਮਾਫ਼ ਕਰ ਦਿੱਤਾ, ਜਿਸ ਦੀ ਨੁਹਾਰ ਮੈਕਾਲਿਫ਼ ਨੇ ਐਸੇ ਪ੍ਰਗਟਾਈ ਹੈ:

The Emperor partook of the Guru's hospitality and prayed to be allowed to make a contribution to his large expenditure, so that thereby he might secure

1. Hari Ram Gupta, *History of the Sikhs*, VI, p. 134.

spiritual and temporal welfare and happiness. Guru replied: The welfare and happiness of monarchs depend on cherishing their subjects and doing justice. The monarch whose subjects are happy, shall himself be happy, in this life, and in the next obtain praise glory and honour.

The EMPEROR REMITTED THE REVENUE of the Punjab for that year in compliment to the Guru, who represented that there was a severe famine in the land and the cultivators required His Majesty's consideration. The Guru's fame and influence largley increased owing to the respect the Emperor had shown him. This, in the words of the chronicler, was the cause of such agony to Prithia as would last till it had taken his life with it.[1]

---

1. Macauliffe, iii, p. 84.

ਬਾਰ੍ਹਵਾਂ ਪਰਕਰਣ—

ਲਾਹੌਰ ਦੀ ਬਾਉਲੀ ਤੇ ਡੇਰਾ ਬਾਬਾ ਨਾਨਕ

ਅਕਬਰ ਸ਼ਹਿਨਸ਼ਾਹ ਦੀ ਭੇਂਟ ਤੋਂ ਉਪਰੰਤ ਸਤਿਗੁਰੂ ਜੀ ਲਾਹੌਰ ਦੀ ਸੰਗਤ ਦੇ ਬੁਲਾਵੇ 'ਤੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਸੰਮਤ ੧੬੫੬ (ਸੰਨ ੧੫੯੯ ਈਸਵੀ) ਨੂੰ ਆਣ ਬਿਰਾਜੇ। ਉਸ ਵੇਲੇ ਡੱਬੀ ਬਾਜ਼ਾਰ ਵਿਚ ਭਾਈ ਕਰਮ ਚੰਦ ਅਤੇ ਧਰਮ ਚੰਦ ਦੀ ਧਰਮਸ਼ਾਲਾ ਵਿਚ ਆਪ ਜੀ ਨੂੰ ਉਤਾਰਾ ਦਿੱਤਾ ਗਿਆ। ਲਾਹੌਰ ਸ਼ਹਿਰ ਦੇ ਇਸਤ੍ਰੀ ਪੁਰਸ਼ ਅਤੇ ਇਲਾਕੇ ਦੇ ਲੋਕ ਵਹੀਰਾਂ ਘੱਤ ਕੇ ਆਪ ਜੀ ਦੇ ਮੁਬਾਰਕ ਦਰਸ਼ਨਾਂ ਲਈ ਅਤੇ ਅਮੋਲਕ ਇਲਾਹੀ ਕਲਾਮ ਸੁਣਨ ਲਈ ਸਤਿਸੰਗ ਦੇ ਰੂਪ ਵਿਚ ਜੁੜਨ ਲੱਗੇ। ਕਦੇ ਕਦਾਈਂ ਆਪ ਜੀ ਚੂਨਾ ਮੰਡੀ ਦੇ ਦੀਵਾਨ ਖਾਨੇ ਜਿਥੇ ਆਪ ਸਹਾਰੀ ਮੱਲ ਜੀ ਦੇ ਪੁੱਤਰ ਦੇ ਵਿਆਹ ਵੇਲੇ ਠਹਿਰੇ ਸਨ, ਸੰਗਤਾਂ ਨੂੰ ਜਾ ਕੇ ਨਿਹਾਲ ਕਰਦੇ। ਡੱਬੀ ਬਾਜ਼ਾਰ ਦੇ ਨਿਵਾਸੀਆਂ ਨੂੰ ਪਾਣੀ ਦੀ ਬਹੁਤ ਕਠਿਨਾਈ ਸੀ। ਜਨਤਾ ਦੀ ਭਲਾਈ ਲਈ ਇਥੇ ਆਪ ਜੀ ਨੇ ਇਕ ਬਾਉਲੀ ਤਿਆਰ ਕਰਵਾਈ। ਇਸ ਗਾਥਾ ਨੂੰ ਹੋਰ ਵਧੇਰੇ ਸਮਝਣ ਲਈ ਗਿਆਨੀ ਗਿਆਨ ਸਿੰਘ ਜੀ ਦੇ ਲਫ਼ਜ਼ ਹੋਰ ਚੋਖਾ ਚਾਨਣਾ ਪਾ ਸਕਦੇ ਹਨ :

ਇਸੀ ਸਮੇਂ ਗੁਰੂ ਪੰਚਮੇਂ, ਸ਼ਹਿਰ ਲਹੌਰਹਿ ਜਾਇ॥
ਤਿਆਰ ਕਰਾਈ ਬਾਉਲੀ, ਕੇਤਕ ਮਾਸ ਬਿਰਾਇ॥੧੦॥[1]

ਜਿਸ ਵੇਲੇ ਸਤਿਗੁਰੂ ਜੀ ਲਾਹੌਰ ਸ਼ਹਿਰ ਵਿਚ ਠਹਿਰੇ ਹੋਏ ਸਨ, ਇਸੇ ਸਮੇਂ ਹੀ ਆਪ ਜੀ ਦੀ ਇਲਹਾਮੀ ਸੰਗਤ ਵਿਚ ਭਗਤ ਛੱਜੂ, ਕਾਨ੍ਹਾ, ਸ਼ਾਹ ਹੁਸੈਨ, ਪੀਲੋ ਅਤੇ ਭੀਲੋ ਵਾਲਾ ਸ਼ੇਖ਼ ਸੁਲੇਮਾਨ ਆਦਿਕ ਅਨੇਕਾਂ ਸ਼ਰਧਾਲੂ ਰੱਬਾਨੀਅਤ ਦੀ ਸੀਰਤ ਦਾ ਇਲਾਹੀ ਰਸ ਮਾਣਦੇ ਸਨ। (ਇਹੀ ਕਾਰਨ ਸੀ,

1. *ਪੰਥ ਪ੍ਰਕਾਸ਼*, ਪੂਰ: ਬਿਸ੍ਰਾਮ ੧੯, ਪੰਨਾ ੬੪੭; ਦੇਖੋ *ਸੂਰਜ ਪ੍ਰਕਾਸ਼ ਵਾਰਤਕ*, ਸੋਢੀ ਤੇਜਾ ਸਿੰਘ, ਪੰਨਾ ੨੦੮; ਦੇਖੋ *ਤਵਾਰੀਖ ਗੁਰੂ ਖ਼ਾਲਸਾ*, *ਸੂਰਜ ਪ੍ਰਕਾਸ਼*, ਗਿਆਨੀ ਤ੍ਰਿਲੋਕ ਸਿੰਘ ਜੀ, ਰਾਸ ੩, ਅਧਿ: ੫, ਪੰਨਾ ੧੯੯।

ਜੋ *ਤੁਜ਼ਕੇ ਜਹਾਂਗੀਰੀ* ਵਿਚ ਲਿਖਿਆ ਮਿਲਦਾ ਹੈ ਕਿ ਕੁਝ ਭੁੱਲੜ ਮੁਸਲਮਾਨ ਭੀ ਗੁਰ-ਸਿੱਖੀ ਦੇ ਧਾਰਨੀ ਹੋ ਰਹੇ ਸਨ।

ਸੂਰਜ ਪ੍ਰਕਾਸ਼ ਦੇ ਕਰਤਾ ਦੇ ਦਿੱਤੇ ਸੰਕੇਤ ਅਨੁਸਾਰ ਹਿੰਦੂ ਮੁਸਲਮਾਨ ਸਾਰੇ ਹੀ ਤੌਹੀਦ ਦਾ ਅਗੰਮੀ ਰਸ ਚੱਖਣ ਲਈ ਹੁਮ-ਹੁਮਾ ਕੇ ਧਰਮਸ਼ਾਲਾ ਵਿਚ ਇਕੱਤਰ ਹੋਣ ਲੱਗੇ ਔਰ ਇਨ੍ਹਾਂ ਦਿਨਾਂ ਵਿਚ ਕੁਝ ਕੁ 'ਨੱਕੀ' ਇਲਾਕੇ ਦੇ ਪ੍ਰੇਮੀ ਆਪ ਜੀ ਨੂੰ ਆਪਣੇ ਇਲਾਕੇ ਵਿਚ ਲੈ ਗਏ, ਜਿਨ੍ਹਾਂ ਵਿਚ ਭਾਈ ਭੂਰੀਆ ਤੇ ਚੌਧਰੀ ਚੂਹੜ ਮੱਲ ਦੇ ਨਾਮ ਖ਼ਾਸ ਵਰਣਨ ਯੋਗ ਹਨ। ਖੇਮਕਰਨ ਅਤੇ ਚੂਣੀਆਂ ਦੇ ਇਲਾਕੇ ਵਿਚ ਜੰਬਰ ਜਿਹੇ ਹੋਰ ਅਨੇਕਾਂ ਲੋਕਾਂ ਨੂੰ ਸਿੱਖ ਧਾਰਾ ਵਿਚ ਲਿਆਂਦਾ। ਖ਼ਾਸ ਕਰਕੇ ਕਿਦਾਰਾ, ਖੇਡਾ, ਮੁਕੰਦਾ, ਸਮੁੰਦੂ ਜੋ ਪਹਿਲਾਂ ਮੁਸਲਮਾਨ ਸਨ, ਤੁਲਸਾ ਅਤੇ ਲਾਲੂ ਭੀ ਇਨ੍ਹਾਂ ਦੇ ਨਾਲ ਹੀ ਗੁਰਸਿੱਖੀ ਵਿਚ ਆਏ। ਡੱਬੀ ਬਾਜ਼ਾਰ ਖੱਤਰੀਆਂ ਦੀ ਧਰਮਸ਼ਾਲਾ ਵਿਚ ਸਤਿਗੁਰੂ ਜੀ ਦੇ ਰਹਿਣ ਵਾਸਤੇ ਪ੍ਰਬੰਧ ਕੀਤਾ ਹੋਇਆ ਸੀ, ਗੁਰੂ ਕਾ ਲੰਗਰ ਹਮੇਸ਼ਾ ਹੀ ਚਾਲੂ ਰਹਿੰਦਾ ਸੀ, ਔਰ ਇਥੇ ਹੀ ਸਤਿਗੁਰੂ ਜੀ ਨੇ ਬਾਉਲੀ ਤਿਆਰ ਕਰਵਾਈ। ਸ਼ਹਿਰ ਦੇ ਵਸਨੀਕਾਂ ਨੂੰ ਜਦੋਂ ਪਤਾ ਲੱਗਾ ਕਿ ਦਇਆ ਦੇ ਸਾਗਰ ਆਪ ਪਰਮੇਸ਼ਰ ਲਾਹੌਰ ਵਿਚ ਆਏ ਹਨ ਅਤੇ ਗਿਆਨ, ਭਗਤੀ, ਮੁਕਤੀ ਤੇ ਜੁਗਤੀ ਦੀ ਬਰਖਾ ਕਰ ਰਹੇ ਹਨ, ਅੰਮ੍ਰਿਤ ਦੇ ਭੰਡਾਰੇ ਵੰਡੇ ਜਾ ਰਹੇ ਹਨ ਤਾਂ ਨਰ ਨਾਰੀ ਹੁਮ-ਹਮਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਧਰਮਸ਼ਾਲਾ ਪਹੁੰਚ ਗਏ। ਲਾਹੌਰ ਦੇ ਮੁਸਲਮਾਨ ਸੂਫ਼ੀ ਫ਼ਕੀਰਾਂ ਤਕ ਵੀ ਸੁਗੰਧੀ ਜਾ ਪੁੱਜੀ। ਉਹ ਭੀ ਆਪਣੇ ਆਸਣ ਛੱਡ ਕੇ ਨੱਸੇ ਆਏ। ਗਿਆਨ ਚਰਚਾ ਕੀਤੀ, ਹਕੀਕੀ ਇਸ਼ਕ ਦਾ ਗਿਆਨ ਹਾਸਿਲ ਕੀਤਾ। ਉਹ ਖ਼ੁਦਾ ਨਾਲੋਂ ਵਿਛੜੇ ਬਜ਼ੁਰਗ ਖ਼ੁਦਾ ਨਾਲ ਗੱਲਾਂ ਕਰਨ ਲੱਗੇ। ਖ਼ੁਦਾ ਦਾ ਸੱਚਾ ਮਿੱਤਰ ਉਨ੍ਹਾਂ ਕੋਲ ਆਪ ਪਹੁੰਚ ਗਿਆ ਸੀ। ਮੀਆਂ ਮੀਰ, ਭਾਈ ਲੱਧਾ ਪਰਉਪਕਾਰੀ, ਛੱਜੂ ਭਗਤ ਤੇ ਹੋਰ ਸਾਰੇ ਸ਼ਰਧਾਲੂ ਤੇ ਗਿਆਨੀ ਪੁਰਸ਼ ਸਤਿਗੁਰੂ ਜੀ ਦੇ ਚਰਨ-ਕਮਲਾਂ ਵਿਚ ਭੌਰਿਆਂ ਦੀ ਤਰ੍ਹਾਂ ਰਹਿਣ ਲੱਗੇ।[1]

ਸਤਿਗੁਰੂ ਜੀ ਨੇ ਚੂਨਾ ਮੰਡੀ ਵਿਚ ਕਾਲ ਪੀੜਤਾਂ ਲਈ ਇਮਾਰਤਾਂ ਬਣਵਾਈਆਂ ਔਰ ਦਸਵੰਧ ਵਿਚੋਂ ਭੁੱਖ-ਮਰੀ ਦੇ ਸਤਾਏ ਹੋਏ ਲੋਕਾਂ ਵਾਸਤੇ ਅਨਾਜ ਦੀਆਂ ਸਹੂਲਤਾਂ ਮੁਯੱਸਰ ਕੀਤੀਆਂ, ਆਮ ਪਰਜਾ ਨੂੰ ਤੰਦਰੁਸਤੀ, ਅਨਾਜ ਅਤੇ ਰਹਿਣ ਲਈ ਮਕਾਨ ਮਿਲ ਗਏ, ਪਰਜਾ ਦੀ ਵਫ਼ਾਦਾਰੀ ਸਤਿਗੁਰਾਂ ਦੇ ਪਾਵਨ ਚਰਨਾਂ ਨਾਲ ਆਣ ਜੁੜੀ। ਐਸੀਆਂ ਲੋਕ-ਭਲਾਈ

1. ਵਾਰਤਕ *ਸੂਰਜ ਪ੍ਰਕਾਸ਼*, ਤ੍ਰਿਲੋਕ ਸਿੰਘ, ਰਾਸ ੩, ਅਧਿ. ੫, ਪੰਨਾ ੧੯੯।

ਦੀਆਂ ਖ਼ਬਰਾਂ ਸੁਣ ਕੇ ਸ਼ਹਿਨਸ਼ਾਹ ਅਕਬਰ ਬਹੁਤ ਹੀ ਮੁਤਾਸਿਰ ਹੋਇਆ। ਸਤਿਗੁਰੂ ਜੀ ਦੀ ਪੈਗੰਬਰੀ ਆਭਾ ਸਾਰੇ ਦੇਸ਼ ਵਿਚ ਸੂਰਜ ਦੀਆਂ ਕਿਰਨਾਂ ਵਾਂਙ ਫੈਲ ਗਈ। ਜਿਥੋਂ ਕੱਟੜ ਅਤੇ ਜਨੂੰਨੀ ਅਨਸਰ ਬਹੁਤ ਦੁਖੀ ਅਤੇ ਚਿੰਤਾਤੁਰ ਹੋਏ। ਪਰ ਅਕਬਰ ਬਹੁਤ ਹੀ ਪ੍ਰਸੰਨ ਹੋਇਆ, ਜਿਸ ਕਰਕੇ ਜਨੂੰਨੀ ਅਤੇ ਕਪਟੀਆਂ ਦੀ ਕੋਈ ਵਾਹ ਨ ਚੱਲੀ। ਔਰ ਬਹੁਤ ਸਾਰੇ ਫ਼ਕੀਰ, ਹਿੰਦੂ ਸਾਧੂ ਤੇ ਆਮ ਜਨਤਾ ਦੇ ਲੋਕ ਸਤਿਗੁਰੂ ਜੀ ਦੇ ਚਰਨ ਕਮਲਾਂ ਦੇ ਭੰਵਰੇ ਬਣ ਗਏ, ਕਿਉਂਕਿ ਸਤਿਗੁਰੂ ਜੀ ਨੇ ਉਨ੍ਹਾਂ ਦੀ ਆਤਮਕ ਰੱਖਿਆ ਲਈ ਆਤਮਕ ਭੋਜਨ, ਸਰੀਰਕ ਰੱਖਿਆ ਲਈ ਸਰੀਰਕ ਭੋਜਨ ਦੀ ਲੋੜ ਪੂਰੀ ਕਰ ਕੇ ਅੰਤ ਦੇ ਸਮੇਂ ਲਈ ਆਤਮਕ ਰੱਖਿਆ ਦਾ ਬਾਨ੍ਹਣੂ ਬੰਨ੍ਹ ਦਿੱਤਾ। ਰੂਹਾਨੀ ਭੋਜਨ ਦੀ ਪ੍ਰਾਪਤੀ ਕਰਕੇ ਲਾਹੌਰ ਦਾ ਸੂਬੇਦਾਰ ਇਤਨਾ ਪ੍ਰਭਾਵਤ ਹੋਇਆ ਕਿ ਉਸ ਨੇ ਡੱਬੀ ਬਾਜ਼ਾਰ ਵਿਚ ਲੋਕ-ਭਲਾਈ ਵਾਸਤੇ ਬਾਉਲੀ ਦਾ ਸਾਰਾ ਖ਼ਰਚ ਆਪਣੇ ਕੋਲੋਂ ਕੀਤਾ, ਭਾਵ ਮੁਸਲਮਾਨ ਹਾਕਮ ਅਤੇ ਪੀਰ ਫ਼ਕੀਰ ਭੀ ਸਤਿਗੁਰੂ ਜੀ ਦੀ ਪੈਗੰਬਰੀ ਜ਼ੀਨਤ ਦੇ ਕਾਇਲ ਹੋ ਨਿਬੜੇ। ਉਕਤ ਦਰਸਾਏ ਵਿਚਾਰਾਂ ਦੀ ਪ੍ਰੋੜ੍ਹਤਾ ਮਿਸਟਰ ਮੈਕਾਲਿਫ਼ ਨਿਮਨ-ਲਿਖਤ ਦੇ ਮੁਤਾਬਿਕ ਦਰਜ ਕਰਦਾ ਹੈ:

> The Guru then proceeded to Lahore on the request of the Sikhs who resided there. He rested in the Dabbi Bazar on the site of the present 'Guru's Bawali' and planned its construction. People of all classes hearing of his fame flocked to see him, receive his instruction, and make provision for their future salvation. Thither came the Jogi Sanbu Nath and the Hindu saints Kahna and Chhajju; the Muslim saints Shah Hussain, Shah Suleman, Shah Inayat Qadri, Shaikh Wali Shah, and others, all humbling themselves before the Guru and beseeching soul-saving religious instruction. The Guru fixing his thoughts on God uttered the following hymn[1] :
>
> ਮੀਰਾਂ ਦਾਨਾਂ ਦਿਲ ਸੋਚ ॥
> ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥੧॥ਰਹਾਉ॥
> ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥
> ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥੧॥

1. Macauliffe, III, p. 27.

ਦਸ੍ਤਗੀਰੀ ਦੇਹਿ ਦਿਲਾਵਰ ਤੂ ਹੀ ਤੂ ਹੀ ਏਕ॥
ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ॥੨॥੫॥

—ਤਿਲੰਗ ਮ: ੫, ਪੰਨਾ ੭੨੪-੧੫

ਅਰਥ : ਹੇ ਮੇਰੇ ਸਤਿਕਾਰ ਜੋਗ ਸਿਆਣੇ ਦੋਸਤ! ਆਪਣੇ ਦਿਲ ਵਿਚ ਵਾਹਿਗੁਰੂ ਨੂੰ ਯਾਦ ਰੱਖ (ਵਾਹਿਗੁਰੂ ਦੀ ਵੀਚਾਰ ਕਰ) ਐਸਾ ਕੀਤਿਆਂ, ਬੰਧਨਾਂ ਤੋਂ ਛੁਟਕਾਰਾ ਦੇਣ ਵਾਲੇ ਸੱਚੇ ਵਾਹਿਗੁਰੂ ਦਾ ਪਿਆਰ, ਮਨ ਅਤੇ ਸਰੀਰ ਵਿਚ ਟਿਕ ਜਾਂਦਾ ਹੈ।੧।ਰਹਾਉ।

(ਪ੍ਰਭੂ ਅੱਗੇ ਅਰਦਾਸ ਕੀਤਾ ਕਰ, ਆਖ:)

ਹੇ ਪ੍ਰਭੂ! ਤੇਰੇ ਦਰਸ਼ਨ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਹੇ ਪਵਿੱਤਰ ਪ੍ਰਭੂ! ਹੇ ਪਾਲਣਹਾਰ! ਤੂੰ ਆਪ ਹੀ ਸਾਰਿਆਂ ਦਾ ਮਾਲਿਕ ਹੈਂ। ਤੂੰ ਸਭ ਤੋਂ ਵੱਡਾ ਹੈਂ। ਤੇਰੀ ਵਡਿਆਈ ਨੂੰ ਤੋਲਿਆ ਨਹੀਂ ਜਾ ਸਕਦਾ।

ਹੇ ਸੂਰਮੇ ਸਾਹਿਬ! ਮੈਨੂੰ ਆਪਣਾ ਹੱਥ ਫੜਾ ਦੇ (ਕਿਉਂਕਿ ਹੱਥ ਫੜ ਕੇ ਆਸਰਾ ਦੇਣ ਵਾਲਾ) ਕੇਵਲ ਤੂੰ ਹੀ ਹੈਂ (ਹੋਰ ਕੋਈ ਨਹੀਂ ਹੈ)।

ਹੇ ਕੁਦਰਤਿ ਦੇ ਸਿਰਜਣਹਾਰ! ਹੇ ਪਰਜਾ ਦੇ ਮਾਲਿਕ! ਮੈਂ ਨਾਨਕ ਨੂੰ ਤੇਰਾ ਹੀ ਆਸਰਾ ਹੈ।

Translation in English:

O wise men! think of the Lord in your hearts. The true king, the releaser from bondage, dwelleth in the heart by the mind's affection.1.Rahao.

Nothing is equal in value to the sight of God. Thou art the pure cherisher; Thou Thyself art the Lord great and incomparable.1.

Give me Thy hand, O Brave One, Thou art only one to assist me.

O Creator! by Thy power didst Thou create the world; Thou art Nanak's prop.[1]

ਜਦੋਂ ਉਕਤ ਦਰਸਾਇਆ ਇਲਾਹੀ ਕਲਾਮ ਲਾਹੌਰ ਦੇ ਸੂਬੇਦਾਰ ਨੇ ਸੁਣਿਆ, ਉਸ ਦੇ ਹਿਰਦੇ ਉਤੇ ਵਹਦੀਅਤ ਦੇ ਉਪਦੇਸ਼ ਦਾ ਬਹੁਤ ਹੀ ਗਹਿਰਾ ਅਸਰ ਹੋਇਆ। ਉਸ ਨੇ ਆਖਿਆ ਕਿ ਅੱਜ ਮੈਨੂੰ ਮੇਰੀ ਜ਼ਿੰਦਗੀ ਦੁਬਾਰਾ ਨਵੇਂ ਸਿਰਿਓਂ ਆਰੰਭ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਆਪਣੇ ਅੰਦਰੋਂ

---

1. Tilang M: 5, p. 724-15. see Macauliffe, III, p. 27.

ਹਉਮੈ ਦੀ ਉਸਰੀ ਦੀਵਾਰ ਨੂੰ ਢਾਹ ਕੇ ਉਸ ਨੇ ਆਪਾ ਰੱਬ ਦੇ ਚਰਨਾਂ ਵਿਚ ਭੇਟਾ ਕਰ ਦਿੱਤਾ। ਔਰ ਸਤਿਗੁਰਾਂ ਦੀ ਹਜ਼ੂਰੀ ਵਿਚ ਬੇਨਤੀ ਕੀਤੀ ਕਿ ਮੇਰੇ ਤੇ ਰਹਿਮਤ ਕਰੋ, ਮੈਨੂੰ ਇਹ ਸੁਭਾਗਾ ਅਵਸਰ ਬਖ਼ਸ਼ੋ ਤਾਕਿ ਮੈਂ ਆਪਣੇ ਖ਼ਰਚੇ 'ਤੇ ਇਸ ਬਾਉਲੀ ਦੀ ਸੇਵਾ ਕਰ ਸਕਾਂ। ਸਤਿਗੁਰੂ ਜੀ ਨੇ ਉਸ ਦੇ ਹਿਰਦੇ 'ਚੋਂ ਨਿਕਲੀ ਭਾਵਨਾ ਦਾ ਆਦਰ ਕਰਦੇ ਹੋਏ ਉਸ ਦੀ ਗੁਜ਼ਾਰਿਸ਼ (ਬੇਨਤੀ) ਦਰ ਕਬੂਲ ਫ਼ੁਰਮਾਈ। ਮੈਕਾਲਿਫ਼ ਉਕਤ ਦਰਸਾਏ ਖ਼ਿਆਲ ਨੂੰ ਨਿਮਨ-ਲਿਖਤ ਦੇ ਅਨੁਸਾਰ ਅੰਕਤ ਕਰਦਾ ਹੈ:

> This hymn when heard by the Viceroy of Lahore, produced a great impression on his mind. It is said that he reformed his life, and devoted himself to God's service. He invited the Guru to ask him a favour. The Guru did so, and the result was the excavation of the Bawali at the Viceroy's expense.[1]

੧੨-੧. *ਸਹਿੰਸਰੇ ਪਿੰਡ ਗੁਰੂ ਕੀ ਰੌੜ*

ਲਾਹੌਰ ਦੀਆਂ ਸੰਗਤਾਂ ਵਿਚ ਰੱਬੀ ਸੀਰਤ ਦਾ ਅੰਮ੍ਰਿਤ-ਮਈ ਪੈਗਾਮ ਵੰਡਣ ਤੋਂ ਉਪਰੰਤ ਸਤਿਗੁਰੂ ਜੀ ਬਾਬਾ ਸਿਰੀ ਚੰਦ ਦੇ ਬੁਲਾਵੇ 'ਤੇ ਡੇਰਾ ਬਾਬਾ ਨਾਨਕ ਵਲ ਨੂੰ ਚਲ ਪਏ। ਆਪ ਜੀ ਸਭ ਤੋਂ ਪਹਿਲਾਂ ਸਹਿੰਸਰੇ ਪਿੰਡ ਦੀ ਰੌੜ ਵਿਚ ਜਾ ਬਿਰਾਜੇ। ਜਿਥੇ ਕਦੇ ਭੀ ਕੋਈ ਦਰਖ਼ਤ ਨਹੀਂ ਪੁੰਗਰਦਾ ਸੀ। ਪਰੰਤੂ ਸਤਿਗੁਰੂ ਜੀ ਦੇ ਪਾਵਨ ਚਰਨਾਂ ਦੀ ਛੋਹ ਨਾਲ 'ਸਾ ਧਰਤਿ ਭਈ ਹਰੀਆਵਲੀ, ਜਿਥੈ ਮੇਰਾ ਸਤਿਗੁਰੁ ਬੈਠਾ ਆਇ' ਸਹਿੰਸਰੇ ਪਿੰਡ ਦੀ ਰੌੜ ਹਰਿਆਵਲ ਵਿਚ ਬਦਲ ਗਈ, ਔਰ ਜੀਵਾਂ ਦੇ ਹਿਰਦੇ ਤਰ-ਨਮ ਹੋ ਗਏ। 'ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥'[2] ਸਤਿਗੁਰੂ ਜੀ ਤਿੰਨ ਦਿਨ ਸਹਿੰਸਰੇ ਪਿੰਡ ਵਿਚ ਅਤੇ ਲਾਗੇ-ਪਾਸੇ ਦੀਆਂ ਸੰਗਤਾਂ ਨੂੰ 'ਜੀਅ ਦਾਨੁ ਦੇਇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ' ਦੀ ਇਲਾਹੀ ਦਾਤਿ ਵੰਡਦੇ ਰਹੇ, ਜਿਸ ਦਾ ਸਦਕਾ ਇਲਾਕੇ ਦੀਆਂ ਸੰਗਤਾਂ ਵਿਚ ਸਿੱਖੀ ਸੇਵਕੀ ਦੀ ਨੀਂਹ ਬੱਝੀ।

ਸਤਿਗੁਰੂ ਜੀ ਡੇਰਾ ਬਾਬਾ ਨਾਨਕ ਦੇ ਦੌਰੇ 'ਤੇ ਸਨ, ਉਨ੍ਹਾਂ ਦਿਨਾਂ ਵਿਚ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਉਤੇ ਪ੍ਰਿਥੀ ਚੰਦ ਦੇ ਉਕਸਾਏ ਹੋਏ ਸੁਲਹੀ ਅਤੇ

1. Macauliffe, III, p. 27.
2. ਵਾਰ ਗਉੜੀ ਮ: ੪, ਪੰਨਾ ੩੧੦।

ਉਸ ਦੇ ਅਹਿਦੀਏ ਇਕ ਹਮਲੇ ਦੀ ਸ਼ਕਲ ਵਿਚ ਮਾਮਲੇ ਦੀ ਵਸੂਲੀ ਵਾਸਤੇ ਚੜ੍ਹ ਆਏ, ਜਿਸ ਕਰਕੇ ਮਾਤਾ ਗੰਗਾ ਜੀ ਸਤਿਗੁਰੂ ਜੀ ਨੂੰ ਸਹਿੰਸਰੇ ਪਿੰਡ ਵਿਚ ਆਣ ਮਿਲੇ। ਔਰ ਸੁਲਹੀ ਸ਼ਰਮਿੰਦਾ ਹੋ ਕੇ ਪ੍ਰਿਥੀ ਚੰਦ ਨੂੰ ਬੁਰਾ ਭਲਾ ਕਹਿੰਦਾ ਵਾਪਸ ਆਪਣੇ ਟਿਕਾਣੇ ਬਟਾਲੇ ਵਿਚ ਮੁੜ ਆਇਆ। ਸਤਿਗੁਰੂ ਜੀ ਨੇ ਭਾਣੇ ਵਿਚ ਆਣ ਕੇ ਇਕ ਤੌਹੀਦੀ ਕਲਾਮ ਉਚਾਰਣ ਕੀਤਾ:

ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ ॥
ਪਾਰਬ੍ਰਹਮਿ ਤੂ ਬਖਸਿਆ ਸੰਤਨ ਰਸ ਭੋਗ ॥ਰਹਾਉ॥
ਸਰਬ ਸੁਖਾ ਤੇਰੀ ਮੰਡਲੀ ਤੇਰਾ ਮਨੁ ਤਨੁ ਆਰੋਗ ॥
ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਦ ਜੋਗ ॥੧॥
ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ ॥
ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗ ॥੨॥੧੦॥੨੮॥

—ਬਿਲਾਵਲੁ ਮ: ੫, ਪੰਨਾ ੮੦੭-੧੨

ਆਪ ਜੀ ਸਹਿੰਸਰੇ ਤੋਂ ਚੱਲ ਕੇ ਬਾਰਠ ਨਗਰ ਵਿਚ ਬਾਬਾ ਸਿਰੀ ਚੰਦ ਜੀ ਨੂੰ ਜਾ ਮਿਲੇ। ਵਿਚਾਰ ਵਟਾਂਦਰੇ ਦੇ ਦੌਰਾਨ ਬਾਬਾ ਸਿਰੀ ਚੰਦ ਜੀ ਨੂੰ ਪ੍ਰਿਥੀਏ ਦੀ ਕੁਵੱਲੀ ਕਰਤੂਤ ਦਾ ਪਤਾ ਲੱਗਾ। ਬਾਬਾ ਸਿਰੀ ਚੰਦ ਜੀ ਨੇ ਆਖਿਆ, ਪ੍ਰਿਥੀਆ ਮੰਦਾ ਕਰਮ ਕਰ ਰਿਹਾ ਹੈ, ਦੁਖ ਭੋਗੇਗਾ, ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਅਟੱਲ ਰਹੇਗੀ। ਗੁਰੂ-ਘਰ ਦੇ ਦੋਖੀਆਂ ਨੂੰ ਦੋਹੀਂ ਸਰਾਈਂ ਢੋਈ ਨਹੀਂ ਮਿਲੇਗੀ।

ਬਾਰਠ ਨਗਰ ਤੋਂ ਵਿਦਾ ਹੋ ਕੇ ਸਤਿਗੁਰੂ ਜੀ ਗੁਰੂ ਨਾਨਕ ਸਾਹਿਬ ਜੀ ਦੇ ਅੰਤਮ ਅਸਥਾਨ ਡੇਰਾ ਬਾਬਾ ਨਾਨਕ ਆਣ ਪਧਾਰੇ। ਡੇਰਾ ਬਾਬਾ ਨਾਨਕ ਦੇ ਦਰਸ਼ਨ ਕਰਨ ਤੋਂ ਬਾਅਦ ਸਤਿਗੁਰੂ ਜੀ ਵਾਪਸ ਅੰਮ੍ਰਿਤਸਰ ਪਰਤ ਆਏ, 'ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ'। ਉਕਤ ਦਰਸਾਏ ਹਾਲਾਤ ਦੀ ਪ੍ਰੋੜ੍ਹਤਾ ਮਿਸਟਰ ਮੈਕਾਲਿਫ਼ ਦੇ ਸ਼ਬਦਾਂ ਵਿਚ ਹੋਰ ਵਧੇਰੇ ਸਮਝ ਦਾ ਵਿਸ਼ਾ ਬਣਦੀ ਹੈ:

> The Guru then went to the shrine of Guru Nanak at Dera Baba Nanak in Gurdaspur district. Thence he proceeded to Barath (ਬਾਰਠ) in the same district to visit Sri Chand, Guru Nanak's son. After mutual salutations they held a conversation. Sri Chand asked why the Guru wandered hither and thither and did not reside in Amritsar. The Guru replied

that Prithia was distressed at his residence there, and so he travelled to propagate his religion. After some further conversation, in the course of which Sri Chand censured the conduct of Prithia, and said it would be the cause of his damnation, the Guru took his departure for Amritsar, and thus consulted the wishes of his Sikhs and of Sri Chand[1].

ਸਾਡਾ ਇਤਿਹਾਸ[2] ਦੇ ਕਥਨ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਦੀ ਪ੍ਰਚਾਰ ਫੇਰੀ ਸੰਨ ੧੫੯੯-੧੬੦੧ ਤਕ ਮੁਕੰਮਲ ਕੀਤੀ। ਸਾਰੇ ਇਲਾਕੇ ਦੇ ਲੋਕਾਂ ਨੂੰ ਵਹਿਮ ਪ੍ਰਸਤੀ ਤੋਂ ਵਰਜ ਕੇ ਕੇਵਲ ਇਕ ਵਾਹਿਗੁਰੂ ਦੀ ਇਬਾਦਤ ਨਾਲ ਜੋੜਿਆ। ਡੇਰਾ ਬਾਬਾ ਨਾਨਕ, ਕਰਤਾਰਪੁਰ ਰਾਵੀ, ਕਲਾਨੌਰ, ਬਾਰਠ ਆਦਿ ਥਾਵਾਂ 'ਤੇ ਗੁਰਮਤਿ ਦਾ ਨਿਸ਼ਾਨ ਕਾਇਮ ਕੀਤਾ। ਅੰਤ ਵਿਚ ਬਾਬਾ ਸਿਰੀ ਚੰਦ ਜੀ ਨੂੰ ਮਿਲ ਕੇ ਸੰਨ ੧੬੦੧ ਵਿਚ ਅੰਮ੍ਰਿਤਸਰ ਵਾਪਸ ਆ ਗਏ। ਪ੍ਰਿਥੀ ਚੰਦ ਦੀਆਂ ਵਿਰੋਧੀ ਕਰਤੂਤਾਂ ਇਨ੍ਹਾਂ ਦਿਨਾਂ ਵਿਚ ਬੜੇ ਜ਼ੋਰਾਂ 'ਤੇ ਸਨ।

1. Macauliffe, iii, p. 27 ; ਵੇਖੋ *ਸੂਰਜ ਪ੍ਰਕਾਸ਼* ਵਾਰਤਕ, ਸੋਢੀ ਤੇਜਾ ਸਿੰਘ, ਪੰਨਾ ੨੧੧ ; ਵੇਖੋ *ਸੂਰਜ ਪ੍ਰਕਾਸ਼* ਵਾਰਤਕ, *ਸੋਢੀ ਚਮਤਕਾਰ*, ਤ੍ਰਿਲੋਕ ਸਿੰਘ, ਪੰਨਾ ੨੦੯।
2. ਵੇਖੋ *ਸਾਡਾ ਇਤਿਹਾਸ*, ਜਿਲਦ ੧, ਪੰਨਾ ੧੯੬।

ਪੰਚਮ ਸਤਿਗੁਰੂ ਦੇ ਸਿੱਖ

ਭਾਈ ਗੁਰਦਾਸ ਜੀ ਨੇ ਪੰਚਮ ਪਾਤਿਸ਼ਾਹ ਜੀ ਦੇ ਕੁਝ ਮੋਢੀ ਸਿੱਖਾਂ ਦੀ ਨਾਮਾਵਲੀ ਗਿਆਰ੍ਹਵੀਂ ਵਾਰ ਵਿਚ ਦਰਜ ਕੀਤੀ ਹੈ, ਪਉੜੀ ਨੰਬਰ ੧੯ ਤੋਂ ਪਉੜੀ ਨੰਬਰ ੨੯ ਤਕ ਹਜ਼ੂਰ ਦੇ ਸਨਮੁਖ ਅਤੇ ਅਗਲੀ ਕਤਾਰ ਦੇ ਸਿੱਖਾਂ ਦੀ ਪਾਵਨ ਨਾਮਾਵਲੀ ਅੰਕਿਤ ਹੈ। ਆਪ ਜੀ ਦੀ ਜਾਣਕਾਰੀ ਲਈ ਕੁਝ ਕੁ ਸ਼ਰਧਾਲੂ ਅਤੇ ਸਿਦਕੀ ਸਿੱਖਾਂ ਦੀ ਗਾਥਾ ਦਰਜ ਕਰਨ ਦੀ ਆਗਿਆ ਚਾਹਾਂਗੇ :

੧੩-੧. *ਭਾਈ ਬਹਿਲੋ*

ਪੰਜਾਬ ਵਿਚ ਕੁਝ ਚੋਟੀ ਦੇ ਇਨਸਾਨ ਇਸਲਾਮਿਕ ਸਰਵਰੀ ਲਹਿਰ ਦੇ ਪੈਰੋਕਾਰ ਬਣ ਚੁੱਕੇ ਸਨ, ਸਰਵਰੀ ਸੰਸਥਾ ਇਸਲਾਮ ਵਿਚ ਪ੍ਰਵੇਸ਼ ਕਰਨ ਦਾ ਆਰੰਭਕ ਕਦਮ ਸੀ, ਕਿਉਂਕਿ ਹਿੰਦੁਸਤਾਨ ਦੇ ਲੋਕ ਦੇਵਤਿਆਂ ਦੇ ਰਾਹੀਂ ਦਾਤਾਂ ਪ੍ਰਾਪਤ ਕਰਨ ਦੇ ਵਹਿਮੀ ਫੰਦੇ ਵਿਚ ਜਕੜੇ ਹੋਏ ਸਨ। ਹੁਸ਼ਿਆਰ ਇਸਲਾਮੀ ਮੁਲਾਣਿਆਂ ਲਈ ਸਰਵਰੀ ਸੰਸਥਾ ਚਾਲੂ ਕਰ ਕੇ ਹਿੰਦੁਸਤਾਨੀ ਜਨਤਾ ਨੂੰ ਧਾਗੇ ਤਵੀਤ, ਤਾਅਵੀਜ਼ ਦੇ ਭਰਮਾਂ ਵਿਚ ਗ੍ਰਸਤ ਕਰ ਕੇ ਇਸਲਾਮੀ ਦਾਇਰੇ ਵਿਚ ਲੈ ਆਉਣਾ ਇਕ ਆਸਾਨ ਢੰਗ ਸੀ। ਪਰੰਤੂ ਜਿਸ ਵੇਲੇ ਸਤਿਗੁਰੂ ਅਰਜਨ ਦੇਵ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਇਲਹਾਮੀ ਪੈਗਾਮ ਇਕ ਦੀ ਪੂਜਾ, ਇਕ ਦੀ ਸੇਵਾ ਦਾ ਦਾਰਸ਼ਨਿਕ ਸਿਧਾਂਤ ਲੋਕਾਂ ਦੇ ਹਿਰਦੇ ਵਿਚ ਉਤਾਰ ਦਿੱਤਾ, ਉਹ ਕੂੜੇ ਵਹਿਮਾਂ ਭਰਮਾਂ ਨੂੰ ਤਲਾਂਜਲੀ ਦੇ ਕੇ ਸਤਿਗੁਰੂ ਦੀ ਪਨਾਹ ਵਿਚ ਆਣ ਜੁੜੇ।

ਸਖੀ ਸਰਵਰ ਦੇ ਚੇਲਿਆਂ ਵਿਚ ਇਕ ਬਹਿਲੋ ਨਾਮੀ ਸ਼ਾਗਿਰਦ ਸੀ। ਇਹ ਮਾਲਵੇ ਦੇਸ਼ ਦੇ ਪਿੰਡ ਫਫੜੇ ਦੇ ਰਹਿਣ ਵਾਲਾ ਸਿੱਧੂ ਜੱਟ ਸੀ। ਕੋਰਾ ਅਨਪੜ੍ਹ ਸੀ, ਪਰੰਤੂ ਬੁੱਧੀ ਅਤਿ ਤੀਖਣ ਅਤੇ ਸੂਝ-ਬੂਝ ਦਾ ਧਾਰਨੀ ਸੀ। ਘਰੋਗੀ ਅਤੇ ਇਲਾਕਾਈ ਵਹਿਮ-ਪ੍ਰਸਤੀ ਨੇ ਉਸ ਨੂੰ ਸਰਵਰੀਆ ਬਣਾ ਦਿੱਤਾ

ਸੀ। ਹਰ ਸਾਲ ਨਗਾਹੇ ਦੀ ਜ਼ਿਆਰਤ ਕਰਨ ਲਈ ਜਾਂਦਾ, ਹਰ ਵੀਰਵਾਰ ਵਾਲੇ ਦਿਨ ਇਕ ਵੱਡੀ ਮਜਲਿਸ ਲਾ ਕੇ ਬੈਠਦਾ, ਜਿੰਨ-ਭੂਤ ਕੱਢਣ ਲਈ ਖੇਡਾਂ ਖੇਡਦਾ, ਜਿਸਮ 'ਤੇ ਸੰਗਲੀਆਂ ਦੀ ਚੋਟ ਭੀ ਮਾਰਦਾ। ਜੱਟਾਂ ਵਾਲਾ ਪਹਿਰਾਵਾ ਉਤਾਰ ਕੇ ਸਰਵਰੀ ਪੀਰਾਂ ਵਾਲਾ ਲਿਬਾਸ ਪਹਿਨਦਾ, ਜਨਤਾ ਨੂੰ ਝੂਠੀਆਂ ਮੁਰਾਦਾਂ ਬਖ਼ਸ਼ਣ ਦਾ ਢਕਵੰਜ ਰਚਦਾ, ਹੱਥ ਵਿਚ ਖੂੰਡੀ, ਮੋਢੇ 'ਤੇ ਮੁਸੱਲਾ, ਗਲ ਵਿਚ ਤਸਬੀ ਦੀ ਸਜਾਵਟ ਭੀ ਕਰਦਾ, ਪਰ ਮਨ ਨੂੰ ਤਸਕੀਨ ਪ੍ਰਾਪਤ ਨਾ ਹੋਈ। ਆਤਮਕ ਸ਼ਾਂਤੀ ਵਲੋਂ ਸੱਖਣਾ ਰਿਹਾ, ਮਨ ਹਮੇਸ਼ਾ ਹੀ ਭੰਬਲ-ਭੂਸਿਆਂ ਦਾ ਸ਼ਿਕਾਰ ਰਿਹਾ।

ਇਕ ਦਫ਼ਾ ਭਾਈ ਬਹਿਲੋ ਆਪਣੇ ਸੰਗੀਆਂ ਸਮੇਤ ਨਗਾਹੇ ਦੀ ਯਾਤਰਾ ਪਿੰਡ ਧੌਨੱਕ ਜ਼ਿਲ੍ਹਾ ਗੁਜਰਾਂਵਾਲਾ ਨੂੰ ਜਾਂਦਾ ਹੋਇਆ ਸੰਮਤ ੧੬੪੩ (ਸੰਨ ੧੫੮੬) ਵਿਚ ਗੁਰੂ ਕੀ ਨਗਰੀ ਰਾਮਦਾਸਪੁਰ ਆਣ ਠਹਿਰਿਆ। ਉਸ ਵੇਲੇ ਰਾਮਦਾਸਪੁਰੇ ਵਿਚ ਸਰੋਵਰ ਪੱਕਾ ਕਰਨ ਲਈ ਇੱਟਾਂ ਦੇ ਆਵੇ ਚੜ੍ਹੇ ਹੋਏ ਸਨ, ਗੁਰੂ ਕਾ ਲੰਗਰ ਅਤੁੱਟ ਵਰਤ ਰਿਹਾ ਸੀ ਔਰ ਸਤਿਗੁਰੂ ਜੀ ਆਈਆਂ ਸੰਗਤਾਂ ਨੂੰ ਆਪਣੇ ਵਹਦੀਅਤ ਦੇ ਉਪਦੇਸ਼ ਰਾਹੀਂ 'ਜੀਅ ਦਾਨੁ ਦੇਇ ਭਗਤੀ ਲਾਇਨਿ' ਦੀ ਇਲਾਹੀ ਗਤੀ ਨਿਭਾ ਰਹੇ ਸਨ। ਸਤਿਗੁਰੂ ਜੀ ਦਾ ਦਰਸ਼ਨ ਕਰ ਕੇ, ਆਸਮਾਨੀ ਮਰਯਾਦਾ ਅੱਖੀਂ ਵੇਖ ਕੇ, ਸਰਵਣਾਂ ਦੇ ਰਾਹੀਂ ਅੰਮ੍ਰਿਤ ਕੀਰਤਨ ਸੁਣ ਕੇ ਭਾਈ ਬਹਿਲੋ ਅਤੇ ਸਾਥੀ ਸੰਗੀਆਂ ਦਾ ਹਿਰਦਾ, ਮਨ ਅਤੇ ਆਤਮਾ ਕਿਸੇ ਅਕੱਥ ਅਣਿਆਲੇ ਸੋਜ਼ ਵਿਚ ਵਿੰਨ੍ਹੇ ਗਏ। ਭਾਈ ਬਹਿਲੋ ਆਪਣੀ ਟੋਪੀ, ਖੂੰਡੀ, ਸਰਵਰੀ ਲਿਬਾਸ ਉਤਾਰ ਕੇ ਇੱਟਾਂ ਪਕਾਣ ਲਈ ਭੱਠੇ ਦੀ ਸੇਵਾ ਵਿਚ ਮਗਨ ਹੋ ਗਿਆ। ਔਰ ਸਾਰੇ ਸ਼ਹਿਰ ਵਿਚੋਂ ਵਿਸ਼ਟਾ ਇਕੱਠੀ ਕਰ ਕੇ ਆਵਿਆਂ ਵਿਚ ਪਾਉਂਦਾ। ਇੱਟਾਂ ਦੀ ਪਕਿਆਈ ਬਹੁਤ ਚੰਗੀ ਹੋਈ, ਇਹ ਨਿਸ਼ਕਾਮ ਸੇਵਾ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ। ਹਜ਼ੂਰ ਨੇ ਬਚਨ ਉਚਾਰਿਆ, "ਭਾਈ ਬਹਿਲੋ, ਸਭ ਤੋਂ ਪਹਿਲੋਂ।"[1]

ਭਾਈ ਬਹਿਲੋ ਦੀ ਪਾਵਨ ਜੀਵਨੀ ਪ੍ਰਤੀ ਮਿਸਟਰ ਮੈਕਾਲਿਫ਼ ਦੇ ਖ਼ਿਆਲ ਹੋਰ ਵਧੇਰੇ ਰੌਸ਼ਨੀ ਪਾਉਂਦੇ ਹਨ :

> A Sikh named Bahilo came from Malwa to visit the Guru. He professed to know how to make bricks in the most durable manner. The Guru accordingly entrusted to him the whole of the bricks making

1. *ਸੋਢੀ ਚਮਤਕਾਰ*, ੧੧, ਤ੍ਰਿਲੋਕ ਸਿੰਘ, ਪੰਨਾ ੧੪੩; ਅਤੇ *ਸੂਰਜ ਪ੍ਰਕਾਸ਼ ਵਾਰਤਕ*, ਸੋਢੀ ਤੇਜਾ ਸਿੰਘ, ਪੰਨਾ ੧੯੩।

necessary for the completion of the tank and the temple[1].

ਭਾਈ ਬਹਿਲੋ ਜੀ ਦੀ ਨਿਸ਼ਕਾਮ ਸੇਵਾ ਪ੍ਰਤੀ ਅਤੇ ਸਰਵਰੀ ਖ਼ਿਆਲਾਂ ਤੋਂ ਉਪਰਾਮਤਾ ਲਈ ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਦੇ ਖ਼ਿਆਲ ਅਤਿਅੰਤ ਹੀ ਢੁਕਵੇਂ ਅਤੇ ਸੁਲਝੇ ਹੋਏ ਜਾਪਦੇ ਹਨ:

ਫਫੜੇ ਨਾਮ ਗਰਾਮ ਮੈਂ ਇਕ ਬਹਿਲੋ ਨਾਮੀ॥
ਮੁਲਕ ਮਾਲਵੇ ਕਾ ਹੁਤੋ, ਸਿਧੂ ਜੱਟ ਜਾਮੀ॥
ਖੁੰਡੀ ਖਲੜੀ ਰਾਖਤੋ ਸੇਲੀ ਸੁਲਤਾਨੀ॥
ਜਾਇ ਨਗਾਹੇ ਧੌਂਕਲੇ ਲੈ ਲੋਗ ਮਹਾਨੀ॥੫॥
ਪੰਚਮ ਗੁਰੂ ਬੁਲਾਯੋ ਤਿਸ ਕੋ ਸਿਖ ਪੱਠ ਕੈ॥
ਨਿਜ ਘਰ ਤੇ ਗੁਰੁ ਢਿਗ ਆਯੋ, ਸੋ ਅਤਿ ਮਨ ਹੱਠ ਕੈ॥
ਖੂੰਡੀ ਖਲੜੂ ਆਦਿ ਜੋ, ਬਾਨਾ ਸਰਵਰੀਆ॥
ਬਹਾਇ ਦਰਯਾਇ ਸਤੱਦ੍ਰਵੇ, ਆ ਗੁਰੁ ਪਗ ਫਰੀਆ॥੬॥
ਹੋਇ ਸਿਖ ਸਿਦਕੀ ਹੱਠੀ, ਸੇਵਾ ਬਹੁ ਭਾਈ॥
ਖੋਦੈ ਤਾਲੁ ਬਿਸਾਲ ਹੀ, ਮਨ ਤਨ ਧਨ ਲਾਈ॥
ਸੂਪ (ਛੱਜ) ਫਾਹੁਰੀ ਹਾਥ ਲੈ, ਚੁਕ ਮੈਲਾ ਕੂਰਾ॥
ਵੀਚ ਪੰਜਾਵੇ (ਭੱਠੇ) ਪਾਵਹੀ, ਜਯੋਂ ਪੱਕੇ ਪੂਰਾ॥੭॥
ਖਾਵੈ ਟੁਕਰੇ ਮਾਂਗ ਕੇ, ਅਤਿ ਅਲਪ ਅਹਾਰਾ॥
ਵਾਹਿਗੁਰੂ ਦਮ ਦਮ ਰਟੈ, ਰਹਿ ਨਿੰਮ੍ਰ ਭਾਰਾ॥
ਤਿਖੀ ਧਾਰ ਤਰਵਾਰ ਤੈ, ਉਨਿ ਬਾਲਹੁ ਨਿੱਕੀ॥
ਬਾਰ੍ਹਾਂ ਬਰਸ ਨਿਬਾਹੀਆ, ਜਬਿ ਬਹਿਲੋ ਸਿਖੀ॥੮॥
ਖੁਸ਼ੀ ਹੋਇ ਬਖ਼ਸ਼ੀ ਗੁਰੂ, ਰਿਧਿ ਸਿਧਿ ਅਪਾਰੀ॥
ਸਿੱਖੀ ਮਾਲਵੇ ਦੇਸ ਕੀ, ਪਦ ਪਾਈ ਭਾਰੀ॥
ਤਬਿ ਤੇ ਸੰਗਤਿ ਤਾਂਹਿ ਕੀ, ਭਾਈ ਕੇ ਕਹੀਏ॥
ਦੇਸ ਮਾਲਵਾ ਮਾਨ ਹੈ, ਅਬਿ ਲੌਂ ਬਿਦਤ ਹੀਏ॥੯॥[2]

ਭਾਈ ਬਹਿਲੋ ਦੀ ਸੇਵਾ ਪ੍ਰਤੀ *ਸੂਰਜ ਪ੍ਰਕਾਸ਼* ਦੇ ਕਰਤਾ ਭਾਈ ਸੰਤੋਖ ਸਿੰਘ ਜੀ ਆਪਣੇ ਸ੍ਰੇਸ਼ਟ ਖ਼ਿਆਲਾਂ ਦਾ ਇਜ਼ਹਾਰ ਨਿਮਨ-ਲਿਖਤ ਦੇ ਅਨੁਸਾਰ ਕਰਦੇ ਹਨ:

---

1. Macauliffe, iii, p. 8.
2. *ਪੰਥ ਪ੍ਰਕਾਸ਼*, ੧, ਪੂਰ, ਬਿਸ: ੧੯, ਪੰਨਾ ੬੪੭।

ਛੁਧਾ ਪਿਪਾਸਾ ਨੀਂਦ ਨ ਜਾਨਹਿ॥
ਆਲਸ ਬਿਨ ਸੇਵਾ ਸਵਧਾਨਹਿ॥
ਕਾਰ ਈਂਟ ਕਾ ਕਰਹਿ ਪਚਾਵੈ (ਭੱਠੇ ਵਿਚ)॥
ਭਲੀ ਰੀਤਿ ਕਰਿ ਪ੍ਰੇਮ ਪਕਾਵੈਂ॥
ਜਬ ਗੁਰ ਮਿਲੈਂ ਲਾਇ ਟਕ ਰਹੈ॥
ਜਥਾ ਚਕੋਰ ਚੰਦ ਕੋ ਚਹੈ॥੫੨॥[1]

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਭਾਈ ਬਹਿਲੋ ਦਾ ਨਾਮ ਚੋਟੀ ਦੇ ਸਿੱਖਾਂ ਦੀ ਪ੍ਰਣਾਲੀ ਵਿਚ ਦਰਜ ਕਰਦੇ ਹਨ:

ਫਿਰਣਾ ਬਹਿਲੁ ਵਖਾਣੀਐ ਜੇਠਾ ਚੰਗਾ ਕੁਲੁ ਨਿਸਤਾਰੇ॥

—ਵਾਰ ਭਾ: ਗੁਰਦਾਸ ੧੧/੨੦/੬

੧੩-੨. *ਭਾਈ ਮੰਝ*

ਸਤਿਗੁਰੂ ਪੰਚਮ ਪਾਤਿਸ਼ਾਹ ਜੀ ਦੇ ਸਿੱਖਾਂ ਦੀ ਨਾਮਾਵਲੀ ਸੂਚੀ ਕਾਫ਼ੀ ਵੱਡੀ ਹੈ, ਪਰ ਇਸ ਹੱਥਲੇ ਕਿਤਾਬਚੇ ਵਿਚ ਕੇਵਲ ਉਨ੍ਹਾਂ ਗੁਰਸਿੱਖਾਂ ਦਾ ਜ਼ਿਕਰ ਹੀ ਕੀਤਾ ਗਿਆ ਹੈ, ਜੋ ਗੁਰਸਿੱਖੀ ਧਾਰਨ ਕਰਨ ਤੋਂ ਪਹਿਲਾਂ ਸਰਵਰੀਆ ਸ਼੍ਰੇਣੀ ਦੇ ਧਾਰਨੀ ਸਨ। ਜਿਥੋਂ ਇਸਲਾਮੀ ਜਨੂੰਨੀ ਤਬਕੇ ਦੇ ਮੁਲਾਣਿਆਂ ਨੂੰ ਸਤਿਗੁਰੂ ਜੀ ਦੇ ਖ਼ਿਲਾਫ਼ ਬਦਲੇ ਦੀ ਭਾਵਨਾ ਪੈਦਾ ਹੋਈ, ਜੋ ਹਜ਼ੂਰ ਦੀ ਸ਼ਹਾਦਤ ਦਾ ਪ੍ਰਮੁਖ ਅੰਗ ਬਣੀ।

ਜਿਸ ਵੇਲੇ ਸਤਿਗੁਰੂ ਜੀ ਨੇ ਗੁਰੂ ਕੀ ਨਗਰੀ ਅੰਮ੍ਰਿਤਸਰ ਸਾਹਿਬ ਨੂੰ ਛੱਡ ਕੇ ਸਿੱਖੀ ਦੇ ਪ੍ਰਚਾਰ ਵਾਸਤੇ ਦੇਸ਼ ਯਾਤਰਾ ਆਰੰਭੀ, ਤਦ ਹਜ਼ੂਰ ਤਰਨ ਤਾਰਨ ਸਾਹਿਬ ਦੀ ਉਸਾਰੀ ਤੋਂ ਬਾਅਦ ਗੋਇੰਦਵਾਲ ਸਾਹਿਬ ਵਿਚ ਦੀ ਹੁੰਦੇ ਹੋਏ ਬਿਆਸਾ ਨਦੀ ਨੂੰ ਪਾਰ ਕਰ ਕੇ ਜਲੰਧਰ ਦੁਆਬ, ਡੱਲੇ ਪਿੰਡ ਵਿਚ ਆਣ ਬਿਰਾਜੇ।

ਭਾਈ ਮੰਝ ਦਾ ਅਸਲੀ ਨਾਮ ਤੀਰਥਾ ਸੀ, ਮੰਝ ਇਸ ਦਾ ਗੋਤ ਸੀ। ਭਾਈ ਗੁਰਦਾਸ ਜੀ ਨੇ ਸਨਮੁਖ ਸਿੱਖਾਂ ਦੀ ਪ੍ਰਣਾਲੀ ਵਿਚ ਭਾਈ ਮੰਝ ਜੀ ਦਾ ਗੋਤ ਨਾਮ ਵਰਤਿਆ ਹੈ। ਲਿਖਤ ਨਿਮਨ ਸੂਚਨਾ ਦੇ ਆਧਾਰ 'ਤੇ ਰੌਸ਼ਨੀ ਪਾ ਰਹੀ ਹੈ:

ਮੰਝੁ ਪੰਨੂ ਪਰਵਾਣੁ ਹੈ ਪੀਰਾਣਾ ਗੁਰ ਭਾਇ ਚਲੰਦਾ॥

—ਭਾ: ਗੁਰਦਾਸ, ਵਾਰ ੧੧/੨੩/੩

ਭਾਈ ਮੰਝ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਅਤੇ ਪੀਰ ਸਖੀ ਸਰਵਰ

1. *ਸ੍ਰੀ ਗੁਰ ਪ੍ਰਕਾਸ਼ ਸੂਰਜ*, ਰਾਸਿ ੨-੪੭, ਪੰਨਾ ੧੯੩੪।

ਦਾ ਉਪਾਸ਼ਕ ਸੀ। ਔਰ ਨਗਾਹੇ ਦੀ ਯਾਤਰਾ ਆਪਣੀ ਜ਼ਿੰਦਗੀ ਵਿਚ ਕਈ ਦਫ਼ਾ ਕਰ ਚੁੱਕਾ ਸੀ। ਗੁਰਸਿੱਖਾਂ ਪਾਸੋਂ ਗੁਰੂ ਕਾ ਜੱਸ ਸੁਣ ਕੇ ਇਹ ਇਕ ਦਫ਼ਾ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ। ਸਤਿਗੁਰੂ ਜੀ ਦਾ ਰੂਹਾਨੀ ਉਪਦੇਸ਼ ਸੁਣ ਕੇ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ ਜੀਓ! ਮੇਰੇ ਤੇ ਰਹਿਮਤ ਕਰੋ, ਮੈਨੂੰ ਭੀ ਆਪਣੀ ਸਿੱਖੀ ਦੀ ਦਾਤਿ ਬਖ਼ਸ਼ੋ।" ਸਤਿਗੁਰੂ ਜੀ ਨੇ ਬਚਨ ਕੀਤਾ, "ਸਿੱਖੀ ਦਾ ਕਮਾਵਨਾ ਬਹੁਤ ਕਠਨ ਹੈ। ਤੂੰ ਇਕ ਸਰਵਰੀਏ ਪੀਰ ਦਾ ਸ਼ਰਧਾਲੂ ਹੋ ਕੇ ਸਿੱਖੀ ਦੀ ਜ਼ੀਨਤ ਨੂੰ ਕਮਾ ਨਹੀਂ ਸਕੇਂਗਾ। ਸਿੱਖੀ ਦੇ ਧਾਰਨੀ ਹੋਣਾ ਅਤੇ ਗੁਰੂ-ਆਸ਼ੇ ਦੇ ਅਨੁਸਾਰ ਸਿੱਖੀ ਦੀ ਘਾਲਣਾ ਘਾਲਣੀ ਤੇਰੇ ਵਾਸਤੇ ਔਖੀ ਹੋਵੇਗੀ।" ਭਾਈ ਮੰਝ ਨੇ ਬੇਨਤੀ ਕੀਤੀ, "ਹੇ ਸੱਚੇ ਪਾਤਿਸ਼ਾਹ! ਜਦੋਂ ਆਪ ਜੀ ਦੀ ਦਇਆ ਦ੍ਰਿਸ਼ਟੀ ਹੋਵੇਗੀ, ਤਦ ਸਿੱਖੀ ਕਮਾਵਨ ਦੀ ਕਠਨਾਈ ਭੀ ਜਾਂਦੀ ਰਹੇਗੀ। ਆਪ ਜੀ ਰਹਿਮਤ ਕਰੋ, ਮੈਨੂੰ ਸਿੱਖੀ ਦੀ ਦਾਤਿ ਬਖ਼ਸ਼ੋ।"

ਭਾਈ ਮੰਝ ਦੀ ਤੀਬਰ ਇੱਛਾ ਵੇਖ ਕੇ ਸਤਿਗੁਰੂ ਜੀ ਬਖ਼ਸ਼ਿਸ਼ਾਂ ਦੇ ਘਰ ਵਿਚ ਆਏ। ਤਰੁੱਠ ਕੇ ਬਚਨ ਕੀਤਾ, "ਚੰਗਾ ਭਾਈ ਮੰਝ! ਸਤਿਨਾਮ ਦਾ ਸਿਮਰਨ ਕੀਤਾ ਕਰ, ਘਰ ਆਏ ਸਿੱਖਾਂ ਸੰਗਤਾਂ ਦੀ ਸੇਵਾ ਕਰਿਆ ਕਰ। ਤੇਰੇ ਉਤੇ ਸਤਿਗੁਰੂ ਨਾਨਕ ਜੀ ਦੀ ਬਖ਼ਸ਼ਿਸ਼ ਹੋਵੇਗੀ।"

ਸਤਿਗੁਰੂ ਜੀ ਕੋਲੋਂ ਗੁਰਸਿੱਖੀ ਦਾ ਨਾਯਾਬ ਤੋਹਫ਼ਾ ਪ੍ਰਾਪਤ ਕਰ ਕੇ ਭਾਈ ਮੰਝ ਆਪਣੇ ਘਰ ਪਰਤ ਆਇਆ। ਘਰ ਵਿਚ ਜੋ ਨਗਾਹੇ ਪੀਰ ਦਾ ਪੀਰ-ਖ਼ਾਨਾ ਬਣਾਇਆ ਹੋਇਆ ਸੀ, ਉਸ ਦੰਭੀ ਉਸਾਰੀ ਨੂੰ ਢਾਹ ਕੇ ਕੇਵਲ ਸਤਿਨਾਮ ਦਾ ਸਿਮਰਨ ਕਰਨ ਵਿਚ ਲੀਨ ਹੋ ਗਿਆ। ਆਈਆਂ ਸੰਗਤਾਂ ਦੀ ਸੇਵਾ ਦਾ ਮਹਾਨ ਉੱਦਮ ਆਰੰਭ ਦਿੱਤਾ। ਪਿੰਡ ਦੇ ਸਰਵਰੀਆਂ ਨੇ ਭਾਈ ਮੰਝ ਨੂੰ ਬਹੁਤ ਤੰਗ, ਹੈਰਾਨ, ਪ੍ਰੇਸ਼ਾਨ ਕੀਤਾ। ਘਰ-ਬਾਰ ਉਜਾੜ ਦਿੱਤਾ, ਇਹ ਉਜਾੜੇ ਦੀ ਹਾਲਤ ਵਿਚ ਪਿੰਡ ਕੰਗ ਮਾਈ, ਜੋ ਹੁਸ਼ਿਆਰਪੁਰ ਦੀ ਤਹਿਸੀਲ ਵਿਚ ਹੈ, ਆਣ ਟਿਕਿਆ।[1]

ਜਦੋਂ ਸੇਵਾ ਸਿਮਰਨ ਕਰਦਿਆਂ ਕੁਝ ਸਮਾਂ ਬੀਤ ਚੁੱਕਾ, ਤਦ ਭਾਈ ਮੰਝ ਦੇ ਅੰਤਰੀਵੀ ਭਾਵ ਸਤਿਗੁਰੂ ਜੀ ਦੇ ਦੀਦਾਰ ਵਾਸਤੇ ਬਿਹਬਲ ਹੋ ਉਠੇ। ਸਿੱਖੀ ਦੀ ਹੋਰ ਸਿੱਖਿਆ ਪ੍ਰਾਪਤ ਕਰਨ ਦੇ ਜਜ਼ਬੇ ਨੂੰ ਹਿਰਦੇ ਵਿਚ ਧਾਰ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਸਤਿਗੁਰੂ ਜੀ ਦੀ ਮੁਬਾਰਕ ਇਲਾਹੀ ਜ਼ੀਨਤ ਵਿਚ ਆ ਹਾਜ਼ਰ ਹੋਇਆ। ਗੁਰੂ ਕੇ ਲੰਗਰ ਅਤੇ ਸੰਗਤ ਦੀ ਸੇਵਾ ਵਿਚ ਦਿਨ-ਰਾਤ ਮਸਰੂਫ਼ ਰਹਿਣ ਲੱਗਾ। ਰੋਜ਼ਾਨਾ ਹੀ ਜੰਗਲ ਵਿਚ ਜਾਣਾ ਤੇ ਲੱਕੜੀਆਂ ਦਾ ਭਾਰ ਵੱਢ ਕੇ ਲਿਆਉਣਾ। ਭਾਂਡੇ ਮਾਂਜਣ ਦੀ ਸੇਵਾ ਕਰਨੀ, ਲੰਗਰ ਦੀ

---

1. *ਸ੍ਰੀ ਅਸ਼ਟ ਗੁਰ ਚਮਤਕਾਰ*, ਭਾਗ ੨, ਭਾਈ ਵੀਰ ਸਿੰਘ ਜੀ, ਪੰਨਾ ੨੦।

ਸਫ਼ਾਈ ਆਦਿ ਬੜੇ ਚਾਅ ਨਾਲ ਅਤੇ ਪ੍ਰੇਮ ਸਹਿਤ ਕਰਨੀ। ਜਿਤਨੀ ਜਿਤਨੀ ਸੇਵਾ ਸਿਮਰਨ ਵਿਚ ਪ੍ਰਗਤੀ ਹੁੰਦੀ ਗਈ, ਮਨ, ਤਨ ਅਤੇ ਆਤਮਾ ਹੋਰ ਵਧੇਰੇ ਨਿਰਮਲਤਾ, ਸੁਅੱਛਤਾ ਅਤੇ ਰੂਹਾਨੀ ਰੰਗਤ ਵਿਚ ਲੀਨ ਹੁੰਦੇ ਗਏ।

ਇਕ ਦਿਨ ਦੀ ਵਾਰਤਾ ਹੈ ਕਿ ਭਾਈ ਮੰਝ ਦੁਰੇਡੇ ਜੰਗਲ ਵਿਚੋਂ ਗੁਰੂ ਕੇ ਲੰਗਰ ਲਈ ਲੱਕੜਾਂ ਦਾ ਭਾਰ ਲਈ ਆ ਰਿਹਾ ਸੀ, ਰੱਬ ਦੀ ਰਜ਼ਾ ਐਸੀ ਹੋਈ ਕਿ ਅਤਿ ਤੀਖਣ ਕਾਲੀ-ਬੋਲੀ ਅੰਧੇਰੀ ਆਈ। ਇਸ ਤੂਫ਼ਾਨੀ ਝੱਖੜ ਦੀ ਮਾਰੂ ਲਪੇਟ ਵਿਚ ਭਾਈ ਮੰਝ ਭੀ ਆ ਗਿਆ, ਲੱਕੜੀਆਂ ਦੇ ਬੋਝ ਸਮੇਤ ਇਕ ਅੰਨ੍ਹੇ ਖੂਹ ਵਿਚ ਆਣ ਡਿੱਗਾ। ਖੂਹ ਵਿਚ ਪਾਣੀ ਦੀ ਮਿਕਦਾਰ ਬਹੁਤ ਹੀ ਥੋੜ੍ਹੀ ਸੀ। ਭਾਈ ਮੰਝ ਨੇ ਡਿੱਗਦੇ ਸਾਰ ਆਪਣੇ ਆਪ ਨੂੰ ਸੰਭਾਲਿਆ, ਲੱਕੜਾਂ ਦਾ ਭਾਰ ਆਪਣੇ ਸਿਰ ਉਤੇ ਚਾ ਲਿਆ ਤਾਕਿ ਲੱਕੜਾਂ ਗਿੱਲੀਆਂ ਨਾ ਹੋ ਜਾਣ। ਭਾਈ ਮੰਝ ਦੇ ਗੁਰੂ ਕੇ ਲੰਗਰ ਵਿਚ ਨਾ ਆਉਣ ਕਰਕੇ ਸਤਿਗੁਰੂ ਜੀ ਪਾਸ ਭੀ ਖ਼ਬਰ ਪਹੁੰਚ ਗਈ। ਅੰਤਰਯਾਮੀ ਸਤਿਗੁਰੂ ਜੀ ਨੇ ਅੰਤਰ ਧਿਆਨ ਹੋ ਕੇ ਡਿੱਠਾ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਰੱਸੇ ਲੈ ਕੇ ਆਵੋ। ਕੁਝ ਸਮੇਂ ਬਾਅਦ ਉਸ ਅੰਨ੍ਹੇ ਖੂਹ ਉਤੇ ਜਾ ਪਹੁੰਚੇ ਜਿਥੇ ਭਾਈ ਮੰਝ ਖੂਹ ਵਿਚ ਡਿੱਗਾ ਸੀ, ਕੀ ਵੇਖਦੇ ਹਨ ਕਿ ਭਾਈ ਮੰਝ ਦੇ ਸੀਸ ਉਤੇ ਲੱਕੜਾਂ ਦਾ ਭਾਰ ਹੈ, ਮੁਖੋਂ ਸਤਿਨਾਮ ਦੀ ਧੁਨੀ ਲਗਾਤਾਰ ਚਲ ਰਹੀ ਹੈ। ਹਜ਼ੂਰ ਨੇ ਬਚਨ ਕੀਤਾ, "ਭਾਈ ਮੰਝ! ਆਹ ਰੱਸਾ ਫੜ ਕੇ ਬਾਹਰ ਆ ਜਾਵੇ।" ਬੇਨਤੀ ਕੀਤੀ, "ਸੱਚੇ ਪਾਤਿਸ਼ਾਹ ਜੀ! ਪਹਿਲਾਂ ਲੱਕੜਾਂ ਦਾ ਭਾਰ ਬਾਹਰ ਕੱਢਿਆ ਜਾਵੇ, ਤਦ ਆਪ ਦੀ ਕ੍ਰਿਪਾ ਹੋਵੇਗੀ, ਤਾਕਿ ਇਹ ਲੱਕੜਾਂ ਸੁੱਕੀਆਂ ਹੀ ਰਹਿਣ। ਮੈਨੂੰ ਬਾਅਦ ਵਿਚ ਕੱਢ ਲੈਣਾ।" ਸਿੱਖ ਦੀ ਅਪਾਰ ਸ਼ਰਧਾ ਅਨੁਸਾਰ ਪਹਿਲਾਂ ਲੱਕੜਾਂ ਬਾਹਰ ਕੱਢੀਆਂ ਗਈਆਂ, ਫਿਰ ਭਾਈ ਮੰਝ ਨੂੰ ਬਾਹਰ ਕੱਢਿਆ ਗਿਆ। ਰਹਿਮਤ ਦੇ ਸਾਗਰ ਪੰਚਮ ਪਾਤਿਸ਼ਾਹ ਨੇ ਮੁਬਾਰਕ ਰਸਨਾ ਤੋਂ ਬਚਨ ਕੀਤਾ, "ਭਾਈ ਮੰਝ! ਤੇਰੀ ਘਾਲ ਥਾਇ ਪੈ ਗਈ। ਮੰਗ ਲੈ ਕੁਝ।" ਸਤਿਗੁਰੂ ਜੀ ਦੀ ਅਮੁੱਕ ਫ਼ਜ਼ੀਲਤ ਵੇਖ ਕੇ ਭਾਈ ਮੰਝ ਨੇ ਗੁਜ਼ਾਰਿਸ਼ ਕੀਤੀ, "ਹੇ ਸੱਚੇ ਪਾਤਿਸ਼ਾਹ ਜੀਓ! ਜੇ ਸੇਵਕ ਉਤੇ ਤੁਠੇ ਹੋ, ਤਦ ਮੈਨੂੰ ਆਪਣੀ ਸਿੱਖੀ ਸੇਵਕੀ ਦੀ ਦਾਤਿ ਬਖ਼ਸ਼ੋ ਜੀ।" ਹਜ਼ੂਰ ਨੇ ਸ਼ਰਧਾਲੂ ਸਿੱਖ ਦੀ ਬਿਨੈ ਪ੍ਰਵਾਨ ਕੀਤੀ। ਸਿੱਖ ਨੂੰ ਧੂਹ ਕੇ ਆਪਣੇ ਬਖ਼ਸ਼ਿੰਦ ਸੀਨੇ ਨਾਲ ਲਾਇਆ। ਬਚਨ ਕੀਤਾ:

ਮੰਝ ਪਿਆਰਾ ਗੁਰੂ ਨੂੰ ਗੁਰੂ ਮੰਝ ਪਿਆਰਾ॥
ਮੰਝ ਗੁਰੂ ਕਾ ਬੋਹਿਥਾ ਜਗ ਲੰਘਣ ਹਾਰਾ॥[1]

---

1. *ਸੂਰਜ ਪ੍ਰਕਾਸ਼*, ਰਾਸਿ ੨, ਅੰਸੂ ੪੪, ਪੰਨਾ ੧੯੨੨-੧੯੨੩।

ਭਾਈ ਮੰਝ ਜਲੰਧਰ ਹੁਸ਼ਿਆਰਪੁਰ ਵਿਚ ਸਿੱਖੀ ਦੇ ਪ੍ਰਚਾਰ ਲਈ ਇਕ ਥੰਮ੍ਹ ਸਾਬਤ ਹੋਇਆ। ਇਸ ਦੇ ਪ੍ਰਚਾਰ ਦਾ ਸਦਕਾ ਸਿੱਖੀ ਸੇਵਕੀ ਵਿਚ ਇਕ ਭਾਰੀ ਉਭਾਰ ਆਇਆ ਔਰ ਅੰਤ ਸਮੇਂ ਤਕ ਗੁਰੂ ਕੀ ਸਿੱਖੀ ਨਿਭਾਂਦਾ ਹੋਇਆ ਮੋਖ਼ਸ਼ ਪਦਵੀ ਨੂੰ ਪ੍ਰਾਪਤ ਹੋਇਆ। ਉਕਤ ਦਰਸਾਏ ਖ਼ਿਆਲ ਦੀ ਪ੍ਰੋੜ੍ਹਤਾ ਮਿਸਟਰ ਮੈਕਾਲਿਫ਼ ਦੇ ਸ਼ਬਦਾਂ ਰਾਹੀਂ ਹੋਰ ਵਧੇਰੇ ਅਸਰ ਦਾਇਕ ਜਾਪਦੀ ਹੈ :

There is a story told of one Manj, a votary of Sakhi Sarwar, a Muhammadan Pir, whose shrine is on the border of Balochistan. The guru's fame had reached Manj; he had heard the Guru's hymns recited, and passionately desired to behold him. When this favour had been vouchsafed him, he made the following requests : 'O Guru, heal my three fevers, make me a Sikh and deeming me thy servant, save me and remove the great pain of transmigration.' The guru replied : thou hast made Sakhi Sarwar thy priest. His way is easy, Sikhism on the contrary is difficult. In it thou canst not put thyself forward or assert thyself. Thou canst not embrace it without being ready to sacrifice without a groan thy life on its behalf. If thou become my Sikh, thou shalt be an object of public obloquy. Thy relations will ridicule thee, and not allow thee to associate with them. They will also disposses thee of all thy property. If thou art prepared to endure such hardships and sufferings, then mayest thou become a disciple of mine. Otherwise continue to worship the shrine of thy saint and talk not of Sikhism. Keep thy wealth, and the good opinion of thy family. Why heap on thyself trouble by embracing my religion ?

Manj replied : O Guru, the very moment I saw thee and heard thy words I turned away from Sakhi Sarwar, and I was overwhelmed with shame when I reflected that in imitation of others I bowed my

head at the shrine of a pretended saint possessing no real greatness. Thus do men forfeit their religion and lose the advantage of human birth.

Manj thus spoke in his humility and tears clouded his eyes. The Guru replied: accept Sikhism. Worship the true God, and it shall be a source of happiness to thee. The Guru then told his visitor that he must go home, demolish the niche appropriated to Sakhi Sarwar's worship in his dwelling, return to the Guru and place himself under his protection. Manj did all this, returned to the Guru, lived by manual labour, and contributed a fourth part of his earning to the Sikh cause.[1]

1. Macauliffe, iii, pp. 7-8

ਚੌਦ੍ਹਵਾਂ ਪਰਕਰਣ—

ਵਜ਼ੀਰ ਖ਼ਾਨ ਦਾ ਜਲੋਧਰ ਰੋਗ

ਸ਼ਹਿਨਸ਼ਾਹ ਅਕਬਰ ਦੇ ਜ਼ਮਾਨੇ ਵਿਚ ਵਜ਼ੀਰ ਖ਼ਾਨ ਲਾਹੌਰ ਦਾ ਸੂਬੇਦਾਰ ਸੀ। ਇਹ ਜਲੋਧਰ ਬੀਮਾਰੀ ਦਾ ਮਰੀਜ਼ ਸੀ। ਵੱਡੇ ਵੱਡੇ ਸ਼ਾਹੀ ਹਕੀਮਾਂ ਨੇ ਇਲਾਜ ਕਰਨ ਲਈ ਆਪਣੀ ਆਪਣੀ ਵਾਹ ਲਾਈ, ਪਰੰਤੂ ਬੀਮਾਰੀ ਕਾਬੂ ਵਿਚ ਨਹੀਂ ਆਈ। ਬੀਮਾਰੀ ਵਲੋਂ ਕਾਫ਼ੀ ਦੁਖੀ ਅਤੇ ਚਿੰਤਾਤੁਰ ਰਹਿੰਦਾ ਸੀ। ਇਹ ਕਈ ਦਫ਼ਾ ਸਤਿਗੁਰੂ ਰਾਮਦਾਸ ਸਾਹਿਬ ਜੀ ਦੇ ਦਰਸ਼ਨ ਕਰ ਚੁੱਕਾ ਸੀ। ਇਸ ਨੂੰ ਗੁਰੂ-ਘਰ 'ਤੇ ਅਪਾਰ ਸ਼ਰਧਾ ਸੀ। ਬੀਮਾਰੀ ਦਾ ਇਲਾਜ ਨਾ ਹੁੰਦਾ ਵੇਖ ਕੇ ਉਸ ਨੇ ਆਪਣੇ ਪਰਵਾਰ ਅਤੇ ਸਰਕਾਰੀ ਅਹਿਲਕਾਰਾਂ ਨੂੰ ਆਖਿਆ ਕਿ ਮੈਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਗੁਰੂ ਕੇ ਚੱਕ ਲੈ ਚਲੋ, ਕਿਉਂਕਿ ਸਤਿਗੁਰੂ ਜੀ ਇਲਾਹੀ ਤਾਕਤਾਂ ਦੇ ਮਾਲਕ ਹਨ, ਮੈਨੂੰ ਉਮੀਦ ਹੈ ਕਿ ਮੇਰਾ ਰੋਗ ਸਤਿਗੁਰੂ ਜੀ ਦੀ ਪਨਾਹ ਵਿਚ ਗਿਆਂ ਜਾਂਦਾ ਰਹੇਗਾ। ਵਜ਼ੀਰ ਖ਼ਾਨ ਦੀ ਗੰਭੀਰ ਹਾਲਤ ਵੇਖ ਕੇ ਪਰਵਾਰ ਨੇ ਉਸ ਨੂੰ ਅੰਮ੍ਰਿਤਸਰ ਸਤਿਗੁਰੂ ਜੀ ਦੀ ਸ਼ਰਨ ਵਿਚ ਲੈ ਆਂਦਾ। ਸਤਿਗੁਰੂ ਜੀ ਦੁਖ-ਭੰਜਨੀ ਬੇਰੀ ਹੇਠਾਂ ਬੈਠੇ ਸਰੋਵਰ ਦੀ ਕਾਰ ਸੇਵਾ ਵੇਖ ਰਹੇ ਸਨ। ਸਰਕਾਰੀ ਅਹਿਲਕਾਰਾਂ ਅਤੇ ਪਰਵਾਰਿਕ ਵਿਅਕਤੀਆਂ ਨੇ ਵਜ਼ੀਰ ਖ਼ਾਨ ਨੂੰ ਸਤਿਗੁਰੂ ਜੀ ਅਗੇ ਆਣ ਲਿਟਾਇਆ। ਬੇਨਤੀ ਕੀਤੀ, "ਸੱਚੇ ਪਾਤਿਸ਼ਾਹ ਜੀ! ਮੈਨੂੰ ਜਲੋਧਰ ਰੋਗ ਨੇ ਬਹੁਤ ਤੰਗ ਕੀਤਾ ਹੈ, ਬੜੇ ਹਕੀਮ ਵੇਖੇ, ਪਰ ਕਿਸੇ ਪਾਸੋਂ ਭੀ ਬੀਮਾਰੀ ਦਾ ਇਲਾਜ ਨਹੀਂ ਹੋ ਸਕਿਆ। ਆਪ ਜੀ ਰਹਿਮਤ ਕਰੋ, ਮੈਨੂੰ ਇਸ ਬੀਮਾਰੀ ਤੋਂ ਛੁਟਕਾਰਾ ਦਿਲਾਵੋ।" ਇਤਨੇ ਨੂੰ ਬਾਬਾ ਬੁੱਢਾ ਜੀ ਭੀ ਕਾਰ ਸੇਵਾ ਕਰਦੇ ਕਰਦੇ ਗਾਰੇ ਦੀ ਟੋਕਰੀ ਭਰੀ ਹੋਈ ਸਮੇਤ ਆਣ ਪਹੁੰਚੇ। ਸਤਿਗੁਰੂ ਜੀ ਨੇ ਬਾਬਾ ਬੁੱਢਾ ਜੀ ਵਲ ਇਸ਼ਾਰਾ ਕਰਦੇ ਹੋਏ ਫ਼ੁਰਮਾਇਆ, "ਬਾਬਾ ਜੀ! ਵਜ਼ੀਰ ਖ਼ਾਨ ਦਾ ਕੋਈ ਇਲਾਜ ਕਰੋ।" ਬਸ ਇਤਨਾ ਹੁਕਮ ਸੁਣਨ ਦੀ ਦੇਰ ਸੀ ਕਿ ਬਾਬਾ ਜੀ ਨੇ ਭਰੀ ਹੋਈ ਗਾਰੇ ਦੀ ਟੋਕਰੀ ਵਜ਼ੀਰ ਖ਼ਾਨ, ਜੋ ਲੇਟ ਰਿਹਾ ਸੀ, ਦੇ

ਪੇਟ ਉਤੇ ਢੇਰੀ ਕਰ ਦਿੱਤੀ। ਮਿੱਟੀ ਦੇ ਪੇਟ ਉਤੇ ਡਿੱਗਣ ਕਰਕੇ ਪੇਟ ਵਿਚੋਂ ਸਭ ਮੈਲ-ਕੁਚੈਲ ਨਿਕਲ ਗਈ। ਕੋਲ ਖਲੋਤੇ ਸਿੱਖਾਂ ਨੇ ਵਜ਼ੀਰ ਖ਼ਾਨ ਨੂੰ ਸਾਫ਼ ਕੀਤਾ। ਉਸ ਨੂੰ ਐਸੇ ਮਹਿਸੂਸ ਹੋਇਆ ਜਿਵੇਂ ਸਾਰਾ ਰੋਗ ਦੂਰ ਹੋ ਗਿਆ ਹੋਵੇ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਿੱਖਾਂ ਨੇ ਉਸ ਨੂੰ ਤਾਜ਼ਾ ਤਾਜ਼ਾ ਗਰਮਾ-ਗਰਮ ਕੜਾਹ ਪ੍ਰਸ਼ਾਦ ਛਕਾਇਆ। ਹੁਣ ਵਜ਼ੀਰ ਖ਼ਾਨ ਨਵਾਂ ਨਰੋਆ ਇਕ ਤੰਦਰੁਸਤ ਵਿਅਕਤੀ ਬਣ ਗਿਆ। ਦੁਬਾਰਾ ਜੀਵਨ ਦੀ ਆਸ ਬੱਝ ਗਈ। *ਪੰਥ ਪ੍ਰਕਾਸ਼* ਦੇ ਕਰਤਾ ਅਨੁਸਾਰ ਵਜ਼ੀਰ ਖ਼ਾਨ ਦੀ ਗਾਥਾ ਨਿਮਨ-ਲਿਖਤ ਦੇ ਆਧਾਰ 'ਤੇ ਹੋਰ ਵਧੇਰੇ ਪ੍ਰਭਾਵਸ਼ਾਲੀ ਜਾਪਦੀ ਹੈ। ਸਤਿਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਆਖਿਆ, ਇਸ ਵਜ਼ੀਰ 'ਤੇ ਕ੍ਰਿਪਾ ਕਰੋ :

ਹੁਤੇ ਵਜ਼ੀਰ ਖਾਨ ਵਜ਼ੀਰ ॥
ਬਾਦਸਾਹ ਕਾ ਬਡੋ ਅਮੀਰ ॥
ਰੋਗ ਜਲੰਧਰ ਤਾਂ ਕੇ ਭਯੋ ॥
ਅਨਿਕ ਉਪਾਵਨ ਤੇ ਨਹਿ ਗਯੋ ॥੩੮॥
ਪੀਰ ਫਕੀਰ ਅਨੇਕ ਮਨਾਏ ॥
ਕਿਨਹੂੰ ਕਰੀ ਨ ਜਰੀ ਸਹਾਏ ॥
ਗੁਰੁ ਅਰਜਨ ਕੀ ਸੁਨਿ ਵਡਿਆਈ ॥
ਅਯੋ ਸੁਧਾਸਰ ਧਰਿ ਆਸਾਈ ॥੩੯॥
ਦੁਖ ਭੰਜਨਿ ਢਿਗ ਗੁਰੂ ਬਡੇ ਪਰ ॥
ਬੈਠੇ ਰਹੈਂ ਕਰਾਂਇ ਕਾਰ ਵਰ ॥
ਦਾਸਨਿ ਖਾਨ ਸੁ ਗੁਰੂ ਅਗਵਾਣੀ ॥
ਕਾਢ ਪਾਲਕੀ ਤੇ ਦਿਯੋ ਪਾਈ ॥੪੦॥
ਬੈਠਯੋ ਖਰਯੋ ਨ ਤਾਂ ਤੇ ਜਾਈ ॥
ਦੁਖੀ ਦੇਖ ਗੁਰੁ ਕਰੁਨਾ ਆਈ ॥
ਕਹਯੋ ਗੁਰੂ ਬੁੱਢੇ ਜੀ ਤਾਈਂ ॥
ਕਾਰ ਕਢਤ ਥੇ ਤਾਲ ਤਹਾਂਈਂ ॥੪੧॥
ਕ੍ਰਿਪਾ ਦ੍ਰਿਸ਼ਟਿ ਯਾਹਿ ਪਰ ਹੇਰੋ ॥
ਅਯੋ ਸ਼ਰਣ ਯਹਿ ਗੁਰੁ ਘਰ ਕੇਰੋ ॥
ਸੁਨ ਕਰਿ ਮੌਨ ਬਿਰਧ ਪੁਨ ਰਹਾ ॥
ਤੀਨ ਬਾਰ ਗੁਰੁ ਜਬਿ ਯੌਂ ਕਹਾ ॥੪੨॥
ਢੱਢਤ ਕੀਚ ਭਰੀ ਜੋ ਖਾਰੀ ॥
ਪੇਟ ਵਜ਼ੀਰ ਉਪਰ ਸੋ ਮਾਰੀ ॥

ਤਾਂਹਿ ਚੋਟ ਤੇ ਦੋਊ ਕਲਾ॥
ਛੁਟੀ ਤਾਂਹਿ ਤਤ ਛਿਨ ਭੌ ਭਲਾ॥੪੩॥
ਪੁਨ ਗੁਰੁ ਨਿਜ ਕਰ ਤੇ ਪ੍ਰਸਾਦੂ॥
ਦਯੋ ਗਯੋ ਮਿਟ ਸਰਬ ਬਿਖਾਦੂ॥
ਬਿਨ ਰੁਜ (ਰੋਗ ਤੋਂ ਬਿਨਾਂ) ਭਯੋ ਵਜ਼ੀਰ ਖਾਨ ਜੋ॥
ਦਾਨ ਜਹਾਨ ਸੁਜਾਨ ਜਾਨ ਜੋ॥੪੪॥
ਮਾਨ ਅਸਾਨ ਮਹਾਨ ਕਿਤਾਨੋ॥
ਪੁਨ ਪੁਨ ਗੁਰਿ ਪਗ ਬੰਦਨ ਠਾਨੋ॥
ਭਯੋ ਖੁਸ਼ੀ ਅਤਿ ਹੀ ਸੁਖ ਪਾਯੋ॥
ਗਯੋ ਰਾਜ ਜਨ ਫਿਰ ਕਰ ਆਯੋ॥੪੫॥
ਥੋ ਨਜ਼ੀਰ ਮੁਦ ਮਾਨ ਮਹਾਈ॥
ਬਿੱਤ ਬਹੁਤ ਗੁਰ ਭੇਟ ਚਢਾਈ॥
ਗੁਰ ਪਹਿ ਰਹਿ ਤਹਿ ਸਹਿ ਅਹਿਲਾਦਾ॥
ਸੁਨੇ ਸੁਖਮਨੀ ਛਕੇ ਪ੍ਰਸ਼ਾਦਾ॥੪੬॥'

ਜਿਸ ਵੇਲੇ ਵਜ਼ੀਰ ਖ਼ਾਨ ਅਰੋਗ ਹੋ ਗਿਆ, ਦੁਬਾਰਾ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਗੁਰੂ ਨਗਰੀ ਆਇਆ। ਰੋਜ਼ਾਨਾ ਹੀ ਸੁਖਮਨੀ ਸਾਹਿਬ ਦਾ ਪਾਠ ਸੁਣਦਾ ਔਰ ਕੜਾਹ ਪ੍ਰਸ਼ਾਦ ਦਾ ਭੋਜਨ ਛਕਦਾ। ਆਖ਼ਰ ਇਕ ਦਿਨ ਸਤਿਗੁਰੂ ਸਾਹਿਬ ਦੀ ਹਜ਼ੂਰੀ ਵਿਚ ਖਲੋ ਕੇ ਅਰਜ਼ ਕੀਤੀ ਕਿ ਹੇ ਸੱਚੇ ਪਾਤਿਸ਼ਾਹ ਜੀਓ! ਮੈਨੂੰ ਇਕ ਐਸਾ ਸਿੱਖ ਬਖ਼ਸ਼ਿਸ਼ ਕਰੋ, ਜੋ ਰੋਜ਼ਾਨਾ ਹੀ ਮੈਨੂੰ ਲਾਹੌਰ ਵਿਚ ਰਹਿ ਕੇ ਸੁਖਮਨੀ ਸਾਹਿਬ ਦਾ ਪਾਠ ਸੁਣਾਵੇ ਅਤੇ ਪ੍ਰਸ਼ਾਦ ਕਰ ਕੇ ਛਕਾਵੇ। ਹਜ਼ੂਰ ਨੇ ਉਸ ਦੀ ਇਲਤਜ਼ਾ (ਬੇਨਤੀ) ਮਨਜ਼ੂਰ ਕੀਤੀ ਔਰ ਇਕ ਸਿੱਖ ਸਾਰੀ ਉਮਰ ਲਈ ਵਜ਼ੀਰ ਖ਼ਾਨ ਕੋਲ ਰਿਹਾ। *ਪੰਥ ਪ੍ਰਕਾਸ਼* ਦੀ ਲਿਖਤ ਪ੍ਰੋੜ੍ਹਤਾ ਕਰਦੀ ਹੈ:

ਜੋ ਸਿਖ ਨਿਤ ਕੜਾਹ ਕਰਿ ਖਵਾਵੇ॥
ਬਡੀ ਫ਼ਜਰ ਸੁਖਮਨੀ ਸੁਨਾਵੇ॥
ਐਸੋ ਸਿਖ ਗੁਰੁ ਤੇ ਮੰਗ ਲਯੋ॥
ਉਮਰ ਭਰਹਿ ਨਿਜ ਪਾਸ ਰਖਯੋ॥੪੭॥
ਦੋਹਰਾ॥ ਹਵੈ ਮੁਰੀਦ ਸਾਦਕ ਵਹੀ, ਮਨ ਤਨ ਰੋਗ ਗਵਾਇ॥
ਗਯੋ ਧਾਮ ਫਿਰ ਸਾਹਿ ਢਿਗ, ਕਰੀ ਤਰੀਫ ਮਹਾਂਇ॥੪੮॥'

1. *ਪੰਥ ਪ੍ਰਕਾਸ਼*, ਪੂਰ: ਬਿਸ੍ਰਾਮ ੧੯, ਪੰਨਾ ੬੫੨-੬੫੩।

ਸਤਿਗੁਰੂ ਜੀ ਦੀ ਇਲਾਹੀ ਜ਼ੀਨਤ ਦਾ ਸਦਕਾ ਬਹੁਤ ਸਾਰੇ ਮੁਸਲਮਾਨ ਅਹਿਲਕਾਰ, ਕਾਫ਼ੀ ਸਾਧਾਰਨ ਇਸਲਾਮੀ ਭਾਈ ਭੀ ਗੁਰਸਿੱਖੀ ਦੀ ਪ੍ਰਣਾਲੀ ਵਿਚ ਪ੍ਰਵੇਸ਼ ਕਰਨ ਲੱਗੇ। ਜਿਥੋਂ ਖੁਣਸੀ ਮੁਲਾਣਿਆਂ ਨੂੰ ਬਹੁਤ ਹੀ ਭਾਰੀ ਦੁਖ ਹੋਇਆ। ਅਕਬਰ ਬਾਦਸ਼ਾਹ ਦੇ ਸਮੇਂ ਉਨ੍ਹਾਂ ਦੀ ਕੋਈ ਪੇਸ਼ ਨਹੀਂ ਚੱਲੀ, ਪਰੰਤੂ ਅਕਬਰ ਦੇ ਅੱਖਾਂ ਮੀਟਦਿਆਂ ਹੀ ਜਹਾਂਗੀਰ ਨਾਲ ਸਾਜ਼-ਬਾਜ਼ ਰੱਚ ਕੇ ਇਕ ਵੱਡਾ ਮੁਹਾਜ਼ ਖੜਾ ਕਰ ਦਿੱਤਾ, ਜੋ ਸਤਿਗੁਰੂ ਜੀ ਦੀ ਪਾਵਨ ਸ਼ਹਾਦਤ ਦਾ ਵੱਡਾ ਕਾਰਨ ਬਣਿਆ। ਵਜ਼ੀਰ ਖ਼ਾਨ ਕੋਲੋਂ ਸਤਿਗੁਰੂ ਜੀ ਦੀ ਅਪਾਰ ਮਹਿਮਾ ਸੁਣ ਕੇ ਬਾਦਸ਼ਾਹ ਅਕਬਰ ਭੀ ਹਜ਼ੂਰ ਦੇ ਅਮੋਘ ਦਰਸ਼ਨਾਂ ਲਈ ਆਇਆ :

ਜੋ ਮਹਿਮਾ ਸੁਨਿ ਸਾਹਿ ਭੀ ਚਾਹ ਦਰਸ ਕੀ ਕੀਨ ॥
ਆਯੋ ਜਬੈ ਲਾਹੌਰ ਦਿਸ, ਅਕਬਰ ਸ਼ਾਹਿ ਪ੍ਰਬੀਨ ॥੪੯॥
ਚੌਪਈ ॥ ਸੋਲਾਂ ਸੈ ਅਠਤਾਲੀ ਮਾਂਹੀ ॥
ਸ਼ਾਹਿ ਦਰਸਯੋ ਗੁਰ ਕੋ ਚਾਹੀ ॥ (ਸੰਨ ੧੫੯੧)
ਸ਼ਰਫੀ ਧਰੀ ਪਾਂਚ ਸੈ ਭੇਟਾ ॥
ਸੁਨਿ ਉਪਦੇਸ ਸ਼ੋਕ ਸਭਿ ਮੇਟਾ ॥੫੦॥[1]

ਜਿਸ ਵੇਲੇ ਪ੍ਰਿਥੀ ਚੰਦ ਸੁਲਹੀ ਖ਼ਾਨ ਨਾਲ ਗੁਟ-ਬੰਦੀ ਕਰ ਕੇ ਸਤਿਗੁਰੂ ਜੀ ਨੂੰ ਜਿਚ ਕਰਨ ਵਾਸਤੇ ਕਿਸੇ ਖ਼ਾਸ ਮੌਕੇ ਦੀ ਤਾੜਨਾ ਵਿਚ ਸੀ, ਉਸ ਵੇਲੇ ਵਜ਼ੀਰ ਖ਼ਾਨ ਨੇ ਸਤਿਗੁਰੂ ਸਾਹਿਬ ਜੀ ਦਾ ਪੱਖ ਪੂਰਿਆ। ਬਾਦਸ਼ਾਹ ਅਕਬਰ ਨੂੰ ਸਤਿਗੁਰੂ ਸਾਹਿਬ ਜੀ ਦੀ ਇਲਾਹੀ ਜ਼ੀਨਤ ਦਰਸਾਂਦੇ ਹੋਏ ਬਹੁਤ ਹੀ ਬੇਹਤਰ ਰਾਇ ਦਿੱਤੀ, ਜਿਸ ਦੇ ਤੁਫ਼ੈਲ ਅਕਬਰ ਬਾਦਸ਼ਾਹ ਭੀ ਸਤਿਗੁਰੂ ਜੀ ਦਾ ਪੱਕਾ ਸ਼ਰਧਾਲੂ ਬਣਿਆ ਰਿਹਾ। ਮੈਕਾਲਿਫ਼ ਆਪਣੇ ਸ਼ਬਦਾਂ ਦੁਆਰਾ ਉਕਤ ਦਰਸਾਈ ਵਾਰਤਾ ਨੂੰ ਹੋਰ ਵਧੇਰੇ ਸੁਹਜ-ਮਈ ਬਣਾਂਦਾ ਹੈ :

> Prithi Chand in alliance with Sulahi Khan found ample opportunities of annoying the Guru. Wazir Khan, the Emperor's assistant Prime Minister, interposed on the Guru's behalf and prevailed on Sulahi Khan to bring the contending brothers to a compromise. The reason why Wazir Khan espoused the Guru's cause is said to have been the following. Once as he was lying ill in his house in Lahore, suffering

1. ਪੰਥ ਪ੍ਰਕਾਸ਼, ਪੂਰ: ਬਿਸ੍ਰਾਮ ੧੯, ਪੰਨਾ ੬੫੨-੬੫੩।

from dropsy, a Sikh passed by singing the Guru's Sukhmani. As Wazir Khan listened, his pain decreased. When the Sikh had gone beyond hearing, the pain apeared again. When he returned by the same route singing the same strain, Wazir Khan's pain was again allayed. He called the Sikh and requested him to continue to sing the Sukhmani for him. He then distributed sacred food in the Guru's name, and was soon restored to perfect health. When he found an opportunity he visited the Guru, told him the whole circumstance, and became a devout follower of his. Wazir Khan until his death retained Sikhs in his service to sing the Guru's hymns for him every morning before daybreak, a time which the Sikhs call the ambrosial hour. When Wazir Khan solicited the Guru to give him instruction the Guru addressed him the following.[1]

ਕੁਝ ਸਮੇਂ ਤੋਂ ਬਾਅਦ ਵਜ਼ੀਰ ਖ਼ਾਨ ਸਤਿਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਆਇਆ, ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਜੀ! ਮੈਨੂੰ ਭੀ ਆਤਮ ਜੀਵਨ ਦਾ ਉਪਦੇਸ਼ ਬਖ਼ਸ਼ੋ। ਤਦ ਸਤਿਗੁਰੂ ਜੀ ਨੇ ਮਾਰੂ ਰਾਗ ਦਾ ਸੋਹਿਲਾ ਵਜ਼ੀਰ ਖ਼ਾਨ ਪ੍ਰਤੀ ਉਪਦੇਸ਼ ਵਜੋਂ ਮੁਬਾਰਕ ਰਸਨਾ 'ਚੋਂ ਸਾਦਰ ਫ਼ੁਰਮਾਇਆ ਔਰ ਦ੍ਰਿੜ੍ਹ ਕਰਵਾਇਆ ਕਿ ਇਕ ਮੁਸਲਮਾਨ ਰੱਬਾਨੀਅਤ ਦੀ ਤਾਅਲੀਮ ਕਿਵੇਂ ਹਾਸਿਲ ਕਰ ਸਕਦਾ ਹੈ:

ਅਲਹ ਅਗਮ ਖੁਦਾਈ ਬੰਦੇ ॥
ਛੋਡਿ ਖਿਆਲ ਦੁਨੀਆ ਕੇ ਧੰਧੇ ॥
ਹੋਇ ਪੈ ਖਾਕ ਫਕੀਰ ਮੁਸਾਫਰੁ
ਇਹੁ ਦਰਵੇਸੁ ਕਬੂਲੁ ਦਰਾ ॥੧॥
ਸਚੁ ਨਿਵਾਜ ਯਕੀਨੁ ਮੁਸਲਾ ॥
ਮਨਸਾ ਮਾਰਿ ਨਿਵਾਰਿਹੁ ਆਸਾ ॥
ਦੇਹ ਮਸੀਤਿ ਮਨੁ ਮਉਲਾਣਾ
ਕਲਮ ਖੁਦਾਈ ਪਾਕੁ ਖਰਾ ॥੨॥

1. Macauliffe, iii, p. 17.

ਸਰਾ ਸਰੀਅਤਿ ਲੇ ਕੰਮਾਵਹੁ ॥
ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ
ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥
ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥
ਦਸ ਅਉਰਾਤ ਰਖਹੁ ਬਦ ਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ
ਖੈਰਿ ਸਬੂਰੀ ਕਬੂਲ ਪਰਾ ॥੪॥
ਮਕਾ ਮਿਹਰ ਰੋਜਾ ਪੈਖਾਕਾ ॥
ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥
ਹੂਰ ਨੂਰ ਮੁਸਕੁ ਖੁਦਾਇਆ
ਬੰਦਗੀ ਅਲਹ ਆਲਾ ਹੁਜਰਾ ॥੫॥
ਸਚੁ ਕਮਾਵੈ ਸੋਈ ਕਾਜੀ ॥
ਜੋ ਦਿਲੁ ਸੋਧੈ ਸੋਈ ਹਾਜੀ ॥
ਸੋ ਮੁਲਾ ਮਲਊਨ ਨਿਵਾਰੈ
ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥
ਸਭੇ ਵਖਤ ਸਭੇ ਕਰਿ ਵੇਲਾ ॥
ਖਾਲਕੁ ਯਾਦਿ ਦਿਲੈ ਮਹਿ ਮਉਲਾ ॥
ਤਸਬੀ ਯਾਦਿ ਕਰਹੁ ਦਸ ਮਰਦਨੁ
ਸੁੰਨਤਿ ਸੀਲੁ ਬੰਧਾਨਿ ਬਰਾ ॥੭॥
ਦਿਲ ਮਹਿ ਜਾਨਹੁ ਸਭ ਫਿਲਹਾਲਾ ॥
ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥
ਮੀਰ ਮਲਕ ਉਮਰੇ ਫਾਨਾਇਆ
ਏਕ ਮੁਕਾਮ ਖੁਦਾਇ ਦਰਾ ॥੮॥
ਅਵਲਿ ਸਿਫਤਿ ਦੂਜੀ ਸਾਬੂਰੀ ॥
ਤੀਜੈ ਹਲੇਮੀ ਚਉਥੈ ਖੈਰੀ ॥
ਪੰਜਵੈ ਪੰਜੇ ਇਕਤੁ ਮੁਕਾਮੈ
ਏਹਿ ਪੰਜਿ ਵਖਤ ਤੇਰੇ ਅਪਰਪਰਾ ॥੯॥
ਸਗਲੀ ਜਾਨਿ ਕਰਹੁ ਮਉਦੀਫਾ ॥
ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ
ਬੁਰਗੂ ਬਰਖੁਰਦਾਰ ਖ਼ਰਾ ॥੧੦॥

ਹਕੁ ਹਲਾਲੁ ਬਖੋਰਹੁ ਖਾਣਾ ॥
ਦਿਲ ਦਰੀਆਉ ਧੋਵਹੁ ਮੈਲਾਣਾ ॥
ਪੀਰੁ ਪਛਾਣੈ ਭਿਸਤੀ ਸੋਈ
ਅਜਰਾਈਲੁ ਨ ਦੋਜ ਠਰਾ ॥੧੧॥
ਕਾਇਆ ਕਿਰਦਾਰ ਅਉਰਤ ਯਕੀਨਾ ॥
ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ ॥੧੨॥
ਮੁਸਲਮਾਣੁ ਮੋਮ ਦਿਲਿ ਹੋਵੈ ॥
ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ
ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥
ਜਾ ਕਉ ਮਿਹਰ ਮਿਹਰ ਮਿਹਰਵਾਨਾ ॥
ਸੋਈ ਮਰਦੁ ਮਰਦੁ ਮਰਦਾਨਾ ॥
ਸੋਈ ਸੇਖੁ ਮਸਾਇਕੁ ਹਾਜੀ
ਸੋ ਬੰਦਾ ਜਿਸੁ ਨਜਰਿ ਨਰਾ ॥੧੪॥
ਕੁਦਰਤਿ ਕਾਦਰ ਕਰਣ ਕਰੀਮਾ ॥
ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ
ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥੩॥੧੨॥

—ਮਾਰੂ ਸੋਲਹੇ ਮ: ੫, ਪੰਨਾ ੧੦੮੩-੧੩

ਸ੍ਰੀ ਗੁਰੂ ਗ੍ਰੰਥ ਸਾਹਿਬ

ਦੁਨੀਆ ਦੀ ਕਿਸੇ ਭੀ ਕੌਮ ਨੂੰ ਆਪਣੀ ਆਤਮਕ, ਮਾਨਸਿਕ ਅਤੇ ਸਰੀਰਕ ਹਸਤੀ ਕਾਇਮ ਰੱਖਣ ਲਈ ਰੱਬਾਨੀਅਤ ਦੀ ਪਹਿਲੀ ਤਾਜ਼ਗੀ ਦਾ ਹੋਣਾ ਅਤਿ ਲਾਜ਼ਮੀ ਹੈ, ਪਹਿਲੀ ਤਾਜ਼ਗੀ ਅਹਿਸਾਸੇ-ਬਰਤਰੀ ਨੂੰ ਕੌਮਾਂ ਦੇ ਜੀਵਨ ਦੀ ਸਦੀਵੀ ਗਤੀ ਦਾ ਗੌਰਵਮਈ ਵਿਰਸਾ ਬਣਾ ਕੇ ਰੱਖਦੀ ਹੈ। ਔਰ ਸੁਲਝੇ ਹੋਏ ਇਤਿਹਾਸ ਦੀ ਸਿਰਜਣਾ ਕਰਦੀ ਹੈ। ਸੁਲਝੇ ਹੋਏ ਇਤਿਹਾਸ ਦੀ ਗਤੀ ਨੂੰ ਚਾਲੂ ਰੱਖਣ ਲਈ ਕੌਮਾਂ ਕੋਲ ਤਿੰਨਾਂ ਚੀਜ਼ਾਂ ਦਾ ਹੋਣਾ ਜ਼ਰੂਰੀ ਹੀ ਨਹੀਂ, ਬਲਕਿ ਅਤਿਅੰਤ ਹੀ ਲਾਜ਼ਮੀ ਹੈ। ਆਪਣੀ ਭਾਸ਼ਾ, ਆਪਣਾ ਕੇਂਦਰ ਅਤੇ ਆਪਣੀ ਇਲਹਾਮੀ ਕਿਤਾਬ, ਕੌਮਾਂ ਦੇ ਸਦ-ਜੀਵਨੀ ਸੰਕੇਤ ਹੁੰਦੇ ਹਨ। ਇਸੇ ਖ਼ਿਆਲ ਨੂੰ ਮੱਦੇ-ਨਜ਼ਰ ਰੱਖਦੇ ਹੋਏ ਹਜ਼ੂਰ ਨੇ ਸਿੱਖੀ ਕੇਂਦਰ ਦੀ ਉਸਾਰੀ ਕੀਤੀ। ਆਪਣੀ ਭਾਸ਼ਾ, ਗੁਰਮੁਖੀ ਲਿੱਪੀ ਵਿਚ ਹਜ਼ੂਰ ਬਾਬਾ ਨਾਨਕ ਸਾਹਿਬ ਵੱਲੋਂ ਹੀ ਵਸੂਲ ਹੋ ਚੁੱਕੀ ਸੀ। ਹੁਣ ਲੋੜ ਸੀ, ਇਲਹਾਮੀ ਕਿਤਾਬ ਦੀ, ਤਾਕਿ ਇਕ ਗੁਰੂ ਦਾ ਨਾਮ-ਲੇਵਾ ਸਿੱਖ, ਜ਼ਿੰਦਗੀ ਦੇ ਹਰ ਖੇਤਰ ਵਿਚ, ਜੀਵਨ ਦੇ ਹਰ ਪੜਾਅ 'ਤੇ ਆਪਣੀ ਜੀਵਨ ਮੰਜ਼ਲ ਨੂੰ ਸਰ ਕਰਦਾ ਹੋਇਆ, ਆਪਣੇ ਕਰਤਾ ਨਾਲ ਅਭੇਦ ਹੋ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨੂੰ ਅਨੁਭਵ ਕਰਦੇ ਹੋਏ, ਹਜ਼ੂਰ ਨੇ ਇਹ ਨਿਸਚੈ ਕਰ ਲਿਆ ਕਿ ਸਿੱਖੀ ਦੀ ਰੂਹਾਨੀਅਤ ਸ਼ਕਤੀ ਨੂੰ ਕਿਸੇ ਖ਼ਾਸ ਇਲਹਾਮੀ ਨਿਯਮ ਵਿਚ ਸਰਲਤਾ ਦਿੱਤੀ ਜਾਵੇ। ਇਸ ਖ਼ਿਆਲ ਦੀ ਪ੍ਰੋੜ੍ਹਤਾ ਮੈਕਾਲਿਫ਼ ਦੇ ਸ਼ਬਦਾਂ ਵਿਚ ਹੋਰ ਸੁਹਜ-ਮਈ ਮਾਲੂਮ ਹੁੰਦੀ ਹੈ :

> Guru Arjan now felt the necessity of laying down rules for the guidance of his followers in the performance of their daily religious duties and expiatory rites. This course would reduce his religion to consistency, and hinder divergent tenets and rituals. That consummation, however, could

only be attained when the exact words of the Gurus were permanently recorded in one grand volume.[1]

ਸਤਿਗੁਰੂ ਜੀ ਨੇ ਸੰਗਤਿ ਦੀ ਇਕੱਤ੍ਰਤਾ ਕਰ ਕੇ ਪੰਥ ਦੀ ਬੁਨਿਆਦ ਰੱਖੀ, ਪੰਥ ਦੀ ਨਿਰਾਲਮ ਹਸਤੀ ਨੂੰ ਬਰਕਰਾਰ ਰੱਖਣ ਲਈ ਇਲਹਾਮੀ ਗ੍ਰੰਥ ਦਾ ਹੋਣਾ ਅਵੱਸ਼ ਹੈ। *ਮਹਿਮਾ ਪ੍ਰਕਾਸ਼* ਦਾ ਕਰਤਾ ਪੰਥ ਦੀ ਹੋਂਦ ਕਾਇਮ ਰੱਖਣ ਵਾਸਤੇ ਗ੍ਰੰਥ ਦਾ ਹੋਣਾ ਅਤਿ ਲਾਜ਼ਮੀ ਦਰਸਾਂਦਾ ਹੈ:

ਜਹ ਮਨ ਉਪਜੀ ਪ੍ਰਗਟਿਓ ਜਗ ਪੰਥ ॥
ਤਿਹ ਕਾਰਨ ਕੀਜੈ ਅਬ ਗ੍ਰੰਥ ॥[2]

ਧੁਰ ਕੀ ਬਾਣੀ ਨੂੰ ਇਕ ਵੱਡੀ ਜਿਲਦ ਵਿਚ ਇਕੱਤਰ ਕਰਨ ਦਾ ਤਖ਼ੱਯਲ ਸਤਿਗੁਰੂ ਅਰਜਨ ਸਾਹਿਬ ਜੀ ਦੇ ਪਾਵਨ ਸੋਚ-ਮੰਡਲ ਵਿਚ ਉਸ ਵੇਲੇ ਹੀ ਨਮੂਦਾਰ ਹੋ ਚੁੱਕਾ ਸੀ, ਜਿਸ ਵੇਲੇ ਸੰਨ ੧੫੮੧ ਈਸਵੀ ਵਿਚ ਹਜ਼ੂਰ ਗੁਰਗੱਦੀ ਦੇ ਪੈਗ਼ੰਬਰੀ ਤਖ਼ਤ 'ਤੇ ਬਿਰਾਜਮਾਨ ਹੋਏ ਸਨ। ਔਰ ਉਸੇ ਸਮੇਂ ਤੋਂ ਹੀ ਇਲਾਹੀ ਬਾਣੀ ਦੀ ਇਕੱਤ੍ਰਤਾ ਆਰੰਭ ਹੋ ਚੁੱਕੀ ਸੀ। ਪਰੰਤੂ ਪੰਥਕ ਕੇਂਦਰ ਦੀ ਉਸਾਰੀ ਅਤੇ ਹੋਰ ਸਿੱਖੀ ਫੈਲਾਓ ਦੀ ਜ਼ਿੰਮੇਵਾਰੀ ਹੋਣ ਕਰਕੇ ਸਮੇਂ ਦੀ ਗਤੀ ਨਾਲ ਜੁੜੇ ਰਹਿਣਾ ਇਕ ਕਠਨ ਸਮੱਸਿਆ ਸੀ। ਇਸ ਕਰਕੇ ਅਕਾਲੀ ਬਾਣੀ ਦਾ ਇਕ ਮਹਾਨ ਜਿਲਦ ਵਿਚ ਤਿਆਰ ਹੋਣਾ ਹੋਰ ਵਧੇਰੇ ਇਕਾਂਤ ਅਤੇ ਪਰਾ-ਦ੍ਰਿਸ਼ਟੀ ਅਥਵਾ ਲਤੀਫ਼ ਜ਼ੀਨਤ ਦੀ ਅਵੱਸ਼ਕਤਾ ਦਾ ਮੁਹਤਾਜ ਸੀ। ਸਤਿਗੁਰੂ ਅਰਜਨ ਸਾਹਿਬ ਜੀ ਦੇ ਪਾਵਨ ਕਾਲ ਵਿਚ ਕੁਝ ਵਿਰੋਧੀ ਅਤੇ ਗੁਰੂ ਘਰ ਦੇ ਦੋਖੀ ਅਨਸਰਾਂ ਵਲੋਂ ਸਤਿਗੁਰੂ ਨਾਨਕ ਸਾਹਿਬ ਜੀ ਦੇ ਇਲਹਾਮੀ ਨਾਮ ਥੱਲੇ ਕੱਚੀ ਬਾਣੀ ਦੀ ਖ਼ੁਸ਼ਕ ਖ਼ਿਆਲੀ ਆਰੰਭੀ ਗਈ। ਕੱਚੀ ਬਾਣੀ ਦੇ ਮਿਲਾਵਟੀ ਖ਼ਦਸ਼ੇ ਨੂੰ ਅਨੁਭਵ ਕਰਦੇ ਹੋਏ ਹਜ਼ੂਰ ਨੇ ਆਪਣੇ ਕੁਝ ਹਜ਼ੂਰੀ ਸਿੱਖਾਂ ਨਾਲ ਧੁਰ ਕੀ ਬਾਣੀ ਦੀ ਰਚਨਾ ਰਚਨ ਪ੍ਰਤੀ ਆਪਣੇ ਪਵਿੱਤਰ ਖ਼ਿਆਲਾਂ ਦਾ ਇਜ਼ਹਾਰ ਕੀਤਾ। ਔਰ ਸੰਬੋਧਨ ਕਰਦੇ ਹੋਏ ਫ਼ੁਰਮਾਇਆ:

"ਹੇ ਭਾਈ! ਪ੍ਰਿਥੀ ਚੰਦ ਦਾ ਪੁੱਤਰ ਮਿਹਰਬਾਨ ਆਪਣੀ ਕਵੀਸ਼ਰੀ ਰਚਦਾ ਹੈ, ਇਸ ਕੱਚੀ ਬਾਣੀ ਦੀ ਰਚਨਾ ਕਰ ਕੇ ਸਤਿਗੁਰੂ ਬਾਬਾ ਨਾਨਕ ਜੀ ਦੇ ਨਾਮ 'ਤੇ ਹੀ ਇਕ ਗ੍ਰੰਥ ਥਾਪਿਆ ਹੈ। ਡੂਮ, ਮੀਣਿਆਂ ਦੇ ਰਚੇ ਹੋਏ ਕੱਚੇ ਬੋਲ ਲੋਕਾਂ ਨੂੰ ਇਕੱਠੇ ਕਰ ਕੇ ਗਾਇਨ ਕਰਦੇ ਹਨ। ਕੱਚੀ ਬਾਣੀ ਦੇ ਆਸਰੇ ਗੁਰਿਆਈ ਦਾ ਦਰਬਾਰ ਭੀ ਲਗਾਂਵਦੇ ਹਨ। *ਬੰਸਾਵਲੀ ਨਾਮਾ* ਦਾ ਕਰਤਾ

1. Macauliffe, iii, p. 55.
2. *ਸਾਡਾ ਇਤਿਹਾਸ*, ਭਾਗ ੧, ਪੰਨਾ ੧੯੭, ਟੂਕ ਪਹਿਲੀ।

ਉਕਤ ਖ਼ਿਆਲਾਂ ਦੀ ਤਾਈਦ ਮੰਦਰਜਾਜ਼ੈਲ ਲਫ਼ਜ਼ਾਂ (ਹੇਠ ਲਿਖਤ) ਦੇ ਰਾਹੀਂ ਅੰਕਤ ਕਰਦਾ ਹੈ:

ਮਿਹਰਬਾਨ ਪੁਤ ਪ੍ਰਿਥੀਏ ਦਾ ਕਬੀਸਰੀ ਕਰੇ।
ਪਾਰਸੀ ਹਿੰਦਵੀ ਸਹਸਕ੍ਰਿਤੀ ਨਾਲੇ ਗੁਰਮੁਖੀ ਪੜੇ।
ਤਿਨ ਭੀ ਬਾਣੀ ਬਹੁਤ ਬਣਾਈ।
ਭੋਗ ਗੁਰੂ ਨਾਨਕ ਜੀ ਦਾ ਹੀ ਪਾਈਂ॥੮੭॥
ਡੂਮ ਲਗੇ ਸਬਦ ਮੀਣਿਆਂ ਦੇ ਗਾਵਨ।
ਦੂਜਾ ਦਰਬਾਰ ਗੁਰਿਆਈ ਦਾ ਲਗੇ ਬਣਾਵਨ।
ਮੀਣਿਆਂ ਭੀ ਪੁਸਤਿਕ ਇਕ ਗ੍ਰੰਥ ਬਣਾਇਆ।
ਛਹੁ ਪਾਤਿਸਾਹੀਆਂ ਦੀ ਸਬਦ ਬਾਣੀ ਲਿਖ ਵਿਚ ਪਾਇਆ॥੮੮॥[1]

ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਅਤੇ ਹੋਰ ਸੁਹਿਰਦ ਸੇਵਕਾਂ ਨੂੰ ਇਕੱਤਰ ਕਰ ਕੇ ਮਸ਼ਵਰਾ ਦਿੱਤਾ ਕਿ ਭਾਈ! ਮੀਣੇ ਧੁਰ ਕੀ ਬਾਣੀ ਵਿਚ ਮਿਲਾਵਟ ਕਰਨ ਲਗੇ ਹਨ। ਔਰ ਕੱਢੇ ਹੋਏ ਰਬਾਬੀ ਉਨ੍ਹਾਂ ਨੇ ਰੱਖ ਲਏ ਹਨ, ਜੋ ਕੱਚੀ ਬਾਣੀ ਦਾ ਗਾਇਨ ਭੀ ਕਰਦੇ ਹਨ, ਜੋ ਆਮ ਭੋਲੀ ਜਨਤਾ ਨੂੰ ਗੁਮਰਾਹ ਕਰਨ ਦਾ ਵੱਡਾ ਕਾਰਨ ਬਣੇ ਹੋਏ ਹਨ। *ਬੰਸਾਵਲੀ ਨਾਮਾ* ਵਿਚ ਇਸ ਵਾਰਤਾ ਨੂੰ ਇੰਝ ਦਰਜ ਕੀਤਾ ਹੈ:

ਇਥੇ ਸਬਦ ਕੀਰਤਨ ਕਰਨ ਸਿਖ॥
ਡੂਮ ਰਬਾਬੀ ਅਤੇ ਕਢੇ ਹੋਏ ਉਨ੍ਹਾਂ ਲਏ ਰਖ॥
ਇਥੇ ਕਿਸੇ ਸਿਖ ਸਬਦ ਮਿਹਰਵਾਨ ਦਾ ਕੀਰਤਨ ਵਿਚ ਪੜ੍ਹਿਆ॥
ਸੋ ਸਰਵਣੀ ਗੁਰੂ ਅਰਜਨ ਜੀ ਦੀ ਪਰਿਆ॥੯੨॥
ਬਚਨ ਕੀਤਾ ਭਾਈ ਗੁਰਦਾਸ ਗੁਰੂ ਦੀ ਬਾਣੀ ਜੁਦਾ ਕਰੀਏ॥
ਮੀਣੇ ਪਾਂਦੇ ਨੀ ਰਲਾ ਸੇ ਵਿਚਿ ਰਲਾ ਨ ਧਰੀਏ॥
ਸੋ ਸਾਹਿਬ ਬਾਣੀ ਉਚਾਰ ਅਗੇ ਹੀ ਕਰਤ ਸੇ ਭਏ॥
ਸੋ ਭਾਈ ਗੁਰਦਾਸ ਸਭ ਇਕੱਤਰ ਕਰ ਲਏ॥੯੩॥[2]

ਜਿਵੇਂ ਆਪ ਜੀ ਪਿੱਛੇ ਪੜ੍ਹ ਆਏ ਹੋ ਕਿ ਮੀਣੇ ਆਪਣਾ ਦਰਬਾਰ ਲਗਾਂਵਦੇ ਹਨ ਔਰ ਆਪਣੀ ਰਚੀ ਹੋਈ ਕੱਚੀ ਬਾਣੀ ਦੀ ਪੁਸਤਕ ਬਣਾਈ ਬੈਠੇ ਹਨ। ਇਸ ਵਿਚ ਰਲਾਵਟ ਪੈਦਾ ਕਰਨ ਵਾਲੀ ਬਿਰਤੀ ਨੇ ਸਤਿਗੁਰੂ ਜੀ ਨੂੰ ਹੋਰ ਵਧੇਰੇ ਤੇਜ਼ੀ ਨਾਲ ਸੋਚਣ ਲਈ ਉਤਾਵਲੇ ਕਰ ਦਿੱਤਾ, ਤਾਕਿ

1. *ਬੰਸਾਵਲੀ ਨਾਮਾ*, ਚਰਣ ੫, ਪੰਨਾ ੫੦।
2. *ਬੰਸਾਵਲੀ ਨਾਮਾ*, ਚਰਣ ੫, ਪੰਨਾ ੫੧।

ਧੁਰ ਕੀ ਬਾਣੀ ਨੂੰ ਸੰਸਾਰੀ ਤੁਕ-ਬੰਦੀ ਦੀ ਮਿਲਾਵਟ ਤੋਂ ਸੁਰੱਖ਼ਿਅਤ ਰੱਖਿਆ ਜਾ ਸਕੇ। ਇਸ ਖ਼ਿਆਲ ਦੀ ਪ੍ਰੋੜ੍ਹਤਾ ਮੈਕਾਲਿਫ਼ ਦੇ ਸ਼ਬਦਾਂ ਵਿਚ ਹੋਰ ਸਪੱਸ਼ਟ ਹੋ ਜਾਂਦੀ ਹੈ। ਲਿਖਤ ਐਸੇ ਹੈ:

> The Guru was strengthened in this determination by information he continually received that Prithia was composing religious hymns of his own which he described as the compositions of Guru Nanak and his successors, and the ignorant populace had not sufficient intelligence to discriminate. Guru Amar Das, in the twenty-third and twenty-fourth pauris of the Anand, had decided that only the real hymns of the Guru should be repeated and reverenced by Sikhs. Accordingly such compositions should be collected and arranged for the guidance of the faithful. Nothing but evil could result from the hymns which Prithia endeavoured to impose upon the public.[1]

ਗ੍ਰੰਥ ਅਤੇ ਪੰਥ ਔਰ ਆਪਣੀ ਭਾਸ਼ਾ ਐਸੀਆਂ ਦੁਰਲੱਭ ਵਸਤੂਆਂ ਹਨ, ਜਿਨ੍ਹਾਂ ਦੇ ਸਮਿਲਨ ਦੁਆਰਾ ਭਿੰਨ ਭਿੰਨ ਖ਼ਿਆਲਾਂ ਦੀ ਸਾਂਝ ਪੈਦਾ ਹੁੰਦੀ ਹੈ। ਸਤਿਗੁਰੂ ਅਰਜਨ ਸਾਹਿਬ ਜੀ ਨੇ ਪਰਾ-ਇਲਹਾਮੀ ਜਾਵੀਏ ਤੋਂ ਸੋਚਿਆ ਕਿ ਸਿੱਖੀ ਨੂੰ ਸ੍ਵੈ-ਨਿਰਣੈ ਕਰਨ ਲਈ ਅਤੇ ਖ਼ਿਆਲਾਂ ਦੀ ਸਾਂਝ ਪਾਉਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਆਪਣੀ ਬੋਲੀ ਵਿਚ ਪਵਿੱਤਰ ਜੀਵਨ ਦੀ ਜਾਚ ਲਈ ਇਕ ਇਲਹਾਮੀ ਕਿਤਾਬ ਦਿੱਤੀ ਜਾਵੇ। ਸਿੱਖੀ ਕੇਂਦਰ ਅਤੇ ਰੱਬਾਨੀਅਤ ਦੀ ਕਿਤਾਬ ਇਕ ਰੂਪ ਹੋ ਜਾਣ। ਆਪਣੀ ਭਾਸ਼ਾ, ਦਿਲ ਅਤੇ ਦਿਮਾਗ਼ ਨੂੰ ਥਰ-ਥੱਰਾਹਟ ਦਿੰਦੀ ਹੈ। ਇਲਹਾਮੀ ਸੁੰਦਰਤਾ ਨੂੰ ਪ੍ਰਚੰਡ ਕਰਨ ਦੀ ਸਥਿਤੀ ਪੈਦਾ ਕਰਦੀ ਹੈ। ਨਿਰਾਕਾਰ ਦਾ ਹੁਸਨ ਪੈਦਾ ਕਰ ਕੇ ਮਾਨਵ ਚੇਤਨਾ ਨੂੰ ਜ਼ਰਖ਼ੇਜ਼ ਕਰਦੀ ਹੈ। ਬਹੁ-ਰੰਗੀ ਭਰਪੂਰਤਾ ਵਿਚ ਪ੍ਰਵੇਸ਼ ਕਰਵਾ ਕੇ ਸਰੋਤਿਆਂ ਅਤੇ ਪਾਠਕਾਂ ਦੇ ਮਨਾਂ ਨੂੰ ਆਤਮਕ ਲਰਜ਼ਾ ਬਖ਼ਸ਼ਦੀ ਹੈ। ਮਿਸਟਰ ਟਰੰਪ ਲਿਖਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਆਕਾਰ ਅਤੇ ਚੁਨੀਦਾ ਵਸਤੂ ਦੇ ਤਨਾਸਿਬ ਨਾਲ ਇਕ ਨਾਯਾਬ (ਵਡਮੁੱਲੀ) ਕਿਤਾਬ ਹੈ। ਜਿਸ ਵਿਚ ਜ਼ਿੰਦਗੀ ਦੇ ਹਰ ਪਹਿਲੂ ਤੇ ਅਤਿ ਹੀ ਮਨ ਨੂੰ ਲੁਭਾਇਮਾਨ ਕਰਨ ਵਾਲੀ ਸੋਜ਼, ਆਤਮਕ

1. Macauliffe, iii, p. 55.

ਦ੍ਰਿਸ਼ ਅਤੇ ਦੈਵੀ ਨੁਹਾਰ ਦੀ ਰੌਸ਼ਨੀ ਪਾਈ ਗਈ ਹੈ। ਆਤਮਕ ਗਿਆਤ ਪ੍ਰਾਪਤੀ ਦਾ ਸਭ ਤੋਂ ਸ੍ਰੇਸ਼ਟ ਸਾਧਨ ਹੈ। ਇਹ ਰੂਹਾਨੀ ਕਿਤਾਬ ਭਾਰਤੀ ਭਾਸ਼ਾਵਾਂ ਦਾ ਇਕ ਬੇ-ਨਜ਼ੀਰ ਖ਼ਜ਼ਾਨਾ ਹੈ।[1]

ਸਰਦਾਰ ਪਿਆਰਾ ਸਿੰਘ ਪਦਮ ਜੀ ਦੇ ਅਲਫ਼ਾਜ਼ ਅਤਿ ਹੀ ਸ਼ਲਾਘਾਯੋਗ ਹਨ। ਕਥਨ ਹੈ: "ਕੋਈ ਅੱਨਯ-ਮੱਤੀਆ ਗੁਰਬਾਣੀ ਦੀ ਸੀਰਤ ਨੂੰ ਮੰਨੇ ਜਾਂ ਨਾ ਮੰਨੇ, ਉਸ ਨੂੰ ਇਸ ਦੀ ਅਗੰਮੀ ਸੀਰਤ ਅਗੇ ਆਪਣਾ ਸਿਰ ਅਤੇ ਹਿਰਦਾ ਅਵੱਸ਼ ਝੁਕਾਣਾ ਹੀ ਪਵੇਗਾ।"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੈਗੰਬਰੀ ਜ਼ੀਨਤ ਇਤਨੀਆਂ ਉੱਚੀਆਂ ਆਤਮਕ ਪ੍ਰਵਾਜ਼ਾਂ ਵਿਚ ਬੇ-ਨਜ਼ੀਰ ਅਦ੍ਰਿਸ਼ਟਤਾ ਦਾ ਇਲਹਾਮੀ ਚਮਤਕਾਰ ਪੈਦਾ ਕਰ ਰਹੀ ਹੈ ਕਿ ਜਿਸ ਦੀ ਅਪਕੜਤਾ ਵੇਦ, ਕਤੇਬ ਦੀ ਸਮਰੱਥਾ ਤੋਂ ਬਹੁਤ ਅਗੰਮਤਾ ਵਿਚ ਵਿਚਰਦੀ ਹੈ। ਭਾਈ ਗੁਰਦਾਸ ਜੀ ਉਕਤ ਦਰਸਾਏ ਖ਼ਿਆਲਾਂ ਦੀ ਪ੍ਰੌੜ੍ਹਤਾ ਆਪਣੇ ਕਾਵਿ-ਮਈ ਸ਼ਬਦਾਂ ਵਿਚ ਨਿਮਨ-ਲਿਖਤ ਦੇ ਅਨੁਸਾਰ ਕਰਦੇ ਹਨ ਕਿ ਜਿਸ ਵੇਲੇ ਨਿਰੰਕਾਰ ਨੇ ਆਪਣੀ ਨਿਰਗੁਣ ਉਦੇਸ਼ਕ ਸ਼ਕਤੀ ਦੀ ਜੋਤਿ ਦਾ ਉਪਮਾ ਰਹਿਤ ਉਜਾਲਾ ਸਰਗੁਣ ਸਰੂਪ ਵਿਚ ਪ੍ਰਗਟਾਉਣਾ ਚਾਹਿਆ, ਤਦ ਉਸ ਨੇ ਵੇਦ ਕਤੇਬ ਦੀ ਤਾਲੀਮ ਤੋਂ ਅਗੋਚਰਾ ਇਕ ਵਾਹਿਗੁਰੂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਦੁਨੀਆ ਦੇ ਇਨਸਾਨ ਨੂੰ ਸੁਣਾ ਦਿੱਤਾ। ਚਾਰੇ ਵਰਨ, ਚਾਰ ਮਜ਼ਹਬ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ-ਕਮਲਾਂ ਵਿਚ ਲੀਨ ਕਰ ਦਿੱਤੇ। ਜਿਵੇਂ ਪਾਰਸ ਨੂੰ ਪਰਸਿਆਂ ਅੱਠ ਧਾਤਾਂ ਇਕ ਕੰਚਨ ਦਾ ਰੂਪ ਧਾਰ ਜਾਂਦੀਆਂ ਹਨ, ਬਿਲਕੁਲ ਇਸੇ ਅਸੂਲ ਦੇ ਅਧੀਨ ਨਿਰੰਕਾਰ ਨੇ ਮਾਨਵ-ਜਾਤੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜ ਕੇ ਇਕ ਇਲਾਹੀ ਵਰਨ ਵਿਚ ਲੀਨ ਕਰ ਦਿੱਤਾ। ਲਿਖਤ ਐਸੇ ਹੈ:

ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ॥
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ॥
ਚਾਰਿ ਵਰਨ ਚਾਰਿ ਮਜ਼ਹਬਾ ਚਰਣ ਕਵਲ ਸਰਣਾਗਤਿ ਆਇਆ॥
ਪਾਰਸਿ ਪਰਸਿ ਅਪਰਸ ਜਗਿ, ਅਸਟ ਧਾਤੁ ਇਕੁ ਧਾਤੁ ਕਰਾਇਆ॥

—ਵਾਰਾਂ ਭਾਈ ਗੁਰਦਾਸ ੧੨/੧੭/੧

ਗੁਰਬਾਣੀ ਰੱਬੀ ਰਹਿਮਤਾਂ ਦਾ ਅਮੁਕ ਭੰਡਾਰ ਹੈ, ਜਿਸ ਵਿਚ ਸਿਰਫ਼ ਛੇ ਦਾਰਸ਼ਨਿਕ ਸਿਧਾਂਤ ਦਰਸਾਏ ਗਏ ਹਨ, ਤਾਕਿ ਇਕ ਜਗਿਆਸੂ ਨੂੰ ਆਪਣੀ ਜੀਵਨ ਜਗਿਆਸਾ ਸਫਲੀ ਕਰਨ ਵਿਚ ਕੋਈ ਦਿੱਕਤ ਪੇਸ਼ ਨਾ ਆਵੇ। ਉਹ

1. ਟਰੰਪ, ਮੁੱਖ ਬੰਦ, ਪੰਨਾ VIII।

ਛੇ ਸਿਧਾਂਤ ਕਿਹੜੇ ਕਿਹੜੇ ਹਨ:

(੧) ਸੱਚ ਕੀ ਵਸਤੂ ਹੈ?

(੨) ਸੱਚ ਦੀ ਪ੍ਰਾਪਤੀ ਕਿਵੇਂ ਕਰਨੀ ਹੈ?

(੩) ਸੱਚ ਪ੍ਰਾਪਤੀ ਦੇ ਰਸਤੇ ਵਿਚ ਰੁਕਾਵਟਾਂ ਕਿਹੜੀਆਂ ਕਿਹੜੀਆਂ ਹਨ?

(੪) ਰੁਕਾਵਟਾਂ ਦੂਰ ਕਰਨ ਦੀ ਵਿਧੀ ਕਿਹੜੀ ਹੈ?

(੫) ਜਿਸ ਨੇ ਸੱਚ ਦੀ ਪ੍ਰਾਪਤੀ ਕੀਤੀ, ਉਸ ਨੂੰ ਕੀ ਪ੍ਰਾਪਤ ਹੁੰਦਾ ਹੈ?

(੬) ਜਿਸ ਨੇ ਸੱਚ ਦੀ ਪ੍ਰਾਪਤੀ ਨਹੀਂ ਕੀਤੀ, ਉਸ ਨੂੰ ਕੀ ਹਾਨੀ ਹੁੰਦੀ ਹੈ?

ਹਿੰਦੁਸਤਾਨੀ ਤਹਿਜ਼ੀਬ ਦੇ ਸਾਹਮਣੇ ਸਭ ਤੋਂ ਵੱਡਾ ਦੁਖਾਂਤ ਵੇਦ ਬਾਣੀ ਦੇ ਬਖੇੜਿਆਂ ਤੋਂ ਆਰੰਭ ਹੁੰਦਾ ਹੈ। ਜਿਸ ਵਿਚ ਸੱਚ ਦੀ ਪ੍ਰਾਪਤੀ ਨੂੰ ਛੱਡ ਕੇ ਦੇਵੀ ਦੇਵਤਿਆਂ ਦੀ ਪੂਜਾ ਦੇ ਢੰਗ, ਦੇਵਤਿਆਂ ਦੇ ਨਮਿੱਤ ਜੱਗ ਆਦਿ ਕਰਨ ਦੀ ਵਿਧੀ, ਵਰਨ-ਵੰਡ ਦੇ ਵਿਤਕਰੇ, ਸ਼ਗਨ ਅਪਸ਼ਗਨ ਦੇ ਵਹਿਮਾਂ ਦੀ ਭਰਮਾਰ, ਦਰਖ਼ਤਾਂ, ਦਰਿਆਵਾਂ, ਸੂਰਜ, ਚੰਦ੍ਰਮਾ, ਤਾਰਿਆਂ ਤੇ ਪਸ਼ੂਆਂ ਦੀ ਉਪਾਸ਼ਨਾ ਦੇ ਸੰਸੇ, ਬ੍ਰਾਹਮਣ ਦੀ ਉੱਚਤਾ ਦੇ ਚਰਚੇ, ਇਨ੍ਹਾਂ ਬਖੇੜਿਆਂ ਨੇ ਭਾਰਤੀ ਜਨਤਾ ਨੂੰ ਅਵਿਸ਼ਵਾਸੀ ਬਣਾ ਦਿੱਤਾ। ਇਨਸਾਨ ਭੰਬਲ-ਭੂਸੇ ਦੀ ਅਧੋਗਤੀ ਦੀ ਪ੍ਰੋੜ੍ਹਤਾ ਵਿਚ ਪ੍ਰਪੱਕ ਹੋ ਗਿਆ। *ਪੰਥ ਪ੍ਰਕਾਸ਼* ਦਾ ਕਰਤਾ ਇਸ ਤਰਸ-ਮਈ ਹਾਲਤ ਨੂੰ ਨਿਮਨ-ਲਿਖਤ ਦੇ ਅਨੁਸਾਰ ਦਰਜ ਕਰਦਾ ਹੈ:

ਬੇਦ ਮੈਂ ਬਖੇਰੇ ਹੈਂ ਘਨੇਰੇ ਜਗ ਆਦਿ ਕੇਰੇ,
ਔਰ ਇਤਿਹਾਸ[1] ਕ੍ਰਮ ਭ੍ਰਮ ਭੇਦ ਭਾਰ ਹੈ॥
ਸ੍ਰੀ ਗੁਰੂ ਗ੍ਰੰਥ ਮਾਂਹਿ ਏਕ ਭੀ ਬਖੇਰਾ ਨਾਹਿ,
ਕੇਵਲ ਮੁਕਤਿ ਪਥ ਕੇਵਲ ਉਚਾਰ ਹੈ॥
ਬੇਦ ਅਧਿਕਾਰ ਤੀਨ ਵਰਣ ਕੋ ਉਤਾਰੈਂ ਪਾਰ,
ਔਰ ਕੋਊ ਪਢੇ ਸੁਨੇ ਹੋਇ ਪਾਪੀ ਭਾਰ ਹੈ॥
ਯਾਵਤ[2] ਹੈਂ ਨਰ ਨਾਰਿ ਦ੍ਵੈਜ[3] ਤੇ ਚੰਡਾਰ ਤਕ,
ਗੁਰੂ ਗ੍ਰੰਥ ਜੀ ਤੇ ਹੋਤ ਸਭਿ ਕੋ ਉਧਾਰ ਹੈ॥੭੭॥
ਅਘ ਓਘ ਨਾਸੈਂ ਪੁੰਨ ਪੁੰਜ ਪ੍ਰਕਾਸੈਂ,
ਕਾਮ ਆਦਿਕ ਬਿਨਾਸੈਂ ਔਂ ਹੁਲਾਸੇ ਦੈਵੀ ਗੁਨ ਹੈ॥
ਹੋਇ ਮਨ ਨੀਮਾ ਧੀਮਾ ਸੀਮਾ ਪ੍ਰੇਮ ਭਗਤੀ ਕੀ,
ਸ਼ਕਤੀ ਸਰਬ ਜਸ ਜਗਤੀ ਪੈ ਪੁਨ ਹੈ॥

1. ਇਤਿਹਾਸ ਕ੍ਰਮ ਭ੍ਰਮ—ਤਰਤੀਬ ਦਾ ਭੁਲੇਖਾ।
2. ਯਾਵਤ—ਜਿਤਨੇ ਭੀ।
3. ਦ੍ਵੈਜ—ਬ੍ਰਾਹਮਣ।

ਸਾਧੁ ਸੇਵ ਸੰਤ ਸੰਗਿ ਨਾਮ ਰੰਗ ਸੁੱਧ ਬੁਧਿ,
ਬ੍ਰਹਮ ਗਯਾਨ ਦਯਾ ਸੁਤ ਕੀਰਤਨ ਧੁਨ ਹੈ ॥
ਚਹੈ ਚਾਰ ਫਲ ਜੋਊ ਜਗ ਤੇ ਉਧਾਰ ਜਨ,
ਨਿਤ ਪ੍ਰਤਿ ਗੁਰੂ ਗ੍ਰੰਥ ਜੀ ਕੋ ਪਢੈਂ ਸੁਨ ਹੈ ॥੭੪॥[1]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਹਾਮੀ ਨੂਰ ਪ੍ਰਤੀ ਦੁਨੀਆ ਦੇ ਭਿੰਨ ਭਿੰਨ ਵਿਦਵਾਨਾਂ ਨੇ ਆਪਣੇ ਆਪਣੇ ਵੀਚਾਰ ਅਤਿਅੰਤ ਹੀ ਸੂਝ-ਬੂਝ ਅਤੇ ਸਤਿਕਾਰ ਸਹਿਤ ਲਿਖਣ ਦਾ ਯਤਨ ਕੀਤਾ ਹੈ। ਹਰੀ ਰਾਮ ਗੁਪਤਾ ਆਪਣੇ ਖ਼ਿਆਲਾਂ ਦਾ ਇਜ਼ਹਾਰ ਨਿਮਨ-ਲਿਖਤ ਦੇ ਆਧਾਰ 'ਤੇ ਕਰਦੇ ਹਨ:

The Adi Granth:
The most valuable achievement of Guru Arjan was the compilation of a holy book for the Sikhs known as Adi Granth and popularly called Granth Sahib or Guru Granth. In Sikhism worship consisted of singing the hymn of Gurus. The Guru wished to laydown the exact hymn to be sung and correct rituals to be performed by the Sikhs. This was necessitated by the fact that his elder brother Pirthi Mal who had been excluded from the Guruship was composing his own hymn and was spreading them among the Sikhs as those of Nanak and other Gurus. Guru Arjan also desired to raise the status of Sikhism from a sect to a religion. This object could be attained by providing the Sikhs with holy scriptures of their own like Vedas, the Bible and the Quran. He therefore, decided to collect the hymns of all the Gurus including his own in the form of a book in Gurmukhi script. The search for material began shortly after Akbar's visit, early in 1599 A.D.[2]

ਸ੍ਰੀ ਗੁਰੂ ਗ੍ਰੰਥ ਸਾਹਿਬ ਤ੍ਰੈਗੁਣੀ ਵਿਸਥਾਰਾਂ ਅਤੇ ਬਿਪਰ ਰੀਤੀ ਧਰਮ

---

1. *ਪੰਥ ਪ੍ਰਕਾਸ਼*, ਪੂਰ: ਬਿਸ: ੧੯, ਪੰਨਾ ੬੫੮।
2. Hari Ram Gupta, *History of the Sikhs*, Vol. I, p. 135.

ਦੇ ਮੂਲਿਕ ਦ੍ਰਿਸ਼ਟੀਕੋਣ ਨੂੰ ਛਿਦ੍ਰਮਈ ਐਲਾਨਦਾ ਹੈ। ਨਤੀਜੇ ਵਜੋਂ ਤ੍ਰੈਗੁਣੀ ਸਮਰਥਕਾਂ ਵਿਚ ਇਕ ਹੱਠ-ਧਰਮੀ ਦਾ ਅਲੱਚਕ ਪ੍ਰਭਾਵ ਵੇਖਦਾ ਹੈ। ਤ੍ਰੈਗੁਣੀ ਧਰਮਾਂ ਅਤੇ ਹੱਠ-ਧਰਮੀ ਮਜ਼ਹਬਾਂ ਦੇ ਵਿਅਕਤੀਗਤ ਸੁਰਾਖਾਂ ਵਿਚ ਪਰੀਪੂਰਨ ਗਤੀ ਦੁਆਰਾ ਭਰੀ ਹੋਈ ਸਥਾਨਕ ਵਿਸ਼ਵਾਸ ਗਤੀ ਅਤੇ ਇਨ੍ਹਾਂ ਵਿਚੋਂ ਪੁੰਗਰਦੀ ਦੰਭੀ ਭਾਖਾ ਦੇ ਪ੍ਰਮਾਣ ਦਿੱਤੇ ਗਏ ਹਨ, ਜਿਵੇਂ ਫ਼ੁਰਮਾਨ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥੨॥ —*ਧਨਾਸਰੀ ਮ: ੧, ਪੰਨਾ ੬੬੨-੧੨*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਜਨਾ ਪ੍ਰਤੀ ਕਨਿੰਘਮ ਦੇ ਖ਼ਿਆਲ ਹੋਰ ਵਧੇਰੇ ਉਕਤ ਦਰਸਾਏ ਦੈਵੀ ਸ਼ਬਦ ਤੇ ਪ੍ਰਮਾਣਿਕ ਮਜ਼ਮੂਨ ਦੀ ਬੁਨਿਆਦ ਖੜੀ ਕਰਦੇ ਹਨ। ਉਹ ਲਿਖਦਾ ਹੈ ਕਿ ਬ੍ਰਾਹਮਣ ਵੇਦਾਂ ਨੂੰ ਪੜ੍ਹ ਪੜ੍ਹ ਕੇ ਖੀਣ ਹੋ ਗਿਆ, ਪਰੰਤੂ ਉਸ ਦੇ ਜੀਵਨ ਵਿਚ ਹਰਿਆਵਲ ਅਤੇ ਤਰਾਵਤ ਨਹੀਂ ਆਈ। ਅਸਲੀ ਲਿਖਤ, ਨਿਮਨ-ਲਿਖਤ ਦੇ ਅਨੁਕੂਲ ਦੇਖੀ ਜਾ ਸਕਦੀ ਹੈ:

> Arjan next arranged the various writings of his predecessors he added to them the best known, or the most suitable, compositions of some other religious reformers of the few preceding centuries and completing the whole with a prayer and some exhortation of his own, he declared the compilation to be pre-eminently the Granth, or Book; and he gave to his followers their fixed rules of religious and moral conduct, with an assurance that multitudes even of divine Brahmans had wearied themselves with reading the Vedas, and had found not the value of an oil-seed within them.[1]

ਸਤਿਗੁਰੂ ਜੀ ਨੇ ਗ੍ਰੰਥ ਦੀ ਸਾਜਨਾ ਕਰ ਕੇ ਆਪਣੇ ਸਿੱਖਾਂ ਨੂੰ ਇਹ ਦ੍ਰਿੜ੍ਹ ਕਰਵਾ ਦਿੱਤਾ ਕਿ ਬ੍ਰਾਹਮਣ ਨੂੰ ਵੇਦ ਪੜ੍ਹਿਆਂ ਅਤੇ ਹੋਰ ਇਬਰਾਨੀ ਮੱਤਾਂ ਨੂੰ ਕਿਤਾਬਾਂ ਪੜ੍ਹਿਆਂ ਦਰਗਾਹੀ ਦਰਵਾਜ਼ਾ ਨਹੀਂ ਮਿਲਿਆ, ਪਰੰਤੂ ਜੋ ਪ੍ਰਾਣੀ

1. J.D. Cunningham, *History of the Sikhs*, Chapter iii, p. 46.

ਗੁਰ-ਅਮਲ ਵਿਚ ਜੁੜ ਕੇ ਜਾਂ ਗੁਰ-ਲਿਵ ਵਿਚ ਲੀਨ ਹੋ ਕੇ ਗੁਰਬਾਣੀ ਦੇ ਰਾਹੀਂ ਇਕ ਅੱਖਰ ਦਾ ਜਾਪ ਜਪੇਗਾ, ਉਸ ਦੀ ਆਭਾ ਦੀਨ ਦੁਨੀ ਵਿਚ ਨਿਰਮਲ ਹੋ ਜਾਵੇਗੀ। ਫ਼ੁਰਮਾਨ ਹੈ:

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥

—ਸੂਹੀ ਮ: ੫, ਪੰਨਾ ੭੪੭-੧੮

ਸਤਿਗੁਰੂ ਜੀ ਨੇ ਇਲਹਾਮੀ ਬਾਣੀ ਦੇ ਰਾਹੀਂ ਆਪਣੇ ਸਿੱਖਾਂ ਨੂੰ ਹੱਠ-ਧਰਮੀ ਦੇ ਢੰਭਾਂ ਤੋਂ ਵਰਜ ਕੇ ਵਾਹਿਗੁਰੂ ਅਗੇ ਦੁਆ ਕਰਨ ਦੀ ਵਿਧੀ ਪ੍ਰਗਟਾਈ। ਅਰਦਾਸ ਦੇ ਬੀਜ ਵਿਚ ਵਾਹਿਗੁਰੂ ਦੀ ਰਹਿਮਤ ਅਤੇ ਅਰਦਾਸੀਏ ਪ੍ਰਤੀ ਇਕਰਾਰ ਨਾਮਾ ਨਾਜ਼ਲ ਹੁੰਦਾ ਫ਼ੁਰਮਾਇਆ ਹੈ। ਔਰ ਇਕਰਾਰ-ਨਾਮੇ ਵਿਚੋਂ ਜਾਂ ਆਖੋ ਸਤਿਗੁਰੂ ਜੀ ਦੀ ਬਿਰਦ ਪਾਲਕ ਨੀਤੀ ਵਿਚੋਂ ਵਾਹਿਗੁਰੂ ਦੀ ਬਖ਼ਸ਼ਿਸ਼ ਦਾ ਜਲਾਲੀ ਰੁਤਬਾ ਨਮੂਦਾਰ (ਪ੍ਰਗਟ) ਹੁੰਦਾ ਹੈ, ਇਹੀ ਕਾਰਨ ਹੈ ਕਿ ਸਿੱਖੀ ਕੀਤੇ ਕਰਮਾਂ 'ਤੇ ਟੇਕ ਨਹੀਂ ਰੱਖਦੀ, ਬਲਕਿ ਇਲਹਾਮੀ ਰਹਿਮਤ ਦੀ ਓਟ ਰੱਖਦੀ ਹੈ। ਸਿੱਖੀ ਸ਼ਰਧਾ ਦੇ ਬੀਜ ਬੀਜਦੀ ਹੈ, ਸਿਦਕ ਨਾਲ ਪੁੰਗਰਦੀ ਹੈ, ਰੱਬੀ ਬਖ਼ਸ਼ਿਸ਼ ਦਾ ਸਬਰ ਅਤੇ ਸੰਤੋਖ ਨਾਲ ਇੰਤਜ਼ਾਰ ਕਰਦੀ ਹੈ, ਜੋ ਕੁਝ ਭੀ ਰੱਬੀ ਰਹਿਮਤ ਵਿਚੋਂ ਪ੍ਰਾਪਤ ਹੋਵੇ, ਉਸ ਦੀ ਸ਼ੁਕਰ ਗੁਜ਼ਾਰੀ 'ਤੇ ਨਿਰਬਾਹ ਕਰਦੀ ਹੈ। ਅੰਤਮ ਫ਼ੈਸਲੇ ਵਾਲੇ ਸਮੇਂ ਵਾਹਿਗੁਰੂ ਦੀ ਰਹਿਮਤ, ਖ਼ੁਦਾਈ ਇਕਰਾਰ-ਨਾਮਾ (ਬਿਰਦ ਪਾਲਕ ਨੀਤੀ) ਅਤੇ ਨੂਰਾਨੀ ਬਖ਼ਸ਼ਿਸ਼ ਸਿੱਖੀ ਨੂੰ ਆਪਣੀ ਅਨੰਦਮਈ ਨਿੱਘੀ ਜ਼ੀਨਤ ਵਿਚ ਲਪੇਟ ਲੈਂਦੀ ਹੈ। ਬਸ ਇਹੀ ਸਿੱਖੀ ਦੀ ਮਹੱਤਵ-ਪੂਰਨ ਵਿਸ਼ੇਸ਼ਤਾ ਹੈ, ਜੋ ਸਤਿਗੁਰੂ ਨਾਨਕ ਦੇਵ ਜੀ ਦੀ ਇਕ ਲਾਸਾਨੀ ਵਡਿਆਈ ਹੈ, ਔਰ ਸਿੱਖ ਦੇ ਅਰੁੱਕ ਸਿਦਕ ਵਿਚ ਇਹ ਤਖ਼ੱਯਲ ਵੱਸ ਗਿਆ ਹੈ ਕਿ:

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥

—ਸੂਹੀ ਮ: ੫, ਪੰਨਾ ੭੫੦-੪

ਕਨਿੰਘਮ ਦੇ ਕਥਨ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਜਨਾ ਕਰ ਕੇ ਸਤਿਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਸਿੱਖਾਂ ਨੂੰ ਯਕੀਨ ਦਿਲਵਾਇਆ ਹੈ, ਇਕ ਇਕਰਾਰ-ਨਾਮਾ ਫ਼ੁਰਮਾਇਆ ਹੈ, ਹਾਮੀ ਭਰੀ ਹੈ, ਜ਼ਾਮਨੀ ਦਿੱਤੀ ਹੈ ਕਿ ਜੋ ਭੀ ਪ੍ਰਾਣੀ ਅੰਮ੍ਰਿਤ-ਮਈ ਗੁਰਬਾਣੀ ਨੂੰ ਅੰਤਰ-ਆਤਮੇ ਪੜ੍ਹੇ, ਸੁਣੇ, ਮੰਨੇ ਅਥਵਾ ਜੀਵਨ ਵਿਚ ਢਾਲੇਗਾ, ਉਸ ਦੀ ਗਤੀ ਹੋਵੇਗੀ, ਕਿਉਂਕਿ ਗੁਰਬਾਣੀ ਵਿਚੋਂ ਨਾਮ ਪ੍ਰਗਟ ਹੁੰਦਾ ਹੈ ਔਰ ਵਾਹਿਗੁਰੂ ਦਾ ਨਾਮ ਅਭਿਆਸੀ

ਨੂੰ ਨਾਮੀ ਵਿਚ ਅਭੇਦ ਕਰ ਦਿੰਦਾ ਹੈ। ਫ਼ੁਰਮਾਨ ਹੈ:

ਅੰਮ੍ਰਿਤ ਬਚਨ ਸਾਧ ਕੀ ਬਾਣੀ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ,
ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥੧॥ਰਹਾਉ॥
ਕਲੀ ਕਾਲ ਕੇ ਮਿਟੇ ਕਲੇਸਾ॥
ਏਕੋ ਨਾਮੁ ਮਨ ਮਹਿ ਪਰਵੇਸਾ॥੧॥6 *—ਸੂਹੀ ਮ: ੫, ਪੰਨਾ ੭੪੪-੧੩*

ਸਤਿਗੁਰੂ ਅਰਜਨ ਦੇਵ ਜੀ ਨੇ ਇਹ ਨਿਰਣੈ ਲਿਆ ਸੀ ਕਿ ਸਤਿਗੁਰੂ ਬਾਬਾ ਨਾਨਕ ਸਾਹਿਬ ਜੀ ਦਾ ਦਾਰਸ਼ਨਿਕ ਸਿਧਾਂਤ ਦੂਸਰੇ ਬਹੁ-ਪ੍ਰਕਾਰੀ ਧਾਰਮਕ ਮਜ਼ਹਬਾਂ ਦੇ ਮੁਕਾਬਲੇ 'ਤੇ ਜੋ ਉਸ ਸਮੇਂ ਹਿੰਦੁਸਤਾਨ ਵਿਚ ਚਾਲੂ ਸਨ, ਜਾਂ ਕਤੇਬਾਂ ਨੂੰ ਮੰਨਣ ਕਰਨ ਵਾਲੇ, ਜੋ ਹਿੰਦੁਸਤਾਨ ਤੋਂ ਬਾਹਰ ਭੀ ਸਨ, ਉਨ੍ਹਾਂ ਨਾਲੋਂ ਹੋਰ ਵਧੇਰੇ ਇਲਹਾਮੀ ਵਿਧੀ ਦੁਆਰਾ ਪ੍ਰਚਾਰਿਆ ਜਾਵੇ, ਔਰ ਇਕ ਖ਼ਾਲਸ ਰੱਬੀ ਮਾਰਗ ਦੇ ਰੂਪ ਵਿਚ ਦੁਨੀਆ ਦੇ ਇਨਸਾਨ ਨੂੰ ਇਕ ਇਕਾਈ ਨਾਲ ਜੋੜਿਆ ਜਾਵੇ। ਸਭ ਨੂੰ ਸਾਂਝੀਵਾਲਤਾ ਦੀ ਸੰਦ੍ਰਭ ਲੜੀ ਵਿਚ ਪਰੋ ਦਿੱਤਾ ਜਾਵੇ, ਬਸ ਕੇਵਲ ਇਸੇ ਤਖ਼ੱਯਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਰੱਬੀ ਹੁਕਮ ਦੇ ਅਨੁਸਾਰ, ਸਤਿਗੁਰੂ ਜੀ ਨੇ ਕਾਇਨਾਤ ਦੇ ਹਰ ਨਾਮ ਲੇਵਾ ਫ਼ਰਦੋ-ਬਸ਼ਰ ਨੂੰ, ਪਾਵਨ ਗੁਰਬਾਣੀ ਦੀ ਅਮੁੱਲੀ ਦਾਤਿ ਬਖ਼ਸ਼ੀ। ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਕਾਲੀ ਬਾਣੀ ਨੂੰ ਇਕ ਰੱਬੀ ਰੂਪ ਵਿਚ ਇਕੱਤਰ ਕਰ ਦਿੱਤਾ, ਜਿਸ ਦਾ ਆਦਰ ਮਾਣ ਸਤਿਕਾਰ ਕਰਨ ਦੀ ਵਿਧੀ ਭੀ ਦਰਸਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਤੋਂ ਪਹਿਲੇ ਸਤਿਗੁਰੂ ਸਾਹਿਬਾਨ ਦੀ ਬਾਣੀ ਔਰ ਖ਼ੁਦ ਆਪ ਜੀ ਨੂੰ ਨਾਜ਼ਲ ਹੋਏ ਇਲਾਹੀ ਕਲਾਮ ਦਰਜ ਕੀਤੇ ਔਰ ਇਸ ਕਾਲ ਤੋਂ ਪਹਿਲੇ ਸਮੇਂ ਵਿਚ ਹੋ ਚੁਕੇ ਰੱਬਾਨੀਅਤ ਦੇ ਸ਼ਰਧਾਲੂ ਭਗਤਾਂ ਦੀ ਬਾਣੀ ਭੀ ਦਰਜ ਕੀਤੀ ਗਈ। ਇਸ ਗ੍ਰੰਥ ਦੀ ਸੰਪੂਰਣਤਾ ਤੋਂ ਉਪਰੰਤ ਇਸ ਕਿਤਾਬ ਦਾ ਪਾਵਨ ਨਾਮ *ਆਦਿ ਗ੍ਰੰਥ* ਰੱਖਿਆ ਗਿਆ। ਇਹ ਧੁਰ ਕੀ ਬਾਣੀ ਦਾ ਗ੍ਰੰਥ ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਵਨ ਤੋਂ ਬਾਅਦ ਹੋਣ ਵਾਲੇ ਉਤਰ-ਅਧਿਕਾਰੀ ਸਤਿਗੁਰੂ ਸਾਹਿਬਾਨ ਦੇ ਹਵਾਲੇ ਕੀਤਾ ਗਿਆ ਔਰ ਇਹ ਹੁਕਮ ਭੀ ਸਾਦਰ ਫ਼ੁਰਮਾਇਆ ਕਿ ਇਹ *ਆਦਿ ਗ੍ਰੰਥ ਸਾਹਿਬ* ਨਿਰੋਲ ਅਤੇ ਬਿਲਾ-ਸ਼ੁਬਾ 'ਧੁਰ ਕੀ ਬਾਣੀ' ਦਾ ਮੁਜੱਸਮਾ ਹੈ। ਸਿੱਖੀ ਦੇ ਹਰ ਪ੍ਰਾਣੀ ਵਾਸਤੇ ਇਸ 'ਧੁਰ ਕੀ ਬਾਣੀ ਆਈ' ਨੂੰ 'ਸਤਿ ਸਤਿ ਕਰਿ ਮਾਨਿਓ' ਦਾ ਆਦੇਸ਼ ਦਿੱਤਾ ਗਿਆ। ਇਸ ਅਕਾਲੀ ਬਾਣੀ ਦੀ ਪਾਵਨ ਜਿਲਦ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕੀਤੀ ਗਈ। ਰੋਜ਼ਾਨਾ ਹੀ

ਨਿਤਨੇਮ ਵਜੋਂ ਧੁਰ ਕੀ ਬਾਣੀ ਦਾ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਕਰਨ ਆਈਆਂ ਸੰਗਤਾਂ ਨੂੰ ਸੁਣਾਇਆ ਜਾਂਦਾ। ਰੱਬੀ ਬਾਣੀ ਦਾ ਇਲਹਾਮੀ ਕੀਰਤਨ ਉਸ ਵੇਲੇ ਦੇ ਸੰਗੀਤਕ ਸਾਜ਼ਾਂ ਦੀ ਧੁਨੀ ਦੁਆਰਾ ਗਾਇਨ ਕੀਤਾ ਜਾਂਦਾ ਸੀ। ਸਿੱਖੀ ਦੀ ਇਬਾਦਤ ਦਾ ਇਹ ਤਰੀਕਾ ਸ਼ਰਧਾਲੂ ਗੁਰਸਿੱਖਾਂ ਦੀ ਵਿਰਤੀ ਰੱਬੀ ਸ਼ਬਦ ਨਾਲ ਜੋੜਨ ਦਾ ਅਦੁੱਤੀ ਢੰਗ ਹੈ। *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਬਾਣੀ ਦੇ ਕੀਰਤਨ ਤੋਂ ਬਾਅਦ ਸਤਿਗੁਰੂ ਬਾਬਾ ਨਾਨਕ ਸਾਹਿਬ ਜੀ ਦੀਆਂ ਜੀਵਨ ਘਟਨਾਵਾਂ ਦਾ ਜ਼ਿਕਰ ਉਚੇਚੇ ਤੌਰ 'ਤੇ ਬੜੀ ਤੀਬਰਤਾ ਨਾਲ ਸੁਲਝੇ ਹੋਏ ਢੰਗ ਦੁਆਰਾ ਹੋਣ ਲੱਗਾ, ਜਿਸ ਦਾ ਪਰਿਣਾਮ ਇਹ ਨਿਕਲਿਆ ਕਿ ਸਿੱਖੀ ਉੱਮਤ ਵਿਚ ਬਹੁਤ ਹੀ ਤੇਜ਼ੀ ਨਾਲ ਵਿਸਥਾਰ ਹੋਣਾ ਆਰੰਭ ਹੋ ਗਿਆ ਔਰ ਸਿੱਖੀ ਉੱਮਤ ਕੇਵਲ ਇਕ ਨਿਸ਼ਾਨ, ਇਕ ਸੇਧ, ਇਕ ਵਿਸ਼ਵਾਸ *(ਆਦਿ ਗ੍ਰੰਥ)* ਦੀ ਤਾਲੀਮ ਨਾਲ ਪੱਕੇ ਤੌਰ 'ਤੇ ਗੰਢੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਰਣਤਾ ਦੇ ਨਾਲ ਸਮੂਹ ਸਿੱਖ ਜਗਤ ਦੀ ਆਤਮਕ ਅਵਸਥਾ, ਹੌਂਸਲਾ ਅਫ਼ਜ਼ਾਈ ਵਿਚ ਇਕ ਨਵੀਨ ਜਾਗਰਤਾ ਪ੍ਰਵੇਸ਼ ਕਰ ਗਈ। ਉਕਤ ਦਰਸਾਏ ਖ਼ਿਆਲਾਂ ਦੀ ਤਾਈਦ ਸੱਯਦ ਮੁਹੰਮਦ ਲਤੀਫ਼ ਦੇ ਸ਼ਬਦਾਂ ਦੁਆਰਾ ਹੋਰ ਵਧੇਰੇ ਸਮਝਣ ਵਿਚ ਸਹਾਇਕ ਹੋਵੇਗੀ। ਲਿਖਤ ਹੈ:

> His (Guru Arjan) consideration was to ascertain whether the teachings of the great Nanak were equally suited to the multifarious religious denominations and societies that then existed. He attempted to raise the followers of Nanak in the scale of society, and, with a view to uniting them by one common religious tie. he gave them a religious code, which they held in the greatest veneration. In this code he incorporated the sayings and verses of Nanak, the compositions of his predecessors and his own, and the choicest literary productions of other religious reformers of those times, whose memory was still fresh in the minds of the people. This code he called the 'Granth' or the Holy Book, and it was handed over to the Guru's successors with an assurance that all it contained was pure and binding on all true

disciples. A copy was kept in the Harimandar, or Holy Temple, and recited each day to the crowds who came to bathe in the sacred tank. Hymns were sung in praise of the Lord by bands of musician, and the incidents of the life of Baba Nanak were repeated with great fervour. Thus was a new spirit infused into the minds of the followers of the Guru.

—*Latif, History of the Punjab, pp. 253, 254*

੧੫-੧. ਗੁਰਬਾਣੀ ਪੋਥੀਆਂ ਦੀ ਇਕੱਤ੍ਰਤਾ

ਸਤਿਗੁਰੂ ਅਰਜਨ ਸਾਹਿਬ ਜੀ ਨੇ ਜਿਥੇ ਪੰਥਕ ਕੇਂਦਰ ਦੀ ਅਸਥਾਪਨਾ ਕੀਤੀ, ਉਥੇ ਆਪ ਜੀ ਨੇ ਧੁਰ ਕੀ ਬਾਣੀ ਨੂੰ ਇਲਹਾਮੀ ਕਿਤਾਬ ਦਾ ਵਜੂਦ ਦੇ ਕੇ ਸਮੁੱਚੀ ਉੱਮਤ ਨੂੰ ਇਕ ਤਾਰ ਵਿਚ ਪ੍ਰੋ ਕੇ ਜਥੇਬੰਦ ਕਰ ਦਿੱਤਾ। ਹਜ਼ੂਰ ਨੇ ਇਹ ਨਿਰਣੈ ਕਰ ਲਿਆ ਸੀ ਕਿ ਜੇਕਰ ਜਗਤ ਗੁਰੂ ਬਾਬਾ ਜੀ ਨੂੰ ਸਿੱਧਾਂ ਪ੍ਰਤੀ ਉਪਦੇਸ਼ ਦੇਣ ਲਈ ਅਤੇ ਪੰਥ ਦੀ ਨਿਰਾਲੀ ਹਸਤੀ ਕਾਇਮ ਕਰਨ ਵਾਸਤੇ ਕਿਤਾਬ ਦੀ ਲੋੜ ਪਈ, ਤਦ ਅਤਿਅੰਤ ਹੀ ਲਾਜ਼ਮੀ ਹੈ ਕਿ ਬਾਬੇ ਜੀ ਦੇ ਰਚੇ ਪੰਥ ਨੂੰ ਭੀ ਧੁਰ ਕੀ ਬਾਣੀ ਦੇ ਸ਼ਬਦ ਦੀ ਅਵੱਸ਼ਕਤਾ ਹੈ। ਸਤਿਗੁਰੂ ਬਾਬਾ ਨਾਨਕ ਦੇਵ ਜੀ ਦੇ ਸਮੇਂ ਤੋਂ ਧੁਰ ਕੀ ਬਾਣੀ, ਪਰਚੀਆਂ ਜਾਂ ਸੈਂਚੀਆਂ ਦੇ ਰੂਪ ਵਿਚ ਮੌਜੂਦ ਸੀ, ਧੁਰ ਕੀ ਬਾਣੀ ਦੀਆਂ ਪਰਚੀਆਂ ਜਾਂ ਛੋਟੀਆਂ ਕਿਤਾਬਾਂ ਜਗਤ ਗੁਰੂ ਬਾਬਾ ਜੀ ਦੇ ਸਮੇਂ ਤੋਂ ਹੀ ਸਤਿਗੁਰਾਂ ਪਾਸ ਮੌਜੂਦ ਸਨ। ਇਸ ਸਿਲਸਿਲੇ ਵਿਚ ਕੁਝ ਉਗਾਹੀਆਂ ਪ੍ਰਾਪਤ ਹੁੰਦੀਆਂ ਹਨ; ਜਗਤ ਗੁਰੂ ਬਾਬਾ ਜੀ ਨੂੰ ਸਿੱਧਾਂ ਨੇ ਪੁਛਿਆ, "ਐ ਬਾਲੇ! ਆਪ ਜੀ ਦੇ ਨਵੇਂ ਪੰਥ ਦੀ ਨੀਂਹ ਕਿਸ ਬੁਨਿਆਦੀ ਅਸੂਲ 'ਤੇ ਆਧਾਰਤ ਹੋਵੇਗੀ?" ਤਦ ਹਜ਼ੂਰ ਨੇ ਫ਼ੁਰਮਾਇਆ ਸੀ ਕਿ ਸੰਗਤ ਅਤੇ ਧੁਰ ਕੀ ਬਾਣੀ ਦੇ ਆਸਰੇ ਇਸ ਨਿਰਮਲ ਪੰਥ ਦੀ ਵੱਖਰੀ ਹਸਤੀ ਕਾਇਮ ਹੋਵੇਗੀ। ਸਿੱਧਾਂ ਦੇ ਮੁਕਾਬਲੇ ਹਜ਼ੂਰ ਨੇ ਧੁਰ ਕੀ ਬਾਣੀ ਦੇ ਆਸਰੇ ਸਿੱਧ ਮੰਡਲੀ ਤੇ ਫ਼ਤਹਿ ਪ੍ਰਾਪਤ ਕੀਤੀ। ਆਪਣੇ ਨਿਰਾਲੇ ਪੰਥ ਦੀ ਨੀਂਹ ਰੱਖੀ। ਫ਼ੁਰਮਾਨ ਹੈ:

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ ॥[1]

ਸਿੱਧਾਂ ਦੀ ਤਸੱਲੀ ਕਰਵਾਉਣ ਤੋਂ ਉਪਰੰਤ ਹਜ਼ੂਰ ਬਾਬਾ ਜੀ ਮੱਕਾ ਸ਼ਰੀਫ਼ ਦੀ ਯਾਤਰਾ ਵਾਸਤੇ ਗਏ। ਮੱਕਾ ਦੀ ਉਦਾਸੀ ਸਮੇਂ ਹਜ਼ੂਰ ਦੇ ਪਾਸ ਧੁਰ ਕੀ

1. ਭਾਈ ਗੁਰਦਾਸ, ਵਾਰ ੧/੩੧/੨।

ਬਾਣੀ ਦੀ ਛੋਟੀ ਕਿਤਾਬ ਮੌਜੂਦ ਸੀ, ਤਾਕਿ ਦੁਨੀਆ ਦਾ ਹਰ ਇਨਸਾਨ ਰੱਬੀ ਫ਼ਜ਼ੀਲਤ ਦਾ ਪੂਰਾ ਪੂਰਾ ਲਾਭ ਉਠਾ ਸਕੇ। ਵਾਹਿਦ ਕਲਾਮ[1] ਦੀ ਕਿਤਾਬ ਦੇ ਬਾਬਾ ਜੀ ਦੇ ਨਾਲ ਹੋਣ ਬਾਰੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਸੰਕੇਤ ਪ੍ਰਾਪਤ ਹੁੰਦੇ ਹਨ। ਲਿਖਤ ਨਿਮਨ-ਲਿਖਤ ਦੇ ਅਨੁਸਾਰ ਹੈ:

ਬਾਬਾ ਫਿਰਿ ਮੱਕੇ ਗਇਆ, ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹਥਿ, ਕਿਤਾਬ ਕਛਿ, ਕੂਜਾ ਬਾਂਗ ਮੁਸੱਲਾ ਧਾਰੀ॥[2]

ਮੱਕਾ ਸ਼ਰੀਫ਼ ਦੇ ਹਾਜੀਆਂ ਅਤੇ ਸ਼ਰੱਈ ਮੁਲਾਣਿਆਂ ਨੇ ਉਸ ਵੇਲੇ ਬਾਬਾ ਜੀ ਅੱਗੇ ਆਪਣੇ ਦਲੀਲਬਾਜ਼ੀ ਦੇ ਹਥਿਆਰ ਢਹਿ ਢੇਰੀ ਕਰ ਦਿੱਤੇ, ਜਦੋਂ ਮੱਕਾ ਸ਼ਰੀਫ਼ ਬਾਬਾ ਜੀ ਦੇ ਪਾਵਨ ਚਰਨਾਂ ਦੀ ਪਰਕਰਮਾ ਕਰਨ ਲੱਗਾ। ਆਖ਼ਰ ਉਨ੍ਹਾਂ ਬਾਬਾ ਜੀ ਦੀ ਹਜ਼ੂਰੀ ਵਿਚ ਇਕ ਸਵਾਲ ਪੇਸ਼ ਕੀਤਾ, "ਹੇ ਬਾਬਾ ਨਾਨਕ! ਜੋ ਆਪ ਜੀ ਦੀ ਬਗਲ ਵਿਚ ਕਿਤਾਬ ਹੈ, ਇਸ ਨੂੰ ਖੋਲ੍ਹ ਕੇ ਇਹ ਦੱਸਣ ਦੀ ਰਹਿਮਤ ਕਰੋ ਕਿ ਵੱਡਾ ਹਿੰਦੂ ਹੈ ਜਾਂ ਮੁਸਲਮਾਨ ਹੈ?" ਵੇਰਵਾ ਨਿਮਨ-ਲਿਖਤ ਦੇ ਅਨੁਸਾਰ ਹੈ:

ਪੁਛਨਿ ਫੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ॥[3]

ਸਤਿਗੁਰੂ ਬਾਬਾ ਨਾਨਕ ਸਾਹਿਬ, ਦੂਸਰੀ ਪਾਤਿਸ਼ਾਹੀ ਸਤਿਗੁਰੂ ਅੰਗਦ ਦੇਵ ਜੀ ਅਤੇ ਤੀਸਰੇ ਪਾਤਿਸ਼ਾਹ ਜੀ ਦੀ ਬਾਣੀ ਦੀਆਂ ਸੈਂਚੀਆਂ ਬਾਬਾ ਮੋਹਨ ਜੀ, ਜੋ ਹਜ਼ੂਰ ਤੀਜੇ ਪਾਤਿਸ਼ਾਹ ਜੀ ਦੇ ਫ਼ਰਜ਼ੰਦ ਸਨ, ਦੇ ਪਾਸ ਮੌਜੂਦ ਸਨ, ਉਨ੍ਹਾਂ ਪੋਥੀਆਂ ਦਾ ਹਾਸਲ ਕਰਨਾ ਸਭ ਤੋਂ ਪਹਿਲਾ ਅਤੇ ਇਕ ਅਹਿਮ ਮਸਲਾ ਸੀ। ਚੌਥੇ ਪਾਤਿਸ਼ਾਹ ਜੀ ਦੀ ਸਾਰੀ ਬਾਣੀ ਹਜ਼ੂਰ ਪੰਚਮ ਪਾਤਿਸ਼ਾਹ ਜੀ ਦੇ ਪਾਸ ਮੌਜੂਦ ਸੀ।

ਬਾਬਾ ਮੋਹਨ ਜੀ ਕੋਲੋਂ ਪਹਿਲੇ ਤਿੰਨਾਂ ਸਤਿਗੁਰਾਂ ਦੀ ਬਾਣੀ ਹਾਸਲ ਕਰਨ ਵਾਸਤੇ ਹਜ਼ੂਰ ਨੇ ਭਾਈ ਗੁਰਦਾਸ ਜੀ ਨੂੰ ਭੇਜਿਆ, ਪਰ ਉਹ ਬਾਣੀ ਦੀ ਪ੍ਰਾਪਤੀ ਵਿਚ ਸਫਲ ਨਾ ਹੋ ਸਕੇ। ਉਪਰੰਤ ਹਜ਼ੂਰ ਨੇ ਬਾਬਾ ਬੁੱਢਾ ਜੀ ਨੂੰ ਹੁਕਮ ਕੀਤਾ ਕਿ ਆਪ ਗੋਇੰਦਵਾਲ ਸਾਹਿਬ ਜਾ ਕੇ ਧੁਰ ਕੀ ਬਾਣੀ ਦੀਆਂ ਪੋਥੀਆਂ ਬਾਬਾ ਮੋਹਨ ਜੀ ਕੋਲੋਂ ਲੈ ਆਵੋ। ਬਾਬਾ ਬੁੱਢਾ ਜੀ ਹਜ਼ੂਰ ਦੀ ਆਗਿਆ ਦਾ ਪਾਲਨ ਕਰਦੇ ਹੋਏ ਗੋਇੰਦਵਾਲ ਸਾਹਿਬ ਆਏ। ਦਰਵਾਜ਼ੇ ਨੂੰ ਦਸਤਕ ਕੀਤੀ, ਪਰ ਦਰਵਾਜ਼ਾ ਨਾ ਖੁਲ੍ਹਿਆ। ਆਖ਼ਰਕਾਰ ਬਾਬਾ ਬੁੱਢਾ

---

1. ਦੇਖੋ *ਕਰਣੀ ਪਰਧਾਨ*, ਕਾਂਡ ੨੯।
2. ਭਾਈ ਗੁਰਦਾਸ, ਵਾਰ ੧/੩੨/੧।
3. ਭਾਈ ਗੁਰਦਾਸ, ਵਾਰ ੧/੩੩/੩।

ਜੀ ਦਰਵਾਜ਼ੇ ਦਾ ਚੂਲ੍ਹਾ ਪੁੱਟ ਕੇ ਅੰਦਰ ਚਲੇ ਗਏ, ਕੀ ਵੇਖਦੇ ਹਨ ਕਿ ਬਾਬਾ ਮੋਹਨ ਜੀ ਸਮਾਧੀ ਵਿਚ ਲੀਨ ਹੋਏ ਹੋਏ ਹਨ, ਕੋਈ ਭੀ ਉੱਤਰ ਨਹੀਂ ਦਿੰਦੇ। ਅੰਤ ਨੂੰ ਬਾਬਾ ਬੁੱਢਾ ਜੀ ਪੋਥੀਆਂ ਦੀ ਪ੍ਰਾਪਤੀ ਤੋਂ ਬਿਨਾਂ ਹੀ ਅਸਫਲਤਾ ਸਹਿਤ ਗੁਰੂ ਕੇ ਚੱਕ ਵਾਪਸ ਪਰਤ ਆਏ।

ਇਸ ਤੋਂ ਬਾਅਦ ਸਤਿਗੁਰੂ ਜੀ ਆਪ ਚੱਲ ਕੇ ਗੋਇੰਦਵਾਲ ਸਾਹਿਬ ਗਏ। ਬਾਬਾ ਮੋਹਨ ਜੀ ਦੇ ਦਰਵਾਜ਼ੇ ਅੱਗੇ ਆਸਣ ਲਾ ਕੇ ਰੱਬੀ ਕਲਾਮ ਦਾ ਨਾਦ ਆਰੰਭ ਕੀਤਾ। ਮਨਮੋਹਣੇ ਕਰਤਾਰ ਦੀ ਦਰਗਾਹ ਵਿਚ ਰਹੱਸਮਈ ਸਰੋਦ ਦੁਆਰਾ ਕੀਰਤੀ ਆਰੰਭ ਕੀਤੀ। ਰੱਬੀ ਕੀਰਤੀ ਸੁਣ ਕੇ ਬਾਬਾ ਮੋਹਨ ਜੀ ਪ੍ਰਸੰਨਤਾ ਵਿਚ ਆਏ ਔਰ ਬਾਣੀ ਦੀਆਂ ਸੈਂਚੀਆਂ ਸਤਿਗੁਰੂ ਜੀ ਦੇ ਹਵਾਲੇ ਕੀਤੀਆਂ।[1]

ਪੋਥੀਆਂ ਦੀ ਪ੍ਰਾਪਤੀ ਤੋਂ ਬਾਅਦ ਸਤਿਗੁਰੂ ਜੀ ਨੇ ਇਲਹਾਮੀ ਕਲਾਮ ਦੀਆਂ ਸੈਂਚੀਆਂ ਆਪਣੇ ਉਪਸਤਥ ਰੱਥ ਵਿਚ ਬੜੇ ਅਦਬ ਅਤੇ ਸਤਿਕਾਰ ਨਾਲ ਟਿਕਾ ਦਿੱਤੀਆਂ, ਔਰ ਆਪ ਹਜ਼ੂਰ ਰੱਥ ਦੇ ਪਿੱਛੇ ਪਿੱਛੇ ਟੁਰ ਕੇ ਪੋਥੀਆਂ ਲੈ ਕੇ ਗੁਰੂ ਕੇ ਚੱਕ ਆਣ ਪੁੱਜੇ। ਗੁਰਬਾਣੀ ਦੇ ਸਤਿਕਾਰ ਵਾਸਤੇ ਹਜ਼ੂਰ ਵਲੋਂ ਇਹ ਪ੍ਰਤੱਖ ਪ੍ਰਮਾਣ ਸੀ, ਤਾਕਿ ਗੁਰੂ ਕੀ ਉੱਮਤ ਗੁਰੂ ਕੇ ਪਾਏ ਪੂਰਨਿਆਂ 'ਤੇ ਚਲਦੀ ਹੋਈ ਧੁਰ ਕੀ ਬਾਣੀ ਦਾ ਅਦਬ ਸਤਿਕਾਰ ਕਰੇ।[2]

ਗੋਇੰਦਵਾਲ ਸਾਹਿਬ ਤੋਂ ਪੋਥੀਆਂ ਦੀ ਪ੍ਰਾਪਤੀ ਦੀ ਵਾਰਤਾ ਹਰੀ ਰਾਮ ਗੁਪਤਾ ਕੁਝ ਹੋਰ ਢੰਗ ਦੁਆਰਾ ਪੇਸ਼ ਕਰਦੇ ਹਨ। ਜਦੋਂ ਸਤਿਗੁਰੂ ਜੀ ਆਪ ਚੱਲ ਕੇ ਸੰਨ ੧੬੦੩ ਈਸਵੀ ਵਿਚ ਪੋਥੀਆਂ ਦੀ ਪ੍ਰਾਪਤੀ ਵਾਸਤੇ ਗਏ, ਤਦ ਹਜ਼ੂਰ ਨੇ ਨਿੰਮ੍ਰਤਾ ਦੁਆਰਾ ਬਾਬਾ ਮੋਹਨ ਜੀ ਨੂੰ ਅਦਬ ਅਦਾਬ ਕੀਤਾ, ਪ੍ਰੰਤੂ ਮੋਹਨ ਜੀ ਵਲੋਂ ਕੋਈ ਜਵਾਬ ਨਹੀਂ ਆਇਆ, ਫਿਰ ਸਤਿਗੁਰੂ ਜੀ ਨੇ ਮੋਹਨ ਜੀ ਦੇ ਦਰਵਾਜ਼ੇ 'ਤੇ ਬੈਠ ਕੇ ਅਤਿਅੰਤ ਹੀ ਸੁਰੀਲੀ ਅਤੇ ਲਭਾਨੀ ਸੁਰ ਵਿਚ ਰੱਬੀ ਉਪਮਾ ਕਰਨੀ ਆਰੰਭ ਕਰ ਦਿੱਤੀ, ਜਿਸ ਦੀ ਪ੍ਰੋੜ੍ਹਤਾ ਮੈਕਾਲਿਫ, ਹਰੀ ਰਾਮ ਗੁਪਤਾ, ਗੋਕਲ ਚੰਦ ਨਾਰੰਗ, ਪੰਥ ਪ੍ਰਕਾਸ਼ ਆਦਿ ਸਾਰੀਆਂ ਹੀ ਕਿਤਾਬਾਂ ਵਿਚ ਕੀਤੀ ਗਈ ਹੈ।[3]

---

1. *ਗੁਰਬਿਲਾਸ ਪਾਤਿ: ਛੇਵੀਂ*, ਪੰਨੇ ੫੨-੫੯; *ਸੂਰਜ ਪ੍ਰਕਾਸ਼ ਵਾਰਤਕ*, *ਸੋਢੀ ਚਮਤਕਾਰ*, ਗਿਆਨੀ ਤ੍ਰਿਲੋਕ ਸਿੰਘ ਜੀ, ਪੰਨਾ ੨੩੯; ਅਤੇ *ਸੂਰਜ ਪ੍ਰਕਾਸ਼ ਵਾਰਤਿਕ*, ਸੋਢੀ ਤੇਜਾ ਸਿੰਘ, ਪੰਨਾ ੨੧੨।
2. ਮੈਕਾਲਿਫ਼, ਜਿਲਦ ਤੀਜੀ, ਪੰਨਾ ੫੫।
3. ਹਰੀ ਰਾਮ ਗੁਪਤਾ, ਜਿਲਦ ੧, ਪੰਨਾ ੧੩੫।

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ ॥
ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ ॥
ਜਹ ਸਾਧ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ ॥
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥੧॥

—ਗਉੜੀ ਛੰਤ ਮ: ੫, ਪੰਨਾ ੨੪੮-੧

ਕਈਆਂ ਵਿਦਵਾਨਾਂ ਦਾ ਖ਼ਿਆਲ ਹੈ ਕਿ ਸਾਰੀ ਬਾਣੀ ਸਤਿਗੁਰੂ ਅਰਜਨ ਸਾਹਿਬ ਜੀ ਦੇ ਪਾਸ ਸਿਲਸਿਲੇ ਵਾਰ ਆ ਪਹੁੰਚੀ ਸੀ ਤੇ ਮੋਹਨ ਜੀ ਕੋਲ ਕੋਈ ਬਾਣੀ ਨਹੀਂ ਸੀ। ਪਰੰਤੂ ਉਨ੍ਹਾਂ ਵਿਦਵਾਨਾਂ ਦਾ ਖ਼ਿਆਲ ਆਪਣਾ ਹੀ ਬਣਾਇਆ ਹੋਇਆ ਹੈ, ਜਿਸ ਦੀ ਕੋਈ ਭੀ ਬੁਨਿਆਦ ਉਨ੍ਹਾਂ ਪਾਸ ਨਹੀਂ ਹੈ। ਸੁਹਿਰਦ ਪਾਠਕਾਂ ਦੀ ਵਧੇਰੇ ਜਾਣਕਾਰੀ ਲਈ ਕੁਝ ਉਦਾਹਰਣਾਂ ਪੰਜਾਬੀ ਅਤੇ ਇੰਗਲਿਸ਼ ਲਿਖਾਰੀਆਂ ਦੀਆਂ ਦਰਜ ਕੀਤੀਆਂ ਜਾ ਰਹੀਆਂ ਹਨ, ਜੋ ਇਹ ਸਾਬਤ ਕਰਦੀਆਂ ਹਨ ਕਿ ਸਤਿਗੁਰੂ ਨਾਨਕ, ਸਤਿਗੁਰੂ ਅੰਗਦ ਸਾਹਿਬ ਅਤੇ ਤੀਸਰੇ ਪਾਤਿਸ਼ਾਹ ਜੀ ਦੀ ਬਾਣੀ ਦੀਆਂ ਪੋਥੀਆਂ ਨਿਰਸੰਦੇਹ ਮੋਹਨ ਜੀ ਪਾਸ ਹੀ ਸਨ। ਮੈਕਾਲਿਫ਼ ਦੀ ਲਿਖਤ ਹੋਰ ਵਧੇਰੇ ਲਾਭਦਾਇਕ ਹੋਵੇਗੀ : ਬਾਬਾ ਬੁੱਢਾ ਜੀ ਦੇ ਵਾਪਸ ਮੁੜ ਆਉਣ 'ਤੇ ਸਤਿਗੁਰੂ ਜੀ ਆਪ ਪੋਥੀਆਂ ਲੈਣ ਲਈ ਗਏ, ਕਿਉਂਕਿ ਬਾਬਾ ਬੁੱਢਾ ਜੀ ਨੇ ਮੋਹਨ ਜੀ ਦਾ ਦਰਵਾਜ਼ਾ ਧੱਕਾ ਮਾਰ ਕੇ ਖੋਲ੍ਹਿਆ, ਤਦ ਮੋਹਰੀ ਜੀ ਨੇ ਆਖਿਆ ਕਿ ਐਸਾ ਕਰਨਾ ਠੀਕ ਨਹੀਂ ਹੈ। ਅਗਲੀ ਵਾਰਤਾ ਮੈਕਾਲਿਫ਼ ਦੀ ਲਿਖਤ ਵਿਚ ਦੇਖੋ :

Upon this Bhai Budha desisted and returned to Amritsar. The Guru, on hearing his ill-success, decided that he would go himself. On arriving at Mohan's house he called out to him, but received no answer. The Guru then addressed him the following stanza, which might be considered partly as addressed to God and partly to Mohan–Mohan meaning the enchanter, being one of the names of the Divinity :

O Mohan ! lofty is thy mansion, and matchless thy palace; O Mohan ! saints adorn the doors of thy

temple. In thy temple they ever sing the praises of the infinite and merciful God.

Where the company of the saints assemble, there they meditate on thee.

Show compassion and kindness, O compassionate Lord; be merciful to the poor.

Nanak representeth, I am thirsting for a sight of thee, grant it to me, and all happiness shall be mine.[1]

ਸਤਿਗੁਰੂ ਜੀ ਨੇ ਉਕਤ ਦਰਸਾਏ ਛੰਤ ਦੇ ਪਦ ਆਪਣੀ ਸੁਰੀਲੀ ਸੁਰ ਵਿਚ ਵਾਹਿਗੁਰੂ ਦੀ ਕੀਰਤੀ ਪ੍ਰਥਾਇ ਗਾਇਨ ਕੀਤੇ। ਵਾਹਿਗੁਰੂ ਦੀ ਨੂਰਾਨੀ ਰਹਿਮਤ ਦਾ ਸਦਕਾ ਜਦੋਂ ਮੋਹਨ ਨੇ ਸਤਿਗੁਰੂ ਜੀ ਦੇ ਅਪਾਰ ਜਲਾਲ ਅਤੇ ਤੇਜੱਸਵੀ ਦੀਦਾਰ ਕੀਤੇ, ਤਦ ਉਸ ਨੂੰ ਸਤਿਗੁਰੂ ਜੀ ਦੇ ਚਿਹਰੇ 'ਤੇ ਸਾਰੇ ਸਤਿਗੁਰੂ ਸਾਹਿਬਾਨ ਦੀ ਨੂਰਾਨੀ ਜਲਾਲ ਭਰਪੂਰ ਝਲਕ ਪ੍ਰਗਟ ਹੋਈ। ਫਿਰ ਉਸ ਨੇ ਗੁਰਬਾਣੀ ਦੀਆਂ ਸੈਂਚੀਆਂ ਆਪਣੀ ਨਿਗਰਾਨੀ ਵਿਚੋਂ ਸਿੱਧੇ ਢੰਗ ਨਾਲ ਸਤਿਗੁਰੂ ਜੀ ਦੀ ਇਲਹਾਮੀ ਪੈਗ਼ੰਬਰੀ ਨੂੰ ਸਵੀਕਾਰਦੇ ਹੋਏ ਗੁਰੂ ਅਰਜਨ ਸਾਹਿਬ ਦੀ ਹਜ਼ੂਰੀ ਵਿਚ ਭੇਟਾ ਕਰ ਦਿੱਤੀਆਂ। ਮੋਹਨ ਵਲੋਂ ਐਸਾ ਕਰਨ ਤੋਂ ਉਪਰੰਤ ਹਜ਼ੂਰ ਨੇ ਗਉੜੀ ਛੰਤ ਬਾਣੀ ਦਾ ਚੌਥਾ ਪਦ ਉਚਾਰਨ ਕੀਤਾ[2] :

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥
ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥
ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥
ਜਿਨੀ ਤੂਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥
ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥
ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥੪॥੨॥

—ਗਉੜੀ ਛੰਤ ਮ: ੫, ਪੰਨਾ ੨੪੯-੧੧

ਗੁਰਬਾਣੀ ਦੀਆਂ ਸੈਂਚੀਆਂ ਦੀ ਪ੍ਰਾਪਤੀ ਉਪਰੰਤ ਜਿਸ ਵੇਲੇ ਹਜ਼ੂਰ ਨੇ ਪਹਿਲੀਆ ਤਿੰਨਾਂ ਪਾਤਿਸ਼ਾਹੀਆਂ ਦੇ ਇਲਾਹੀ ਕਲਾਮ ਦੇ ਦਰਸ਼ਨ ਕੀਤੇ, ਤਦ ਹਜ਼ੂਰ ਦਰਸ਼ਨ ਕਰਦਿਆਂ ਹੀ ਕ੍ਰਿਤ ਕ੍ਰਿਤ ਹੋ ਗਏ। ਵਾਹਿਗੁਰੂ ਦੀ ਬਖ਼ਸ਼ੀ ਇਲਹਾਮੀ ਦਾਤਿ ਦੀ ਖ਼ੁਸ਼ੀ ਵਿਚ ਹਜ਼ੂਰ ਨੇ ਨਿਮਨ-ਲਿਖਤ ਸ਼ਬਦ ਆਪਣੀ ਮੁਬਾਰਕ ਰਸਨਾ ਦੁਆਰਾ ਉਚਾਰਨ ਕੀਤਾ :

---

1. Macauliffe, iii, p. 56.
2. ਮੈਕਾਲਿਫ, iii, ਪੰਨਾ ੫੭।

ਹਮ ਧਨਵੰਤ ਭਾਗਠ ਸਚ ਨਾਇ ॥
ਹਰਿ ਗੁਣ ਗਾਵਹ ਸਹਜਿ ਸੁਭਾਇ ॥੧॥ਰਹਾਉ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ ॥
ਭਰੇ ਭੰਡਾਰ ਅਖੂਟ ਅਤੋਲ ॥੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ ॥
ਸੁ ਏਤੁ ਖਜਾਨੈ ਲਇਆ ਰਲਾਇ ॥[1] —*ਗਉੜੀ ਮ: ੫, ਪੰਨਾ ੧੮੫-੧੮*

ਸਤਿਗੁਰੂ ਅਰਜਨ ਸਾਹਿਬ ਜੀ ਨੇ ਬਾਬਾ ਮੋਹਨ ਜੀ ਕੋਲੋਂ ਗੁਰਬਾਣੀ ਦੀਆਂ ਦੋ ਪੋਥੀਆਂ ਲੈ ਕੇ ਬਹੁਤ ਅਦਬ ਸਤਿਕਾਰ ਨਾਲ ਵਿਦਾਇਗੀ ਲੈਂਦੇ ਹੋਏ ਵਾਪਸ ਗੁਰੂ ਕੇ ਚੱਕ ਆਉਣ ਦਾ ਰੁਖ ਕੀਤਾ। ਪਰੰਤੂ ਹਜ਼ੂਰ ਰਸਤੇ ਵਿਚ ਕੁਝ ਸਮੇਂ ਲਈ ਖਡੂਰ ਸਾਹਿਬ ਠਹਿਰ ਗਏ, ਉਥੇ ਆਪ ਜੀ ਸਤਿਗੁਰੂ ਅੰਗਦ ਸਾਹਿਬ ਜੀ ਦੇ ਸਾਹਿਬਜ਼ਾਦਾ ਬਾਬਾ ਦਾਤੂ ਜੀ ਨੂੰ ਮਿਲੇ। ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਬਚਨ ਦੀ ਪਾਲਣਾ ਕਰਦੇ ਹੋਏ ਦਾਤੂ ਜੀ ਦੇ ਉਸ ਪੈਰ ਦਾ ਇਲਾਜ ਕੀਤਾ, ਜੋ ਪੈਰ ਉਸ ਨੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਪਾਵਨ ਜਿਸਮ ਨੂੰ ਠੋਕਰ ਮਾਰਨ ਲਈ ਇਸਤੇਮਾਲ ਕੀਤਾ ਸੀ। ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਆਪਣੀ ਕੀਤੀ ਬੱਜਰ ਗ਼ਲਤੀ ਦੀ ਖ਼ਿਮਾ ਮੰਗਣ ਲਈ ਅਤੇ ਆਪਣੇ ਪੈਰ ਦੇ ਰੋਗ ਦੀ ਨਵਿਰਤੀ ਵਾਸਤੇ ਅਰਜ਼ੋਈ ਕਰਨ ਗਿਆ ਸੀ। ਤਦ ਹਜ਼ੂਰ ਨੇ ਬਚਨ ਕੀਤਾ ਸੀ ਕਿ ਅਸੀਂ ਪੰਜਵੇਂ ਜਾਮੇ ਵਿਚ ਇਸ ਰੋਗ ਦੀ ਨਵਿਰਤੀ ਕਰਾਂਗੇ।[2] ਸਤਿਗੁਰੂ ਜੀ ਨੇ ਦਾਤੂ ਜੀ ਦੇ ਰੋਗੀ ਪੈਰ 'ਤੇ ਆਪਣਾ ਅਮੁਕ ਰਹਿਮਤ ਭਰਿਆ ਹੱਥ ਰੱਖਿਆ। ਦਾਤੂ ਦਾ ਕੁਸ਼ਟੀ ਪੈਰ ਨਵਾਂ ਨਰੋਆ ਹੋ ਗਿਆ, ਕਿਉਂਕਿ ਸਤਿਗੁਰੂ ਸਦੀਵ ਕਾਲ ਲਈ ਰਹਿਮਤ ਦਾ ਸਾਗਰ ਹੈ।

ਸਰਦਾਰ ਤੇਜਾ ਸਿੰਘ ਜੀ ਦੇ ਖ਼ਿਆਲ ਅਨੁਸਾਰ ਕੁਝ ਗੁਰਬਾਣੀ ਦੀਆਂ ਲਿਖਤਾਂ ਬਾਬਾ ਦਾਤੂ ਜੀ ਪਾਸ ਭੀ ਸਨ।[3] ਜਿਵੇਂ ਸਤਿਗੁਰੂ ਨਾਨਕ ਸਾਹਿਬ

1. ਮੈਕਾਲਿਫ਼, iii, ਪੰਨਾ ੫੮।
2. ਉਹੀ, ਪੰਨਾ ੫੯; *ਗੁਰਬਿਲਾਸ ਪਾਤਿਸ਼ਾਹੀ ਛੇਵੀਂ* , ਪੰਨਾ ੬੦-੬੨।
3. ਹਰੀ ਰਾਮ ਗੁਪਤਾ, ਪੰਨਾ ੧੩੭; ਅਤੇ ਮੈਕਾਲਿਫ਼, iii, ਪੰਨਾ ੫੯; ਅਤੇ *ਕਰਣੀ ਪਰਧਾਨ*, ਸੰਤਾ ਸਿੰਘ ਤਾਤਲੇ (ਬਰਹਮੀ) ਕਾਂਡ ੮੫।

ਜੀ ਦੀ ਸ੍ਰੀ ਰਾਗ ਦੀ ਬਾਣੀ ਅਤੇ ਗੁਰੂ ਅੰਗਦ ਸਾਹਿਬ ਜੀ ਦੀ ਉਹ ਬਾਣੀ ਜੋ ਗੋਇੰਦਵਾਲ ਸਾਹਿਬ ਵਾਲੀਆਂ ਸੈਂਚੀਆਂ ਵਿਚ ਦਰਜ ਹੋਣੋਂ ਰਹਿ ਗਈ ਸੀ। ਇਨ੍ਹਾਂ ਲਿਖਤੀ ਗੁਰਬਾਣੀ ਦੇ ਕਾਗ਼ਜ਼ਾਂ ਦੀ ਪ੍ਰਾਪਤੀ ਸਤਿਗੁਰੂ ਜੀ ਨੇ ਬਾਬਾ ਦਾਤੂ ਜੀ ਕੋਲੋਂ ਕੀਤੀ। ਉਕਤ ਦਰਸਾਏ ਖ਼ਿਆਲ ਦੀ ਪ੍ਰੋੜ੍ਹਤਾ ਹਰੀ ਰਾਮ ਗੁਪਤਾ *ਹਿਸਟਰੀ ਆਫ਼ ਦੀ ਸਿਖਸ* ਵਿਚ ਨਿਮਨ-ਲਿਖਤ ਦੇ ਮੁਤਾਬਿਕ ਕਰਦੇ ਹਨ:

> Guru Arjan carried these two volumes in a palanquin. On his way back the Guru visited Khadur and met Guru Angad's eldest son, Datu. The Guru requested him for any material containing hymns of Guru Nanak and Guru Angad. He pointed out some lose papers lying in a corner of the room. Guru Arjan collected them and took with him. Teja Singh is of the view that they contained Guru Nanak's Sri Rag and other hymns as well as those of Guru Angad which were not included in the Goindwal volumes. Guru Arjan came to Amritsar. He collected hymns of Guru Ram Das and hunted out more material from other sources.[1]

ਸੁਹਿਰਦ ਪਾਠਕਾਂ ਦੀ ਹੋਰ ਵਧੇਰੇ ਗਿਆਤ ਵਾਸਤੇ ਗੋਇੰਦਵਾਲ ਸਾਹਿਬ ਵਾਲੀਆਂ ਦੋ ਪੋਥੀਆਂ ਦੀ ਪ੍ਰਾਪਤੀ ਪ੍ਰਥਾਇ ਕੁਝ ਸੰਕੇਤ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਵਿਚੋਂ ਦੇਣੇ ਭੀ ਲਾਭਦਾਇਕ ਹੋਣਗੇ। ਇਸ ਲਿਖਾਰੀ ਦਾ ਖ਼ਿਆਲ ਦੂਸਰੇ ਲਿਖਾਰੀਆਂ ਨਾਲੋਂ ਥੋੜ੍ਹਾ ਵੱਖਰਾ ਹੈ:

ਕੁੰਡਲੀਆ : ਤੀਰ ਬਿਪਾਸਾ ਕੇ ਨਗਰ ਗੋਇੰਦਵਾਲ ਸੁ ਨਾਮ॥
ਗੁਰੂ ਅਮਰਦਾਸ ਕੇ ਪੁਤ੍ਰ ਤਹਿਂ ਮੋਹਨ ਮੋਹਰੀ ਨਾਮ॥
ਮੋਹਨ ਮੋਹਰੀ ਨਾਮ ਸੁ ਮੋਹਨ ਬਸੈ ਚਬਾਰੇ॥
ਚਾਰ ਗੁਰੁ ਜੋ ਆਦਿ ਪੋਥੀਆਂ ਤਿਹ ਨਿਕਟਾਰੇ॥
ਕੋਊ ਜਤਨ ਕਰ ਸੋਇ ਪੋਥੀਆਂ ਲਿਆਇ ਹੈ॥
ਕਹਿਓ ਭਾਈ ਗੁਰਦਾਸ ਹਮੇਂ ਪ੍ਰਭ ਜਾਇ ਹੈਂ॥੭॥[2]

ਮੋਹਨ ਅਤੇ ਮੋਹਰੀ ਜੀ ਕੋਲੋਂ ਪੋਥੀਆਂ ਦੀ ਪ੍ਰਾਪਤੀ ਕਰਨੀ ਬਹੁਤ ਕਠਨ ਸਮੱਸਿਆ ਸੀ। ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਪੋਥੀਆਂ ਦੀ ਪ੍ਰਾਪਤੀ

1. Hari Ram Gupta, vi, p. 137.
2. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੫੨।

ਕਰਨ ਵਿਚ ਅਸਫਲ ਰਹੇ, ਇਨ੍ਹਾਂ ਦੋਹਾਂ ਗੁਰੂ-ਘਰ ਦੇ ਸੇਵਕਾਂ ਦੀ ਨਾ-ਕਾਮਯਾਬੀ ਤੋਂ ਉਪਰੰਤ ਇਸ ਮਹਾਨ ਕਾਰਜ ਦੀ ਪੂਰਤੀ ਲਈ ਹਜ਼ੂਰ ਪੰਚਮ ਪਾਤਿਸ਼ਾਹ ਆਪਹੁ ਚੱਲ ਕੇ ਗੋਇੰਦਵਾਲ ਸਾਹਿਬ ਪਧਾਰੇ। ਪਹਿਲਾਂ ਹਜ਼ੂਰ ਨੇ ਬਾਉਲੀ ਸਾਹਿਬ ਵਿਚ ਇਸ਼ਨਾਨ ਕਰ ਕੇ ਪੋਥੀਆਂ ਦੀ ਪ੍ਰਾਪਤੀ ਲਈ ਵਾਹਿਗੁਰੂ ਦੇ ਚਰਨਾਂ ਵਿਚ ਚਾਰੇ ਸਤਿਗੁਰਾਂ ਦਾ ਨਾਮ ਲੈ ਕੇ ਅਰਦਾਸ ਕੀਤੀ। ਅਰਦਾਸ ਦੇ ਸ਼ਬਦ ਨਿਮਨ-ਲਿਖਤ ਦੇ ਅਨੁਸਾਰ ਹਨ:

ਸਵੱਯਾ ॥ ਐਸ ਵਿਚਾਰ ਸੁਧਾਰ ਮਹੂਰਤ (ਠੀਕ ਸਮੇਂ ਸਿਰ)
ਆਪ ਚਲੇ ਸੁਖ ਸਿੰਧ ਮੁਰਾਰੀ ॥
ਪਹੁੰਚ ਬਿਪਾਸ ਮੈਂ ਮਜਨ ਠਾਨ ਕੈ
ਬਾਵਲੀ ਨ੍ਹਾਇ ਬਿਨੰਤ ਉਚਾਰੀ ॥
ਗੁਰੁ ਨਾਨਕ ਅੰਗਦ ਅਮਰ ਗੁਰੁ
ਰਾਮਦਾਸ ਪੂਰਹੁ ਇਛ ਹਮਾਰੀ ॥੫॥[1]

ਅਰਦਾਸ ਕਰਨ ਤੋਂ ਉਪਰੰਤ ਇਲਾਹੀ ਪੈਗ਼ੰਬਰੀ ਜੋਤਿ ਮੋਹਨ ਜੀ ਦੇ ਚੁਬਾਰੇ ਦੀ ਗਲੀ ਵਿਚ ਦਰਵਾਜ਼ੇ ਅਗੇ ਜਾ ਬੈਠੇ ਔਰ ਇਲਾਹੀ ਧੁਨੀ ਦੁਆਰਾ ਗਉੜੀ ਰਾਗ ਦਾ ਛੰਤ[2] ਸੁਰੀਲੀ ਅਤੇ ਗੰਭੀਰ ਸੁਰ ਵਿਚ ਆਲਾਪਣਾ ਆਰੰਭ ਦਿੱਤਾ। ਸ਼ਬਦ ਦੀ ਧੁਨੀ ਸੁਣ ਕੇ ਮੋਹਨ ਬਹੁਤ ਕਠੋਰ ਕ੍ਰੋਧਤ ਹੋਇਆ, ਅਣਸੁਖਾਵੇਂ ਬਚਨ ਬੋਲਣ ਲੱਗਾ, ਪਰੰਤੂ ਹਜ਼ੂਰ ਰੱਬੀ ਯਾਦ ਵਿਚ ਮਗਨ ਰਹੇ। ਸਤਿਗੁਰੂ ਜੀ ਨੇ ਸਿਲਸਿਲੇ ਵਾਰ ਛੰਤ ਦੇ ਤਿੰਨਾਂ ਪਦਿਆਂ ਦਾ ਕੀਰਤਨ ਕੀਤਾ। ਵਾਹਿਗੁਰੂ ਦੀ ਪ੍ਰੇਰਨਾ ਦਾ ਸਦਕਾ ਮੋਹਨ ਦਾ ਮਨ ਰੱਬੀ ਜੱਸ ਸੁਣ ਕੇ ਥੋੜ੍ਹਾ ਨਿੰਮ੍ਰਤਾ ਵਿਚ ਆਇਆ। ਦਰਵਾਜ਼ਾ ਖੋਲ੍ਹਿਆ, ਹਜ਼ੂਰ ਦਾ ਨੂਰਾਨੀ ਦਰਸ਼ਨ ਕੀਤਾ। ਇਲਹਾਮੀ ਜਲਾਲ ਦੀ ਆਭਾ ਨਾ ਝੱਲ ਸਕਿਆ। ਸ਼ਰਨ ਵਿਚ ਆਣ ਢੱਠਾ। ਮਨ ਦਾ ਅਹੰਕਾਰੀ ਬਲ ਖੇਰੂੰ ਖੇਰੂੰ ਹੋ ਗਿਆ। ਗੁਰਬਾਣੀ ਦੀਆਂ ਪੋਥੀਆਂ ਆਪਣੀ ਨਿਗਰਾਨੀ ਵਿਚੋਂ ਕੱਢ ਕੇ ਹਜ਼ੂਰ ਦੇ ਸਪੁਰਦ ਕਰ ਦਿੱਤੀਆਂ। ਪੋਥੀਆਂ ਸਤਿਗੁਰੂ ਜੀ ਦੇ ਹਵਾਲੇ ਕਰਨ ਦੀ ਉਗਾਹੀ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਇੰਞ ਭਰਦਾ ਹੈ:

ਦੋਹਰਾ ॥ ਗੁਰ ਅਰਜਨ ਕੇ ਬੈਨ ਸੁਨ ਮੋਹਨ ਭਯੋ ਕ੍ਰਿਪਾਲ ॥
ਮਨ ਮੈਂ ਏਹ ਵਿਚਾਰਿਓ ਕਰੋ ਕਾਜ ਤਤਕਾਲ ॥੨੪॥[3]

---

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੫੩।
2. ਗਉੜੀ ਛੰਤ ਮ: ੫, ਪੰਨਾ ੨੪੮-੧।
3. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੫੪।

ਪੋਥੀਆਂ ਦੀ ਪ੍ਰਾਪਤੀ ਤੋਂ ਬਾਅਦ ਰੱਬੀ ਪੈਗੰਬਰ ਨੇ ਗਉੜੀ ਰਾਗ ਦੇ ਛੰਤ ਦਾ ਚੌਥਾ ਪਦ ਵਾਹਿਗੁਰੂ ਜੀ ਦੇ ਸ਼ੁਕਰਾਨੇ ਵਜੋਂ ਗਾਇਨ ਕੀਤਾ:

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥[1]

ਬਾਬਾ ਮੋਹਨ ਅਤੇ ਮੋਹਰੀ ਜੀ ਦੀ ਨਵੀਨ ਅਤੇ ਅਪਾਰ ਸ਼ਰਧਾ ਵੇਖ ਕੇ ਸਤਿਗੁਰੂ ਜੀ ਸੰਖੇਪ ਸਮੇਂ ਲਈ ਉਨ੍ਹਾਂ ਪਾਸ ਠਹਿਰੇ, ਪਰੰਤੂ ਜਲਦੀ ਹੀ ਵਿਦਾਅ ਹੋਣ ਦੀ ਆਗਿਆ ਮੰਗੀ। ਗੁਰੂ ਕੇ ਚੱਕ ਪਰਤਣ ਦੀ ਤਿਆਰੀ ਕੀਤੀ। ਤਿਆਰੀ ਦੀ ਵਾਰਤਾ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਨਿਮਨ-ਲਿਖਤ ਦੇ ਆਧਾਰ 'ਤੇ ਬਿਆਨ ਕਰਦਾ ਹੈ:

ਦੋਹਰਾ ॥ ਸ੍ਰੀ ਗੁਰ ਮਨ ਸੁਖ ਪਾਇਕੇ ਲੈ ਪੁਸਤਕ ਹੁਐ ਤਿਆਰ ॥
ਮੋਹਰੀ ਜੀ ਆਏ ਤਬੈ ਬਡ ਅਨੰਦ ਚਿਤ ਧਾਰ ॥੪੮॥
ਸੋਰਠਾ ॥ ਕਰੀ ਪਰਿਕ੍ਰਮਾ ਆਇ, ਮੋਹਰੀ ਜੀ ਗੁਰ ਚਰਨ ਗਹਿ ॥
ਮੁਖ ਸੋਂ ਐਸ ਅਲਾਇ, ਮਹਾਰਾਜ ਨਿਜ ਗ੍ਰਿਹ ਚਲੋ ॥੪੯॥

(ਥੋੜ੍ਹਾ ਠਹਿਰਨ ਤੋਂ ਉਪਰੰਤ)

... ...

ਪੁੰਨ ਮੋਹਰੀ ਕੋ ਕਹਾ ਸੁਨਾਈ ॥
ਖਾਸਾ (ਪਾਲਕੀ) ਏਕ ਸੁ ਦੇਹ ਮੰਗਾਈ ॥੭੦॥
ਦੋਹਰਾ ॥ ਧਾਰ ਪੋਥੀਆਂ ਤਾਹਿ ਮੇਂ ਚਲੋਂ ਸੰਗ ਸੁਖ ਮਾਨ ॥
ਸਤ ਬਚਨ ਮੋਹਰੀ ਕਹਯੋ ਲੀਜੈ ਕ੍ਰਿਪਾ ਨਿਧਾਨ ॥੭੧॥
ਦੋਹਰਾ ॥ ਨਗ ਮਾਨਕ ਜਾਮੇ ਖਚੇ ਸੁੰਦਰ ਸੋਭ ਅਪਾਰ ॥
ਖਾਸਾ ਤਬੈ ਮੰਗਾਇਓ ਮੋਹਰੀ ਜੀ ਤਤਕਾਰ ॥੭੨॥
ਚੌਪਈ ॥ ਖਾਸਾ ਦਿਖ ਸ੍ਰੀ ਗੁਰ ਮਨ ਹਰਖੇ ॥
ਦਿਪਤ ਜੋਤ ਮਾਨੋ ਤਪ ਕਰਖੇ ॥
ਪੋਥੀਆਂ ਸਭੇ ਤਾਹਿ ਮਹਿ ਧਰੀ ॥
ਹਾਥ ਜੋਰਿ ਗੁਰ ਬੰਦਨ ਕਰੀ ॥
ਸ੍ਰੀ ਗੁਰ ਕੀ ਤਬ ਆਗਿਆ ਪਾਏ ॥
ਖਾਸਾ ਸਿਖਨ ਕੰਧ ਉਠਾਏ ॥੭੩॥[2]

ਗੋਇੰਦਵਾਲ ਸਾਹਿਬ ਤੋਂ ਪੋਥੀਆਂ ਪ੍ਰਾਪਤ ਕਰਨ ਦੀ ਖ਼ਾਤਰ ਉਕਤ ਦਰਸਾਏ ਮਜ਼ਮੂਨ ਵਿਚ ਪ੍ਰਮਾਣਿਕ ਖ਼ਿਆਲਾਂ ਦੇ ਅਨੁਸਾਰ ਕਾਫ਼ੀ ਵੀਚਾਰ

---

1. ਗਉੜੀ ਛੰਤ ਮ: ੫, ਪੰਨਾ ੨੪੮-੧੧।
2. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੫੭-੬੦।

ਹੋ ਚੁੱਕੀ ਹੈ। ਸਾਰੀ ਵਾਰਤਾ ਨੂੰ ਗੌਰ ਨਾਲ ਘੋਖਿਆਂ ਇਸ ਨਿਰਣੈ 'ਤੇ ਪੁਜੇ ਹਾਂ ਕਿ ਹਜ਼ੂਰ ਬਾਬਾ ਨਾਨਕ ਜੀ, ਸਤਿਗੁਰੂ ਅੰਗਦ ਸਾਹਿਬ ਜੀ ਅਤੇ ਤੀਸਰੇ ਪਾਤਿਸ਼ਾਹ ਜੀ ਦੀ ਬਾਣੀ ਦੀਆਂ ਦੋ ਪੋਥੀਆਂ, ਸਤਿਗੁਰੂ ਅਰਜਨ ਸਾਹਿਬ ਜੀ ਨੇ ਬੀੜ ਦੀ ਰਚਨਾ ਕਰਨ ਤੋਂ ਪਹਿਲਾਂ, ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਪਾਸੋਂ ਲਿਆਂਦੀਆਂ, ਔਰ ਕੁਝ ਬਾਣੀ ਦੇ ਖੁੱਲ੍ਹੇ ਕਾਗਜ਼ ਖਡੂਰ ਸਾਹਿਬ ਤੋਂ ਬਾਬਾ ਦਾਤੂ ਜੀ ਪਾਸੋਂ ਪ੍ਰਾਪਤ ਕੀਤੇ। ਇਸ ਖ਼ਿਆਲ ਪ੍ਰਤੀ ਗੋਕਲ ਚੰਦ ਨਾਰੰਗ ਜੀ ਦੀ ਸੂਚਨਾ ਹੋਰ ਵਧੇਰੇ ਪ੍ਰਭਾਵਸ਼ਾਲੀ ਹੋਵੇਗੀ :

> II. Compilation : The work of compilation was done by Arjan, the fifth Guru who procured the works of the first three Gurus from Mohan, the son of the third Guru, and making selections from the Bhaktas collected them together alongwith his own and his father's writings, into one volume to which were added the panegyrics of the Bhatts.[1]

ਗੋਇੰਦਵਾਲ ਸਾਹਿਬ ਵਾਲੀਆਂ ਜੋ ਦੋ ਪੋਥੀਆਂ ਸਨ, ਉਨ੍ਹਾਂ ਦੀ ਬਾਬਤ ਹਰੀ ਰਾਮ ਗੁਪਤਾ *ਹਿਸਟਰੀ ਆਫ ਦੀ ਸਿਖਸ* ਵਿਚ ਕੁਝ ਹੋਰ ਵਧੇਰੇ ਵਾਕਫ਼ੀਅਤ ਦਿੰਦੇ ਹਨ। ਲਿਖਤ ਵਿਚ ਐਸੇ ਦਰਜ ਕੀਤਾ ਹੈ ਕਿ ਸਤਿਗੁਰੂ ਨਾਨਕ ਸਾਹਿਬ ਦੀ ਆਪਣੀ ਨਾਜ਼ਲ ਹੋਈ ਕਲਾਮ ਅਤੇ ਗੁਰੂ ਅੰਗਦ ਸਾਹਿਬ ਜੀ ਦੀ ਬਾਣੀ ਔਰ ਕੁਝ ਭਗਤਾਂ ਦੀ ਬਾਣੀ, ਜਿਨ੍ਹਾਂ ਵਿਚ ਜੈ ਦੇਵ, ਕਬੀਰ, ਰਵਿਦਾਸ, ਸੈਨ, ਤਿਰਲੋਚਨ ਆਦਿ ਦੀ ਬਾਣੀ ਭੀ ਸ਼ਾਮਲ ਸੀ। ਇਹ ਪਹਿਲੀ ਪੋਥੀ ਸੀ, ਮਗਰ ਦੂਸਰੀ ਪੋਥੀ ਵਿਚ ਨਿਰੋਲ ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਬਾਣੀ ਹੀ ਦਰਜ ਸੀ। ਇਹ ਦੋਵੇਂ ਪੋਥੀਆਂ ਦੀ ਬਾਣੀ ਸਤਿਗੁਰੂ ਅਮਰਦਾਸ ਸਾਹਿਬ ਦੇ ਪੋਤਰੇ ਸਹੰਸਰ ਰਾਮ ਨੇ ਲੜੀ ਵਾਰ ਦੋ ਸੰਦਰਭਾਂ ਵਿਚ ਨਿਰੂਪਣ ਕੀਤੀਆਂ ਹੋਈਆਂ ਸਨ। ਸਹੰਸਰ ਰਾਮ ਮੋਹਨ ਜੀ ਦਾ ਲੜਕਾ ਸੀ। ਪਹਿਲੀ ਪੋਥੀ ਜਿਸ ਵਿਚ ਸਤਿਗੁਰੂ ਨਾਨਕ ਸਾਹਿਬ ਅਤੇ ਸਤਿਗੁਰੂ ਅੰਗਦ ਸਾਹਿਬ ਔਰ ਭਗਤਾਂ ਦੀ ਬਾਣੀ ਸ਼ਾਮਲ ਸਨ। ਇਸ ਪੋਥੀ ਦੇ ਕੁਲ ਪੰਨੇ (੩੦੦) ਤਿੰਨ ਸੌ ਸਨ। ਦੂਸਰੀ ਪੋਥੀ ਜਿਸ ਵਿਚ ਕੇਵਲ ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਬਾਣੀ ਦਰਜ ਸੀ, ਪੰਨਿਆਂ ਦਾ ਜੋੜ (੨੨੪) ਦੋ ਸੌ ਚੌਬੀਸ ਸੀ, ਔਰ ਇਹ ਦੋਵੇਂ ਪੋਥੀਆਂ ਬਾਬਾ ਮੋਹਨ ਜੀ ਦੀ ਨਿਗਰਾਨੀ ਵਿਚ ਮਹਿਫ਼ੂਜ਼ ਸਨ, ਇਹੀ ਦੋ ਪੋਥੀਆਂ ਹੀ ਸਤਿਗੁਰੂ ਅਰਜਨ ਸਾਹਿਬ ਜੀ ਬਾਬਾ ਮੋਹਨ ਜੀ

1. G. C. Narang, *Transformation of Sikhism*, p. 244.

ਕੋਲੋਂ ਲੈ ਕੇ ਆਏ ਸਨ। ਜਿਨ੍ਹਾਂ ਦਾ ਵੇਰਵਾ ਆਪ ਜੀ ਉਕਤ ਲੇਖ ਵਿਚ ਭਲੀ ਭਾਂਤਿ ਪੜ੍ਹ ਆਏ ਹੋ। ਹਰੀ ਰਾਮ ਗੁਪਤਾ ਦੀ ਅਸਲੀ ਲਿਖਤ ਨਿਮਨ-ਲਿਖਤ ਦੇ ਅਨੁਸਾਰ ਹੈ:

> Guru Nanak had preserved his own compositions as well as those of some other Bhaktas. When departing, he handed them over to his successor, Guru Angad. Following this example Guru Angad and Guru Amar Das preserved their own hymns. This individual collection was called Bani Pothi or Book of Hymns. The hymns were arranged by Guru Amar Das's grandson, Sahansar Ram, son of Mohan, in two volumes. One of them contained 300 leaves and the other 224 leaves. They were written in Gurmukhi. These volumes contained some hymns of Jaidev, Kabir, Ravidas, Sain and Trilochan. The second volume bears marks of revision. This was probably done by Guru Amar Das. These volumes are known as Goindwal manuscript. They were in possession of Mohan who lived at Goindwal.[1]

ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਦੀ ਅਸਫਲਤਾ ਤੋਂ ਬਾਅਦ ਸਤਿਗੁਰੂ ਜੀ ਸ੍ਵੈ-ਰੂਪ ਵਿਚ ਗੋਇੰਦਵਾਲ ਸਾਹਿਬ ਪੋਥੀਆਂ ਲੈਣ ਲਈ ਗਏ। ਜਿਸ ਦੀ ਤਵਾਰੀਖੀ ਮਿਤੀ ਸੰਨ ੧੬੦੩ ਈਸਵੀ ਦਿੱਤੀ ਹੈ। ਅਸਲੀ ਲਿਖਤ ਨਿਮਨ-ਲਿਖਤ 'ਤੇ ਨਿਰਭਰ ਕਰਦੀ ਹੈ:

> The Guru Arjan went there himself in 1603 A.D. He called out to him lovingly. There was no response. The Guru sat at the door and began to sing hymns in a melodious voice in praise of God, and of Mohan, which is also another name of God.
> O Mohan, lofty is thy mansion, and matchless thy palace.[2]

1. Hari Ram Gupta, i, p. 135.
2. Gupta, i, p. 135-136.

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ ॥

—ਗਉੜੀ ਛੰਤ ਮ: ੫, ਪੰਨਾ ੨੪੮-੧

ਗੁਰਬਾਣੀ ਦੀਆਂ ਪੋਥੀਆਂ ਦੀ ਪ੍ਰਾਪਤੀ ਤੋਂ ਬਾਅਦ ਸਤਿਗੁਰੂ ਜੀ ਕੁਝ ਦਿਨ ਹੋਰ ਗੋਇੰਦਵਾਲ ਸਾਹਿਬ ਹੀ ਠਹਿਰੇ ਰਹੇ, ਸਮੂੰਹ ਪਰਵਾਰਿਕ ਜੀਵਾਂ ਨੂੰ ਪਰਸਪਰ ਮਿਲ ਕੇ ਬਹੁਤ ਅਨੰਦ ਪ੍ਰਸੰਨ ਹੋਏ। ਇਸੇ ਸਮੇਂ ਦੌਰਾਨ ਆਪ ਜੀ ਦੀ ਭੇਟ ਸੁੰਦਰ ਜੀ ਨਾਲ ਹੋਈ, ਜੋ ਪਰਵਾਰਿਕ ਰਿਸ਼ਤੇ ਵਿਚ ਆਪ ਜੀ ਦਾ ਭਤੀਜਾ ਲੱਗਦਾ ਸੀ। ਸੁੰਦਰ ਜੀ ਬਾਬਾ ਮੋਹਨ ਜੀ ਦਾ ਪੋਤਰਾ ਸੀ, ਔਰ ਬਾਬਾ ਅਨੰਦ ਜੀ ਦਾ ਸਪੁੱਤਰ ਸੀ। ਸਤਿਗੁਰੂ ਜੀ ਦੇ ਕਹਿਣੇ 'ਤੇ ਸੁੰਦਰ ਜੀ ਨੇ ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਗੱਦੀ ਨਸ਼ੀਨੀ ਅਤੇ ਤੀਸਰੇ ਪਾਤਿਸ਼ਾਹ ਜੀ ਦਾ ਜੋਤੀ ਜੋਤਿ ਸਮਾਉਣ ਦਾ ਬਿਰਤਾਂਤ ਇਕ ਸੁੰਦਰ ਕਾਵਿ ਰਚਨਾ ਵਿਚ ਸਤਿਗੁਰੂ ਅਰਜਨ ਸਾਹਿਬ ਨੂੰ ਲਿਖਤੀ ਰੂਪ ਵਿਚ ਭੇਟਾ ਕੀਤਾ। ਇਹ ਲਿਖਤ ਹਜ਼ੂਰ ਪੰਚਮ ਨਾਨਕ ਜੀ ਨੇ 'ਸੱਦ' ਬਾਣੀ ਦੇ ਨਾਮ ਥੱਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ, ਜੋ ਰਾਮਕਲੀ ਰਾਗ ਵਿਚ ਪੰਨਾ ੯੨੩ 'ਤੇ ਸੁਸ਼ੋਭਿਤ ਹੈ। ਉਕਤ ਦਰਸਾਈ ਗਾਥਾ ਦਾ ਵੇਰਵਾ ਕਵੀ ਸੰਤੋਖ ਸਿੰਘ ਜੀ ਚੂੜਮਣਿ ਨੇ *ਸੂਰਜ ਪ੍ਰਕਾਸ਼* ਵਿਚ ਨਿਮਨ-ਲਿਖਤ ਦੇ ਅਨੁਸਾਰ ਕਥਨ ਕੀਤਾ ਹੈ:

ਨਿਕਟਿ ਦੇਖਿ ਸੁੰਦਰ ਕੋ ਕਹਯੋ ॥
ਹੇ ਸ਼ੁਭ ਮਤਿ ਤੁਮ ਸਭ ਕਿਛੁ ਲਹਯੋ ॥
ਸ੍ਰੀ ਗੁਰ ਅਮਰਦਾਸ ਜਿਸ ਭਾਤੀ ॥
ਗੁਰੁਤਾ ਤਿਲਕ ਦੀਨ ਸੁਖ ਸਾਂਤੀ ॥
ਗੁਰੁ ਭਏ ਪਿਤਾ ਹਮਾਰੇ ॥
ਸੋ ਬਨਾਇ ਅਬ ਕਰਹੁ ਉਚਾਰੇ ॥੪੭॥
ਸੁਨਿ ਸੁੰਦਰ ਨੇ ਸੱਦ ਬਨਾਵਾ ॥
ਸ੍ਰੀ ਅਰਜਨ ਕੋ ਸਕਲ ਸੁਨਾਵਾ ॥
ਹੁਇ ਪ੍ਰਸੰਨ ਸੋ ਲੀਨ ਲਿਖਾਈ ॥
ਕਹਯੋ ਗ੍ਰਿੰਥ ਮੈਂ ਰਹਿੰ ਬਨਾਈ ॥੪੮॥
ਅੰਤ ਸਮੇਂ ਇਸ ਪਾਠ ਜੁ ਕਰਹੀ ॥
ਅੰਤਕ ਪੀਰ ਤਿਨਹੁ ਕੀ ਟਰਹੀ ॥[1]

ਬਾਬਾ ਮੋਹਰੀ ਜੀ ਦੇ ਪਿਆਰ ਦੇ ਬੰਧਨਾਂ ਵਿਚ ਬੱਧੇ ਹੋਏ ਸਤਿਗੁਰੂ ਜੀ

1. *ਸ੍ਰੀ ਗੁਰ ਪ੍ਰਕਾਸ਼ ਸੂਰਜ*, ਰਾਸ ੩-੩੬, ਪੰਨਾ ੨੦੬੨।

ਦੋ ਦਿਨ ਗੋਇੰਦਵਾਲ ਸਾਹਿਬ ਆਪਣੇ ਮਾਮਾ ਜੀ ਪਾਸ ਹੋਰ ਠਹਿਰ ਗਏ। ਇਨ੍ਹਾਂ ਦਿਨਾਂ ਵਿਚ ਹੀ ਹਜ਼ੂਰ ਦੀ ਭੇਟ ਸੁੰਦਰ ਜੀ ਨਾਲ ਹੋਈ। ਬਿਆਸ ਨਦੀ ਦੇ ਤਟ 'ਤੇ ਜਿਥੇ ਸਤਿਗੁਰੂ ਅਮਰਦਾਸ ਜੀ ਦਾ ਅੰਤਮ ਸਥਾਨ ਹੈ, ਉਥੇ ਹਜ਼ੂਰ ਨੇ ਸੁੰਦਰ ਜੀ ਨੂੰ ਬਚਨ ਕੀਤਾ, "ਹੇ ਸੁੰਦਰ! ਤੁਸੀਂ ਬੜੀ ਅਪਾਰ ਬੁੱਧੀ ਦੇ ਧਾਰਨੀ ਹੋ, ਸਾਨੂੰ ਉਹ ਕਥਾ ਸੁਣਾਓ ਜੋ ਤੀਸਰੇ ਸਤਿਗੁਰੂ ਜੀ ਨੇ ਜੋਤੀ ਜੋਤਿ ਸਮਾਵਨ ਵੇਲੇ ਦੈਵੀ ਭਾਖਾ ਆਪਣੇ ਮੁਖਾਰਬਿੰਦ ਤੋਂ ਸਾਦਰ ਫ਼ੁਰਮਾਈ ਸੀ।" ਇਹ ਹੁਕਮ ਸੁਣ ਕੇ ਸੁੰਦਰ ਜੀ ਨੇ ਉਹ ਬਾਣੀ ਉਚਾਰਨੀ ਆਰੰਭ ਕੀਤੀ, ਜੋ ਰਾਮਕਲੀ ਰਾਗ ਵਿਚ ਪੰਨਾ ੯੨੩ 'ਤੇ 'ਸੱਦ' ਬਾਣੀ ਦੇ ਨਾਮ ਨਾਲ ਵਿੱਦਤ ਕੀਤੀ ਜਾਂਦੀ ਹੈ। *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਭਾਈ ਸੁੰਦਰ ਜੀ ਦੇ ਉਚਾਰਨ ਕੀਤੇ ਬਚਨ ਨਿਮਨ-ਲਿਖਤ ਦੇ ਮੁਤਾਬਿਕ ਦਰਜ ਕਰਦਾ ਹੈ, ਇਹ ਉਹੀ ਸ਼ਬਦ ਹਨ, ਜੋ ਰਾਮਕਲੀ 'ਸੱਦ' ਬਾਣੀ ਦੀ ਉਥਾਨਕਾ ਵਜੋਂ ਦਰਜ ਕੀਤੇ ਗਏ ਹਨ:

ਦੋਹਰਾ॥ ਸੇਵਾ ਕੇ ਵਸ ਗੁਰੂ ਹੈਂ ਔ ਮੋਹਰੀ ਹਿਤ ਧਾਰ॥
ਭਾਂਤ ਭਾਂਤ ਚਰਚਾ ਕਰੈਂ ਸ੍ਰੀ ਗੁਰ ਰੂਪ ਮੁਰਾਰ॥੬੧॥
ਦੁਤੀਆ ਦਿਵਸ ਅਰਜਨ ਗੁਰੂ ਸੁੰਦਰ ਸੰਗ ਲਵਾਇ॥
ਬਿਪਾਸਾ ਤਟ ਜਾਵਤ ਭਏ ਦਰਸਨ ਕਰ ਹਰਖਾਇ॥੬੨॥

ਚੌਪਈ॥ ਅਮਰਦਾਸ ਜੀ ਦੇਹੁਰਾ ਜਹਾਂ॥
ਜਾਵਤ ਭਏ ਸ੍ਰੀ ਗੁਰ ਤਹਾਂ॥
ਕਰ ਦਰਸਨ ਪਰਕਰਮਾ ਕੀਨੀ॥
ਚਰਨ ਧੂਰ ਲਾਇ ਮਸਤਕ ਲੀਨੀ॥
ਕੁਛਕ ਕਾਲ ਤਿਹੇ ਬੈਠਤ ਭਏ॥
ਸੁੰਦਰ ਕੋ ਤਬ ਬਚਨ ਅਲਏ॥
ਹੇ ਸੁੰਦਰ! ਤੁਮ ਬੁਧ ਅਪਾਰਾ॥
ਤੁਮਤੇ ਪੂਛਤ ਕਥਾ ਸੁ ਧਾਰਾ॥
ਅਮਰਦਾਸ ਨਿਜ ਧਾਮ ਚਲੇ ਜਬ॥
ਕੈਸੇ ਬਚਨ ਕਹ ਸ੍ਰੀ ਗੁਰ ਤਬ॥
ਹਾਥ ਜੋਰ ਸੁੰਦਰ ਕਹੇ ਬਚਨਾ॥
ਮਹਾਰਾਜ ਜਾਨੋ ਸਭ ਰਚਨਾ॥
ਜਾਨ ਅਜਾਨ ਹੋਇ ਤੁਮ ਪੂਛੀ॥
ਸੁਨੋ ਪ੍ਰਭ! ਕਹਿ ਹੌ ਗਥ ਸੂਛੀ॥
ਗੁਰ ਨਾਨਕ ਅੰਗਦ ਮਰਜਾਦ॥
ਅਮਰਦਾਸ ਗੁਰ ਰੂਪ ਅਨਾਦ॥੬੩॥

ਦੋਹਰਾ ॥ ਰਾਮਦਾਸ ਕੋ ਤਿਲਕ ਜਬ ਅਮਰਦਾਸ ਗੁਰ ਦੀਨ ॥
ਮੋਹਰੀ ਸੁਤ ਚਰਨੀ ਲਗੋ ਕਹੀ ਕਥਾ ਜਯੋਂ ਚੀਨ ॥੬੪॥
ਸੁੰਦਰ ਸੱਦ ਬਨਾਇ ਕੇ ਸ੍ਰੀ ਗੁਰੁ ਅਗ੍ਰ ਸੁਨਾਇ ॥
ਗੁਰੁ ਅਰਜਨ ਗਦ ਗਦ ਭਏ ਤੇ ਬੋਲਿ ਲਿਖਯੋ ਚਿਤ ਚਾਇ ॥੬੫॥'[1]

੧੫-੨. *ਮੁਨਾਸਿਬ ਸਥਾਨ ਦੀ ਮਨੋਨੀਤੀ*

ਜਿਸ ਵੇਲੇ ਸੰਨ ੧੬੦੩ ਈਸਵੀ ਵਿਚ ਸਾਰੀ 'ਧੁਰ ਕੀ ਬਾਣੀ' ਦੀਆਂ ਸੈਂਚੀਆਂ ਇਕੱਤਰ ਹੋ ਚੁੱਕੀਆਂ,[2] ਹੁਣ ਲੋੜ ਸੀ ਇਕ ਇਕਾਂਤ ਸਥਾਨ ਦੀ, ਜਿਥੇ ਬੈਠ ਕੇ ਗੁਰਬਾਣੀ ਦੇ ਸੰਦਰਭ ਨੂੰ ਇਕ ਇਲਹਾਮੀ ਕਿਤਾਬ ਦਾ ਵਜੂਦ ਦਿੱਤਾ ਜਾ ਸਕੇ। ਪਰ ਰੱਬੀ ਜ਼ੀਨਤ ਦੇ ਮਹਾਨ ਪੈਗ਼ੰਬਰ ਸਤਿਗੁਰੂ ਪੰਚਮ ਨਾਨਕ ਨੇ ਅਜ ਇਕ ਇਕਾਂਤ ਟਿਕਾਣੇ ਦੀ ਤਲਾਸ਼ ਲਈ ਦਰਬਾਰ ਸਾਹਿਬ ਵਿਚ ਦੀਵਾਨ ਸਜਾਇਆ ਔਰ ਮੁਖੀ ਸਿੱਖਾਂ ਨੂੰ ਹੁਕਮ ਕੀਤਾ, "ਹੇ ਗੁਰਸਿੱਖੋ! ਧੁਰ ਕੀ ਬਾਣੀ ਦੀ ਰਚਨਾ ਵਾਸਤੇ ਇਕ ਉੱਤਮ ਟਿਕਾਣੇ ਦੀ ਭਾਲ ਕੀਤੀ ਜਾਵੇ। ਜਿਥੇ ਬੈਠ ਕੇ ਇਲਾਹੀ ਕਲਾਮ ਨੂੰ ਇਕ ਸੰਦਰਭ ਵਿਚ ਇਕੱਤਰ ਕੀਤਾ ਜਾਵੇ।" ਸਤਿਗੁਰੂ ਜੀ ਦਾ ਹੁਕਮ ਸੁਣ ਕੇ ਭਾਈ ਗੁਰਦਾਸ ਜੀ ਨੇ ਦੁਇ ਹੱਥ ਜੋੜ ਕੇ ਬਿਨੈ ਕੀਤੀ, "ਦਾਤਾਰ ਜੀਓ! ਉੱਤਮ ਸਥਾਨ ਉਹੀ ਹੋਵੇਗਾ, ਜੋ ਰਹਿਮਤ ਦੇ ਸਾਗਰ ਰੱਬਾਨੀਅਤ ਦੇ ਪੈਗ਼ੰਬਰ ਨੂੰ ਭਾਵੇਗਾ।" ਅੱਜ ਬ੍ਰਹਮੰਡ ਦੇ ਸੁਆਮੀ ਰੱਬੀ ਕਲਾਮ ਦੀ ਰਚਨਾ ਵਾਸਤੇ ਉੱਤਮ ਸਥਾਨ ਦੀ ਤਲਾਸ਼ ਵਿਚ ਦਰਬਾਰ ਸਾਹਿਬ ਤੋਂ ਬਾਹਰ ਆਪਣਾ ਪਾਕ ਕਦਮ ਰੱਖਣ ਲਗੇ ਹਨ। ਜਹਾਨ ਅਫ਼ਰੋਜ਼[3] ਸਤਿਗੁਰੂ ਜੀ ਚਲਦੇ ਚਲਦੇ ਇਕ ਪਰਾ-ਜ਼ੀਨਤ ਭਰਪੂਰ ਟਿਕਾਣੇ 'ਤੇ ਆਣ ਰੁਕੇ। ਇਸ ਪਾਵਨ ਅਸਥਾਨ ਦੀ ਬਾਬਤ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦੇ ਕਰਤਾ ਇੰਞ ਦਰਜ ਕਰਦੇ ਹਨ:

ਸਵੱਯਾ ॥ ਸਤਿਗੁਰ ਲਾਇ ਦੀਵਾਨ ਤਬੈ,
ਅਤਿ ਆਨੰਦ ਸੋਂ ਇਹ ਭਾਂਤ ਅਲਾਈ ॥
ਭਾਈ ਗੁਰਦਾਸ ਸੁਨੋ ਚਿਤ ਦੇ,
ਅਬ ਸੱਤ ਰਚੋਂ ਭਵਸਿੰਧ ਤਰਾਈ ॥
ਗ੍ਰੰਥ ਜਹਾਜ਼ ਕਰੋਂ ਇਨ ਪੋਥੀਅਨ,

---

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੫੭-੫੯।
2. ਹਰੀ ਰਾਮ ਗੁਪਤਾ, ਜਿਲਦ ੧, ਪੰਨਾ ੧੩੫।
3. ਜਹਾਨ ਅਫ਼ਰੋਜ਼—ਦੁਨੀਆਂ ਨੂੰ ਰੋਸ਼ਨੀ ਬਖ਼ਸ਼ਣ ਵਾਲੇ।

ਪੜ੍ਹੇ ਸੁਨ ਹੈ ਨਰ ਜੋ ਦਰਸਾਈ॥
ਮ੍ਰਿਤ ਜੰਮਣ ਤਾਂਹਿ ਮਿਟੇ ਨਰ ਕੋ,
ਪੁਨ ਅੰਤ ਸਮੇਂ ਗੁਰ ਸਿਮ੍ਰਤ ਪਾਈ॥੯੫॥
ਚੌਪਈ॥ ਉੱਤਮ ਠੌਰ ਇਕੰਤ ਨਿਹਾਰੋ॥
ਜਹਾਂ ਬੈਠ ਕੇ ਬੀੜ ਸੁਧਾਰੋਂ॥
ਦੁਇ ਕਰ ਜੋੜਿ ਕਹਾ ਗੁਰਦਾਸ॥
ਹੇ ਪ੍ਰਭ ! ਮੋਰ ਸੁਨੋ ਅਰਦਾਸ॥
ਉੱਤਮ ਠੌਰ ਹੋਇ ਹੈ ਸੋਈ॥
ਕ੍ਰਿਪਾ ਸਿੰਧ ਕੋ ਭਾਵੈ ਜੋਈ॥
ਸ੍ਰੀ ਮੁਖ ਕਹਾ ਚਲੋ ਅਬ ਭਾਈ॥
ਸੁੰਦਰ ਠੌਰ ਇਕੰਤ ਦਿਖਾਈ॥
ਸ੍ਰੀ ਗੁਰ ਚਲੇ ਹਰਖ ਚਿਤ ਧਾਰੇ॥
ਸਾਥ ਬੁੱਢਾ ਗੁਰਦਾਸ ਪਧਾਰੇ॥
ਸੇਵਕ ਕੁਛਕੁ ਸਾਥ ਗੁਰ ਚਲੇ॥
ਧੀਰਜ ਗਿਆਨ ਵਾਨ ਮਨ ਭਲੇ॥
ਜਹ ਤਹ ਸ੍ਰੀ ਗੁਰ ਠੌਰ ਨਿਹਾਰੈਂ॥
ਮਨ ਭਾਵਤ ਨਹਿ ਕਹੀਂ ਦਿਖਾਰੈਂ॥
ਏਕ ਠੌਰ ਸ੍ਰੀ ਗੁਰ ਮਨ ਭਾਈ॥
ਗਾੜ੍ਹੇ ਬਨ ਸੁੰਦਰ ਸੁਖਦਾਈ॥੧੯੬॥[1]

ਇਸ ਪਵਿੱਤਰ ਅਸਥਾਨ 'ਤੇ ਕਨਾਤਾਂ ਦੀ ਝਮਕਾਰ ਲਗ ਗਈ, ਗੁਰਬਾਣੀ ਦੀਆਂ ਪੋਥੀਆਂ ਦੀ ਸਵਾਰੀ ਇਕ ਖ਼ਾਸ ਖ਼ਾਸੇ (ਪਾਲਕੀ) ਵਿਚ ਲਿਆਂਦੀ ਗਈ, ਜੋ ਛੱਪੜੀ ਉਥੇ ਮੌਜੂਦ ਸੀ, ਗੁਰ-ਹੁਕਮ ਦੁਆਰਾ ਸੰਗਤ ਨੇ ਉਸ ਦੀ ਕਾਰ ਸੇਵਾ ਕੇਵਲ ਇਕ ਦਿਨ ਵਿਚ ਹੀ ਵਰਤਣ ਯੋਗ ਬਣਾ ਲਈ, ਜਦੋਂ ਛੱਪੜੀ ਤਾਲ ਦੇ ਰੂਪ ਵਿਚ ਆ ਗਈ। ਤਦ ਹਜ਼ੂਰ ਨੇ ਬਾਬਾ ਬੁੱਢਾ ਜੀ ਵਲ ਦਇਆ ਦ੍ਰਿਸ਼ਟੀ ਦੁਆਰਾ ਨਿਹਾਰਿਆ ਔਰ ਬਚਨ ਕੀਤਾ, "ਭਾਈ ਬੁੱਢਾ ਜੀ! ਇਸ ਤੀਰਥ ਦਾ ਸ਼ੁਭ ਨਾਮ ਰੱਖੋ।" ਭਾਈ ਬੁੱਢਾ ਜੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਰਹਿਮਤ ਦੇ ਸਾਂਈ ਜੀਓ! ਆਪ ਜੀ ਹੀ ਨਾਮ ਰੱਖਣ ਦੀ ਕ੍ਰਿਪਾ ਕਰੋ ਜੀ।" ਇਸ ਗੁਰ-ਤੀਰਥ ਦਾ ਸ਼ੁਭ ਨਾਮ ਰੱਖਣ ਲਈ ਜੋ ਵਾਰਤਾਲਾਪ ਭਾਈ ਬੁੱਢਾ ਜੀ ਅਤੇ ਮਿਹਰਾਂ ਦੇ ਸਾਂਈ ਵਿਚਕਾਰ ਹੋਈ, ਉਸ ਵਾਰਤਕ ਤਵਾਰੀਖੀ ਸ਼ਬਦਾਂ ਨੂੰ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਨਿਮਨ-ਲਿਖਤ ਅਨੁਸਾਰ ਦਰਜ ਕਰਦਾ ਹੈ:

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੨੦-੨੧।

ਦੋਹਰਾ॥ ਬੁਢੇ ਕੋ ਸ੍ਰੀ ਗੁਰੁ ਕਹਾ ਤੀਰਥ ਨਾਮ ਉਚਾਰ॥
ਭਾਈ ਜੀ ਬੁਢੇ ਕਹੀ ਤੁਮ ਹੀ ਕਹੋ ਮੁਰਾਰ॥੨੦੫॥
ਸ੍ਰੀ ਮੁਖ ਤੇ ਸ੍ਰੀ ਗੁਰ ਕਹਾ ਪੰਚਬਟੀ ਸਮ ਠੌਰ॥
ਤਹਾਂ ਰਾਮ ਕਛੁ ਦਿਨ ਰਹੇ ਈਹਾਂ ਗ੍ਰੰਥ ਸਿਰਮੌਰ॥੨੦੬॥
ਚੌਪਈ॥ ਰਾਮ ਗ੍ਰੰਥ ਮੈਂ ਭੇਦ ਸੁ ਨਾਹੀ॥
ਰਾਮ ਨਾਮ ਪ੍ਰਗਟ ਯਾ ਮਾਹੀ॥
ਤਾਂਤੇ ਯਾ ਤੀਰਥ ਕੋ ਨਾਮਾ॥
ਰਾਮ ਸਰੋਵਰ (ਰਾਮਸਰ) ਸਦ ਸੁਖ ਧਾਮਾ॥
ਤਿਨੀ ਪ੍ਰਥਾਇ ਸਬਦ ਗੁਰ ਕਹਾ॥
ਗੌੜੀ ਰਾਗ ਪਛਾਨਵੋ ਲਹਾ॥[1]

ਜਿਸ ਪਾਵਨ ਤੀਰਥ 'ਤੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਥਮ ਰਚਨਾ ਦੀਨ ਦੁਨੀ ਦੇ ਵਾਲੀ ਸਤਿਗੁਰੂ ਪੰਚਮ ਨਾਨਕ ਜੀ ਦੇ ਕਰ-ਕਮਲਾਂ ਦੁਆਰਾ ਕੀਤੀ ਗਈ, ਉਸ ਮਹਾਨ ਤੀਰਥ ਦਾ ਸ਼ੁਭ ਨਾਮ 'ਰਾਮਸਰ' ਹੈ। ਜਿਥੇ ਅੱਜ ਇਕ ਮਹਾਨ ਸੁੰਦਰ ਆਲੀਸ਼ਾਨ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਉਸ ਮੁਬਾਰਕ ਸਮੇਂ ਦੀ ਪਰਾ-ਨਜ਼ਾਕਤ ਨੂੰ ਮੱਦੇ-ਨਜ਼ਰ ਰੱਖਦੇ ਹੋਏ ਵਹਿਦੀਅਤ ਦੇ ਸੁਆਮੀ ਵਲੋਂ ਸਤਿਗੁਰੂ ਅਰਜਨ ਸਾਹਿਬ ਲਈ ਇਕ ਇਲਹਾਮੀ ਕਲਾਮ ਨਾਜ਼ਲ ਹੋਇਆ। ਜੋ ਹਜ਼ੂਰ ਨੇ ਆਪਣੇ ਮੁਬਾਰਕ ਮੁਖਾਰਬਿੰਦ ਤੋਂ ਨਿਮਨ-ਲਿਖਤ ਦੇ ਅਨੁਸਾਰ ਉਚਾਰਣ ਕੀਤਾ:

ਨਿਤਪ੍ਰਤਿ ਨਾਵਣੁ ਰਾਮਸਰਿ ਕੀਜੈ॥
ਝੋਲਿ ਮਹਾਰਸੁ ਹਰਿ ਅੰਮ੍ਰਿਤੁ ਪੀਜੈ॥੧॥ਰਹਾਉ॥
ਨਿਰਮਲ ਉਦਕੁ ਗੋਵਿੰਦ ਕਾ ਨਾਮ॥
ਮਜਨੁ ਕਰਤ ਪੂਰਨ ਸਭਿ ਕਾਮ॥੧॥
ਸੰਤ ਸੰਗਿ ਤਹ ਗੋਸਟਿ ਹੋਇ॥
ਕੋਟਿ ਜਨਮ ਕੇ ਕਿਲਵਿਖ ਖੋਇ॥੨॥
ਸਿਮਰਹਿ ਸਾਧ ਕਰਹਿ ਆਨੰਦੁ॥
ਮਨਿ ਤਨਿ ਰਵਿਆ ਪਰਮਾਨੰਦੁ॥੩॥
ਜਿਸਹਿ ਪਰਾਪਤਿ ਹਰਿਚਰਣ ਨਿਧਾਨ॥
ਨਾਨਕ ਦਾਸ ਤਿਸਹਿ ਕੁਰਬਾਨ॥੪॥੯੫॥੧੬੪॥

—ਗਉੜੀ ਮ: ੫, ਪੰਨਾ ੧੯੮-੧੯

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ, ਪੰਨਾ ੭੧-੭੨।*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸੰਪਾਦਨਾ, ਜੋ ਸਤਿਗੁਰੂ ਅਰਜਨ ਸਾਹਿਬ ਜੀ ਦੇ ਆਪਣੇ ਦਸਤੇ-ਮੁਬਾਰਕ ਦੁਆਰਾ ਕੀਤੀ ਗਈ, ਇਸ ਵਿਸ਼ੇ ਪ੍ਰਤੀ ਜਿਤਨੀਆਂ ਭੀ ਉਦਾਹਰਣਾਂ ਪ੍ਰਾਪਤ ਹੋ ਸਕੀਆਂ ਹਨ, ਉਹ ਸਾਰੀਆਂ ਹੀ ਲਿਖਤੀ-ਰੂਪ ਵਿਚ ਦੇਣ ਦਾ ਯਤਨ ਇਸ ਵਾਸਤੇ ਕੀਤਾ ਗਿਆ ਹੈ ਤਾਕਿ ਸਮਾਂ, ਵਿਥ ਅਤੇ ਥਾਂ ਦੀ ਹੰਮਸ ਇਸ ਪਰਾ-ਸੱਚ ਨੂੰ ਆਪਣੇ ਹਕੂਮਤੀ ਜਬਰ ਜ਼ੁਲਮ ਦੇ ਰਾਹੀਂ ਆਪਣੀ ਈਰਖਾਲੂ ਵਿਉਂਤ-ਬੰਦੀ ਰਾਹੀਂ ਧੁੰਧਲਾ ਨਾ ਸਕੇ। ਅੱਜ ਭਾਵੇਂ ਕਈ ਇਕ ਲਿਖਤਾਂ ਬੜੀਆਂ ਛੋਟੀਆਂ ਅਤੇ ਤੁੱਛ ਜਾਪਦੀਆਂ ਹਨ, ਪਰ ਭਵਿੱਖ ਵਿਚ ਹੀ ਲਿਖਤਾਂ ਕੌਮਾਂ ਦਾ ਅਮਿੱਟ ਜੀਵਨ ਆਧਾਰ ਬਣਦੀਆਂ ਹਨ, ਔਰ ਉੱਮਤ ਦਾ ਸਰਮਾਇਆ ਹੋ ਨਿਬੜਦੀਆਂ ਹਨ। ਇਹੀ ਵੱਡਾ ਕਾਰਨ ਹੈ ਕਿ ਇਸ ਪੁਸਤਕ ਵਿਚ ਵੱਧ ਤੋਂ ਵੱਧ ਸੰਸਾਰ ਪ੍ਰਸਿੱਧ ਲਿਖਾਰੀਆਂ ਦੀਆਂ ਲਿਖਤਾਂ ਵਿਚੋਂ ਉਦਾਹਰਣ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਅੱਗੇ ਸਤਿਗੁਰੂ ਜੀ ਆਪ ਜਾਣੀ-ਜਾਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਪ੍ਰਤੀ ਜੋ ਪਾਵਨ ਅਸਥਾਨ ਦੀ ਮਨੋਨੀਤੀ ਕੀਤੀ ਗਈ, ਉਸ ਦੀ ਪ੍ਰੋੜ੍ਹਤਾ ਹਰੀ ਰਾਮ ਗੁਪਤਾ ਨਿਮਨ-ਲਿਖਤ ਦੇ ਰੂਪ ਵਿਚ ਕਰਦਾ ਹੈ :

> Guru Arjan selected a nice shady place at Amritsar on the bank of a tank dug by him named Ramsar, to the south-east of Amritsar and took up his abode there. He asked Bhai Gurdas, a great scholar of Sanskrit, Persian, Hindi and Punjabi, to help him in giving a final shape to this material. Though the author is Arjan, the actual writer of the Adi Granth is Gurdas. He did it as a pure labour of love in order that he may bless the Sikhs with the wealth of Dharmik wisdom.[1]

੧੫-੩. *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ*

ਸਮੂੰਹ ਗੁਰਬਾਣੀ ਇਕੱਤਰ ਹੋਣ ਤੋਂ ਉਪਰੰਤ ਪਾਵਨ ਅਸਥਾਨ ਦੀ ਮਨੋਨੀਤੀ ਭੀ ਮੁਕੰਮਲ ਹੋ ਗਈ। ਸਤਿਗੁਰੂ ਜੀ ਅਤੇ ਹੋਰ ਸਹਾਇਕ ਸੇਵਾਦਾਰ ਆਪਣੇ ਰਿਹਾਇਸ਼ੀ ਟਿਕਾਣੇ 'ਰਾਮਸਰ' ਵਿਚ ਲੈ ਆਏ। ਤੰਬੂ ਅਤੇ ਕਨਾਤਾਂ ਇਸ ਰਮਣੀਕ ਸਥਾਨ 'ਤੇ ਸਜਾਵਟ ਵਿਚ ਆ ਗਈਆਂ। ਹਜ਼ੂਰ ਪੰਚਮ

1. Hari Ram Gupta, V. I, p. 137 and Kanhiya Lal, p. 25.

ਪਾਤਿਸ਼ਾਹ ਭੀ ਇਕ ਤੰਬੂ ਵਿਚ ਆਣ ਸ਼ੁਸ਼ੋਭਿਤ ਹੋਏ। ਭਾਈ ਗੁਰਦਾਸ ਜੀ ਨੂੰ ਹੁਕਮ ਕੀਤਾ ਕਿ ਜੋ ਭੀ ਇਲਾਹੀ ਬਾਣੀ ਰੱਬੀ ਹੁਕਮ ਵਿਚ ਉਚਾਰੀ ਜਾਵੇ, ਉਹ ਨਾਲ ਦੀ ਨਾਲ ਲਿਖੀ ਜਾਵੇ। *ਪੰਥ ਪ੍ਰਕਾਸ਼* ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਉਕਤ ਵਾਰਤਾ ਦਾ ਖ਼ਾਕਾ ਆਪਣੇ ਸ਼ਬਦਾਂ ਦੁਆਰਾ ਨਿਮਨ-ਲਿਖਤ ਦੇ ਅਨੁਸਾਰ ਲਿਖਦੇ ਹਨ:

ਕਬਿੱਤ: ਫੇਰ ਉਪਕਾਰ ਗੁਰੁ ਅਤਿ ਹੀ ਵਿਚਾਰ,
ਜਿਮ ਜੀਵਨ ਉਧਾਰ ਹ੍ਵੈ ਸੰਸਾਰ ਪਾਰ ਪਾਵਨੋ।
ਰਾਮ ਸਰ ਨਾਮ ਤਾਲ ਤੀਰ ਤੰਬੂ ਲਾ ਬਿਸਾਲ,
ਕੀਓ ਹੈ ਕਮਾਲ ਗੁਰੁ ਗ੍ਰੰਥ ਜੀ ਰਚਾਵਨੋ।
ਬਾਨੀ ਜੋਰਿ ਬਾਨੀ ਗੁਰੂ ਚਾਰ ਕੀ ਮਹਾਨੀ,
ਗੁਨ ਖਾਨੀ ਸੁਖ ਦਾਨੀ ਸਿਮਟਾਨੀ ਜੋ ਸੁਹਾਵਨੋ।
ਭੀਤਰ ਕਨਾਤ ਖਾਸ, ਬੈਠ ਗੁਰੁ ਸੁਖ ਰਾਸ,
ਉਚਰੈਂ ਜੁ ਗੁਰਦਾਸ ਬਾਹਰ ਲਿਖਾਵਨੋ।੭੨।[1]

੧੫-੪. *ਭਾਈ ਗੁਰਦਾਸ ਜੀ*

ਇਲਾਹੀ ਹੁਕਮ ਦੇ ਆਸਰੇ ਸਤਿਗੁਰੂ ਜੀ ਨੇ ਧੁਰੋਂ ਆਏ ਪੈਗ਼ਾਮ ਦੀ ਲਿਖਾਈ ਵਾਸਤੇ ਭਾਈ ਗੁਰਦਾਸ ਜੀ ਨੂੰ ਨਿਯੁਕਤ ਕੀਤਾ। ਭਾਈ ਗੁਰਦਾਸ ਜੀ ਕੌਣ ਸਨ? ਇਨ੍ਹਾਂ ਦੀ ਜੀਵਨ ਝਲਕ ਕਿਸ ਜ਼ਾਵੀਏ ਦੇ ਚੌਖਟੇ ਵਿਚ ਵੇਖੀ ਜਾ ਸਕਦੀ ਹੈ? ਉਕਤ ਪ੍ਰਸ਼ਨਾਂ ਦੇ ਉੱਤਰ ਤਲਾਸ਼ ਕਰਨ ਲਈ ਸਾਨੂੰ ਕੁਦਰਤ ਦਾ ਰਚਿਆ ਇਤਿਹਾਸ ਜੋ ਪੈਗੰਬਰੀ ਧਰਮਾਂ ਦੀ ਉੱਚੀ ਜ਼ੀਨਤ ਵਿਚੋਂ ਨਮੂਦਾਰ ਹੁੰਦਾ ਹੈ, ਜੋ ਕਿ ਖ਼ਾਲਸ ਕੁਦਰਤਿ ਦੇ ਕੁਝ ਜ਼ਾਵੀਏ ਕਾਇਮ ਕਰਦਾ ਹੈ, ਜੋ ਇਨਸਾਨੀ ਪਾਰਖੂ ਦ੍ਰਿਸ਼ਟੀ ਨੂੰ ਇਤਿਹਾਸਕ ਸੂਹਜ ਪਛਾਣਨ ਦੀ ਗਤੀ ਬਖ਼ਸ਼ਦਾ ਹੈ। ਉਸ ਇਤਿਹਾਸੀ ਸੁੰਦਰਤਾ ਦੀ ਝਲਕ ਦੇ ਆਸਰੇ ਭਾਈ ਸਾਹਿਬ ਜੀ ਦੇ ਇਕ ਛਿਣ-ਮਾਤ੍ਰ ਅਮਲੀ ਅਤੇ ਗੁਰਮੁਖੀ ਜੀਵਨ ਦੀ ਰਵਾਨਗੀ ਨੂੰ ਦ੍ਰਿਸ਼ਟਮਾਨ ਕਰਨ ਦਾ ਜਤਨ ਕਰਾਂਗੇ। *ਹਿਸਟਰੀ ਆਫ਼ ਦੀ ਸਿਖਸ* ਵਿਚ ਹਰੀ ਰਾਮ ਗੁਪਤਾ ਭਾਈ ਗੁਰਦਾਸ ਜੀ ਦੀ ਆਤਮਕ ਜੀਵਨੀ ਬਾਰੇ ਕੁਝ ਖ਼ਿਆਲ ਪੇਸ਼ ਕਰਦੇ ਹਨ:

> He (Guru Arjan) asked Bhai Gurdas, a great scholar of Sanskrit, Persian, Hindi and Punjabi, to help him

1. *ਪੰਥ ਪ੍ਰਕਾਸ਼*, ਪੂਰ, ਬਿਸਰਾਮ: ੧੯, ਪੰਨਾ ੬੫੨।

in giving a final shape to this material. Though the author is Arjan, the actual writer of the Adi Granth is Gurdas. He did it as a pure labour of love in order that he may bless the Sikhs with the wealth of Dharmik wisdom.

Note: Bhai Gurdas was a nephew of Guru Amardas and was born in 1551 A.D. He was a great scholar of Sikh religion and so devoted was he to it that he never married. The copy of the sacred Granth written in his hand exists at Kartarpur near Jalandhar.[1]

ਕੇਵਲ ਸਿੱਖੀ ਜਗਤ ਵਿਚ ਹੀ ਨਹੀਂ ਬਲਕਿ ਦੂਸਰੇ ਧਰਮਾਂ ਵਾਲੇ ਭੀ ਭਾਈ ਸਾਹਿਬ ਜੀ ਦੀ ਜੀਵਨੀ ਪ੍ਰਤੀ ਅਤਿਅੰਤ ਹੀ ਉੱਚੇ ਖ਼ਿਆਲਾਂ ਦਾ ਇਜ਼ਹਾਰ ਕਰਦੇ ਹਨ। ਸੱਯਦ ਮੁਹੰਮਦ ਲਤੀਫ਼ *ਹਿਸਟਰੀ ਆਫ਼ ਦੀ ਪੰਜਾਬ* ਵਿਚ ਭਾਈ ਗੁਰਦਾਸ ਜੀ ਦੀ ਸ਼ਾਨ ਵਿਚ ਬੜੇ ਚੁਨੀਂਦਾ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। ਕਹਿੰਦਾ ਹੈ ਕਿ ਗੁਰੂ ਅਰਜਨ ਸਾਹਿਬ ਜੀ ਦਾ ਇਕ ਬਹੁਤ ਹੀ ਮਸ਼ਹੂਰ ਅਤੇ ਨਾਮੀ ਗਰਾਮੀ, ਜੱਸ ਕੀਰਤੀ ਵਾਲਾ ਸਿੱਖ, ਜਿਸ ਦੇ ਆਤਮਕ ਗੁਣ ਬਹੁਤ ਹੀ ਉੱਨਤੀ ਦਾ ਫੈਲਾਓ ਕਰਨ ਵਾਲੇ ਸਨ, ਉਹ ਇਕ ਬਹੁਤ ਹੀ ਵੱਡਾ ਆਲੀਸ਼ਾਨ ਲਿਖਾਰੀ ਸੀ, ਜਿਸ ਨੇ *ਗਿਆਨ ਰਤਨਾਵਲੀ* (ਵਾਰਾਂ ਭਾਈ ਗੁਰਦਾਸ ਜੀ) ਦੇ ਚਾਲ੍ਹੀ ਕਾਂਡ ਲਿਖੇ। ਇਨ੍ਹਾਂ ਕਾਂਡਾਂ ਵਿਚ ਭਾਈ ਸਾਹਿਬ ਨੇ ਸਤਿਗੁਰੂ ਬਾਬਾ ਨਾਨਕ ਜੀ ਦੇ ਪੈਗੰਬਰੀ ਜਲਾਲ ਤੇ ਅਮੁੱਕ ਰੌਸ਼ਨੀ ਪਾਈ ਹੈ। ਔਰ ਸਤਿਗੁਰੂ ਅਰਜਨ ਸਾਹਿਬ ਜੀ ਨੇ ਸਮੂੰਹ ਸਿੱਖੀ ਉੱਮਤ ਨੂੰ ਆਦੇਸ਼ ਫ਼ੁਰਮਾਇਆ ਹੈ ਕਿ ਭਾਈ ਗੁਰਦਾਸ ਦੀਆਂ ਵਾਰਾਂ ਲਾਜ਼ਮੀ ਹੀ ਪੜ੍ਹੀਆਂ ਜਾਣ, ਇਸ ਗੁਰੂ ਅਰਜਨ ਸਾਹਿਬ ਜੀ ਦੇ ਅਜ਼ੀਮ ਮੁਰੀਦ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਦੁਨੀਆ ਦੀ ਹਿਸਟਰੀ ਵਿਚ ਸਾਰੀ ਕਾਇਨਾਤ ਤੋਂ ਉਚੇਰਾ ਅਸਥਾਨ ਦਿੱਤਾ ਹੈ ਕਿ ਵਾਹਿਗੁਰੂ ਜੀ ਨੇ ਸਤਿਗੁਰੂ ਨਾਨਕ ਜੀ ਨੂੰ ਸਮੂੰਹ ਮਾਨਵ ਜਾਤੀ ਦੀ ਬੇਹਤਰੀ ਵਾਸਤੇ ਜਨਮ ਮਰਨ ਦੇ ਚੱਕਰ ਤੋਂ ਬੰਦ ਖਲਾਸੀ ਕਰਨ ਲਈ, ਮੁਕਤੀ ਦਾਤਾ ਅਤੇ ਦੁਨੀਆ ਵਿਚ ਆਤਮਕ ਪ੍ਰਚਾਰ ਦੀ ਪਵਿੱਤ੍ਰਤਾ ਲਈ ਸਥਾਪਤ ਕੀਤਾ। ਬਾਬਾ ਨਾਨਕ ਜੀ ਨੇ ਸਾਰੇ ਬ੍ਰਹਮੰਡ ਦਾ ਨਿਸਤਾਰਾ ਕੀਤਾ ਹੈ। ਭਾਈ ਸਾਹਿਬ ਜੀ ਆਪਣੀਆਂ ਵਾਰਾਂ ਵਿਚ ਦਰਜ ਕਰਦੇ ਹਨ:

1. Hari Ram Gupta, *History of the Sikhs*, p. 137, Vol. 1.

ਬਾਬੇ ਤਾਰੇ ਚਾਰਿ ਚਕਿ, ਨਉ ਖੰਡਿ ਪ੍ਰਿਥਵੀ ਸਚਾ ਢੋਆ॥
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥

—*ਵਾਰ ਭਾਈ ਗੁਰਦਾਸ, ੧/੨੭/੭*

ਉਕਤ ਦਰਸਾਏ ਖ਼ਿਆਲਾਂ ਦੀ ਪ੍ਰੋੜ੍ਹਤਾ ਸੱਯਦ ਮੁਹੰਮਦ ਲਤੀਫ਼ ਨਿਮਨ-ਲਿਖਤ ਦੇ ਅਨੁਸਾਰ ਕਰਦਾ ਹੈ:

The celebrated Gurdas was flourished in the time of Arjan. He was a great writer and composed the well known work Gian Ratnawali, consisting of forty chapters, in which he described the character of Nanak. The Sikhs are enjoined by Arjan to read this book. The writer, who was a disciple of Arjan, gives Nanak a lofty place in the history of the world and regards him as the successor of Viasa and Mahomed, sent by God into the world to accomplish a holy mission and to redeem mankind.[1]

ਜਿਵੇਂ ਉਕਤ ਵਾਰਤਾ ਵਿਚ ਭਾਈ ਗੁਰਦਾਸ ਜੀ ਦੀ ਜੀਵਨੀ ਪ੍ਰਤੀ ਉੱਚ-ਕੋਟੀ ਦੇ ਲਿਖਾਰੀਆਂ ਦੇ ਖ਼ਿਆਲ ਪੜ੍ਹ ਆਏ ਹੋ। ਬਿਲਕੁਲ ਇਸੇ ਪ੍ਰਕਾਰ ਹੀ *ਬੰਸਾਵਲੀ ਨਾਮਾ* ਦਾ ਕਰਤਾ ਕੇਸਰ ਸਿੰਘ ਛਿੱਬਰ ਭੀ ਭਾਈ ਸਾਹਿਬ ਜੀ ਦੀ ਉਸਾਰੂ ਜੀਵਨੀ ਦੀ ਬਾਬਤ ਆਪਣੇ ਖ਼ਿਆਲਾਂ ਦਾ ਇਜ਼ਹਾਰ ਕਰਦੇ ਹਨ:

ਭਾਈ ਗੁਰਦਾਸ ਈਸ਼ਰ ਭੱਲੇ ਦਾ ਬੇਟਾ॥
ਈਸ਼ਰੁ ਵਿਸ਼ਨੂੰ ਦਾ ਭੱਲੇ ਦੇ ਪਰਵਾਰ ਵਿਚੋਂ ਖਤਰੇਟਾ॥
ਸੋ ਭਾਈ ਗੁਰਦਾਸ ਨੂੰ ਹੇ ਸੀ ਵਡੀ ਜਗਿਆਸਾ॥
ਰਹੇ ਅੱਠੇ ਪਹਿਰ ਸਤਿਗੁਰਾਂ ਦੇ ਪਾਸਾ॥੧੦੦॥[2]

ਭਾਈ ਗੁਰਦਾਸ ਜੀ ਦੀ ਹੋਰ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਬਹੁਤ ਹੀ ਲਾਭਦਾਇਕ ਹੋਵੇਗਾ, ਜੇਕਰ ਮਿਸਟਰ ਮੈਕਾਲਿਫ਼ ਦੇ ਖ਼ਿਆਲ ਪੜ੍ਹੇ ਜਾਣ।[3]

ਭਾਈ ਗੁਰਦਾਸ ਜੀ ਦੀ ਅਵਸਥਾ ਸਿੱਖੀ ਜਗਤ ਵਿਚ ਇਤਨੀ ਜ਼ਿਆਦਾ ਮਹੱਤਤਾ ਰੱਖਦੀ ਹੈ ਜਿਵੇਂ ਸ੍ਰੀ ਰਾਮਚੰਦਰ ਜੀ ਦੀ ਰੌਸ਼ਨੀ ਹਨੂੰਮਾਨ ਜੀ ਤੋਂ ਬਿਨਾਂ ਮੱਧਮ ਪੈ ਜਾਂਦੀ ਹੈ, ਸ੍ਰੀ ਕ੍ਰਿਸ਼ਨ ਜੀ ਦੀ ਗਾਥਾ ਅਰਜਨ ਪਾਂਡਵ ਤੋਂ

1. Syad Muhamad Latif, *History of the Punjab*, p. 254.
2. *ਬੰਸਾਵਲੀ ਨਾਮਾ*, ਚਰਣ ੫, ਪੰਨਾ ੫੧।
3. ਮੈਕਾਲਿਫ਼, *ਦੀ ਸਿਖ ਰਿਲੀਜਨ*, ਜਿਲਦ ੪, ਪੰਨਾ ੨੪੧ ਤੋਂ ੨੭੪।

ਬਿਨਾਂ ਅਧੂਰੀ ਜਾਪਦੀ ਹੈ, ਸੇਂਟ ਪਾਲ ਤੋਂ ਬਿਨਾਂ ਹਜ਼ਰਤ ਈਸਾ ਦੀ ਤਾਲੀਮ ਅਸਰਦਾਇਕ ਨਹੀਂ ਬਣਦੀ, ਆਨੰਦਾ ਤੋਂ ਬਗ਼ੈਰ ਗੌਤਮ ਬੁੱਧ ਜੀ ਦੀ ਅਵਸਥਾ ਨਿਰਬਾਣ ਦੀਆਂ ਟੀਸੀਆਂ ਤੋਂ ਮਹਿਰੂਮ ਰਹਿ ਜਾਂਦੀ ਹੈ, ਸਿੱਖੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਸਮੇਂ ਭਾਈ ਗੁਰਦਾਸ ਜੀ ਦੀ ਆਪਣੀ ਜਗ੍ਹਾ ਸਤਿਗੁਰੂ ਜੀ ਦੇ ਚਰਨਾਂ ਵਿਚ ਇਕ ਮਹਾਨ ਸਥਾਨ ਰੱਖਦੀ ਹੈ, ਸਤਿਗੁਰੂ ਅਰਜਨ ਸਾਹਿਬ ਜੀ ਇਕ ਅਮੁੱਕ ਅੰਮ੍ਰਿਤ ਦਾ ਸਾਗਰ ਸੀ, ਭਾਈ ਗੁਰਦਾਸ ਜੀ ਸਤਿਗੁਰੂ ਦੇ ਅੰਮ੍ਰਿਤਮਈ ਚਸ਼ਮੇ ਦਾ ਵਹਿਣ ਸੀ, ਜਿਸ ਦੇ ਆਸਰੇ ਇਹ ਅੰਮ੍ਰਿਤ ਸਿੱਖੀ ਦੇ ਹਿਰਦੇ ਵਿਚ ਪ੍ਰਵੇਸ਼ ਕਰਨ ਲੱਗਾ।[1]

ਭਾਈ ਗੁਰਦਾਸ ਜੀ ਅਤੇ ਪੰਚਮ ਪਾਤਿਸ਼ਾਹ ਜੀ ਦੇ ਦਰਮਿਆਨ ਭਾਈ ਸਾਹਿਬ ਜੀ ਦੀ ਆਪਣੀ ਰਚਨਾ ਪ੍ਰਤੀ ਪਰਸਪਰ ਵਾਰਤਾਲਾਪ ਹੋਈ। ਹਜ਼ੂਰ ਨੇ ਫ਼ੁਰਮਾਇਆ, "ਹੇ ਭਾਈ ਜੀ! ਕੋਈ ਤੁਹਾਡੀ ਆਪਣੀ ਰਚਨਾ ਭੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਜਾ ਸਕੇ?" ਤਦ ਭਾਈ ਜੀ ਨੇ ਬੇਨਤੀ ਕੀਤੀ, "ਹੇ ਸੱਚੇ ਪਾਤਿਸ਼ਾਹ ਜੀਓ! ਆਪ ਜੀ ਦੀ ਰਚੀ ਧੁਰ ਕੀ ਬਾਣੀ ਇਕ ਸੂਰਜ ਦੇ ਮਾਨਿੰਦ ਹੈ, ਮੇਰੀ ਰਚਨਾ ਇਕ ਟਟਹਿਣੇ ਦੀ ਨਿਆਈਂ ਹੈ, ਪਾਤਿਸ਼ਾਹ ਜੀਓ! ਮੇਰੀ ਰਚਨਾ ਗ੍ਰੰਥ ਵਿਚ ਸ਼ੋਭਾ ਨਹੀਂ ਪਾਵੇਗੀ। ਮੈਂ ਤੇ ਆਪ ਜੀ ਦਾ ਕੀਟ ਇਕ ਨਿਮਾਣਾ ਸੇਵਕ ਹਾਂ, ਮੇਰੇ 'ਤੇ ਕੇਵਲ ਰਹਿਮਤ ਦੀ ਦ੍ਰਿਸ਼ਟੀ ਧਾਰੀ ਰੱਖੋ।" ਤਦ ਹਜ਼ੂਰ ਨੇ ਬਚਨ ਕੀਤਾ, "ਹੇ ਭਾਈ ਜੀ! ਤੁਸੀਂ ਆਪਣੀ ਬਾਣੀ ਰਚੋ, ਤੁਹਾਡੀ ਰਚਨਾ ਗੁਰਸਿੱਖ ਪੜ੍ਹਿਆ ਕਰਨਗੇ। ਤੁਹਾਡੀ ਬਾਣੀ ਪੜ੍ਹਿਆਂ ਗੁਰਸਿੱਖੀ ਪ੍ਰਾਪਤ ਹੋਇਆ ਕਰੇਗੀ।" ਉਕਤ ਖ਼ਿਆਲ ਨੂੰ ਹੋਰ ਅੱਛੀ ਤਰ੍ਹਾਂ ਸਮਝਣ ਲਈ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦੇ ਕਰਤਾ ਦੇ ਅਲਫ਼ਾਜ਼ ਕਾਫ਼ੀ ਸਹਾਇਕ ਹੋਣਗੇ:

ਨਿਜ ਬਾਣੀ ਚਾੜ੍ਹੋ ਤੁਮੇ ਗੁਰੂ ਗ੍ਰੰਥ ਜੀ ਮਾਹਿ॥
ਨਰ ਨਾਰੀ ਜੋਊ ਪੜੈ ਮੁਕਤਿ ਭੁਗਤਿ ਫਲ ਪਾਇ॥੩੫੯॥
ਚੌਪਈ: ਹਾਥ ਜੋਰ ਭਾਈ ਹੁਇ ਦੀਨ॥
ਭਾਖੇ ਬਚਨ ਨਿਮਰ ਅਧੀਨ॥
ਸਾਹਿਬ ਤਖਤ ਸੇਵਕ ਤੁਮ ਲਾਇਕ॥
ਦਾਸਨ ਦਾਸ ਦਾਸ ਹਮ ਪਾਇਕ॥
ਕਹ ਪਟ ਬੀਜਨ ਕਹ ਰਵਿ ਜੋਤ॥
ਸਾਹਿਬ ਸਮਸਰ ਦਾਸ ਨ ਹੋਤ॥
ਗੁਰ ਬਾਣੀ ਸਮਸਰ ਕਿਮ ਪਾਵੈ॥

1. ਦੇਖੋ ਹਰੀ ਰਾਮ ਗੁਪਤਾ, ਜਿਲਦ ੧, ਪੰਨਾ ੩੬੯।

ਸੇਵਕ ਬਾਣੀ ਅਲਪ ਕਹਾਵੈ॥
ਤੀਨ ਬੇਰ ਸ੍ਰੀ ਮੁਖ ਬਚ ਕਹਾ॥
ਭਾਈ ਅਲਪ ਤਾਂਹਿ ਕੋ ਲਹਾ॥
ਅਤਿ ਪ੍ਰਸੰਨ ਸ੍ਰੀ ਸਤਿਗੁਰੁ ਹੋਏ॥
ਦੀਨੋ ਵਰ ਭਾਈ ਰੁਚ ਜੋਏ॥
ਭਾਈ ਜੀ ਸੁਨੀਏ ਨਿਰਧਾਰ॥
ਤੁਮਰੀ ਬਾਣੀ ਅਪਰ ਅਪਾਰ॥
ਮਨਹੁ ਗ੍ਰੰਥ ਕੋ ਟੀਕਾ ਭਯੋ॥
ਯਾਹਿ ਪੜ੍ਹੇ ਦੁਖ ਸਗਲਾ ਗਯੋ॥੩੯੦॥

ਦੋਹਰਾ: ਜੀਵ ਟੂਟੇ ਕੋ ਮੇਲ ਹੈ, ਤੁਮ ਬਾਨੀ ਨਿਰਧਾਰ॥
ਸਿਖੀ ਪ੍ਰਾਪਤ ਹੋਇ ਤਿੰਹ ਜੋਊ ਪੜ੍ਹੇ ਹਿਤਧਾਰ॥੩੯੧॥
ਜਨਮ ਮਰਨ ਸੰਸਾ ਮਿਟੈ ਤੁਮ ਬਾਣੀ ਪਰਤਾਪ॥
ਐਸੇ ਕਹ ਦਸਖਤ ਕਰੇ ਤਿਸੀ ਆਦਿ ਗੁਰੁ ਆਪ॥੩੯੨॥
ਗੁਰ ਅਰਜਨ ਕਹਾ ਸੁਨਾਈ॥
ਸੁਨਹੁ ਸ੍ਵਨ ਦੇ ਬਚਨ ਮਮ ਭਾਈ॥
ਵਾਰ ਚਾਲੀਸ ਰਚੋ ਤੁਮ ਪੂਰੀ॥
ਜਾ ਕੇ ਪੜ੍ਹੇ ਹੋਇ ਭ੍ਰਮ ਦੂਰੀ॥
ਕਵਿਤ ਰਚੋ ਪੰਜ ਸੈ ਛਿਪੰਜਾ॥
ਜਾ ਕੇ ਪੜ੍ਹੇ ਮਿਟੈ ਮਨ ਛੰਝਾ॥
ਸੁਨ ਭਾਈ ਗੁਰ ਚਰਨਨਿ ਪਰਿਓ॥
ਬਡ ਆਨੰਦ ਚਿਤ ਅਪਨੈ ਧਰਿਓ॥੩੯੩॥[1]

ਭਾਈ ਗੁਰਦਾਸ ਜੀ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਵਾਸਤੇ ਸਤਿਗੁਰੂ ਜੀ ਨੇ ਭਾਈ ਸਾਹਿਬ ਨੂੰ ਬਹੁਤ ਹੀ ਸਤਿਕਾਰ ਭਰੀ ਦ੍ਰਿਸ਼ਟੀ ਦੁਆਰਾ ਕ੍ਰਿਪਾ ਕਰਦਿਆਂ ਫ਼ੁਰਮਾਇਆ ਸੀ, "ਹੇ ਭਾਈ ਜੀ! ਤੁਹਾਡੀ ਬਾਣੀ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਸਕਦੀ ਹੈ।" ਪਰੰਤੂ ਭਾਈ ਸਾਹਿਬ ਨੇ ਅਤਿਅੰਤ ਹੀ ਅਧੀਨਗੀ ਦੁਆਰਾ ਅਰਜ਼ ਕੀਤੀ, "ਹੇ ਸੱਚੇ ਪਾਤਿਸ਼ਾਹ ਜੀਓ! ਮੇਰੀ ਰਚਨਾ ਇਤਨੀ ਕੀਮਤ ਨਹੀਂ ਰੱਖਦੀ, ਜੋ ਇਤਨਾ ਵੱਡਾ ਆਸਮਾਨੀ ਰੁਤਬਾ ਪਾਂ ਸਕਦੀ ਹੋਵੇ।" ਤਦ ਹਜ਼ੂਰ ਨੇ ਬਹੁਤ ਹੀ ਸਤਿਕਾਰ ਪਿਆਰ ਦੁਆਰਾ ਭਾਈ ਗੁਰਦਾਸ ਪ੍ਰਤੀ ਨਿਮਨ-ਲਿਖਤ ਸ਼ਬਦ ਆਪਣੀ

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੮੬।

ਮੁਬਾਰਕ ਰਸਨਾ ਤੋਂ ਉਚਾਰੇ, ਜਿਨ੍ਹਾਂ ਦੀ ਸੂਝ-ਬੂਝ ਮੈਕਾਲਿਫ ਦੀ ਸ਼ਬਦਾਵਲੀ ਦੁਆਰਾ ਹੋਰ ਵਧੇਰੇ ਸਮਝੀ ਜਾ ਸਕਦੀ ਹੈ:

> The Guru, probably to make trial of his learned and able scribe Bhai Gurdas whose compositions he admired, offered to insert them in the Granth; but Bhai Gurdas said that they were not worthy of such honour. The Guru complimented him on his modesty and ability and said that whoever read the Bhai's writings should acquire spiritual profit and instruction and faith in the teachings of the Holy Gurus.[1]

੧੫-੫. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਤਰਤੀਬ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਤਰਤੀਬ ਨੂੰ ਸਮਝਣ ਵਾਸਤੇ ਤਿੰਨਾਂ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ:

ਭਾਗ ਪਹਿਲਾ: ਜਿਸ ਵਿਚ ਅੰਮ੍ਰਿਤ ਵੇਲੇ ਅਤੇ ਸ਼ਾਮ ਦੇ ਸਮੇਂ ਪੜ੍ਹਨ ਵਾਲੀਆਂ ਬਾਣੀਆਂ ਦਰਜ ਹਨ:

(੧) ਜਪੁ: ਸਤਿਗੁਰੂ ਨਾਨਕ ਸਾਹਿਬ ਜੀ ਦੀ ਰਚਨਾ ਹੈ ਜੋ ਪੰਨਾ ੧ ਤੋਂ ੮ ਤਕ ਹੈ।

(੨) ਸੋ ਦਰੁ: ਰਾਗੁ ਆਸਾ ਮਹਲਾ ੧, ਜੋ ਪੰਨਾ ੮ ਤੋਂ ੧੦ ਤਕ ਹੈ।

(੩) ਸੋ ਪੁਰਖੁ: ਰਾਗੁ ਆਸਾ ਮਹਲਾ ੪, ਜੋ ਪੰਨਾ ੧੦ ਤੋਂ ੧੨ ਤਕ ਹੈ।

(੪) ਸੋਹਿਲਾ: ਰਾਗੁ ਗਉੜੀ ਦੀਪਕੀ ਮ: ੧, ਜੋ ਪੰਨਾ ੧੨ 'ਤੇ ਹੈ।

(੫) ਸੋਹਿਲਾ: ਰਾਗੁ ਆਸਾ ਮਹਲਾ ੧, ਜੋ ਪੰਨਾ ੧੨ 'ਤੇ ਹੈ।

(੬) ਸੋਹਿਲਾ: ਰਾਗੁ ਧਨਾਸਰੀ ਮਹਲਾ ੧, ਜੋ ਪੰਨਾ ੧੩ 'ਤੇ ਹੈ।

(੭) ਸੋਹਿਲਾ: ਰਾਗੁ ਗਉੜੀ ਪੂਰਬੀ ਮਹਲਾ ੪, ਜੋ ਪੰਨਾ ੧੩ 'ਤੇ ਹੈ।

(੮) ਸੋਹਿਲਾ: ਰਾਗੁ ਗਉੜੀ ਪੂਰਬੀ ਮਹਲਾ ੫, ਜੋ ਪੰਨਾ ੧੩ 'ਤੇ ਹੈ।

ਭਾਗ ਦੂਜਾ: ਜਿਸ ਵਿਚ ਇਕੱਤੀ (੩੧) ਰਾਗੁ ਹਨ। ਕਰਤਾਰਪੁਰ ਵਾਲੀ ਬੀੜ ਵਿਚ ਤੀਹ (੩੦) ਰਾਗੁ ਹਨ, ਪਰ ਹੁਣ ਵਾਲੀਆਂ ਬੀੜਾਂ ਵਿਚ ਇਕੱਤੀ (੩੧) ਰਾਗੁ ਹਨ, ਕਿਉਂਕਿ ਜੈਜਾਵੰਤੀ ਰਾਗੁ ਦਸਮੇਸ਼ ਪਿਤਾ ਜੀ ਨੇ ਦਮਦਮੀ ਬੀੜ ਵਿਚ ਸ਼ਾਮਿਲ ਕੀਤਾ ਸੀ। ਰਾਗਾਂ ਦੀ ਪ੍ਰਣਾਲੀ ਪੰਨਾ ੧੪ ਤੋਂ ੧੩੫੩ ਤਕ ਹੈ ਔਰ ਰਾਗਾਂ ਦਾ ਵੇਰਵਾ ਨਿਮਨ-ਲਿਖਤ ਦੇ ਅਨੁਸਾਰ ਹੈ:

---

1. Macauliffe, iii, pp. 63-64.

(੧) ਰਾਗੁ ਸਿਰੀ ਰਾਗੁ : ਪੰਨਾ ੧੪ ਤੋਂ ੯੩ ਤਕ ਹੈ।

(੨) ਰਾਗੁ ਮਾਝ : ਪੰਨਾ ੯੪ ਤੋਂ ੧੫੦ ਤਕ ਹੈ।

(੩) ਰਾਗੁ ਗਉੜੀ : ਪੰਨਾ ੧੫੧ ਤੋਂ ੩੪੬ ਤਕ ਹੈ।

(੪) ਰਾਗੁ ਆਸਾ : ਪੰਨਾ ੩੪੭ ਤੋਂ ੪੮੮ ਤਕ ਹੈ।

(੫) ਰਾਗੁ ਗੂਜਰੀ : ਪੰਨਾ ੪੮੯ ਤੋਂ ੫੨੬ ਤਕ ਹੈ।

(੬) ਰਾਗੁ ਦੇਵਗੰਧਾਰੀ : ਪੰਨਾ ੫੨੭ ਤੋਂ ੫੩੬ ਤਕ ਹੈ।

(੭) ਰਾਗੁ ਬਿਹਾਗੜਾ : ਪੰਨਾ ੫੩੭ ਤੋਂ ੫੫੬ ਤਕ ਹੈ।

(੮) ਰਾਗੁ ਵਡਹੰਸੁ : ਪੰਨਾ ੫੫੭ ਤੋਂ ੫੯੪ ਤਕ ਹੈ।

(੯) ਰਾਗੁ ਸੋਰਠਿ : ਪੰਨਾ ੫੯੫ ਤੋਂ ੬੫੯ ਤਕ ਹੈ।

(੧੦) ਰਾਗੁ ਧਨਾਸਰੀ : ਪੰਨਾ ੬੬੦ ਤੋਂ ੬੯੫ ਤਕ ਹੈ।

(੧੧) ਰਾਗੁ ਜੈਤਸਰੀ : ਪੰਨਾ ੬੯੬ ਤੋਂ ੭੧੦ ਤਕ ਹੈ।

(੧੨) ਰਾਗੁ ਟੋਡੀ : ਪੰਨਾ ੭੧੧ ਤੋਂ ੭੧੮ ਤਕ ਹੈ।

(੧੩) ਰਾਗੁ ਬੈਰਾੜੀ : ਪੰਨਾ ੭੧੯ ਤੋਂ ੭੨੦ ਤਕ ਹੈ।

(੧੪) ਰਾਗੁ ਤਿਲੰਗ : ਪੰਨਾ ੭੨੧ ਤੋਂ ੭੨੭ ਤਕ ਹੈ।

(੧੫) ਰਾਗੁ ਸੂਹੀ : ਪੰਨਾ ੭੨੮ ਤੋਂ ੭੯੪ ਤਕ ਹੈ।

(੧੬) ਰਾਗੁ ਬਿਲਾਵਲੁ : ਪੰਨਾ ੭੯੫ ਤੋਂ ੮੫੮ ਤਕ ਹੈ।

(੧੭) ਰਾਗੁ ਗੋਂਡ : ਪੰਨਾ ੮੫੯ ਤੋਂ ੮੭੫ ਤਕ ਹੈ।

(੧੮) ਰਾਗੁ ਰਾਮਕਲੀ : ਪੰਨਾ ੮੭੬ ਤੋਂ ੯੭੪ ਤਕ ਹੈ।

(੧੯) ਰਾਗੁ ਨਟ ਨਾਰਾਇਨ : ਪੰਨਾ ੯੭੫ ਤੋਂ ੯੮੩ ਤਕ ਹੈ।

(੨੦) ਰਾਗੁ ਮਾਲੀ ਗਉੜਾ : ਪੰਨਾ ੯੮੪ ਤੋਂ ੯੮੮ ਤਕ ਹੈ।

(੨੧) ਰਾਗੁ ਮਾਰੂ : ਪੰਨਾ ੯੮੯ ਤੋਂ ੧੧੦੬ ਤਕ ਹੈ।

(੨੨) ਰਾਗੁ ਤੁਖਾਰੀ : ਪੰਨਾ ੧੧੦੭ ਤੋਂ ੧੧੧੭ ਤਕ ਹੈ।

(੨੩) ਰਾਗੁ ਕੇਦਾਰਾ : ਪੰਨਾ ੧੧੧੮ ਤੋਂ ੧੧੨੪ ਤਕ ਹੈ।

(੨੪) ਰਾਗੁ ਭੈਰਉ : ਪੰਨਾ ੧੧੨੫ ਤੋਂ ੧੧੬੭ ਤਕ ਹੈ।

(੨੫) ਰਾਗੁ ਬਸੰਤੁ : ਪੰਨਾ ੧੧੬੮ ਤੋਂ ੧੧੯੬ ਤਕ ਹੈ।

(੨੬) ਰਾਗੁ ਸਾਰੰਗ : ਪੰਨਾ ੧੧੯੭ ਤੋਂ ੧੨੫੩ ਤਕ ਹੈ।

(੨੭) ਰਾਗੁ ਮਲਾਰ : ਪੰਨਾ ੧੨੫੪ ਤੋਂ ੧੨੯੩ ਤਕ ਹੈ।

(੨੮) ਰਾਗੁ ਕਾਨੜਾ : ਪੰਨਾ ੧੨੯੪ ਤੋਂ ੧੩੧੮ ਤਕ ਹੈ।

(੨੯) ਰਾਗੁ ਕਲਿਆਨ : ਪੰਨਾ ੧੩੧੯ ਤੋਂ ੧੩੨੬ ਤਕ ਹੈ।

(੩੦) ਰਾਗੁ ਪਰਭਾਤੀ : ਪੰਨਾ ੧੩੨੭ ਤੋਂ ੧੩੫੧ ਤਕ ਹੈ।

(੩੧) ਰਾਗੁ ਜੈਜਾਵੰਤੀ : ਪੰਨਾ ੧੩੫੨ ਤੋਂ ੧੩੫੩ ਤਕ ਹੈ।

ਭਾਗ ਤੀਸਰਾ: ਪੰਨਾ ੧੩੫੩ ਤੋਂ ੧੪੩੦ ਤਕ ਹੈ, ਜਿਸ ਵਿਚ ਨਿਮਨ-ਲਿਖਤ ਬਾਣੀਆਂ ਸਸ਼ੋਭਿਤ ਹੋ ਰਹੀਆਂ ਹਨ:

(੧) ਸਲੋਕ ਸਹਸਕ੍ਰਿਤੀ ਮਹਲਾ ੧ : ਪੰਨਾ ੧੩੫੩
(੨) ਸਲੋਕ ਸਹਸਕ੍ਰਿਤੀ ਮਹਲਾ ੫ : ਪੰਨਾ ੧੩੫੩—੧੩੬੦ ਤਕ ਹੈ।
(੩) ਗਾਥਾ ਮਹਲਾ ੫ : ਪੰਨਾ ੧੩੬੦—੧੩੬੧ ਤਕ ਹੈ।
(੪) ਫੁਨਹੇ ਮਹਲਾ ੫ : ਪੰਨਾ ੧੩੬੧—੧੩੬੩ ਤਕ ਹੈ।
(੫) ਚਉਬੋਲੇ ਮਹਲਾ ੫ : ਪੰਨਾ ੧੩੬੩—੧੩੬੪ ਤਕ ਹੈ।
(੬) ਸਲੋਕ ਭਗਤ ਕਬੀਰ ਜੀ : ਪੰਨਾ ੧੩੬੪—੧੩੭੭ ਤਕ ਹੈ।
(੭) ਸਲੋਕ ਸੇਖ ਫਰੀਦ ਕੇ : ਪੰਨਾ ੧੩੭੭—੧੩੮੪ ਤਕ ਹੈ।
(੮) ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ : ਪੰਨਾ ੧੩੮੫—੧੩੮੯ ਤਕ ਹੈ।
(੯) ਸਵਈਏ ਮਹਲੇ ਪਹਿਲੇ ਕੇ ੧ : ਪੰਨਾ ੧੩੮੯—੧੩੯੦ ਤਕ ਹੈ।
(੧੦) ਸਵਈਏ ਮਹਲੇ ਦੂਜੇ ਕੇ ੨ : ਪੰਨਾ ੧੩੯੧—੧੩੯੨ ਤਕ ਹੈ।
(੧੧) ਸਵਈਏ ਮਹਲੇ ਤੀਜੇ ਕੇ ੩ : ਪੰਨਾ ੧੩੯੨—੧੩੯੬ ਤਕ ਹੈ।
(੧੨) ਸਵਈਏ ਮਹਲੇ ਚਉਥੇ ਕੇ ੪ : ਪੰਨਾ ੧੩੯੬—੧੪੦੬ ਤਕ ਹੈ।
(੧੩) ਸਵਈਏ ਮਹਲੇ ਪੰਜਵੇ ਕੇ ੫ : ਪੰਨਾ ੧੪੦੬—੧੪੦੯ ਤਕ ਹੈ।
(੧੪) ਸਲੋਕ ਵਾਰਾਂ ਤੇ ਵਧੀਕ
ਮਹਲਾ ੧, ੨, ੩, ੪ ਤੇ ੫ : ਪੰਨਾ ੧੪੧੦—੧੪੨੬ ਤਕ ਹੈ।
(੧੫) ਸਲੋਕ ਮਹਲਾ ੯ : ਪੰਨਾ ੧੪੨੬—੧੪੨੯ ਤਕ ਹੈ।
(੧੬) ਮੁੰਦਾਵਣੀ ਮਹਲਾ ੫ ਤੇ ਰਾਗਮਾਲਾ : ਪੰਨਾ ੧੪੨੯—੧੪੩੦ ਤਕ ਹੈ।

ਉਕਤ ਦਰਸਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਣਤਰ ਦਮਦਮੀ ਬੀੜ ਦੇ ਅਨੁਸਾਰ ਦਰਜ ਕੀਤੀ ਗਈ ਹੈ, ਜੋ ਕਿ ਅੱਜ-ਕੱਲ੍ਹ ਪੰਥ ਵਿਚ ਪ੍ਰਮਾਣਿਕ ਬੀੜ ਹੈ, ਜਿਸ ਦੀ ਪੂਰਣਤਾ ਦਸਮੇਸ਼ ਪਿਤਾ ਜੀ ਨੇ ਦਮਦਮਾ ਸਾਹਿਬ ਵਿਚ ਕੀਤੀ। ਇਸ ਬੀੜ ਦੇ ਲਿਖਾਰੀ ਭਾਈ ਮਨੀ ਸਿੰਘ ਜੀ ਸਨ।

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਣਤਰ ਪ੍ਰਤੀ ਕੁਝ ਪੁਰਾਤਨ ਲਿਖਾਰੀਆਂ ਦੇ ਲੇਖ ਭੀ ਪ੍ਰਾਪਤ ਹੁੰਦੇ ਹਨ, ਜਿਵੇਂ *ਪੰਥ ਪ੍ਰਕਾਸ਼* ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਦਰਜ ਕਰਦੇ ਹਨ:

ਸ੍ਰੀ ਗੁਰੂ ਨਾਨਕ ਕੀ ਆਦਿ ਮੈ ਲਿਖਾਇ ਬਾਨੀ,
ਦੂਸਰ ਤੀਸਰ ਪੁਨ ਚਤੁਰਥ ਕੇਰ ਹੈਂ।
ਆਪਨੀ ਲਿਖਾਇ ਪੁਨ ਭਗਤਨ ਕੀ ਅਲਾਇ,
ਗੰਗ ਧਾਰ ਭਾਇਕ[1] ਸੁਭਾਇ ਕਹੀ ਟੇਰ ਹੈਂ[2]।

1. ਭਾਇਕ ਸੁਭਾਇ—ਸੁਤੇ ਸਿਧ ਹੀ, ਗੰਗਾ ਦੀ ਧਾਰ ਵਾਂਙੂ।
2. ਟੇਰ ਹੈਂ—ਉੱਚੀ ਉੱਚੀ ਬੋਲ ਕੇ।

ਪਾਂਚ ਗੁਰੂਅਨ ਕੀ ਜੋ ਬਾਨਿ ਤਾਂ ਕੇ ਅਵਸਾਨ[1],
ਕਰ ਹੈਂ ਬਖਾਨ ਨਾਮ ਨਾਨਕ ਅਦੇਰ ਹੈਂ[2]।
ਏਕ ਸਾਲ ਮੈਂ ਸੁਧਾਰ ਕੀਨ ਗੁਰੂ ਗੰਥ ਤਯਾਰ,
ਸੋਲਾਂ ਸੈ ਇਕਾਹਟੇ ਵਿਚਾਰ ਬਿਨ ਦੇਰ ਹੈਂ।੭੩।[3]

ਕਈ ਇਕ ਹੋਰ ਲਿਖਾਰੀਆਂ ਨੇ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀ ਤਰਤੀਬ ਪ੍ਰਤੀ ਬੜੇ ਸੁੰਦਰ ਢੰਗ ਦੁਆਰਾ ਲਿਖਤੀ-ਰੂਪ ਵਿਚ ਇਲਹਾਮੀ ਜ਼ੀਨਤ ਦਾ ਪ੍ਰਗਟਾਵਾ ਕੀਤਾ ਹੈ। ਇਸ ਨੂਰਾਨੀ ਗ੍ਰੰਥ ਸਾਹਿਬ ਜੀ ਦੀ ਬਣਤਰ ਦੀ ਸੁਹਜ ਹਰੀ ਰਾਮ ਗੁਪਤਾ ਉਲੀਕਣੀ ਦੁਆਰਾ ਹੋਰ ਵਧੇਰੇ ਸੂਝ-ਬੂਝ ਦੀ ਸੂਚਕ ਜਾਪਦੀ ਹੈ:

> It was arranged in three parts. The first part consists of morning and evening prayers. They comprise Guru Nanak's Japuji and other devotional hymns. The second part is the main body containing thirty Ragas. The third part is called Bhog di Bani. It includes panegyrics of the first five Gurus, some additional hymns of Guru Nanak, Amar Das, Ram Das, Arjan and Tegh Bahadur, Funhe and Swayyas of Guru Arjan and sayings of Farid and Kabir, and (17)[4] Seventeen bards. It includes with Mundavni, in which Guru Arjan explains the purpose of the Holy Book. The Granth was written in verse in Gurmukhi script. It contained Gurus hymns as follows[5]:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗੁਰਬਾਣੀ ਲਈ ਇਹ ਜਾਣਨ ਵਾਸਤੇ ਕਿ ਇਹ ਬਾਣੀ ਕਿਸ ਸਤਿਗੁਰੂ ਸਾਹਿਬ ਵਾਸਤੇ ਨਾਜ਼ਲ ਹੋਈ ਹੈ ਜਾਂ ਕਿਸ ਸਤਿਗੁਰੂ ਜੀ ਲਈ ਧੁਰ ਦਰਗਾਹੋਂ ਉਤਰੀ ਹੈ, ਇਸ ਨੂੰ ਮਹਲਾ ਸ਼ਬਦ ਦੁਆਰਾ ਸੰਬੋਧਨ ਕੀਤਾ ਗਿਆ ਹੈ। ਜਿਵੇਂ:

---

1. ਅਵਸਾਨ—ਅੰਤ ਵਿਚ।
2. ਅਦੇਰ ਹੈ—ਬਿਨਾ ਦੇਰੀ ਤੋਂ।
3. *ਪੰਥ ਪ੍ਰਕਾਸ਼*, ਪੂਰ: ਬਿਸ: ੧੯, ਪੰਨਾ ੬੫੭।
4. And of eleven bards, but there is seventeen bards.
5. Hari Ram Gupta, Vol. I, pp. 137-138.

ਮਹਲਾ ਪਹਿਲਾ—ਸਤਿਗੁਰੂ ਨਾਨਕ ਸਾਹਿਬ ਜੀ ਵਾਸਤੇ ਵਰਤਿਆ ਗਿਆ ਹੈ।

ਮਹਲਾ ਦੂਜਾ—ਸਤਿਗੁਰੂ ਅੰਗਦ ਦੇਵ ਜੀ ਵਾਸਤੇ ਵਰਤਿਆ ਗਿਆ ਹੈ।

ਮਹਲਾ ਤੀਜਾ—ਸਤਿਗੁਰੂ ਅਮਰਦਾਸ ਸਾਹਿਬ ਜੀ ਵਾਸਤੇ ਵਰਤਿਆ ਗਿਆ ਹੈ।

ਮਹਲਾ ਚਉਥਾ—ਸਤਿਗੁਰੂ ਰਾਮਦਾਸ ਸਾਹਿਬ ਜੀ ਵਾਸਤੇ ਵਰਤਿਆ ਗਿਆ ਹੈ।

ਮਹਲਾ ਪੰਜਵਾਂ—ਸਤਿਗੁਰੂ ਅਰਜਨ ਦੇਵ ਸਾਹਿਬ ਜੀ ਵਾਸਤੇ ਵਰਤਿਆ ਗਿਆ ਹੈ।

ਮਹਲਾ ਨੌਂਵਾਂ—ਸਤਿਗੁਰੂ ਤੇਗ਼ ਬਹਾਦਰ ਸਾਹਿਬ ਜੀ ਵਾਸਤੇ ਵਰਤਿਆ ਗਿਆ ਹੈ।

ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ, ਸਤਿਗੁਰੂ ਹਰਿ ਰਾਇ ਸਾਹਿਬ ਜੀ, ਸਤਿਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਅਤੇ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਬਾਣੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹਨ।

ਮਹਲਾ ਸ਼ਬਦ ਦੇ ਅਰਥ

ਜਿਸ ਵੇਲੇ 'ਮਹਲਾ' ਸ਼ਬਦ ਦੀ ਖੋਜ ਕਰੀਏ ਤਦ ਸਾਡੇ ਸਾਹਮਣੇ ਇਕ ਨੁਕਤਾ ਸਾਫ਼ ਤੌਰ 'ਤੇ ਪ੍ਰਤੱਖ ਹੋ ਜਾਂਦਾ ਹੈ ਕਿ ਇਹ ਸ਼ਬਦ ਅਰਬੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ—ਉਤਰਨੇ ਕੀ ਜਗ੍ਹਾ, ਮੰਜ਼ਲ, ਟਿਕਾਣਾ ਭਾਵ ਧੁਰ ਕੀ ਬਾਣੀ ਦੇ ਨਾਜ਼ਲ ਹੋਣ ਦੀ ਜਗ੍ਹਾ ਕਿ ਇਹ ਬਾਣੀ ਕਿਸ ਸਤਿਗੁਰੂ ਜੀ ਵਾਸਤੇ ਧੁਰ ਕੀ ਦਰਗਾਹ ਵਿਚੋਂ ਉਤਰੀ ਹੈ ।[1] ਉਸ ਨੂੰ ਉਸੇ ਮਹਲੇ ਦੇ ਨਾਮ ਨਾਲ ਸੰਬੋਧਨ ਕੀਤਾ ਗਿਆ ਹੈ, ਜਿਵੇਂ ਮਹਲਾ ਪਹਿਲਾ, ਦੂਜਾ, ਤੀਜਾ, ਚਉਥਾ, ਪੰਜਵਾਂ ਅਤੇ ਮਹਲਾ ਨੌਂਵਾਂ ਆਦਿ।

੧੫-੬. ਧੁਰ ਕੀ ਬਾਣੀ ਦੀ ਨਜ਼ੂਲਤਾ

ਦੁਨਿਆਵੀ ਲੋਕਾਂ ਦੀ ਕਲਿਆਣ ਵਾਸਤੇ ਧੁਰ ਕੀ ਬਾਣੀ ਦਾ ਉਤਰਨਾ, ਨਾਜ਼ਲ ਹੋਣਾ, ਦੈਵੀ ਪੈਗ਼ਾਮ ਦਾ ਸ਼ਬਦ ਦੇ ਰੂਪ ਵਿਚ ਉਤਰਨਾ, ਨੂਰਾਨੀ ਜੋਤਿ ਦਾ ਸਤਿਗੁਰਾਂ ਦੇ ਰਾਹੀਂ ਪ੍ਰਕਾਸ਼ ਹੋਣਾ। ਉਹ ਕੌਣ ਕੌਣ ਦੈਵੀ

1. ਦੇਖੋ *ਫ਼ੀਰੋਜ਼ ਲੁਗ਼ਾਤ*, ਪੰਨਾ ੧੨੧੪, ਮਹਲਾ (محله) ਫ਼ੀਰੋਜ਼ ਐਂਡ ਸਨਜ਼, ਲਾਹੌਰ, ਰਾਵਲਪਿੰਡੀ, ਕਰਾਚੀ।

ਵਿਅਕਤੀਆਂ ਹਨ, ਜਿਨ੍ਹਾਂ ਦੇ ਰਾਹੀਂ ਇਲਹਾਮੀ ਜੋਤਿ ਦਾ ਪ੍ਰਗਟਾਵਾ ਹੋਇਆ ? ਇਹ ਇਲਹਾਮੀ ਵਹੀ (ਖ਼ੁਦਾ ਕਾ ਪੈਗ਼ਾਮ), ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਕੁਝ ਨੂਰਾਨੀ ਵਿਅਕਤੀਆਂ ਦੇ ਰਾਹੀਂ ਨਾਜ਼ਲ ਹੋਈ ਹੈ, ਜਿਨ੍ਹਾਂ ਦੇ ਪਾਵਨ ਨਾਵਾਂ ਦੀ ਸੂਚੀ ਨਿਮਨ-ਲਿਖਤ ਦੇ ਅਨੁਸਾਰ ਪੇਸ਼ ਕਰਨ ਦੀ ਆਗਿਆ ਚਾਹਾਂਗੇ :

		ਗੁਰਗੱਦੀ ਦਾ ਸਮਾਂ
(੧) ਸਤਿਗੁਰੂ ਨਾਨਕ ਦੇਵ ਜੀ	:	੧੪੬੯ ਤੋਂ ੧੫੩੯ ਤਕ
(੨) ਸਤਿਗੁਰੂ ਅੰਗਦ ਦੇਵ ਜੀ	:	੧੫੩੯ ਤੋਂ ੧੫੫੨ ਤਕ
(੩) ਸਤਿਗੁਰੂ ਅਮਰਦਾਸ ਜੀ	:	੧੫੫੨ ਤੋਂ ੧੫੭੪ ਤਕ
(੪) ਸਤਿਗੁਰੂ ਰਾਮਦਾਸ ਜੀ	:	੧੫੭੪ ਤੋਂ ੧੫੮੧ ਤਕ
(੫) ਸਤਿਗੁਰੂ ਅਰਜਨ ਦੇਵ ਜੀ	:	੧੫੮੧ ਤੋਂ ੧੬੦੬ ਤਕ
(੬) ਸਤਿਗੁਰੂ ਤੇਗ ਬਹਾਦਰ ਜੀ	:	੧੬੬੪ ਤੋਂ ੧੬੭੫ ਤਕ
		ਜੋੜ ੬ ਸਤਿਗੁਰੂ ਸਾਹਿਬਾਨ

੧੫-੭. *ਭਗਤਾਂ ਦੀ ਨਾਮਾਵਲੀ*[1]

(੧) ਭਗਤ ਸਧਨਾ ਜੀ	:	ਤੇਰ੍ਹਵੀਂ ਸਦੀ ਵਿਚ (ਸਿੰਧ ਦੇਸ਼ ਵਿਚ)
(੨) ਭਗਤ ਸੂਰਦਾਸ ਜੀ	:	ਬਿਕ੍ਰਮੀ ੧੫੨੮, ਸੰਨ ੧੪੭੧, ਹਰਿਆਣਾ
(੩) ਭਗਤ ਸੈਨ ਜੀ	:	੧੩੯੦ ਤੋਂ ੧੪੪੦ ਤਕ, ਮੱਧ ਪ੍ਰਦੇਸ਼
(੪) ਭਗਤ ਕਬੀਰ ਜੀ	:	੧੪੪੦ ਤੋਂ ੧੫੧੮ ਤਕ, ਬਾਨਾਰਸ
(੫) ਭਗਤ ਜੈਦੇਵ ਜੀ	:	ਬਿਕ੍ਰਮੀ ੧੧੭੦, ਸੰਨ ੧੧੧੩, ਬੰਗਾਲ
(੬) ਭਗਤ ਤ੍ਰਿਲੋਚਨ ਜੀ	:	ਬਿਕ੍ਰਮੀ ੧੨੬੭, ਸੰਨ ੧੨੧੦, ਸ਼ੋਲ੍ਹਾਪੁਰ
(੭) ਭਗਤ ਧੰਨਾ ਜੀ	:	ਸੰਮਤ ੧੪੭੩, ਸੰਨ ੧੪੧੬, ਰਾਜਸਥਾਨ
(੮) ਭਗਤ ਨਾਮਦੇਵ ਜੀ	:	ਸੰਮਤ ੧੩੨੮, ਸੰਨ ੧੨੭੧, ਮਹਾਰਾਸ਼ਟਰ, ਨਰਸੀ, ਬਾਮਨੀ
(੯) ਭਗਤ ਪਰਮਾਨੰਦ ਜੀ	:	ਸੰਨ ੧੩੬੦ ਤੋਂ ੧੪੫੦ ਤਕ, ਬਾਨਾਰਸ
(੧੦) ਭਗਤ ਪੀਪਾ ਜੀ	:	ਸੰਨ ੧੪੨੫, ਰਾਜਸਥਾਨ
(੧੧) ਭਗਤ ਫਰੀਦ ਜੀ	:	ਸੰਨ ੧੧੭੩ ਤੋਂ ੧੨੬੫ ਤਕ, ਪਾਕ ਪਟਨ, ਪਾਕਿਸਤਾਨ
(੧੨) ਭਗਤ ਬੇਣੀ ਜੀ	:	੧੨ਵੀਂ ਸਦੀ ਵਿਚ
(੧੩) ਭਗਤ ਭੀਖਣ ਜੀ	:	ਸੰਨ ੧੫੭੩, ਲਖਨਊ, ਕਕੋਰੀ ਪਿੰਡ

1. ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੩੮।

(੧੪) ਭਗਤ ਰਵਿਦਾਸ ਜੀ : ੧੫ਵੀਂ ਸਦੀ, ਬਾਨਾਰਸ

(੧੫) ਭਗਤ ਰਾਮਾਨੰਦ ਜੀ : ੧੩੬੦ ਤੋਂ ੧੪੫੦ ਤਕ, ਬਾਨਾਰਸ

ਜੋੜ : ੧੫ ਭਗਤ

੧੫-੮. ਭੱਟਾਂ ਦੀ ਨਾਮਾਵਲੀ

ਭੱਟ ਦਾ ਅਰਥ ਹੈ—ਉਸਤਤਿ ਕਰਨ ਵਾਲਾ, ਰਾਜਿਆਂ ਅਤੇ ਯੋਧਿਆਂ ਦਾ ਜੱਸ ਕਹਿਣ ਵਾਲਾ, ਵੇਦ ਗਿਆਤਾ, ਪੰਡਿਤ, ਸਤਿਗੁਰੂ ਸਾਹਿਬਾਨ ਦੀ ਮਹਿਮਾ ਕਰਨ ਵਾਲੇ। ਇਹ ਸਤਾਰਾਂ (੧੭) ਭੱਟ ਹਨ, ਜਿਨ੍ਹਾਂ ਦੀ ਬਾਣੀ ਭੱਟਾਂ ਦੇ ਸਵਈਏ ਕਰਕੇ ਪ੍ਰਸਿੱਧ ਹੈ। ਇਨ੍ਹਾਂ ਦੇ ਸ਼ੁਭ ਨਾਵਾਂ ਦੀ ਸੂਚੀ ਨਿਮਨ-ਲਿਖਤ ਦੇ ਅਨੁਸਾਰ ਹੈ :

ਬੱਲ, ਭੱਲ, ਭਿਖਾ, ਦਾਸ, ਗਯੰਦ, ਹਰਬੰਸ, ਜੱਲ, ਜਾਲਪ, ਕੱਲ੍ਹ, ਕੀਰਤ, ਮਥਰਾ, ਨੱਲ, ਸਦਰੰਗ, ਕਲਸਹਾਰ, ਸੱਲ, ਟੱਲ, ਜੱਲਯ।

ਕੁਲ ਜੋੜ ੧੭ ਭੱਟ

ਉਕਤ ਦਰਜ ਕੀਤੇ ਸਤਾਰਾਂ (੧੭) ਭੱਟਾਂ ਦੀ ਬਾਬਤ ਭਾਈ ਸੰਤੋਖ ਸਿੰਘ ਜੀ ਇਨ੍ਹਾਂ ਭੱਟਾਂ ਦਾ ਸਬੰਧ ਵੇਦਾਂ ਨਾਲ ਸਥਾਪਤ ਕਰਦੇ ਹਨ ਕਿ ਇਹ ਭੱਟ ਪਹਿਲਾਂ ਵੇਦਾਂ ਦੇ ਗਿਆਤਾ ਭੀ ਰਹਿ ਚੁੱਕੇ ਹਨ। ਲਿਖਤ ਨਿਮਨ-ਲਿਖਤ ਦੇ ਮੁਤਾਬਿਕ ਹੈ :

ਇਕ ਇਕ ਵੇਦ ਚਤੁਰਵਪ ਧਾਰੇ
ਪ੍ਰਗਟ ਨਾਮ ਤਿਨ ਕਹੋਂ ਅਸੰਸ (ਸੰਸਾ ਰਹਿਤ)**॥**
ਪੂਰਵ ਸਾਮ ਵੇਦ ਕੇ ਇਹ ਭਏ,
ਮਥੁਰ, ਜਾਲਪ, ਬੱਲ, ਹਰਬੰਸ ॥
ਪੁਨ ਰਿਗ ਵੇਦ ਕੱਲਯ, ਜੱਲ, ਨੱਲ, ਤ੍ਰੈ,
ਕਲਸਹਾਰ ਚਉਥੇ ਗਿਨਿ ਅੰਸ਼ ॥
ਭਏ ਯਜੁਰ ਟੱਲਯ, ਸੱਲਯ,
ਪੁਨ ਜੱਲਯ, ਭੱਲਯ, ਉਪਜੇ ਦਿਜਬੰਸ ॥੧੦॥
ਬਹੁਰ ਅਥਰਵਣ, ਦਾਸਰੁ, ਕੀਰਤਿ,
ਗਨਿ ਗਯੰਦ, ਸਦਰੰਗ ਸੁਚਾਰ ॥
ਕਮਲਾਸਨ ਕੋ ਭਿਖਾ ਨਾਮ ਸੁ,
ਇਹ ਸਭ ਤੇ ਭਾ ਅਧਿਕ ਉਦਾਰ ॥[1] (੧੧)

1. *ਸ੍ਰੀ ਗੁਰ ਪ੍ਰਕਾਸ਼ ਸੂਰਜ*, ਰਾਸ ੩, ਅ: ੪੮, ਪੰਨਾ ੨੧੨੩।

੧੫-੯. ਭੱਟਾਂ ਦੀ ਬਾਣੀ ਅਤੇ ਭੱਟਾਂ ਦੀ ਜਾਣਕਾਰੀ

ਭੱਟਾਂ ਦੀ ਬਾਣੀ ਜੋ ਕਿ ਭੱਟਾਂ ਦੇ ਸਵਈਏ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਗਈ ਹੈ। ਇਨ੍ਹਾਂ ਸਾਰੇ ਹੀ ਭੱਟਾਂ ਨੇ ਗੁਰਸਿੱਖੀ ਨੂੰ ਧਾਰਨ ਕੀਤਾ ਔਰ ਗੁਰੂ ਪ੍ਰਸੰਸਾ ਪ੍ਰਥਾਇ ਅਤਿ ਸੁੰਦਰ ਅਤੇ ਮਨੋਹਰ ਸ਼ਬਦਾਵਲੀ ਦੁਆਰਾ ਆਪਣੀ ਰਚਨਾ ਸਤਿਗੁਰੂ ਜੀ ਦੇ ਦਰਬਾਰ ਵਿਚ ਭੇਟਾ ਕੀਤੀ। ਹਜ਼ੂਰ ਨੇ ਇਸ ਪ੍ਰਸੰਸਕ ਬਾਣੀ ਨੂੰ ਇਲਾਹੀ ਗ੍ਰੰਥ ਵਿਚ ਸਨਮਾਨ ਦਿੱਤਾ। ਮੈਕਾਲਿਫ਼ ਆਪਣੇ ਸ਼ਬਦਾਂ ਦੁਆਰਾ ਨਿਮਨ-ਲਿਖਤ ਦੇ ਅਨੁਕੂਲ ਹਾਮੀ ਭਰਦਾ ਹੈ:

> Several bards who had accepted the Sikh religion appeared before the Guru, and offered him panegyrics of himself and his predecessors. The Guru graciously gave such compositions a place in the sacred volume.[1]

ਇਹ ਸਾਰੇ ਭੱਟ ਬ੍ਰਾਹਮਣ ਜਾਤੀ ਦੇ ਸਨ ਅਤੇ ਵੇਦਾਂ ਦੇ ਗਿਆਤਾ ਭੀ ਸਨ, ਪਰੰਤੂ ਇਨ੍ਹਾਂ ਨੂੰ ਵੇਦਾਂ ਦੇ ਪੜ੍ਹਨੇ ਕਰਕੇ ਆਤਮਕ ਸ਼ਾਂਤੀ ਪ੍ਰਾਪਤ ਨਾ ਹੋਈ। ਬਹੁਤ ਸਮਾਂ ਫਿਰਦੇ ਭਟਕਦੇ ਅੰਤ ਨੂੰ ਸਤਿਗੁਰੂ ਜੀ ਦੀ ਪਾਕਦਾਮਨ ਪਨਾਹ ਵਿਚ ਆਣ ਟਿਕੇ, ਜਿਥੋਂ ਇਨ੍ਹਾਂ ਨੂੰ ਸਤਿਗੁਰੂ ਜੀ ਦੇ ਨੂਰਾਨੀ ਦਰਸ਼ਨ ਕਰਦਿਆਂ ਹੀ ਆਤਮਕ ਸਕੂਨ ਦੀ ਦੁਰਲੱਭਤਾ ਪ੍ਰਾਪਤ ਹੋਈ, ਜਿਸ ਦੀ ਹਾਮੀ ਭਿੱਖਾ ਭੱਟ ਆਪਣੀ ਲਿਖਤ ਵਿਚ ਨਿਮਨ-ਲਿਖਤ ਦੇ ਅਨੁਸਾਰ ਭਰਦਾ ਹੈ:

> **ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**
> **ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥**
> **ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥**
> **ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥**
> **ਹਰਿਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ ॥**
> **ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥**
>
> *—ਸਵਈਏ ਮ: ਪੰਜਵੇ ਕੇ, ਪੰਨਾ ੧੩੯੫-੯੬*

ਬ੍ਰਹਮ ਅਵਸਥਾ ਦੇ ਢੂੰਢਾਊ ਅਤੇ ਵੇਦਾਂ ਦੇ ਗਿਆਤਾ ਭੱਟ ਜਿਸ ਵੇਲੇ ਆਤਮਕ ਜ਼ੀਨਤ ਦੀ ਖੋਜ ਵਿਚ ਫਿਰਦੇ ਭਟਕਦੇ ਥੱਕ ਗਏ, ਹੁੱਸ ਗਏ, ਤਦ ਇਨ੍ਹਾਂ 'ਤੇ ਰੱਬੀ ਰਹਿਮਤ ਦੇ ਇਲਹਾਮੀ ਤਾਕ ਖੁੱਲ੍ਹ ਗਏ। ਸੁਧਾ ਸਰੋਵਰ 'ਤੇ ਆਣ ਪਹੁੰਚੇ। ਦਰਸ਼ਨ ਕਰਦਿਆਂ ਹੀ ਜੁਗਾਂ ਜੁਗਾਂਤਰਾਂ ਦੇ ਕ੍ਰਿਤ ਕਰਮਾਂ ਦੀ ਨਵਿਰਤੀ ਹੋ ਗਈ। ਰੂਹਾਨੀ ਤਸਕੀਨ ਭੱਟਾਂ ਦੇ ਹਿਰਦਿਆਂ ਵਿਚ ਆਣ

1. Macauliffe, iii, p. 64.

ਵੱਸਿਆ। *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਇਸ ਵਾਰਤਾ ਦੀ ਹਾਮੀ ਨਿਮਨ-ਲਿਖਤ ਦੇ ਮੁਤਾਬਿਕ ਪੇਸ਼ ਕਰਦਾ ਹੈ:

ਚੌਪਈ ॥ ਚਾਰ ਦੇਹਿ ਸ਼ਾਮ ਬੇਦ ਕੀ ਗਾਏਂ॥
ਮਥਰਾ ਹਰਿਬੰਸ ਜਾਲਪ ਬਲ ਪਾਏਂ॥
ਰਿਗ ਬੇਦੈਂ ਚਾਰੇ ਬਪ ਧਾਰੇ ॥
ਕਲ ਸਹਾਰ ਜੱਲਣ ਨਲ ਚਾਰੇ ॥
ਟੱਲ ਸੱਲ ਜਲ ਬੱਲ ਕਹਾਏ ॥
ਜੁਜਰ ਬੇਦ ਬਪ ਚਾਰ ਬਨਾਏ ॥
ਕੀਰਤ ਗੋਇੰਦ ਦਾਸ ਸਦਰੰਗ ॥
ਅਥਰਬਣ ਬੇਦ ਚਾਰ ਦੇਹਿ ਅੰਗ॥
ਭਿਖੇ ਦੇਹ ਕਮਲਜ ਜੋ ਪਾਈ ॥
ਸਭ ਤੇ ਅਧਿਕ ਭਯੋ ਸੁਖਦਾਈ ॥
ਬਿਪ੍ਰ ਦੇਹ ਸੰਗਯਾ ਭਵ ਪਾਏ ॥
ਸਤਿਗੁਰ ਕੋ ਖੋਜੈਂ ਹਰਖਾਏ ॥
ਢੂੰਢਤ ਗੁਰੂ ਜਗਤ ਮੈਂ ਫਿਰੈਂ ॥
ਸ਼ਾਂਤਿ ਨ ਪਾਵੈਂ ਬਿਨ ਗੁਰੁ ਕਰੈਂ ॥
ਜੋਗੀ ਸੰਨਿਆਸਨ ਕੇ ਗਏ ॥
ਬ੍ਰਹਮਚਾਰੀ ਤਪਸੀ ਦਿਖਲਏ ॥੩੬੯॥

ਦੋਹਰਾ ॥ ਬਰਸ ਏਕ ਜਗ ਮੈਂ ਫਿਰੇ ਸਭੀ ਪੰਥ ਦਿਖ ਆਇ ॥
ਸਾਂਤਿ ਪਦੈ ਸੁਖਸਿੰਧ ਗੁਰੁ ਕਹੂੰ ਨ ਨੈਨਨਿ ਪਾਇ ॥੩੭੦॥
ਸੁਧਾ ਸਰੋਵਰ ਮੈਂ ਅਏ ਫਿਰਤ ਫਿਰਤ ਸਭ ਦੇਸ ॥
ਗੁਰੂ ਅਰਜਨ ਜੀ ਜਬ ਪਿਖੇ ਭਈ ਸਾਂਤਿ ਚਿਤ ਏਸ ॥੩੭੧॥

ਰਸਾਵਲ ਛੰਦ ॥ ਭਿਖੇ ਬੈਨ ਗੋਏ ॥ ਗੁਰੁ ਦਰਸ ਹੋਏ ॥
ਸਭੈ ਪਾਪ ਜਾਂਹੀ ॥ ਮਨੈ ਸਾਂਤ ਪਾਂਹੀ ॥੩੭੨॥[1]

ਆਪ ਜੀ ਪਿੱਛੇ ਮੈਕਾਲਿਫ਼ ਦੇ ਕਥਨ ਅਨੁਸਾਰ ਪੜ੍ਹ ਆਏ ਹੋ ਕਿ ਭੱਟਾਂ ਨੇ ਗੁਰਸਿੱਖੀ ਧਾਰਨ ਕੀਤੀ ਅਤੇ ਉਨ੍ਹਾਂ ਨੂੰ ਸਤਿਗੁਰੂ ਅਰਜਨ ਸਾਹਿਬ ਜੀ ਦੇ ਪੈਗ਼ੰਬਰੀ ਰਹੱਸ ਦੁਆਰਾ ਰੂਹਾਨੀ ਤਸਕੀਨ ਦੀ ਜ਼ੀਨਤ ਵਸੂਲ ਹੋਈ। ਰੂਹਾਨੀ ਤਬੱਸਮ ਦੀ ਵਸੂਲਤ ਤੋਂ ਉਪਰੰਤ ਭੱਟਾਂ ਦੇ ਟੋਲੇ ਵਿਚੋਂ ਮਹਾਂ ਵਿਦਵਾਨ ਤੇ ਵੱਡਾ ਗਿਆਤਾ ਭਿਖਾ ਭੱਟ ਸੀ। ਉਸ ਨੇ ਹਜ਼ੂਰ ਦੇ ਚਰਨਾਂ

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੮੭।

ਵਿਚ ਗੁਰਸਿੱਖੀ ਦੀ ਦਾਤਿ ਪ੍ਰਾਪਤ ਕਰਨ ਵਾਸਤੇ ਅਰਜ਼ ਕੀਤੀ। ਤਦ ਹਜ਼ੂਰ ਨੇ ਫ਼ੁਰਮਾਇਆ, "ਤੁਸੀਂ ਵੇਦਾਂ ਦੇ ਗਿਆਤਾ ਹੋ, ਪਰ ਹੁਣ ਤੁਹਾਡੀ ਕਲਿਆਣ ਇਸੇ ਗੱਲ ਵਿਚ ਹੈ ਕਿ ਤੁਸੀਂ ਸਤਿਗੁਰੂ ਨਾਨਕ ਦੇਵ ਜੀ ਦਾ ਓਟ ਆਸਰਾ ਗ੍ਰਹਿਣ ਕਰ ਕੇ ਵਾਹਿਗੁਰੂ ਦਾ ਜੱਸ ਉਚਾਰਨ ਕਰੋ ਔਰ ਸਤਿਗੁਰੂ ਨਾਨਕ ਸਾਹਿਬ ਜੀ ਦੀ ਇਲਹਾਮੀ ਤਾਰੀਫ਼ ਦਾ ਉਚਾਰਨ ਕਰੋ। ਫਿਰ ਸਤਿਗੁਰੂ ਨਾਨਕ ਤੁਹਾਡੇ ਉਪਰ ਤੁੱਠ ਕੇ ਸਿੱਖੀ ਦੀ ਦਾਤਿ ਬਖ਼ਸ਼ੇਗਾ।" ਫਿਰ ਭੱਟਾਂ ਨੇ ਸ਼ਰਨੀ ਪੈ ਕੇ ਜੱਸ ਕਰਨ ਦੀ ਜਾਚਨਾ ਕੀਤੀ। ਹਜ਼ੂਰ ਰਹਿਮਤ ਦੇ ਘਰ ਵਿਚ ਆਏ, ਭੱਟਾਂ ਨੂੰ ਕੀਰਤੀ ਕਰਨ ਦੀ ਇਲਾਹੀ ਦਾਤਿ ਬਖ਼ਸ਼ੀ। ਜਿਥੋਂ ਭੱਟਾਂ ਨੇ ਸਵਈਏ ਉਚਾਰਨ ਕੀਤੇ, ਜਿਸ ਦਾ ਸਦਕਾ ਇਨ੍ਹਾਂ ਨੂੰ ਪੈਗ਼ੰਬਰੀ ਦਾਤਾਂ ਦੇ ਨਿਜ਼ਾਮ ਰਾਹੀਂ ਸਿੱਖੀ ਦੀ ਨੂਰਾਨੀ ਖ਼ੈਰਾਤ ਵਸੂਲ ਹੋਈ। ਭੱਟਾਂ ਨੂੰ ਸਿੱਖੀ ਦੀ ਦਾਤਿ ਪ੍ਰਾਪਤ ਹੋਣ ਵਾਸਤੇ ਇੰਝ ਦਰਜ ਕੀਤਾ ਗਿਆ ਹੈ:

ਦੋਹਰਾ॥ ਇਹ ਬਿਧ ਉਸਤਤਿ ਕਰ ਸਭੇ ਪਰੇ ਚਰਨ ਪਰ ਆਇ॥
ਦਯਾ ਸਿੰਧ ਸ੍ਰੀ ਮੁਖ ਕਹਾ ਮਾਂਗੋ ਬਰ ਰੁਚ ਪਾਇ॥੩੮੦॥
ਚੌਪਈ॥ ਭਿਖੇ ਤਬ ਅਸ ਬੈਨ ਉਚਾਰੇ॥
ਸਭ ਕੀ ਇੱਛਾ ਇਹੀ ਮੁਰਾਰੇ॥
ਇਨ ਸਭ ਕੋ ਪ੍ਰਭ ਸਿਖ ਕਰੀਜੈ॥
ਗੁਰ ਦੀਖਿਆ ਦੇ ਸਾਂਤਿ ਮਨ ਕੀਜੈ॥[1]

ਸਤਿਗੁਰੂ ਜੀ ਨੇ ਗੁਰਸਿੱਖੀ ਦੀ ਦਾਤਿ ਬਖ਼ਸ਼ਣ ਤੋਂ ਪਹਿਲਾਂ ਭੱਟਾਂ ਨੂੰ ਆਗਿਆ ਕੀਤੀ ਕਿ ਹੁਣ ਤੁਸੀਂ ਵੇਦਾਂ ਅਤੇ ਭਗਵਤ ਦੀ ਥਾਂ ਸਤਿਗੁਰੂ ਨਾਨਕ ਜੀ ਦਾ ਜੱਸ ਉਚਾਰਨ ਕਰੋ। ਤਦ ਤੁਹਾਡੀ ਕਲਿਆਣ ਹੋਵੇਗੀ। ਇਹ ਸੁਣ ਕੇ ਭੱਟਾਂ ਨੇ ਅਰਜ਼ ਕੀਤੀ, "ਹੇ ਸੱਚੇ ਪਾਤਿਸ਼ਾਹ ਜੀਓ! ਅਸੀਂ ਉਸਤਤਿ ਕਿਵੇਂ ਕਰੀਏ? ਅਸਾਨੂੰ ਉਸਤਤਿ ਕਰਨ ਦੀ ਵਿਧੀ ਦਰਸਾਓ ਜੀ।" ਤਦ ਹਜ਼ੂਰ ਨੇ ਪਹਿਲੇ ਵੀਹ ਸਵਈਏ ਆਪਣੀ ਪਾਵਨ ਰਸਨਾ ਦੁਆਰਾ ਉਚਾਰ ਕੇ ਭੱਟਾਂ ਨੂੰ ਉਸਤਤੀ ਕਰਨ ਦਾ ਬਲ ਬਖ਼ਸ਼ਿਆ। ਫਿਰ ਉਨ੍ਹਾਂ ਨੇ ਆਪਣੇ ਆਪਣੇ ਸਵਈਏ ਉਚਾਰਨ ਕੀਤੇ। *ਗੁਰਬਿਲਾਸ* ਦਾ ਕਰਤਾ ਇਸ ਖ਼ਿਆਲ ਦੀ ਹਾਮੀ ਇੰਝ ਭਰਦਾ ਹੈ:

ਸ੍ਰੀ ਗੁਰ ਕਹਾ ਸੁਨੋ ਚਿਤ ਲਾਏ॥
ਬੇਦ ਦੇਹ ਧਰ ਤੁਮ ਹੋ ਆਏ॥

---

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੯੭-੯੯; *ਸੂਰਜ ਪ੍ਰਕਾਸ਼*, ਰਾਸਿ ੩, ਅੰਸੂ ੪੯।

ਸ੍ਰੀ ਭਗਵਤ ਜਸ ਇਹ ਠਾਂ ਕਰੋ ॥[1]
ਗੁਰ ਨਾਨਕ ਕਾ ਜਸ ਉਚਰੋ ॥
ਤਿਨੈ ਕਹਾ ਇਹ ਸਮਝ ਨ ਪਾਵੈਂ ॥
ਕਹ ਬਿਧ ਉਸਤਤ ਗੁਰ ਕੀ ਗਾਵੈਂ ॥
ਆਪ ਸਮਝਾਇ ਚਾਲ ਹਮ ਦੇਵੋ ॥
ਹੇ ਸਤਿਗੁਰ ਗਤਿ ਅਲਖ ਅਭੇਵੋ ॥
ਬੀਸ ਸਵਯੇ ਸ੍ਰੀ ਮੁਖ ਰਰੇ ॥
ਗੁਰ ਨਾਨਕ ਜਸ ਬਰਨਨ ਕਰੇ ॥
ਸਮਝ ਚਾਲ ਤਿਹ ਜਗ ਪ੍ਰਗਟਾਯੋ ॥
ਗੁਰੁ ਨਾਨਕ ਜਸ ਪ੍ਰਿਥਮੈ ਗਾਯੋ ॥੩੯੧॥[2]

ਜਿਸ ਵੇਲੇ ਸਾਰੇ ਭੱਟਾਂ ਨੇ ਵਾਹਿਗੁਰੂ ਜੀ ਅਤੇ ਸਤਿਗੁਰੂ ਸਾਹਿਬਾਨ ਦੀ ਉਪਮਾ ਲਿਖ ਕੇ ਉਚਾਰਨ ਕੀਤੀ, ਹਜ਼ੂਰ ਰਹਿਮਤ ਦੇ ਦਰਬਾਰ ਵਿਚ ਆਣ ਖਲੋਤੇ ਔਰ ਗੁਰਸਿੱਖੀ ਦੀ ਅਮੁੱਲੀ ਦਾਤਿ ਬਖ਼ਸ਼ਿਸ਼ ਵਜੋਂ ਬਖ਼ਸ਼ਿਸ਼ ਕੀਤੀ। ਜਿਸ ਦੀ ਹਾਮੀ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਨਿਮਨ-ਲਿਖਤ ਦੇ ਮੁਤਾਬਿਕ ਕਰਦਾ ਹੈ:

ਅਤਿ ਪ੍ਰਸੰਨ ਭਏ ਕ੍ਰਿਪਾ ਨਿਧਾਨਾ ॥
ਲਿਖੇ ਸਵਈਏ ਗ੍ਰੰਥ ਮਨ ਮਾਨਾ ॥
ਮਨ ਇੱਛਤ ਸਭ ਕੋ ਵਰ ਦੀਨੋ ॥
ਕੀਨ ਸਿੱਖ ਭ੍ਰਮ ਤਿਨ ਕਾ ਛੀਨੋ ॥੩੯੪॥[3]

੧੫-੧੦. ਭਾਈ ਮਰਦਾਨਾ ਜੀ

ਭਾਈ ਮਰਦਾਨਾ ਜੀ ਦੇ ਤਿੰਨ ਸਲੋਕ 'ਬਿਹਾਗੜਾ ਕੀ ਵਾਰ' ਵਿਚ ਅੰਕਤ ਹਨ। ਆਪ ਜੀ ਦਾ ਪਿਤਾ ਬਾਦਰਾ ਮਰਾਸੀ ਸੀ। ਮਰਦਾਨਾ ਜੀ ਦਾ ਜਨਮ ਸੰਮਤ ੧੫੧੬ (ਸੰਨ ੧੪੫੯) ਵਿਚ ਰਾਇ ਭੋਇ ਦੀ ਤਲਵੰਡੀ ਵਿਚ ਹੋਇਆ। ਆਪ ਜੀ ਦਾ ਦੇਹਾਂਤ ਸੰਮਤ ੧੫੯੧ (ਸੰਨ ੧੫੩੪) ਵਿਚ ਕੁਰਮ ਦਰਿਆ ਦੇ ਕਿਨਾਰੇ ਕੁਰਮ ਨਗਰ ਵਿਚ ਹੋਇਆ। ਸਤਿਗੁਰੂ ਨਾਨਕ ਦੇਵ ਜੀ ਨੇ ਆਪ ਜੀ ਦੀ ਦੇਹੀ ਦਾ ਅੰਤਮ ਸੰਸਕਾਰ ਆਪਣੇ ਕਰ-ਕਮਲਾਂ ਦੁਆਰਾ

---

1. ਭਗਵਤ ਅਤੇ ਵੇਦਾਂ ਦੇ ਥਾਂ 'ਤੇ ਵਾਹਿਗੁਰੂ ਦਾ ਜੱਸ ਕਰੋ; *ਸ੍ਰੀ ਗੁਰ ਪ੍ਰ: ਸੂ:*, ਰਾਸਿ ੩, ਅੰਸੂ ੪੯।
2. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੮੯; *ਸ੍ਰੀ ਗੁਰ ਪ੍ਰ: ਸੂਰਜ*, ਰਾਸਿ ੩, ਅੰਸੂ ੪੯।
3. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੮੯।

ਕੀਤਾ। ਲਗ ਪਗ ਇਸ ਨੇ ਸਾਰੀ ਆਯੂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੀ ਬਤੀਤ ਕੀਤੀ। ਰਬਾਬ ਦੀਆਂ ਤਰਬਾਂ ਕੱਢਣ ਵਿਚ ਅਦੁੱਤੀ ਮੁਹਾਰਤ ਰੱਖਦਾ ਸੀ। ਪੰਥ ਵਲੋਂ ਮਰਦਾਨਾ ਜੀ ਨੂੰ ਭਾਈ ਸਾਹਿਬ ਦੇ ਪਾਵਨ ਖ਼ਿਤਾਬ ਨਾਲ ਸਤਿਕਾਰਿਆ ਤੇ ਪਿਆਰਿਆ ਜਾਂਦਾ ਹੈ।[1]

੧੫-੧੧. *ਸੱਤਾ ਅਤੇ ਬਲਵੰਡ*

ਸੱਤਾ ਅਤੇ ਬਲਵੰਡ ਇਹ ਦੋਵੇਂ ਭਾਈ ਸਤਿਗੁਰੂ ਅਰਜਨ ਸਾਹਿਬ ਦੇ ਸਮੇਂ ਹਰਿਮੰਦਰ ਸਾਹਿਬ ਵਿਚ ਦੋਨੋਂ ਵੇਲੇ ਕੀਰਤਨ ਦੀ ਸੇਵਾ ਨਿਭਾਂਦੇ ਸਨ। ਇਕ ਸਮਾਂ ਐਸਾ ਆਇਆ, ਜਦੋਂ ਕਿ ਸੱਤਾ ਦੀ ਲੜਕੀ ਜਵਾਨ ਹੋ ਗਈ। ਦੋਹਾਂ ਭਰਾਵਾਂ ਲੜਕੀ ਦੀ ਸ਼ਾਦੀ ਕਰਨ ਲਈ ਸੋਚਿਆ। ਇਸ ਕਾਰਜ ਵਾਸਤੇ ਕੁਝ ਪੈਸੇ ਦੀ ਲੋੜ ਸੀ, ਪੈਸੇ ਦੀ ਜ਼ਰੂਰਤ ਪੂਰੀ ਕਰਨ ਵਾਸਤੇ ਉਨ੍ਹਾਂ ਸਤਿਗੁਰੂ ਜੀ ਪਾਸ ਬੇਨਤੀ ਕੀਤੀ । ਸਤਿਗੁਰੂ ਜੀ ਨੇ ਬੇਨਤੀ ਪ੍ਰਵਾਨ ਕੀਤੀ ਔਰ ਹੁਕਮ ਕੀਤਾ, "ਜਿਤਨੀ ਮਾਇਆ ਕਲ ਸਵੇਰ 'ਦੇ ਦੀਵਾਨ ਵਿਚ ਸੰਗਤਾਂ ਵਲੋਂ ਚੜ੍ਹਾਵੇ ਵਜੋਂ ਚੜ੍ਹੇਗੀ, ਤੁਸੀਂ ਲੈ ਜਾਣਾ ਔਰ ਲੜਕੀ ਦੀ ਸ਼ਾਦੀ ਕਰ ਲੈਣੀ।" ਵਾਹਿਗੁਰੂ ਦਾ ਭਾਣਾ ਐਸਾ ਹੋਇਆ ਕਿ ਦੂਸਰੇ ਦਿਨ ਸਵੇਰ ਦੇ ਦੀਵਾਨ ਵਿਚ ਸੰਗਤ ਕੁਝ ਘੱਟ ਆਈ। ਮਾਇਕ ਚੜ੍ਹਾਵਾ ਭੀ ਘੱਟ ਹੀ ਚੜ੍ਹਿਆ। ਖ਼ੈਰ ਜੋ ਭੀ ਮਾਇਆ ਚੜ੍ਹੀ, ਸਤਿਗੁਰੂ ਜੀ ਨੇ ਸਾਰੀ ਹੀ ਸੱਤਾ ਅਤੇ ਬਲਵੰਡ ਦੇ ਹਵਾਲੇ ਕਰ ਦਿੱਤੀ। ਪਰੰਤੂ ਇਹ ਰਬਾਬੀ ਥੋੜ੍ਹੀ ਮਾਇਆ ਦੇ ਮਿਲਣੇ ਕਰਕੇ ਨਰਾਜ਼ ਹੋ ਗਏ। ਕਹਿਣ ਲੱਗੇ ਕਿ ਸਤਿਗੁਰੂ ਜੀ ਨੇ ਸੰਗਤਾਂ ਨੂੰ ਆਉਣੋਂ ਰੋਕ ਦਿੱਤਾ ਹੈ। ਇਸ ਭੁਲੇਖੇ ਵਿਚ ਆਣ ਕੇ ਫ਼ੈਸਲਾ ਕੀਤਾ ਕਿ ਅਸੀਂ ਅਗੇ ਵਾਸਤੇ ਗੁਰੂ ਦਰਬਾਰ ਵਿਚ ਕੀਰਤਨ ਦੀ ਸੇਵਾ ਨਹੀਂ ਕਰਾਂਗੇ। ਔਰ ਨਾਲ ਦੀ ਨਾਲ ਸਤਿਗੁਰੂ ਸਾਹਿਬਾਨ ਦੀ ਪੈਗੰਬਰੀ ਜ਼ੀਨਤ ਦੇ ਖ਼ਿਲਾਫ਼ ਕੁਝ ਦੁਰ-ਬਚਨ ਭੀ ਬੋਲੇ। ਕਹਿਣ ਲਗੇ ਕਿ ਸਤਿਗੁਰਾਂ ਦੀ ਸ਼ੋਭਾ ਅਸਾਡੇ ਕੀਰਤਨ ਦੁਆਰਾ ਹੀ ਹੋ ਰਹੀ ਹੈ, ਜੇ ਅਸੀਂ ਕੀਰਤਨ ਨਾ ਕਰੀਏ, ਤਦ ਗੁਰੂ ਨੂੰ ਕਿਸੇ ਨੇ ਭੀ ਨਹੀਂ ਪੁੱਛਣਾ। ਇਥੋਂ ਤਕ ਕਹਿ ਉਠੇ ਕਿ ਗੁਰੂ ਨਾਨਕ ਭੀ ਅਸਾਡਾ ਹੀ ਬਣਾਇਆ ਹੋਇਆ ਗੁਰੂ ਸੀ, ਜੇ ਅਸਾਡਾ ਵੱਡਾ, ਭਾਈ ਮਰਦਾਨਾ ਕੀਰਤਨ ਨਾ ਕਰਦਾ ਤਦ ਗੁਰੂ ਨਾਨਕ ਨੂੰ ਕੌਣ ਜਾਣਦਾ ਸੀ। ਇਸ ਤਰ੍ਹਾਂ ਦੇ ਮੰਦੇ ਚੰਗੇ ਬਚਨ ਬੋਲਦੇ ਹੋਏ ਘਰ ਨੂੰ ਚਲੇ ਗਏ। ਸਤਿਗੁਰੂ ਜੀ ਦੇ ਬੁਲਾਵਣ 'ਤੇ ਭੀ ਦੂਸਰੇ ਦਿਨ ਕੀਰਤਨ ਕਰਨ ਵਾਸਤੇ ਨਹੀਂ ਆਏ। ਕੀਰਤਨ ਕਰਨ

1. ਦੇਖੋ *ਮਹਾਨ ਕੋਸ਼*, ਭਾਈ ਕਾਨ੍ਹ ਸਿੰਘ ਜੀ ਨਾਭਾ, ਮਰਦਾਨਾ; ਦੇਖੋ ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੫੯।

ਵਲੋਂ ਮੁਨਕਿਰ ਹੋ ਗਏ। ਉਨ੍ਹਾਂ ਨੂੰ ਵਾਪਸ ਦਰਬਾਰ ਸਾਹਿਬ ਵਿਚ ਸੱਦਣ ਲਈ ਸਤਿਗੁਰੂ ਸਾਹਿਬ ਜੀ ਆਪ ਚੱਲ ਕੇ ਗਏ, ਪਰੰਤੂ ਉਹ ਨਹੀਂ ਆਏ। ਤਦ ਸਤਿਗੁਰੂ ਅਰਜਨ ਸਾਹਿਬ ਜੀ ਨੇ ਦਰਬਾਰ ਸਾਹਿਬ ਵਿਚ ਵਾਪਸ ਆਣ ਕੇ ਸੰਗਤ ਪ੍ਰਤੀ ਆਦੇਸ਼ ਦਿੱਤਾ, "ਭਾਈ! ਉਹ ਕੁਸ਼ਟੀ ਕੀਰਤਨ ਕਰਨ ਲਈ ਨਹੀਂ ਆਏ, ਉਨ੍ਹਾਂ ਨੂੰ ਕੋਈ ਭੀ ਮੂੰਹ ਨਾ ਲਾਵੇ। ਜੋ ਸਿੱਖ ਉਨ੍ਹਾਂ ਨੂੰ ਮੂੰਹ ਲਾਵੇਗਾ, ਉਸ ਦਾ ਮੂੰਹ ਕਾਲਾ ਕਰ ਕੇ ਗਧੇ 'ਤੇ ਚਾੜ੍ਹ ਕੇ ਸ਼ਹਿਰ ਵਿਚ ਫੇਰਿਆ ਜਾਵੇਗਾ।"

ਕੁਝ ਸਮੇਂ ਬਾਅਦ ਇਹ ਰਬਾਬੀ ਪ੍ਰਿਥੀ ਚੰਦ ਕੋਲ ਕੱਚੀ ਬਾਣੀ ਦਾ ਗਾਇਨ ਕਰਨ ਜਾ ਲੱਗੇ, ਪਰੰਤੂ ਇਨ੍ਹਾਂ ਦੀ ਪੜਤ ਉਥੇ ਭੀ ਨਹੀਂ ਬਣ ਸਕੀ। ਰਬਾਬੀਆਂ ਦਾ ਪ੍ਰਿਥੀ ਚੰਦ ਕੋਲ ਚਲੇ ਜਾਣਾ ਇਕ ਸੁਭਾਵਿਕ ਜਿਹੀ ਸਥਿਤੀ ਸੀ, ਕਿਉਂਕਿ ਉਨ੍ਹੀਂ ਦਿਨੀਂ ਪ੍ਰਿਥੀ ਚੰਦ ਦੇ ਬਹਿਕਾਏ ਹੋਏ ਐਸੇ ਲੋਕ ਉਧਰ ਚਲੇ ਹੀ ਜਾਇਆ ਕਰਦੇ ਸਨ। *ਭੰਸਾਵਲੀ ਨਾਮਾ* ਉਕਤ ਦਰਸਾਏ ਖ਼ਿਆਲਾਂ ਦੀ ਪ੍ਰੋੜ੍ਹਤਾ ਐਸੇ ਕਰਦਾ ਹੈ:

ਪਿਰਥੀਏ ਬਚਨ ਏਹ ਕੀਤਾ ਭਾਈ !
ਜੋ ਅਸਾਡਾ ਹੋਸੀ ਜੁਦਾ ਹੋਇ ਹੋਇ ਖੜੋਸੀ।
ਸੋ ਉਨਾ (ਗੁਰੂ ਅਰਜਨ ਦੇਵ ਜੀ) **ਦੇ ਮੁਹ ਨ ਲਗਸੀ।**
ਸੰਮਤ ਸੋਲਾਂ ਸੈ ਸਤਿਵੰਜਾ (ਸੰਨ ੧੬੦੦) **ਗਏ।**
ਰਬਾਬੀ ਆਏ ਕਢੇ ਹੋਏ ਜੋ ਉਨ੍ਹਾਂ ਨੂੰ ਮਿਲਦੇ ਭਏ ॥੮੬॥[1]

ਸਮਾਂ ਬੀਤਦਾ ਗਿਆ, ਰਬਾਬੀਆਂ ਦੀ ਹਾਲਤ ਕੁਸ਼ਟੀ ਰੋਗ ਦੇ ਕਾਰਨ ਹੋਰ ਵਧੇਰੇ ਮੰਦੀ ਹੁੰਦੀ ਗਈ। ਘਰ ਵਿਚ ਖਾਣ, ਪਾਣ, ਪਹਿਰਨ ਦੀ ਕਮੀ ਆ ਗਈ। ਕੋਈ ਭੀ ਇਨਸਾਨ ਇਨ੍ਹਾਂ ਗੁਰੂ ਨਿੰਦਕਾਂ ਨੂੰ ਮੂੰਹ ਨਹੀਂ ਲਗਾਂਵਦਾ। ਹਰ ਕੋਈ ਕਹਿਣ ਲਗਾ ਕਿ ਗੁਰੂ ਨਿੰਦਕਾਂ ਦਾ ਇਹੀ ਹਾਲ ਹੁੰਦਾ ਹੈ। ਰਬਾਬੀਆਂ ਦੀ ਤਰਸਯੋਗ ਦਸ਼ਾ ਪ੍ਰਤੀ ਪਾਵਨ ਗੁਰਬਾਣੀ ਵਿਚ ਭੀ ਸੰਕੇਤ ਪ੍ਰਾਪਤ ਹੁੰਦੇ ਹਨ। ਕਥਨ ਹੈ:

ਅਰੜਾਵੈ ਬਿਲਲਾਵੈ ਨਿੰਦਕੁ ॥
ਪਾਰਬ੍ਰਹਮੁ ਪਰਮੇਸਰੁ ਬਿਸਰਿਆ
ਅਪਣਾ ਕੀਤਾ ਪਾਵੈ ਨਿੰਦਕੁ ॥੧॥ਰਹਾਉ॥
ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥
ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ ॥੧॥

—ਆਸਾ ਮਹਲਾ ੫, ਪੰਨਾ ੩੭੩-੭

1. *ਭੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੫੦।

ਆਖ਼ਰਕਾਰ ਇਨ੍ਹਾਂ ਦੀ ਮੰਦੀ ਦਸ਼ਾ ਵੇਖ ਕੇ ਕਿਸੇ ਸਿੱਖ ਨੇ ਤਰਸ ਕੀਤਾ। ਮਸ਼ਵਰਾ ਦਿੱਤਾ ਕਿ ਤੁਸੀਂ ਲਾਹੌਰ ਨਿਵਾਸੀ ਭਾਈ ਲੱਧਾ ਜੀ ਪਾਸ ਚਲੇ ਜਾਓ, ਉਹ ਤੁਹਾਡੀ ਸਹਾਇਤਾ ਕਰ ਸਕਦੇ ਹਨ, ਕਿਉਂਕਿ ਉਹ ਬੜੇ ਪਰਉਪਕਾਰੀ ਹਨ। ਰੋਗ ਅਤੇ ਭੁੱਖ ਦੇ ਆਤਰ ਕੀਤੇ ਹੋਏ, ਭਾਈ ਲੱਧਾ ਜੀ ਦੀ ਸ਼ਰਨ ਵਿਚ ਆਣ ਖਲੋਤੇ। ਭਾਈ ਲੱਧਾ ਜੀ ਨੇ ਆਪਣੇ ਪਰਉਪਕਾਰੀ ਸੁਭਾਅ ਦੇ ਅਨੁਸਾਰ ਸਤਿਗੁਰੂ ਜੀ ਦੇ ਬਚਨਾਂ ਦੀ ਪਾਲਣਾ ਕੀਤੀ। ਆਪਣਾ ਮੂੰਹ ਕਾਲਾ ਕਰ ਕੇ ਗਧੇ 'ਤੇ ਚੜ੍ਹ ਕੇ ਰਬਾਬੀਆਂ ਨੂੰ ਨਾਲ ਲੈ ਕੇ ਗੁਰੂ ਕੇ ਚੱਕ ਆਣ ਹਾਜ਼ਰ ਹੋਏ, ਰਬਾਬੀਆਂ ਦੀ ਭੁੱਲ ਵਾਸਤੇ ਜਾਚਨਾ ਕੀਤੀ। ਸਤਿਗੁਰੂ ਹਮੇਸ਼ਾ ਹੀ ਬਖ਼ਸ਼ਿੰਦ ਹੈ, ਸਿੱਖ ਜਿਤਨੀ ਦਫ਼ਾ ਭੁੱਲ ਕਰਦਾ ਹੈ, ਸਤਿਗੁਰੂ ਉਤਨੀ ਦਫ਼ਾ ਹੀ ਬਖ਼ਸ਼ਦਾ ਹੈ, ਬਸ਼ਰਤੇ ਕਿ ਸਿੱਖ ਭੁੱਲ ਵਾਲੇ ਟਿਕਾਣੇ ਖਲੋਤਾ ਹੋਵੇ। ਹਜ਼ੂਰ ਨੇ ਫ਼ੁਰਮਾਨ ਕੀਤਾ, "ਭਾਈ ਲੱਧਾ ਜੀ! ਧੰਨ ਭਾਗ ਤੁਸੀਂ ਆਏ ਹੋ, ਇਨ੍ਹਾਂ ਨੂੰ ਆਖੋ, ਜਿਸ ਜ਼ਬਾਨ ਨਾਲ ਇਨ੍ਹਾਂ ਗੁਰਾਂ ਦੀ ਨਿੰਦਾ ਕੀਤੀ ਸੀ, ਉਸੇ ਜ਼ਬਾਨ ਨਾਲ ਸਤਿਗੁਰਾਂ ਦੀ ਸਿਫ਼ਤ-ਸਾਲਾਹ ਕਰਨ।" ਸਤਿਗੁਰੂ ਜੀ ਦੇ ਇਲਹਾਮੀ ਬਚਨ ਸੁਣ ਕੇ ਇਨ੍ਹਾਂ ਰਬਾਬੀਆਂ ਨੇ ਸਤਿਗੁਰੂ ਜੀ ਦੀ ਉਪਮਾ ਪ੍ਰਥਾਇ ਰਾਗ ਰਾਮਕਲੀ ਵਿਚ ਵਾਰ ਉਚਾਰਨ ਕੀਤੀ, ਜਿਸ ਦਾ ਸਿਰਲੇਖ 'ਰਾਮਕਲੀ ਕੀ ਵਾਰ, ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ'। ਇਸ ਵਾਰ ਨੂੰ 'ਟਿਕੇ ਦੀ ਵਾਰ' ਭੀ ਮੁਹਾਵਰੇ ਵਜੋਂ ਆਖਿਆ ਜਾਂਦਾ ਹੈ।

ਵਾਰ ਦੀ ਬਣਤਰ ਨਿਮਨ-ਲਿਖਤ ਦੇ ਅਨੁਸਾਰ ਹੈ:

(੧) ਸਤਿਗੁਰੂ ਨਾਨਕ ਦੇਵ ਜੀ ਦੀ ਉਪਮਾ ਵਿਚ ਪਹਿਲੀ ਅਤੇ ਦੂਜੀ ਪਉੜੀਆਂ ਹਨ।

(੨) ਸਤਿਗੁਰੂ ਅੰਗਦ ਦੇਵ ਜੀ ਦੀ ਉਪਮਾ ਵਿਚ ੨, ੩, ੪ ਅਤੇ ਪਵੀਂ ਪਉੜੀਆਂ ਹਨ।

(੩) ਸਤਿਗੁਰੂ ਅਮਰਦਾਸ ਜੀ ਦੀ ਉਪਮਾ ਵਿਚ ਛੇਵੀਂ ਪਉੜੀ ਹੈ।

(੪) ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਉਪਮਾ ਵਿਚ ਸਤਵੀਂ ਪਉੜੀ ਹੈ।

(੫) ਸਤਿਗੁਰੂ ਅਰਜਨ ਸਾਹਿਬ ਜੀ ਦੀ ਉਪਮਾ ਵਿਚ ਅਠਵੀਂ ਪਉੜੀ ਹੈ।[1]

ਭਾਈ ਸੱਤਾ ਤੇ ਬਲਵੰਡਿ ਜਿਵੇਂ ਜਿਵੇਂ ਸਤਿਗੁਰੂ ਸਾਹਿਬਾਨ ਦੀ ਉਸਤਤਿ ਕਰਦੇ ਗਏ, ਕੁਸ਼ਟੀ ਰੋਗ ਦੀ ਨਵਿਰਤੀ ਹੁੰਦੀ ਗਈ। ਫਿਰ ਅੰਮ੍ਰਿਤ

---

1. ਦੇਖੋ ਮੈਕਾਲਿਫ਼, ਜਿਲਦ ਤੀਜੀ, ਪੰਨਾ ੬੧।

ਸਰੋਵਰ ਵਿਚ ਇਸ਼ਨਾਨ ਕਰ ਕੇ ਰਿਸ਼ਟ ਪੁਸ਼ਟ ਹੋ ਗਏ। ਦੋਬਾਰਾ ਕੀਰਤਨ ਕਰਨਾ ਆਰੰਭ ਕੀਤਾ, ਪਰੰਤੂ ਸਿੱਖੀ ਹੁਣ ਕੀਰਤਨ ਕਰਨ ਵਾਸਤੇ ਇਨ੍ਹਾਂ 'ਤੇ ਨਿਰਭਰ ਨਾ ਰਹੀ, ਕਿਉਂਕਿ ਸਤਿਗੁਰੂ ਜੀ ਦੇ ਪਾਵਨ ਬਚਨਾਂ ਦਾ ਸਦਕਾ ਅਗੇ ਵਾਸਤੇ ਗੁਰਸਿੱਖ ਕੀਰਤਨ ਆਪ ਹੀ ਕੀਤਾ ਕਰਨਗੇ।

੧੫-੧੨. *ਸੱਤਾ ਅਤੇ ਬਲਵੰਡਿ ਨੂੰ ਦੁੱਖ ਕਿਉਂ ਹੋਇਆ ?*

ਇਕ ਦਫ਼ਾ ਦਾ ਜ਼ਿਕਰ ਹੈ ਕਿ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਬੜੀਆਂ ਰੌਣਕਾਂ ਅਤੇ ਖ਼ੁਸ਼ੀਆਂ ਦੇ ਦਿਹਾੜੇ ਬੀਤ ਰਹੇ ਸਨ। ਸਤਿਗੁਰੂ ਦਸਮੇਸ਼ ਪਿਤਾ ਜੀ ਗੁਰਸਿੱਖਾਂ ਦੇ ਵਿਚਕਾਰ ਬੈਠੇ ਆਤਮਕ ਉਪਦੇਸ਼ ਕਰ ਰਹੇ ਸਨ। ਸਿੱਖ ਨੇ ਹੱਥ ਜੋੜ ਕੇ ਪ੍ਰਸ਼ਨ ਕੀਤਾ, "ਹੇ ਸੱਚੇ ਪਾਤਿਸ਼ਾਹ ਜੀਓ ! ਅਸੀਂ ਆਪ ਜੀ ਦੀ ਪਵਿੱਤਰ ਸ਼ਰਨ ਵਿਚ ਰਹਿ ਕੇ ਜੀਵਨ ਬਤੀਤ ਕਰ ਰਹੇ ਹਾਂ, ਤਦ ਭੀ ਅਸਾਨੂੰ ਕਈ ਇਕ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਕਲੀਫ਼ਾਂ ਅਤੇ ਸੰਕਟਾਂ ਦੇ ਵਿਚ ਜੀਵਨ ਬਤੀਤ ਕਰਨਾ ਪੈਂਦਾ ਹੈ। ਜੇਕਰ ਆਪ ਜੀ ਦੀ ਸ਼ਰਨ ਵਿਚ ਰਿਹਾਂ ਭੀ ਦੁੱਖ ਤਕਲੀਫ਼ ਵਾਪਰਦੇ ਹਨ ਤਦ ਅਸਾਨੂੰ ਸੁਖ ਕਿਥੇ ਮਿਲੇਗਾ ?"

ਸਿੱਖ ਦਾ ਪ੍ਰਸ਼ਨ ਸੁਣ ਕੇ ਹਜ਼ੂਰ ਨੇ ਆਪਣੇ ਦਿਆਲੂ ਸੁਭਾਅ ਦੇ ਅਨੁਸਾਰ ਸਿੱਖ ਨੂੰ ਸੰਬੋਧਨ ਕਰਦੇ ਹੋਏ ਸਮੂਹ ਸੰਗਤ ਨੂੰ ਉਪਦੇਸ਼ ਦਿੱਤਾ, "ਹੇ ਗੁਰਸਿੱਖੋ ! ਜੇਕਰ ਤੁਸੀਂ ਚਾਹੁੰਦੇ ਹੋ, ਤਦ ਤੁਹਾਨੂੰ ਸਾਰੇ ਬ੍ਰਹਮੰਡ ਦੇ ਸੁੱਖਾਂ ਦੀ ਦੌਲਤ ਪ੍ਰਾਪਤ ਹੋ ਸਕਦੀ ਹੈ, ਪਰ ਜੇਕਰ ਤੁਸੀਂ ਉਸ ਸੁਖ ਆਨੰਦ ਦੇ ਸਾਂਈ ਨੂੰ ਯਾਦ ਰਖੋ। ਉਸ ਵਲ ਕਦੇ ਭੀ ਪਿੱਠ ਨਾ ਕਰੋ, ਤਦ ਸੁਖ ਹੀ ਸੁਖ ਹੈ। ਜਿਸ ਵੇਲੇ ਸਿੱਖ ਆਪਣੇ ਕਰਤਾ ਵਲ ਪਿੱਠ ਕਰਦਾ ਹੈ, ਤਦ ਗੁਰੂ ਉਸ ਨੂੰ ਦੁੱਖਾਂ ਵਿਚ ਪਾ ਦਿੰਦਾ ਹੈ, ਤਾਕਿ ਸਿੱਖ ਕਰਤੇ ਨੂੰ ਕਦੇ ਭੀ ਨਾ ਭੁੱਲੇ। ਜੋ ਪਿੱਠ ਕਰਦਾ ਹੈ, ਉਹ ਦੁਖੀਆ ਹੈ, ਜੋ ਸਨਮੁਖ ਰਹਿੰਦਾ ਹੈ ਉਹ ਸੁਖੀਆ ਹੈ।" ਹਜ਼ੂਰ ਦਾ ਫ਼ੁਰਮਾਨ ਹੈ:

ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥
ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ ॥...
ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥
ਗੁਰਮੁਖਿ ਸਨਮੁਖੁ, ਮਨਮੁਖਿ ਵੇਮੁਖੀਆ ॥

—ਮਾਝ ਮਹਲਾ ੫, ਪੰਨਾ ੧੩੧-੫

ਜਦੋਂ ਸਿੱਖ ਗੁਰੂ ਵਲੋਂ ਬੇ-ਮੁਖ ਹੁੰਦਾ ਹੈ, ਤਦ ਸਤਿਗੁਰੂ ਆਪਣੇ ਸਿੱਖ ਨੂੰ ਉਸ ਦੀ ਬੇ-ਮੁਖੀ ਰੀਤੀ ਨੂੰ ਦੂਰ ਕਰਨ ਵਾਸਤੇ ਦੁੱਖ ਦਿੰਦਾ ਹੈ, ਦੁੱਖ ਬਿਪਤਾ

ਨਹੀਂ, ਬਲਕਿ ਇਕ ਦਾਰੂ ਹੈ, ਜੋ ਸਿੱਖ ਨੂੰ ਜਮਾਂ ਦੀ ਮਾਰ ਤੋਂ ਸੁਰੱਖਿਅਤ ਰੱਖਣ ਵਾਸਤੇ ਸਤਿਗੁਰੂ ਵਲੋਂ ਦਿੱਤੀ ਜਾਂਦੀ ਹੈ। ਸਤਿਗੁਰੂ ਆਪਣੇ ਪਿਆਰੇ ਸਿੱਖ ਨੂੰ ਬੇ-ਮੁਖਤਾ ਦੇ ਰੋਗ ਤੋਂ ਬਚਾਉਣ ਲਈ ਦੁੱਖਾਂ ਦੀ ਅਉਖਧ ਦਿੰਦਾ ਹੈ। ਸਿੱਖ ਨੂੰ ਅਰੋਗਤਾ ਬਖ਼ਸ਼ਦਾ ਹੈ, ਤਾਕਿ ਸਿੱਖ ਸਨਮੁਖ ਰਹਿੰਦਾ ਹੋਇਆ ਭਵਜਲ ਨੂੰ ਪਾਰ ਕਰ ਜਾਵੇ। ਜਮਦੂਤਾਂ ਦੀ ਕਠਨ ਪੀੜਾ ਤੋਂ ਬਚਿਆ ਰਹੇ। ਦੁੱਖ ਦਾਰੂ ਹੈ, ਸੁੱਖਾਂ ਵਿਚ ਸਿੱਖ ਰੋਗੀ ਹੋ ਜਾਂਦਾ ਹੈ। ਫ਼ੁਰਮਾਨ ਹੈ:

ਦੁਖੁ ਦਾਰੂ ਸੁਖੁ ਰੋਗੁ ਭਇਆ, ਜਾ ਸੁਖੁ ਤਾਮਿ ਨ ਹੋਈ॥

—ਵਾਰ ਆਸਾ ਮ: ੧, ਪੰਨਾ ੪੬੯-੯

ਹੇ ਵਾਹਿਗੁਰੂ ਜੀਓ! ਤੇਰੀ ਕੁਦਰਤਿ ਬੜੀ ਅਦਭੁਤ ਹੈ। ਬਿਪਤਾ ਜੀਵਾਂ ਦੇ ਰੋਗਾਂ ਦਾ ਇਲਾਜ ਬਣ ਜਾਂਦੀ ਹੈ ਅਤੇ ਸੁੱਖ ਜੀਵਾਂ ਲਈ ਦੁੱਖਾਂ ਦਾ ਕਾਰਨ ਬਣ ਜਾਂਦੇ ਹਨ। ਹਾਂ, ਪਰ ਜੇਕਰ ਅਸਲੀ ਆਤਮਕ ਸੁੱਖ ਦੀ ਪ੍ਰਾਪਤੀ ਹੋ ਜਾਵੇ ਤਦ ਕਦੇ ਭੀ ਦੁੱਖਾਂ ਦੀ ਸਮੱਸਿਆ ਨਹੀਂ ਰਹਿੰਦੀ। ਭਾਵ ਜੇਕਰ ਗੁਰੂ ਵਲ ਮੂੰਹ ਰਹੇ, ਦੁੱਖਾਂ ਦਾ ਖ਼ਾਤਮਾ ਹੋ ਜਾਂਦਾ ਹੈ। ਪਰ ਜੇਕਰ ਗੁਰੂ ਵਲ ਪਿੱਠ ਹੋ ਜਾਵੇ ਤਦ ਸਾਰੇ ਦੁੱਖ ਆਣ ਪਕੜਦੇ ਹਨ।

ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥[1]

—ਵਾਰ ਰਾਮਕਲੀ ਮ: ੫, ਪੰਨਾ ੯੬੪-੧

ਜਿਸ ਵੇਲੇ ਸਿੱਖ ਗੁਰੂ ਦੀ ਕਿਰਪਾ ਦਾ ਪਾਤਰ ਬਣ ਜਾਂਦਾ ਹੈ, ਉਹ ਗੁਰੂ ਦਾ ਬਚਨ ਕਮਾਂਵਦਾ ਹੈ। ਗੁਰੂ ਵਲ ਮੂੰਹ ਕਰ ਕੇ ਗੁਰੂ ਦੇ ਦਰਸਾਏ ਬਚਨ ਦੀ ਕਮਾਈ ਕਰਨੀ ਹੀ ਸੁੱਖਾਂ ਦਾ ਜ਼ਾਮਨ ਹੈ।

ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ॥

—ਵਾਰ ਵਡਹੰਸ ਮ: ੪, ਮ: ੩, ਪੰਨਾ ੫੯੩-੮

ਆਖ਼ਰ ਹਜ਼ੂਰ ਨੇ ਨਿਰਣੈ ਕਰਦੇ ਹੋਏ ਫ਼ੁਰਮਾਇਆ, "ਹੇ ਗੁਰਸਿੱਖੋ! ਗੁਰੂ ਸਿੱਖ ਨੂੰ ਹਮੇਸ਼ਾ ਹੀ ਸੁਖੀ ਵੇਖਣਾ ਮੰਗਦਾ ਹੈ, ਪਰ ਜਦੋਂ ਸਿੱਖ ਬੇ-ਮੁਖਤਾ ਕਰਦਾ ਹੈ, ਸਿੱਖ ਰੋਗੀ ਹੋ ਜਾਂਦਾ ਹੈ, ਤਦ ਸਤਿਗੁਰੂ ਸਿੱਖ ਨੂੰ ਅਰੋਗ ਕਰਨ ਹਿੱਤ ਦੁੱਖਾਂ ਦਾ ਦਾਰੂ ਬਖ਼ਸ਼ਦਾ ਹੈ। ਸਿੱਖ ਅਰੋਗੀ ਹੋ ਕੇ ਫਿਰ ਦੁਬਾਰਾ ਸਦੀਵੀ ਆਤਮਕ ਸੁੱਖਾਂ ਨੂੰ ਭੋਗਦਾ ਹੈ। ਦੁਖ-ਸੁਖ ਨੂੰ ਸਮ ਕਰ ਕੇ ਸਮਝਦਾ ਹੋਇਆ ਸਨਮੁਖ ਹੋ ਕੇ ਜੀਵਨ ਬਤੀਤ ਕਰਦਾ ਹੈ। ਹਮੇਸ਼ਾ ਹੀ ਭਾਣੇ ਵਿਚ ਵਿਚਰਦਾ ਹੈ, 'ਸੁਖ ਭਾਣੈ ਅੰਦਰਿ ਰਖੀਐ'।" ਹੁਣ ਸਾਰੀ ਵਾਰਤਾ ਦਾ ਤੱਤਸਾਰ ਇਹੀ ਨਿਕਲਦਾ ਹੈ, ਜੋ ਸਤਿਗੁਰੂ ਦੇ ਸਨਮੁਖ ਹੋ ਕੇ ਭਾਣੇ ਵਿਚ ਰਹਿ ਕੇ ਸੁਆਮੀ ਦੇ ਗੁਣ

1. ਦੇਖੋ *ਕਰਣੀ ਪ੍ਰਧਾਨ*, ਕਾਂਡ ੯੬—੧੧੭ ਤਕ

ਗਾਇਨ ਕਰਦੇ ਹਨ, ਉਹ ਸਦੀਵ ਕਾਲ ਲਈ ਸੁਹੇਲੇ ਤੇ ਸੁਖੀ ਰਹਿੰਦੇ ਹਨ।

ਏਕਾ ਨਿਰਭਉ ਬਾਤ ਸੁਨੀ॥
ਸੋ ਸੁਖੀਆ ਸੋ ਸਦਾ ਸੁਹੇਲਾ
ਜੋ ਗੁਰ ਮਿਲਿ ਗਾਇ ਗੁਨੀ॥ *—ਮਾਰੂ ਮ: ੫, ਪੰਨਾ ੯੯੮-੧੮*

ਨੋਟ: ਸੱਤਾ ਤੇ ਭਾਈ ਬਲਵੰਡਿ ਨੇ ਗੁਰੂ ਵਲ ਪਿੱਠ ਕੀਤੀ, ਦੁੱਖਾਂ ਦੀ ਪ੍ਰਾਪਤੀ ਹੋਈ। ਉਹ ਦੁੱਖ ਭੀ ਦਾਰੂ ਸੀ, ਸਜ਼ਾ ਨਹੀਂ ਸੀ। ਫਿਰ ਸ਼ਰਨ ਵਿਚ ਆਣ ਕੇ ਸਨਮੁਖ ਹੋ ਗਏ, ਸਦੀਵੀ ਆਤਮਕ ਸੁਖਾਂ ਦੀ ਪ੍ਰਾਪਤੀ ਕੀਤੀ। ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਕਾਰ ਦਾ ਅਸਥਾਨ ਪ੍ਰਾਪਤ ਕੀਤਾ।

ਗੁਰੁ ਗੁਰੁ ਕਰਤ ਸਰਣਿ ਜੇ ਆਵੈ
ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ॥੫॥
—ਬਿਲਾਵਲੁ ਮ: ੪, ਪੰਨਾ ੮੩੭-੨

ਪੁਨਾ—**ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ॥**
ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ॥[1]
—ਬਿਲਾਵਲੁ ਮ: ੫, ਪੰਨਾ ੮੧੩-੧

੧੫-੧੩. ਸੁੰਦਰ ਜੀ

ਬਾਬਾ ਸੁੰਦਰ ਜੀ ਸਤਿਗੁਰੂ ਅਮਰਦਾਸ ਜੀ ਦੇ ਪੜੋਤਾ ਲੱਗਦੇ ਸਨ, ਬਾਬਾ ਮੋਹਰੀ ਜੀ ਦੇ ਪੋਤਰੇ ਅਤੇ ਬਾਬਾ ਆਨੰਦ ਜੀ ਦੇ ਪੁੱਤਰ ਸਨ। ਆਪ ਜੀ ਦੀ 'ਸੱਦ' ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਨਾ ੯੨੩ 'ਤੇ ਸ਼ੁਸ਼ੋਭਿਤ ਹੋ ਰਹੀ ਹੈ। *ਗੁਰ ਪ੍ਰਤਾਪ ਸੂਰਜ* ਵਿਚ ਦਰਜ ਹੈ:

ਨੰਦਨ ਮੋਹਰੀ ਨਾਮ ਅਨੰਦ॥
ਤਿਹ ਨੰਦਨ ਸੁੰਦਰ ਮਤਿਵੰਦ॥[2]

ਸਤਿਗੁਰੂ ਅਰਜਨ ਦੇਵ ਜੀ ਬਾਬਾ ਸੁੰਦਰ ਜੀ ਨੂੰ ਗੋਇੰਦਵਾਲ ਸਾਹਿਬ ਵਿਚ ਉਸ ਵੇਲੇ ਮਿਲੇ, ਜਦੋਂ ਆਪ ਜੀ ਬਾਬਾ ਮੋਹਨ ਜੀ ਪਾਸੋਂ ਪੋਥੀਆਂ ਦੀ ਪ੍ਰਾਪਤੀ ਵਾਸਤੇ ਗਏ ਸਨ। ਉਸ ਮਿਲਾਪ ਦੀ ਕਾਵਿ ਰਚਨਾ *ਗੁਰ ਪ੍ਰਤਾਪ ਸੂਰਜ* ਵਿਚ ਨਿਮਨ-ਲਿਖਤ ਦੇ ਆਧਾਰ 'ਤੇ ਦਰਜ ਕੀਤੀ ਗਈ ਹੈ:

---

1. ਦੇਖੋ *ਕਰਣੀ ਪ੍ਰਧਾਨ*, ਕਾਂਡ ੯੬ ਤੋਂ ੧੧੭ ਤਕ, ਸੰਤਾ ਸਿੰਘ ਬਰਹਮੀ।
2. *ਮਹਾਨ ਕੋਸ਼*, 'ਸੁੰਦਰ' ਪੰਨਾ ੨੧੨, ਕਾਨ੍ਹ ਸਿੰਘ ਨਾਭਾ ; ਦੇਖੋ *ਪੰਜਵੀਂ ਇਲਹਾਮੀ ਜ਼ੀਨਤ*, ਪੰਨਾ ੧੬੧।

ਨਿਕਟਿ ਦੇਖਿ ਸੁੰਦਿਰ ਕੋ ਕਹਯੋ॥
ਹੇ ਸੁਭ ਮਤਿ ਤੁਮ ਸਭ ਕਿਛੁ ਲਹਯੋ॥
ਸ੍ਰੀ ਗੁਰ ਅਮਰਦਾਸ ਜਿਸ ਭਾਤੀ॥
ਗੁਰਤਾ ਤਿਲਕ ਦੀਨ ਸੁਖ ਸਾਂਤੀ॥
ਗੁਰੂ ਭਏ ਜਬ ਪਿਤਾ ਹਮਾਰੇ॥
ਸੋ ਬਨਾਇ ਅਬ ਕਰਹੁ ਉਚਾਰੇ॥੪੭॥
ਸੁਨਿ ਸੁੰਦਰ ਨੇ ਸੱਦ ਬਨਾਵਾ॥
ਸ੍ਰੀ ਅਰਜਨ ਕੋ ਸਕਲ ਸੁਨਾਵਾ॥
ਹੁਇ ਪ੍ਰਸੰਨ ਸੋ ਲੀਨ ਲਿਖਾਈ॥
ਕਹਯੋ ਗ੍ਰੰਥ ਮੈਂ ਧਰਹਿੰ ਬਨਾਈ॥੪੮॥
ਅੰਤ ਸਮੇ ਇਸ ਪਾਠ ਜੁ ਕਰਹੀ॥
ਅੰਤਕ ਪੀਰ ਤਿਨਹੁ ਕੀ ਟਰਹੀਂ॥'[1]

੧੫-੧੪. *ਧੁਰ ਕੀ ਬਾਣੀ ਦੇ ਲਿਖਾਰੀਆਂ ਦੀ ਨਾਮਾਵਲੀ*

(੧) ਸਤਿਗੁਰੂ ਨਾਨਕ ਦੇਵ ਜੀ
(੨) ਸਤਿਗੁਰੂ ਅੰਗਦ ਦੇਵ ਜੀ
(੩) ਸਤਿਗੁਰੂ ਅਮਰਦਾਸ ਜੀ
(੪) ਸਤਿਗੁਰੂ ਰਾਮਦਾਸ ਜੀ
(੫) ਸਤਿਗੁਰੂ ਅਰਜਨ ਦੇਵ ਜੀ
(੬) ਸਤਿਗੁਰੂ ਤੇਗ਼ ਬਹਾਦਰ ਜੀ (ਦਮਦਮੀ ਬੀੜ ਵਿਚ)
(੭) ਭਗਤ ਸਧਨਾ ਜੀ
(੮) ਭਗਤ ਸੂਰਦਾਸ ਜੀ
(੯) ਭਗਤ ਸੈਨ ਜੀ
(੧੦) ਭਗਤ ਕਬੀਰ ਜੀ
(੧੧) ਭਗਤ ਜੈਦੇਵ ਜੀ
(੧੨) ਭਗਤ ਤ੍ਰਿਲੋਚਨ ਜੀ
(੧੩) ਭਗਤ ਧੰਨਾ ਜੀ
(੧੪) ਭਗਤ ਨਾਮਦੇਵ ਜੀ
(੧੫) ਭਗਤ ਪਰਮਾਨੰਦ ਜੀ
(੧੬) ਭਗਤ ਪੀਪਾ ਜੀ
(੧੭) ਭਗਤ ਫਰੀਦ ਜੀ
(੧੮) ਭਗਤ ਬੇਣੀ ਜੀ
(੧੯) ਭਗਤ ਭੀਖਣ ਜੀ
(੨੦) ਭਗਤ ਰਵਿਦਾਸ ਜੀ
(੨੧) ਭਗਤ ਰਾਮਾਨੰਦ ਜੀ
(੨੨) ਭਾਈ ਮਰਦਾਨਾ ਜੀ
(੨੩) ਭਾਈ ਸੱਤਾ ਜੀ
(੨੪) ਭਾਈ ਬਲਵੰਡਿ ਜੀ
(੨੫) ਬਾਬਾ ਸੁੰਦਰ ਜੀ
(੨੬) ਭੱਟ ਬੱਲ
(੨੭) ਭੱਟ ਭੱਲ
(੨੮) ਭੱਟ ਭਿੱਖਾ
(੨੯) ਭੱਟ ਦਾਸ
(੩੦) ਭੱਟ ਗਯੰਦ
(੩੧) ਭੱਟ ਹਰਿਬੰਸ

1. *ਸ੍ਰੀ ਗੁਰ ਪ੍ਰਕਾਸ਼ ਸੂਰਜ*, ਰਾਸ ੩-੩੬।

(੩੨) ਭੱਟ ਜਲ
(੩੩) ਭੱਟ ਜਾਲਪ
(੩੪) ਭੱਟ ਕਲ
(੩੫) ਭੱਟ ਕੀਰਤ
(੩੬) ਭੱਟ ਮਥੁਰਾ
(੩੭) ਭੱਟ ਨੱਲ
(੩੮) ਭੱਟ ਸਦਰੰਗ
(੩੯) ਭੱਟ ਕਲ੍ਸਹਾਰ
(੪੦) ਭੱਟ ਸੱਲ
(੪੧) ਭੱਟ ਟੱਲ
(੪੨) ਭੱਟ ਜਲਯ

ਨੋਟ: ਕਰਤਾਰਪੁਰ ਵਾਲੀ ਬੀੜ ਦੇ ਉਚਰੈਤਾ ੪੧ ਹਨ, ਪਰੰਤੂ ਦਮਦਮਾ ਸਾਹਿਬ ਵਾਲੀ ਬੀੜ ਦੇ ਉਚਰੈਤਾ ਦੀ ਗਿਣਤੀ ੪੨ ਹੈ, ਕਿਉਂਕਿ ਸਤਿਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਕਰਤਾਰਪੁਰੀ ਬੀੜ ਵਿਚ ਨਹੀਂ ਹੈ, ਜੋ ਦਸਮੇਸ਼ ਪਿਤਾ ਜੀ ਨੇ ਦਮਦਮੀ ਬੀੜ ਵਿਚ ਅੰਕਤ ਕੀਤੀ ਹੈ। ਇਸ ਵਾਸਤੇ ਕਰਤਾਰਪੁਰੀ ਬੀੜ ਦੇ ਲਿਖਾਰੀ ੪੧ ਹਨ।

ਨੋਟ ਦੂਸਰਾ: ਦਮਦਮੀ ਬੀੜ ਦੀ ਰਚਨਾ ਸਤਿਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਦਮਦਮਾ ਸਾਹਿਬ ਵਿਚ ਦੁਬਾਰਾ ਆਪਣੇ ਅਨੁਭਵੀ ਪ੍ਰਕਾਸ਼ ਦੁਆਰਾ ਲਿਖਵਾਈ, ਜਿਸ ਦੇ ਲਿਖਾਰੀ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸਨ। ਔਰ ਕਰਤਾਰਪੁਰੀ ਬੀੜ ਦੇ ਲਿਖਾਰੀ ਭਾਈ ਸਾਹਿਬ ਭਾਈ ਗੁਰਦਾਸ ਜੀ ਸਨ।[1]

ਸਾਰੀ ਧੁਰ ਕੀ ਬਾਣੀ ਦੇ ਸ਼ਬਦਾਂ ਦਾ ਜੋੜ ੫੮੯੪ ਹੈ। ਔਰ ਸਾਰੇ ਪਦਿਆਂ ਦੀ ਗਿਣਤੀ ੧੫੫੭੫ ਹੈ।[1]

੧੫-੧੫. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਚਨਾ ਕਾਲ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾਤਮਕ ਤਿਆਰੀ ਸਤਿਗੁਰੂ ਅਰਜਨ ਸਾਹਿਬ ਜੀ ਨੇ ਇਲਾਹੀ ਫ਼ੁਰਮਾਨ ਦੇ ਅਨੁਸਾਰ ਭਾਵੇਂ ਸੰਨ ੧੫੮੧ ਵਿਚ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਆਰੰਭ ਦਿੱਤੀ ਸੀ, ਪਰੰਤੂ ਸੰਨ ੧੬੦੩ ਈਸਵੀ ਵਿਚ ਗੋਇੰਦਵਾਲ ਸਾਹਿਬ ਤੋਂ ਪੋਥੀਆਂ ਲਿਆਵਣ ਉਪਰੰਤ ਲਿਖਾਈ ਦਾ ਸ਼ੁਭ ਕਾਰਜ ਫ਼ੌਰਨ ਹੀ ਸ਼ੁਰੂ ਕੀਤਾ ਗਿਆ। ਸਤਿਗੁਰੂ ਜੀ ਨੇ ਆਪਣਾ ਨਿਵਾਸ ਭੀ ਰਾਮਸਰ ਹੀ ਬਦਲੀ ਕਰ ਲਿਆ। ਗ੍ਰੰਥ ਸਾਹਿਬ ਦੀ ਲਿਖਾਈ ਇਕ ਸਾਲ ਤੋਂ ਕੁਝ ਸਮਾਂ ਜ਼ਿਆਦਾ ਖ਼ਰਚ ਕੇ ਸੰਪੂਰਨ ਕੀਤੀ ਗਈ। ਭਾਵ ਅਗਸਤ ੧, ਸੰਨ ੧੬੦੪ ਵਿਚ ਲਿਖਾਈ ਖ਼ਤਮ ਕੀਤੀ ਗਈ, ਔਰ

1. ਦੇਖੋ ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੩੮-੧੩੯ ਔਰ ਦੇਖੋ ਮੈਕਾਲਿਫ਼, ਜਿਲਦ ਤੀਜੀ, ਪੰਨਾ ੬੦; ਔਰ ਦੇਖੋ ਮੈਕਾਲਿਫ਼, ਜਿਲਦ ੫ ਅਤੇ ੬, ਪੰਨਾ ੨੨੩, ਚੈਪਟਰ ੨੮।

ਅਗਸਤ ੧, ਸੰਨ ੧੬੦੪ ਤੋਂ ਅਗਸਤ ੮, ੧੬੦੪ ਤਕ ਤਤਕਰਾ ਤਿਆਰ ਕੀਤਾ ਗਿਆ, ਫਿਰ ਅਗਸਤ ੮, ਸੰਨ ੧੬੦੪ ਤੋਂ ਅਗਸਤ ੧੫, ਸੰਨ ੧੬੦੪ ਤਕ ਗ੍ਰੰਥ ਸਾਹਿਬ ਜੀ ਦੀ ਜਿਲਦ ਬੰਨ੍ਹ ਕੇ ਲਾਹੌਰੋਂ ਵਾਪਸ ਆ ਗਈ। ਅਗਸਤ ੧੬, ਸੰਨ ੧੬੦੪ ਨੂੰ ਪਾਵਨ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪਹਿਲੀ ਦਫ਼ਾ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ। ਗਿਆਨੀ ਗਿਆਨ ਸਿੰਘ ਜੀ *ਪੰਥ ਪ੍ਰਕਾਸ਼* ਵਿਚ ਨਿਮਨ-ਲਿਖਤ ਸ਼ਬਦਾਂ ਰਾਹੀਂ ਸੰਕੇਤ ਪ੍ਰਗਟਾਉਂਦੇ ਹਨ:

> **ਸ੍ਰੀ ਗੁਰੁ ਨਾਨਕ ਕੀ ਆਦਿ ਮੈ ਲਿਖਾਇ ਬਾਨੀ,**
> **ਦੂਸਰ ਤੀਸਰ ਪੁਨ ਚਤੁਰਥ ਕੇਰ ਹੈਂ॥**
> **ਆਪਨੀ ਲਿਖਾਇ ਪੁਨ ਭਗਤਨ ਕੀ ਅਲਾਇ,**
> **ਰੰਗ ਧਾਰ ਭਾਇਕ ਸੁਭਾਇ ਕਹੀ ਟੇਰ ਹੈਂ॥**
> **ਪਾਂਚ ਗੁਰੂਆਨ ਕੀ ਜੋ ਬਾਨਿ ਤਾਂਕੇ ਅਵਸਾਨ,**
> **ਕਰ ਹੈਂ ਬਖਾਨ ਨਾਮ ਨਾਨਕ ਅਦੇਰ ਹੈਂ॥**
> **ਏਕ ਸਾਲ ਮੈਂ ਸੁਧਾਰ ਕੀਨ ਗੁਰੁ ਗ੍ਰੰਥ ਤਯਾਰ,**
> **ਸੋਲਾਂ ਸੈ ਇਕਾਹਟੇ ਵਿਚਾਰ ਬਿਨ ਦੇਰ ਹੈਂ॥੭੩॥**[1]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਪ੍ਰਤੀ ਕਈ ਇਕ ਹੋਰ ਲਿਖਾਰੀਆਂ ਨੇ ਭੀ ਭਾਦੋਂ ਵਦੀ ਪਹਿਲੀ ਸੰਮਤ ੧੬੬੧ ਦਾ ਹੀ ਸਮਾਂ ਦਰਸਾਇਆ ਹੈ, ਜੋ ਸੰਨ ੧੬੦੪ ਹੀ ਬਣਦਾ ਹੈ। ਮੈਕਾਲਿਫ਼ ਨੇ ਬਹੁਤ ਸੰਕੋਚਵੇਂ ਸ਼ਬਦਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਪ੍ਰਤੀ ਆਪਣੇ ਖ਼ਿਆਲਾਂ ਦਾ ਇਜ਼ਹਾਰ ਕੀਤਾ ਹੈ:

> When all the hymn for insertion had been determined, the Guru sat within his tent and dictated them to Bhai Gurdas. After much time and labour the volume was completed on the first day of the light half of Bhadon, Sambat 1661 (1604A.D.). The Guru then wrote the Mundawani as a conclusion, and affixed his seal thereto.[2]

ਭਾਈ ਬੰਨੋ ਨੂੰ ਅਗਸਤ ੮, ੧੬੦੪ ਨੂੰ ਬੀੜ ਦੀ ਜਿਲਦ ਬਨਾਵਣ ਵਾਸਤੇ ਭੇਜਿਆ ਗਿਆ। ਬੀੜ ਦੀ ਜਿਲਦ ਤਿਆਰ ਹੋ ਕੇ ਬੀੜ ੧੫ ਅਗਸਤ, ਸੰਨ ੧੬੦੪ ਨੂੰ ਵਾਪਸ ਰਾਮਸਰ ਆ ਗਈ। ਉਸ ਵੇਲੇ ਹਜ਼ੂਰ ਪੰਚਮ ਨਾਨਕ

---

1. *ਪੰਥ ਪ੍ਰਕਾਸ਼*, ਪੂ: ਬਿਸ: ੧੯, ਪੰਨਾ ੬੫੭।
2. Macauliffe, iii, p. 64.

ਜੀ ਨੇ ਆਪਣੇ ਕਰ-ਕਮਲਾਂ ਦੁਆਰਾ ਹਸਤਾਖ਼ਰ ਕੀਤੇ ਜੋ ਬੀੜ ਭਾਈ ਗੁਰਦਾਸ ਜੀ ਦੇ ਹੱਥੀਂ ਹਜ਼ੂਰ ਨੇ ਆਪਣੀ ਮੁਬਾਰਕ ਰਸਨਾ ਦੁਆਰਾ ਉਚਾਰ ਕੇ ਲਿਖਵਾਈ ਸੀ। ਦਸਤਖ਼ਤ ਕਰਨ ਦੀ ਮਿਤੀ ਭਾਦੋਂ ਸੁਦੀ ਏਕਮ ਹੈ ਔਰ ਇਹੀ ਮਿਤੀ ਨੂੰ ਹਰਿਮੰਦਰ ਸਾਹਿਬ ਵਿਚ ਬੀੜ ਦਾ ਪਹਿਲਾ ਪ੍ਰਕਾਸ਼ ਹੋਇਆ। ਭਾਵ ਅਗਸਤ ਪਹਿਲੀ ਨੂੰ ਬੀੜ ਤਿਆਰ ਹੋਈ, ਸੰਨ ੧੬੦੪ ਅਗਸਤ ਪਹਿਲੀ ਤੋਂ ਅੱਠ ਅਗਸਤ ਤਕ ਤਤਕਰਾ ਤਿਆਰ ਹੋਇਆ, ਅੱਠ ਤੋਂ ਪੰਦਰਾਂ ਅਗਸਤ ਤਕ ਬੀੜ ਦੀ ਜਿਲਦ ਬੱਝ ਕੇ ਲਾਹੌਰੋਂ ਵਾਪਸ ਰਾਮਸਰ ਆ ਗਈ, ਅਗਸਤ ਸੋਲਾਂ ਸੰਨ ੧੬੦੪ ਨੂੰ ਹਜ਼ੂਰ ਨੇ ਹਸਤਾਖ਼ਰ ਕੀਤੇ ਔਰ ਉਸੇ ਦਿਨ ਬੀੜ ਦਾ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਹੋਇਆ। *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਉਕਤ ਦਰਸਾਏ ਖ਼ਿਆਲਾਂ ਦੀ ਪ੍ਰੋੜ੍ਹਤਾ ਕਰਦਾ ਹੈ:

ਗੁਰਦਾਸ ਬੀੜ ਪਰ ਦਸਖਤ ਕਰੇ ॥
ਸੰਮਤ ਲਿਖਯੋ ਅਧਕ ਸੁਖ ਭਰੇ ॥
ਸੰਮਤ ਸੋਲਾਂ ਸੈ ਸੁਖ ਕਾਰੀ ॥
ਇਕਸਠ ਤਾਂ ਕੇ ਊਪਰ ਧਾਰੀ ॥
ਭਾਦੋਂ ਸੁਦਿ ਏਕਮ ਸੁਖਦਾਈ ॥
ਸ੍ਰੀ ਗ੍ਰੰਥ ਭਯੋ ਪੂਰ ਸਹਾਈ ॥
ਤਤਕਰੇ ਮੈਂ ਸੰਮਤ ਲਿਖ ਧਾਰਾ ॥
ਦਾਯਾ ਸਿੰਧ ਕੀਅ ਪਰਉਪਕਾਰਾ ॥
ਬਨੋ ਕੋ ਅਸ ਬਚ ਫੁਰਮਾਏ ॥
ਤਾਰੋ ਦੇਸ ਸੁ ਆਨੰਦ ਪਾਏ ॥੪੦੮॥
ਦੋਹਰਾ ॥ ਮਮ ਆਗਿਆ ਸਭੀ ਸੁਨੋ ਸੱਤ ਬਾਤ ਨਿਰਧਾਰ ॥
ਗ੍ਰੰਥ ਗੁਰੂ ਸਮ ਮਾਨੀਓ ਭੇਦ ਨ ਕੋਊ ਬਿਚਾਰ ॥੪੦੯॥[1]

੧੫-੧੬. *ਕਾਨ੍ਹਾ, ਪੀਲੋ, ਛੱਜੂ ਅਤੇ ਸ਼ਾਹ ਹੁਸੈਨ*

ਭਾਈ ਲੱਧਾ ਜੀ ਪਰਉਪਕਾਰੀ ਜਿਸ ਵੇਲੇ ਸੱਤਾ ਅਤੇ ਬਲਵੰਡਿ ਦੀ ਭੁੱਲ ਬਖ਼ਸ਼ਵਾ ਕੇ ਵਾਪਸ ਲਾਹੌਰ ਪਰਤ ਆਏ, ਤਦ ਭਾਈ ਲੱਧਾ ਜੀ ਨੇ ਬੜੇ ਪਿਆਰ, ਸਤਿਕਾਰ ਅਤੇ ਵਿਸਥਾਰ ਨਾਲ ਗੁਰੂ-ਉਪਮਾ ਸੰਗਤ ਵਿਚ ਵਰਣਨ ਕੀਤੀ, ਜਿਸ ਦਾ ਸਦਕਾ ਸਮੂੰਹ ਸੰਗਤ ਵਿਚ ਬਹੁਤ ਭਾਰੀ ਸ਼ਰਧਾ ਉਤਪੰਨ ਹੋਈ। ਭਾਈ ਲੱਧਾ ਜੀ ਕੋਲੋਂ ਸਤਿਗੁਰੂ ਜੀ ਪ੍ਰਤੀ ਪੈਗੰਬਰੀ ਰਹੱਸ ਅਤੇ

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੯੦।

ਪਰਾ-ਦੈਵੀ ਉਪਮਾ ਸੁਣ ਕੇ ਲਾਹੌਰ ਦੇ ਆਮ ਵਸਨੀਕ ਬਹੁਤ ਹੀ ਪ੍ਰਭਾਵਤ ਹੋਏ। ਜਿਨ੍ਹਾਂ ਵਿਚ ਚਾਰ ਐਸੇ ਵਿਅਕਤੀ ਭੀ ਸਨ, ਜੋ ਆਪਣੇ ਆਪ ਨੂੰ ਭਗਤ ਅਖਵਾਉਂਦੇ ਸਨ, ਪਰ ਉਹ ਹੱਦ ਦਰਜੇ ਦੇ ਗੁਮਾਨੀ ਵਿਅਕਤੀ ਸਨ, ਜਿਨ੍ਹਾਂ ਦੇ ਨਾਵਾਂ ਦੀ ਸੂਚੀ ਕਾਨ੍ਹਾ, ਛੱਜੂ, ਪੀਲੂ ਅਤੇ ਸ਼ਾਹ ਹੁਸੈਨ ਹੈ। ਉਨ੍ਹਾਂ ਨੇ ਭਾਈ ਲੱਧੇ ਪਾਸੋਂ ਪੁਛਿਆ ਕਿ ਆਪਣੇ ਗੁਰੂ ਜੀ ਦੀ ਕੋਈ ਗਾਥਾ ਸਾਨੂੰ ਭੀ ਸੁਣਾਓ, ਜਿਸ ਦਾ ਤਜ਼ਕਰਾ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਵਿਚ ਐਸੇ ਕੀਤਾ ਗਿਆ ਹੈ:

ਲੱਧੇ ਸੋਂ ਪੂਛਤ ਭਏ ਕਹੁ ਨਿਜ ਗੁਰ ਕੀ ਬਾਤ॥
ਕਿਆ ਰਹਿਣੀ ਕਿਆ ਕਰਤ ਹੈਂ ਤੁਮ ਦੇਖਯੋ ਬਿਖਯਾਤ॥੩੩੨॥
ਚੌਪਈ॥ ਲੱਧੇ ਕਹਾ ਸਾਂਤ ਚਿਤਧਾਰੀ॥
ਅਜ ਅਬਿਨਾਸੀ ਪਰਉਪਕਾਰੀ॥
ਗੁਰ ਬਾਣੀ ਕਾ ਗ੍ਰੰਥ ਬਨਾਯੋ॥
ਤਾਰਨ ਜਗਤ ਜਹਾਜ ਸੁਹਾਯੋ॥
ਸਭ ਭਗਤਨ ਕੇ ਸਬਦਿ ਲਿਖਾਏ॥
ਨਿਸਕਪਟਿ ਭਗਤਿ ਜੋ ਪ੍ਰਭ ਮਨ ਭਾਇ॥
ਇਹ ਸੁਨ ਤਿਨ ਕ੍ਰੋਧ ਮਨ ਕੀਨਾ॥
ਦੇਹਿ ਗੇਹਿ ਜਿਹ ਭਗਤਿ ਨ ਚੀਨਾ॥
ਤਾਂ ਤੇ ਸਬਦ ਲਿਖੇ ਗੁਰ ਤੇਰੇ॥
ਹਮਰੇ ਬਿਨ ਪ੍ਰਮਾਨ ਨਹਿ ਸੇਰੇ॥
ਚਾਰੋਂ ਨਿਜ ਮਨ ਏਹੁ ਵਿਚਾਰੀ॥
ਸੁਧਾ ਸਰੋਵਰ ਚਲੇ ਨਿਹਾਰੀ॥[1]

ਜਿਸ ਵੇਲੇ ਭਾਈ ਲੱਧਾ ਜੀ ਨੇ ਉਕਤ ਵਾਰਤਾ ਆਖੀ, ਗੁਰ-ਉਸਤਤਿ ਸੁਣ ਕੇ ਉਨ੍ਹਾਂ ਦੇ ਮਨ ਵਿਚ ਕ੍ਰੋਧ ਤੇ ਈਰਖਾ ਦੀ ਅਗਨੀ ਭੜਕ ਉਠੀ। ਕਹਿਣ ਲੱਗੇ ਕਿ ਸਤਿਗੁਰੂ ਜੀ ਨੇ ਅਸਾਡੇ ਜੈਸਾ ਭਗਤ ਹਾਲੇ ਤਕ ਨਹੀਂ ਡਿੱਠਾ, ਅਸਾਡੀ ਰਚਨਾ ਤੋਂ ਬਿਨਾਂ ਗ੍ਰੰਥ ਦੀ ਬਾਣੀ ਪ੍ਰਮਾਣਿਕ ਕਿਵੇਂ ਹੋ ਸਕਦੀ ਹੈ? ਐਸੇ ਵਿਚਾਰ ਆਪਣੇ ਆਪਣੇ ਦਿਲ ਵਿਚ ਰੱਖ ਕੇ ਚਾਰੇ ਅਖੌਤੀ ਭਗਤ ਅੰਮ੍ਰਿਤਸਰ ਸਾਹਿਬ ਵਲ ਨੂੰ ਟੁਰ ਪਏ, ਰਾਮਸਰ ਸਾਹਿਬ ਆਣ ਹਾਜ਼ਰ ਹੋਏ। ਸਤਿਗੁਰੂ ਜੀ ਨੇ ਆਦਰ ਸਤਿਕਾਰ ਦਿੱਤਾ, ਜੀ ਆਇਆਂ ਆਖਿਆ, ਤਦ ਕਾਨ੍ਹਾ ਜੋ ਉਨ੍ਹਾਂ ਦਾ ਆਗੂ ਸੀ, ਨਿਮਨ-ਲਿਖਤ ਦੇ ਅਨੁਸਾਰ ਆਖਣ ਲੱਗਾ:

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੯੩-੯੪।

ਕਾਨ੍ਹਾ ਤਬ ਬੋਲਤਿ ਭਯੋ ਇਹ ਕਾਰਣ ਹਮ ਆਇ॥
ਰਚਯੋ ਗ੍ਰੰਥ ਤੁਮ ਹਮ ਸੁਨਯੋ, ਭਗਤਨਿ ਸਬਦ ਲਿਖਾਇ॥੩੩੫॥
ਚੌਪਈ॥ 'ਦੇਹ ਗੇਹ ਤਿਨ ਕੇ ਨਹਿੰ ਕੋਈ॥
ਕਹਾਂ ਭਏ ਨਰ ਜਾਨ ਨ ਹੋਈ॥
ਤਿਨ ਕੇ ਤੁਮ ਇਹ ਸਬਦ ਲਿਖਾਏ॥
ਹਮ ਜੀਵਤ ਨਹੀ ਬੋਲ ਪਠਾਏ॥
ਹਮਰੀ ਬਾਣੀ ਨਹੀਂ ਚੜ੍ਹਾਵੇ॥
ਤੁਮੇ ਪ੍ਰਮਾਣ ਗ੍ਰੰਥ ਕਸ ਪਾਵੇ॥[2]

ਕਾਨ੍ਹਾ ਭਗਤ ਪਾਸੋਂ ਉਕਤ ਦਰਸਾਏ ਸ਼ਬਦ ਸੁਣ ਕੇ, ਸਾਰਿਆਂ ਦਾ ਮਾਣ ਸਤਿਕਾਰ ਕਰਨ ਵਾਲੇ ਪਾਤਿਸ਼ਾਹ ਜੀ ਨੇ ਫ਼ੁਰਮਾਨ ਕੀਤਾ, "ਹੇ ਭਾਈ! ਜਿਵੇਂ ਜਿਵੇਂ ਤੁਹਾਡੀ ਸਾਰਿਆਂ ਦੀ ਮਰਜ਼ੀ ਹੈ, ਤੁਸੀਂ ਭੀ ਵੱਖਰੇ ਵੱਖਰੇ ਰੂਪ ਵਿਚ ਆਪਣੀ ਆਪਣੀ ਰਚਨਾ ਦਾ ਉਚਾਰਨ ਕਰੋ।" ਹਜ਼ੂਰ ਦੇ ਬਚਨ ਸੁਣ ਕੇ ਕਾਨ੍ਹਾ ਭਗਤ ਨੇ ਆਪਣੀ ਰਚਨਾ ਉਚਾਰਨ ਕੀਤੀ, ਜਿਸ ਦੇ ਬੋਲ ਇੰਝ ਹਨ :

ਓਹੀ ਰੇ ਮੈਂ ਓਹੀ ਰੇ॥
ਜਾ ਕਉ ਬੇਦ ਪੁਰਾਨ ਸਭਿ ਗਾਵੈ, ਖੋਜਤਿ ਖੋਜ ਨ ਕੋਈ ਰੇ॥
ਜਾ ਕੋ ਨਾਰਦ ਸਾਰਦ ਸੇਵੈ, ਸੇਵੈ ਦੇਵੀ ਦੇਵਾ ਰੇ॥
ਬ੍ਰਹਮਾ ਬਿਸਨ ਮਹੇਸ ਅਰਾਧਹਿ, ਸਭ ਕਰਦੇ ਜਾ ਕੀ ਸੇਵਾ ਰੇ॥
ਕਹਿ ਕਾਨ੍ਹਾ ਅਸ ਮਮ ਸਰੂਪ ਹੈ, ਅਪਰੰਪਰ ਅਲਖ ਅਭੇਵਾ ਰੇ॥੧॥[3]

ਅਖੌਤੀ ਭਗਤ ਕਾਨ੍ਹਾ ਦੀ ਬਾਣੀ ਸਤਿਗੁਰੂ ਜੀ ਨੇ ਇਹ ਕਹਿ ਕੇ ਨਾ-ਮਨਜ਼ੂਰ ਕਰ ਦਿੱਤੀ ਕਿ ਇਸ ਵਿਚ ਅਹੰਕਾਰ ਦੀ ਅੰਸ਼ ਹੈ। ਗੁਰਮਤਿ ਵਿਚ ਹਉਮੈ ਭਰਪੂਰ ਰਚਨਾ ਵਾਸਤੇ ਕੋਈ ਥਾਂ ਨਹੀਂ ਹੈ। ਸਤਿਗੁਰੂ ਜੀ ਦੇ ਇਲਹਾਮੀ ਕਲਾਮ ਸੁਣ ਕੇ ਕਾਨ੍ਹਾ ਅਤਿਅੰਤ ਹੀ ਕ੍ਰੋਧਤ ਹੋਇਆ, ਔਰ ਆਖਣ ਲੱਗਾ, ਜੇਕਰ ਮੇਰੀ ਰਚਨਾ ਗ੍ਰੰਥ ਵਿਚ ਨਹੀਂ ਚਾੜ੍ਹੋਗੇ, ਵੱਡੀ ਸਜ਼ਾ ਪਾਓਗੇ।

ਕਾਨ੍ਹੇ ਕਹਾ ਹਮ ਬੈਨ ਹਟਾਏ॥
ਯਾਂ ਤੇ ਤੁਮ ਬਡ ਲਹੋ ਸਜ਼ਾਏ॥
ਸ੍ਰੀ ਗੁਰੁ ਕਹਾ ਦੇਰ ਥਿਰ ਨਾਹੀ॥
ਤੁਮ ਭੀ ਮਰੋ ਪੈਂਡ ਕੇ ਮਾਂਹੀ॥੩੩੬॥[4]

---

1. ਜੋ ਦੇਹੀ ਵਿਚ ਨਹੀਂ ਹਨ।
2. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੯੪।
3. *ਸੂਰਜ ਪ੍ਰਕਾਸ਼ ਵਾਰਤਕ*, ਸੋਢੀ ਤੇਜਾ ਸਿੰਘ, ਪੰਨਾ ੨੧੭।
4. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੯੪।

ਸਤਿਗੁਰੂ ਜੀ ਦੀ ਮੁਬਾਰਕ ਰਸਨਾ ਵਿਚੋਂ ਸੁਭਾਵਕ ਹੀ ਉਕਤ ਦਰਸਾਏ ਸ਼ਬਦ ਆਖੇ ਗਏ ਕਿ 'ਤੁਮ ਭੀ ਮਰੋ ਪੈਂਡ ਕੇ ਮਾਂਹੀ'। ਜਿਸ ਵੇਲੇ ਇਹ ਚਾਰੇ ਭਗਤ ਆਪਣੀ ਅਸਫਲਤਾ ਤੋਂ ਉਪਰੰਤ ਲਾਹੌਰ ਨੂੰ ਵਾਪਸ ਜਾ ਰਹੇ ਸਨ, ਰਸਤੇ ਵਿਚ ਅਚਾਨਕ ਐਸੀ ਹਨ੍ਹੇਰੀ ਆਈ, ਆਸਮਾਨੀ ਬਿਜਲੀ ਦੀ ਜ਼ਬਰਦਸਤ ਗੜਗੜਾਹਟ ਹੋਈ। ਇਕ ਦਰਖ਼ਤ 'ਤੇ ਬਿਜਲੀ ਆਣ ਡਿੱਗੀ, ਜੋ ਕਾਨ੍ਹੇ ਦੇ ਸਿਰ 'ਤੇ ਆਣ ਡਿੱਗਾ। ਉਸ ਅਹੰਕਾਰੀ ਭਗਤ ਦੀ ਮ੍ਰਿਤੂ ਉਥੇ ਹੀ ਹੋ ਗਈ। *ਗੁਰਬਿਲਾਸ* ਦਾ ਕਰਤਾ ਇਸ ਵਾਰਤਾ ਦੀ ਹਾਮੀ ਐਸੇ ਭਰਦਾ ਹੈ :

ਦੋਹਰਾ॥ ਅਗਮ ਪੌਨ ਚਾਲੀ ਤਬੈ
ਜਬੈ ਕੜਛ (ਬਿਜਲੀ) **ਖੜਕਾਇ॥**
ਕਾਨ੍ਹੇ ਸਿਰ ਚਕ ਤਰ ਅਯੋ (ਇਕ ਦਰਖ਼ਤ ਡਿਗਿਆ)
ਮਰਯੋ ਮਿਝ ਨਿਕਸਾਇ॥੩੪੨॥[1]

ਕਾਨ੍ਹਾ ਭਗਤ ਤੋਂ ਬਾਅਦ ਪੀਲੋ ਭਗਤ ਦੀ ਵਾਰੀ ਆਈ। ਹਜ਼ੂਰ ਨੇ ਬਚਨ ਕੀਤਾ, "ਭਾਈ ਪੀਲੋ! ਤੁਸੀਂ ਭੀ ਆਪਣੀ ਰਚਨਾ ਉਚਾਰਨ ਕਰੋ।" ਪੀਲੋ ਬੋਲਿਆ :

ਪੀਲੋ ਅਸਾਂ ਨਾਲੋਂ ਸੇ ਭਲੇ ਜੰਮਦਿਆਂ ਜੁ ਮੁਏ॥
ਉਨ੍ਹਾਂ ਚਿਕੜ ਪਾਵ ਨ ਬੋੜਿਆ ਨ ਆਲੂਦ ਭਏ॥[2]

ਪੀਲੋ ਦੀ ਬਾਣੀ ਸੁਣ ਕੇ ਸੱਚੇ ਪਾਤਿਸ਼ਾਹ ਜੀ ਨੇ ਫ਼ੁਰਮਾਇਆ, "ਹੇ ਪੀਲੋ! ਗੁਰੂ-ਘਰ ਵਿਚ ਗ੍ਰਹਿਸਤ ਪ੍ਰਧਾਨ ਹੈ, ਤੁਸਾਂ ਗ੍ਰਹਿਸਤ ਦੀ ਵਿਰੋਧਤਾ ਕੀਤੀ ਹੈ, ਇਸ ਵਾਸਤੇ ਤੁਹਾਡੀ ਰਚਨਾ ਗ੍ਰੰਥ ਸਾਹਿਬ ਵਿਚ ਸਥਾਨ ਲੈਣ ਦੇ ਯੋਗ ਨਹੀਂ ਹੈ।" ਔਰ ਹਜ਼ੂਰ ਨੇ ਸਾਦਰ ਫ਼ੁਰਮਾਇਆ ਕਿ ਹੇ ਭਾਈ! ਜਨਮ ਧਾਰ ਕੇ ਹੀ ਹਰੀ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ ਔਰ ਜਨਮ ਕੇਵਲ ਗ੍ਰਹਿਸਤ ਦੇ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਹਜ਼ੂਰ ਦੇ ਫ਼ੁਰਮਾਨ ਦੀ ਤਰਜਮਾਨੀ *ਗੁਰਬਿਲਾਸ* ਦਾ ਕਰਤਾ ਐਸੇ ਕਰਦਾ ਹੈ :

ਜੀਵਤਿ ਹੀ ਹਰਿ ਕੋ ਲਹੇ, ਸਤਿਗੁਰ ਭਾਖੇ ਬੈਨ॥
ਛੱਜੂ ਤਬ ਬੋਲਤਿ ਭਯੋ, ਮਨਹੁ ਮਾਨ ਕੋ ਐਨ॥੩੪੦॥[3]

ਸਤਿਗੁਰੂ ਜੀ ਦੇ ਰੱਬਾਨੀਅਤ ਭਰਪੂਰ ਪੈਗ਼ੰਬਰੀ ਕਲਾਮ ਸ੍ਰਵਣ ਕਰ ਕੇ

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੯੪।
2. *ਸੂਰਜ ਪ੍ਰਕਾਸ਼ ਵਾਰਤਕ*, ਸੋਢੀ ਤੇਜਾ ਸਿੰਘ, ਪੰਨਾ ੨੧੭।
3. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੯੪।

ਛੱਜੂ ਬੜੇ ਅਹੰਕਾਰ ਵਿਚ ਆਣ ਕੇ ਬੋਲਿਆ ਕਿ ਔਰਤ ਭਾਵੇਂ ਕਾਗਜ਼ ਦੀ ਹੀ ਕਿਉਂ ਨਾ ਹੋਵੇ, ਉਸ ਨੂੰ ਜ਼ਹਿਰ ਦੀ ਗੰਦਲ ਅਤੇ ਤੇਜ਼ ਧਾਰ ਵਾਲੀ ਕਟਾਰ ਹੀ ਸਮਝਣਾ ਚਾਹੀਦਾ ਹੈ। ਛੱਜੂ ਦੀ ਅਸਲੀ ਲਿਖਤ ਐਸੇ ਹੈ:

ਕਾਗਦ ਸੰਦੀ ਪੂਤਰੀ ਤਊ ਨ ਤ੍ਰਿਯਾ ਨਿਹਾਰ॥
ਯੌਂ ਹੀ ਮਾਰ ਲਿਜਾਵਹੀ ਜਥ ਬਲੋਰਨਿ ਧਾਰ॥[1]

ਯਥਾ—ਕਾਗਦ ਕੀ ਜੇ ਹੋਵੈ ਨਾਰੀ॥
ਵਿਸ ਗੰਦਲ ਅਰੁ ਜਾਨ ਕਟਾਰੀ॥
ਸ੍ਰੀ ਗੁਰੁ ਕਹਾ ਬੈਨ ਭਲ ਨਾਹੀਂ॥
ਗ੍ਰਿਸਤੀ ਪੰਥ ਰਚਯੋ ਜਗ ਮਾਹੀਂ॥੨੪੧॥[2]

ਛੱਜੂ ਦੇ ਉਚਾਰਣ ਕੀਤੇ ਹੋਏ ਬੋਲ ਸੁਣ ਕੇ ਹਜ਼ੂਰ ਨੇ ਨਿਰਣੈ ਕੀਤਾ, "ਹੇ ਭਾਈ! ਗੁਰਮਤਿ ਦੇ ਮੂਲਿਕ ਸਿਧਾਂਤ ਦੇ ਅਨੁਸਾਰ ਇਸਤ੍ਰੀ ਸਤਿਕਾਰਨ ਦੇ ਯੋਗ ਹੈ, ਕਿਉਂਕਿ ਇਸ ਤੋਂ ਹੀ ਸਮੂੰਹ ਕਾਇਨਾਤ ਦੀ ਉਤਪਤੀ ਹੁੰਦੀ ਹੈ। ਵੱਡੇ ਮਹਾਨ ਯੋਧੇ, ਪੈਗ਼ੰਬਰ, ਰਾਜੇ ਆਦਿ ਇਸ ਤੋਂ ਹੀ ਪੈਦਾ ਹੁੰਦੇ ਹਨ":

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

—ਵਾਰ ਆਸਾ ਮ: ੧, ਪੰਨਾ ੪੭੩-੯

ਹੁਣ ਸਾਰਿਆਂ ਤੋਂ ਬਾਅਦ ਸ਼ਾਹ ਹੁਸੈਨ ਦੀ ਵਾਰੀ ਭੀ ਆ ਗਈ, ਆਖਿਓਸੁ:

ਚੁਪ ਵੇ ਅੜਿਆ ਚੁਪ ਵੇ ਅੜਿਆ॥
ਬੋਲਣ ਦੀ ਨਹੀਂ ਜਾਇ ਵੇ ਅੜਿਆ॥
ਸਜਣਾ ਬੋਲਣ ਦੀ ਜਾਇ ਨਾਹੀ॥
ਅੰਦਰ ਬਾਹਰ ਹਿਕ ਸਾਂਈ॥
ਕਿਸ ਨੂੰ ਆਖ ਸੁਣਾਈ॥
ਇਕੋ ਦਿਲਬਰ ਸਭ ਘਟ ਰਵਿਆ ਦੂਜੀ ਨਾਹੀ ਕਦਾਈ॥
ਕਹੈ ਹੁਸੈਨ ਫਕੀਰ ਨਿਮਾਣਾ ਸਤਿਗੁਰ ਤੋਂ ਬਲ ਜਾਈ॥[3]

ਸ਼ਾਹ ਹੁਸੈਨ ਦੀ ਰਚਨਾ ਸੁਣ ਕੇ ਸਤਿਗੁਰੂ ਜੀ ਨੇ ਫ਼ੁਰਮਾਇਆ, "ਹੇ ਭਾਈ! ਸਤਿਗੁਰੂ ਨਾਨਕ ਸਾਹਿਬ ਜੀ ਦਾ ਸਿਧਾਂਤ ਚੁਪ ਕਰਨ ਦਾ ਸਿਧਾਂਤ ਨਹੀਂ ਹੈ, ਬਲਕਿ ਗੁਰਮਤਿ ਦਾ ਗਾਡੀ ਰਾਹ ਕੁਝ ਕਹਿਣਾ ਹੈ, ਕੁਝ ਸੁਣਨਾ

---

1. *ਸੂਰਜ ਪ੍ਰਕਾਸ਼ ਵਾਰਤਕ*, ਸੋਢੀ ਤੇਜਾ ਸਿੰਘ, ਪੰਨਾ ੨੧੭।
2. ***ਗੁਰਬਿਲਾਸ ਪਾਤਿਸ਼ਾਹੀ ਛੇਵੀਂ***, ਪੰਨਾ ੮੪।
3. *ਸੂਰਜ ਪ੍ਰਕਾਸ਼ ਵਾਰਤਕ*, ਸੋਢੀ ਤੇਜਾ ਸਿੰਘ, ਪੰਨਾ ੨੧੮।

ਹੈ।" ਹਜ਼ੂਰ ਦਾ ਕਥਨ ਹੈ:

ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ॥

—*ਬਿਹਾਗੜਾ ਮ: ੫ ਛੰਤ, ਪੰਨਾ ੫੪੭-੧੭*

ਯਥਾ—**ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥**

—*ਧਨਾਸਰੀ ਮ: ੧, ਪੰਨਾ ੬੬੧-੧*

ਜਿਸ ਵੇਲੇ ਸ਼ਾਹ ਹੁਸੈਨ ਦੀ ਵਾਰੀ ਖ਼ਤਮ ਹੋ ਗਈ, ਤਦ ਹਜ਼ੂਰ ਨੇ ਫ਼ੁਰਮਾਇਆ, "ਅੱਛਾ ਭਾਈ! ਬਿਹਤਰ ਹੋਵੇਗਾ ਕਿ ਤੁਸੀਂ ਚੁਪ ਹੀ ਰਖੋ।" ਸਤਿਗੁਰੂ ਜੀ ਦੇ ਇਲਹਾਮੀ ਵਾਕ ਸ੍ਵਣ ਕਰਨ ਤੋਂ ਉਪਰੰਤ ਚਾਰੇ ਭਗਤ ਲਾਹੌਰ ਨੂੰ ਵਾਪਸ ਪਰਤ ਗਏ। ਵਾਪਸ ਪਰਤਣ ਪ੍ਰਤੀ ਕੁਝ ਜ਼ਿਕਰ ਨਿਮਨ-ਲਿਖਤ ਦੇ ਅਨੁਸਾਰ ਕੀਤਾ ਗਿਆ ਹੈ:

ਤਬ ਸਤਿਗੁਰ ਬੋਲੇ ਹਰਖਾਇ॥
ਭਲਾ ਕਹਿਓ ਰਖ ਚੁੱਪ ਮਦਾਮਾ (ਪੱਕੀ ਚੁੱਪ)**॥**
ਚਾਰੋਂ ਚਲੇ ਆਪਨੇ ਧਾਮਾ॥
ਕਾਨ੍ਹਾ ਰਥ ਪਰ ਚੜ੍ਹ ਕੈ ਆਯੋ॥
ਰਥ ਚੜ੍ਹ ਸੋ ਲਾਹੌਰ ਕੋ ਧਾਯੋ॥
ਸ੍ਰੀ ਸਤਿਗੁਰ ਬਚ ਯਾਦ ਧਰਾਏ॥
ਦਸਮ ਦੁਆਰ ਨਿਜ ਸਾਸ ਚੜ੍ਹਾਏ॥
ਤੀਨੋ ਭਗਤਿ ਤੁਰੇ ਸੰਗ ਜਾਵੈਂ॥
ਕਾਨ੍ਹਾ ਰਥ ਪਰ ਚਿਤ ਗਰਬਾਵੈਂ॥੩੪੧॥

ਦੋਹਰਾ॥ **ਅਗਮ ਪੌਨ ਚਾਲੀ ਤਬੈ ਜਬੈ ਕੜਛ** (ਬਿਜਲੀ) **ਖੜਕਾਇ॥**
ਕਾਨ੍ਹੇ ਸਿਰ ਚਕ ਤਰ (ਦਰਖ਼ਤ) **ਅਯੋ ਮਰਯੋ ਮਿਝ ਨਿਕਸਾਇ॥੩੪੨॥**
ਤੀਨੋ ਯੋ ਪ੍ਰਾਪਤ ਭਏ ਨਿਜ ਗ੍ਰਿਹ ਧਾਮ ਲਾਹੌਰ॥
ਮਹਾਂ ਪੁਰਖਨ ਸੋ ਜੋ ਅੜੈ ਪੁਜੈ ਨ ਕਿਤ ਹੀ ਠੌਰ॥੩੪੩॥[1]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਿਰੋਲ ਇਲਹਾਮੀ ਸਿਧਾਂਤ ਹੈ, ਇਸ ਵਿਚ ਕੇਵਲ ਛੇ ਪ੍ਰਕਾਰ ਦੇ ਸਿਧਾਂਤ ਦਰਜ ਹਨ:

(੧) ਸੱਚ ਕੀ ਵਸਤੂ ਹੈ?

(੨) ਸੱਚ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

(੩) ਸੱਚ ਦੀ ਪ੍ਰਾਪਤੀ ਵਿਚ ਰੁਕਾਵਟਾਂ ਕਿਹੜੀਆਂ ਕਿਹੜੀਆਂ ਹਨ?

---

1 *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੮੪-੮੫; ਦੇਖੋ *ਸਾਡਾ ਇਤਿਹਾਸ*, ਭਾਗ ਪਹਿਲਾ, ਪੰਨਾ ੧੯੭।

(੪) ਰੁਕਾਵਟਾਂ ਨੂੰ ਸਰ ਕਰਨ ਦੀ ਵਿਧੀ ਕੀ ਹੈ?

(੫) ਜਿਸ ਨੇ ਸੱਚ ਦੀ ਪ੍ਰਾਪਤੀ ਕੀਤੀ, ਉਸ ਨੂੰ ਕੀ ਪ੍ਰਾਪਤ ਹੁੰਦਾ ਹੈ?

(੬) ਜਿਸ ਨੇ ਸੱਚ ਦੀ ਪ੍ਰਾਪਤੀ ਨਹੀਂ ਕੀਤੀ, ਉਸ ਨੂੰ ਕੀ ਹਾਨੀ ਹੁੰਦੀ ਹੈ?

ਕਾਨ੍ਹਾ, ਪੀਲੋ, ਛੱਜੂ ਅਤੇ ਸ਼ਾਹ ਹੁਸੈਨ ਦੀਆਂ ਰਚਨਾਵਾਂ ਉਕਤ ਦਰਸਾਏ ਸਿਧਾਂਤ ਦੇ ਚੌਖਟੇ ਵਿਚ ਨਹੀਂ ਸਮਾ ਸਕੀਆਂ, ਇਹੀ ਕਾਰਨ ਸੀ, ਹਜ਼ੂਰ ਨੇ ਉਨ੍ਹਾਂ ਚੌਹਾਂ ਭਗਤਾਂ ਦੀ ਰਚਨਾ ਨੂੰ ਪਾਵਨ ਗ੍ਰੰਥ ਸਾਹਿਬ ਵਿਚ ਦਰਜ ਕਰਨ ਲਈ ਸਵੀਕਾਰ ਨਹੀਂ ਕੀਤਾ, ਜਿਥੋਂ ਇਹ ਲੋਕ ਤੇ ਇਨ੍ਹਾਂ ਦੇ ਹਮਾਇਤੀ ਗੁਰੂ ਘਰ ਦੇ ਦੋਖੀ ਹੋ ਗਏ, ਜੋ ਹਜ਼ੂਰ ਦੀ ਸ਼ਹੀਦੀ ਦੇ ਬਹੁ-ਪੱਖੀ ਕਾਰਨਾਂ ਵਿਚੋਂ ਇਕ ਕੜੀ ਸਾਬਤ ਹੋਏ।

੧੫-੧੭. ਮੁੰਦਾਵਣੀ ਅਤੇ ਸ਼ੁਕਰਾਨੇ ਦਾ ਸਲੋਕ

ਭਾਦੋਂ ਸੁਦੀ ਪਹਿਲੀ (ਅਗਸਤ ੧, ਸੰਨ ੧੬੦੪ ਈਸਵੀ) ਸੰਮਤ ੧੬੬੧ ਬਿਕ੍ਰਮੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਦਾ ਕਾਰਜ ਸੰਪੂਰਣ ਹੋ ਚੁਕਾ, ਤਦ ਹਜ਼ੂਰ ਨੇ ਧੁਰ ਕੀ ਬਾਣੀ ਦਾ ਸਾਰੰਸ਼ ਦਰਜ ਕਰਨ ਲਈ ਮੁੰਦਾਵਣੀ ਦਾ ਸ਼ਬਦ ਉਚਾਰਨ ਕੀਤਾ ਔਰ ਆਪਣੇ ਕਰ-ਕਮਲਾਂ ਦੁਆਰਾ ਮੋਹਰ ਛਾਪ ਲਗਾ ਦਿੱਤੀ। ਮੁੰਦਾਵਣੀ ਦੀ ਸ਼ਬਦਾਵਲੀ ਨਿਮਨ-ਲਿਖਤ ਦੇ ਮੁਤਾਬਿਕ ਹੈ:

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥

—ਮੁੰਦਾਵਣੀ ਮ: ੫, ਪੰਨਾ ੧੪੨੯-੧੧

ਅਰਥ: ਗ੍ਰੰਥ ਰੂਪੀ ਥਾਲ ਵਿਚ ਤਿੰਨ ਵਸਤੂਆਂ ਦਾ ਸੰਮਿਲਨ ਹੈ—ਸਚੁ, ਸੰਤੋਖੁ ਅਤੇ ਸ਼ਬਦ ਦੀ ਵੀਚਾਰ, ਭਾਵ ਰੱਬੀ ਸਿਧਾਂਤ ਨੂੰ ਸਮਝਣ ਦੀ ਜੁਗਤੀ।

ਸਾਰਿਆਂ ਤੋਂ ਸ਼੍ਰੋਮਣੀ ਸਦੀਵੀ ਜੀਵਨ ਦੇਣ ਵਾਲਾ ਵਾਹਿਗੁਰੂ ਦਾ ਨਾਮ ਭੀ ਇਸ ਪਾਵਨ ਗ੍ਰੰਥ ਵਿਚ ਸੁਸ਼ੋਭਿਤ ਹੋ ਰਿਹਾ ਹੈ, ਜਿਸ ਦਾ ਆਸਰਾ ਸਾਰੀਆਂ ਵਸਤੂਆਂ (ਸਤੁ, ਸੰਤੋਖ ਅਤੇ ਵਿਚਾਰ) ਨੂੰ ਹੈ।

ਜੇਕਰ ਕੋਈ ਵਿਅਕਤੀ (ਸਤੁ, ਸੰਤੋਖ ਅਤੇ ਵਿਚਾਰ ਦੇ ਅਧੀਨ ਨਾਮ ਰੂਪੀ ਭੋਜਨ ਨੂੰ) ਖਾਂਦਾ ਅਤੇ ਹਿਰਦੇ ਵਿਚ ਵਸਾਉਂਦਾ ਹੈ, ਉਸ ਦਾ ਨਿਸਤਾਰਾ ਹੋਵੇਗਾ।

ਹੇ ਭਾਈ! ਇਹ ਵਸਤੂ ਤਿਆਗਣੀ ਨਹੀਂ ਚਾਹੀਦੀ, ਬਲਕਿ ਇਸ ਨੂੰ

ਨਿਤਾ-ਪ੍ਰਤੀ ਆਪਣੇ ਹਿਰਦੇ ਵਿਚ ਟਿਕਾ ਕੇ ਰੱਖ।

ਕਿਉਂਕਿ ਇਹ ਸੰਸਾਰ (ਅਗਿਆਨਤਾ ਦਾ) ਅੰਧੇਰਾ ਹੈ, ਇਸ ਵਾਸਤੇ (ਇਸ ਅੰਧਿਆਰੇ ਤੋਂ ਬਚਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ) ਚਰਨਾਂ ਨਾਲ ਜੁੜ ਕੇ ਹੀ ਪਾਰ ਲੰਘਿਆ ਜਾ ਸਕੀਦਾ ਹੈ। (ਜਿਸ ਵੇਲੇ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ-ਕਮਲਾਂ ਨਾਲ ਲੀਨ ਹੋਵੋਗੇ) ਤਦ ਤੁਹਾਨੂੰ ਸਾਰਾ ਸੰਸਾਰ ਬ੍ਰਹਮ ਦਾ ਪਸਾਰਾ ਹੀ ਦਿਖਾਈ ਦੇਵੇਗਾ। (ਭਾਵ ਕੋਈ ਬੇਗਾਨਾ ਨਜ਼ਰ ਨਹੀਂ ਆਵੇਗਾ, ਜਿਧਰ ਦੇਖਤਾ ਹੂੰ ਤੂ ਹੀ ਤੂ ਦੀ ਅਵਧਾ ਬਣ ਆਵੇਗੀ)।

ਉਕਤ ਦਰਸਾਏ ਲੇਖ ਦੀ ਹਾਮੀ ਮੈਕਾਲਿਫ ਨਿਮਨ-ਲਿਖਤ ਦੇ ਅਨੁਸਾਰ ਭਰਦਾ ਹੈ:

> After much time and labour the volume was completed on the first day of the light half of Bhadon, Sambat 1661 (A.D. 1604). The Guru then wrote the Mudawani as a conclusion, and affixed his seal thereto.[1]

ਵਾਰਾਂ ਤੋਂ ਵਧੀਕ ਸਲੋਕ ਲਿਖਣ ਤੋਂ ਉਪਰੰਤ ਮੁੰਦਾਵਣੀ ਲਿਖੀ ਗਈ। ਮੁੰਦਾਵਣੀ ਦੀ ਲਿਖਾਈ ਤੋਂ ਬਾਅਦ ਭੱਟ ਵਿਦਾ ਹੋ ਗਏ। ਫਿਰ ਸਤਿਗੁਰੂ ਜੀ ਨੇ ਵਾਹਿਗੁਰੂ ਜੀ ਦੇ ਸ਼ੁਕਰਾਨੇ ਵਜੋਂ ਅੰਤਮ ਸਲੋਕ ਉਚਾਰਨ ਕੀਤਾ, ਜਿਸ ਦੀ ਕਾਵਿ-ਰਚਨਾ ਨਿਮਨ-ਲਿਖਤ ਦੇ ਆਧਾਰ 'ਤੇ ਹੈ:

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥

—ਸਲੋਕ ਮ: ੫, ਪੰਨਾ ੧੪੨੯-੧੪

ਅਰਥ: ਹੇ ਪ੍ਰਭੂ! ਤੂੰ ਮੈਨੂੰ (ਇਸ ਧੁਰ ਕੀ ਬਾਣੀ ਦੀ ਸੰਪਾਦਨਾ ਦੇ) ਕਾਬਿਲ ਬਣਾ ਦਿੱਤਾ ਹੈ। ਪਰ ਮੈਂ ਤੇਰੇ ਕੀਤੇ ਉਪਕਾਰ ਦੀ ਕਦਰ-ਸ਼ਨਾਸੀ ਨਹੀਂ ਜਾਣ ਸਕਦਾ।

ਮੈਂ ਗੁਣ ਹੀਣ ਵਿਚ ਕੋਈ ਭੀ ਯੋਗਤਾ ਨਹੀਂ ਸੀ, ਤੂੰ ਆਪ ਖ਼ੁਦ ਹੀ ਮੇਰੇ 'ਤੇ ਤਰਸ ਕੀਤਾ ਹੈ, (ਤਾਕਿ ਮੈਂ ਇਸ ਕਾਰਜ ਨੂੰ ਸੰਪੂਰਣ ਕਰ ਸਕਾਂ)।

ਤੇਰੇ ਮਨ ਵਿਚ ਮੇਰੇ ਵਾਸਤੇ ਤਰਸ ਉਤਪੰਨ ਹੋਇਆ, ਤੇਰੀ ਮਿਹਰ ਹੋਈ, ਤਦ ਮੈਨੂੰ ਸੱਚਾ ਸੱਜਣ ਗੁਰੂ ਮਿਲ ਪਿਆ, (ਸੱਜਣ ਸਤਿਗੁਰੂ ਦੇ ਮਿਲਣ ਕਰਕੇ

1. Macauliffe, iii, p. 64.

ਹੀ ਇਹ ਯੋਗਤਾ ਪ੍ਰਾਪਤ ਹੋਈ)।

ਹੇ ਨਾਨਕ! (ਮੈਨੂੰ ਸੱਚੇ ਗੁਰੂ ਸੱਜਣ ਕੋਲੋਂ) ਨਾਮ ਪ੍ਰਾਪਤ ਹੋਇਆ ਹੈ, ਮੇਰਾ ਸਰੀਰ ਅਤੇ ਮਨ ਪ੍ਰਫੁੱਲਤ ਹੋ ਗਿਆ ਹੈ, (ਜਿਥੋਂ ਧੁਰ ਕੀ ਬਾਣੀ ਨੂੰ ਇਸ ਥਾਲ ਵਿਚ ਪਾਉਣ ਦੀ ਯੋਗਤਾ ਪ੍ਰਾਪਤ ਹੋਈ ਹੈ)।

੧੫-੧੮. *ਰਾਗ ਮਾਲਾ*

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਮਾਲਾ ਦੀ ਬਾਣੀ ਪੰਨਾ ੧੪੨੯ 'ਤੇ ਸੁਸ਼ੋਭਿਤ ਹੈ, ਜਿਸ ਵਿਚ ਚੌਰਾਸੀ ਰਾਗ ਰਾਗਨੀਆਂ ਦੀ ਨਾਮਾਵਲੀ ਕੀਤੀ ਗਈ ਹੈ। ਕੀ ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਟੁੱਟ ਅੰਗ ਹੈ ? ਜਿਸ ਦੀ ਬਾਬਤ ਕੁਝ ਪ੍ਰਮਾਣਿਕ ਲਿਖਾਰੀਆਂ ਦੇ ਹਵਾਲੇ ਆਪ ਜੀ ਦੀ ਵਧੇਰੇ ਗਿਆਤ ਵਾਸਤੇ ਅੰਕਤ ਕੀਤੇ ਜਾ ਰਹੇ ਹਨ। *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦੇ ਕਰਤਾ ਨਿਮਨ-ਲਿਖਤ ਦੇ ਅਨੁਸਾਰ ਨਿਰਣੈ ਕਰਦੇ ਹਨ ਕਿ ਹਜ਼ੂਰ ਪੰਚਮ ਨਾਨਕ ਜੀ ਨੇ ਭੱਟਾਂ ਦੀ ਬਾਣੀ ਲਿਖ ਕੇ ਭੱਟਾਂ ਨੂੰ ਵੱਡੇ ਪਿਆਰ ਸਤਿਕਾਰ ਤੇ ਅਦਬੋ-ਆਦਾਬ ਸਹਿਤ ਵਿਦਾ ਕੀਤਾ। ਉਪਰੰਤ ਵਾਰਾਂ ਤੇ ਵਧੀਕ ਸਲੋਕਾਂ ਦੀ ਲਿਖਾਈ ਕ੍ਰਮਵਾਰ ਕਰਵਾਈ ਗਈ, ਮੁੰਦਾਵਣੀ ਅਤੇ ਸ਼ੁਕਰਾਨੇ ਦਾ ਸਲੋਕ ਲਿਖਿਆ ਗਿਆ। ਫਿਰ ਪਾਵਨ ਬੀੜ ਦਾ ਤਤਕਰਾ ਤਿਆਰ ਕੀਤਾ ਗਿਆ। ਇਸ ਤਰ੍ਹਾਂ ਇਲਹਾਮੀ ਨਜ਼ੂਲਤ ਦੀ ਸਮਾਪਤੀ ਹੋ ਗਈ। ਇਤਨੇ ਸਮੇਂ ਵਿਚ ਹੀ ਹਜ਼ੂਰ ਪੰਚਮ ਨਾਨਕ ਸਾਹਿਬ ਜੀ ਦੀ ਹਜ਼ੂਰੀ ਵਿਚ ਕੁਝ ਰਾਗ ਅਤੇ ਰਾਗਨੀਆਂ ਹੱਥ ਜੋੜ ਕੇ ਆਣ ਖਲੋਤੇ, ਅਤਿਅੰਤ ਹੀ ਰਸੀਲੇ ਸ਼ਬਦਾਂ ਵਿਚ ਨਿਰਗੁਣ ਸਰੂਪ ਵਾਹਿਗੁਰੂ ਦੀ ਪ੍ਰਸੰਸਾ ਕਰਦੇ ਹੋਏ ਸਤਿਗੁਰੂ ਜੀ ਦੇ ਚਰਨ-ਕਮਲਾਂ ਨਾਲ ਲੀਨ ਹੋ ਗਏ। ਸਤਿਗੁਰੂ ਜੀ ਨੇ ਉਨ੍ਹਾਂ ਦੀ ਆਜਜ਼ੀ ਭਰਪੂਰ ਮਸਕੀਨੀ ਨੂੰ ਮੁੱਖ ਰੱਖਦੇ ਹੋਏ ਪੁੱਛਿਆ ਕਿ ਤੁਸੀਂ ਕੀ ਮੰਗਦੇ ਹੋ ? ਤੁਹਾਡੇ ਆਉਣ ਦਾ ਕੀ ਕਾਰਨ ਹੈ ? ਤਦ ਹਜ਼ੂਰ ਦੀ ਆਗਿਆ ਦੇ ਪਾਤਰ ਹੋ ਕੇ ਉਨ੍ਹਾਂ ਸਨਿਮਰ ਬੇਨਤੀ ਕੀਤੀ, ਜਿਸ ਦੇ ਅਲਫ਼ਾਜ਼ (ਸ਼ਬਦ) ਨਿਮਨ-ਲਿਖਤ ਦੇ ਆਧਾਰ 'ਤੇ ਹਨ :

ਵਾਰ ਵਧੀਕ ਸਲੋਕ ਲਿਖ ਮੁੰਦਾਵਣੀ ਔਰ ਲਿਖਾਇ।
ਤਤਕਰਾ ਲਿਖ ਸਭ ਗ੍ਰੰਥ ਕਾ ਭੋਗ ਗ੍ਰੰਥ ਜੀ ਪਾਇ।੩੮੯।
ਚੌਪਈ॥ ਤਬ ਲੋ ਰਾਗ ਸਭੀ ਇਕ ਠਾਏ॥
ਗੁਰੂ ਅਰਜਨ ਕੇ ਸਨਮੁਖ ਆਏ॥
ਕ੍ਰਿਪਾ ਸਿੰਧ ਉਸਤਤ ਕਰੀ॥
ਭਾਂਤ ਭਾਂਤ ਮਨ ਆਨੰਦ ਭਰੀ॥
ਉਸਤਤ ਕਰ ਗੁਰ ਪਗ ਲਪਟਾਏ॥

ਦਯਾ ਸਿੰਧ ਪੂਛਿਓ ਮਨ ਲਾਏ ॥
ਨਿਜ ਆਵਨ ਕਾ ਕਾਰਨ ਕਹੋ ॥
ਤਿਨੈ ਕਹਾ ਤੁਮ ਸਭ ਕਿਛ ਲਹੋ (ਜਾਣਦੇ ਹੋ) ॥
ਹਮ ਜਗ ਤੇ ਅਤ ਹੀ ਦੁਖ ਪਾਏ ॥
ਆਏ ਤਕ ਤੁਮਰੀ ਸਰਨਾਇ ॥
ਇਹ ਬਿਧ ਹਮ ਜਗ ਮੈ ਦੁਖ ਪਾਵੈਂ ॥
ਪੁਤ੍ਰੀਂ ਸਾਥ ਪਿਤਾ ਨਰ ਗਾਵੈਂ ॥
ਔਰ ਮਨੁਖ ਸਾਥ ਸਸੁਰਾਰੇ[1] ॥
ਪੂਤ ਮਾਤ ਕਰਹੈਂ ਇਕ ਠਾਰੇ ॥
ਸਮਝ ਨ ਪ੍ਰਾਤ ਸਮਾਂ ਮਧਿਆਨਾ (ਦੁਪਹਿਰ ਦਾ) ॥
ਵਿਪਰਜੇ[2] ਗਾਵੈਂ ਧਾਰ ਗੁਮਾਨਾ ॥੩੮੭॥
ਦੋਹਰਾ ॥ ਤਾਂਤੇ ਜਤਨ ਕੋ ਅਸ ਕਰੋ ਹੇ ਪ੍ਰਭ ਦੀਨਾਨਾਥ ॥
ਭਿੰਨ ਭਿੰਨ ਸਭ ਕੋ ਲਿਖੋ ਹਮ ਸਭ ਕਰੋ ਸਨਾਥ ॥੩੮੮॥
ਰਾਗਨਿ ਕੀ ਬਿਨਤੀ ਸੁਨੀ ਗੁਰ ਅਰਜਨ ਸੁਖ ਖਾਨ ॥
ਰਾਗ ਮਾਲਾ ਤਬ ਹੀ ਲਿਖੀ ਭੋਗ ਤਾਹਿ ਪਰ ਠਾਨ ॥੩੮੯॥
ਚੌਪਈ ॥ ਕਹੇ ਰਾਗ ਖਟ, ਤੀਹ ਸੰਗ ਨਾਰੀ ॥
ਅਸਟਿ ਅਸਟਿ ਸੁਤ ਕਹੇ ਉਚਾਰੀ ॥
ਅਠਤਾਲੀ ਸੁਤ ਸਭ ਕੇ ਭਏ ॥
ਅਤਿ ਅਨੰਦ ਮਨਿ ਰਾਗਨਿ ਲਏ ॥
ਸ੍ਰੀ ਗੁਰ ਭੋਗ ਗ੍ਰੰਥ ਜੀ ਪਾਯੋ ॥
ਭਾਂਤਿ ਭਾਂਤਿ ਪਰਸ਼ਾਦਿ ਕਰਾਯੋ ॥
ਕੜਾਹ ਪ੍ਰਸ਼ਾਦਿ ਸੁ ਭਯੋ ਬਿਅੰਤਾ ॥
ਆਗਯਾ ਕਰੀ ਗੁਰੂ ਭਗਵੰਤਾ ॥
ਹੁਮ ਹੁਮਾਇ ਸੰਗਤ ਸਭ ਆਈ ॥
ਰਾਮ ਸਰੇ ਮਨ ਆਨੰਦ ਪਾਈ ॥੩੯੦॥[3]

ਉਕਤ ਦਰਸਾਈ ਉਦਾਹਰਣ ਤੋਂ ਭਲੀ ਭਾਂਤਿ ਇਹ ਨਿਰਣੈ ਹੋਇ ਆਂਵਦਾ ਹੈ ਕਿ ਰਾਗ ਮਾਲਾ ਦੀ ਲਿਖਤ ਪੰਚਮ ਸਤਿਗੁਰੂ ਜੀ ਨੇ ਆਪਣੀ ਆਗਿਆ ਦੇ ਅਨੁਸਾਰ ਹੀ ਪਾਵਨ ਬੀੜ ਵਿਚ ਅੰਕਤ ਕਰਵਾਈ।

ਪਿਛਲੇ ਸਮੇਂ ਵਿਚ ਗੁਰਮਤਿ ਦੀ ਹੋਂਦ ਤੋਂ ਪਹਿਲਾਂ ਆਮ ਲੋਕ ਮਿਰਤਕ

1. ਸਸੁਰਾਰੇ—ਸਹੁਰੇ ਨਾਲ। 2. ਵਿਪਰਜੇ—ਉਲਟ, ਵਿਰੁੱਧ।
3. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੬੮।

ਸੰਸਕਾਰ ਦੀ ਪਿਤਾ-ਪੁਰਸ਼ੀ ਰੀਤੀ ਨੂੰ ਸੰਪੂਰਣ ਕਰਨ ਲਈ ਗਰੁੜ ਪੁਰਾਣ ਦੀ ਕਥਾ ਕਰਵਾਇਆ ਕਰਦੇ ਸਨ। ਪਰੰਤੂ ਅਜ ਜਦ ਪਾਵਨ ਬੀੜ ਦੀ ਸੰਪੂਰਣਤਾ ਵਜੂਦ ਵਿਚ ਆ ਗਈ ਤਦ ਹਜ਼ੂਰ ਪੰਚਮ ਨਾਨਕ ਜੀ ਨੇ ਸਮੂੰਹ ਸੰਗਤ ਪ੍ਰਤੀ ਹੁਕਮ ਸਾਦਰ ਫ਼ੁਰਮਾਇਆ ਕਿ ਅਜ ਤੋਂ ਬਾਅਦ ਮਿਰਤਕ ਸੰਸਕਾਰ ਦੀ ਰੀਤੀ ਅਥਵਾ ਕਿਸੇ ਹੋਰ ਖ਼ੁਸ਼ੀ ਗ਼ਮੀ ਦੀ ਰਸਮ ਰੀਤ ਪਾਵਨ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਕੇ ਕੀਤੀ ਜਾਵੇ। ਔਰ ਪਵਿੱਤਰ ਬਾਣੀ ਦਾ ਭੋਗ ਰਾਗ ਮਾਲਾ ਤੇ ਪਾਇਆ ਜਾਵੇ। *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਵਿਚ ਸਤਿਗੁਰੂ ਜੀ ਦੇ ਪਾਵਨ ਹੁਕਮ ਦੀ ਕਾਵਿ ਰਚਨਾ ਨਿਮਨ-ਲਿਖਤ ਦੇ ਅਨੁਸਾਰ ਕੀਤੀ ਗਈ ਹੈ :

ਚੌਪਈ ॥ ਆਗਿਆ ਔਰ ਸੁਨੋ ਮਨ ਲਾਇ ॥
ਸਭ ਹੀ ਮਨਾ ਧਾਰੋ ਸੁਖ ਪਾਇ ॥
ਪਾਛੈ ਚਲੀ ਰੀਤ ਇਹ ਆਈ ॥
ਮਿਰਤਕ ਪਾਛੈ ਐਸ ਕਰਾਈ ॥
ਗਰੜ ਪੁਰਾਨ ਪਢਾਵਤ ਕੋਊ ॥
ਔਰ ਪੁਰਾਨ ਪੜਨ ਮਤ ਲੋਊ (ਕਈ ਲੋਕ) ॥
ਬੇਦ ਪੁਰਾਨ ਅਥ ਸਭ ਮਥ ਲੀਨੇ ॥
ਸਭ ਕਾ ਸਾਰ ਗ੍ਰੰਥ ਜੀ ਕੀਨੇ ॥
ਮ੍ਰਿਤ ਪਾਛੈ ਇਹ ਰੀਤ ਸੁ ਕਰੋ ॥
ਗੁਰੂ ਗ੍ਰੰਥ ਪਾਠ ਸੁ ਧਰੋ ॥
ਪਾਵੈ ਭੋਗ ਰਾਗ ਮਾਲ ਪੜ੍ਹ ॥
ਛਿਨ ਮਹਿ ਪਾਪ ਜਾਹਿ ਤਾਂਕੇ ਸੜ ॥
ਕੜਾਹ ਪ੍ਰਸ਼ਾਦਿ ਤਿਹ ਨਮਿਤ ਕਰਾਵੈ ॥
ਨਰਕ ਦੁਆਰ ਕੋ ਸੋ ਨਹਿ ਜਾਵੈ ॥
ਪਾਛੈ ਮ੍ਰਿਤਕ ਐਸ ਬਿਧ ਕਰੋ ॥
ਜੀਵਤ ਜਤਨ ਐਸ ਬਿਧ ਧਰੋ ॥੪੧੪॥
ਦੋਹਰਾ ॥ ਧਾਰ ਪ੍ਰੇਮ ਗੁਰ ਗ੍ਰੰਥ ਕਾ ਪਾਠ ਕਰੈ ਮਨ ਲਾਇ ॥
ਰਾਗਮਾਲ ਪੜ੍ਹ ਪ੍ਰੇਮ ਸੋ ਭੋਗ ਜਪੁਜੀ ਤੇ ਪਾਇ ॥੪੧੫॥[1]

ਗੋਕਲ ਚੰਦ ਨਾਰੰਗ ਆਪਣੀ ਪੁਸਤਕ *ਟਰਾਂਸਫਾਰਮੇਸ਼ਨ ਆਫ਼ ਸਿਖਇਜ਼ਮ* ਵਿਚ ਪਾਵਨ ਬੀੜ ਦੀ ਬਣਤਰ ਪ੍ਰਤੀ ਆਪਣੇ ਖ਼ਿਆਲਾਂ ਦਾ ਇਜ਼ਹਾਰ ਕਰਦੇ ਹੋਏ ਲਿਖਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਵਿਚ ਰਾਗ

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੯੦।

ਮਾਲਾ ਭੀ ਇਕ ਹਿੱਸਾ ਹੈ। ਨਾਰੰਗ ਲਿਖਦਾ ਹੈ ਕਿ ਮੈਂ ਜਿਤਨੇ ਭੀ ਅਖੰਡ ਪਾਠਾਂ ਵਿਚ ਸ਼ਮੂਲੀਅਤ ਕੀਤੀ ਹੈ, ਰਾਗ ਮਾਲਾ ਅੰਤ ਵਿਚ ਲਾਜ਼ਮੀ ਪੜ੍ਹੀ ਜਾਂਦੀ ਹੈ। ਪਰੰਤੂ ਲੋਕ ਰਾਇ ਹਾਲੇ ਤਕ ਭੀ ਦੋ ਖ਼ਿਆਲਾਂ ਵਿਚ ਵੰਡੀ ਹੋਈ ਹੈ। ਅਸਲੀ ਲਿਖਤ ਨਿਮਨ-ਲਿਖਤ ਦੇ ਅਨੁਸਾਰ ਹੈ:

4. *Contents:* To analyse the contents of the Adi Granth is to analyse Sikhism as it existed before the modification introduced by the new dispensation of the last Guru. As I propose to deal with the subject at some length in the following chapter, I think it sufficient simply to enumerate the various parts which form the body of the Adi Granth. They are as follows:

(1) The Japuji of Guru Nanak, a devotional piece enjoined to be recited with the morning prayer.

(2) So Dar (that door) consisting of extracts from the body of the book, recited with the evening prayer.

(3) So Purkh (that Supreme Being) also recited with evening prayer.

(4) Sohila (song of praise) recited when going to bed.

(5) The body of the book classified according to Ragas, types of stanza.

(6) The Bhog or the Epilogue or conclusion consisting of miscellaneous matter containing some piece by the Guru themselves, Kabir and Farid and the panegyrics of the Brahman bards.

(7) Rag Mala : enumeration of all Rags and Raginis.

Foot Note 1: There has been a great deal of controversy among the Sikhs as to whether Rag Mala is an essential part of the Granth. Opinion is still divided on the point, but at all the Akhandpaths, I have attended, the Rag Mala has always been read out like other parts of the Granth Sahib.[1]

1. G.C. Narang, *Transformation of Sikhism*, p. 245.

ਜਿਵੇਂ ਪਿਛਲੇ ਪੰਨਿਆਂ 'ਤੇ ਆਪ ਜੀ ਨੇ ਰਾਗ ਮਾਲਾ ਦੀ ਬਾਬਤ ਸਹਿਮਤੀ ਰੱਖਣ ਵਾਲੇ ਲਿਖਾਰੀਆਂ ਦੇ ਖ਼ਿਆਲ ਪੜ੍ਹੇ ਹਨ। ਇਨ੍ਹਾਂ ਲਿਖਾਰੀਆਂ ਵਿਚੋਂ ਮੋਢੀ ਲਿਖਾਰੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਹਨ, ਜਿਨ੍ਹਾਂ ਵੱਡੇ ਵਿਸਥਾਰ ਦੁਆਰਾ ਰਾਗ ਮਾਲਾ ਬਾਬਤ ਇਹ ਹਾਮੀ ਭਰੀ ਹੈ ਕਿ ਰਾਗ ਮਾਲਾ ਗੁਰੂ-ਕ੍ਰਿਤ ਹੈ ਔਰ ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੁਰਲੱਭ ਵਸਤੂ ਹੈ।[1]

ਪਾਠਕਾਂ ਦੀ ਵਧੇਰੇ ਜਾਣਕਾਰੀ ਲਈ ਰਾਗ ਮਾਲਾ ਦੇ ਵਿਪਰੀਤ ਖ਼ਿਆਲ ਭੀ ਸੁਣਨੇ ਸਮਝਣੇ ਅਤੇ ਪੜ੍ਹਨੇ ਉਤਨੇ ਹੀ ਲਾਜ਼ਮੀ ਹਨ, ਜਿਤਨੇ ਰਾਗ ਮਾਲਾ ਪੱਖੀ ਖ਼ਿਆਲਾਂ ਦਾ ਜਾਣਨਾ ਜ਼ਰੂਰੀ ਹੈ। ਮੇਰੇ ਸਾਹਮਣੇ ਇਕ ਨਿੱਕੀ ਜਿਹੀ ਪੁਸਤਕ ਪਈ ਹੈ, ਜਿਸ ਦਾ ਸਿਰਲੇਖ ਹੈ *(ਮਾਧਵ ਨਲ ਕਾਮ ਕੰਦਲਾ) ਕ੍ਰਿਤ ਕਵੀ ਆਲਿਮ ਤੇ ਰਾਗ ਮਾਲਾ ਨਿਰਣੈ* ਪੜਚੋਲ ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਰੀਸਰਚ ਸਕਾਲਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਇਸ ਪੁਸਤਕ ਵਿਚ ਬਹੁਤ ਹੀ ਖੁੱਲ੍ਹੇ ਵਿਸਥਾਰ ਦੁਆਰਾ ਰਾਗ ਮਾਲਾ ਗੁਰੂ ਕੀ ਕ੍ਰਿਤ ਨਹੀਂ ਹੈ, ਪ੍ਰਥਾਇ ਵੱਡੇ ਵਜ਼ਨਦਾਰ ਅਤੇ ਨਿਰਣੈ ਭਰਪੂਰ ਖ਼ਿਆਲ ਦਿੱਤੇ ਗਏ ਹਨ। ਪੁਸਤਕ ਦੇ ਕਰਤਾ ਲਿਖਦੇ ਹਨ ਕਿ ਭਾਈ ਵੀਰ ਸਿੰਘ ਜੀ ਪਾਰਟੀ ਬਾਜ਼ੀ ਦੇ ਕਾਰਨ ਅਸਲੀਅਤ ਨੂੰ ਜਾਣਦੇ ਹੋਏ ਭੀ ਉਸ ਦੇ ਉਤੇ ਪਰਦਾ ਪਾਣ ਦੀ ਕੋਸ਼ਿਸ਼ ਕਰਦੇ ਹਨ, ਭਾਵ ਰਾਗ ਮਾਲਾ ਨੂੰ ਗੁਰੂ ਕ੍ਰਿਤ ਦਰਸਾਣ ਲਈ ਬਜ਼ਿਦ ਸਨ, ਤਾਕਿ ਸਿੱਖ ਸੰਗਤਾਂ ਨੂੰ ਗੁਰੂ ਕ੍ਰਿਤ ਦਰਸਾ ਕੇ ਪ੍ਰਭਾਵਤ ਕੀਤਾ ਜਾ ਸਕੇ, ਔਰ ਰਾਗ ਮਾਲਾ ਪੱਖੀ ਬਣਾਇਆ ਜਾ ਸਕੇ। ਅਤੇ ਇਸ ਤਰ੍ਹਾਂ ਕਰਨ 'ਤੇ ਜਦ ਸਿੱਖ ਜਨਤਾ ਦੀ ਸੋਚ ਨੂੰ ਚੰਗੀ ਤਰ੍ਹਾਂ ਜੰਦਰੇ ਵੱਜ ਜਾਣਗੇ ਤਾਂ ਵਾਰਿਸ ਸ਼ਾਹ ਦੀ ਬੈਂਤ ਦਾ ਅੰਤਲਾ ਮਿਸਰਾ ਠੀਕ ਫਬੇਗਾ।

ਵਾਰਿਸ ਸ਼ਾਹ ਮੀਆਂ ਲੋਕਾਂ ਕਮਲਿਆਂ ਨੂੰ,
ਕਿੱਸਾ ਜੋੜ ਹੁਸ਼ਿਆਰ ਸੁਣਾਇਆ ਈ।[2]

ਮਾਧਵ ਨਲ ਇਕ ਸੁਲਝਿਆ ਹੋਇਆ ਵਿਦਵਾਨ ਬ੍ਰਾਹਮਣ ਸੀ ਔਰ ਕਾਮ ਕੰਦਲਾ ਕਸ਼ਮੀਰ ਦੇਸ਼ ਦੀ ਜੰਮਪਲ ਅਤਿਅੰਤ ਹੀ ਸੁੰਦਰ ਨਾਰੀ ਅਤੇ ਗਾਇਕਾ ਸੀ, ਜੋ ਮਾਧਵ ਨਲ ਦੀ ਸੁਹਿਰਦ ਪ੍ਰੇਮਕਾ ਬਣੀ। ਇਨ੍ਹਾਂ ਦੋਹਾਂ ਦੀ ਮੁਹੱਬਤ ਦੀ ਗਾਥਾ ਕੋਈ ਮਾਨਵ ਕਲਪਨਾ ਨਹੀਂ ਹੈ। ਬਲਕਿ ਇਨ੍ਹਾਂ ਦੀ ਪ੍ਰੇਮ ਕਹਾਣੀ

1. ਦੇਖੋ *ਅਸ਼ਟ ਗੁਰੂ ਚਮਤਕਾਰ*, ਭਾਗ ਦੂਜਾ, ਪੰਨਾ ੫੯, ਭਾਈ ਵੀਰ ਸਿੰਘ ਜੀ; ਦੇਖੋ *ਕਰਣੀ ਪ੍ਰਧਾਨ*, ਕਾਂਡ ੬੯, ਪੰਨਾ ੨੧੭, ਕਾਂਡ ੪੪, ਪੰਨਾ ੧੨੫, ਸੰਤਾ ਸਿੰਘ ਤਾਤਲੇ, ਬਰਹਮੀ।
2. *ਮਾਧਵ ਨਲ ਕਾਮ ਕੰਦਲਾ*, ਪੰਨਾ ੩੩-੩੪।

ਇਕ ਇਤਿਹਾਸਕ ਸੱਚਾਈ ਹੈ। ਇਸ ਹੁਸੀਨ ਪ੍ਰੇਮ-ਗਾਥਾ ਦਾ ਸਮਾਂ ਸੰਮਤ ੯੧੯ ਮੁਤਾਬਿਕ ਸੰਨ ੮੬੨ ਈਸਵੀ ਹੈ। ਕਹਾਣੀ ਦਾ ਆਰੰਭ ਪੁਸ਼ਪਾਵਤੀ ਨਗਰ ਤੋਂ ਆਰੰਭ ਹੁੰਦਾ ਹੈ, ਜਿਥੇ ਰਾਜਾ ਗੋਬਿੰਦ ਚੰਦ ਰਾਜ ਕਰਦਾ ਸੀ। ਇਹ ਅਸਥਾਨ ਜੱਬਲਪੁਰ ਅਤੇ ਕਟਨੀ ਦੇ ਵਿਚਕਾਰ ਹੈ, ਜਿਥੇ ਮਾਧਵ ਨਲ ਨੇ ਆਪਣੀ ਮਾਸ਼ੂਕਾ ਕਾਮ ਕੰਦਲਾ ਲਈ ਬੜੇ ਕੀਮਤੀ ਮੰਡਪ ਬਣਵਾਏ ਸਨ ।[1] ਪੁਰਾਤਨ ਤਵਾਰੀਖ਼ ਦੇ ਖੋਜੀ ਮਾਹਰਾਂ ਨੇ ਇਹ ਨਿਰਣੈ ਕੀਤਾ ਹੈ ਕਿ ਜਿਨ੍ਹਾਂ ਮਹਿਲ ਮਾੜੀਆਂ ਵਿਚ ਕਾਮ ਕੰਦਲਾ ਨਿਵਾਸ ਕਰਦੀ ਸੀ, ਉਹ ਮਾਧਵ ਨਲ ਨੇ ਹੀ ਬਣਵਾਏ ਸਨ।

ਜਿਨ੍ਹਾਂ ਦਿਨਾਂ ਵਿਚ ਮਾਧਵ ਨਲ ਪੁਸ਼ਪਾਵਤੀ ਨਗਰੀ ਵਿਚ ਨਿਵਾਸ ਕਰਦਾ ਸੀ, ਨਗਰ ਦੀਆਂ ਆਮ ਇਸਤ੍ਰੀਆਂ ਮਾਧਵ ਨਲ ਦੀ ਸੁੰਦਰਤਾ ਅਤੇ ਕਲਾ 'ਤੇ ਮੋਹਤ ਹੋਣੀਆਂ ਆਰੰਭ ਹੋ ਗਈਆਂ। ਜਿਥੋਂ ਪਰਜਾ ਦੀ ਵਿਰੋਧਤਾ ਮਾਧਵ ਨਲ ਦੇ ਵਿਰੁੱਧ ਤੇਜ਼ ਹੁੰਦੀ ਗਈ। ਪਰਜਾ ਨੂੰ ਸੰਤੁਸ਼ਟ ਰੱਖਣ ਲਈ ਪੁਸ਼ਪਾਵਤੀ ਦੇ ਰਾਜਾ ਗੋਬਿੰਦ ਚੰਦ ਨੇ ਮਾਧਵ ਨਲ ਨੂੰ ਦੇਸ਼ ਨਿਕਾਲੇ ਦਾ ਆਦੇਸ਼ ਜਾਰੀ ਕਰ ਦਿੱਤਾ :

ਚੌਪਈ ॥ ਪੁਹਪਾਵਤੀ ਨਗਰੁ ਇਕ ਸੁਨਾ ॥
ਗੋਬਿੰਦ ਚੰਦੁ ਰਾਜਾ ਬਹੁ ਗੁਨਾ ॥
ਧਰਮ ਪੰਥ ਦਿਨ ਪ੍ਰਤਿ ਪਗੁ ਧਰਈ ॥
ਪਰਮ ਪਵਿੱਤ੍ਰ ਪਾਪ ਪਰਹਰਈ ॥
ਤਾ ਮਹਿ ਰਹੈ ਸਦਾ ਸੁਖੁ ਤਿਆਗੀ ॥
ਮਾਧਵ ਨਲ ਬ੍ਰਾਹਮਨ ਬੈਰਾਗੀ ॥
ਰਾਜੇ ਪਾਸ ਪ੍ਰਾਤ ਉਠਿ ਆਵੈ ॥
ਲੇ ਤੁਲਸੀ ਚਲ ਦੇਵ ਪੁਜਾਵੈ ॥
ਦੇਵ ਪੁਜਾਇ ਬੋਲੈ ਸੁਭ ਬੈਨਾ ॥
ਬਹੁਰਿ ਜਾਇ ਗ੍ਰਿਹ ਮੂਰਤ ਮੈਨਾ ॥[2]
ਸੋਰਠਾ ॥ ਬਾਚੇ ਬੇਦ ਪੁਰਾਨ, ਨਉ ਬਿਆਕਰਨ ਬਖਾਨੀ ॥
ਜੋਤਕ ਆਗਮ ਜਾਨ, ਸਾਮੁਦ੍ਰਿਕ ਸਭ ॥੭॥
ਚੌਪਈ ॥ ਅਤਿ ਰੂਪਵੰਤ ਸਗਲ ਗੁਨ ਭਰਿਓ ॥
ਪ੍ਰਹਮੀ ਕਾਮਦੇਵ ਅਉਤਰਿਓ ॥

1. ਦੇਖੋ *ਆਰਕਿਆਲੋਜੀਕਲ ਸਰਵੇ ਆਫ਼ ਇੰਡੀਆ*, ਰਿਪੋਰਟ ਨੰ: ੯, ਪੰਨਾ ੩੭। *Archaological Survey of India*, Report No. 9, p. 37.
2. *ਮਾਧਵ ਨਲ ਕਾਮ ਕੰਦਲਾ*, ਪੰਨਾ ੪੭-੪੮।

ਤਾਂ ਕਾ ਰੂਪ ਨਾਰ ਜੋ ਦੇਖਹਿ॥
ਪਲਕ ਓਟ ਜੁਗ ਜੁਗ ਸਮ ਲੇਖਹਿ॥
ਦੇਖ ਰੂਪ ਸਭ ਰੀਝਿ ਰਹਾਈ॥
ਸ੍ਰਵਨ ਸੁਨਹਿ ਬਿਸਮੇ ਹੋਇ ਜਾਈ॥
ਚਿਤਵਤ ਤ੍ਰਿਆ ਚਤੁਰਗਤਿ ਕੋਈ॥
ਦੂਵੇ ਮਦਨ ਤਨੁ ਬਿਆਕੁਲ ਹੋਈ॥
ਗਾਵੈ ਸਰਬ ਬਜਾਵੈ ਬੈਨਾ॥
ਸਭ ਨਾਰੀ ਮੋਹੇ ਮ੍ਰਿਗ ਨੈਨਾ॥

ਜਿਸ ਵੇਲੇ ਮਾਧਵ ਨਲ ਦੀ ਸੰਗੀਤਕ ਸੁਰੀਲੀ ਧੁਨੀ ਸੁਣ ਕੇ ਅਤੇ ਹੁਸਨ ਦੀ ਲਾਸਾਨੀ ਨੁਹਾਰ ਤਕ ਕੇ ਸਾਰੇ ਪੁਸ਼ਪਾਵਤੀ ਨਗਰ ਦੀਆਂ ਇਸਤ੍ਰੀਆਂ ਮੋਹਤ ਹੋਣ ਲੱਗੀਆਂ, ਤਦ ਪਰਜਾ ਦੇ ਕੁਝ ਮੋਢੀ ਵਿਅਕਤੀਆਂ ਨੇ ਮਿਲ ਕੇ ਰਾਜਾ ਗੋਬਿੰਦ ਚੰਦ ਕੋਲ ਆਪਣੇ ਮਾਨਸਿਕ ਦੁਖਾਂਤ ਦੀ ਸ਼ਿਕਾਇਤ ਕੀਤੀ ਕਿ ਨਗਰੀ ਦੀਆਂ ਸਾਰੀਆਂ ਔਰਤਾਂ ਮਾਧਵ ਨਲ ਦੀਆਂ ਪੁਜਾਰਨਾਂ ਹੋ ਨਿਬੜੀਆਂ ਹਨ। ਪਰਜਾ ਦੀ ਬੇਨਤੀ ਸੁਣ ਕੇ ਰਾਜਾ ਗੋਬਿੰਦ ਚੰਦ ਨੇ ਪਰਜਾ ਦੀ ਬੇਹਤਰੀ ਵਾਸਤੇ ਮਾਧਵ ਨਲ ਦਵੈਜ ਨੂੰ ਦੇਸ਼ ਨਿਕਾਲੇ ਦਾ ਆਦੇਸ਼ ਜਾਰੀ ਕਰ ਦਿੱਤਾ। ਅਸਲੀ ਮਜ਼ਮੂਨ ਨਿਮਨ-ਲਿਖਤ ਦੇ ਆਧਾਰ 'ਤੇ ਹੈ:

ਦੋਹਰਾ॥ ਕਹੈ ਪਰਜਾ ਰਾਜਾ ਸੁਨੋ, ਹਮ ਨ ਬਸਹਿ ਇਹ ਗਾਉਂ॥
ਕੈ ਵਹਿ ਬੇਗ ਨਿਕਾਰੀਏ, ਜਿਹ ਮਾਧਵ ਨਲ ਨਾਉਂ॥੧੩॥
ਚੌਪਈ॥ ਸੁਨਿ ਰਾਜਾ ਜੀ ਚਿੰਤਾ ਕਰਈ॥
ਮੈਂ ਕਹਾ ਕਰਉਂ ਪਰਜਾ ਜਰਹੀ॥
ਪਹਿਲੇ ਸਗਲ ਬੂਝ ਬਿਵਹਾਰਾ॥
ਤਬ ਮਾਧਵ ਨਲ ਕਉਂ ਦੇਉਂ ਨਿਕਾਰਾ॥੧੪॥[1]

ਰਾਜਾ ਗੋਬਿੰਦ ਚੰਦ ਨੇ ਪਰਜਾ ਦੀ ਪੁਕਾਰ ਸੁਣ ਕੇ ਮਾਧਵ ਨਲ ਨੂੰ ਹਰਕਾਰਾ ਭੇਜ ਕੇ ਦਰਬਾਰ ਵਿਚ ਬੁਲਾ ਲਿਆ। ਪ੍ਰਤਿਗਿਆ ਲੈਣ ਲਈ ਵੀਹ ਸੁੰਦਰੀਆਂ ਭੀ ਬੁਲਾ ਲਈਆਂ। ਸੁੰਦਰੀਆਂ ਨੂੰ ਕੁਸੰਭੇ ਰੰਗ ਦੇ ਬਸਤਰ ਪਹਿਨਾਏ ਗਏ, ਔਰ ਬੈਠਣ ਵਾਸਤੇ ਸਾਰੀਆਂ ਹੀ ਹੁਸੀਨਾਂ ਨੂੰ ਕਮਲ ਪੱਤਰ ਦਿੱਤੇ ਗਏ। ਉਪਰੰਤ ਮਾਧਵ ਨਲ ਨੇ ਬੀਣਾ ਵਜਾਉਣੀ ਆਰੰਭੀ। ਬੀਣਾ ਦੀ ਮਿੱਠੀ ਮਿੱਠੀ ਅਤੇ ਸੁਰੀਲੀ ਧੁਨੀ ਸੁਣ ਕੇ ਸਾਰੀਆਂ ਸੁੰਦਰੀਆਂ ਹੀ ਮੋਹਤ ਹੋ ਉੱਠੀਆਂ, ਮਨ ਦੀ ਧੀਰਜ ਜਾਂਦੀ ਰਹੀ। ਕਮਲ ਪੱਤਰ ਜਿਨ੍ਹਾਂ 'ਤੇ ਹੁਸੀਨ ਚੋਰੀਆਂ

1. *ਮਾਧਵ ਨਲ ਕਾਮ ਕੰਦਲਾ*, ਪੰਨਾ ੪੯-੫੦।

ਬੈਠੀਆਂ ਸਨ, ਕਾਮ ਵਾਸ਼ਨਾ ਵਿਚ ਆਣ ਕੇ ਭਿੱਜ ਗਏ, ਗਿੱਲੇ ਹੋ ਗਏ। ਅਸਲੀ ਕਾਵਿਕ ਛੰਦ ਨਿਮਨ-ਲਿਖਤ ਦੇ ਅਨੁਸਾਰ ਹਨ:

ਚੌਪਈ॥ ਮਧੁਰ ਮਧੁਰ ਧੁਨਿ ਬੇਨ ਬਜਾਵੈ॥
ਸਰਸ ਰਾਗ ਰਾਗਨੀ ਮਿਲਾਵੈ॥
ਚੇਰੀ ਬੀਸਕ ਰਾਇ ਹਕਾਰੀ॥
ਸਭਿ ਪਹਿਰਾਇ ਕੁਸੁੰਭੀ ਸਾਰੀ (ਸਾੜ੍ਹੀ)॥
ਤਬ ਰਾਜਾ ਪ੍ਰਤੱਗਿਆ ਲੇਈ॥
ਕਮਲ ਪੱਤਰ ਬੈਠਨ ਕਉ ਦੇਈ॥
ਮਾਧਵ ਨਲ ਬੀਨਾ ਕਰ ਗਹਈ॥
ਦ੍ਰਵੈ ਮਦਨੁ ਧੀਰਜ ਨਹਿ ਰਹਈ॥
ਮਾਧਵ ਬਿਪ੍ਰ ਨਾਦ ਅਸ ਕਹਾ॥
ਭੀਜੇ ਚੀਰ ਮਦਨ ਨਹਿੰ ਰਹਾ॥
ਦੋਹਰਾ॥ ਤਬ ਰਾਜੇ ਆਗਿਆ ਕਰੀ ਚੇਰੀ ਦਈ ਉਠਾਇ॥
ਸਭਹੂੰ ਕੇ ਪਾਛੇ ਰਹਾ ਕਵਲ ਪਤ੍ਰ ਲਪਟਾਇ॥੧੫॥[1]

ਚੇਰੀਆਂ ਦੇ ਬਸਤਰ ਅਤੇ ਕਮਲ ਪੱਤਰ ਗਿਲੇ ਹੋਏ ਵੇਖ ਕੇ ਰਾਜਾ ਨੇ ਮਾਧਵ ਨਲ ਨੂੰ ਆਖਿਆ, "ਹੇ ਬਿਪਰ ਜੀ! ਤੁਹਾਡੇ ਵਾਸਤੇ ਮੇਰੇ ਦੇਸ਼ ਵਿਚ ਕੋਈ ਟਿਕਾਣਾ ਨਹੀਂ ਹੈ।" ਦੇਸ਼ ਨਿਕਾਲਾ ਦੇਣ ਦਾ ਆਦੇਸ਼ ਜਾਰੀ ਕਰਨ ਦਾ ਨਿਰਣੈ ਕਰ ਲਿਆ। ਔਰ ਕਹਿਣ ਲੱਗਾ:

ਅਚਰਜ ਦੇਖਿ ਰਾਇ ਤਬ ਰਹਾ॥
ਮਿਲ ਪ੍ਰਤੱਗਿਆ ਲੋਗਨ ਕਹਾ॥
ਤਬ ਹੀ ਰਾਜਾ ਬੋਲ ਪੁਕਾਰੇ॥
ਤੁਮ ਕਉ ਬਿਪ ਨ ਠਉਰ ਹਮਾਰੇ॥
ਸੁਨਿ ਕੈ ਬਚਨ ਅਠਾਰਹ ਪਤੀ॥
ਚਲਿਓ ਛਾਡਿ ਕੈ ਪੁਹਪਾਵਤੀ॥
ਬੀਨਾ ਗਹੀ ਬਜਾਵੈ ਰਾਗਾ॥
ਛਿਨ ਛਿਨ ਉਪਜਾਵੈ ਵੈਰਾਗਾ॥
ਦਿਨ ਦਸ ਮਾਰਗ ਰਹਿਓ ਸੁਜਾਨਾ॥
ਕਾਮਾਵਤੀ ਨਗਰ ਨਿਯਰਾਨਾ॥[2]

1. *ਮਾਧਵ ਨਲ ਕਾਮ ਕੰਦਲਾ*, ਪੰਨਾ ੪੯-੫੦।
2. *ਮਾਧਵ ਨਲ ਕਾਮ ਕੰਦਲਾ*, ਪੰਨਾ ੫੦।

ਰਾਜਾ ਦੇ ਮੁਖੋਂ ਦੇਸ਼ ਨਿਕਾਲਾ ਦੇ ਬਚਨ ਸੁਣ ਕੇ ਮਾਧਵ ਨਲ ਪੁਸ਼ਪਾਵਤੀ ਨਗਰੀ ਨੂੰ ਛੱਡ ਕੇ ਆਪਣੇ ਨਵੇਂ ਮਾਰਗ 'ਤੇ ਰਵਾਨਾ ਹੋ ਗਿਆ। ਦਸਾਂ ਦਿਨਾਂ ਦੇ ਪੈਂਡੇ ਤੋਂ ਉਪਰੰਤ ਕਾਮਾਵਤੀ ਨਗਰੀ ਵਿਚ ਆਣ ਪ੍ਰਵੇਸ਼ ਕੀਤਾ। ਇਸ ਦੇਸ਼ ਦਾ ਰਾਜਾ ਕਾਮ ਸੈਨ ਸੀ ਔਰ ਇਸੇ ਨਗਰੀ ਵਿਚ ਇਕ ਅਤਿਅੰਤ ਹੀ ਸੁੰਦਰ ਨਾਰੀ ਰਹਿੰਦੀ ਸੀ, ਜਿਸ ਦਾ ਨਾਉਂ ਕਾਮ ਕੰਦਲਾ ਕਰਕੇ ਜਾਣਿਆ ਜਾਂਦਾ ਸੀ।

ਦੋਹਰਾ॥ ਕਾਮਾਵਤਿ ਨਗਰੀ ਭਲੀ, ਕਾਮਸੈਨ ਨ੍ਰਿਪ ਨਾਮ॥
ਸੁਰਜਨ ਸੋ ਮਾਧਵ ਕਹੈ ਈਹਾਂ ਕਰੋ ਬਿਸਰਾਮ॥੧੯॥
ਚੌਪਈ॥ ਤਿਹ ਪੁਰ ਬਸੈ ਚੰਦ ਕੀ ਕਲਾ॥
ਪਾਤਿਰ ਗੁਨੀ ਕਾਮ ਕੰਦਲਾ॥
ਤਾਂ ਕੋ ਰੂਪ ਬਰਨਿ ਕੋ ਪਾਰੈ॥
ਬਰਨਤ ਜੀਭ ਸਹਸ ਫਨਿ ਹਾਰੈ॥[1]

ਇਕ ਦਿਨ ਕਾਮ ਕੰਦਲਾ ਰਾਜ ਮਹੱਲ ਵਿਚ ਆਪਣੀ ਕਲਾ ਦੀ ਪ੍ਰਦਰਸ਼ਨੀ ਵਾਸਤੇ ਬੁਲਾਈ ਗਈ। ਮਾਧਵ ਨਲ ਬ੍ਰਾਹਮਣ ਭੀ ਕਾਮ ਕੰਦਲਾ ਦੀ ਕਲਾ ਵੇਖਣ ਲਈ ਰਾਜ ਮਹੱਲਾਂ ਅਗੇ ਆਣ ਖਲੋਤਾ, ਪਰ ਮਾਧਵ ਨਲ ਨੂੰ ਪਵਰੀਏ (ਪਹਿਰੇਦਾਰ) ਨੇ ਮਹੱਲਾਂ ਦੇ ਅੰਦਰ ਜਾਣੋਂ ਰੋਕ ਦਿੱਤਾ, ਆਖਿਆ, "ਹੇ ਦਵੈਜ! ਆਪ ਮਹੱਲਾਂ ਦੇ ਅੰਦਰ ਨਹੀਂ ਜਾ ਸਕਦੇ, ਕਿਉਂਕਿ ਆਪ ਪਰਦੇਸੀ ਹੋ।" ਪਹਿਰੇਦਾਰ ਨੇ ਇਕ ਪਰਦੇਸੀ ਦਾ ਮਾਣ ਸਤਿਕਾਰ ਕਰਦੇ ਹੋਏ ਮਹੱਲਾਂ ਦੇ ਬਾਹਰ ਬੈਠਣ ਦੀ ਆਗਿਆ ਦੇ ਦਿੱਤੀ। ਜਿਥੋਂ ਬਾਹਰ ਬੈਠਾ ਹੀ ਮਾਧਵ ਨਲ ਸੰਗੀਤ ਸਭਾ ਦੇ ਬੋਲ ਸੁਣਦਾ ਰਿਹਾ। ਸਭਾ ਵਿਚ ਬੈਠੇ ਲੋਕਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ, ਕੋਈ ਕਹਿੰਦਾ ਹੈ, ਬੋਲ ਅੱਛਾ ਹੈ, ਕੋਈ ਆਖਦਾ ਹੈ ਕਿ ਢੋਲ ਅੱਛਾ ਹੈ। ਪਰ ਮਾਧਵ ਨਲ ਨੇ ਨਿਰਣੈ ਕੀਤਾ ਕਿ ਤੁਰੀਆ ਵਜਾਉਣ ਵਾਲੇ ਦੇ ਖੱਬੇ ਹੱਥ ਦਾ ਅੰਗੂਠਾ ਹੀ ਨਹੀਂ ਹੈ। ਕਹਿਣ ਲੱਗਾ ਕਿ ਇਹ ਸਾਰੀ ਸਭਾ ਹੀ ਮੂਰਖਾਂ ਦੀ ਹੈ, ਜਿਨ੍ਹਾਂ ਨੂੰ ਤੁਰੀ ਵਾਜੰਤਰੀ ਦੇ ਨਕਲੀ ਅਤੇ ਮੋਮੀ ਅੰਗੂਠੇ ਦੀ ਪਰਖ ਹੀ ਨਹੀਂ ਹੋ ਸਕੀ। ਕਿਸੇ ਪਾਰਖੂ ਨੇ ਠੀਕ ਲਿਖਿਆ ਹੈ ਕਿ ਮੂਰਖਾਂ ਦੀ ਸਭਾ ਦੀ ਨਿਸ਼ਾਨੀ ਕੀ ਹੁੰਦੀ ਹੈ:

ਕੋਈ ਕਹੈ, ਬੋਲ ਭਲਾ, ਭਈ ਬੋਲ ਭਲਾ॥
ਦੂਸਰ ਕਹੈ, ਢੋਲ ਭਲਾ, ਭਈ ਢੋਲ ਭਲਾ॥
ਦਾਨਾ ਕਹੈ, ਯਹ ਮਜਲਿਸ ਨਾ-ਮਾਅਕੂਲੋਂ ਕੀ,
ਲਾਹੌਲ ਬਿਲਾ, ਭਈ ਲਾਹੌਲ ਬਿਲਾ॥[2]

---
1. *ਮਾਧਵ ਨਲ ਕਾਮ ਕੰਦਲਾ*, ਪੰਨਾ ੫੧।
2. ਮੁਹਾਵਰਾ।

ਰਾਜ ਸਭਾ ਦੇ ਸੰਗੀਤ ਅਤੇ ਬੇਤਾਲੇ ਵਾਇਨ ਨੂੰ ਸੁਣ ਕੇ ਮਾਧਵ ਨਲ ਨੇ ਇਹ ਆਖਿਆ ਕਿ ਪਾਤਰ ਦਾ ਕੋਈ ਦੋਸ਼ ਨਹੀਂ ਹੈ, ਇਹ ਵਾਜੰਤਰੀ ਦਾ ਕਸੂਰ ਹੈ ਕਿ ਪਾਤਰ ਕਾਮ ਕੰਦਲਾ ਦਾ ਪੈਰ ਤਾਲ ਦੇ ਨਾਲ ਨਹੀਂ ਮਿਲਦਾ ਹੈ, ਕਿਉਂਕਿ ਵਾਜੰਤਰੀ ਦੇ ਖੱਬੇ ਹੱਥ ਦਾ ਅੰਗੂਠਾ ਨਕਲੀ ਹੈ, ਜੋਕਿ ਪੂਰਾ ਤਾਲ ਨਹੀਂ ਦੇ ਸਕਦਾ। ਪਵਰੀਏ ਨੇ ਦਵੈਜ ਦੀ ਇਹ ਗੱਲ ਰਾਜਾ ਕਾਮਸੈਨ ਨੂੰ ਜਾ ਦੱਸੀ ਕਿ ਰਾਜ ਦੁਆਰ ਦੇ ਸਾਹਮਣੇ ਇਕ ਬਿਪ ਬੈਠਾ ਹੈ ਜੋ ਸਾਰੀ ਸਭਾ ਨੂੰ ਨਾਦਾਨ ਅਤੇ ਮੂਰਖ ਕਹਿ ਰਿਹਾ ਹੈ:

ਬੈਠੇ ਮਾਧਵ ਪਵਰ ਦੁਆਰਾ ॥
ਰਾਜ ਮੰਦਰਿ ਮਹਿ ਹੋਇ ਅਖਾਰਾ ॥
ਤੰਤ ਰਾਗ, ਗਾਇਨ ਬਹੁ ਗਾਵੈ ॥
ਦੁਆਦਸ ਤਹਿ ਮ੍ਰਿਦੰਗ ਬਜਾਵੈ ॥
ਟੂਟੇ ਤਾਲੁ ਭੰਗ ਸੁਰ ਹੋਈ ॥
ਮੂਰਖ ਲੋਗ ਨ ਬੂਝੈ ਕੋਈ ॥
ਸੋਰਠਾ ॥ ਐਸ ਕੋ ਸੁਰ ਗਿਆਨ, ਰਾਜ-ਸਭਾ ਮੂਰਖ ਸਭੈ ॥
ਤਾਲ ਭੰਗ ਕੋ ਜਾਨ, ਦੁਆਦਸ ਜਹਾਂ ਮ੍ਰਿਦੰਗ ਧੁਨਿ ॥੨੫॥
ਚੌਪਈ ॥ ਤਾਲ ਭੰਗ ਮਾਧਵ ਜਬ ਸੁਨੈ ॥
ਦੁਆਰੇ ਬੈਠਾ ਮਾਥਾ ਧੁਨੈ ॥
ਤਾਲ ਕੁਤਾਲ ਸਪਤ ਸੁਰ ਜਾਨੈ ॥
ਸਭ ਪ੍ਰਬੀਨ, ਸੰਗੀਤ ਬਖਾਨੈ ॥
ਮਾਧਵ ਕਹੈ, ਪਵਰੀਆ ਜਾਉ ॥
ਰਾਜਾ ਆਗੈ ਬਾਤ ਜਨਾਉ ॥
ਦੁਆਰੇ ਬੈਠਾ ਬਿਪ ਇਕ ਅਹਈ ॥
ਸਕਲ ਸਭਾ ਕਉ ਮੂਰਖ ਕਹਈ ॥
ਦੁਆਦਸ ਮਾਝਿ ਤੁਰੀਆ ਦੀਨਾ ॥
ਦਛਨ ਹਾਥਿ ਅੰਗੁਠਾ ਹੀਨਾ ॥
ਦੋਹਰਾ ॥ ਸਾਤ ਚਾਰ ਕੈ ਮਧਿ ਹੈ, ਉਠਿ ਕੇ ਦੇਖਹੁ ਤਾਹਿ ॥
ਚੂਕੇ ਪਾਉ ਨ ਤਾਲ ਮਿਲ, ਪਾਤਰ ਦੋਸ ਨ ਆਹਿ ॥੨੬॥'

ਆਖ਼ਰ ਢੇਰ ਯਤਨ ਕਰਨ ਤੋਂ ਬਾਅਦ ਰਾਜਾ ਨੇ ਮਾਧਵ ਨਲ ਨੂੰ ਰਾਜ ਦਰਬਾਰ ਵਿਚ ਬੁਲਾ ਕੇ ਸੰਗੀਤ ਅਖਾੜੇ ਵਿਚ ਪ੍ਰਵੇਸ਼ ਕਰਨ ਦੀ ਆਗਿਆ

1. *ਮਾਧਵ ਨਲ ਕਾਮ ਕੰਦਲਾ*, ਪੰਨਾ ੫੪।

ਦੇ ਦਿੱਤੀ। ਔਰ ਰਾਜਾ ਨੇ ਮਾਧਵ ਨਲ ਦੇ ਗੁਣਾਂ ਦੀ ਕਦਰ ਕਰਦੇ ਹੋਏ ਉਸ ਨੂੰ ਬਹੁਤ ਸਾਰੇ ਭੂਸ਼ਨ ਵਿਭੂਤੀ ਅਤੇ ਸਨਮਾਨ ਸਹਿਤ ਨਿਵਾਜਿਆ, ਕਿਉਂਕਿ ਗੁਣਾਂ ਦੀ ਕਦਰ ਭੀ ਗੁਣਵਾਨ ਹੀ ਪਾ ਸਕਦਾ ਹੈ:

ਗੁਨ ਦੇਖੇ ਗੁਨਿ ਜਨ ਸੁਖੀ, ਨਿਰਗੁਨ ਸੁਖੀ ਨ ਕੋਇ॥
ਰਾਊ ਰੰਕ ਸਭ ਮਾਨਹੀ ਜਾਂ ਊਰਿ ਪੇਟ ਨ ਹੋਇ॥੩੦॥

ਚੌਪਈ॥ ਊਚ ਨੀਚ ਕੁਲ ਬਡੋ ਨ ਕੋਈ॥
ਬੈਠੇ ਸਭਾ ਜਉਰੇ ਗੁਨ ਹੋਈ॥
ਗੁਨੀ ਪੁਰਖੁ ਜੇ ਪਰ-ਭੂਮਿ ਜਾਈ॥
ਤੌ ਅਤਿ ਮਹਗੇ ਮੋਲ ਬਿਕਾਈ॥
ਜੈਸੇ ਪੁਤ੍ਰਹਿ ਪਾਲੈ ਮਾਈ॥
ਤਿਵ ਗੁਨ ਰਹੇ ਸਦਾ ਸੁਖਦਾਈ॥
ਗੁਨ ਬਿਨ ਪੁਰਖੁ ਪਤ੍ਰ ਜਿਮ ਡੋਲੈ॥
ਗੁਨ ਬਿਨ ਦੀਨ ਬਚਨ ਮੁਖ ਬੋਲੈ॥
ਗੁਨ ਬਿਨ ਪੁਰਖ ਅੰਧ ਬਿਨ ਆਂਖੀ॥
ਗੁਨ ਬਿਨ ਪੁਰਖੁ ਪੰਖ ਬਿਨ ਪਾਂਖੀ॥

ਸੋਰਠਾ॥ ਬਿਪਤ ਪਰੀ ਧਨੁ ਜਾਇ, ਜੇ ਗੁਨ ਹੋਇ ਤ ਥਿਰ ਰਹੇ॥
ਬਹੁਰਿ ਮਿਲੈ ਧਨੁ ਆਇ, ਜਉ ਗੁਨ ਹੋਇ ਸਰੀਰ॥੩੧॥[1]

ਮਾਧਵ ਨਲ ਅਤੇ ਕਾਮ ਕੰਦਲਾ ਦੇ ਗੁਣਾਂ ਦੇ ਸਹਿਯੋਗ ਦੀ ਸਮਿਲਤ ਸ਼ੋਹਰਤ ਜੋ ਉਨ੍ਹਾਂ ਨੇ ਕਾਮਾਵਤੀ ਨਗਰੀ ਵਿਚ ਰਹਿੰਦੇ ਹੋਏ ਰਾਜਾ ਕਾਮਸੈਨ ਦੇ ਦਰਬਾਰ ਵਿਚੋਂ ਪ੍ਰਾਪਤ ਕੀਤੀ, ਉਨ੍ਹਾਂ ਦੀ ਉਪਮਾ ਸੂਫ਼ੀ ਕਵੀ ਆਲਮ ਨਿਮਨ-ਲਿਖਤ ਦੇ ਅਨੁਸਾਰ ਕਰਦਾ ਹੈ, ਜਿਸ ਦੀ ਝਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਰਾਗ ਮਾਲਾ ਉਤੇ ਨਿਰਸੰਦੇਹ ਉਭਰ ਕੇ ਪਾਠਕਾਂ ਦੇ ਸਾਹਮਣੇ ਆ ਜਾਂਦੀ ਹੈ। ਲਿਖਤ ਦਾ ਖਰੜਾ ਨਿਮਨ-ਲਿਖਤ ਦੇ ਆਧਾਰ 'ਤੇ ਵੇਖਿਆ ਜਾ ਸਕਦਾ ਹੈ:

ਚੌਪਈ॥ ਮੁਖ ਤੇ ਉਘਟ ਮ੍ਰਿਦੰਗ ਬਜਾਵਹਿ॥
ਪੁਨਿ ਕਿੰਨਰ ਸੋ ਬੀਨ ਮਿਲਾਵਹਿ॥
ਬੀਨ ਉਪੰਗ ਬਾਂਸਰੀ ਬਾਜੇ॥
ਢਾਢੀ ਜੰਤ੍ਰ ਅੰਮ੍ਰਿਤੀ ਰਾਜੇ॥
ਸੁਰ ਮੰਡਲ ਬਾਜੇ ਘਣ ਤੰਤੀ॥

1. *ਮਾਧਵ ਨਲ ਕਾਮ ਕੰਦਲਾ*, ਪੰਨਾ ੫੬।

ਰੁਦ੍ਰ ਬੀਨ ਬਾਜੈ ਬਹੁ ਭੰਤੀ॥
ਅਵਜ (ਔਝ) ਤਾਲ ਕੰਠ ਤਾਲ ਬਜਾਵਹਿ॥
ਅਗਨਿਤ ਤਾਲ ਤਰੰਗ ਸੁਨਾਵਹਿ॥
ਜਲ ਤਰੰਗ ਅੰਮ੍ਰਿਤ ਕੁੰਡਲੀ॥
ਕੁੰਭਰ ਬਾਜੈ ਮਿਲੀ ਧੁਨਿ ਭਲੀ॥
ਦੋਹਰਾ॥ ਬਾਜੈ ਸਰਬ ਸੰਗੀਤ ਗਤਿ, ਤਤ ਬਿਰਤ ਘਨ ਤਾਲ॥
ਬਹੁਰ ਅਲਾਪਹਿ ਰਾਗ ਖਟ, ਪੰਚ ਪੰਚ ਸੰਗ ਬਾਲ॥੩੩॥[1]

ਇਸ ਤੇਤੀਸ ਨੰਬਰ ਦੋਹਰਾ ਤੋਂ ਅਗੇ ਜ਼ਰਾ ਗੌਰ ਕਰਨ ਦੀ ਆਵੱਸ਼ਕਤਾ ਹੈ। ਹੁਣ ਇਸ ਤੋਂ ਅਗੇ ਉਨ੍ਹਾਂ ਰਾਗਾਂ ਦੀ ਸੰਦਰਭ ਲੜੀ ਆਰੰਭ ਹੁੰਦੀ ਹੈ, ਜੋ ਰਾਗ ਮਾਲਾ ਵਿਚ ਦਰਜ ਹਨ, ਜਿਨ੍ਹਾਂ ਨੂੰ ਮਾਧਵ ਨਲ ਅਤੇ ਕਾਮ ਕੰਦਲਾ ਮਿਲ ਕੇ ਗਾਇਨ ਕਰਦੇ ਸਨ। ਹੁਣ ਚੌਂਤੀਸਵਾਂ ਦੋਹਰਾ ਅਤੇ ਚੌਪਈ ਦਾ ਆਰੰਭ ਹੁੰਦਾ ਹੈ। ਲਿਖਤ ਐਸੇ ਹੈ:

ਚੌਪਈ॥ ਰਾਗ ਏਕ ਸੰਗ ਪੰਚ ਬਰੰਗਨ॥
ਸੰਗ ਅਲਾਪਹਿ ਆਠਉ ਨੰਦਨ॥
ਪ੍ਰਥਮ ਰਾਗ ਭੈਰਵ ਵੈ ਕਰਹੀ॥
ਪੰਚ ਰਾਗਨੀ ਸੰਗ[2] ਉਚਰਹੀ॥
ਪ੍ਰਥਮ ਭੈਰਵੀ ਬਿਲਾਵਲੀ॥
ਪੁਨਿਆ ਕੀ ਗਾਵਹਿ ਬੰਗਲੀ॥
ਪੁਨ ਅਸਲੇਖੀ ਕੀ ਭਈ ਬਾਰੀ॥
ਇਹ ਭੈਰੋਂ ਕੀ ਪਾਂਚੋਂ ਨਾਰੀ॥
ਪੰਚਮ ਹਰਿਖ ਦਿਸਾਖ ਸੁਨਾਵਹਿ॥
ਬੰਗਾਲਾ ਮਧੁ ਮਾਧਵ ਗਾਵਹਿ॥
ਦੋਹਰਾ॥ ਲਲਿਤ ਬਿਲਾਵਲਿ ਗਾਵਹੀ, ਅਪਨੀ ਅਪਨੀ ਭਾਂਤਿ॥
ਆਠ ਪੁਤ੍ਰ ਭੈਰਵ ਕੇ, ਗਾਇਨ ਗਾਵਹਿ ਪ੍ਰਾਂਤਿ॥੩੪॥[3]

ਇਥੋਂ ਤਕ ਭੈਰਉ ਰਾਗ ਦੇ ਪਰਵਾਰ ਦਾ ਜ਼ਿਕਰ ਆਇਆ ਹੈ, ਜਿਸ ਨੂੰ ਦੋਵੇਂ ਪਾਤਰ ਕਾਮ ਕੰਦਲਾ ਅਤੇ ਮਾਧਵ ਨਲ ਮਿਲ ਕੇ ਰਾਜਾ ਕਾਮਸੈਨ ਦੇ ਦਰਬਾਰ ਵਿਚ ਗਾਇਨ ਕਰਦੇ ਸਨ। ਇਸ ਤੋਂ ਅਗਲੇਰੇ ਅੰਕ ਨੰਬਰ ੩੫ ਵਿਚ

1. *ਮਾਧਵ ਨਲ ਕਾਮ ਕੰਦਲਾ*, ਪੰਨਾ ੫੬-੫੭।
2. ਇਥੇ 'ਪਾਂਚੋ ਕਾਮਨਿ ਮੁਖੋਂ' ਪਾਠ ਭੀ ਹੈ।
3. *ਮਾਧਵ ਨਲ ਕਾਮ ਕੰਦਲਾ*, ਪੰਨਾ ੫੭।

ਮਾਲ ਕਉਸਕ ਰਾਗ ਅਤੇ ਉਸ ਦੀਆਂ ਪੰਜ ਰਾਗਨੀਆਂ ਔਰ ਅੱਠ ਪੁੱਤਰ ਭੀ ਸ਼ਾਮਲ ਹਨ, ਮਾਲ ਕਉਸਕ ਤੋਂ ਅਗੇ ਹਿੰਡੋਲ ਹੈ, ਜਿਸ ਦੀਆਂ ਪੰਜ ਨਾਰੀਆਂ ਅਤੇ ਅੱਠਾਂ ਪੁੱਤਰਾਂ ਦਾ ਜ਼ਿਕਰ ਕ੍ਰਮਵਾਰ ਕੀਤਾ ਗਿਆ ਹੈ। ਫਿਰ ਦੀਪਕ, ਸਿਰੀ ਰਾਗ ਅਤੇ ਮੇਘ ਰਾਗ ਭੀ ਇਸੇ ਹੀ ਲੜੀ ਵਿਚ ਦਰਜ ਹਨ। ਭਾਵ ਭੈਰਉ, ਮਾਲ ਕਉਸਕ, ਹਿੰਡੋਲ, ਦੀਪਕ, ਸਿਰੀ ਰਾਗ ਅਤੇ ਮੇਘ ਰਾਗ ਦਰਜ ਹਨ।

ਇਨ੍ਹਾਂ ਛੇ ਰਾਗਾਂ ਦੇ ਸਾਰੇ ਪਰਵਾਰਿਕ ਮੈਂਬਰਾਂ ਦੀ ਗਿਣਤੀ ਚੌਰਾਸੀ (੮੪) ਹੈ, ਜਿਨ੍ਹਾਂ ਵਿਚ ਛੇ ਰਾਗ, ਤੀਸ (੩੦) ਰਾਗਨੀਆਂ ਅਤੇ ਅਠਤਾਲੀਸ (੪੮) ਪੁੱਤਰਾਂ ਦੀ ਸੰਖਿਆ ਹੈ। ਇਨ੍ਹਾਂ ਰਾਗ ਰਾਗਨੀਆਂ ਅਤੇ ਪੁੱਤਰਾਂ ਦੀ ਗਿਣਤੀ ਨਿਮਨ-ਲਿਖਤ ਦੋਹਰਾ ਦੁਆਰਾ ਸੰਪੂਰਣ ਹੁੰਦੀ ਹੈ:

ਦੋਹਰਾ॥ ਖਸਟ ਰਾਗ ਉਨ ਮਿਲ ਕਹੇ, ਸੰਗ ਰਾਗਨੀ ਤੀਸ॥
ਸਭੈ ਪੁਤ੍ਰ ਰਾਗੰਨ ਕੇ, ਅਠਾਰਹਿ ਦਸ ਬੀਸ॥੩੮॥[1]

ਮਾਧਵ ਨਲ ਅਤੇ ਕਾਮ ਕੰਦਲਾ ਰਾਜਾ ਕਾਮਸੈਨ ਦੇ ਮਨੋਰੰਜਨੀ ਦਰਬਾਰ ਦੇ ਨਿਕਟ-ਵਰਤੀ ਪਾਤ੍ਰ ਹੋ ਨਿਬੜੇ, ਜੋ ਉਕਤ ਦਰਸਾਏ ਰਾਗ ਰਾਗਨੀਆਂ ਅਤੇ ਉਨ੍ਹਾਂ ਦੇ ਪੁਤਰ ਰਾਗਾਂ ਦੀ ਰਾਗ ਪ੍ਰਣਾਲੀ ਗਾਇਨ ਕਰਦੇ ਸਨ। ਨਾਲ ਦੀ ਨਾਲ ਕਾਮ ਕੰਦਲਾ ਨ੍ਰਿਤਕਾਰੀ ਭੀ ਕਰਦੀ ਸੀ, ਜਿਸ ਦੀ ਪ੍ਰੋੜ੍ਹਤਾ ਨਿਮਨ-ਲਿਖਤ ਦੇ ਅਨੁਸਾਰ ਕੀਤੀ ਜਾ ਸਕਦੀ ਹੈ:

ਚੌਪਈ॥ ਗਾਏ ਰਾਗ ਰਾਗਨਿ ਸੰਚੀਤਾ॥
ਪੁਨਵੇ ਮੁਖ ਉਘਟੇ ਸੰਗੀਤਾ॥
ਰੰਗ ਭੂਮਿ ਬਹੁ ਭਾਂਤਿ ਸਵਾਰੀ॥
ਤਾਲਿ ਮਿਲਾਇ ਕਰੈ ਨਿਰਤਕਾਰੀ॥[2]

ਹੁਣ ਆਪਾਂ ਇਸ ਨਤੀਜੇ 'ਤੇ ਪੁਜੇ ਹਾਂ ਕਿ ਰਾਗ ਮਾਲਾ ਸਤਿਗੁਰੂ ਸਾਹਿਬ ਜੀ ਦੀ ਕ੍ਰਿਤ ਨਹੀਂ ਹੈ, ਬਲਕਿ ਮਾਧਵ ਨਲ ਕਾਮ ਕੰਦਲਾ ਪ੍ਰਤੀ ਆਲਮ ਕਵੀ ਦੀ ਕ੍ਰਿਤ ਹੈ, ਜੋ ੬੯੧ ਹਿਜਰੀ ਵਿਚ ਸ਼ਹਿਨਸ਼ਾਹ ਅਕਬਰ ਦੇ ਜ਼ਮਾਨੇ ਵਿਚ ਹੋ ਗੁਜ਼ਰਿਆ ਹੈ, ਜਿਸ ਦਾ ਸੰਮਤ ੧੬੪੦ ਬਿਕ੍ਰਮੀ ਅਤੇ ਸੰਨ ੧੫੮੩ ਈਸਵੀ ਬਣਦਾ ਹੈ। ਇਸ ਖ਼ਿਆਲ ਦੀ ਬਾਬਤ ਕੁਝ ਇਤਿਹਾਸਕ ਹਵਾਲੇ ਭੀ ਪ੍ਰਾਪਤ ਹੁੰਦੇ ਹਨ, ਜਿਸ ਤਰ੍ਹਾਂ ਡਾਕਟਰ ਹੀਰਾ ਲਾਲ ਬੀ.ਏ. ਰੀਸਰਚ ਸਕਾਲਰ ਨਿਮਨ-ਲਿਖਤ ਦੇ ਅਨੁਸਾਰ ਲਿਖਦੇ ਹਨ:

Alama Kawi; Author of Madhwanala-Kamkandala

1. *ਮਾਧਵ ਨਲ ਕਾਮ ਕੰਦਲਾ*, ਪੰਨਾ ੫੮।
2. *ਮਾਧਵ ਨਲ ਕਾਮ ਕੰਦਲਾ*, ਪੰਨਾ ੫੮।

Natka wrote his work in 1583 A.D. during the reign of Akbar the great, whom he praised as the depository of knowledge and wealth.[1]

(੧) ਰਾਗ ਮਾਲਾ ਵਿਚ ਸਿਰੀ ਰਾਗੁ ਪੰਜਵੇਂ ਨੰਬਰ 'ਤੇ ਆਉਂਦਾ ਹੈ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਨੰਬਰ 'ਤੇ ਹੈ।

(੨) ਭੈਰਉ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੌਬੀਸਵੇਂ ਨੰਬਰ 'ਤੇ ਹੈ, ਪਰੰਤੂ ਰਾਗ ਮਾਲਾ ਵਿਚ ਪਹਿਲੇ ਨੰਬਰ 'ਤੇ ਹੈ।

(੩) ਰਾਗ ਮਾਲਾ ਵਿਚ ਦਰਜ ਕੀਤੇ ਛੇ (੬) ਰਾਗਾਂ ਵਿਚੋਂ ਚਾਰ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੀ ਨਹੀਂ ਹਨ, ਜਿਨ੍ਹਾਂ ਦੇ ਨਾਮ ਮਾਲ ਕਉਸਕ, ਹਿੰਡੋਲ, ਦੀਪਕ ਅਤੇ ਮੇਘ ਹਨ। ਹਾਂ, ਹਿੰਡੋਲ ਰਾਗੁ ਬਸੰਤ ਨਾਲ ਮਿਸ਼ਰਤ ਕਰ ਕੇ ਗਾਇਨ ਕਰਨ ਦੀ ਆਗਿਆ ਦਿੱਤੀ ਗਈ ਹੈ।

(੪) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਤੀ (੩੧) ਰਾਗ ਦਰਜ ਹਨ, ਪਰੰਤੂ ਰਾਗ ਮਾਲਾ ਵਿਚ ਇਨ੍ਹਾਂ ਇਕੱਤੀ (੩੧) ਰਾਗਾਂ ਵਿਚੋਂ ਨੌਂ ਰਾਗ ਦਰਜ ਹੀ ਨਹੀਂ ਕੀਤੇ ਗਏ, ਜਿਨ੍ਹਾਂ ਦੇ ਨਾਵਾਂ ਦੀ ਸੂਚੀ ਨਿਮਨ-ਲਿਖਤ ਦੇ ਅਧਾਰ 'ਤੇ ਹੈ—ਮਾਝ, ਬਿਹਾਗੜਾ, ਵਡਹੰਸੁ, ਜੈਤਸਰੀ, ਰਾਮਕਲੀ, ਮਾਲੀ ਗਉੜਾ, ਤੁਖਾਰੀ, ਪ੍ਰਭਾਤੀ ਅਤੇ ਜੈਜਾਵੰਤੀ।

(੫) ਹਜ਼ੂਰ ਦਸਮੇਸ਼ ਪਿਤਾ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਪਿੱਛੋਂ ਕਿਸੇ ਅੰਧ-ਵਿਸ਼ਵਾਸੀ ਸ਼ਰਧਾਲੂ ਨੇ ਜਾਂ ਕਿਸੇ ਬਿਪਰ ਸੰਸਕਾਰੀ ਕਪਟੀ ਮਲੇਛ ਨੇ ਇਹ ਰਾਗ ਮਾਲਾ ਮਾਧਵ ਨਲ ਕਾਮ ਕੰਦਲਾ ਵਿਚੋਂ ਚੁਰਾ ਕੇ ਕਿਸੇ ਹੱਥ-ਲਿਖਤ ਪਾਵਨ ਬੀੜ ਵਿਚ ਅੰਤਲੇ ਖਾਲੀ ਪੰਨੇ 'ਤੇ ਲਿਖ ਦਿੱਤੀ, ਜਿਥੋਂ ਅਗੇ ਦੀ ਅਗੇ ਇਹ ਇਕ ਪਰੰਪਰਾ ਹੀ ਹੋ ਨਿਬੜੀ। ਕਿਉਂਕਿ ਕਈ ਇਕ ਹੱਥ-ਲਿਖਤ ਬੀੜਾਂ ਐਸੀਆਂ ਭੀ ਹਨ, ਜਿਨ੍ਹਾਂ ਵਿਚ ਰਾਗ ਮਾਲਾ ਦਰਜ ਨਹੀਂ ਹੈ।

(੬) ਕਾਮ ਕੰਦਲਾ ਇਕ ਹੁਸੀਨ ਗਾਇਕਾ ਕਸ਼ਮੀਰਨ ਕੁੜੀ ਸੀ, ਜਿਸ ਦਾ ਪ੍ਰੇਮੀ ਮਾਧਵ ਨਲ ਸੀ। ਆਲਮ ਕਵੀ ਨੇ ਪੁਰਾਤਨ ਲਿਖਤਾਂ ਦੇ ਆਧਾਰ 'ਤੇ ਇਨ੍ਹਾਂ ਦੀ ਪ੍ਰੇਮ ਗਾਥਾ ਸੰਨ ੧੫੮੩ ਈਸਵੀ ਅਤੇ ੯੯੧ ਹਿਜਰੀ ਔਰ ਸੰਮਤ ੧੬੪੦ ਵਿਚ ਲਿਖੀ, ਜਿਸ ਦੀ ਹਾਮੀ ਆਲਮ ਆਪਣੀ ਲਿਖਤ ਵਿਚ ਇੰਝ ਭਰਦਾ ਹੈ:

ਚੌਪਈ॥ ਸੰਮਤੁ ਨਉ ਸੈ ਇਕਾਨਵਾ ਆਹੀ॥
ਕਰਉ ਕਥਾ ਬੋਲਉ ਤਾਹੀ॥

1. The twelfth report on search of Hindi Mss. for the Years 1923, 24 & 25, Vol. I, pp.19-20.

ਕਹੋ ਬਾਤ ਸੁਨਹੋ ਸਭ ਲੋਗਾ ॥
ਕਰੋਂ ਕਥਾ ਸਿੰਗਾਰ ਬਿਓਗਾ ॥
ਕਛੁ ਆਪਨ ਕਛੁ ਪਰ ਕ੍ਰਿਤ ਜੋਰੇ ॥
ਜਥਾ ਸਕਤ ਕਰ ਅਛਰ ਜੋਰੇ ॥
ਸਰਬ ਸਿੰਗਾਰ ਬ੍ਰਿਹ ਕੀ ਰੀਤੀ ॥
ਮਾਧਵ ਨਲ ਕਾਮ ਕੰਦਲਾ ਪ੍ਰੀਤੀ ॥
ਕਥਾ ਸਹਸਕ੍ਰਿਤ ਸੁਨ ਥੋਰੀ ॥
ਭਾਖਾ ਬਾਂਧਿ ਚੌਪਈ ਜੋਰੀ ॥[1]

(੭) ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਪਹਿਲੇ ਲਿਖਾਰੀ ਹਨ, ਜਿਨ੍ਹਾਂ ਨੇ ਸੰਨ ੧੯੦੦ ਤੋਂ ਪਹਿਲਾਂ ਇਹ ਲਿਖਿਆ ਕਿ ਰਾਗ ਮਾਲਾ ਗੁਰੂ ਕੀ ਕ੍ਰਿਤ ਨਹੀਂ ਹੈ। ਆਪ ਜੀ ਲਿਖਦੇ ਹਨ:

ਰਾਗ ਮਾਲਾ ਸਤਿਗੁਰ ਕੀ ਕ੍ਰਿਤ ਨਹਿ,
ਹੈ ਮੁੰਦਾਵਣੀ ਲਗ ਗੁਰ ਬੈਨ ॥
ਇਸ ਮਹਿ ਨਹਿ ਸੰਸੇ ਕਛੁ ਕਰੀਅਹਿ,
ਜੇ ਸੰਸੈ ਅਵਲੋਕੋ ਨੈਨ ॥
ਮਾਧਵ ਨਲ ਆਲਮ ਕਵਿ ਕੀਨਸ,
ਤਿਸ ਮਹਿ ਨ੍ਰਿਤਕਾਰੀ ਕਹਿ ਤੈਨ ॥
ਰਾਗ ਰਾਗਨੀ ਨਾਮ ਗਨੇ ਤਿਹ,
ਯਾਤੇ ਸ੍ਰੀ ਅਰਜਨ ਕ੍ਰਿਤ ਹੈ, ਨ ॥੪੦॥[2]

(੮) ਭਾਈ ਸਾਹਿਬ ਕਾਨ੍ਹ ਸਿੰਘ ਨਾਭਾ ਭੀ ਰਾਗ ਮਾਲਾ ਨੂੰ ਆਲਮ ਕਵੀ ਦਾ ਹਿੰਦੀ ਅਨੁਵਾਦ ਹੀ ਮੰਨਦੇ ਹਨ। ਮਾਧਵ ਨਲ ਸੰਗੀਤ ਦੇ ਆਲਮ ਕਵਿ ਕ੍ਰਿਤ ਹਿੰਦੀ ਅਨੁਵਾਦ ਵਿਚੋਂ ੬੩ਵੇਂ ਛੰਦ ਤੋਂ ੭੨ਵੇਂ ਤੀਕ ਦਾ ਪਾਠ, ਜਿਸ ਵਿਚ ਛੇ ਰਾਗ, ਉਨ੍ਹਾਂ ਦੀਆਂ ਪੰਜ ਪੰਜ ਰਾਗਨੀਆਂ ਅਤੇ ਅੱਠ ਅੱਠ ਪੁੱਤਰ ਦੱਸੇ ਹਨ।[3]

(੯) ਰਾਗ ਮਾਲਾ ਕੇਵਲ ਰਾਗਾਂ ਦੀ ਸੂਚੀ ਹੈ, ਇਸ ਵਿਚ ਰੱਬਾਨੀਅਤ ਦੀ ਬਾਬਤ ਜ਼ਰਾ ਮਾਤਰ ਭੀ ਜਾਣਕਾਰੀ ਨਹੀਂ ਹੈ, ਰਾਗ ਰਾਗਨੀਆਂ ਦਾ ਕੋਈ ਭੌਤਕ ਸਰੀਰ ਨਹੀਂ ਹੈ, ਕੇਵਲ ਕਵੀ ਦਾ ਆਪਣਾ ਕਲਪਤ ਤਖ਼ੱਯਲ ਹੈ।

---

1. *ਮਾਧਵ ਨਲ ਕਾਮ ਕੰਦਲਾ*, ਪੰਨਾ ੪੭।
2. *ਸ੍ਰੀ ਗੁਰ ਪ੍ਰਕਾਸ਼ ਸੂਰਜ*, ਰਾਸ ੩, ਅੰਸ ੪੮, ਪੰਨਾ ੨੧੨੮।
3. *ਮਹਾਨ ਕੋਸ਼*, ਰਾਗ ਮਾਲਾ।

(੧੦) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੩੧ ਰਾਗ ਦਰਜ ਹਨ, ਇਨ੍ਹਾਂ ਇਕੱਤੀ ਰਾਗਾਂ ਤੋਂ ਇਲਾਵਾ ਕੁਝ ਸਹਾਇਕ ਰਾਗ ਭੀ ਦਰਜ ਹਨ, ਜਿਵੇਂ ਲਲਿਤ, ਹਿੰਡੋਲ, ਭੋਪਾਲੀ, ਬਿਭਾਸ, ਕਾਫੀ, ਆਸਾਵਰੀ। ਇਸ ਦਾ ਭਾਵ ਇਹ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੩੭ ਰਾਗਾਂ ਦਾ ਵਿਵਰਣ ਹੈ।

(੧੧) ਰਾਗ ਮਾਲਾ ਵਿਚ ਹਿੰਡੋਲ, ਮੇਘ, ਦੀਪਕ, ਮਾਲ ਕਉਸਕ ਆਦਿ ਰਾਗਾਂ ਦਾ ਜ਼ਿਕਰ ਕੀਤਾ ਗਿਆ ਹੈ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਰਾਗਾਂ ਦੀ ਸ਼ਮੂਲੀਅਤ ਵਲੋਂ ਇਨਕਾਰ ਕੀਤਾ ਗਿਆ ਹੈ। ਇਨ੍ਹਾਂ ਰਾਗਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾ ਸ਼ਾਮਲ ਕਰਨ ਦਾ ਸਬੱਬ ਸ. ਖੁਸ਼ਵੰਤ ਸਿੰਘ ਜੀ ਆਪਣੀ ਕਿਤਾਬ *ਏ ਹਿਸਟਰੀ ਆਫ ਸਿਖਸ* ਵਿਚ ਨਿਮਨ-ਲਿਖਤ ਦੇ ਅਨੁਸਾਰ ਦਰਜ ਕਰਦੇ ਹਨ:

> The selection of ragas was carefully made. Those that aroused passions of any kind were omitted. Megh and Hindol were not used because of their jubilant tone; Joga and Dipak were likewise rejected for their melancholy.[1]

ਸੋ ਉਕਤ ਦਰਸਾਈ ਵਿਚਾਰ ਤੋਂ ਇਹ ਨਿਰਣੈ ਪ੍ਰਗਟ ਹੋਇਆ ਕਿ ਰਾਗ ਮਾਲਾ ਗੁਰੂ ਜੀ ਦੀ ਕ੍ਰਿਤ ਨਹੀਂ ਹੈ। ਇਸ ਮਸਲੇ ਦੇ ਨਿਪਟਾਰੇ ਲਈ ਤੇਜ਼ੀ ਕਰਨ ਦੀ ਲੋੜ ਨਹੀਂ ਹੈ। ਗੁਰੂ ਖਾਲਸਾ ਪੰਥ ਅਕਾਲ ਤਖ਼ਤ ਸਾਹਿਬ ਦੀ ਨਿਗਰਾਨੀ ਹੇਠ ਜੋ ਨਿਰਣੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠ ਕੇ ਪੰਥ ਅਤੇ ਸਰਬੱਤ ਦੇ ਭਲੇ ਲਈ ਕਰੇ, ਉਹੀ ਕੁਝ ਠੀਕ ਹੋਵੇਗਾ।

(੧੨) ਮਿਸਟਰ ਮੈਕਾਲਿਫ਼ ਆਪਣੀ ਕਿਤਾਬ *ਦੀ ਸਿੱਖ ਰੀਲੀਜਨ* ਵਿਚ ਲਿਖਦੇ ਹਨ ਕਿ ਰਾਗ ਮਾਲਾ ਆਲਮ ਕਵੀ ਦੀ ਕ੍ਰਿਤ ਹੈ, ਜੋ ਅਕਬਰ ਸ਼ਹਿਨਸ਼ਾਹ ਦੇ ਜ਼ਮਾਨੇ ਵਿਚ ਹਿਜਰੀ ੯੯੧ ਵਿਚ ਹੋਇਆ ਹੈ। ਪਰ ਹਾਲੇ ਤਕ ਇਹ ਪੱਕਾ ਪਤਾ ਨਹੀਂ ਲਗ ਸਕਿਆ ਕਿ ਇਹ ਰਾਗਾਂ ਦੀ ਲੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਦੋਂ ਤੇ ਕਿਵੇਂ ਆਈ, ਜਦੋਂ ਕਿ ਗੁਰੂ ਗ੍ਰੰਥ ਸਾਹਿਬ ਅਤੇ ਰਾਗ ਮਾਲਾ ਦੇ ਰਾਗਾਂ ਵਿਚ ਵੱਡਾ ਅੰਤਰ ਹੈ। ਮੈਕਾਲਿਫ਼ ਦੀ ਅਸਲੀ ਲਿਖਤ ਨਿਮਨ-ਲਿਖਤ ਦੇ ਅਨੁਸਾਰ ਹੈ:

> A Muhammadan poet called Alim in A.H. 991 (A.D. 1583) wrote a work in 353 stanzas generally from four to six lines each, called *Madhava Nal*

1. Khushwant Singh, *A History of Sikhs*, p. 307, Appendix 2.

Sangit which purports to be an account of the love of Madhava Nal and a lady called Kam Kandala[1]. The Rag Mala, which form the conclusion of the Granth Sahib and contains a list of the rags and raginis and their sub-divisions, is a portion of Alim's work extending from the sixty-third to the seventy-second stanza. It is not understood how it was included in the sacred volume. The rags mentioned in it do not correspond with the rags of the Granth Sahib.[2]

੧੫-੧੯. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਬੰਨ੍ਹਣੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਮਤ ੧੬੬੧ ਭਾਦੋਂ ਵਦੀ ਏਕਮ ਨੂੰ ਤਿਆਰ ਹੋ ਗਈ। ਸਤਿਗੁਰੂ ਜੀ ਨੇ ਭਾਈ ਬੰਨੋ ਨੂੰ ਜੋ ਪਿੰਡ ਮਾਂਗਟ ਜ਼ਿਲਾ ਗੁਜਰਾਤ ਦਾ ਰਹਿਣ ਵਾਲਾ ਸੀ, ਗ੍ਰੰਥ ਸਾਹਿਬ ਜੀ ਦੀ ਜਿਲਦ ਬੰਨ੍ਹਾਉਣ ਵਾਸਤੇ ਲਾਹੌਰ ਜਾਣ ਦਾ ਹੁਕਮ ਕੀਤਾ। ਭਾਈ ਬੰਨੋ ਨੇ ਅਰਜ਼ ਕੀਤੀ, "ਹੇ ਸੱਚੇ ਪਾਤਿਸ਼ਾਹ ਜੀਉ! ਜੇ ਹੁਕਮ ਹੋਵੇ ਤਦ ਮੈਂ ਗ੍ਰੰਥ ਸਾਹਿਬ ਦੇ ਦਰਸ਼ਨ ਆਪਣੇ ਨਗਰ ਵਾਸੀਆਂ ਨੂੰ ਭੀ ਕਰਵਾ ਆਵਾਂ ?" ਸਤਿਗੁਰੂ ਜੀ ਨੇ ਭਾਈ ਬੰਨੋ ਦੀ ਸਿੱਖੀ ਸੇਵਕੀ 'ਤੇ ਭਰੋਸਾ ਕਰਦੇ ਹੋਏ ਆਗਿਆ ਦੇ ਦਿੱਤੀ ਔਰ ਨਾਲ ਹੀ ਇਕ ਬੰਧਨ ਭੀ ਲਾ ਦਿੱਤਾ ਕਿ ਤੁਸੀਂ ਸਿਰਫ਼ ਇਕ ਰਾਤ ਹੀ ਮਾਂਗਟ ਠਹਿਰ ਸਕਦੇ ਹੋ। ਭਾਈ ਬੰਨੋ ਸਤਿਗੁਰੂ ਜੀ ਦੀ ਆਗਿਆ ਦੇ ਅਨੁਸਾਰ ਬੀੜ ਰੱਥ ਵਿਚ ਰੱਖ ਕੇ ਲਾਹੌਰ ਨੂੰ ਟੁਰਿਆ। ਰਸਤੇ ਵਿਚ ਖ਼ਿਆਲ ਆਇਆ ਕਿ ਆਦਿ ਬੀੜ ਦੀ ਜਿਲਦ ਬੰਦੀ ਤੋਂ ਪਹਿਲਾਂ ਪਹਿਲਾਂ ਕਿਉਂ ਨਾ ਇਕ ਹੋਰ ਬੀੜ ਦਾ ਉਤਾਰਾ ਕੀਤਾ ਜਾਵੇ। ਕਿਉਂਕਿ ਆਦਿ ਬੀੜ ਜਿਲਦ ਬੰਦੀ ਤੋਂ ਬਾਅਦ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੀ ਰਹੇਗੀ, ਫਿਰ ਹੋ ਸਕਦਾ ਹੈ ਕਿ ਉਤਾਰੇ ਦਾ ਅਵਸਰ ਨਾ ਮਿਲ ਸਕੇ। ਭਾਈ ਬੰਨੋ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮਾਂਗਟ ਵਿਚ ਇਕ ਰਾਤ ਹੀ ਠਹਿਰਨਾ ਹੈ, ਰਸਤੇ ਦੀਆਂ ਮੰਜ਼ਲਾਂ ਪੰਜ ਪੰਜ ਕੋਸ ਦੀਆਂ ਬਣਾ ਲਈਆਂ, ਔਰ ਅੱਛਾ ਕਾਗ਼ਜ਼ ਮੰਗਵਾ ਕੇ ਬੀੜ ਦਾ ਉਤਾਰਾ ਆਰੰਭ ਦਿੱਤਾ। ਰਸਤੇ ਵਿਚ ਹੀ ਇਕ ਹੋਰ ਬੀੜ ਤਿਆਰ ਕਰ

1. An account of the same lover is also found in the ninety-first Chalitar or tale in the tenth Guru's Granth. ਦੇਖੋ *ਦਸਮ ਗ੍ਰੰਥ*, ਚਰਿਤ੍ਰ ੯੧, ਪੰਨਾ ੯੨੫-੯੩੦ ਤਕ।
2. Macauliffe, Vol. iii, p. 64-65.

ਲਈ ਔਰ ਮਾਂਗਟ ਵਿਚ ਇਕ ਦਿਨ ਰਹਿਣ ਤੋਂ ਉਪਰੰਤ ਲਾਹੌਰ ਜਿਲਦ ਬੰਨ੍ਹਵਾ ਕੇ ਭਾਈ ਬੰਨੋ ਸੰਮਤ ੧੬੬੧ ਸੁਦੀ ਏਕਮ ਭਾਦੋਂ ਤੋਂ ਇਕ ਦਿਨ ਪਹਿਲਾਂ ਵਾਪਸ ਰਾਮਦਾਸਪੁਰ ਆਣ ਪਹੁੰਚਾ। ਇਸ ਪ੍ਰਥਾਇ *ਪੰਥ ਪ੍ਰਕਾਸ਼* ਦਾ ਕਰਤਾ ਗਿਆਨੀ ਗਿਆਨ ਸਿੰਘ ਜੀ ਐਸੇ ਦਰਜ ਕਰਦੇ ਹਨ:

ਸੋਲਾਂ ਸੌ ਇਕਾਹਟੇ ਮੈਂ ਗੁਰੂ ਗ੍ਰੰਥ ਕਰਿ ਤਯਾਰ,
ਜਿਲਦ ਬੰਧਾਵਨੇ ਲਾਹੌਰ ਮੈਂ ਪਠਾਯੋ ਹੈ॥
ਭਾਈ ਬੰਨੋ ਜੀ ਕੇ ਹਾਥ, ਤਾਂਹਿ ਐਸੀ ਕੀਨੀ ਬਾਤ,
ਦੂਸਰੋ ਗ੍ਰੰਥ ਸਾਥ ਤਯਾਰ ਕਰਿ ਲਯਾਯੋ ਹੈ॥
ਪੇਖਿ ਗੁਰੂ ਕਹਯੋ ਬਿਨਾ ਆਗਿਯਾ ਤੇ ਲਿਖਵਾਯੋ,
ਖਾਰੀ ਬੀੜ ਯਾਂ ਤੇ ਨਾਮ ਯਾਹਿ ਕੋ ਰਹਾਯੋ ਹੈ॥[1]

ਉਕਤ ਦਰਸਾਏ ਖ਼ਿਆਲਾਂ ਦੀ ਬਾਬਤ ਕੁਝ ਪੁਰਾਣੇ ਵਿਦਵਾਨਾਂ ਦਾ ਖ਼ਿਆਲ ਹੈ ਕਿ ਭਾਈ ਬੰਨੋ ਵਾਲੀ ਬੀੜ ਵਿਚ ਕੁਝ ਫ਼ਾਲਤੂ ਬਾਣੀਆਂ ਚਾੜ੍ਹੀਆਂ ਗਈਆਂ, ਜਿਸ ਕਾਰਨ ਕਰਕੇ ਇਸ ਬੀੜ ਦਾ ਨਾਮ 'ਖਾਰੀ ਬੀੜ' ਆਖਿਆ ਗਿਆ ਹੈ। ਉਪਰ ਲਿਖੀ ਵਾਰਤਕ ਅਤੇ *ਪੰਥ ਪ੍ਰਕਾਸ਼* ਦੀ ਲਿਖਤ ਨੂੰ ਹੋਰ ਵਧੇਰੇ ਆਸਾਨੀ ਨਾਲ ਸਮਝਣ ਵਾਸਤੇ ਹਰੀ ਰਾਮ ਗੁਪਤਾ ਦੇ ਖ਼ਿਆਲ ਕਾਫ਼ੀ ਵਿਸ਼ੇਸ਼ਤਾ ਭਰਪੂਰ ਹੋਣਗੇ।

> The Adi Granth was completed in Savan Sambat 1661 (July, 1604). It was given to Bhai Banno for getting it bound at Lahore. Banno belonged to village Mangat in Gujrat district of Pakistan. His father was Bishan Chand Bhatia. He was one of the most faithful followers of Guru Arjan. The Adi Granth was written on loose sheets. It was to be bound in beautiful hard cover. The good book-binders were available only at Lahore. Banno offered himself to take the volume to Lahore. The Guru graciously entrusted his life's treasure to him. Banno also secured Guru's permission to show the Granth to his own people at Mangat.
>
> Banno engaged scribes to copy the Granth. He first went to Mangat and then came to Lahore. The two

1. *ਪੰਥ ਪ੍ਰਕਾਸ਼*, ਪੂਰ: ਬਿਸ: ੧੯, ਪੰਨਾ ੬੫੯।

volumes were well bound. Banno came to Amritsar, and presented the Guru with both the bound volumes. The Guru was highly pleased. He put his signature on the second volume certifying its Authenticity. Banno brought it to Mangat and began daily recitation from it for the benefit of congregation.

The original manuscript was installed in Hari Mandir at Amritsar after a grand ceremony on Bhadon sudi one Samvata 1661 (16 August, 1604) in presence of a large congregation. Bhai Budha was appointed the first Head Granthi.

The original copy of the Adi Granth of Guru Arjan now exists in the Gurdwara Kartarpur, Jalandhar.[1]

੧੫-੨੦. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼

ਭਾਦੋਂ ਸੁਦੀ ਏਕਮ ਤੋਂ ਇਕ ਦਿਨ ਪਹਿਲਾਂ ਭਾਈ ਬੰਨੋ ਜੀ ਬੀੜ ਦੀ ਜਿਲਦ ਬੰਨ੍ਹਵਾ ਕੇ ਵਾਪਸ ਅੰਮ੍ਰਿਤਸਰ ਸਾਹਿਬ ਆ ਗਏ। ਪਾਵਨ ਬੀੜ ਦੀ ਸੰਪੂਰਣਤਾ ਪ੍ਰਤੀ ਹਰ ਪ੍ਰਕਾਰ ਦੀ ਤਿਆਰੀ ਮੁਕੰਮਲ ਹੋ ਗਈ, ਤਦ ਹਜ਼ੂਰ ਨੇ ਸਾਰੀ ਸੰਗਤ ਨੂੰ ਰਾਮਸਰ ਵਿਚ ਇਕੱਤਰ ਹੋਣ ਲਈ ਪੈਗ਼ਾਮ ਭੇਜ ਦਿੱਤਾ। ਬਾਬਾ ਬੁੱਢਾ ਜੀ ਸਾਰੀ ਸੰਗਤ ਨੂੰ ਨਾਲ ਲੈ ਕੇ ਰਾਮਸਰ ਵਿਚ ਆਣ ਹਾਜ਼ਰ ਹੋਏ। ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਫ਼ੁਰਮਾਨ ਜਾਰੀ ਕੀਤਾ, "ਹੇ ਭਾਈ! ਇਹ ਗ੍ਰੰਥ ਸਾਹਿਬ ਰੱਬੀ ਕਲਾਮ ਦੀ ਨਜ਼ੂਲਤ ਹੈ। ਔਰ ਸਾਰੇ ਸਤਿਗੁਰੂ ਸਾਹਿਬਾਨ ਦੀ ਪ੍ਰਤੱਖਤਾ ਹੈ। ਇਸ ਵਾਸਤੇ ਲਾਜ਼ਮੀ ਹੈ ਕਿ ਇਸ ਇਲਹਾਮੀ ਕਲਾਮ ਦਾ ਟਿਕਾਣਾ ਕਿਸੇ ਖ਼ਾਸ ਪਵਿੱਤਰ ਅਸਥਾਨ 'ਤੇ ਹੋਵੇ।" ਇਹ ਸੁਣ ਕੇ ਸਾਰੀ ਸੰਗਤ ਨੇ ਬੇਨਤੀ ਕੀਤੀ, ਖ਼ਾਸ ਕਰ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਮਸ਼ਵਰਾ ਦਿੱਤਾ ਕਿ ਪਾਵਨ ਗ੍ਰੰਥ ਸਾਹਿਬ ਜੀ ਦਾ ਟਿਕਾਣਾ ਹਰਿਮੰਦਰ ਸਾਹਿਬ ਵਿਚ ਹੋਣਾ ਚਾਹੀਦਾ ਹੈ। ਸੰਗਤ ਦੀ ਬੇਨਤੀ ਸਤਿਗੁਰੂ ਜੀ ਨੇ ਬੜੇ ਸਤਿਕਾਰ ਨਾਲ ਮਨਜ਼ੂਰ ਕੀਤੀ।

ਉਕਤ ਨਿਰਣੈ ਹੋ ਜਾਣ ਤੋਂ ਬਾਅਦ ਹਜ਼ੂਰ ਨੇ ਫ਼ੁਰਮਾਇਆ, "ਹੇ ਭਾਈ! ਪੋਥੀ ਪਰਮੇਸ਼ਰ ਕਾ ਥਾਨ ਹੈ, ਇਸ ਵਾਸਤੇ ਕਿਸੇ ਖ਼ਾਸ ਯੋਗ ਗੁਰਸਿੱਖ

1. Gupta, Vol. 1, p. 140 and Macauliffe, iii, p. 66.

ਦੀ ਜ਼ਿੰਮੇਵਾਰੀ ਪੋਥੀ ਦੀ ਸੇਵਾ ਸੰਭਾਲ ਵਾਸਤੇ ਨਿਯੁਕਤ ਕੀਤੀ ਜਾਵੇ।" ਹਜ਼ੂਰ ਕਹਿਣ ਲਗੇ ਕਿ ਇਹ ਸੇਵਾ ਬੇਦੀ ਕੁਲ ਨੂੰ ਦਿੱਤੀ ਜਾਵੇ ਜਾਂ ਤ੍ਰਿਹਨ, ਭੱਲਾ, ਸੋਢੀ ਕੁਲ ਦੇ ਵਿਅਕਤੀ ਨੂੰ ਸੰਭਾਲੀ ਜਾਵੇ ? ਇਹ ਉਹ ਤਿੰਨ ਕੁਲਾਂ ਹਨ, ਜਿਨ੍ਹਾਂ ਵਿਚੋਂ ਹੁਣ ਤਕ ਸਾਰੇ ਸਤਿਗੁਰੂ ਜੀ ਗੁਰਗੱਦੀ 'ਤੇ ਬਿਰਾਜਮਾਨ ਹੁੰਦੇ ਰਹੇ। ਜੇਕਰ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਇਨ੍ਹਾਂ ਨੂੰ ਸੰਭਾਲੀ ਗਈ, ਤਦ ਇਹ ਬਹੁਤ ਅਹੰਕਾਰੀ ਹੋ ਜਾਣਗੇ। ਆਪਣੇ ਆਪ ਨੂੰ ਦੂਸਰੇ ਗੁਰਸਿੱਖਾਂ ਨਾਲੋਂ ਬਹੁਤ ਹੀ ਵੱਡੇ ਤੇ ਉੱਚੇ ਮਿਥ ਲੈਣਗੇ। ਔਰ ਐਸੇ ਕਾਰਨ ਭੀ ਸਾਹਮਣੇ ਆ ਸਕਦੇ ਹਨ ਕਿ ਇਹ ਚਾਰੇ ਕੁਲਾਂ ਇਕ ਦੂਸਰੇ ਨਾਲ ਵਾਦ ਵਿਵਾਦ ਭੀ ਖੜਾ ਕਰ ਲੈਣ, ਜਿਸ ਦਾ ਸਿੱਟਾ ਗੁਰੂ ਗ੍ਰੰਥ ਸਾਹਿਬ ਦੀ ਬੇ-ਅਦਬੀ ਭੀ ਹੋ ਸਕਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਹਜ਼ੂਰ ਨੇ ਦੀਰਘ ਦ੍ਰਿਸ਼ਟੀ ਦੇ ਅਧੀਨ ਬਾਬਾ ਬੁੱਢਾ ਜੀ ਨੂੰ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪਹਿਲੇ ਸੇਵਾਦਾਰ ਨਿਯੁਕਤ ਕਰ ਦਿੱਤਾ, ਕਿਉਂਕਿ ਬਾਬਾ ਬੁੱਢਾ ਜੀ ਨੇ ਸਤਿਗੁਰੂ ਨਾਨਕ ਸਾਹਿਬ ਜੀ ਦੀ ਸੇਵਾ ਵਿਚ ਭੀ ਆਪਣਾ ਕੀਮਤੀ ਸਮਾਂ ਸਫਲ ਕੀਤਾ ਸੀ। ਔਰ ਇਨ੍ਹਾਂ ਦੀ ਸੇਵਾ ਭੀ ਗੁਰਮਤਿ ਦੀ ਕਸਵੱਟੀ 'ਤੇ ਸਾਰੇ ਸਤਿਗੁਰਾਂ ਵਲੋਂ ਪਰਖੀ ਜਾ ਚੁੱਕੀ ਹੈ। ਇਸ ਲਈ ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਭੀ ਪਵਿੱਤਰਤਾ ਸਹਿਤ ਨਿਭਾਉਣਗੇ। ਉਕਤ ਦਰਸਾਏ ਖਿਆਲਾਂ ਦੀ ਪ੍ਰੋੜ੍ਹਤਾ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਨਿਮਨ-ਲਿਖਤ ਦੇ ਅਨੁਸਾਰ ਪੇਸ਼ ਕਰਦਾ ਹੈ:

ਕ੍ਰਿਪਾ ਸਿੰਧ ਸ੍ਰੀ ਸਤਿਗੁਰੂ ਗੁਰ ਅਰਜਨ ਸੁਖ ਖਾਨ॥
ਸਭ ਕੋ ਨਿਕਟਿ ਬੁਲਾਇ ਕੈ ਲਾਯੋ ਤਬੈ ਦੀਵਾਨ॥੨॥
ਚੌਪਈ॥ ਗੁਰਦਾਸ ਬੁੱਢਾ ਸਭ ਹੀ ਇਕ ਠਾਏ॥
ਗੁਰ ਅਰਜਨ ਤਬ ਬਚਨ ਸੁਨਾਏ॥
ਕਹੋ ਵਿਚਾਰ ਸਭੈ ਅਸਥਾਨਾ॥
ਜਹਾ ਗ੍ਰੰਥ ਅਸਥਾਪਨ ਠਾਨਾ॥
ਬੁਢੇ ਕਹਾ ਆਪ ਪ੍ਰਭ ਜਾਨੋ॥
ਤੁਮ ਤੇ ਪ੍ਰਭ ਜੀ ਕੌਨ ਸਿਆਨੋ॥
ਸ੍ਰੀ ਗ੍ਰੰਥ ਲਾਇਕ ਦਰਬਾਰਾ॥
ਔਰ ਅਸਥਾਨ ਨ ਕੋਇ ਮੁਰਾਰਾ॥੩॥

....

ਨਿਜ ਨਿਜ ਆਸਨ ਸਭ ਹੀ ਬੈਠੇ॥
ਦਯਾ ਸਿੰਧ ਮਨ ਐਸੀ ਪੈਠੇ॥

ਨਿਜ ਮਨ ਇਹੁ ਵਿਚਾਰਤ ਭਏ॥
ਗੁਰੂ ਗ੍ਰੰਥ ਸੇਵਕ ਕਿਹ ਕਏ॥
ਬੇਦੀ ਸੋਢੀ ਕੋ ਦੇਉਂ ਸੇਵਾ॥
ਬੰਸ ਉਚ ਮਾਨੇ ਨਿਜ ਭੇਵਾ॥੬॥
ਦੋਹਰਾ॥ ਚਾਰ ਗੁਰੂ ਸੇਵਾ ਕਰੀ ਪਾਯੋ ਪਰਮ ਨਿਧਾਨ॥
ਸੇਵਕ ਕੀ ਇਹ ਬਸਤ ਹੈ ਸ੍ਰੀ ਮੁਖ ਕੀਓ ਬਖਾਨ॥੭॥
ਗੁਰੂ ਗ੍ਰੰਥ ਸੇਵਾ ਨਿਪੁਨ ਜੋ ਸੇਵਾ ਸੁਖ ਕਾਰ॥
ਸੋ ਅਸਥਾਪਨ ਕੀਜੀਏ ਸੇਵਕ ਸ੍ਰੀ ਦਰਬਾਰ॥੮॥
ਚੌਪਈ॥ ਕਰਤ ਵਿਚਾਰ ਠਹਿਰਾਈ॥
ਬੁੱਢਾ ਜੀ ਸੇਵਾ ਨਿਪੁਨਾਈ (ਯੋਗ ਵਿਅਕਤੀ ਹਨ)॥
ਗੁਰ ਨਾਨਕ ਇਨ ਦਰਸ਼ਨ ਕਰੇ॥
ਸੇਵਾ ਮੈਂ ਅਤਿ ਹਿਤ ਇਹੁ ਧਰੇ॥੯॥[1]

ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸਮੂਹ ਸੰਗਤ ਰਾਮਸਰ ਤੋਂ ਦਰਬਾਰ ਸਾਹਿਬ ਵਲ ਨੂੰ ਚਲ ਪਈ। ਗ੍ਰੰਥ ਸਾਹਿਬ ਜੀ ਦੀ ਸੇਵਾ ਸਤਿਗੁਰੂ ਜੀ ਨੇ ਆਪ ਨਿਭਾਈ, ਸਮੂਹ ਸੰਗਤ ਗ੍ਰੰਥ ਸਾਹਿਬ ਜੀ ਦੀ ਸਵਾਰੀ ਲੈ ਕੇ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਆਣ ਪੁਜੀ। ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਭਾਦੋਂ ਸੁਦੀ ਏਕਮ ਸੰਮਤ ੧੬੬੧ (ਸੰਨ ੧੬੦੪ ਈਸਵੀ)[2] ਨੂੰ ਪਹਿਲੀ ਦਫ਼ਾ ਦਰਬਾਰ ਸਾਹਿਬ ਵਿਚ ਸਤਿਗੁਰੂ ਅਰਜਨ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਹੋਇਆ। ਬੀੜ ਦਾ ਪ੍ਰਕਾਸ਼ ਹੁੰਦਿਆਂ ਹੀ ਬਾਬਾ ਬੁੱਢਾ ਜੀ ਨੇ ਪਾਵਨ ਹੁਕਮਨਾਮਾ ਲਿਆ, ਜਿਸ ਦੇ ਇਲਹਾਮੀ ਵਾਕ ਇਸ ਪ੍ਰਕਾਰ ਸਨ:

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ॥

—*ਸੂਹੀ ਮ: ੫, ਛੰਤ, ਪੰਨਾ ੭੮੩-੧੬*

ਉਕਤ ਦਰਸਾਏ ਵਾਰਤਕ ਸਿਧਾਂਤ ਦੀ ਪ੍ਰੋੜ੍ਹਤਾ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਐਸੇ ਕਰਦਾ ਹੈ:

ਧੁੰਨ ਸਿਖਨ ਕੀ ਹੋਤ ਅਪਾਰਾ॥
ਇਹ ਬਿਧ ਪਹੁੰਚੇ ਸ੍ਰੀ ਦਰਬਾਰਾ॥
ਗੁਰੂ ਗ੍ਰੰਥ ਅਸਥਾਪਨ ਕੀਨੋ॥
ਪੂਰਬ ਦਿਸ ਹਰਿਮੰਦਰ ਚੀਨੋ॥੧੨॥

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੯੨-੯੩।
2. ਅਗਸਤ ੧੬, ੧੬੦੪ ਈਸਵੀ।

ਦੋਹਰਾ॥ ਏਕ ਘਰੀ ਨਿਸ ਜਬ ਰਹੀ ਸ੍ਰੀ ਗੁਰ ਆਗਿਆ ਪਾਇ॥
ਸਾਹਿਬ ਬੁੱਢੇ ਅਦਬ ਸੋ ਖੋਲਯੋ ਗ੍ਰੰਥ ਬਨਾਇ॥੧੩॥
ਆਪ ਚੋਰ ਸ੍ਰੀ ਗੁਰ ਕਰੈਂ ਬੁੱਢੇ ਲਈ ਅਵਾਜ॥
ਏਕ ਚਿਤ ਸੰਗਤਿ ਸੁਨੈ ਸਭ ਮਨ ਸਾਂਤ ਬਿਰਾਜ॥੧੪॥
ਚੌਪਈ॥ ਏਹੁ ਅਵਾਜ ਗ੍ਰੰਥ ਗੁਰ ਆਈ॥
ਸੁਨ ਗੁਰ ਸਿਖ ਮਨ ਅਨੰਦ ਪਾਈ॥
ਸੰਤ ਕੇ ਕਾਰਜ ਆਪ ਖਲੋਆ॥
ਕਾਰ ਕਰਨ ਹਿਤ ਕਾਮਾ ਹੋਆ॥[1]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰਿਮੰਦਰ ਸਾਹਿਬ ਵਿਚ ਪਹਿਲੇ ਪ੍ਰਕਾਸ਼ ਦੀ ਹੋਰ ਵਧੇਰੇ ਜਾਣਕਾਰੀ ਵਾਸਤੇ ਮੈਕਾਲਿਫ਼ ਦੀ ਲਿਖਤ ਬੜੀ ਠੋਸ ਗਵਾਹੀ ਪੇਸ਼ ਕਰਦੀ ਹੈ, ਉਹ ਲਿਖਦਾ ਹੈ:

> When Bhai Budha first opened the sacred volume in the temple, his eyes fell on the hymn quoted above, begining; the Creator stood in the midst of the work; which he regarded as auspicious and having a direct reference to the compilation.[2]

ਅਜ ਸਿੱਖੀ ਅਹਿਲੇ ਕਿਤਾਬ ਬਣ ਗਈ, ਪੰਥ ਦੀ ਹੋਂਦ ਵਾਸਤੇ ਗ੍ਰੰਥ ਸਾਹਿਬ ਦਾ ਹੋਣਾ ਨਿਹਾਇਤ ਹੀ ਲਾਜ਼ਮੀ ਸੀ। ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਸਤੇ ਸਿੱਖੀ ਕੇਂਦਰ ਪਹਿਲਾਂ ਹੀ ਵਜੂਦ ਵਿਚ ਆ ਚੁੱਕਾ ਸੀ। ਗ੍ਰੰਥ ਸਾਹਿਬ ਜੀ ਦੀ ਰਚਨਾ ਉਸ ਜ਼ਬਾਨ ਵਿਚ ਕੀਤੀ ਗਈ, ਜੋ ਸਿੱਖ ਉੱਮਤ ਦੀ ਆਪਣੀ ਮਾਤ-ਭਾਸ਼ਾ ਹੈ। ਗੁਰਮੁਖੀ ਅੱਖਰਾਂ ਵਿਚ ਤਾਕਿ ਸਿੱਖੀ ਉੱਮਤ ਦਾ ਹਰ ਫ਼ਰਦੇ-ਬਸ਼ਰ ਬਿਲਾ-ਦਿੱਕਤ ਇਲਹਾਮੀ ਕਲਾਮ ਦਾ ਦੈਵੀ ਆਨੰਦ ਮਾਣ ਸਕੇ। ਪੰਥ ਦਾ ਵਜੂਦ ਕਾਇਮ ਰੱਖਣ ਲਈ ਗ੍ਰੰਥ ਸਾਹਿਬ ਦਾ ਦੈਵੀ ਪ੍ਰਕਾਸ਼ ਇਲਹਾਮੀ ਨਜ਼ੂਲਤ ਦੇ ਅਨੁਸਾਰ ਹੋਇਆ ਹੈ। *ਮਹਿਮਾ ਪ੍ਰਕਾਸ਼* ਦਾ ਕਰਤਾ ਉਕਤ ਦਰਸਾਏ ਖ਼ਿਆਲਾਂ ਦੀ ਪੋੜ੍ਹਤਾ ਇੰਞ ਕਰਦਾ ਹੈ:

ਯਹ ਮਨ ਉਪਜੀ ਪ੍ਰਗਟਿਓ ਜਗ ਪੰਥ॥
ਤਿਹ ਕਾਰਨ ਕੀਜੇ ਅਬ ਗ੍ਰੰਥ॥[3]

ਪੰਚਮ ਨਾਨਕ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਾਸਤੇ

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੬੩।
2. Macauliffe, iii, p. 65-66.
3. *ਮਹਿਮਾ ਪ੍ਰਕਾਸ਼*।

ਫ਼ੁਰਮਾਇਆ ਹੈ ਕਿ ਗ੍ਰੰਥ ਸਾਹਿਬ ਮੇਰੇ ਸਰੂਪ ਨਾਲੋਂ ਭੀ ਸਤਿਕਾਰ ਦੇ ਯੋਗ ਹੈ। ਇਸ ਦਾ ਪਾਠ ਕੀਤਿਆਂ ਸਾਰੇ ਕਾਰਜ ਰਾਸ ਆਉਣਗੇ। ਸਿੱਖ ਨੂੰ ਅੰਤਮ ਸ਼ਰਧਾ ਭੇਟਾ ਕਰਨ ਵਾਸਤੇ ਔਰ ਉਸ ਦੇ ਨਿਸਤਾਰੇ ਲਈ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ, ਭਵਜਲ ਤੋਂ ਪਾਰ ਹੋਣ ਦਾ ਸਾਧਨ ਦਰਸਾਇਆ ਹੈ। ਲਿਖਤ ਐਸੇ ਹੈ:

ਮੇਰੇ ਸਰੂਪ ਜਾਂ ਤੇ ਹੈ ਦੀਰਘ, ਸਾਹਿਬ ਜਾਨਿ ਅਦਾਇਬ ਕੇ ਹੈ ॥੫॥
ਕਾਰਜ ਹੋਇ ਸੰਪੂਰਣ ਬਾਂਛਤ ਪਾਠ ਕਰੇ ਕਿ ਕਰਾਵੈ ਗੋ ॥੧੧॥
ਸਿੱਖ ਸਰੀਰ ਤਜੇ ਤਿਸ ਪਾਛਹਿ ਗਿਰੰਥ ਕੋ ਪਾਠ ਕਰਾਵਹਿਗੋ ॥੧੨॥
ਗ੍ਰੰਥ ਜਹਾਜ ਸੁ ਭਉਜਲ ਕੇ, ਤਰ ਜਾਤ ਸੁਖੈਨ ਜਿਨੀ ਚਿਤ ਲਾਯੋ ॥[1]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦੀ ਬਾਬਤ ਗਿਆਨੀ ਗਿਆਨ ਸਿੰਘ ਜੀ *ਪੰਥ ਪ੍ਰਕਾਸ਼* ਭਾਗ ਪਹਿਲਾ ਵਿਚ ਬਿਆਨ ਕਰਦੇ ਹਨ:

ਆਦਿ ਗੁਰੁ ਗ੍ਰੰਥ ਖਾਸ, ਕੀਨੋ ਪ੍ਰਕਾਸ਼,
ਹਰਿਮੰਦਰ ਮੈਂ, ਸਿਖ ਰਾਸ ਭੇਟ ਭੈ ਚਢਾਵਤੇ ॥੯੦॥[2]

੧੫-੨੧. *ਸ਼ਹਿਨਸ਼ਾਹ ਅਕਬਰ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰੁੱਧ ਸ਼ਿਕਾਇਤ*

ਸੰਨ ੧੬੦੪, ਅਗਸਤ ੧੬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਪਹਿਲੀ ਦਫ਼ਾ ਹਰਿਮੰਦਰ ਸਾਹਿਬ ਵਿਚ ਸਤਿਗੁਰੂ ਪੰਚਮ ਪਾਤਿਸ਼ਾਹ ਅਤੇ ਸੰਗਤ ਦੀ ਵੱਡੀ ਹਾਜ਼ਰੀ ਵਿਚ ਪ੍ਰਕਾਸ਼ ਕੀਤੀ। ਕੇਂਦਰ ਦਾ ਸੰਪੂਰਣ ਹੋ ਜਾਣਾ, ਇਲਹਾਮੀ ਕਿਤਾਬ ਦਾ ਦੈਵੀ ਪ੍ਰਕਾਸ਼ ਅਤੇ ਆਪਣੀ ਭਾਸ਼ਾ ਦਾ ਸਿੱਖੀ ਉੱਮਤ ਵਿਚ ਪ੍ਰਚਲਤ ਹੋ ਜਾਣਾ, ਗੁਰਮਤਿ ਵਿਚ ਪਰਜਾ ਦਾ ਵਧਦਾ ਹੋਇਆ ਵਿਸ਼ਵਾਸ, ਘੋੜਿਆਂ ਦੀ ਤਜਾਰਤ, ਸਿੱਖ ਜਗਤ ਦੇ ਬਾਹਮੀ (ਪਰਸਪਰ) ਫ਼ੈਸਲੇ ਸਿੱਖੀ ਕੇਂਦਰ ਵਿਚ ਹੋਣ ਲਗੇ। ਸਾਰੇ ਦੇਸ਼ ਵਿਚ ਸਿੱਖੀ ਦਾ ਫੈਲਾਓ, ਸਮੇਂ ਅਤੇ ਸਥਾਨ ਦੀਆਂ ਸੀਖਾਂ ਨੂੰ ਉਲੰਘਦਾ ਹੋਇਆ ਆਤਮਕ ਰਹੱਸ, ਔਰ ਸਿੱਖੀ ਉੱਮਤ ਦਾ ਸਰਬ ਮੰਡਲ ਸਿੱਖੀ ਕੇਂਦਰ ਨਾਲ ਇਕ-ਮਿਕ ਹੋ ਜਾਣਾ, ਹਰਿਮੰਦਰ ਸਾਹਿਬ ਦੀ ਚਾਰ ਦੀਵਾਰੀ ਵਿਚੋਂ ਅਗੰਮੀ ਤੌਹੀਦ ਦਾ ਪਾਸਾਰਾ, ਨਾਮ, ਦਾਨ, ਇਸ਼ਨਾਨ ਦਾ ਵਾਤਾਵਰਣ ਇਨਸਾਨੀ ਹਿਰਦਿਆਂ

1. *ਸ੍ਰੀ ਗੁਰੂ ਪ੍ਰਕਾਸ਼ ਸੂਰਜ*, ਰਾਸਿ ੩, ਅੰਸੂ ੫੦, ਪੰਨਾ ੨੧੪੦-੨੧੪੧ ਅਤੇ *ਸਾਡਾ ਇਤਿਹਾਸ*, ਭਾਗ ਪਹਿਲਾ, ਪੰਨਾ ੨੦੦।
2. *ਪੰਥ ਪ੍ਰਕਾਸ*, ਭਾਗ ੧, ਪੰਨਾ ੬੫੯।

ਵਿਚ ਪ੍ਰਵੇਸ਼ ਕਰ ਜਾਣਾ, ਇਨ੍ਹਾਂ ਵਸਤੂਆਂ ਦੀ ਕੀਰਤੀ ਅਤੇ ਰੱਬਾਨੀਅਤ ਦਾ ਫੈਲਾਓ ਗੁਰਮਤਿ ਦੇ ਵਿਰੋਧੀਆਂ ਲਈ ਇਲਹਾਮੀ ਤੌਹੀਦ ਵਲੋਂ ਇਕ ਬਹੁਤ ਗੰਭੀਰ ਚੁਣੌਤੀ ਸੀ। ਸੱਚ ਦੇ ਅਗੰਮੀ ਪਾਸਾਰੇ ਨੂੰ ਠੱਲ੍ਹ ਪਾਉਣ ਲਈ ਬਾਤਲ (ਕੂੜਿਆਵੀ) ਸ਼ਕਤੀਆਂ ਦਾ ਗੰਢ-ਜੋੜ ਹੋਣਾ ਇਕ ਸੁਭਾਵਕ ਜਿਹਾ ਵਤੀਰਾ ਹੈ। ਸੱਚ ਦੀ ਤਲਾਵਤ[1] ਹੁੰਦੀ ਵੇਖ ਕੇ ਕੂੜਾ ਅਨਸਰ ਜਲ ਬਲ ਜਾਂਦਾ ਹੈ ਔਰ ਸੱਚ ਨੂੰ ਵਿਨਾਸ਼ ਕਰਨ ਵਾਸਤੇ ਅਨੇਕਾਂ ਉਪਰਾਲੇ ਕਰਦਾ ਹੈ। ਸੱਚ ਦੀ ਵਿਰੋਧਤਾ ਕਰਨ ਕਰਕੇ ਗਰਭ-ਜੂਨੀਆਂ ਦਾ ਕਿਰਮ ਬਣਦਾ ਹੈ। ਹਜ਼ੂਰ ਦਾ ਫ਼ੁਰਮਾਨ ਹੈ:

ਸਾਕਤ ਕੂੜ ਕਪਟ ਮਹਿ ਟੇਕਾ ॥
ਅਹਿਨਿਸਿ ਨਿੰਦਾ ਕਰਹਿ ਅਨੇਕਾ ॥
ਬਿਨੁ ਸਿਮਰਨ ਆਵਹਿ ਫੁਨਿ ਜਾਵਹਿ
ਗ੍ਰਭ ਜੋਨੀ ਨਰਕ ਮਝਾਰਾ ਹੇ ॥੯॥ —*ਮਾਰੂ ਮ: ੧, ਪੰਨਾ ੧੦੩੦-੧੨*

ਕੁਝ ਬਿਪਰ ਸੰਸਕਾਰੀ ਜੋ ਸੱਚ ਦੀ ਮੁਖ਼ਾਲਫ਼ਤ ਕਰਦੇ ਸਨ, ਇਕੱਠੇ ਹੋ ਕੇ ਬਾਦਸ਼ਾਹ ਅਕਬਰ ਪਾਸ ਬਖ਼ੀਲੀ ਕੀਤੀ ਕਿ ਜੋ ਗੁਰੂ ਅਰਜਨ ਨੇ ਕਿਤਾਬ ਰਚੀ ਹੈ, ਉਸ ਵਿਚ ਇਸਲਾਮ ਦੀ ਵਿਰੋਧਤਾ ਭਾਰੀ ਗਿਣਤੀ ਵਿਚ ਕੀਤੀ ਗਈ ਹੈ। ਐਸੀਆਂ ਬਾਤਾਂ ਸੁਣ ਕੇ ਸਮਰਾਟ ਅਕਬਰ ਨੇ ਆਪਣੇ ਏਲਚੀ ਦੇ ਹੱਥੀਂ ਕਿਤਾਬ ਦੇ ਦੇਖਣ ਲਈ ਹੁਕਮ ਜਾਰੀ ਕਰ ਦਿੱਤਾ ਕਿ ਕਿਤਾਬ ਲੈ ਕੇ ਕਲਾਨੌਰ (ਗੁਰਦਾਸਪੁਰ) ਪਹੁੰਚਿਆ ਜਾਵੇ, ਤਾਂਕਿ ਕਿਤਾਬ ਦੀ ਪੜਤਾਲ ਕੀਤੀ ਜਾ ਸਕੇ। *ਪੰਥ ਪ੍ਰਕਾਸ਼* ਦਾ ਕਰਤਾ ਇਸ ਕੂੜਾਵੀ ਖ਼ਬਰ ਦੀ ਬਾਬਤ ਇੰਝ ਲਿਖਦਾ ਹੈ:

ਆਦਿ ਗੁਰੂ ਗ੍ਰੰਥ ਖਾਸ, ਕੀਨੋ ਪ੍ਰਕਾਸ਼,
ਹਰਿਮੰਦਰ ਮੈਂ ਸਿਖ ਰਾਸ ਭੇਟ ਭੇ ਚਢਾਵਤੇ ॥
ਪੇਖ ਕੇ ਬਖੀਲ ਮਤਸਰ ਵਸ ਬਿਨਾ ਢੀਲ,
ਚੁਗਲੀ ਉਗਲੀ ਪਾਤਿਸ਼ਾਹ ਪਾਸ ਜਾਵਤੇ ॥
ਰਚੀ ਹੈ ਕਿਤਾਬ ਬਡ ਅਰਜਨੈ ਖਰਾਬ,
ਦੀਨ ਇਸਲਾਮ ਲੌਂ ਹੈ ਨਿੰਦੇ ਮਨ ਭਾਵਤੇ ॥
ਸੁਨ ਕਰਿ ਸਾਹਿ ਗੁਰੁ ਗ੍ਰੰਥ ਕੋ ਮੰਗਾਇ ਚਾਹਿ,
ਕਲਾਨੌਰ ਮਾਂਹਿ ਧੈ ਪਢਾਇ ਪੇਖਯੋ ਜਾਵਤੇ ॥੯੦॥[2]

1. ਸੱਚ ਦੀ ਤਲਾਵਤ—ਸੱਚ ਦੀ ਸਿਖਿਆ।
2. *ਪੰਥ ਪ੍ਰਕਾਸ਼*, ਪੂਰ: ਬਿਸ: ੧੯, ਪੰਨਾ ੬੫੯।

ਬਾਦਸ਼ਾਹ ਅਕਬਰ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਬੀੜ ਲੈ ਕੇ ਕਲਾਨੌਰ ਆ ਪਹੁੰਚੇ। ਬਾਦਸ਼ਾਹ ਦੇ ਕਹਿਣ ਅਨੁਸਾਰ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕੀਤੇ ਗਏ। ਬਾਦਸ਼ਾਹ ਨੇ ਪੜ੍ਹਨ ਵਾਸਤੇ ਆਪਣੀ ਉਂਗਲੀ ਇਕ ਪੰਨੇ 'ਤੇ ਟਿਕਾਈ। ਭਾਈ ਗੁਰਦਾਸ ਨੇ ਪੜ੍ਹਨਾ ਆਰੰਭ ਕੀਤਾ। ਪਾਵਨ ਵਾਕ ਨਿਕਲਿਆ :

ਖਾਕ ਨੂਰ ਕਰਦੰ ਆਲਮ ਦੁਨੀਆਇ ॥
ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥੧॥
ਬੰਦੇ ਚਸਮ ਦੀਦੰ ਫਨਾਇ ॥
ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ ॥੧॥ਰਹਾਉ॥

—ਤਿਲੰਗ ਮ: ੫, ਪੰਨਾ ੭੨੩-੧੩

ਸਾਕਤ ਚੁਗਲ-ਖੋਰ ਦੁਰਜਨ ਦੇ ਦੁਬਾਰਾ ਕਹਿਣ 'ਤੇ ਬਾਦਸ਼ਾਹ ਨੇ ਦੁਬਾਰਾ ਆਪਣੀ ਉਂਗਲੀ ਦੂਜੇ ਪੰਨੇ 'ਤੇ ਰੱਖੀ, ਤਦ ਪਵਿੱਤਰ ਬਾਣੀ ਦਾ ਦੈਵੀ ਸ਼ਬਦ ਆਇਆ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ ॥
ਕਿਰਪਾ ਧਾਰਿ ਰਹੀਮ ॥੧॥ਰਹਾਉ॥ *—ਰਾਮਕਲੀ ਮ: ੫, ਪੰਨਾ ੮੮੫-੮*

ਬਾਦਸ਼ਾਹ ਅਕਬਰ ਨੇ ਤਿੰਨ ਚਾਰ ਦਫ਼ਾ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ ਪਰਤ ਕੇ ਅਜ਼ਮਾਇਸ਼ ਕੀਤੀ। ਜਿਥੇ ਕਿਥੇ ਭੀ ਉਂਗਲੀ ਰੱਖੀ ਗਈ, ਉਥੋਂ ਕੇਵਲ ਰੱਬਾਨੀਅਤ ਦੀ ਸਿਫ਼ਤ ਸਾਲਾਹ ਹੀ ਪ੍ਰਗਟ ਹੋਈ। ਮੁਕਦੀ ਕਹਾਣੀ ਇਥੇ ਹੈ ਕਿ ਪਾਵਨ ਗੁਰਬਾਣੀ ਦੇ ਦੈਵੀ ਦਰਸ਼ਨ ਕਰ ਕੇ ਅਕਬਰ ਬਹੁਤ ਹੀ ਪ੍ਰਸੰਨ ਹੋਇਆ। ਸਤਿਕਾਰ ਵਜੋਂ ਇਕ ਸੌ ਅਸ਼ਰਫ਼ੀ[1] ਭੇਟਾ ਕੀਤੀ। ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੂੰ ਵੱਡੇ ਸਨਮਾਨ ਦੁਆਰਾ ਵਿਦਾ ਕੀਤਾ। ਔਰ ਚੁਗਲੀ ਕਰਨ ਵਾਲੇ ਦੋਖੀਆਂ ਦੇ ਮੱਥੇ 'ਤੇ ਮੁਲਾਮਤ ਦਾ ਇਜ਼ਹਾਰ ਕੀਤਾ। ਉਕਤ ਦਰਸਾਈ ਵਾਰਤਾ ਦੀ ਹੋਰ ਜਾਣਕਾਰੀ ਲਈ *ਪੰਥ ਪ੍ਰਕਾਸ਼* ਦੀ ਲਿਖਤ ਕਾਫ਼ੀ ਦਿਲਚਸਪੀ ਦਾ ਵਿਸ਼ਾ ਹੋਵੇਗੀ :

ਭਵ ਦੁਖ ਨਾਸਕ ਸਬਦ ਏਹੁ ਤਬਿ ਆਯੋ,
ਤੀਨ ਚਾਰ ਵਾਰ ਐਸੇ ਗਯੋ ਜੋ ਨਿਹਾਰ ਹੈ ॥

---

1. ਅਸ਼ਰਫ਼ੀ—ਉਸ ਜ਼ਮਾਨੇ ਦੇ ਸੋਲ੍ਹਾਂ ਰੁਪਏ ਦੀ ਇਕ ਅਸ਼ਰਫ਼ੀ ਹੁੰਦੀ ਸੀ।

ਜਹਾਂ ਜਹਾਂ ਪਢੈ ਤਹਾਂ ਨਿਕਸੈ ਸਿਫਤ ਨਾਮੁ,
ਸਤਸੰਗ ਈਸਵਰ ਗੁਰੂ ਕਾ ਜਸ ਭਾਰ ਹੈ ॥
ਸੁਨਿ ਪੇਖਿ ਸਾਹਿ ਭਯੋ ਮੋਦ ਮਨ ਮਾਹਿ,
ਗੁਰੂ ਕਾਮਲ ਫਕੀਰ ਲਖੇ ਆਰਫ ਵਿਚਾਰ ਹੈ ॥੯੨॥
ਏਕ ਸੌ ਅਸ਼ਰਫੀ ਖਿਲਤ ਗੁਰੂ ਜੀ ਕੋ ਦੇ ਕੈ,
ਚੁਗਲੋਂ ਕੋ ਲਾਨ੍ਤ ਦੇ ਰੁਖਸਤ ਕੀਨ ਹੈ ॥
ਬਾਦ ਏਕ ਮਾਹਿ ਕੈ ਉਛਾਹਿ ਕੈ ਸਹਿਤ ਸਾਹਿ ਆਯੋ,
ਗੁਰ ਢਿਗ ਜਾਤੇ ਦੇਹਲੀ ਕੋ ਚੀਨ ਹੈ ॥
ਦਰਸ ਪਰਸ ਕਰਿ ਸਰਜ ਹਰਸ ਹੋਇ,
ਗੁਰੂ ਤੇ ਸ਼ਬਦ ਸੁਨਿ ਭਯੋ ਮੋਦ ਪੀਨ ਹੈ ॥
ਦੇ ਕੇ ਬਹੁ ਨਜ਼ਰ ਨਿਆਜ਼, ਖੁਸ਼ੀ ਗੁਰੁ ਤੇ ਲੈ,
ਦੱਖਨ ਕਾ ਦੇਸ ਜਾਇ ਫਤੇ ਏਸ ਕੀਨ ਹੈ ॥੯੩॥[1]

ਇਹ ਵਾਕਿਆ (ਅਵਸਰ) ਸੰਮਤ ੧੬੬੧ ਦਾ ਹੈ, ਜਦੋਂ ਕਿ ਅਕਬਰ ਨੇ ਗੁਰਬਾਣੀ ਦੇ ਦਰਸ਼ਨ ਕਲਾਨੌਰ ਵਿਚ ਕੀਤੇ ਔਰ ਬਹੁਤ ਹੀ ਜਲਦੀ ਇਸ ਤੋਂ ਉਪਰੰਤ ਸ਼ਹਿਨਸ਼ਾਹ ਨੇ ਸਤਿਗੁਰੂ ਜੀ ਦੇ ਦਰਸ਼ਨ ਅੰਮ੍ਰਿਤਸਰ ਵਿਚ ਸੰਨ ੧੬੦੫ ਦੇ ਆਰੰਭ ਵਿਚ ਕੀਤੇ। ਦੱਖਣ ਦੇਸ਼ ਦੀ ਫ਼ਤਹਿ ਤੋਂ ਬਾਅਦ ੧੩ ਅਕਤੂਬਰ ੧੬੦੫[2] ਨੂੰ ਅਕਬਰ ਦੀ ਮੌਤ ਬੁਰ੍ਹਾਨਪੁਰ ਵਿਚ ਹੋਈ, ਜਿਸ ਨੇ ਕੁਲ ੫੧ ਸਾਲ ਕੁਝ ਮਹੀਨੇ ਰਾਜ ਕੀਤਾ। ਅਕਬਰ ਦੀ ਮੌਤ ਤੋਂ ਉਪਰੰਤ ਸ਼ਹਿਜ਼ਾਦਾ ਸਲੀਮ ਜਹਾਂਗੀਰ ਦੀ ਪਦਵੀ ਦਾ ਧਾਰਣੀ ਹੋ ਕੇ ਦਿੱਲੀ ਦੇ ਤਖ਼ਤ ਦਾ ਵਾਰਿਸ ਬਣਿਆ, ਜਿਥੋਂ ਬਾਬਰੀ ਜਲਾਲ ਬਾਬਾਣੇ ਘਰ ਦਾ ਦੋਖੀ ਬਣਨਾ ਆਰੰਭ ਹੁੰਦਾ ਹੈ। ਕਲਾਨੌਰ ਵਿਚ ਅਕਬਰ ਬਾਦਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਹਾਮੀ ਦੀਦਾਰ ਕਰ ਕੇ ਅਤਿਅੰਤ ਹੀ ਪ੍ਰਸੰਨ ਹੋਇਆ, ਉਸ ਨੇ ਸੁਹਿਰਦਤਾ ਦੇ ਪ੍ਰਗਟਾਵੇ ਰਾਹੀਂ ਆਪਣੀ ਅਕੀਦਤ ਭਰੀ ਭੇਟਾ ਸਤਿਗੁਰੂ ਜੀ ਦੇ ਵਾਸਤੇ, ਗੁਰੂ ਗ੍ਰੰਥ ਸਾਹਿਬ ਜੀ ਵਾਸਤੇ, ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਲਈ ਨਜ਼ਰੋ-ਨਿਆਜ਼ ਵਜੋਂ ਭੇਟਾ ਕੀਤੀ। ਇਸ ਇਤਿਹਾਸਕ ਸੱਚਾਈ ਨੂੰ ਹੋਰ ਨੇੜੇ ਹੋ ਕੇ ਸਮਝਣ ਲਈ *ਹਿਸਟਰੀ ਆਫ਼ ਦੀ ਸਿਖਸ* ਵਿਚ ਹਰੀ ਰਾਮ ਗੁਪਤਾ ਦੀ ਲਿਖਤ ਵਧੇਰੇ ਲਾਭਦਾਇਕ ਹੋਵੇਗੀ:

1. *ਪੰਥ ਪ੍ਰਕਾਸ਼*, ਪੂਰ: ਬਿਸ: ੧੯, ਪੰਨਾ ੬੬੦ ਦੇਖੋ ਮੈਕਾਲਿਫ਼, ਜਿਲਦ ੩, ਪੰਨਾ ੯੧-੯੪।
2. *ਹਿਸਟਰੀ ਆਫ਼ ਦੀ ਪੰਜਾਬ*, ਸੱਯਦ ਮੁਹੰਮਦ ਲਤੀਫ਼, ਪੰਨਾ ੧੪੯; ਦੇਖੋ ਮੈਕਾਲਿਫ਼, ਜਿਲਦ ੩, ਪੰਨਾ ੯੧-੯੪।

15.22. Akbar makes an offering to the Granth

In 1605 A.D. Emperor Akbar was at Batala during his visit to Punjab. A complaint was lodged with him that the Adi Granth contained some blasphemous passages to Islam. The Emperor called for the Granth to his presence. The Guru sent it in the custody of Bhai Gurdas and Bhai Budha. Bhai Gurdas who had written every word of it, assured the Emperor that there was nothing against Islam and on the contrary it contained hymn of Muslim saints. Akbar got the Granth read out at random in the presence of learned Qazis and Pandits. On the first opening of the Granth a hymn said : We are all children of our Father God. On the second opening it stated : God pervades all His creation and the creation resides in Him. When there is nothing but God who should one blame ? On other pages also there was praise of God.

The Emperor was satisfied. He made an offering of 51 gold coins to the Granth and awarded robes of honour for the Guru and to both custodians of the Granth.[1]

ਕਲਾਨੌਰ ਦੀ ਮੁਲਾਕਾਤ ਤੋਂ ਬਾਅਦ ਸ਼ਹਿਨਸ਼ਾਹ ਅਕਬਰ ਲਾਹੌਰ ਕਸ਼ਮੀਰ ਦਾ ਦੌਰਾ ਕਰਦਾ ਹੋਇਆ ਆਪਣੇ ਕੀਤੇ ਇਕਰਾਰ ਅਨੁਸਾਰ ਸੰਨ ੧੬੦੫ ਦੇ ਆਰੰਭ ਵਿਚ ਸਤਿਗੁਰੂ ਜੀ ਦੇ ਪਾਵਨ ਦਰਸ਼ਨਾਂ ਲਈ ਦਰਬਾਰ ਸਾਹਿਬ ਵਿਚ ਆਇਆ, ਪਰ ਉਨ੍ਹਾਂ ਦਿਨਾਂ ਵਿਚ ਸਤਿਗੁਰੂ ਜੀ ਗੋਇੰਦਵਾਲ ਸਾਹਿਬ ਬਿਰਾਜ ਰਹੇ ਸਨ। ਅਕਬਰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਕੇ ਬਹੁਤ ਹੀ ਪ੍ਰਭਾਵਤ ਹੋਇਆ। ਉਸ ਨੇ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਇਸ ਇਲਹਾਮੀ ਕਾਰਜ ਵਿਚ ਕੁਝ ਮੇਰੀ ਤਰਫੋਂ ਭੀ ਭੇਟਾ ਕਬੂਲ ਕੀਤੀ ਜਾਵੇ, ਪਰ ਦਿਆਲੂ ਸਤਿਗੁਰੂ ਜੀ ਨੇ ਆਖਿਆ, "ਹੇ ਪਾਤਿਸ਼ਾਹ! ਆਪ ਪਰਜਾ ਦੇ ਭਲੇ ਵਾਸਤੇ ਪਹਿਲਾਂ ਹੀ ਬਹੁਤ ਕੁਝ ਕਰ ਰਹੇ ਹੋ, ਜੇਕਰ ਆਪ ਇੱਛਾ ਰੱਖਦੇ ਹੋ ਤਦ ਇਸ ਸਾਲ ਦਾ ਮਾਮਲਾ ਮਾਫ਼ ਕੀਤਾ ਜਾਵੇ, ਕਿਉਂਕਿ ਮੀਂਹ

1. Hari Ram Gupta, i, pp. 143-144 ; and Macauliffe, iii, p. 81-83.

ਨਾ ਪੈਣ ਕਰਕੇ ਪਰਜਾ ਤੰਗ ਹੈ।[1] ਸਤਿਗੁਰੂ ਜੀ ਦਾ ਮਾਣ ਸਤਿਕਾਰ ਕਰਦੇ ਹੋਏ ਅਕਬਰ ਨੇ ਸਾਰੇ ਪੰਜਾਬ ਦਾ ਮਾਮਲਾ ਮਾਫ਼ ਕਰ ਦਿੱਤਾ ਔਰ ਬਾਦਸ਼ਾਹ ਵਲੋਂ ਸਤਿਗੁਰੂ ਜੀ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਗਿਆ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸਾਰੇ ਪੰਜਾਬ ਵਿਚ ਸਿੱਖੀ ਦਾ ਫੈਲਾਓ ਬਹੁਤ ਹੀ ਤੇਜ਼ੀ ਨਾਲ ਹੋਣਾ ਆਰੰਭ ਹੋਇਆ, ਜੋ ਪੰਥ ਦੋਖੀਆਂ ਵਾਸਤੇ ਇਕ ਭਾਰੀ ਕਲੇਸ਼ ਵਾਲੀ ਸਮੱਸਿਆ ਬਣ ਗਈ। ਔਰ ਇਸੇ ਸਦਮੇ ਕਾਰਨ ਪ੍ਰਿਥੀ ਚੰਦ ਦੀ ਮੌਤ ਹੋ ਗਈ।[2]

੧੯-੨੩. ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਮਸ਼ਹੂਰ ਵਿਦਵਾਨਾਂ ਦੇ ਵਿਚਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਬਾਅਦ ਕੁਝ ਐਸੇ ਵਿਅਕਤੀ ਗੁਰਮਤਿ ਦੇ ਅਤਿਅੰਤ ਹੀ ਵਿਰੋਧੀ ਹੋ ਨਿਬੜੇ, ਜੋ ਸਤਿਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਨਾਨਕ ਨਾਮ ਲੇਵਾ ਪ੍ਰੇਮੀ-ਜਨਾਂ ਦੀ ਮੁਖ਼ਾਲਫ਼ਤ ਕਰਦੇ ਆ ਰਹੇ ਸਨ। ਜਿਨ੍ਹਾਂ ਵਿਚ ਅੱਖੜ ਕਾਜ਼ੀ ਅਤੇ ਮੁਲਾਣੇ, ਕਪਟੀ ਬ੍ਰਾਹਮਣ ਔਰ ਹੱਠਧਰਮੀ ਜੋਗੀ ਖ਼ਾਸ ਕਰਕੇ ਵਰਨਣ ਯੋਗ ਹਨ। ਇਨ੍ਹਾਂ ਨੂੰ ਗੁਰਬਾਣੀ ਦੀ ਸੀਰਤ ਦਾ ਵਿਕਾਸ ਕਦੇ ਭੀ ਚੰਗਾ ਨਹੀਂ ਲਗਿਆ, ਕਿਉਂਕਿ ਸਤਿਗੁਰੂ ਸਾਹਿਬਾਨ ਨੇ ਇਨ੍ਹਾਂ ਦੀਆਂ ਕੱਟੜ ਮਜ਼ਹਬੀ ਸ਼ਰ੍ਹਾ ਸ਼ਰੀਅਤਾਂ ਅਤੇ ਪਰਜਾ ਨੂੰ ਵਸੀਕਾਰ ਕਰਨ ਦੇ ਕਪਟੀ ਭੁਲੇਖੇ, ਕੁਝ ਹਠਧਰਮੀ ਵਤੀਰੇ, ਬੜੇ ਪੁਰਜ਼ੋਰ ਸ਼ਬਦਾਂ ਦੁਆਰਾ ਖੰਡਨ ਕੀਤੇ। ਜਿਵੇਂ ਹਜ਼ੂਰ ਦਾ ਫ਼ੁਰਮਾਨ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥
ਤੀਨੇ ਓਜਾੜੇ ਕਾ ਬੰਧੁ ॥੨॥ *—ਧਨਾਸਰੀ ਮ: ੧, ਪੰਨਾ ੬੬੨-੧੨*

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰਬਾਣੀ ਦੀ ਇਲਹਾਮੀ ਛੋਹ ਪ੍ਰਾਪਤ ਹੁੰਦਿਆਂ ਹੀ ਮਨੂੰ ਦੇ ਉਲੀਕੇ ਹੋਏ ਚਾਰ ਵਰਨ[3] ਅਤੇ ਇਸਲਾਮ ਦੇ ਉਲੀਕੇ ਹੋਏ ਚਾਰ ਮਜ਼ਹਬ[4] ਗੁਰਮਤਿ ਦੀ ਇਕ ਪ੍ਰਣਾਲੀ ਵਿਚ ਆਨ ਜੁੜੇ।

1. ਮੈਕਾਲਿਫ਼, ਜਿਲਦ ੩, ਪੰਨਾ ੮੧-੮੪।
2. ਮੈਕਾਲਿਫ਼, ਜਿਲਦ ੩, ਪੰਨਾ ੮੪।
3. ਚਾਰ ਵਰਨ—ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ।
4. ਚਾਰ ਮਜ਼ਹਬ ਜਾਂ ਚਾਰ ਮਾਰਗ—ਇਹ ਇਸਲਾਮ ਦੇ ਧਾਰਣੀ ਹਨ, ਜਿਨ੍ਹਾਂ ਦੇ ਨਾਮ ਹਨਫ਼ੀ, ਸ਼ਾਫ਼ਈ, ਮਾਲਿਕੀ ਅਤੇ ਹੰਬਲੀ ਹਨ, ਦੇਖੋ *ਫ਼ੀਰੋਜ਼ ਲੁਗ਼ਾਤ*, ਹਨਫ਼ੀ ਅਤੇ ਹੰਬਲੀ, ਪੰਨਾ ੫੭੬, ਮਾਲਿਕੀ, ਪੰਨਾ ੧੧੯੬, ਸ਼ਾਫ਼ਈ, ਪੰਨਾ ੮੩੩।

ਭਾਵ ਕੀ ? ਕਿ ਰੱਬ ਦੇ ਪੁਜਾਰੀ, ਪਾਹਿਨ ਪੂਜਕ, ਮਾਇਆ ਅਥਵਾ ਪ੍ਰਕ੍ਰਿਤ ਉਪਾਸ਼ਕ ਅਤੇ ਨਾਸਤਕ ਭੀ ਗੁਰਮਤਿ ਦੀ ਪ੍ਰਣਾਲੀ ਵਿਚ ਇਸ ਤਰ੍ਹਾਂ ਆਣ ਜੁੜੇ ਜਿਵੇਂ ਅਠ ਧਾਤਾਂ ਪਾਰਸ ਨਾਲ ਪਰਸ ਕੇ ਕੁੰਦਨ ਬਣ ਜਾਂਦੀਆਂ ਹਨ। ਕਿਉਂਕਿ ਸਤਿਗੁਰੂ ਜੀ ਨੇ ਵੇਦ ਕਤੇਬ ਤੋਂ ਅਗੋਚਰਾ ਇਕ ਕੇਵਲ ਇਕ ਸ਼ਬਦ (ਵਾਹਿਗੁਰੂ) ਹੀ ਸੁਣਾਇਆ ਹੈ। ਇਸਲਾਮ ਦੇ ਵੱਡੇ ਵੱਡੇ ਉੱਲਮਾ ਔਰ ਕੁਝ ਸਰਕਾਰੀ ਕਾਰਿੰਦੇ ਭੀ ਸਿੱਖੀ ਦੀ ਬੁੱਕਲ ਵਿਚ ਆਣ ਸਮਾਏ।[1] ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਦਰਜ ਕਰਦੇ ਹਨ:

> **ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ॥**
> **ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ॥**
> **ਚਾਰਿ ਵਰਨ ਚਾਰਿ ਮਜ਼ਹਬਾ ਚਰਣ ਕਵਲ ਸਰਣਾਗਤਿ ਆਇਆ॥**
> **ਪਾਰਸਿ ਪਰਸਿ ਅਪਰਸ ਜਗਿ ਅਸਟਧਾਤੁ ਇਕੁ ਧਾਤੁ ਕਰਾਇਆ॥**
> **ਪੈਰੀ ਪਾਇ ਨਿਵਾਇ ਕੈ ਹਉਮੈ ਰੋਗੁ ਅਸਾਧੁ ਮਿਟਾਇਆ॥**
> **ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹੁ ਚਲਾਇਆ॥**
> **ਪੂਰੇ ਪੂਰਾ ਥਾਟੁ ਬਣਾਇਆ॥੧੭॥** —*ਭਾ. ਗੁ. ਵਾਰ ੧੨/੧੭/੧*

ਭਾਵੇਂ ਦੁਨੀਆ ਦੇ ਵਿਦਵਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਹਾਮੀ ਨਜ਼ੂਲਤ ਨੂੰ ਇਨਸਾਨੀ ਅੱਖਰਾਂ ਵਿਚ ਉਲੀਕਣ ਦੀ ਕੋਸ਼ਿਸ਼ ਕੀਤੀ ਹੈ, ਪਰੰਤੂ ਇਸ ਇਲਾਹੀ ਜੋਤਿ ਦਾ ਖ਼ਿਆਲੀ ਚੌਖਟੇ ਵਿਚ ਉਲੀਕਣਾ ਇਨਸਾਨੀ ਵਿਦਵਤਾ ਤੋਂ ਬਹੁਤ ਹੀ ਦੁਰੇਡੇ ਦੀ ਵਸਤੂ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਨੂੰ ਕਿਸੇ ਮਾਨਵ ਖ਼ਿਆਲੀ ਢਾਂਚੇ ਵਿਚ ਢਾਲਣਾ ਨਾ-ਮੁਮਕਿਨ ਵਸਤੂ ਹੈ। ਪਾਵਨ ਗੁਰਬਾਣੀ ਦਾ ਇਲਹਾਮੀ ਵਾਕ ਇਸ ਖ਼ਿਆਲ ਦੀ ਹਾਮੀ ਇੰਝ ਭਰਦਾ ਹੈ:

(ੳ) **ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ॥**
ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ॥੩॥
—*ਆਸਾ ਮ: ੫, ਪੰਨਾ ੩੯੭-੧*

(ਅ) **ਗੁਰ ਕੀ ਮਹਿਮਾ ਕਥਨੁ ਨ ਜਾਇ॥**
ਪਾਰਬ੍ਰਹਮੁ ਗੁਰੁ ਰਹਿਆ ਸਮਾਇ॥
—*ਗੋਂਡ ਮ: ੫, ਪੰਨਾ ੮੬੪-੧੨*

(ੲ) **ਗੁਰ ਕੀ ਮਹਿਮਾ ਬੇਦ ਨ ਜਾਣਹਿ॥**
ਤੁਛ ਮਾਤ ਸੁਣਿ ਸੁਣਿ ਵਖਾਣਹਿ॥

---

1. ਦੇਖੋ *ਸਿਖਇਜ਼ਮ*, ਤੇਜਾ ਸਿੰਘ, ਪੰਨਾ ੭੫-੮੭।

ਪਾਰਬ੍ਰਹਮ ਅਪਰੰਪਰ ਸਤਿਗੁਰ
ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥

—*ਮਾਰੂ ਸੋਲਹੇ ਮ: ੫, ਪੰਨਾ ੧੦੭੮-੯*

(ੳ) ਗਿਆਨੀ ਗਿਆਨ ਸਿੰਘ ਜੀ ਕਰਤਾ *ਪੰਥ ਪ੍ਰਕਾਸ਼* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਿਮਾ ਵਿਖੇ ਆਪਣੇ ਖ਼ਿਆਲਾਂ ਦਾ ਇਜ਼ਹਾਰ ਨਿਮਨ-ਲਿਖਤ ਦੇ ਮੁਤਾਬਕ ਕਰਦੇ ਹਨ:

ਬੇਦ ਮੈਂ ਬਖੇਰੇ ਹੈਂ ਘਨੇਰੇ, ਜਗ ਆਦਿ ਕੇਰੇ,
ਔਰ ਇਤਿਹਾਸ ਕ੍ਰਮ ਭ੍ਰਮ ਭੇਦ ਭਾਰ ਹੈਂ॥
ਸ੍ਰੀ ਗੁਰੁ ਗ੍ਰੰਥ ਮਾਂਹਿ ਏਕ ਭੀ ਬਖੇਰਾ ਨਾਂਹਿ,
ਕੇਵਲ ਮੁਕਤਿ ਪਥ ਕੇਵਲ ਉਚਾਰ ਹੈਂ॥
ਬੇਦ ਅਧਿਕਾਰ ਤੀਨ ਵਰਣ ਕੋ ਉਤਾਰੇ ਪਾਰ,
ਔਰ ਕੋਊ ਪਢੇ ਸੁਨੇ ਹੋਇ ਪਾਪੀ ਭਾਰ ਹੈਂ॥
ਯਾਵਤ (ਜਿਤਨੇ ਭੀ) ਹੈਂ ਨਰ ਨਾਰਿ ਦਵੈਜ ਤੇ ਚੰਡਾਲ,
ਗੁਰੂ ਗ੍ਰੰਥ ਜੀ ਤੇ ਸਭ ਕੋ ਉਧਾਰ ਹੈਂ॥੭੭॥[1]

(ਅ) ਦੁਨੀਆ ਦਾ ਅਜ਼ੀਮ ਇਤਿਹਾਸਕਾਰ ਆਰਨਲਡ ਟੋਨਬੀ ਆਪਣੀ ਕਿਤਾਬ *ਏ ਹਿਸਟੋਰੀਅਨ ਅਪਰੋਚ ਟੂ ਰੀਲੀਜਨ* (A Historian Approach to Religion[2]) ਵਿਚ ਲਿਖਦਾ ਹੈ ਕਿ ਦੁਨੀਆ ਦੇ ਧਾਰਮਿਕ ਗ੍ਰੰਥਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਆਪਣੀ ਨਿਵੇਕਲੀ ਪਦਵੀ ਹੈ। ਕੌਮਾਂ ਦੀਆਂ ਆਉਣ ਵਾਲੀਆਂ ਮਜ਼ਹਬੀ ਗੋਸ਼ਟੀਆਂ ਵਿਚ ਸਿੱਖ ਧਰਮ ਅਤੇ ਇਸ ਦੀ ਧਾਰਮਕ ਪੁਸਤਕ (ਆਦਿ ਗ੍ਰੰਥ) ਵਿਚ ਸਾਰੀ ਦੁਨੀਆ ਨੂੰ ਧਾਰਮਿਕ ਸੋਧ ਦੇਣ ਲਈ ਇਕ ਖ਼ਾਸ ਅਤੇ ਦੁਰਲੱਭ ਸੰਦੇਸ਼ ਹੈ। ਇਹੀ ਕਾਰਣ ਹੈ ਕਿ ਸਿੱਖ ਧਰਮ, ਹਿੰਦੂ ਅਤੇ ਮੁਸਲਮਾਨ ਦੇ ਵਿਚਾਲੇ, ਜਿਨ੍ਹਾਂ ਦੇ ਸੰਬੰਧ ਆਪਸ ਵਿਚ ਅੱਛੇ ਨਹੀਂ ਹਨ, ਇਕ ਤਰਲਮਈ ਵਾਤਾਵਰਣ ਉਲੀਕਦਾ ਹੈ। (ਸਿਰਫ਼ ਹਿੰਦੂ ਅਤੇ ਇਸਲਾਮ ਦੇ ਵਿਚਾਲੇ ਹੀ ਨਹੀਂ ਬਲਕਿ ਦੁਨੀਆ ਦੇ ਸਾਰੇ ਧਰਮਾਂ ਦੇ ਵਾਸਤੇ ਇਕ ਇਕਾਈ ਅਤੇ ਆਤਮਕ ਸ਼ਾਂਤੀ ਦਾ ਪੈਗ਼ਾਮ ਦਿੰਦਾ ਹੈ)।

(ੲ) ਸਾਹਿੱਤ ਦੀ ਨੋਬਲ ਇਨਾਮ ਜੇਤੂ ਪਰਲ ਐੱਸ ਬੱਕ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਪਣੀ ਆਤਮਕ ਬਿਰਤੀ ਦਾ ਪ੍ਰਗਟਾਵਾ ਕਰਦੀ ਹੋਈ ਆਖਦੀ ਹੈ ਕਿ ਮੈਂ ਦੁਨੀਆ ਦੇ ਹੋਰ ਸਾਰੇ ਧਰਮ ਗ੍ਰੰਥਾਂ ਦਾ ਮੁਤਾਲਿਆ (ਅਧਿਐਨ) ਕੀਤਾ

---

1. *ਪੰਥ ਪ੍ਰਕਾਸ਼*, ਪੂ: ਬਿ: ੧੯, ਪੰਨਾ ੬੫੮।
2. See Arnold Tynbee, *A Historian Approach to Religion*, p.162.

ਹੈ ਪਰ ਮੈਨੂੰ ਹੋਰ ਕਿਸੇ ਭੀ ਧਰਮ ਗ੍ਰੰਥ ਦੇ ਵਿਚੋਂ ਦਿਲ ਨੂੰ ਪ੍ਰਭਾਵਤ ਕਰਨ ਵਾਲੀ ਆਤਮਕ ਸ਼ਕਤੀ ਪ੍ਰਾਪਤ ਨਹੀਂ ਹੋਈ। ਜੋ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਾਪਤ ਹੁੰਦੀ ਹੈ। ਆਦਿ ਗ੍ਰੰਥ ਦੀ ਰਚਨਾ ਆਪਣੀ ਲੰਬਾਈ ਦੇ ਬਾਵਜੂਦ ਭੀ ਪਰਸਪਰ ਤਾਲਮੇਲ ਭਰਪੂਰ ਹੈ ਔਰ ਇਨਸਾਨੀ ਹਿਰਦੇ ਦੀਆਂ ਗਹਿਰਾਈਆਂ ਨੂੰ ਛੋਂਹਦੀ ਹੋਈ ਵਿਸ਼ਾਲ ਅਨੁਭਵੀ ਰਸਾਂ ਦੀ ਅਮੁੱਕ ਖਾਣ (ਪਦਾਰਥਾਂ ਦੇ ਕੱਢਣ ਵਾਲੀ ਥਾਂ) ਹੈ। ਭਾਵ ਪਰਲ ਐੱਸ ਬੱਕ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੀਰਤ ਵਿਚੋਂ ਦੈਵੀ ਪ੍ਰਕਾਸ਼ ਦੀ ਅਗੰਮੀ ਝਲਕ ਪ੍ਰਾਪਤ ਹੁੰਦੀ ਜਾਪਦੀ ਹੈ। ਉਹ ਕਹਿੰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੁਨੀਆ ਦੀਆਂ ਧਾਰਮਿਕ ਪੁਸਤਕਾਂ ਦਾ ਬੁਨਿਆਦੀ ਸੋਮਾ ਹੈ, ਜੋ ਮਾਨਵ ਜਾਤੀ ਦੀ ਬਿਰਹਨ, ਇਕੱਲਤਾ ਅਤੇ ਮਿਲਾਪ ਦੀ ਤਾਂਘ, ਦਰਸ਼ਨ ਦੀ ਪਿਆਸ, ਨਿਹਕਾਮੀ ਅਰਦਾਸਾਂ ਔਰ ਵਾਹਿਗੁਰੂ ਦੀ ਅਜ਼ੀਮ ਜ਼ਾਤ ਨਾਲ ਸੰਧ-ਕਰਨ ਦੀ ਭੁੱਖ ਦਾ ਇਜ਼ਹਾਰ ਕੀਤਾ ਗਿਆ ਹੈ।

(ਸ) ਕੋਈ ਭੀ ਧਰਮ ਗ੍ਰੰਥ ਪੈਗੰਬਰੀ ਰਹੱਸ ਤੋਂ ਬਿਨਾਂ ਵਜੂਦ ਵਿਚ ਨਹੀਂ ਆ ਸਕਦਾ ਹੈ। ਸਿੱਖ ਧਰਮ ਦੀ ਇਹ ਖ਼ੁਸ਼-ਫ਼ਹਿਮੀ ਹੈ ਕਿ ਗੁਰੂ ਗ੍ਰੰਥ ਸਾਹਿਬ ਪੈਗੰਬਰੀ ਰਹੱਸਾਂ ਵਿਚੋਂ ਅਤੇ ਸਤਿਗੁਰਾਂ ਦੇ ਕਰ-ਕਮਲਾਂ ਅਤੇ ਦੈਵੀ ਪ੍ਰਕਾਸ਼ ਵਿਚੋਂ ਨਮੂਦਾਰ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਕੋਈ ਵਜੂਦ ਨਹੀਂ ਹੈ, ਬਲਕਿ ਇਹ ਇਕ ਦੈਵੀ ਸ਼ਬਦ ਦਾ ਇਜ਼ਹਾਰ ਹੈ। ਗੁਰੂ ਗ੍ਰੰਥ ਸਾਹਿਬ ਦੀ ਉਪਾਸ਼ਨਾ ਵਜੂਦ ਦੀ ਉਪਾਸ਼ਨਾ ਨਹੀਂ ਹੈ, ਬਲਕਿ ਸ਼ਬਦ ਦੀ ਉਪਾਸ਼ਨਾ ਹੈ, ਕਿਉਂਕਿ ਸ਼ਬਦ ਕਿਸੇ ਬੰਦਸ਼ ਦਾ ਮੁਹਤਾਜ ਨਹੀਂ ਹੈ। ਕਿਸੇ ਅਸਥੂਲ ਵਸਤੂ ਦੀ ਜਕੜ ਵਿਚ ਨਹੀਂ ਹੈ। ਆਦਿ ਗ੍ਰੰਥ ਸਾਹਿਬ ਸਮੁੱਚੀ ਮਾਨਵ ਚੇਤਨਾ ਲਈ ਇਲਹਾਮੀ ਭੰਡਾਰਾ ਹੈ, ਜਿਸ ਦਾ ਚਸ਼ਮਾ ਰੱਬਾਨੀਅਤ ਹੈ, ਜਿਸ ਦਾ ਸੋਮਾ ਰੱਬੀ ਕਲਾਮ ਹੈ। ਪਾਵਨ ਬੀੜ ਵਿਚ ਦਸਾਂ ਹੀ ਪਾਤਿਸ਼ਾਹੀਆਂ ਦਾ ਰਹੱਸਮਈ ਅਨੁਭਵੀ ਧਿਆਨ ਹੈ ਔਰ ਰੱਬੀ ਜ਼ੀਨਤ ਦੀ ਅਮਿਟ ਟੀਸੀ ਹੈ।

(ਹ) ਮਿਸਟਰ ਟਰੰਪ ਦੇ ਕਹਿਣ ਅਨੁਸਾਰ ਗੁਰੂ ਗ੍ਰੰਥ ਸਾਹਿਬ ਭਾਰਤੀ ਭਾਸ਼ਾਵਾਂ ਦਾ ਵੱਡਮੁੱਲਾ ਖ਼ਜ਼ਾਨਾ ਹੈ।

(ਕ) ਪਿਆਰਾ ਸਿੰਘ ਪਦਮ ਜੀ ਨੇ ਸੁਲਝੇ ਹੋਏ ਸ਼ਬਦਾਂ ਦੁਆਰਾ ਇਹ ਨਿਰਣੈ ਕੀਤਾ ਹੈ ਕਿ ਅਗਰ ਕੋਈ ਵਿਅਕਤੀ ਇਸ ਬਾਣੀ ਨੂੰ ਗੁਰੂ ਮੰਨ ਕੇ ਨਾ ਭੀ ਪੜ੍ਹੇ, ਉਸ ਨੂੰ ਇਸ ਦੇ ਸਾਹਿਤਕ ਰਸ ਅਗੇ ਸਿਰ ਝੁਕਾਣਾ ਹੀ ਪਵੇਗਾ।

(ਖ) ਈਸ਼ਵਰੀ ਪ੍ਰਸ਼ਾਦ ਦੇ ਕਹਿਣ ਅਨੁਸਾਰ ਜਿਸ ਵੇਲੇ ਅਕਬਰ ਨੇ ਕਲਾਨੌਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ, ਉਸ ਵੇਲੇ ਉਸ ਨੇ ਆਖਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਮਹਾਨ ਪਵਿੱਤਰ ਅਤੇ ਵੱਖ ਵੱਖ ਖ਼ਿਆਲਾਂ ਦੇ ਸੁਮੇਲ ਵਾਲਾ ਗ੍ਰੰਥ ਹੈ।

The greatest book of syntheses worthy of reverence.

(ਗ) ਡਾਕਟਰ ਰਾਧਾ ਕ੍ਰਿਸ਼ਨਨ, ਇੰਡੀਆ ਦੇ ਦੂਜੇ ਪ੍ਰਧਾਨ ਲਿਖਦੇ ਹਨ :

The barriers of sea and mountains will give way before the call of eternal truth which is set forth with freshness of feeling and fervour devotion in Adi Granth.

(ਘ) Toynbee : In this coming religious debate the Sikh religion and its scripture, the Adi Granth will have something of special value to say to the rest of world.

(ਙ) ਮਿਸਟਰ ਗਰੀਨਲੀਜ਼ ਲਿਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੁਨੀਆ ਦੀ ਸਭ ਤੋਂ ਉੱਚੀ ਸਾਹਿਤਕ ਪੂੰਜੀ ਦਾ ਵਾਰਿਸ ਹੈ, ਔਰ ਆਤਮਕ ਜੀਵਨ ਦੇਣ ਵਾਲਾ ਸਭ ਤੋਂ ਵੱਡਾ ਨਿਰੰਤਰ ਚਸ਼ਮਾ ਹੈ।[1]

Among the world's scriptures few, if any, attain so high literary level or so constant a height of inspiration. (That is the Granth Sahib)

1. Mr. Green, *Gospel of Guru Granth Sahib*, pp. vii.

ਸਤਿਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਕਾਰਨ

ਸਤਿਗੁਰੂ ਅਰਜਨ ਸਾਹਿਬ ਜੀ ਦੀ ਗੁਰ-ਗੱਦੀ ਦਾ ਸਮਾਂ ਸੰਨ ੧੫੮੧ ਈਸਵੀ ਤੋਂ ਸੰਨ ੧੬੦੬ ਤਕ ਹੈ। ਪੂਰੇ ਪੱਚੀ (੨੫) ਸਾਲ ਇਲਹਾਮੀ ਪੈਗੰਬਰ ਸਤਿਗੁਰੂ ਜੀ ਨੇ ਬਹੁਤ ਵੱਡੀ ਘਾਲਣਾ ਘਾਲ ਕੇ ਦੇਸ਼-ਦੇਸ਼ਾਂਤਰਾਂ ਵਿਚ ਗੁਰਮਤਿ ਦਾ ਪਰਚਮ ਲਹਿਰਾ ਦਿੱਤਾ। ਪਰਜਾ ਦੇ ਅੰਤਰ-ਆਤਮੇ ਸਤਿਗੁਰੂ ਜੀ ਵਾਸਤੇ ਇਤਨੀ ਸ਼ਰਧਾ ਭਾਵ ਪ੍ਰਬਲ ਹੋ ਗਈ, ਜੋ ਕਥਨੀ ਬਦਨੀ ਤੋਂ ਪਰੇ ਦੀ ਵਸਤੂ ਹੈ। ਔਰ ਨਾਲ ਦੀ ਨਾਲ ਮੌਕੇ ਦੀ ਹਕੂਮਤ ਅਤੇ ਹਕੂਮਤ ਦਾ ਸਰਤਾਜ ਬਾਦਸ਼ਾਹ ਅਕਬਰ ਸਤਿਗੁਰੂ ਜੀ ਦੀ ਦੈਵੀ ਸ਼ਕਤੀ ਅਗੇ ਆਪਣਾ ਬਾਬਰੀ ਜਲਾਲ ਭੀ ਝੁਕਾਉਣ ਵਿਚ ਫ਼ਖ਼ਰ ਸਮਝਦਾ ਸੀ। ਹਰਿਮੰਦਰ ਸਾਹਿਬ ਦੀ ਸੰਪੂਰਨਤਾ, ਪਾਵਨ ਗ੍ਰੰਥ ਸਾਹਿਬ ਜੀ ਦਾ ਦੈਵੀ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਹੋ ਜਾਣਾ, ਇਹ ਸਾਰੀਆਂ ਕਾਮਯਾਬੀਆਂ ਦੱਸਦੀਆਂ ਹਨ ਕਿ ਸਤਿਗੁਰੂ ਅਰਜਨ ਸਾਹਿਬ ਜ਼ਾਹਿਰਾ ਜ਼ਹੂਰ ਰੱਬੀ ਜਾਮਾ ਪਹਿਨ ਕੇ ਕਾਇਨਾਤ ਨੂੰ ਜੀਵਨ ਸੇਧ ਦੇਣ ਲਈ ਦੁਨੀਆ ਵਿਚ ਵਿਚਰ ਰਹੇ ਸਨ। ਤਦੇ ਭੱਟਾਂ ਨੇ ਇਕ ਜ਼ਬਾਨ ਹੋ ਕੇ ਆਖਿਆ ਹੈ:

> **ਇਹ ਪਧਤਿ ਤੇ ਮਤ ਚੂਕਹਿ ਰੇ ਮਨ,**
> **ਭੇਦੁ ਬਿਭੇਦੁ ਨ ਜਾਨ ਬੀਅਉ ॥**
> **ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ**
> **ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥**

—ਸਵਈਏ ਮ: ਪੰਜਵੇ ਕੇ, ਪੰਨਾ ੧੪੦੯-੫

ਸਤਿਗੁਰੂ ਅਰਜਨ ਦੇਵ ਜੀ ਦੀ ਦੈਵੀ ਜੋਤਿ ਸਾਰੀ ਕਾਇਨਾਤ ਨੂੰ ਆਪਣੇ ਦੈਵੀ ਪ੍ਰਕਾਸ਼ ਦੇ ਆਸਰੇ ਰੁਸ਼ਨਾ ਰਹੀ ਸੀ। ਸਗਲੀ ਧਰਤੀ, ਸਮੁੱਚਾ ਆਕਾਸ਼, ਅਮਿਤ ਬ੍ਰਹਮੰਡ ਸਤਿਗੁਰੂ ਅਰਜਨ ਦੇਵ ਜੀ ਦੀ ਨੂਰਾਨੀ ਰੱਬਾਨੀਅਤ ਦਾ

ਰਿਣੀ ਹੈ। ਇਹੀ ਵੱਡਾ ਕਾਰਣ ਹੈ ਕਿ ਗੁਰੂ ਅਰਜਨ ਦੇਵ ਜੀ ਅਤੇ ਕਾਦਰ ਦੇ ਵਿਚਕਾਰ ਕੋਈ ਸੀਮਾ ਨਹੀਂ ਹੈ। ਗੁਰੂ ਅਰਜਨ ਪ੍ਰਤੱਖ ਰੱਬਾਨੀਅਤ ਦਾ ਮੁਜੱਸਮਾ ਹੈ। ਇਸ ਸੱਚਾਈ ਨੂੰ ਮਥਰਾ ਭੱਟ ਕਥਨ ਕਰਦਾ ਹੈ:

ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥

—ਸਵਈਏ ਮ. ਪੰਜਵੇ ਕੇ, ਪੰਨਾ ੧੪੦੯-੧੧

ਰੂਹਾਨੀਅਤ ਦੇ ਮੰਡਲਾਂ ਅਤੇ ਸ੍ਰਿਸ਼ਟੀ ਵਿਚ ਸਤਿਗੁਰੂ ਅਰਜਨ ਸਾਹਿਬ ਦੀ ਇਲਹਾਮੀ ਪੈਗੰਬਰੀ ਪਾਯਾ-ਤਕਮੀਲ ਦੀਆਂ ਬੁਲੰਦੀਆਂ ਨੂੰ ਪਾਰ ਕਰ ਕੇ ਅਗੰਮੀ ਮਾਹੌਲ ਵਿਚ ਅਲੋਪ ਹੋ ਗਈ। ਜਿਥੇ ਰੱਬ ਅਤੇ ਸਤਿਗੁਰੂ ਅਰਜਨ ਦੇਵ ਜੀ ਦੀ ਨਿਰਣਾਤਮਕ ਪਛਾਣ ਅਸੰਭਵ ਹੋ ਜਾਂਦੀ ਹੈ। ਤਦੇ ਭਾਈ ਨੰਦ ਲਾਲ ਜੀ ਗੋਯਾ ਜ਼ਿਕਰ ਕਰਦੇ ਹਨ:

ਗੁਰੂ ਅਰਜਨ ਜੁਮਲਾ ਜੂਦੋ ਫ਼ਜ਼ਾਲ ॥
ਹਕੀਕਤ ਪਜ਼ੋ ਹਿੰਦਾਇ ਹੱਕ ਜਮਾਲ ॥੭੫॥
ਵਜੂਦਸ਼ ਹਮਾ ਰਹਿਮਤਿ ਈਜ਼ਦੀ ॥
ਸ਼ਆਦਤ ਫ਼ਜ਼ਾਇੰਦਇ ਸਰਮਦੀ ॥੭੬॥[1]

ਅਰਥ: ਗੁਰੂ ਅਰਜਨ ਬਖ਼ਸ਼ਿਸ਼ ਅਤੇ ਵਡਿਆਈ ਦਾ ਰੂਪ ਹੈ। ਰੱਬੀ ਸ਼ਾਨ ਦੀ ਅਸਲੀਅਤ ਦਾ ਮੁਤਲਾਸ਼ੀ ਹੈ।੭੫। ਉਸ ਦਾ ਵਜੂਦ ਸਾਰਾ ਰੱਬੀ ਰਹਿਮਤ ਦਾ ਝਲਕਾਰਾ ਹੈ ਔਰ ਸਦੀਵੀ ਨੇਕ ਗੁਣਾਂ ਵਿਚ ਵਾਧਾ ਕਰਨ ਵਾਲਾ ਹੈ।੭੬।

ਰੱਬੀ ਰਹਿਮਤ ਦਾ ਸਦਕਾ ਸਤਿਗੁਰੂ ਜੀ ਦੀ ਮਹਿਮਾ ਸਾਰੇ ਜਗਤ ਵਿਚ ਇਤਨੀ ਫੈਲ ਗਈ ਕਿ ਲਿਖਾਰੀਆਂ ਦੀ ਕਲਮ ਦੁਆਰਾ ਸੁਭਾਵਕ ਹੀ ਐਸੀਆਂ ਲਿਖਤਾਂ ਦੁਨੀਆ ਦੇ ਇਤਿਹਾਸ ਵਿਚ ਲਿਖੀਆਂ ਗਈਆਂ ਜਿਨ੍ਹਾਂ ਦੀ ਮਿਸਾਲ ਉਹ ਆਪ ਹੀ ਹਨ। ਜਿਵੇਂ 'ਪੰਜਾਬੈ ਗੁਰ ਦੀ ਵਡਿਆਈ' ਕਿ ਪੰਜਾਬ ਗੁਰਾਂ ਦੇ ਰਹਿਮ 'ਤੇ ਵਿਚਰ ਰਿਹਾ ਹੈ। ਬਲਕਿ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਸਤਿਗੁਰੂ ਅਰਜਨ ਸਾਹਿਬ ਜੀ ਦੇ ਸਿੱਖਾਂ ਦੀ ਸਾਖ਼ ਸਾਰੇ ਹਿੰਦੁਸਤਾਨ ਵਿਚ ਫੈਲ ਗਈ:

ਪੈੜਾ ਜਾਤਿ ਚੰਡਾਲੀਆ ਜੇਠੇ ਸੇਠੀ ਕਾਮ ਕਮਾਈ ॥
ਲਟਕਣੁ ਘੂਰਾ ਜਾਣੀਐ ਗੁਰਦਿਤਾ ਗੁਰਮਤਿ ਗੁਰਭਾਈ ॥
ਕਟਾਰਾ ਸਰਾਫ ਹੈ ਭਗਤੂ ਵਡਾ ਭਗਵਾਨ ਸੁਭਾਈ ॥

1. ਭਾਈ ਨੰਦ ਲਾਲ ਜੀ ਗੋਯਾ, *ਗੰਜ ਨਾਮਾ*, ਪੰਨਾ ੧੨੪-੧੨੫, ਸੰਪਾਦਕ ਗੰਡਾ ਸਿੰਘ।

ਸਿਖ ਭਲਾ ਰਵਿਤਾਸ (ਰੋਹਤਾਸ) ਵਿਚਿ ਪਉਣੁ ਮੁਰਾਰੀ ਗੁਰ ਸਰਣਾਈ॥
ਆਡਿਤ ਸੁਇਨੀ ਸੂਰਮਾ ਚਰਣ ਸਰਣਿ ਚੂਹੜੁ ਜੇ ਸਾਈ॥
ਲਾਲਾ ਸੇਠੀ ਜਾਣੀਐ ਜਾਣੁ ਨਿਹਾਲੂ ਸਬਦਿ ਲਿਵ ਲਾਈ॥
ਰਾਮਾ ਝੰਝੀ ਆਖੀਐ ਹੇਮੂ ਸੋਈ ਗੁਰਮਤਿ ਪਾਈ॥
ਜਟੂ ਭੰਡਾਰੀ ਭਲਾ ਸ਼ਾਹਦਰੇ ਸੰਗਤਿ ਸੁਖਦਾਈ॥
ਪੰਜਾਬੈ ਗੁਰ ਦੀ ਵਡਿਆਈ॥੨੪॥'

—ਭਾਈ ਗੁਰਦਾਸ, ਵਾਰ ੧੧-੨੪

੧੬-੧. ਸਤਿਗੁਰੂ ਸੱਚਾ ਪਾਤਿਸ਼ਾਹ

ਦੁਨੀਆ ਦੀ ਕੋਈ ਭੀ ਹਕੂਮਤ ਅੰਦਰੂਨੀ ਤੌਰ 'ਤੇ ਆਪਣੀ ਪਰਜਾ ਵਾਸਤੇ ਕਈ ਪ੍ਰਕਾਰ ਦੇ ਫ਼ਰਜ਼ਾਂ ਦੀ ਜ਼ਿੰਮੇਵਾਰੀ ਨਿਭਾਉਂਦੀ ਹੈ। ਜਿਵੇਂ ਪਰਜਾ ਦੀ ਬੇਹਤਰੀ ਵਾਸਤੇ ਵਿਦਿਆ ਦੇ ਅਦਾਰੇ ਕਾਇਮ ਕਰਨੇ, ਤਾਕਿ ਇਕ ਸਾਧਾਰਨ ਵਿਅਕਤੀ ਸੰਸਾਰੀ ਕਾਰੋਬਾਰ ਅਤੇ ਧਾਰਮਿਕ ਜ਼ਿੰਦਗੀ ਵਿਚ ਆਪਣਾ ਯੋਗਦਾਨ ਪਾ ਸਕੇ। ਦੂਸਰੀ ਵਸਤੂ ਸਿਹਤ ਦੇ ਅਦਾਰੇ ਕਾਇਮ ਕਰਨੇ ਹਨ, ਤਾਕਿ ਲੋਕਾਂ ਦੀ ਜਿਸਮਾਨੀ ਹਾਲਤ ਚਾਲੂ ਜ਼ਮਾਨੇ ਦੇ ਲਿਹਾਜ਼ ਨਾਲ ਤਵਾਜ਼ਨ ਪੈਦਾ ਕਰ ਸਕੇ। ਤੀਸਰੀ ਚੀਜ਼ ਸਮਾਜਿਕ ਉੱਨਤੀ ਲਈ ਤਜਾਰਤ, ਖੇਤੀ ਬਾੜੀ, ਹੁਨਰਮੰਦੀ, ਤਾਕਿ ਜਨਤਾ ਦੇ ਖਾਣ, ਪਾਣ, ਪਹਿਰਨ ਵਿਚ ਸੰਤੁਲਨ ਕਾਇਮ ਕੀਤਾ ਜਾ ਸਕੇ। ਚੌਥੀ ਵਸਤੂ ਪਰਜਾ ਦੇ ਆਪਸੀ ਵਾਦ-ਵਿਵਾਦ ਦੇ ਨਿਪਟਾਰੇ ਲਈ ਸੁਲਝੀ ਹੋਈ ਨਿਆਇ ਪ੍ਰਣਾਲੀ ਕਾਇਮ ਕਰਨੀ, ਤਾਕਿ ਲੋਕਾਂ ਦੇ ਪਰਸਪਰ ਝਗੜਿਆਂ ਦਾ ਸਹੀ ਅਤੇ ਨਿਰਪੱਖ ਨਿਆਇ ਕੀਤਾ ਜਾ ਸਕੇ। ਪੰਜਵੀਂ ਅਮੋਲਕ ਵਸਤੂ ਰੂਹਾਨੀ ਜੀਵਨ ਵਾਸਤੇ ਇਲਹਾਮੀ ਪੈਗਾਮ ਦੇਣਾ ਔਰ ਆਪਣੀ ਛੋਹ ਦੁਆਰਾ ਜੀਵਨ ਵਿਚ ਤਬਦੀਲੀ ਉਤਪੰਨ ਕਰ ਦੇਣੀ। ਉਕਤ ਦਰਸਾਈਆਂ ਪੰਜੇ ਚੀਜ਼ਾਂ ਸਤਿਗੁਰੂ ਜੀ ਨੇ ਨੇਮਾਵਲੀ ਵਿਚ ਲੈ ਆਂਦੀਆਂ। ਇਨ੍ਹਾਂ ਪ੍ਰੋਗਰਾਮਾਂ ਦੀ ਪੂਰਤੀ ਲਈ ਪੈਸੇ ਦੀ ਜ਼ਰੂਰਤ ਦਸਵੰਧ ਦੇ ਆਸਰੇ ਪੂਰੀ ਹੋਣ ਲੱਗੀ। ਭਾਵ ਗੁਰਸਿੱਖਾਂ ਦੀ ਆਮਦਨੀ ਦਾ ਦਸਵਾਂ ਹਿੱਸਾ ਗੁਰੂ ਕੀ ਗੋਲਕ ਵਿਚ ਆਉਣ ਲੱਗਾ, ਜਿਸ ਦਾ ਸਦਕਾ ਸਰੀਰਕ ਭੋਜਨ ਗੁਰੂ ਕੇ ਲੰਗਰ ਵਿਚੋਂ ਪ੍ਰਾਪਤ ਹੋਣਾ ਮਨੁੱਖੀ ਜੀਵਨ ਦਾ ਇਕ ਸੁਭਾਵਕ ਅੰਗ ਬਣ ਗਿਆ। ਦੂਜੇ ਪਾਸੇ ਆਤਮਕ ਭੋਜਨ ਦੀ ਅਵੱਸ਼ਕਤਾ ਗੁਰਦਰਸ਼ਨ, ਗੁਰਬਾਣੀ, ਕੀਰਤਨ, ਗੁਰ ਸ਼ਬਦ ਵੀਚਾਰ ਔਰ

1. ਦੇਖੋ ਵਾਰ ੧੧ਵੀਂ, ਪਉੜੀਆਂ ੧੯ ਤੋਂ ੨੯ ਤਕ।

ਪਾਵਨ ਨਾਮ ਦੀ ਸਰੇਤ ਵਿਚ ਪੂਰੀ ਹੋਣ ਲੱਗੀ। ਘਰੇਲੂ ਫ਼ੈਸਲਿਆਂ ਦਾ ਨਿਪਟਾਰਾ ਸਤਿਗੁਰੂ ਜੀ ਦੇ ਸੱਚੇ ਦਰਬਾਰ ਵਿਚੋਂ ਹੋਣ ਲੱਗਾ। ਜਿਥੋਂ ਪਹਿਲੀ ਦਫ਼ਾ ਸਿੱਖ ਉੱਮਤ ਸਤਿਗੁਰੂ ਜੀ ਦੇ ਇਲਾਹੀ ਸਤਿਕਾਰ ਨੂੰ ਹੋਰ ਵਧੇਰੇ ਮਾਨਣ ਲਈ ਸੱਚਾ ਪਾਤਿਸ਼ਾਹ ਆਖਣ ਲੱਗੀ, ਔਰ ਸਤਿਗੁਰੂ ਜੀ ਦੀ ਜੀਵਨ ਪਦਵੀ ਜਿਥੇ ਆਤਮਕ ਮੰਡਲਾਂ ਨੂੰ ਛੋਂਹਦੀ ਹੋਈ ਸੱਚੀ ਸ਼ਹਿਨਸ਼ਾਹਤ ਦੀ ਧਾਰਨੀ ਸੀ, ਉਥੇ ਦੁਨਿਆਵੀ ਜ਼ਿੰਦਗੀ ਭੀ ਸੰਸਾਰੀ ਸ਼ਹਿਨਸ਼ਾਹਾਂ ਦੇ ਮੁਕਾਬਲੇ ਵਿਚ ਉੱਚੀਆਂ ਬੁਲੰਦੀਆਂ ਨੂੰ ਛੋਂਹਦੀ ਸੀ। ਕੁਝ ਇਕ ਲਿਖਾਰੀਆਂ ਦੇ ਤਖ਼ਮੀਨੇ ਉਕਤ ਦਰਸਾਈ ਵਾਰਤਾ ਪ੍ਰਤੀ ਆਪਣੇ ਆਪਣੇ ਖ਼ਿਆਲਾਂ ਦਾ ਇਜ਼ਹਾਰ ਨਿਮਨ-ਲਿਖਤਾਂ ਦੇ ਅਨੁਸਾਰ ਕਰਦੇ ਹਨ। ਸਭ ਤੋਂ ਪਹਿਲਾਂ ਹਰੀ ਰਾਮ ਗੁਪਤਾ ਦੇ ਖ਼ਿਆਲ ਪੜ੍ਹਨੇ ਕਾਫ਼ੀ ਸਹਾਇਕ ਅਤੇ ਯੋਗ ਸਾਬਤ ਹੋਣਗੇ :

16.2. Princely Style of Living

To inspire the mind of his disciples with the grandeur and glory of the new religion, Guru Arjan began to live in an aristocratic style. He (The Guru) rejected the old path of renouncing earthly pleasures. He advocated that spiritual life and worldly living were two aspects of a single reality. The belief that world was Maya or deception was given up. The Guru taught that mundane pleasures could be enjoyed within proper limits and they should not be allowed to interfere with good living. He erected 'lofty buildings'[1] at Amritsar, wore rich clothes, kept fine horses procured from Central Asia and some elephants and maintained retainers as body-guards in attendance. In consequence the Sikhs venerated the Guru to such an extent that they called him 'Sachcha Patishah'[2] or the veritable King who led human soul to salvation as opposed to worldly kings controlled people's mundane deeds. It also implied that the Guru

1. *Dabistan Mazahib*, p. 234.
2. *Dabistan Mazahib*, p. 233.

governed by principles of love and justice. The temporal kings, on the other hand, ruled by force of arms and fear of authority. Latif is wrong when he says that Guru Arjan 'laid aside rosary'. Rosary was the constant companion of Guru.[1]

ਸਤਿਗੁਰੂ ਅਰਜਨ ਸਾਹਿਬ ਦੇ ਗੁਰ-ਗੱਦੀ ਕਾਲ ਵਿਚ ਸਤਿਗੁਰੂ ਨਾਨਕ ਦੇਵ ਜੀ ਦਾ ਦਰਸਾਇਆ ਇਲਹਾਮੀ ਸਿਧਾਂਤ ਸਿੱਖੀ ਉੱਮਤ ਦੇ ਮਨਾਂ ਅਤੇ ਆਤਮਾ ਵਿਚ ਦ੍ਰਿੜ੍ਹਤਾ ਦਾ ਰੂਪ ਧਾਰਨ ਕਰ ਗਿਆ, ਜਿਸ ਦਾ ਸਦਕਾ ਸਿੱਖੀ ਬਹੁਤ ਹੀ ਬਲਵਾਨ ਹੋ ਗਈ। ਸਿੱਖਾਂ ਦੇ ਦਿਲਾਂ ਵਿਚ ਖ਼ਾਲਸ ਪਵਿੱਤਰਤਾ ਨਿਰਧਾਰਤ ਹੋ ਨਿਬੜੀ। ਕਨਿੰਘਮ ਦੇ ਖ਼ਿਆਲ ਪੜ੍ਹਨੇ ਹੋਰ ਸਹਾਇਕ ਹੋਣਗੇ :

During the ministry of Arjan the principles of Nanak took firm hold on the mind of his followers... and as the destined re-storer of purity and sanctity.[2]

੧੯-੩. ਪਾਖੰਡੀਆਂ ਨੂੰ ਚਿਤਾਵਨੀ

ਸਤਿਗੁਰੂ ਅਰਜਨ ਦੇਵ ਜੀ ਨੇ ਹਿੰਸਕ ਅਤੇ ਹੱਠਧਰਮੀ ਹਕੂਮਤ ਔਰ ਉਸ ਦੇ ਹਾਮੀਆਂ ਦੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਪਾਖੰਡੀ ਜੋਗੀਆਂ, ਤਪੀਆਂ, ਵੈਰਾਗੀਆਂ ਔਰ ਸੰਨਿਆਸੀਆਂ ਨੂੰ ਰੱਬੀ ਭੈ ਥੱਲੇ ਲਿਆਉਣ ਲਈ ਤਾੜਨਾ ਕੀਤੀ। ਔਰ ਮਸ਼ਵਰਾ ਦਿੱਤਾ, ਪ੍ਰੇਰਨਾ ਕੀਤੀ ਕਿ ਮੰਦੇ ਕਰਮਾਂ ਦਾ ਤਿਆਗ ਕਰੋ, ਮਾਰੂ ਨੀਤੀ ਤੋਂ ਤੋਬਾ ਕਰੋ, ਸੁਲ੍ਹਾਕੁਲ ਨੀਤੀ ਔਰ ਸਦਾਚਾਰੀ ਜੀਵਨ ਧਾਰਨ ਕਰੋ। ਪਰਸਪਰ ਸੱਜਣਤਾਈ, ਪਵਿੱਤਰਤਾ ਭਰਪੂਰ ਜੀਵਨ ਦੀ ਤਲਕੀਨ ਕੀਤੀ, ਰੂਹਾਨੀ ਅਤੇ ਮਾਨਸਿਕ ਸੁਖ ਸ਼ਾਂਤੀ ਵਾਲੀ ਜ਼ਿੰਦਗੀ ਬਤੀਤ ਕਰਨ ਲਈ ਮਸ਼ਵਰੇ ਦਿੱਤੇ। ਕੇਵਲ ਇਕ ਵਾਹਿਗੁਰੂ ਦਾ ਨਾਮ ਚਿੰਤਨ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ। ਉਕਤ ਦਰਸਾਈਆਂ ਦਾਤਾਂ ਦੀ ਦਾਤਿ ਸਤਿਗੁਰੂ ਨਾਨਕ ਦੇਵ ਜੀ ਨੂੰ ਧੁਰ ਦਰਗਾਹ ਵਿਚੋਂ ਇਲਾਹੀ ਦਾਤਿ ਵਜੋਂ ਪ੍ਰਾਪਤ ਹੋਈ, ਜੋ ਸਮੂੰਹ ਮਾਨਵ ਜਾਤੀ ਦੇ ਭਲੇ ਵਾਸਤੇ ਮਖ਼ਸੂਸ ਕੀਤੀ ਗਈ ਹੈ। ਉਪਰ ਦਰਸਾਈ ਵਾਰਤਾ ਨੂੰ ਹੋਰ ਵਧੇਰੇ ਸਮਝਣ ਲਈ ਕਨਿੰਘਮ ਦੀ ਲਿਖਤ ਕਾਫ਼ੀ ਸਹਾਇਕ ਹੋਵੇਗੀ :

He declared against the bigotry of the Mohamdans

1. Gupta, i, p. 133.
2. J. D. Cunningham, p. 48, *History of the Sikhs.*

and their ready resort to violence. He denounces the asceticism of the Hindu and he urges all men to abandon their evil ways to live peacefully and virtuously and to call upon the name of the true God to whom Nanak had witness.[1]

ਯਾਦ ਰੱਖਣ ਵਾਲੀ ਦਾਸਤਾਂ ਇਹ ਹੈ ਕਿ ਹਮੇਸ਼ਾ ਹੀ ਇਸ ਦੁਨੀਆ ਦੇ ਆਗਾਜ਼ ਤੋਂ ਹੀ ਬਾਤਲ (ਝੂਠੀਆਂ) ਤਾਕਤਾਂ ਸੱਚ ਦੇ ਖ਼ਿਲਾਫ਼ ਸਫ਼ਾਂ ਤਾਣ ਕੇ ਇਕਮੁੱਠ ਹੋ ਕੇ ਮੈਦਾਨ ਵਿਚ ਜੁੜ ਜਾਂਦੀਆਂ ਰਹੀਆਂ ਹਨ, ਬਿਲਕੁਲ ਇਸੇ ਪ੍ਰਕਾਰ ਅੱਜ ਬਾਬਾਣੇ ਘਰ ਦੀ ਚੜ੍ਹਤਲ ਦੇ ਵਿਰੁੱਧ ਸਾਰੀਆਂ ਹੀ ਬਾਤਲਾਨਾ ਸ਼ਕਤੀਆਂ ਇਕ ਪਲੇਟ-ਫਾਰਮ 'ਤੇ ਆਣ ਜੁੜੀਆਂ। ਜੋ ਦੁਨੀਆ ਦੀ ਤਾਰੀਖ਼ ਵਿਚ ਹਮੇਸ਼ਾ ਹੀ ਦੋਸ਼ੀ ਠਹਿਰਾਈਆਂ ਜਾਣਗੀਆਂ। ਜਿਨ੍ਹਾਂ ਦੇ ਬਦ-ਨੁਮਾ ਅਤੇ ਕਪਟੀ ਚਿਹਰੇ ਦੀਨ-ਦੁਨੀ ਵਿਚ ਜ਼ਰਦ-ਰੂਹ ਹੋ ਨਿਬੜੇ ਹਨ ਅਤੇ ਰੱਬੀ ਦਰਗਾਹ ਵਿਚ ਭੀ ਫਿਟਕਾਰੇ ਜਾਣਗੇ। ਉਨ੍ਹਾਂ ਨੂੰ ਕੋਈ ਭੀ ਟਿਕਾਣਾ ਨਹੀਂ ਮਿਲੇਗਾ। ਫ਼ੁਰਮਾਨ ਹੈ:

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ, ਵਿਚਿ ਵਿਸਟਾ ਪਏ ਪਚੰਨਿ ॥

—ਗਉੜੀ ਮ: ੩, ਪੰਨਾ ੨੩੩-੧੭

ਅਕਬਰ ਬਾਦਸ਼ਾਹ ਦੀ ਮੌਤ ਤੋਂ ਫ਼ੌਰਨ ਬਾਅਦ ਛੇ ਤਾਕਤਾਂ ਸਤਿਗੁਰੂ ਜੀ ਦੇ ਖ਼ਿਲਾਫ਼ ਆਪਣੀ ਪੂਰੀ ਸ਼ਕਤੀ ਸਮੇਤ ਲਾਮਬੰਦ ਹੋ ਕੇ ਠੰਡਾ ਯੁੱਧ ਜੂਝਣ ਲੱਗੀਆਂ, ਜਿਨ੍ਹਾਂ ਵਿਚ ਸਿਲਸਿਲੇ ਵਾਰ ਨਾਵਾਂ ਦੀ ਪ੍ਣਾਲੀ ਇਸ ਪ੍ਰਕਾਰ ਹੈ:

(੧) ਪ੍ਰਿਥੀ ਚੰਦ, ਸਤਿਗੁਰੂ ਜੀ ਦਾ ਵੱਡਾ ਭਰਾਤਾ, ਗੁਰ-ਗੱਦੀ ਦੇ ਕਾਰਣ।

(੨) ਸੁਲਹੀ ਖ਼ਾਨ ਬਟਾਲੇ ਜ਼ਿਲ੍ਹੇ ਦਾ ਮਾਲ ਅਫ਼ਸਰ, ਬਟਾਲਾ ਵਿਚ।

(੩) ਚੰਦੂ ਸ਼ਾਹ ਲਾਹੌਰ ਵਿਚ, ਖ਼ਜ਼ਾਨਾ ਮੰਤਰੀ ਦਿੱਲੀ।

(੪) ਸ਼ੇਖ਼ ਅਹਿਮਦ ਫ਼ਾਰੂਕੀ (ਨਕਸ਼ ਬੰਦੀ) ਸਰਹੰਦ ਵਿਚ।

(੫) ਬਿਪਰ ਸੰਸਕਾਰੀ ਜ਼ਾਤਿ ਪਾਤਿ ਦੇ ਅਭਿਮਾਨੀ, ਉੱਤਰੀ ਹਿੰਦੁਸਤਾਨ ਵਿਚ।

(੬) ਜਹਾਂਗੀਰ ਬਾਦਸ਼ਾਹ (ਖ਼ੁਸਰੋ ਦੀ ਬਗ਼ਾਵਤ ਦਾ ਬਹਾਨਾ ਲੈ ਕੇ) ਦਿੱਲੀ ਵਿਚ।

ਹੁਣ ਇਨ੍ਹਾਂ ਛੇ ਵਿਰੋਧੀਆਂ ਦੇ ਆਚਰਣ-ਹੀਣ ਕਰਤੱਬਾਂ 'ਤੇ ਕ੍ਰਮਵਾਰ

1. J. D. Cunningham, p. 48, *History of the Sikhs.*

ਵਿਚਾਰ ਕਰਨ ਦੀ ਆਗਿਆ ਚਾਹਾਂਗੇ:

੧੯-੪. ਪ੍ਰਿਥੀ ਚੰਦ ਦੀ ਵਿਰੋਧਤਾ

ਆਪ ਜੀ ਪਿਛਲੀ ਵਾਰਤਾ 'ਗੁਰ-ਗੱਦੀ ਸਮਾਗਮ' ਪਰਕਰਣ ਵਿਚ ਪ੍ਰਿਥੀ ਚੰਦ ਦੀ ਤਲਮਲਾਂਦੀ ਵਿਰੋਧਤਾ ਪ੍ਰਤੀ ਪੜ੍ਹ ਆਏ ਹੋ। ਹੁਣ ਇਸ ਚਾਲੂ ਪਰਕਰਣ ਵਿਚ ਗੁਰ-ਗੱਦੀ ਪ੍ਰਾਪਤ ਕਰਨ ਪਿੱਛੋ ਜੋ ਸੰਤਾਪ ਪ੍ਰਿਥੀ ਚੰਦ ਨੇ ਖੜਾ ਕੀਤਾ, ਉਸ ਦੀ ਬਾਬਤ ਹੋਰ ਖੋਲ੍ਹ ਕੇ ਨਿਰਣੈ ਕਰਨ ਦੀ ਆਗਿਆ ਮੰਗਦੇ ਹਾਂ।

ਸੰਸਾਰਕ ਸੋਚਣੀ ਦੇ ਅਧੀਨ ਪ੍ਰਿਥੀ ਚੰਦ ਆਪਣੇ ਆਪ ਨੂੰ ਗੁਰ-ਗੱਦੀ ਦਾ ਅਸਲੀ ਵਾਰਸ ਸਮਝਦਾ ਸੀ। ਬਲਕਿ ਉਸ ਦਾ ਪੁੱਤਰ ਮਿਹਰਬਾਨ ਭੀ ਗੁਰ-ਗੱਦੀ ਦੀ ਪ੍ਰਾਪਤੀ ਲਈ ਤੀਬਰ ਰੁਚੀ ਦਾ ਧਾਰਣੀ ਸੀ। ਪ੍ਰਿਥੀ ਚੰਦ ਦੇ ਕਹਿਣ ਕਹਾਣ 'ਤੇ ਮਿਹਰਬਾਨ ਕੱਚੀ ਬਾਣੀ ਭੀ ਰਚਦਾ ਸੀ। ਔਰ ਬਾਣੀ ਦੀ ਰਚਨਾ ਕਰਨ ਸਮੇਂ ਸ਼ਬਦ ਦੇ ਅੰਤ 'ਤੇ ਨਾਨਕ ਨਾਮ ਦੀ ਵਰਤੋਂ ਹੀ ਕਰਦਾ ਸੀ। ਮਿਹਰਬਾਨ ਨੇ ਸਤਿਗੁਰੂ ਨਾਨਕ ਸਾਹਿਬ ਜੀ ਦੇ ਕਾਲ ਦੀ ਇਕ ਪੁਸਤਕ ਭੀ ਲਿਖੀ, ਜਿਸ ਦਾ ਸਿਰਲੇਖ 'ਜਨਮਸਾਖੀ' ਰੱਖਿਆ ਗਿਆ। ਜਿਸ ਨੂੰ ਮਿਹਰਬਾਨ ਵਾਲੀ ਜਨਮਸਾਖੀ ਕਰਕੇ ਭੀ ਆਖਿਆ ਜਾਂਦਾ ਹੈ। ਜਿਸ ਵਿਚ ਉਸ ਨੇ ਆਪਣੇ ਪਿਤਾ ਪ੍ਰਿਥੀ ਚੰਦ ਦੀ ਉਪਮਾ ਭੀ ਦਰਜ ਕੀਤੀ ਹੈ, ਔਰ ਸਤਿਗੁਰੂ ਨਾਨਕ ਸਾਹਿਬ ਦੀਆਂ ਜੀਵਨ ਸਾਖੀਆਂ ਤੇ ਕੁਝ ਸੰਦੇਹ ਭੀ ਪ੍ਰਗਟ ਕੀਤਾ ਹੈ। ਸਭ ਤੋਂ ਵੱਡੀ ਕੁਰੀਤੀ ਜੋ ਉਸ ਨੇ ਕੀਤੀ, ਸਤਿਗੁਰੂ ਅਰਜਨ ਸਾਹਿਬ ਜੀ ਦੀ ਇਲਹਾਮੀ ਕਲਾਮ ਸੁਖਮਨੀ ਸਾਹਿਬ ਦੇ ਤੁਲਨਾਤਮਕ ਆਪਣੀ ਕੱਚੀ ਕਲਾਮ ਸੁਖਮਣੀ ਕਰਕੇ ਭੀ ਲਿਖੀ। ਮੁੱਕਦੀ ਗੱਲ—ਦੋਵੇਂ ਬਾਪ ਬੇਟਾ ਗੁਰੂ ਅਰਜਨ ਸਾਹਿਬ ਦੇ ਵਿਰੁੱਧ ਇਕ ਯੋਜਨਾਬੱਧ ਕਪਟੀ ਸਾਜ਼ਿਸ਼ ਦੀ ਰੂਪ-ਰੇਖਾ ਦੀ ਤਿਆਰੀ ਵਿਚ ਗਤੀ-ਬੱਧ ਹੋ ਗਏ।

ਘਰੇਲੂ ਸੰਤਾਪ ਜ਼ਿਆਦਾ ਹੋਣ ਦੇ ਕਾਰਣ ਸਤਿਗੁਰੂ ਅਰਜਨ ਦੇਵ ਜੀ ਗੋਇੰਦਵਾਲ ਤੋਂ ਹਿਜਰਤ ਕਰ ਕੇ ਥੋੜ੍ਹੇ ਸਮੇਂ ਲਈ ਬਾਸਰਕੇ ਆਣ ਟਿਕੇ। ਕਿਉਂਕਿ ਗੁਰ-ਗੱਦੀ ਦਾ ਟਿੱਕਾ ਪ੍ਰਿਥੀਏ ਨੂੰ ਨਾ ਮਿਲਣਾ ਹੀ ਘਰੇਲੂ ਕਲੇਸ਼ ਦਾ ਮੂਲ ਕਾਰਣ ਸੀ। ਦੂਜੇ ਪਾਸੇ ਸਿੱਖ ਸੰਗਤ ਦੀ ਸ਼ਰਧਾ ਪੈਗੰਬਰੀ ਸਰੋਤ ਨਾਲ ਅਟੁੱਟ ਰਿਸ਼ਤੇ ਦੇ ਆਧਾਰ 'ਤੇ ਜੁੜੀ ਹੋਈ ਸੀ। ਸਿੱਖੀ ਕਿਸੇ ਸਰੀਰਕ ਵਿਅਕਤੀ ਦੀ ਰਿਣੀ ਨਹੀਂ ਹੈ, ਬਲਕਿ ਜੁਗੋ ਜੁਗ ਅਟੱਲ ਗੁਰ-ਗੱਦੀ ਨਾਲ ਓਤ-ਪੋਤ ਹੋ ਰਹੀ ਹੈ। ਇਹੀ ਕਾਰਣ ਸੀ ਕਿ ਸਮੂੰਹ ਸਿੱਖ ਸੰਗਤ ਦਾ ਭਾਰੀ ਉਲਾਰ ਬਾਸਰਕੇ ਵਲ ਨੂੰ ਹੋ ਟੁਰਿਆ। ਮਾਇਕ ਅਗਨੀ ਦਾ ਆਤੁਰ ਕੀਤਾ

ਹੋਇਆ ਪ੍ਰਿਥੀ ਚੰਦ ਭੀ ਆਪਣੇ ਪਰਵਾਰ ਨੂੰ ਲੈ ਕੇ ਸਤਿਗੁਰੂ ਨੂੰ ਤੰਗ ਕਰਨ ਲਈ ਬਜ਼ਿਦ ਹੋ ਕੇ ਬਾਸਰਕੇ ਆਣ ਪੁਜਾ। *ਬੰਸਾਵਲੀ ਨਾਮਾ* ਦਾ ਲਿਖਾਰੀ ਕੁਝ ਆਪਣੇ ਖ਼ਿਆਲਾਂ ਦੇ ਰਾਹੀਂ ਘਰੇਲੂ ਵਾਦ-ਵਿਵਾਦ ਦਾ ਚਿਤਰ ਨਿਮਨ-ਲਿਖਤ ਦੇ ਆਧਾਰ 'ਤੇ ਉਲੀਕਦਾ ਹੈ :

> **ਸੰਮਤ ਸੋਲ੍ਹਾ ਸੇ ਅਠਤਵੇਂ** (ਸੰਨ ੧੫੮੧ ਈਸਵੀ)
> **ਗੁਰੂ ਰਾਮਦਾਸ ਟਿਕਾ ਸੀ ਦਿਤਾ॥**
> **ਨਿਕੜੇ ਬਾਲਕ** (ਗੁਰੂ ਅਰਜਨ ਸਾਹਿਬ) **ਨੂੰ ਗੁਰੂ ਸੀ ਕੀਤਾ॥**
> **ਦੁਬਿਧਾ ਉਠੀ ਤਬ ਵਿਚਿ ਪਰਵਾਰ॥**
> **ਕਰ ਰਹੇ ਜਤਨ, ਨ ਨਿਵਰੀ, ਰਹੇ ਨਿਵਾਰ॥੭॥**
> **ਮਾਇਆ ਵਿਚਿ ਸੁਲਘੀ ਰਹੇ ਦੁਬਿਧਾ ਦੀ ਅੱਗ॥**
> **ਟਿਕਾ ਗੁਰੂ ਅਰਜਨ ਨੂੰ ਹੋਇਆ ਜਬ॥੮॥**
> **ਗੁਰੂ ਅਰਜਨ ਤਬ ਹਟ ਕੇ ਆਏ ਬਾਸਰਕੀ ਰਹੇ॥**
> **ਇਹ ਬਾਰ੍ਹਾਂ ਪਿੰਡ ਹਨ ਗੁਰੂ ਕੇ ਕਹੇ॥੯॥**
> **ਜਨਾਨੀਆਂ ਦੀ ਦੁਬਿਧਾ ਕਰਿ ਜੁਦਾ ਭਏ॥**
> **ਪਿਰਥੀਏ ਕੇ ਭੀ ਉਥੋਂ ਆਇ ਗਏ॥**
> **ਮੂਲ ਬਰਕਤ ਟਿਕਾ ਹੈ ਸੀ ਗੁਰਿਆਈ॥**
> **ਜਿਥੇ ਹੋਵੇ ਗੁਰੂ ਸੰਗਤ ਉਥੇ ਜਾਈ॥੧੦॥**[1]

ਇਨ੍ਹਾਂ ਦਿਨਾਂ ਵਿਚ ਹੀ ਮਾਤਾ ਖੀਵੀ ਜੀ (ਸਤਿਗੁਰੂ ਅੰਗਦ ਸਾਹਿਬ ਜੀ ਦੇ ਮਹਲ) ਪ੍ਰਲੋਕ ਗਮਨ ਕਰ ਗਏ। ਸਤਿਗੁਰੂ ਅਰਜਨ ਦੇਵ ਜੀ ਬਾਸਰਕੇ ਤੋਂ ਪਰਵਾਰ ਸਮੇਤ ਅਫ਼ਸੋਸ ਕਰਨ ਲਈ ਖਡੂਰ ਸਾਹਿਬ ਆਏ, ਔਰ ਖਡੂਰ ਸਾਹਿਬ ਤੋਂ ਉਪਰੰਤ ਸਤਿਗੁਰੂ ਜੀ ਮੁੜ ਗੋਇੰਦਵਾਲ ਸਾਹਿਬ ਆਣ ਟਿਕੇ। ਇਹ ਖ਼ਬਰ ਸੁਣ ਕੇ ਪ੍ਰਿਥੀ ਚੰਦ ਭੀ ਸਾਰੇ ਪਰਵਾਰ ਨੂੰ ਨਾਲ ਲੈ ਕੇ ਗੋਇੰਦਵਾਲ ਸਾਹਿਬ ਵਾਪਸ ਆ ਗਿਆ। ਭਾਵ ਜਿਥੇ ਭੀ ਸਤਿਗੁਰੂ ਜੀ ਜਾਂਦੇ ਸਨ, ਪ੍ਰਿਥੀਆ ਉਨ੍ਹਾਂ ਦਾ ਪਿੱਛਾ ਕਰਦਾ ਸੀ, ਤਕਲੀਫ਼ ਦਾ ਬਾਇਸ ਬਣਿਆ ਰਹਿੰਦਾ। ਲਿਖਤ ਐਸੇ ਜ਼ਾਹਿਰ ਕਰਦੀ ਹੈ:

> **ਜਿਥੇ ਏਹ ਜਾਵਨ ਪ੍ਰਿਥੀਆ ਟਬਰ ਲੈ ਕੈ ਸਾਰਾ ਉਥੇ ਹੀ ਜਾਏ॥੧੨॥**[2]

ਸਤਿਗੁਰੂ ਅਰਜਨ ਸਾਹਿਬ ਜੀ ਦੇ ਮਹਲ ਮਾਤਾ ਰਾਮ ਦੇਈ ਜੀ ਸਨ, ਮਾਤਾ ਰਾਮ ਦੇਈ ਜੀ ਦੇ ਉਦਰ ਤੋਂ ਕੋਈ ਸੰਤਾਨ ਨਹੀਂ ਸੀ ਹੋਈ। ਜਿਸ ਵੇਲੇ

---

1. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੪੨-੪੩।
2. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੪੩।

ਪਰਵਾਰ ਦੀਆਂ ਦਰਾਣੀਆਂ ਜੇਠਾਣੀਆਂ ਇਕੱਠੀਆਂ ਹੋ ਕੇ ਬੈਠਣ, ਆਪਸ ਵਿਚ ਆਖਣ ਕਿ ਇਨ੍ਹਾਂ ਦੇ ਘਰ ਕੋਈ ਸੰਤਾਨ ਨਹੀਂ ਹੈ, ਇਹ ਸਾਰਾ ਮਾਲ ਅਸਬਾਬ ਅਤੇ ਗੁਰਿਆਈ ਅਸਾਡੇ ਘਰ ਹੀ ਵਾਪਸ ਆਵੇਗੀ। ਇਸ ਗੱਲ ਦੀ ਤਰਕ ਮਾਤਾ ਰਾਮ ਦੇਈ ਜੀ ਨੂੰ ਬਹੁਤ ਪੀੜਤ ਕਰਦੀ ਸੀ। ਇਸ ਕਰਕੇ ਮਾਤਾ ਰਾਮ ਦੇਈ ਅਤੇ ਸਮੂੰਹ ਸੰਗਤ ਦੇ ਮਸ਼ਵਰੇ ਨਾਲ ਸਤਿਗੁਰੂ ਜੀ ਦੀ ਦੂਸਰੀ ਸ਼ਾਦੀ ਮਾਤਾ ਗੰਗਾ ਜੀ ਨਾਲ ਕੀਤੀ ਗਈ:

ਸੰਮਤ ਸੋਲ੍ਹਾਂ ਸੈ ਛਿਤਾਲੀ (ਸੰਨ ੧੫੮੯ ਈਸਵੀ)
ਹਾੜ ਦਿਨ ਗਏ ਬਾਈ॥
ਮਾਤਾ ਗੰਗਾ ਕਰਿ ਬਿਆਹੁ ਡੋਲੇ ਚੜ੍ਹਿ ਆਈ॥[1]

ਸੰਤਾਪੀ ਭਾਵਨਾ ਦੇ ਅਧੀਨ ਪ੍ਰਿਥੀ ਚੰਦ ਨੇ ਬਟਾਲਾ ਦੇ ਮਾਲ ਹਾਕਮ ਸੁਲਹੀ ਖ਼ਾਨ ਨਾਲ ਸਤਿਗੁਰੂ ਜੀ ਦੇ ਵਿਰੁੱਧ ਇਕ ਕਪਟੀ ਮਸ਼ਵਰਾ ਪੱਕਾ ਕੀਤਾ। ਸੁਲਹੀ ਖ਼ਾਨ ਜੋ ਕਿ ਪਹਿਲਾਂ ਹੀ ਗੁਰਮਤਿ ਦੀ ਚੜ੍ਹਤਲ ਨੂੰ ਵੇਖ ਕੇ ਇਸਲਾਮੀ ਕੱਟੜਤਾ ਦੇ ਅਧੀਨ ਦਗੱਧ ਹੋ ਰਿਹਾ ਸੀ, ਇਸ ਨੇ ਗੁਰੂ-ਘਰ ਦੇ ਘਰੇਲੂ ਵਾਦ-ਵਿਵਾਦ ਦਾ ਫ਼ਾਇਦਾ ਉਠਾਉਂਦੇ ਹੋਏ ਸਤਿਗੁਰੂ ਜੀ ਨੂੰ ਖ਼ਤਮ ਕਰਨ ਦਾ ਪੱਕਾ ਮਨਸੂਬਾ ਪ੍ਰਿਥੀ ਚੰਦ ਨਾਲ ਤੈਅ ਕਰ ਲਿਆ। ਜਿਥੇ ਘਰੇਲੂ ਸੰਤਾਪ ਹੋਵੇ ਉਥੇ ਕਦੇ ਭੀ ਖ਼ੈਰ ਨਹੀਂ ਵਰਤਦੀ। *ਬੰਸਾਵਲੀ ਨਾਮਾ* ਦੀ ਲਿਖਤ ਹਾਮੀ ਭਰਦੀ ਹੈ:

ਆਪਸ ਵਿਚਿ ਪਾਇਆ ਪੱਕਾ ਵੈਰੁ॥
ਜਿਥੇ ਦੁਬਿਧਾ ਉਥੇ ਕੇਹੀ ਖੈਰ॥
ਪ੍ਰਿਥੀਏ ਕੇ ਟਬਰ ਕਢਣ ਲਗੇ ਗਾਲੀ॥
ਸਾਹਿਬ ਗੋਇੰਦਵਾਲੋਂ ਉਠਿ ਗਏ ਵਡਾਲੀ॥੧੫॥[2]

ਪ੍ਰਿਥੀ ਚੰਦ ਦੇ ਤੰਗ ਕੀਤੇ ਹੋਏ ਔਰ ਸੁਲਹੀ ਦਾ ਹਮਲਾ ਹੋਣ ਤੋਂ ਪਹਿਲਾਂ ਹੀ ਸਤਿਗੁਰੂ ਜੀ ਗੋਇੰਦਵਾਲ ਨੂੰ ਛੱਡ ਕੇ ਵਡਾਲੀ ਜਾ ਬਿਰਾਜੇ, ਗੁਰੂ ਕੀ ਵਡਾਲੀ ਵਿਖੇ ਸਤਿਗੁਰੂ ਜੀ ਨੇ ਬਹੁਤ ਹੀ ਵੱਡੀ ਮਾਤ੍ਰਾ ਵਿਚ ਧੁਰ ਕੀ ਬਾਣੀ ਦਾ ਦੈਵੀ ਉਚਾਰਨ ਕੀਤਾ। ਜਿਸ ਨੂੰ ਚਾਰ ਲਿਖਾਰੀ ਹਮੇਸ਼ਾ ਹੀ ਲਿਖਦੇ ਰਹਿੰਦੇ ਸਨ। ਜਿਨ੍ਹਾਂ ਦੇ ਨਾਮਾਂ ਦੀ ਸੂਚੀ ਇਤਿਹਾਸਕਾਰਾਂ ਨੇ ਸੰਤ ਦਾਸ, ਹਰੀਆ, ਸੁਖਾ ਅਤੇ ਮਨਸਾ ਰਾਮ ਕਰਕੇ ਦਰਸਾਈ ਹੈ। ਜਿਸ ਦੀ ਪ੍ਰੋੜ੍ਹਤਾ *ਬੰਸਾਵਲੀ ਨਾਮਾ* ਐਸੇ ਕਰਦਾ ਹੈ:

---

1. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੪੪।
2. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੪੩।

ਭਾਈ ਸੰਤ ਦਾਸ ਤੇ ਹਰੀਆ, ਸੁਖਾ ਮਨਸਾ ਰਾਮ ॥
ਲਿਖਦੇ ਜਾਨ ਜੋ ਚਾਰੇ ਲਿਖਾਰੀ ਜੋ ਸਾਹਿਬ ਕਰਨ ਵਖਾਨ ॥੩੧॥[1]

ਆਪ ਜੀ ਇਸ ਤੋਂ ਪਹਿਲਾਂ ਪਰਕਰਣ ਦਸ (੧੦) ਵਿਚ ਸਾਹਿਬਜ਼ਾਦਾ ਹਰਿਗੋਬਿੰਦ ਜੀ ਦੇ ਜਨਮ ਧਾਰਨ ਪ੍ਰਤੀ ਪੜ੍ਹ ਆਏ ਹੋ। ਬਾਲ ਸਤਿਗੁਰੂ ਜੀ ਦੇ ਆਗਮਨ ਦੀ ਖ਼ੁਸ਼ੀ ਸਾਰੇ ਸਿੱਖੀ ਜਗਤ ਵਿਚ ਇਤਨੀ ਤੇਜ਼ੀ ਨਾਲ ਫੈਲ ਗਈ, ਜਿਸ ਖ਼ੁਸ਼ੀ ਦਾ ਅੰਦਾਜ਼ਾ ਲਿਖਤੀ ਅੱਖਰਾਂ ਵਿਚ ਆਖਣਾ ਇਤਨਾ ਆਸਾਨ ਨਹੀਂ ਹੈ, ਜਿਤਨਾ ਕਿ ਅਸੀਂ ਸਮਝਦੇ ਹਾਂ। ਜਿਥੇ ਸਿੱਖੀ ਸੰਗਤ ਵਿਚ ਇਤਨੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਸੀ, ਉਥੇ ਪ੍ਰਿਥੀ ਚੰਦ ਬਾਲਕ ਦੀ ਆਮਦ 'ਤੇ ਬਹੁਤ ਹੀ ਕ੍ਰੋਧਤ ਹੋ ਉਠਿਆ। ਬਾਲਕ ਹਰਿਗੋਬਿੰਦ ਜੀ ਦਾ ਜਨਮ ਸੰਨ ੧੫੯੫ ਈਸਵੀ, ੧੯ ਜੂਨ ਨੂੰ ਹੋਇਆ। ਇਸ ਖ਼ਿਆਲ ਦੀ ਪ੍ਰੋੜ੍ਹਤਾ *ਬੰਸਾਵਲੀ ਨਾਮਾ* ਨਿਮਨ-ਲਿਖਤ ਦੇ ਆਧਾਰ 'ਤੇ ਕਰਦਾ ਹੈ:

ਗੁਰੂ ਦੇ ਘਰ ਸ਼ਾਦੀ, ਪ੍ਰਿਥੀਏ ਕੇ ਘਰ ਧੋਖਾ ॥
ਦਾਈ ਫਤੋ ਨੂੰ ਦੋ ਸੈ ਰੁਪੈ ਟਿਕਾਣਾ ਮੇਖਾ[2] ॥
ਤ੍ਰੇਵਰ ਗਹਣੇ ਦਾਈ ਨੂੰ ਕਪੜੇ ਪਹਿਰਾਏ ॥
ਤਬ ਦਾਈ ਫਤੋ ਇਹ ਬਚਨ ਸੁਨਾਏ ॥੫੦॥
ਤੁਸਾਂ ਨੌਂਗਰ ਦਾ ਵਿਸਾਹ ਨਹੀਂ ਕਰਨਾ ॥
ਮੇਰਾ ਕਹਿਣਾ ਪੱਕਾ ਹਿਰਦੇ ਧਰਨਾ ॥
ਤਾਂ ਏਹ ਨੌਂਗਰ ਦਾ ਵਿਸਾਹ ਨਾ ਕਰਨਿ ॥
ਅੰਦਰਿ ਕਿਸੇ ਨੂੰ ਦੇਨ ਨ ਵੜਨਿ ॥੫੧॥[3]

ਜਦੋਂ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਜੀ ਦੋ ਸਾਲਾਂ ਦੇ ਹੋ ਗਏ, ਤਦ ਹਜ਼ੂਰ ਪੰਚਮ ਪਾਤਿਸ਼ਾਹ ਸਮੇਂ ਦੀ ਨਜ਼ਾਕਤ ਨੂੰ ਠੀਕ ਸਮਝਦੇ ਹੋਏ ਗੁਰੂ ਕੀ ਵਡਾਲੀ ਤੋਂ ਪਰਵਾਰ ਸਮੇਤ ਰਾਮਦਾਸਪੁਰੇ ਆਣ ਬਿਰਾਜੇ। ਘਰ ਵਿਚ ਪ੍ਰਵੇਸ਼ ਕਰਦਿਆਂ ਹੀ ਸਤਿਗੁਰੂ ਜੀ ਨੇ ਨਿਮਨ-ਲਿਖਤ ਸ਼ਬਦ ਉਚਾਰਨ ਕੀਤਾ:

ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥
ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥
ਤੁਮ ਘਰਿ ਆਵਹੁ ਮੇਰੇ ਮੀਤ ॥
ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥੧॥ਰਹਾਉ॥

---

1. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੪੫।
2. ਮੇਖਾ—ਤਰ੍ਹਾਗੀ।
3. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੪੭।

ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥
ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥
ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ
ਜੈ ਜੈ ਕਾਰ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥
ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥
ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥

—ਧਨਾਸਰੀ ਮ: ੫, ਪੰਨਾ ੬੭੮-੧

ਵਡਾਲੀ ਤੋਂ ਵਾਪਸ ਆਣ ਕੇ ਬਾਲਕ ਹਰਿਗੋਬਿੰਦ ਜੀ ਦੀ ਦੇਖ ਭਾਲ ਲਈ, ਸੇਵਾ ਸੰਭਾਲ ਵਾਸਤੇ ਇਕ ਖਿਡਾਵਾ, ਜਿਸ ਦਾ ਨਾਮ ਰੂਪਾ ਕਰਕੇ ਲਿਖਿਆ ਹੈ, ਮੰਗਵਾਇਆ ਗਿਆ। ਦਿਨ ਬੀਤਦੇ ਗਏ, ਸਾਹਿਬਜ਼ਾਦਾ ਜੀ ਪੰਜ ਸਾਲ ਦੇ ਹੋ ਗਏ। ਮਾਤਾ ਭਾਨੀ ਜੀ ਨੇ ਪ੍ਰਿਥੀ ਚੰਦ ਨੂੰ ਬਹੁਤ ਹੀ ਸਮਝਾਇਆ, ਪਰ ਉਹ ਸਮਝਿਆ ਨਹੀਂ। ਇਸੀ ਸਮੇਂ ਸੰਨ ੧੫੯੮ ਈਸਵੀ (ਮੁਤਾਬਿਕ ਸੰਮਤ ੧੬੫੫) ਚੇਤ੍ਰ ਸੁਦੀ ਚੌਦਸ ਨੂੰ ਮਾਤਾ ਭਾਨੀ ਜੀ ਗੁਰਪੁਰੀ ਨੂੰ ਪਿਆਨਾ ਕਰ ਗਏ। ਇਸ ਤੋਂ ਪਿੱਛੋਂ ਤੇ ਪ੍ਰਿਥੀ ਚੰਦ ਨੇ ਅਦਾਵਤ ਦੀ ਅਤਿ ਹੀ ਖੜੀ ਕਰ ਲਈ। ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਜੀ ਰੂਪੇ ਡੋਗਰੇ ਦੀ ਨਿਗਰਾਨੀ ਵਿਚ ਨੀਂਗਰਾਂ ਨਾਲ ਖੇਡਿਆ ਕਰਦੇ ਸਨ। ਪ੍ਰੋਹਤ ਬ੍ਰਾਹਮਣ ਦਾ ਜਾਤਕ ਭੀ ਇਨ੍ਹਾਂ ਨੀਂਗਰਾਂ ਵਿਚ ਹੀ ਖੇਡਿਆ ਕਰਦਾ ਸੀ। ਪ੍ਰਿਥੀਏ ਨੇ ਪ੍ਰੋਹਤ ਨਾਲ ਗੰਢ-ਜੋੜ ਕਰ ਕੇ ਮਿਠਾਈ ਵਿਚ ਮਹੁਰਾ ਪਾ ਕੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਖ਼ਤਮ ਕਰਨ ਦੀ ਕਪਟੀ ਚਾਲ ਚੱਲੀ। ਪਰ ਉਹ ਮਹੁਰੇ ਵਾਲੀ ਮਠਿਆਈ ਪ੍ਰੋਹਤ ਬ੍ਰਾਹਮਣ ਦਾ ਮੁੰਡਾ ਆਪ ਹੀ ਖਾ ਗਿਆ, ਉਸ ਦੀ ਮ੍ਰਿਤੂ ਉਥੇ ਹੀ ਹੋ ਗਈ। ਸਾਹਿਬ ਨੇ ਇਸ ਗਾਥਾ ਪ੍ਰਥਾਇ ਗੁਰਬਾਣੀ ਵਿਚ ਇਕ ਸ਼ਬਦ ਉਚਾਰਨ ਕੀਤਾ ਹੈ:

ਲੇਪੁ ਨ ਲਾਗੋ ਤਿਲ ਕਾ ਮੂਲਿ ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
ਪਾਪੀ ਮੂਆ ਗੁਰ ਪਰਤਾਪਿ ॥੧॥ਰਹਾਉ॥
ਅਪਣਾ ਖਸਮੁ ਜਨਿ ਆਪਿ ਧਿਆਇਆ ॥
ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥
ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥
ਨਿੰਦਕ ਕਾ ਮਾਥਾ ਈਹਾਂ ਊਹਾਂ ਕਾਲਾ ॥੩॥
ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥
ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੯॥

—ਭੈਰਉ ਮ: ੫, ਪੰਨਾ ੧੧੩੭-੧੪

ਜਦੋਂ ਪ੍ਰਿਥੀ ਚੰਦ ਦੀ ਇਹ ਕੁਟਲ-ਨੀਤੀ ਸਿਰੇ ਨਾ ਚੜ੍ਹ ਸਕੀ, ਤਦ ਉਸ ਨੇ ਰੂਪੇ ਖਿਡਾਵੇ ਦੇ ਰਾਹੀਂ ਮਹੁਰਾ ਪਾ ਕੇ ਚੂਰੀ ਤਿਆਰ ਕਰਵਾਈ। ਔਰ ਆਪ ਘਰ ਵਿਚ ਆਣ ਕੇ ਸਤਿਗੁਰੂ ਜੀ ਦੇ ਸਿਰਹਾਣੇ ਵਾਲੇ ਪਾਸੇ ਆਣ ਬੈਠਾ। ਰੂਪੇ ਖਿਡਾਵੇ ਨੇ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਜੀ ਨੂੰ ਚੂਰੀ ਖਲਾਵਣ ਦਾ ਬਹੁਤ ਯਤਨ ਕੀਤਾ, ਪਰ ਅਗੰਮੀ ਬਾਲਕ ਨੇ ਰੂਪੇ ਦੇ ਹੱਥੋਂ ਚੂਰੀ ਨਹੀਂ ਖਾਧੀ। ਆਖ਼ਰਕਾਰ ਸਤਿਗੁਰੂ ਜੀ ਨੇ ਰੂਪੇ ਖਿਡਾਵੇ ਨੂੰ ਆਖਿਆ, "ਰੂਪੇ! ਇਹ ਚੂਰੀ ਤੂੰ ਆਪ ਹੀ ਖਾ ਲੈ।" ਰੂਪਾ ਚੂਰੀ ਖਾਣ ਤੋਂ ਇਨਕਾਰੀ ਹੋ ਗਿਆ। ਫਿਰ ਸਾਹਿਬ ਜੀ ਨੇ ਆਖਿਆ, "ਇਹ ਮਠਿਆਈ ਕੁੱਤੇ ਨੂੰ ਪਾ ਦੇ।" ਰੂਪੇ ਨੇ ਕੁੱਤੇ ਨੂੰ ਚੂਰੀ ਪਾਉਣੋਂ ਭੀ ਹਿਚਕਿਚਾਹਟ ਕੀਤੀ। ਜਿਥੋਂ ਮੰਦੀ ਸੋਚਣੀ ਦਾ ਭੇਦ ਖੁਲ੍ਹ ਗਿਆ। ਤਦ ਸਤਿਗੁਰੂ ਜੀ ਨੇ ਰੂਪੇ ਨੂੰ ਤਾੜਨਾ ਕਰ ਕੇ ਪੁਛਿਆ, "ਤੂੰ ਕੁੱਤੇ ਨੂੰ ਚੂਰੀ ਕਿਉਂ ਨਹੀਂ ਪਾਉਂਦਾ?" ਤਦ ਰੂਪੇ ਨੇ ਚੂਰੀ ਕੋਲ ਖਲੋਤੇ ਕੁੱਤੇ ਨੂੰ ਪਾ ਦਿੱਤੀ। ਚੂਰੀ ਖਾਂਦਿਆਂ ਹੀ ਕੁੱਤੇ ਦੇ ਮੂੰਹ ਵਿਚ ਝੱਗ ਆਉਣੀ ਆਰੰਭ ਹੋ ਗਈ। ਕੁੱਤਾ ਥੋੜ੍ਹੇ ਸਮੇਂ ਵਿਚ ਹੀ ਚਲਾਣਾ ਕਰ ਗਿਆ। ਫਿਰ ਹਜ਼ੂਰ ਨੇ ਰੂਪੇ ਨੂੰ ਤਾੜਨਾ ਕਰ ਕੇ ਆਖਿਆ, "ਸੱਚ ਦੱਸ, ਤੈਥੋਂ ਇਹ ਮੰਦੀ ਕਰਤੂਤ ਕਿਸ ਨੇ ਕਰਵਾਈ ਹੈ?" ਰੂਪੇ ਨੇ ਸਹਿਮੀ ਹੋਈ ਆਵਾਜ਼ ਵਿਚ ਪ੍ਰਿਥੀਏ ਦਾ ਨਾਮ ਲੈਂਦਿਆਂ ਸਾਰਾ ਭੇਦ ਖੋਲ੍ਹ ਦਿੱਤਾ। ਇਸ ਮੰਦੀ ਕਰਤੂਤ ਦੀ ਲਿਖਤ *ਬੰਸਾਵਲੀ ਨਾਮਾ* ਵਿਚ ਐਸੇ ਦਰਜ ਕੀਤੀ ਮਿਲਦੀ ਹੈ:

ਤਾਂ ਉਨ (ਰੂਪੇ ਨੇ) ਪ੍ਰਗਟਿ ਆਖ ਸੁਣਾਇਆ ॥
ਸਾਹਿਬ ਮੈਥੋਂ ਪ੍ਰਿਥੀ ਨਾਥ ਮੁਹਰਾ ਦਿਵਾਇਆ ॥
ਪਿਰਥੀਆ ਬੈਠਾ ਸੀ ਮੰਜੀ ਦੇ ਪਾਸ ॥
ਧੌਣ ਊਂਧੀ ਪਾਈ ਦੇਖਦੇ ਹੀ ਤਾਸ ॥੭੯॥
ਸਾਹਿਬ ਬਚਨ ਕੀਤਾ ਕੇਹਾ ਬਣਿ ਬੈਠਾ ਹੈ ਮੀਣਾ ॥
ਹੋਵਨ ਵਡੇ ਤੇ ਕਰਮ ਕਰਨ ਹੀਣਾ ॥
ਮੈਂ ਤਾਂ ਤੁਸਾਡਾ ਨਿਕੜਾ ਹਾਂ ਭਾਈ ॥
ਖਾਵੰਦਾ[1] ਸੇ ਤੁਸੀਂ ਮੈਨੂੰ ਦਿਤੀ ਪਿਤਾ ਅਤੇ ਨਾਨੇ ਠਕਰਾਈ ॥੮੦॥[2]

ਇਤਨੀ ਬੁਰਾਈ ਕਰਨ ਤੋਂ ਉਪਰੰਤ ਭੀ ਪ੍ਰਿਥੀ ਚੰਦ ਦਾ ਮਨ ਸ਼ਾਂਤ ਨਹੀਂ ਹੋਇਆ। ਸਤਿਗੁਰਾਂ ਦੇ ਵਿਰੁੱਧ ਚੁਗਲੀ ਕਰਨ ਲਈ ਲਾਹੌਰ ਨੂੰ ਟੁਰ ਗਿਆ। ਪਹਿਲਾਂ ਪਹਿਲਾਂ ਕੁਝ ਸੰਗਤ ਪ੍ਰਿਥੀਏ ਨੂੰ ਮਾਨਤਾ ਦਿੰਦੀ ਸੀ, ਪਰ ਇਸ ਮੰਦੀ

1. ਖਾਵੰਦ—ਮਾਲਕ ਸੁਆਮੀ।
2. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੪੯।

ਕਰਤੂਤ ਨੂੰ ਸੁਣ ਕੇ ਸਾਰੀ ਸੰਗਤ ਸਤਿਗੁਰੂ ਜੀ ਦੇ ਚਰਨੀਂ ਆਣ ਜੁੜੀ। ਔਰ ਸਾਰੀ ਸੰਗਤ ਹੀ ਇਸ ਨੂੰ ਮੀਣਾ ਕਪਟੀ ਆਖ ਕੇ ਸੰਬੋਧਨ ਕਰਨ ਲੱਗ ਪਈ। ਇਥੋਂ ਹੀ ਮੀਣਾ ਪਰੰਪਰਾ ਦਾ ਆਰੰਭ ਹੁੰਦਾ ਹੈ। ਇਨ੍ਹਾਂ ਦਿਨਾਂ ਵਿਚ ਹੀ ਪ੍ਰਿਥੀਆ, ਚੰਦੂ ਸ਼ਾਹੀਏ ਨਾਲ ਮਿਲ ਕੇ ਲਾਹੌਰ ਦੇ ਨਵਾਬ ਨੂੰ ਭੜਕਾਨ ਲੱਗਾ। ਔਰ ਕਹਿਣ ਲੱਗਾ ਕਿ ਗੁਰੂ ਅਰਜਨ ਆਪਣੇ ਆਪ ਨੂੰ ਸੱਚਾ ਪਾਤਿਸ਼ਾਹ ਅਖਵਾਂਦਾ ਹੈ, ਅਤੇ ਇਹ ਗੁਰੂ ਹੋ ਕੇ ਆਪਣੇ ਆਪ ਨੂੰ ਖ਼ੁਦਾ ਭੀ ਕਹਿਲਾਂਦਾ ਹੈ। ਇਥੋਂ ਤਕ ਮੰਦੀ ਮਨਸੂਬਾ-ਬੰਦੀ ਕੀਤੀ, ਹੋਰ ਅਨੇਕਾਂ ਪ੍ਰਕਾਰ ਦੀਆਂ ਅਣਹੋਣੀਆਂ ਗੱਲਾਂ ਨਵਾਬ ਦੇ ਕੰਨਾਂ ਵਿਚ ਪਾਈਆਂ ਗਈਆਂ। ਪ੍ਰਿਥੀਏ ਦੀ ਕੁਲੱਖਣੀ ਕਰਤੂਤ ਦੀ ਬਾਬਤ ਹੋਰ ਜਾਣਕਾਰੀ ਲਈ *ਬੰਸਾਵਲੀ ਨਾਮਾ* ਦੀ ਲਿਖਤ ਵਧੇਰੇ ਸਹਾਇਕ ਹੋਵੇਗੀ:

> **ਸਰਬਤਿ ਸੰਗਤਿ ਵਿਚਿ ਬੁਰਿਆਈ ਜ਼ਾਹਿਰ ਹੋਈ॥**
> **ਜੋ ਕੋ ਸੁਣੇ ਭਲਾ ਨ ਮੰਨੇ ਕੋਈ॥**
> **ਸੰਗਤਿ ਭੀ ਜਾਤਾ ਜੋ ਏਹੁ** (ਪਿਰਥੀਏ ਕੇ) **ਹੈਨ ਮੰਦੇ॥**
> **ਜਿਨਾ ਏ ਕਰਮ ਕੀਤੇ ਗੰਦੇ॥੯੨॥**
> **ਕੁਲ ਹੱਤਿਆ ਕਰਨੀ ਅਤਿ ਹੈ ਬੁਰੀ॥**
> **ਸੰਗਤਿ ਅਗੇ ਉਨ੍ਹਾਂ** (ਪਿਰਥੀਏ ਕਿਆਂ) **ਨੂੰ ਆਹੀ ਮੰਨਦੀ**
> **ਏਹ ਸੁਣ ਕੇ ਸਭਾ ਮੁੜੀ॥**
> **ਉਨ੍ਹਾਂ ਦੀ ਪੈ ਗਈ ਜਗਤ ਵਿਚਿ ਕੁਸਾਖਾ॥**
> **ਮੀਣਾ ਨਾਉ ਉਨ੍ਹਾਂ ਦਾ ਲੋਕਾਂ ਛਡਿਆ ਰਖਾ॥੯੩॥**
> **ਦੂਖੋ ਦੂਖ ਵਧਦਾ ਗਿਆ, ਪੱਕਾ ਵੈਰ ਸਿਰਾਂ ਦਾ ਪਇਆ॥**
> **ਸ਼ਾਹੀਆਂ ਨਾਲ ਤਿਨ੍ਹਾਂ ਕੀਤੀ ਸਲਾਹ॥**
> **ਕਹੀਏ ਨਵਾਬ ਨੂੰ ਏਹ ਆਖਦਾ ਹੈ ਸੱਚਾ ਪਾਤਿਸ਼ਾਹ॥੯੪॥**
> **ਬੰਦਾ ਹੋਇ ਕੈ ਖੁਦਾ ਅਖਾਇ॥**
> **ਤੁਸੀਂ ਉਸ ਨੂੰ ਪੁਛੋ ਸਦ ਮੰਗਾਇ॥**
> **ਇਹ ਨਿਤ ਮਨਸੂਬਾ ਲਾਹੌਰ ਵਿਚਿ ਕਰਨ॥**
> **ਅਤੇ ਸਾਹਿਬ ਏਕ ਗੁਰੂ ਕੀ ਧਾਰਨਾ ਧਰਨ॥੯੫॥**
> **ਬਚਨ ਏਹ ਕੀਤਾ ਭਾਈ ਜੋ ਕੋਈ ਅਸਾਡਾ ਹੋਸੀ**
> **ਜੁਦਾ ਹੋਇ ਹੋਇ ਖਲੋਸੀ॥**
> **ਸੋ ਉਨ੍ਹਾਂ** (ਪਿਰਥੀਏ ਕੇ) **ਮੂਹੁ ਨ ਲਗਸੀ॥**[1]

1. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੫੦।

ਉਕਤ ਦਰਸਾਈ ਵਾਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਨਿਰਣੈ ਕੀਤਾ ਜਾ ਸਕਦਾ ਹੈ ਕਿ ਮੀਣਾ ਸ਼ਬਦ ਦੀ ਵਰਤੋਂ ਕਿਥੋਂ ਆਰੰਭ ਹੁੰਦੀ ਹੈ ਅੰਤੇ ਮੀਣਿਆਂ ਨਾਲ ਗੁਰੂ ਖ਼ਾਲਸਾ ਪੰਥ ਦਾ ਮੇਲ-ਜੋਲ ਕਦੋਂ ਤੇ ਕਿਉਂ ਖ਼ਤਮ ਹੁੰਦਾ ਹੈ ? ਜੋ ਕਿ ਅੰਮ੍ਰਿਤ ਪ੍ਰਚਾਰ ਦੇ ਸਮੇਂ ਭੀ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਕਿ ਮੀਣਿਆਂ ਨਾਲ ਮੇਲ-ਜੋਲ ਨਹੀਂ ਰੱਖਣਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਮੀਣਿਆਂ ਦੀਆਂ ਮੰਦੀਆਂ ਕਰਤੂਤਾਂ ਪ੍ਰਤੀ ਕਈ ਥਾਂਈ ਆਪਣੀਆਂ ਵਾਰਾਂ ਵਿਚ ਜ਼ਿਕਰ ਕਰਦੇ ਹਨ, ਪਰੰਤੂ ਇਸ ਚਾਲੂ ਕਿਤਾਬ ਵਿਚ ਕੇਵਲ ਇਕ ਹਵਾਲਾ ਹੀ ਕਾਫ਼ੀ ਹੋਵੇਗਾ :

ਮੀਣਾ ਹੋਇਆ ਪਿਰਥੀਆ ਕਰਿ ਕਰਿ ਤੋਂਡਕ ਬਰਲੁ ਚਲਾਇਆ ॥[1]

—ਭਾ: ਗੁ: ਵਾਰ ੨੬/੩੩/੫

ਇਕ ਮਿਸਾਲ ਯਾਦ ਆ ਗਈ, ਜੇਕਰ ਮੱਲਾਹ ਪਾਣੀ ਵਿਚ ਰਹਿੰਦਾ ਹੋਇਆ ਖ਼੍ਵਾਜਾ ਖ਼ਿਜਰ ਨੂੰ ਪੁਛੇ ਕਿ ਪਾਣੀ ਕਿਥੇ ਹੈ ? ਇਕ ਅਣਹੋਣੀ ਜਿਹੀ ਗੱਲ ਜਾਪਦੀ ਹੈ।

ਗਰ ਮੱਲਾਹ ਖਾਜਾ ਖਿਜਰ ਸੇ ਪੂਛੇ ਕਿ ਪਾਣੀ ਕਹਾਂ ਹੈ ?[2]

ਉਕਤ ਦਰਸਾਈ ਉਦਾਹਰਣ ਦੇ ਅਨੁਸਾਰ ਮੀਣਾ ਪ੍ਰਿਥੀਆ ਭੀ ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਦਰਗਾਹੀ ਪੈਗ਼ੰਬਰੀ ਤੋਂ ਸੱਖਣਾ ਰਹਿ ਗਿਆ। ਔਰ ਸਤਿਗੁਰੂ ਅਰਜਨ ਸਾਹਿਬ ਦੀ ਇਲਹਾਮੀ ਨਜ਼ੂਲਤ ਤੋਂ ਇੰਞ ਮਹਿਰੂਮ ਰਹਿ ਗਿਆ ਜਿਵੇਂ ਇਕ ਬਗਲਾ ਤੀਰਥ ਦੀ ਵਿਸ਼ੇਸ਼ਤਾ ਨੂੰ ਨਾ ਸਮਝਦਾ ਹੋਇਆ ਉਸ ਦੀ ਫ਼ਜ਼ੀਲਤ ਤੋਂ ਸੱਖਣਾ ਰਹਿ ਜਾਂਦਾ ਹੈ। ਬਬੀਹਾ ਸਵਾਂਤੀ ਬੂੰਦ ਦੇ ਬਰਸਦਿਆਂ ਭੀ ਪਿਆਸ ਦੀ ਨਵਿਰਤੀ ਨਹੀਂ ਕਰ ਸਕਦਾ। ਬਾਂਸ ਚੰਦਨ ਦਾ ਗਵਾਂਢੀ ਹੁੰਦਾ ਹੋਇਆ ਭੀ ਉਸ ਦੀ ਸੁਗੰਧੀ ਤੋਂ ਖ਼ਾਲੀ ਰਹਿ ਜਾਂਦਾ ਹੈ। ਭਾਵੇਂ ਸੂਰਜ ਦੀ ਜੋਤਿ ਸਾਰੇ ਸੰਸਾਰ ਨੂੰ ਪ੍ਰਕਾਸ਼ਦੀ ਹੈ ਪਰ ਉੱਲੂ ਉਸ ਨਿਰੰਤਰ ਨੂਰ ਤੋਂ ਵਿਹੂਣਾ ਰਹਿੰਦਾ ਹੈ। ਕਸਤੂਰੀ ਮਿਰਗ ਦੀ ਧੁੰਨੀ ਵਿਚ ਨਿਵਾਸ ਰੱਖਦੀ ਹੈ, ਪਰੰਤੂ ਮਿਰਗ ਕਸਤੂਰੀ ਦੀ ਦੁਰਲੱਭਤਾ ਨਹੀਂ ਸਮਝ ਸਕਦਾ । ਬਿਲਕੁਲ ਇੰਞ ਹੀ ਪ੍ਰਿਥੀਆ ਸਾਰੀ ਆਯੂ ਦੁਸ਼ਟੀ ਚੱਕਰਾਂ ਵਿਚ ਖ਼ਤਮ ਕਰ ਕੇ ਪੀੜਤ ਦਸ਼ਾ ਵਿਚ ਸੰਸਾਰ ਤੋਂ ਹਉਕੇ ਭਰਦਾ ਉਭੇ ਸੁਆਸ ਲੈਂਦਾ ਹੀ ਚਲਾਣੇ ਕਰ ਗਿਆ, ਪਰੰਤੂ ਸਤਿਗੁਰੂ-ਲਿਵ, ਸਤਿਗੁਰੂ-ਅਮਲ ਅਤੇ ਸਤਿਗੁਰੂ ਜੀ ਦੇ ਰਹਿਮੋ-ਕਰਮ ਨੂੰ ਨਹੀਂ ਸਮਝ ਸਕਿਆ। ਇਸ ਤੋਂ ਦੁਰਭਾਗਾ ਵਿਅਕਤੀ ਹੋਰ

1. ਦੇਖੋ ਵਾਰ ੩੬ਵੀਂ, ਪਉੜੀ ੧ ਤੋਂ ੯ ਤਕ।

2. ਮੁਹਾਵਰਾ।

ਕੌਣ ਹੋ ਸਕਦਾ ਹੈ? ਭਾਈ ਗੁਰਦਾਸ ਜੀ ਪ੍ਰਿਥੀਏ ਦੀ ਅਧੋਗਤੀ ਪ੍ਰਥਾਇ ਜ਼ਿਕਰ ਕਰਦੇ ਹਨ:

ਤੀਰਥ ਮੰਝ ਨਿਵਾਸੁ ਹੈ ਬਗੁਲਾ ਅਪਤੀਣਾ[1]॥
ਲਵੈ[2] ਬਬੀਹਾ ਵਰਸਦੈ ਜਲ ਜਾਇ ਨ ਪੀਣਾ॥
ਵਾਸੁ ਸੁਗੰਧ ਨ ਹੋਵਈ ਪਰਮਲ[3] ਸੰਗਿ ਲੀਣਾ॥
ਘੁਘੂ[4] ਸੁਝੁ[5] ਨ ਸੁਝਈ ਕਰਮਾ ਦਾ ਹੀਣਾ॥
ਨਾਭਿ ਕਥੂਰੀ ਮਿਰਗ ਦੇ ਵਤੈ ਉਡੀਣਾ[6]॥
ਸਤਿਗੁਰ ਸਚਾ ਪਾਤਿਸਾਹੁ ਮੁਹ ਕਾਲੇ ਮੀਣਾ[7]॥੧॥

—ਭਾਈ ਗੁਰਦਾਸ, ਵਾਰ ੩੬/੧

ਸੰਨ ੧੫੮੧ ਈਸਵੀ ਤੋਂ ਸੰਨ ੧੬੦੫ ਈਸਵੀ ਤਕ ਪ੍ਰਿਥੀਏ ਨੇ ਚੰਦੂ ਸ਼ਾਹੀਏ ਨਾਲ ਮਿਲ ਕੇ ਸਤਿਗੁਰੂ ਜੀ ਦੇ ਵਿਰੁੱਧ ਅਤਿਅੰਤ ਹੀ ਨੀਚ ਕਪਟੀ ਅਤੇ ਮੰਦ ਕਰਮੀ ਨੀਤੀ ਅਪਣਾਈ ਰੱਖੀ, ਜਿਸਦਾ ਸਿੱਟਾ ਮੁਗ਼ਲ ਹਾਕਮਾਂ ਦੇ ਕੰਨਾਂ ਵਿਚ ਸਤਿਗੁਰੂ ਜੀ ਦੇ ਬਰਖ਼ਿਲਾਫ਼ ਜ਼ਹਿਰ ਭਰ ਦਿੱਤੀ। ਲਾਹੌਰ ਦੇ ਨਵਾਬ ਨੇ ਚੰਦੂ ਅਤੇ ਪ੍ਰਿਥੀਏ ਦੇ ਕਹਿਣ 'ਤੇ ਜਹਾਂਗੀਰ ਨੂੰ ਉਕਸਾਹਟ ਦਿੱਤੀ। ਆਖ਼ਰ ਜਹਾਂਗੀਰ ਵਲੋਂ ਹੁਕਮਨਾਮਾ ਸਤਿਗੁਰੂ ਜੀ ਦੀ ਗ੍ਰਿਫ਼ਤਾਰੀ ਵਾਸਤੇ ਜਾਰੀ ਕਰਵਾ ਦਿੱਤਾ। ਇਸ ਦੀ ਹਾਮੀ *ਬੰਸਾਵਲੀ ਨਾਮਾ* ਇੰਝ ਭਰਦਾ ਹੈ:

ਫੇਰ ਪ੍ਰਿਥੀਆ ਆਇਆ ਲਾਹੌਰ॥
ਬਿਨਾ ਦੁਸ਼ਟੀ ਗਲ ਕਹੇ ਨ ਹੋਰੁ॥
ਨਿਤ ਨਿਤ ਦੀ ਚੁਗਲੀ ਇਕ ਦਿਨ ਫੁਰੀ॥
ਸੰਮਤ ਸੋਲਾਂ ਸੈ ਬਾਹਟਵੇਂ ਦਸਤਕ ਟੁਰੀ॥੧੦੨॥
ਨਵਾਬ ਕਹਿਆ ਹਿੰਦੂ ਨੂੰ ਲੈ ਆਵੋ॥
ਕਰੋ ਦਸਤਕ ਪਿਆਦੇ ਜਾਵੋਂ॥
ਤੁਰਕਾਂ ਦਾ ਵਡਾ ਸੀ ਜੋਰ॥
ਅਤੇ ਰਲਿ ਮਿਲ ਸ਼ਾਹੀਆਂ ਅਤੇ ਭਿਰਾਵਾਂ ਕੀਤਾ ਸ਼ੋਰ॥੧੦੩॥
ਸਾਹਿਬ ਸੁਣਿਆ ਜੋ ਚੁਗਲੀ ਹੋਈ॥
ਮਨ ਵਿਚ ਗਿਣੀ ਜੋ ਸੱਕਾ ਭਿਰਾਉ ਹੋਇ ਕੈ ਐਸੀ ਕਰੇ ਨ ਕੋਈ॥[8]

---

1. ਅਪਤੀਣਾ—ਬੇ-ਪਰਤੀਤਾ। 2. ਲਵੈ—ਟੀਂ ਟੀਂ ਕਰਦਾ ਹੈ। 3. ਪਰਮਲ—ਚੰਦਨ। 4. ਘੁਘੂ—ਉੱਲੂ। 5. ਸੁਝੁ—ਸੂਰਜ। 6. ਉਡੀਣਾ—ਉਦਾਸ। 7. ਮੀਣਾ—ਪ੍ਰਿਥੀਆ। 8. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੫੧।

ਪ੍ਰਿਥੀ ਚੰਦ ਅਤੇ ਉਸ ਦੇ ਪੁੱਤਰ ਮਿਹਰਬਾਨ ਦੀਆਂ ਕੁਟਲ-ਨੀਤੀਆਂ ਦੀ ਗਾਥਾ ਹਰੀ ਰਾਮ ਗੁਪਤਾ ਜੀ ਆਪਣੇ ਸ਼ਬਦਾਂ ਵਿਚ ਨਿਮਨ-ਲਿਖਤ ਆਧਾਰ 'ਤੇ ਦਰਜ ਕਰਦੇ ਹਨ:

> Prithi Mal and his son Meharban; They called themselves, the real Gurus. Both of them were composing hymns and were declaring them as those of Guru Nanak. Meharban wrote a Janam Sakhi of Guru Nanak, in which he glorified his father and discredited Guru Nanak. He composed a Sukhmani in opposition to Guru Arjan's Sukhmani. Both father and son were plotting against Guru Arjan.[1]

ਸਤਿਗੁਰੂ ਰਾਮਦਾਸ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਗੋਇੰਦਵਾਲ ਸਾਹਿਬ ਵਿਖੇ ਸਤਿਗੁਰੂ ਅਰਜਨ ਸਾਹਿਬ ਜੀ ਦੇ ਮਾਮਾ ਮੋਹਰੀ ਜੀ ਨੇ ਰਿਵਾਜ ਦੇ ਅਨੁਸਾਰ ਸਤਿਗੁਰੂ ਅਰਜਨ ਸਾਹਿਬ ਜੀ ਨੂੰ ਗੁਰ-ਗੱਦੀ ਦੇ ਵਾਰਿਸ ਵਜੋਂ ਪਗੜੀ ਭੇਟਾ ਕੀਤੀ। ਇਸ ਰਸਮ ਅਦਾਇਗੀ ਦੇ ਦੌਰਾਨ ਪ੍ਰਿਥੀ ਚੰਦ ਨੇ ਉਤੇਜਤ ਦਸ਼ਾ ਵਿਚ ਆਣ ਕੇ ਆਖਿਆ ਕਿ ਇਹ (ਗੁਰੂ ਅਰਜਨ) ਕੌਣ ਹੁੰਦਾ ਹੈ ਪਗੜੀ ਬੰਨ੍ਹਾਉਣ ਵਾਲਾ, ਜਦੋਂ ਕਿ ਵੱਡਾ ਪੁੱਤਰ ਮੈਂ ਹਾਂ? ਔਰ ਵੱਡਾ ਪੁੱਤਰ ਹੋਣ ਦੇ ਨਾਤੇ ਗੁਰ-ਗੱਦੀ ਦਾ ਅਧਿਕਾਰ ਭੀ ਮੇਰਾ ਹੀ ਹੈ। ਭਾਵੇਂ ਪ੍ਰਿਥੀ ਚੰਦ ਨੇ ਬੜਾ ਕੁਝ ਆਖਿਆ ਪਰ ਉਸ ਦੀ ਕੋਈ ਭੀ ਦਲੀਲ ਕਿਸੇ ਨੇ ਭੀ ਮਨਜ਼ੂਰ ਨਹੀਂ ਕੀਤੀ। ਗੁਰ-ਗੱਦੀ ਨਾ ਮਿਲਣ ਦੇ ਕਾਰਨ ਪ੍ਰਿਥੀਆ ਗੁੱਸੇ ਵਿਚ ਆਣ ਕੇ ਬਟਾਲਾ ਦੇ ਮਾਲ ਅਫ਼ਸਰ ਸੁਲਹੀ ਖ਼ਾਨ ਕੋਲ ਸ਼ਿਕਾਇਤ ਦਾਇਰ ਕਰਨ ਲਈ ਚਲਾ ਗਿਆ। ਸੁਲਹੀ ਖ਼ਾਨ ਇਸ ਤੋਂ ਪਹਿਲਾਂ ਹੀ ਸਰਵਰੀ ਲੋਕਾਂ ਦਾ ਅੱਡਾ ਖ਼ਤਮ ਹੋਣ ਕਰਕੇ ਸਤਿਗੁਰੂ ਜੀ ਦੇ ਵਿਰੁੱਧ ਵੱਡੀ ਭਾਰੀ ਖੁਣਸ ਰੱਖਦਾ ਸੀ। ਪ੍ਰਿਥੀਏ ਦੀ ਮੰਦੀ ਕਰਤੂਤ ਨੂੰ ਸਮਝਣ ਲਈ ਮੈਕਾਲਿਫ਼ ਦੀ ਲਿਖਤ ਹੋਰ ਵਧੇਰੇ ਸਹਾਇਕ ਹੋਵੇਗੀ:

> After his (Guru Ramdas) decease, Mohari, maternal uncle of Arjan, bestowed on him a turban as his father's heir, according to ancient custom. Prithia urged THAT IT WAS HE HIMSELF who as eldest son of the late Guru Ramdas, should receive the turban. Upon this Guru Arjan conferred

1. Hari Ram Gupta, Vol. I, p.144.

it on him and returned to Amritsar. A short time afterwards Prithia met Sulhi Khan, a revenue officer of the province of Lahore, and interested him in a complaint which he was preparing to make to the Emperor on the subject of his supersession by his younger brother.[1]

ਪ੍ਰਿਥੀਏ ਨੇ ਇਕ ਹੋਰ ਅਰਜ਼ੀ ਅੰਮ੍ਰਿਤਸਰ ਦੇ ਚੌਧਰੀ ਕੋਲ ਭੀ ਦਿੱਤੀ, ਜਿਸ ਵਿਚ ਇਹ ਦਾਅਵਾ ਕੀਤਾ ਗਿਆ ਕਿ ਮੈਨੂੰ ਅਤੇ ਮੇਰੇ ਭਾਈ ਮਹਾਂਦੇਵ ਨੂੰ ਗੁਰੂ ਅਰਜਨ ਨੇ ਗੁਜ਼ਾਰੇ ਤੋਂ ਭੀ ਮਹਿਰੂਮ ਕਰ ਦਿਤਾ ਹੈ। ਫ਼ੈਸਲੇ ਵਜੋਂ ਅੰਮ੍ਰਿਤਸਰ ਦਾ ਕੁਝ ਹਿੱਸਾ ਮਹਾਂਦੇਵ ਨੂੰ ਮਿਲ ਗਿਆ ਔਰ ਪ੍ਰਿਥੀ ਚੰਦ ਨੇ ਆਪਣੇ ਵਾਸਤੇ ਸੰਗਤਾਂ ਦੀ ਭੇਟਾ ਵਿਚੋਂ ਹਿੱਸਾ ਪ੍ਰਾਪਤ ਕੀਤਾ। ਭਾਵ ਇਹ ਹੈ ਕਿ ਘਰੇਲੂ ਵਾਦ-ਵਿਵਾਦ ਆਪਣੀ ਇੰਤਹਾ ਦੀ ਸਥਿਤੀ ਧਾਰਨ ਕਰ ਗਿਆ, ਜੋ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਹੋਰ ਕਾਰਨਾਂ ਵਿਚੋਂ ਇਕ ਵੱਡਾ ਕਾਰਨ ਬਣਿਆ।[2]

੧੬-੫. ਸੁਲਹੀ ਖ਼ਾਨ ਦੀ ਵਿਰੋਧਤਾ

ਪ੍ਰਿਥੀ ਚੰਦ ਦੀ ਉਕਸਾਹਟ ਦੇ ਕਾਰਣ ਅਤੇ ਪੰਜਾਬ ਵਿਚ ਸਰਵਰੀ ਲਹਿਰ ਦਾ ਖ਼ਾਤਮਾ ਹੋਣ ਕਰਕੇ ਸੁਲਹੀ ਖ਼ਾਨ ਜੋ ਬਟਾਲਾ ਵਿਚ ਲਾਹੌਰ ਸੂਬੇ ਵਲੋਂ ਮਾਲੀਆ ਉਗਰਾਹੀ ਦਾ ਨਾਜ਼ਮ ਨਿਯੁਕਤ ਕੀਤਾ ਹੋਇਆ ਸੀ। ਸਤਿਗੁਰੂ ਜੀ ਦੇ ਬਰਖ਼ਿਲਾਫ਼ ਬਹੁਤ ਹੀ ਵੱਡੀ ਅਦਾਵਤ ਰੱਖਦਾ ਸੀ। ਦੂਸਰੀ ਗੱਲ ਇਹ ਭੀ ਲਿਖਤ ਵਿਚ ਮਿਲਦੀ ਹੈ ਕਿ ਜਦੋਂ ਸਤਿਗੁਰੂ ਜੀ ਨੇ ਸੰਗਤ ਦੇ ਕਹਿਣ 'ਤੇ ਚੰਦੂ ਦੀ ਲੜਕੀ ਦਾ ਰਿਸ਼ਤਾ ਮੋੜ ਦਿੱਤਾ, ਤਦ ਚੰਦੂ ਨੇ ਇਸ ਗੱਲ ਦਾ ਬਦਲਾ ਲੈਣ ਦੀ ਖ਼ਾਤਰ ਆਪਣੇ ਮਾਲੀਆ ਉਗਰਾਹੀ ਦੇ ਅਹਿਦੀਏ ਸੁਲਹੀ ਖ਼ਾਨ ਜੋ ਉਸ ਵੇਲੇ ਬਟਾਲਾ ਵਿਚ ਤਾਇਨਾਤ ਸੀ, ਨੂੰ ਹੁਕਮ ਭੇਜਿਆ ਕਿ ਗੁਰੂ ਅਰਜਨ (ਸਾਹਿਬ ਜੀ) ਨੂੰ ਅੰਮ੍ਰਿਤਸਰ ਵਿਚੋਂ ਕੱਢ ਕੇ ਗੁਰ-ਗੱਦੀ ਪ੍ਰਿਥੀ ਚੰਦ ਦੇ ਹਵਾਲੇ ਕਰਨ ਦਾ ਉਪਰਾਲਾ ਕੀਤਾ ਜਾਵੇ। ਪ੍ਰਿਥੀ ਚੰਦ ਦੀ ਉਕਸਾਹਟ ਅਤੇ ਚੰਦੂ ਵਲੋਂ ਸਖ਼ਤ ਹੁਕਮ ਮਿਲਣ ਕਰਕੇ ਸੁਲਹੀ ਖ਼ਾਨ ਦੇ ਵਿਰੋਧੀ ਧਿਰਾਂ ਦੇ ਆਸਰੇ ਸਤਿਗੁਰੂ ਸਾਹਿਬ 'ਤੇ ਹਮਲੇ ਦੀ ਤਿਆਰੀ ਕਰਨ

---

1. Macauliffe, iii, pp. 1-2.
2. ਮੈਕਾਲਿਫ਼, ਜਿਲਦ ਤੀਜੀ, ਪੰਨਾ ੧ ਅਤੇ ੨; ਦੇਖੋ *ਸੂਰਜ ਪ੍ਰਕਾਸ਼*, ਰਾਸ ੧੧, ਅਧਿਆਇ ੨੯।

ਲੱਗਾ। ਇਸ ਬਦ-ਨੀਤੀ ਦਾ ਭੇਦ ਅੰਮ੍ਰਿਤਸਰ ਦੀ ਸੰਗਤ ਨੂੰ ਭੀ ਆਣ ਲੱਗਾ। ਸੰਗਤ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ ਜੀਉ! ਸੁਲਹੀ ਕੋਲ ਕੋਈ ਬੰਦਾ ਭੇਜ ਕੇ ਸੁਲਾਹ ਸਫ਼ਾਈ ਦੀ ਗੱਲ ਕਰ ਲਈਏ ਜਾਂ ਕੋਈ ਚਿੱਠੀ ਲਿਖ ਕੇ ਉਸ ਦੇ ਹਮਲੇ ਤੋਂ ਬਚਾਉ ਕੀਤਾ ਜਾਵੇ?" ਸੰਗਤ ਦੀ ਤਰਫ਼ੋਂ ਐਸੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਫ਼ੁਰਮਾਇਆ, "ਹੇ ਭਾਈ! ਤੁਸੀਂ ਕੋਈ ਫ਼ਿਕਰ ਨਾ ਕਰੋ, ਵਾਹਿਗੁਰੂ ਤੇ ਭਰੋਸਾ ਰੱਖੋ, ਉਹ ਬਿਰਦ ਪਾਲਕ ਹੈ, ਆਪੇ ਹੀ ਆਪਣੇ ਸੇਵਕਾਂ ਦੀ ਰੱਖਿਆ ਕਰੇਗਾ।" ਇਸ ਅਵਸਰ 'ਤੇ ਇਕ ਸ਼ਬਦ ਪਾਵਨ ਗੁਰਬਾਣੀ ਵਿਚ ਉਚਾਰਨ ਕੀਤਾ ਹੈ:

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥
ਮਹਾ ਅਨੰਦ ਅਚਿੰਤ ਸਹਜਾਇਆ ॥
ਦੁਸਮਨ ਦੂਤ ਮੁਏ ਸੁਖੁ ਪਾਇਆ ॥੧॥ਰਹਾਉ॥

—ਆਸਾ ਮ: ੫, ਪੰਨਾ ੩੭੧-੧੨

ਕੁਝ ਅਰਸਾ ਬਾਅਦ ਸੁਲਹੀ ਖ਼ਾਨ ਇਕ ਬਹੁਤ ਹੀ ਵੱਡਾ ਭਾਰੀ ਲਸ਼ਕਰ ਲੈ ਕੇ ਸਤਿਗੁਰੂ ਜੀ ਨੂੰ ਹਾਨੀ ਪਹੁਚਾਵਣ ਲਈ ਮਾਝੇ ਦੇ ਦੌਰੇ 'ਤੇ ਆਇਆ, ਤਾਕਿ ਉਹ ਸਤਿਗੁਰੂ ਜੀ ਨੂੰ ਖ਼ਤਮ ਕਰ ਕੇ ਗੁਰ-ਗੱਦੀ ਪ੍ਰਿਥੀ ਚੰਦ ਦੇ ਹਵਾਲੇ ਕਰ ਸਕੇ। ਉਕਤ ਦਰਸਾਈ ਵਾਰਤਾ ਦੀ ਹਾਮੀ *ਸੂਰਜ ਪ੍ਰਕਾਸ਼* ਵਿਚ ਐਸੇ ਦਰਜ ਕੀਤੀ ਮਿਲਦੀ ਹੈ:

ਜਹਾਂਗੀਰ ਪਾਤਿਸ਼ਾਹ ਭਯੋ ਹੈ॥ ਸੁਲਹੀ ਤਿਹ ਉਮਰਾਵ ਕਿਯੋ ਹੈ॥
ਸੋ ਮਾਝੇ ਮਹਿ ਚਲ ਕਰ ਆਯੋ॥ ਲਸ਼ਕਰ ਮਹਾ ਸੰਗ ਮਹਿ ਲਯਾਯੋ॥[1]

ਪ੍ਰਿਥੀ ਚੰਦ ਨੇ ਸੁਲਹੀ ਖ਼ਾਨ ਨੂੰ ਰਿਸ਼ਵਤ ਵਜੋਂ ਕੁਝ ਘੋੜੇ ਅਤੇ ਕਾਫ਼ੀ ਦੁਸ਼ਾਲੇ ਭੀ ਦਿੱਤੇ ਤਾਕਿ ਸੁਲਹੀ ਖ਼ਾਨ ਸਤਿਗੁਰੂ ਜੀ ਦੇ ਖ਼ਿਲਾਫ਼ ਤਸੱਲੀ ਬਖ਼ਸ਼ ਕੰਮ ਕਰੇ। ਇਸ ਦੇ ਇਵਜ਼ਾਨੇ ਵਿਚ ਸੁਲਹੀ ਖ਼ਾਨ ਨੇ ਪ੍ਰਿਥੀ ਚੰਦ ਨੂੰ ਪੱਕਾ ਯਕੀਨ ਭੀ ਦਿੱਤਾ ਕਿ ਜਿਸ ਵੇਲੇ ਭੀ ਤੇਰਾ ਕੋਈ ਕੰਮ ਕਾਜ ਹੋਵੇ ਮੈਂ ਤੇਰੀ ਪੂਰੀ ਪੂਰੀ ਮਦਦ ਕਰਾਂਗਾ। ਇਸ ਖ਼ਿਆਲ ਨੂੰ ਵਧੇਰੇ ਸਮਝਣ ਲਈ *ਸੂਰਜ ਪ੍ਰਕਾਸ਼* ਦੀ ਲਿਖਤ ਗੁਣਕਾਰੀ ਹੋਵੇਗੀ:

---

1. *ਸੋਢੀ ਚਮਤਕਾਰ*, ਰਾਸ ੨, ਅਧਿਆਇ ੩੩, ਸੰਗ੍ਰਹਿ ਕਰਤਾ ਗਿਆਨੀ ਤ੍ਰਿਲੋਕ ਸਿੰਘ, ਪੰਨਾ ੧੧੧।

ਸੁਲਹੀ ਕਹਯੋ ਨ ਚਿੰਤ ਕਰੀਜਹਿ॥
ਜਿਹ ਤੁਮ ਚਹਹੁ ਤਥਾ ਕਰ ਦੀਜਹਿ॥
ਪਰਹਿ ਕਾਜ ਕੁਛ ਤੇਰੋ ਆਇ॥
ਸਰਬ ਸਵਾਰੋਂ ਮੈ ਬਲ ਲਾਇ॥[1]

ਵਿਰੋਧੀ ਧੜੇ ਦੀ ਮੰਦੀ ਕਰਤੂਤ ਵੇਖ ਕੇ ਸਤਿਗੁਰੂ ਜੀ ਨੇ ਇਕ ਭਵਿੱਖਤ ਵਾਕ ਉਚਾਰਿਆ, ਜਿਸ ਦੇ ਸ਼ਬਦ ਨਿਮਨ-ਲਿਖਤ ਦੇ ਅਨੁਸਾਰ ਵੇਖੇ ਜਾ ਸਕਦੇ ਹਨ:

ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ॥
ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ॥੧॥
ਸਤਿਗੁਰੁ ਸੇਵਹੁ ਆਪਨਾ ਕਾਹੇ ਫਿਰਹੁ ਅਭਾਗੇ॥
ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ॥੧॥ਰਹਾਉ॥
ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ॥
ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ॥੨॥

—ਬਿਲਾਵਲੁ ਮ: ੫, ਪੰਨਾ ੮੦੯-੧੨

ਵਾਹਿਗੁਰੂ ਦੀ ਸ਼ਰਨ ਇਕ ਸ਼ਕਤੀ ਹੈ, ਜਿਸ ਨੇ ਭੀ ਉਸ ਦੀ ਓਟ ਤੱਕੀ ਹੈ ਉਸ ਦਾ ਰਖਵਾਲਾ ਉਹ ਆਪੇ ਹੀ ਹੁੰਦਾ ਹੈ। ਜੋ ਕੋਈ ਭੀ ਅਹੰਕਾਰੀ ਗ਼ਰੀਬਾਂ ਅਨਾਥਾਂ ਤੇ ਦਾੜ੍ਹੀ ਖਿਚਦਾ ਅਤੇ ਉਨ੍ਹਾਂ ਨੂੰ ਬਰਬਾਦ ਕਰਨ ਦੇ ਯਤਨ ਕਰਦਾ ਹੈ, ਉਹ ਰੱਖਣਹਾਰਾ ਸੁਆਮੀ ਉਨ੍ਹਾਂ ਦੀ ਦਾੜ੍ਹੀ ਅਗਨੀ ਵਿਚ ਸਾੜ ਕੇ ਸੁਆਹ ਕਰ ਦਿੰਦਾ ਹੈ। ਹਜ਼ੂਰ ਕਥਨ ਕਰਦੇ ਹਨ:

ਗਰੀਬਾ ਉਪਰਿ ਜਿ ਖਿੰਜੈ ਦਾੜੀ॥
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥੧॥
ਪੂਰਾ ਨਿਆਉ ਕਰੇ ਕਰਤਾਰੁ॥
ਅਪੁਨੇ ਦਾਸ ਕਉ ਰਾਖਨਹਾਰੁ॥੧॥ਰਹਾਉ॥
ਆਦਿ ਜੁਗਾਦਿ ਪ੍ਰਗਟਿ ਪਰਤਾਪੁ॥
ਨਿੰਦਕੁ ਮੁਆ ਉਪਜਿ ਵਡ ਤਾਪੁ॥੨॥
ਤਿਨਿ ਮਾਰਿਆ ਜਿ ਰਖੈ ਨ ਕੋਇ॥
ਆਗੈ ਪਾਛੈ ਮੰਦੀ ਸੋਇ॥੩॥
ਅਪੁਨੇ ਦਾਸ ਰਾਖੈ ਕੰਠਿ ਲਾਇ॥
ਸਰਣਿ ਨਾਨਕ ਹਰਿਨਾਮੁ ਧਿਆਇ॥੪॥੯੮॥੧੬੭॥

—ਗਉੜੀ ਮ: ੫, ਪੰਨਾ ੧੯੯-੧੧

---

1. *ਸੌਢੀ ਚਮਤਕਾਰ*, ਪੰਨਾ ੧੧੨, ਸੰਗ੍ਰਹਿ ਕਰਤਾ ਗਿਆਨੀ ਤ੍ਰਿਲੋਕ ਸਿੰਘ।

ਆਖ਼ਰਕਾਰ ਪ੍ਰਿਥੀ ਚੰਦ ਸੁਲਹੀ ਖ਼ਾਨ ਨੂੰ ਨਾਲ ਲੈ ਕੇ ਅੰਮ੍ਰਿਤਸਰ ਵਲ ਨੂੰ ਹੋ ਟੁਰਿਆ। ਸਾਰੀ ਸੰਗਤ ਦੇ ਬੇਨਤੀ ਕਰਨ 'ਤੇ[1] ਸਤਿਗੁਰ ਜੀ ਅੰਮ੍ਰਿਤਸਰ ਤੋਂ ਹਿਜਰਤ ਕਰ ਕੇ ਕੁਝ ਸਮੇਂ ਲਈ ਵਡਾਲੀ ਚਲੇ ਗਏ, ਔਰ ਨਾਲ ਹੀ ਹਜ਼ੂਰ ਨੇ ਇਕ ਹੋਰ ਭਵਿੱਖਤ ਵਾਕ ਉਚਾਰਨ ਕੀਤਾ। ਹੇ ਭਾਈ ਸਿੱਖੋ ! ਸੁਲਹੀ ਪਾਪੀ ਦੀ ਪਹੁੰਚ ਇਥੋਂ ਤਕ ਨਹੀਂ ਹੋਵੇਗੀ। ਕਿਉਂਕਿ ਉਹ ਪਾਰਬ੍ਰਹਮ ਇਸ ਪਾਪੀ ਨੂੰ ਰਸਤੇ ਵਿਚ ਹੀ ਖ਼ਤਮ ਕਰ ਦੇਵੇਗਾ। ਰਸਤੇ ਵਿਚ ਆਉਂਦਾ ਹੋਇਆ ਸੁਲਹੀ ਘੋੜੇ 'ਤੇ ਚੜ੍ਹ ਕੇ ਪ੍ਰਿਥੀ ਚੰਦ ਦੇ ਨਾਲ ਪ੍ਰਿਥੀ ਚੰਦ ਦੇ ਨਗਰ ਗੁਰੂ ਕੇ ਕੋਠੇ ਵਿਖੇ ਇੱਟਾਂ ਦਾ ਭੱਠਾ ਵੇਖਣ ਲਈ ਚਲਾ ਗਿਆ। ਸੁਲਹੀ ਦਾ ਘੋੜਾ ਤ੍ਰਬਕ ਕੇ ਇੱਟਾਂ ਦੇ ਸੜਦੇ ਭਖਦੇ ਭੱਠੇ ਵਿਚ ਜਾ ਡਿੱਗਾ। ਜੋ ਸਣੇ ਸੁਲਹੀ ਦੇ ਭੱਠੇ ਵਿਚ ਹੀ ਸੜ ਕੇ ਦਗਧ ਹੋ ਗਿਆ। ਇਸ ਸਮੇਂ ਹਜ਼ੂਰ ਨੇ ਨਿਮਨ-ਲਿਖਤ ਸ਼ਬਦ ਆਪਣੇ ਪਾਵਨ ਮੁਖਾਰਬਿੰਦ ਤੋਂ ਉਚਾਰਨ ਕੀਤਾ ਹੈ:

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ
ਸੁਲਹੀ ਹੋਇ ਮੂਆ ਨਾਪਾਕੁ ॥੧॥ਰਹਾਉ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ
ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ
ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ
ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ
ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥

—ਬਿਲਾਵਲੁ ਮ: ੫, ਪੰਨਾ ੮੨੫-੧

ਸੁਲਹੀ ਖ਼ਾਨ ਦੀ ਵਿਰੋਧਤਾ ਸਤਿਗੁਰੂ ਜੀ ਦੇ ਵਿਰੁੱਧ ਇਤਨੀ ਤੇਜ਼ ਹੋ ਗਈ ਕਿ ਉਹ ਸਤਿਗੁਰੂ ਜੀ ਦੀ ਜਾਨ ਦਾ ਵੈਰੀ ਹੋ ਨਿਬੜਿਆ। ਬਹੁਤ ਵੱਡੀ ਸ਼ਕਤੀ-ਸ਼ਾਲੀ ਫ਼ੌਜੀ ਤਾਕਤ ਲੈ ਕੇ ਸਤਿਗੁਰੂ ਜੀ 'ਤੇ ਚੜ੍ਹਾਈ ਕਰ ਕੇ ਆਇਆ ਤਾਕਿ ਉਹ ਸਤਿਗੁਰੂ ਸਾਹਿਬ ਨੂੰ ਖ਼ਤਮ ਕਰ ਕੇ ਗੁਰ-ਗੱਦੀ ਪ੍ਰਿਥੀ ਚੰਦ ਨੂੰ ਸੰਭਾਲ ਸਕੇ। ਪਰੰਤੂ ਸਤਿਗੁਰੂ ਜੀ ਦਾ ਰਾਖਾ ਆਪ ਵਾਹਿਗੁਰੂ ਜੀ

1. ਸੰਗਤ ਦੇ ਹੁਕਮ ਦੀ ਮਹੱਤਤਾ ਸਿੱਖੀ ਵਿਚ ਬਹੁਤ ਹੀ ਅਧਿਕ ਦਰਸਾਈ ਗਈ ਹੈ। ਅੰਮ੍ਰਿਤਸਰ ਛੱਡਣਾ ਅਤੇ ਚਮਕੌਰ ਸਾਹਿਬ ਛੱਡਣਾ ਸੰਗਤ ਦਾ ਹੁਕਮ ਮੰਨਣ ਦਾ ਦ੍ਰਿਸ਼ਟਾਂਤ ਹੈ।

ਹੈ, ਔਰ ਹਾਲੇ ਸ਼ਹੀਦੀ ਦਾ ਸਮਾਂ ਨੇੜੇ ਨਹੀਂ ਆਇਆ ਹੈ। ਸ਼ਹੀਦੀ ਕਿਸੇ ਵਿਅਕਤੀ ਦੇ ਅਧਿਕਾਰ ਵਿਚ ਨਹੀਂ ਹੈ, ਬਲਕਿ ਇਹ ਦੈਵੀ ਸ਼ਹਾਦਤ ਵਾਹਿਗੁਰੂ ਜੀ ਦੇ ਆਪਣੇ ਭਾਣੇ ਵਿਚ ਹੀ ਹੋਣੀ ਹੈ, ਹਾਲੇ ਕੁਝ ਹੋਰ ਜ਼ਿੰਮੇਵਾਰੀਆਂ ਦਾ ਪੂਰਾ ਹੋਣਾ ਬਾਕੀ ਹੈ। ਇਸ ਵਾਸਤੇ ਸ਼ਹਾਦਤ ਦਾ ਫਲ ਹਾਲੇ ਪੂਰੇ ਰਸ ਵਿਚ ਰਸ-ਭਿੰਨਾ ਨਹੀਂ ਬਣਿਆ। ਸੁਲਹੀ ਦੇ ਹਮਲੇ ਦੀ ਬਾਬਤ ਹਰੀ ਰਾਮ ਗੁਪਤਾ ਦੇ ਖ਼ਿਆਲ ਕਾਫ਼ੀ ਸਹਾਇਕ ਹੋਣਗੇ:

Sulhi Khan of Batala

Sulhi Khan was the Mughal officer of Batala district. He was determined to bring about Guru's ruin. Under severe persecution the Guru had to leave Amritsar for Chheharta. He was so bitterly hostile to him that the Guru mentioned him in his hymns in the Adi Granth. God rescued the Guru from Sulhi's clutches. One day while riding a new horse he was trying to gallop. Something frightened the horse who, perhaps due to some wild honey-bees, fled headlong into the fields in the direction of a smouldering brick kiln. The horse sank into the hollow ground of the kiln long with its rider who was firmly holding its reins and both were burnt alive. Guru Arjan refers to this incident in Bilawal hymn.[1]

God preserved me from Sulhi. Sulhi by no means succeeded; Sulhi died unclean, God drew forth His axe and smote off his head and in a moment he became ashes. He was consumed ever meditating evil. He who created him thrust him into the fire.[2]

ਪ੍ਰਿਥੀ ਚੰਦ ਦੇ ਕਹਿਣ 'ਤੇ ਸੁਲਹੀ ਖ਼ਾਨ ਮਾਮਲੇ ਦੀ ਉਗਰਾਹੀ ਵਾਸਤੇ ਆਪਣੀ ਫ਼ੌਜ ਨਾਲ ਲੈਸ ਹੋ ਕੇ ਸਤਿਗੁਰੂ ਜੀ ਦੀ ਹੱਤਿਆ ਲਈ ਅੰਮ੍ਰਿਤਸਰ ਵਲ ਨੂੰ ਹੋ ਟੁਰਿਆ। ਇਸੇ ਸੰਬੰਧ ਵਿਚ ਬਾਦਸ਼ਾਹ ਜਹਾਂਗੀਰ ਨੇ ਭੀ ਸੁਲਹੀ

1. Hari Ram Gupta, I, p. 144.
2. Macauliffe, iii, pp. 86-87.

ਨੂੰ ਆਗਿਆ ਦੇ ਦਿੱਤੀ ਕਿ ਇਲਾਕੇ ਦਾ ਮਾਮਲਾ ਉਗਰਾਹ ਕੇ ਲੈ ਆਵੇ। ਸੁਲਹੀ ਦਾ ਅੰਮ੍ਰਿਤਸਰ ਵਲ ਨੂੰ ਆਉਣਾ ਸੁਣ ਕੇ ਕੁਝ ਪ੍ਰੇਮੀ ਸਿੱਖਾਂ ਨੇ ਸੁਲਹੀ ਦੇ ਆਉਣ ਤੋਂ ਪਹਿਲਾਂ ਹੀ ਸਤਿਗੁਰੂ ਜੀ ਨੂੰ ਉਸ ਦੇ ਆਉਣ ਦੀ ਖ਼ਬਰ ਦੇ ਦਿੱਤੀ, ਔਰ ਆਪਣੀ ਰਾਇ ਭੀ ਜ਼ਾਹਰ ਕੀਤੀ ਕਿ ਸੁਲਹੀ ਦੇ ਆਉਣੇ ਤੋਂ ਪਹਿਲਾਂ ਪਹਿਲਾਂ ਕੋਈ ਉਪਾਉ ਕੀਤਾ ਜਾਵੇ। ਪਰੰਤੂ ਅੰਤਰਜਾਮੀ ਸਤਿਗੁਰੂ ਜੀ ਨੇ ਸਿੱਖਾਂ ਨੂੰ ਤਸੱਲੀ ਦਿੰਦੇ ਹੋਏ ਫ਼ੁਰਮਾਇਆ ਕਿ ਉਹ ਪਾਪੀ ਇਥੇ ਤਕ ਪਹੁੰਚ ਨਹੀਂ ਕਰ ਸਕੇਗਾ। ਇਸ ਪ੍ਰਤੀ *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਸੁਲਹੀ ਖ਼ਾਨ ਦੇ ਦੁਖਾਂਤ ਦੀ ਗਾਥਾ ਨਿਮਨ-ਲਿਖਤ ਦੇ ਅਨੁਸਾਰ ਦਰਜ ਕਰਦਾ ਹੈ:

ਸੰਗਤ ਮਨ ਧੀਰਜ ਧਰੋ ਸ੍ਰੀ ਗੁਰ ਕਰੈਂ ਸਹਾਇ ॥
ਈਹਾਂ ਦੁਸਟਿ ਆਵੈ ਨਹੀਂ ਤਹਾਂ ਮਰੇ ਦੁਖ ਪਾਇ ॥੧੯॥[1]

ਸੁਲਹੀ ਦੇ ਆਦਰ ਮਾਣ ਵਾਸਤੇ ਪ੍ਰਿਥੀ ਚੰਦ ਉਸ ਨੂੰ ਅਗੇ ਚਲ ਕੇ ਲੈਣ ਗਿਆ। ਔਰ ਸੁਲਹੀ ਪ੍ਰਿਥੀਏ ਦੇ ਪਿੰਡ ਮਹਿਮਾਨੀ ਤੌਰ 'ਤੇ ਠਹਿਰ ਗਿਆ। ਔਰ ਸੁਲਹੀ ਨੇ ਆਖਿਆ, "ਹੇ ਪ੍ਰਿਥੀ ਚੰਦ! ਤੂੰ ਚਿੰਤਾ ਨ ਕਰ, ਮੈਂ ਉਸ (ਗੁਰੂ ਅਰਜਨ ਜੀ) ਨੂੰ ਮਾਰ ਕੇ ਗੁਰ-ਗੱਦੀ ਤੇਰੇ ਹਵਾਲੇ ਕਰ ਦੇਵਾਂਗਾ। ਤੁਸੀਂ ਪਿਛਲੀ ਬੀਤੀ ਦਾ ਅੰਦੇਸ਼ਾ ਨਾ ਕਰੋ। ਮੇਰੇ 'ਤੇ ਯਕੀਨ ਰਖੋ, ਮੈਂ ਉਸ ਨੂੰ ਖ਼ਤਮ ਕਰ ਕੇ ਤੈਨੂੰ ਸੁਖ ਦੇਵਾਂਗਾ।"

ਸੁਲਹੀ ਕਹਾ ਚਿੰਤ ਨਹੀ ਧਾਰੋ ॥
ਪਾਛੇ ਕੀ ਚਿੰਤ ਨਾਹਿ ਸੰਭਾਰੋ ॥
ਹਮਰੇ ਬਚਨ ਮਾਨ ਇਹੁ ਲੀਜੈ ॥
ਮੈ ਤਿਹ ਮਾਰੋਂ ਤੁਮ ਸੁਖ ਕੀਜੈ ॥
ਔਰ ਕਠੋਰ ਬਚਨ ਮੁਖ ਕਹੇ ॥
ਸੁਨ ਪ੍ਰਿਥੀਆ ਮਨ ਆਨੰਦ ਲਹੇ ॥੨੧॥[2]

ਸੁਲਹੀ ਕੁਝ ਦਿਨ ਪ੍ਰਿਥੀਏ ਕੋਲ ਠਹਿਰ ਗਿਆ, ਇਕ ਦਿਨ ਘੋੜੇ 'ਤੇ ਚੜ੍ਹ ਕੇ ਪਰਵਾਰ ਸਮੇਤ ਪ੍ਰਿਥੀਏ ਦੇ ਚਾੜ੍ਹੇ ਹੋਏ ਇੱਟਾਂ ਦੇ ਭੱਠੇ ਵੇਖਣ ਲਈ ਚਲਾ ਗਿਆ। ਘੋੜਾ ਮਾਖਿਉ ਦੀਆਂ ਮੱਖੀਆਂ ਤੋਂ ਤ੍ਰਬਕ ਕੇ ਭੱਠੇ ਦੇ ਸਿਖ਼ਰ 'ਤੇ ਜਾ ਚੜ੍ਹਿਆ। ਸੁਲਹੀ ਖ਼ਾਨ ਆਪਣੇ ਪਰਵਾਰ ਸਮੇਤ ਭੱਠੇ ਵਿਚ ਦਗਧ ਹੋ ਕੇ ਖ਼ਤਮ ਹੋ ਗਿਆ। ਉਕਤ ਦਰਸਾਏ ਖ਼ਿਆਲ ਦੀ ਹਾਮੀ *ਗੁਰਬਿਲਾਸ*

---

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੧੧੬।
2. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੧੧੬।

ਵਿਚ ਐਸੇ ਦਰਜ ਕੀਤੀ ਮਿਲਦੀ ਹੈ:

ਚੌਪਈ॥ ਸੁਲਹੀ ਪ੍ਰਿਥੀਆ ਮਨ ਸੁਖ ਪਾਏ॥
ਆਵਾ ਏਕ ਦੇਖ ਹਰਖਾਏ॥
ਪ੍ਰਿਥੀਆ ਲਾਗੋ ਲਘੁ ਸੰਸਕਾਰ॥
ਸੁਲਹੀ ਜਾਇ ਚੜ੍ਹਿਓ ਆਵੇ ਪਰ॥
ਪੁਤ੍ਰ ਮੀਤ ਨਿਜ ਸੰਗ ਲਵਾਏ॥
ਆਵੇ ਚੋਟੀ ਚੜ੍ਹਿਓ ਜਾਏ॥
ਭਗਤ ਸਿੰਘ ਅਸ ਕੌਤਕ ਭਯੋ॥
ਕੇਰੀ ਮੱਧ ਧਸਕ ਸੋ ਗਯੋ॥
ਕਮਰ ਬੀਚ ਤਿੰਹ ਪਰਸ (ਟਕੂਆ) **ਸੁਹਾਯੋ॥**
ਗਿਰਤ ਉਛਰ ਤਿੰਹ ਕੰਠ ਲਗਾਯੋ॥
ਮੂੰਡ ਰੁੰਡ ਤੇ ਨਿਆਰਾ ਭਯੋ॥
ਧਸਕਰ ਦਿਖ ਨ ਜਾਨ ਕਹਿੰ ਗਯੋ॥੨੫॥
ਜੈਸਾ ਕਰੇ ਸੁ ਤੈਸਾ ਪਾਵੈ॥
ਅਭਿਮਾਨੀ ਕੀ ਜੜ ਸਰਪਰ ਜਾਵੈ॥
ਆਦਿ ਅੰਤ ਗੁਰੁ ਜਾਨਨਹਾਰਾ॥
ਸ੍ਰੀ ਗੁਰੁ ਅਰਜਨ ਰੂਪ ਮੁਰਾਰਾ॥੨੭॥
ਦੋਹਰਾ॥ ਪੁਤ੍ਰ ਮਿਤ੍ਰ ਸਭ ਹੀ ਧਸੇ ਕੇਰੀ ਤਪਤ ਮਝਾਰ॥
ਪ੍ਰਿਥੀਆ ਦਿਖ ਬਿਸਮੈਂ (ਹੈਰਾਨ ਹੁੰਦਾ ਹੈ) **ਭਯੋ**
ਕਿਆ ਕੀਨੋ ਕਰਤਾਰ॥੨੯॥[1]

ਸਤਿਗੁਰੂ ਜੀ ਅਤੇ ਸੰਗਤ ਦਾ ਰਖਵਾਲਾ ਵਾਹਿਗੁਰੂ ਆਪ ਹੈ। ਪਾਪੀ ਸੁਲਹੀ ਨਾਪਾਕ ਮੌਤ ਦੁਆਰਾ ਖ਼ਤਮ ਹੋ ਗਿਆ। 'ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ॥' ਇਥੇ ਤਕ ਸੁਲਹੀ ਦੀ ਵਾਰਤਾ ਸਮਾਪਤ ਹੁੰਦੀ ਹੈ। ਇਸ ਤੋਂ ਅਗੇ ਸਤਿਗੁਰੂ ਜੀ ਦੇ ਤੀਸਰੇ ਵਿਰੋਧੀ ਧੜੇ ਚੰਦੂ ਲਾਲ ਦੀ ਗਾਥਾ ਆਰੰਭ ਕਰਨ ਦੀ ਆਗਿਆ ਚਾਹਾਂਗੇ।

੧੬-੬. ਚੰਦੂ ਦੀ ਵਿਰੋਧਤਾ

ਚੰਦੂ ਲਾਲ ਲਾਹੌਰ ਦੇ ਰਹਿਣ ਵਾਲਾ ਖੱਤਰੀ ਸੀ, ਜੋ ਅਕਬਰ ਦੇ ਨਿਜ਼ਾਮ ਵਿਚ ਵਿਤ ਮੰਤਰਾਲੇ ਦਾ ਇਕ ਉੱਚੇ ਦਰਜੇ ਦਾ ਅਹਿਲਕਾਰ ਸੀ। ਮੁਸਲਮਾਨ

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੧੧੭।

ਹਕੂਮਤ ਦੇ ਸਮੇਂ ਮਹਿਕਮਾ ਮਾਲ ਅਥਵਾ ਵਿਤ ਮੰਤਰੀ ਦੇ ਅਹੁਦਿਆਂ 'ਤੇ ਆਮ ਕਰਕੇ ਹਿੰਦੂ ਹੀ ਸਥਾਪਤ ਕੀਤੇ ਜਾਂਦੇ ਸਨ, ਕਿਉਂਕਿ ਉਸ ਜ਼ਮਾਨੇ ਦੇ ਮੁਸਲਮਾਨ ਨੂੰ ਪੈਸੇ ਦਾ ਹਿਸਾਬ ਕਿਤਾਬ ਰੱਖਣ ਵਿਚ ਬਹੁਤੀ ਮੁਹਾਰਤ ਨਹੀਂ ਸੀ। ਇਹੀ ਵੱਡਾ ਕਾਰਨ ਸੀ ਕਿ ਅਕਬਰ ਦੀ ਹਕੂਮਤ ਵਿਚ ਟੋਡਰ ਮੱਲ ਜੈਸੇ ਮਸ਼ਹੂਰ ਹਿੰਦੂ ਮਹਿਕਮਾ ਮਾਲ ਵਿਚ ਉੱਚੀਆਂ ਪਦਵੀਆਂ 'ਤੇ ਤਾਇਨਾਤ ਸਨ।

ਚੰਦੂ ਲਾਲ ਸ਼ਾਹੀ ਖੱਤਰੀ ਭੀ ਅਕਬਰ ਦੇ ਰਾਜ ਕਾਲ ਵਿਚ ਮਹਿਕਮਾ ਮਾਲ ਵਿਚ ਇਕ ਉੱਚ ਕੋਟੀ ਦਾ ਅਹਿਲਕਾਰ ਹੋਇਆ ਹੈ। ਇਹ ਪਹਿਲਾਂ ਪਹਿਲਾਂ ਦਿੱਲੀ ਵਿਚ ਕੰਮ ਕਰਦਾ ਸੀ। ਫਿਰ ਅਕਬਰ ਦੇ ਜ਼ਮਾਨੇ ਵਿਚ ਹੀ ਇਸ ਦੀ ਤਬਦੀਲੀ ਲਾਹੌਰ ਵਿਚ ਹੋ ਗਈ। ਇਸ ਦੀ ਲੜਕੀ ਦੀ ਆਯੂ ਵਰ-ਪ੍ਰਾਪਤੀ ਦੇ ਯੋਗ ਹੁੰਦੀ ਵੇਖ ਕੇ ਘਰ ਵਿਚ ਮਸ਼ਵਰਾ ਕੀਤਾ ਗਿਆ ਕਿ ਲੜਕੀ ਵਾਸਤੇ ਕਿਸੇ ਅੱਛੇ ਖ਼ਾਨਦਾਨ ਦਾ ਲੜਕਾ ਤਾਲਾਸ਼ ਕੀਤਾ ਜਾਵੇ। ਇਸ ਕਾਰਜ ਦੀ ਪੂਰਤੀ ਲਈ ਇਸ ਨੇ ਆਪਣੇ ਦੋ ਸਨੇਹੀ ਸੱਜਣ ਨਿਯੁਕਤ ਕੀਤੇ। ਇਹ ਦੋਵੇਂ ਸੱਜਣ ਫਿਰਦੇ ਫਿਰਾਂਦੇ ਅੰਮ੍ਰਿਤਸਰ ਸਾਹਿਬ ਆਣ ਪਹੁੰਚੇ। ਗੁਰੂ ਦਰਬਾਰ ਦੀ ਸ਼ੋਭਾ ਵੇਖ ਕੇ ਬੜੇ ਪ੍ਰਸੰਨ ਹੋਏ ਔਰ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਜੀ ਦੀ ਹੋਣਹਾਰਤਾ ਨੂੰ ਤੱਕ ਕੇ ਹੋਰ ਜ਼ਿਆਦਾ ਖ਼ੁਸ਼ੀ ਦਾ ਇਜ਼ਹਾਰ ਕੀਤਾ। ਆਖ਼ਰ ਰਿਸ਼ਤੇ ਦੀ ਪ੍ਰਵਾਨਗੀ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ। ਪਰ ਸਤਿਗੁਰੂ ਜੀ ਨੇ ਕੋਈ ਬਚਨ ਨਹੀਂ ਕੀਤਾ। ਮਗਰ ਇਹ ਦੋਨੋਂ ਸੱਜਣ ਸਾਹਿਬਜ਼ਾਦਾ ਜੀ ਨੂੰ ਪਸੰਦ ਕਰ ਕੇ ਵਾਪਸ ਲਾਹੌਰ ਚਲੇ ਗਏ। ਔਰ ਸਾਰੀ ਵਾਰਤਾ ਚੰਦੂ ਲਾਲ ਨੂੰ ਜਾ ਆਖੀ। ਚੰਦੂ ਲਾਲ ਬਹੁਤ ਹੀ ਅਭਿਮਾਨੀ ਬੰਦਾ ਸੀ। ਕਹਿਣ ਲੱਗਾ, "ਤੁਸੀਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ।" ਉਕਤ ਦਰਸਾਈ ਵਾਰਤਾ ਦੀ ਹਾਮੀ *ਗੁਰਬਿਲਾਸ* ਦਾ ਕਰਤਾ ਐਸੇ ਦਰਜ ਕਰਦਾ ਹੈ :

ਚੌਪਈ॥ ਫਿਰਤ ਫਿਰਤ ਹਮ ਬਹੁ ਦੁਖ ਲਏ॥
ਸੁਧਾ ਸਰੋਵਰ ਪੁਨ ਚਲ ਗਏ॥
ਸ੍ਰੀ ਗੁਰੁ ਅਰਜਨ ਤਹਾਂ ਸੁਹਾਵੈ॥
ਪ੍ਰਬਲ ਤੇਜ ਬਡ ਪੂਜ ਚੜ੍ਹਾਵੈ॥
ਤਿੰਹ ਸੁਤ ਸੁੰਦਰ ਰੂਪ ਅਪਾਰਾ॥
ਕਿਧੋ ਬਿਸਨ ਰਵਿ (ਵਾਹਿਗੁਰੂ ਦਾ ਪ੍ਰਕਾਸ਼) **ਹੈ ਤਨ ਧਾਰਾ॥**
ਬੈਕਿਸ਼ੋਰ (ਸਪੁੱਤਰ) **ਨੌ ਬਰਸ ਕੇ ਭਏ॥**
ਹਰਿ ਗੁਬਿੰਦ ਤਹਿੰ ਨਾਮ ਅਲਏ॥
ਸੁੰਦਰ ਵਰ ਹਮ ਨੈਨ ਨਿਹਾਰਾ॥
ਧੰਨ ਭਾਗ ਹਮ ਰਿਦੇ ਵਿਚਾਰਾ॥

ਇਹ ਸੁਨ ਚੰਦੂ ਹਰਖ ਨ ਲੀਨੇ ॥
ਕਹਿਤ ਭਯੋ ਤੁਮ ਠੀਕ ਨ ਕੀਨੇ ॥
ਇੱਟ ਚੁਬਾਰੇ ਮੋਰੀ ਲਾਈ ॥
ਕਹਾਂ ਭਯੋ ਜੋ ਪੂਜ ਕਹਾਈ ॥
ਦੇਸ ਮੁਲਕ ਨਹਿ ਰਾਜ ਦਿਵਾਨ ॥
ਫਕਰ ਪੂਜ ਆਈ ਹਰਖਾਨ (ਤੁਸੀਂ ਖ਼ੁਸ਼ ਹੋ ਗਏ) ॥੬੨॥

ਦੋਹਰਾ ॥ ਪੂਜ ਚੜ੍ਹੀ ਮਨ ਹਰਖ ਹੁਇੰ ਨਹਿੰ ਪੂਜਾ ਤਬ ਦੇਖ ॥
ਪਤਿਸ਼ਾਹੀ ਦੀਵਾਨ ਹੋ ਤੁਮ ਕਿਆ ਧਰੀ ਉਮੇਦ ॥੬੩॥
ਚੁਬਾਰੇ ਸਮ ਹੌਂ ਜਗਤ ਜਸ, ਵਹਿ ਮੋਰੀ ਸਮ ਜਾਨ ॥
ਤੁਮੈਂ ਚਿੱਤ ਇਹੁ ਕਿਆ ਪਰੀ ਮੋ ਤੇ ਅਧਕ ਬਖਾਨ ॥੬੪॥[1]

ਚੰਦੂ ਦੇ ਬੋਲੇ ਹੋਏ ਫਿਕੇ ਬੋਲਾਂ ਦੀ ਤਸਵੀਰ ਕਈ ਇਕ ਲਿਖਾਰੀਆਂ ਨੇ ਆਪਣੀਆਂ ਤਹਿਰੀਰਾਂ ਵਿਚ ਦਰਜ ਕੀਤੀ ਹੈ ਕਿ ਉਹ ਕਿਤਨਾ ਅਹੰਕਾਰੀ ਅਤੇ ਦੁਰਬਚਨੀ ਇਨਸਾਨ ਸੀ, ਇਸ ਦੀ ਬਦ-ਜ਼ੁਬਾਨੀ ਨੂੰ ਮੈਕਾਲਿਫ਼ ਨਿਮਨ-ਲਿਖਤ ਦੇ ਅਨੁਸਾਰ ਪੇਸ਼ ਕਰਦਾ ਹੈ :

> O Brahman, I have tested thy wisdom and knowledge in this matter. Thou desirest to put the ornamental tile of a top storey into a gutter. Where am I, imperial Financial Minister ? and where is the Guru, though he may be an object of veneration to his followers ? I think he must have stuffed you both with sweets that you came to me and propose an alliance with his family.[2]

ਜੋ ਬੋਲ-ਬਾਣੀ ਚੰਦੂ ਲਾਲ ਨੇ ਰਿਸ਼ਤੇ ਦੀ ਬਾਬਤ ਆਪਣੇ ਪ੍ਰੋਹਤ ਬ੍ਰਾਹਮਣਾਂ ਨਾਲ ਕੀਤੀ, ਉਸ ਫਿਕੀ ਅਤੇ ਦੁਰਬਚਨੀ ਕਹਾਣੀ ਦੀ ਗੱਲ ਸਾਰੇ ਸਿੱਖਾਂ ਵਿਚ ਫੈਲ ਗਈ। ਗੁਰ-ਸਿੱਖਾਂ ਉਚੇਚਾ ਪੈਗ਼ਾਮ ਸਤਿਗੁਰੂ ਜੀ ਵਲ ਭੇਜ ਕੇ ਬੇਨਤੀ ਕੀਤੀ, "ਹੇ ਸੱਚੇ ਪਾਤਿਸ਼ਾਹ ਜੀਉ ! ਇਸ ਹੰਕਾਰੀ ਦਾ ਰਿਸ਼ਤਾ ਨਹੀਂ ਲੈਣਾ, ਦੁੱਧ ਵਿਚ ਕਾਂਜੀ ਨਹੀਂ ਮਿਲਾਉਣੀ ਚਾਹੀਦੀ।" ਤਦ ਹਜ਼ੂਰ ਨੇ ਸਿੱਖਾਂ ਨੂੰ ਭਰੋਸਾ ਦਿੰਦਿਆਂ ਫ਼ੁਰਮਾਇਆ, "ਹੇ ਸਿੱਖੋ ! ਗੁਰੂ ਨਾਨਕ ਦਾ ਘਰ ਨਿੰਮ੍ਰਤਾ ਵਾਲੇ ਇਨਸਾਨਾਂ ਲਈ ਬਣਿਆ ਹੈ, ਚੰਦੂ ਜੈਸੇ ਅਭਿਮਾਨੀਆਂ ਵਾਸਤੇ ਗੁਰੂ

1. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੯੬।
2. Macauliffe, iii, p. 73.

ਨਾਨਕ ਦੇ ਘਰ ਵਿਚ ਕੋਈ ਜਗ੍ਹਾ ਨਹੀਂ ਹੈ।" ਆਪ ਜੀ ਨੇ ਗੁਰੂ ਬਾਬਾ ਜੀ ਦਾ ਬਚਨ ਦੁਹਰਾਂਦੇ ਹੋਏ ਫ਼ੁਰਮਾਇਆ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥

—ਸਿਰੀ ਰਾਗੁ ਮ: ੧, ਪੰਨਾ ੧੫-੮

ਜੋ ਇਨਸਾਨ ਅਹੰਕਾਰੀ ਵਿਰਤੀ ਵਿਚ ਆਣ ਕੇ ਉੱਚੀਆਂ ਅਭਿਮਾਨੀ ਮੰਜ਼ਲਾਂ ਦਾ ਸਵਾਰ ਹੁੰਦਾ ਹੈ, ਉਹ ਲਾਜ਼ਮੀ ਹੀ ਪਾਤਾਲ ਵਿਚ ਨਿਘਰ ਜਾਂਦਾ ਹੈ, ਜੋ ਆਪਣੇ ਆਪ ਨੂੰ ਇਕ ਸਮਾਨਤ (ਬਰਾਬਰਤਾ) ਜੀਵਨ ਵਿਚ ਰੱਖ ਕੇ ਜੀਵਨ ਬਤੀਤ ਕਰਦਾ ਹੈ, ਉਹ ਕਾਲ ਦੇ ਭਿਆਨਕ ਜਾਲ ਤੋਂ ਬਚਿਆ ਰਹਿੰਦਾ ਹੈ। ਚੰਦੂ ਇਤਨਾ ਅਹੰਕਾਰੀ ਹੋ ਨਿਬੜਿਆ ਹੈ ਕਿ ਉਹ ਹੁਣ ਇਸ ਉਚਾਈ ਤੋਂ ਤਿਲਕ ਕੇ ਡਿੱਗਣ ਦੇ ਨੇੜੇ ਹੈ। ਹਜ਼ੂਰ ਫ਼ੁਰਮਾਉਂਦੇ ਹਨ :

ਊਚਾ ਚੜੈ ਸੁ ਪਵੈ ਪਇਆਲਾ ॥
ਧਰਨਿ ਪੜੈ ਤਿਸੁ ਲਗੈ ਨ ਕਾਲਾ ॥੩॥[1]

—ਆਸਾ ਮ: ੫, ਪੰਨਾ ੩੭੪-੧੧

ਕੁਝ ਸਮਾਂ ਬੀਤ ਜਾਣ ਤੋਂ ਬਾਅਦ ਉਹ ਦੋਵੇਂ ਲਾਗੀ ਕੁੜਮਾਈ ਦੀ ਰਸਮ ਪੂਰੀ ਕਰਨ ਲਈ ਚੰਗਾ ਚੋਖਾ ਸਾਮਾਨ ਲੈ ਕੇ ਅਤੇ ਮੋਹਰਾਂ ਆਦਿ ਭੀ ਨਾਲ ਲੈ ਕੇ ਆਏ। ਔਰ ਸਤਿਗੁਰੂ ਜੀ ਅਗੇ ਬੇਨਤੀ ਕੀਤੀ ਕਿ ਕੁੜਮਾਈ ਦੀ ਰਸਮ ਪੂਰੀ ਕੀਤੀ ਜਾਵੇ, ਪਰ ਸਤਿਗੁਰੂ ਜੀ ਨੇ ਆਖਿਆ, "ਦੇਖੋ ਭਾਈ! ਚੰਦੂ ਚੁਬਾਰੇ ਦੀ ਇੱਟ ਹੈ, ਅਸੀਂ ਮੋਰੀ ਹਾਂ, ਇਹ ਗੱਲ ਜਚਦੀ ਨਹੀਂ। ਇਸ ਵਾਸਤੇ ਤੁਸੀਂ ਇਹ ਰਿਸ਼ਤਾ ਕਿਸੇ ਹੋਰ ਥਾਂ ਜਾ ਕੇ ਕਰੋ।" ਹਜ਼ੂਰ ਵਲੋਂ ਇਹ ਗੱਲ ਸੁਣ ਕੇ ਲਾਗੀ ਵਾਪਸ ਲਾਹੌਰ ਚਲੇ ਗਏ। ਸਾਰੀ ਵਿਥਿਆ ਚੰਦੂ ਨੂੰ ਜਾ ਸੁਣਾਈ। ਰਿਸ਼ਤਾ ਮੁੜਿਆ ਵੇਖ ਕੇ ਚੰਦੂ ਬਹੁਤ ਹੀ ਕ੍ਰੋਧਤ ਹੋਇਆ। ਬਸ ਉਸ ਦਿਨ ਤੋਂ ਬਾਅਦ ਉਹ ਗੁਰੂ-ਘਰ ਦਾ ਪੱਕਾ ਵਿਰੋਧੀ ਬਣ ਗਿਆ। ਜਿਸ ਨੇ ਪ੍ਰਿਥੀ ਚੰਦ ਨਾਲ ਮਿਲ ਕੇ ਗੁਰੂ ਸਾਹਿਬ ਦੇ ਵਿਰੁੱਧ ਬੜੀਆਂ ਅਣਹੋਣੀਆਂ ਸਾਜ਼ਸ਼ਾਂ ਦਾ ਜਾਲ ਆਰੰਭ ਕਰ ਦਿੱਤਾ।

ਇਨ੍ਹਾਂ ਦਿਨਾਂ ਵਿਚ ਹੀ ਭਾਦੋਂ ਪਹਿਲੀ ਸੰਮਤ ੧੬੬੧ ਬਿਕ੍ਰਮੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਭੀ ਦਰਬਾਰ ਸਾਹਿਬ ਵਿਚ ਹੋ ਚੁੱਕਾ ਸੀ। ਪ੍ਰਿਥੀਏ ਨੇ ਚੰਦੂ ਨਾਲ ਗੁਟ-ਬੰਦੀ ਕਰ ਕੇ ਇਹ ਮਸ਼ਵਰਾ ਕੀਤਾ ਕਿ

1. ਦੇਖੋ ਮੈਕਾਲਿਫ, ਜਿਲਦ ਤੀਜੀ, ਪੰਨਾ ੭੫-੭੬।

ਗੁਰੂ ਅਰਜਨ ਨੇ ਗੁਰੂ ਗ੍ਰੰਥ ਵਿਚ ਇਸਲਾਮ ਦੇ ਖ਼ਿਲਾਫ਼ ਬਹੁਤ ਕੁਝ ਲਿਖਿਆ ਹੈ। ਲਾਹੌਰ ਦੇ ਸੂਬੇ ਨੂੰ ਭੜਕਾਹਟ ਵਿਚ ਲਿਆ ਕੇ ਬਾਦਸ਼ਾਹ ਪਾਸ ਚੁਗਲੀ ਕਰਵਾ ਦਿੱਤੀ। ਇਨ੍ਹਾਂ ਦਿਨਾਂ ਵਿਚ ਹੀ ਅਕਬਰ ਪੰਜਾਬ, ਕਸ਼ਮੀਰ ਅਤੇ ਸਰਹੱਦੀ ਸੂਬਿਆਂ ਦੇ ਦੌਰੇ 'ਤੇ ਆਇਆ ਹੋਇਆ ਸੀ। ਬਾਦਸ਼ਾਹ ਨੇ ਇਨ੍ਹਾਂ ਦੀ ਚੁਗਲੀ ਤੋਂ ਪ੍ਰਭਾਵਤ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਆਪਣੀ ਜਾਂਚ ਪੜਤਾਲ ਵਾਸਤੇ ਕਲਾਨੌਰ (ਬਟਾਲਾ) ਵਿਚ ਮੰਗਵਾ ਲਈ, ਜਿਸ ਦੀ ਸਾਰੀ ਵਾਰਤਾ ਆਪ ਪਿੱਛੇ ਪੰਦਰ੍ਹਵੇਂ ਪਰਕਰਣ ਵਿਚ ਪੜ੍ਹ ਆਏ ਹੋ।[1]

ਜਿਤਨਾ ਅਰਸਾ ਅਕਬਰ ਦਿੱਲੀ ਦੇ ਤਖ਼ਤ 'ਤੇ ਬੈਠਾ ਰਿਹਾ, ਉਤਨਾ ਅਰਸਾ ਚੰਦੂ ਅਤੇ ਪ੍ਰਿਥੀਏ ਦੀ ਕੋਈ ਵਾਹ ਨਹੀਂ ਚੱਲੀ। ਆਖ਼ਰ ਅਕਤੂਬਰ ੨੪, ੧੬੦੫ ਈਸਵੀ ਨੂੰ ਅਕਬਰ ਦੀ ਮੌਤ ਹੋ ਗਈ, ਔਰ ਜਹਾਂਗੀਰ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ। ਤਖ਼ਤ ਸੰਭਾਲਦਿਆਂ ਹੀ ਜਹਾਂਗੀਰ ਦੇ ਉਦਾਲੇ ਉਨ੍ਹਾਂ ਤੁਅਸਬੀ ਮੁਲਾਣਿਆਂ ਕਾਜ਼ੀਆਂ ਨੇ ਇਸਲਾਮੀ ਤਬਲੀਗ਼ ਦਾ ਢਕੌਂਸਲਾ ਰਚ ਕੇ ਦੇਸ਼ ਦਾ ਵਾਤਾਵਰਣ ਹੀ ਤਬਦੀਲ ਕਰ ਦਿੱਤਾ। ਇਨ੍ਹਾਂ ਸਾਰਿਆਂ ਮਿਲ ਕੇ ਬਾਦਸ਼ਾਹੀ ਅਧਿਕਾਰਾਂ ਦੀ ਇਤਨੀ ਦੁਰ-ਵਰਤੋਂ ਕੀਤੀ ਕਿ ਜਹਾਂਗੀਰ ਨੂੰ ਜਾਬਰ ਨੀਤੀ ਲਾਗੂ ਕਰਨ ਲਈ ਮਜਬੂਰ ਕਰ ਦਿੱਤਾ। ਇਸੀ ਮਾਰੂ ਨੀਤੀ ਦੇ ਅਧੀਨ ਚੰਦੂ ਅਤੇ ਪ੍ਰਿਥੀਏ ਨੇ ਭੀ ਆਪਣਾ ਸਮਾਂ ਅਜਾਂਈ ਨਹੀਂ ਜਾਣ ਦਿੱਤਾ। ਇਹ ਦੋਨੋ ਸਤਿਗੁਰੂ ਜੀ ਦੀ ਵਿਰੋਧਤਾ ਵਿਚ ਹੋਰ ਪ੍ਰਚੰਡ ਹੋ ਕੇ ਪ੍ਰਗਟ ਹੋਏ। ਚੰਦੂ ਦੇ ਵਿਰੋਧੀ ਖ਼ਿਆਲਾਂ ਦੀ ਗਾਥਾ ਸੱਯਦ ਮੁਹੰਮਦ ਲਤੀਫ਼ *ਹਿਸਟਰੀ ਆਫ਼ ਦੀ ਪੰਜਾਬ* ਵਿਚ ਐਸੇ ਦਰਜ ਕਰਦਾ ਹੈ ਕਿ ਸਤਿਗੁਰੂ ਅਰਜਨ ਸਾਹਿਬ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਸਾਹਿਬਜ਼ਾਦਾ ਹਰਿਗੋਬਿੰਦ ਵਾਸਤੇ ਲੈਣਾ ਨਾ-ਮਨਜ਼ੂਰ ਕਰ ਦਿੱਤਾ, ਕਿਉਂਕਿ ਚੰਦੂ ਨੇ ਆਖਿਆ ਸੀ ਤੁਸੀਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹੋ। ਅਸਲੀ ਇਬਾਰਤ ਨੂੰ ਪੜ੍ਹਿਆਂ ਸਮਝਣ ਵਿਚ ਹੋਰ ਵਧੇਰੇ ਸਹਾਇਤਾ ਮਿਲੇਗੀ:

> Arjan refused to betroth his son, Har Gobind to the daughter of Chandu Shah, the financial minister at Lahore, in the time of the Emperor Jahangir, and is said to have returned the betrothal presents sent by Chandu Shah. The minister who had himself given the Guru for offence by calling him a beggar and comparing him to the drain of a house and himself

1. ਦੇਖੋ ਸ਼ਹਿਨਸ਼ਾਹ ਅਕਬਰ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਰੁੱਧ ਸ਼ਿਕਾਇਤ।

to the upper storey went in person to soothe the Guru with a Lakh of rupees but it was too late for the Guru declared : "My words are engraved on stone and cannot be effaced. If you give me the whole world as a dowry with your daughter, my son will not marry her." The Minister was greatly abashed and vowed to destroy the Guru. He calumniated him to the Emperor Jahangir, who was then at Lahore. Arjan was charged with treason in having offered prayers for success of Khusrow, Emperor rebel son, who was in temporary possession of the Punjab. He was thrown in to prison and the Emperor wished to extort a large sum of money from him, which the Guru was unable to pay. He was tortured and died of the heat apoplexy, while in confinement near Lahore, in 1606 the second year of the reign of Jahangir[1].

ਪ੍ਰਿਥੀ ਚੰਦ ਅਤੇ ਚੰਦੂ ਨੇ ਆਪਸ ਵਿਚ ਕਈ ਇਕ ਬੈਠਕਾਂ ਕਰ ਕੇ ਜਹਾਂਗੀਰ ਦੀ ਸੋਚਣੀ ਜੋ ਕਿ ਪਹਿਲਾਂ ਹੀ ਇਸਲਾਮੀ ਕੱਟੜ-ਪ੍ਰਸਤੀਆਂ ਦੇ ਅਸਰ ਰਸੂਖ ਥੱਲੇ ਆ ਚੁੱਕੀ ਸੀ, ਹੋਰ ਉਕਸਾਹਟ ਦੇ ਦਿੱਤੀ, ਜੋ ਸਤਿਗੁਰੂ ਜੀ ਦੀ ਸ਼ਹੀਦੀ ਦੇ ਕਈ ਕਾਰਨਾਂ ਵਿਚੋਂ ਇਕ ਕਾਫ਼ੀ ਵੱਡਾ ਕਾਰਣ ਬਣੀ। *ਗੁਰਬਿਲਾਸ ਪਾਤਿਸ਼ਾਹੀ ਛੇਵੀਂ* ਦਾ ਕਰਤਾ ਇਸ ਕਪਟੀ ਗੰਢ-ਜੋੜ ਪ੍ਰਤੀ ਖੁਲ੍ਹੇ ਸ਼ਬਦਾਂ ਵਿਚ ਇਸ ਨੀਚ ਸੋਚਣੀ ਦਾ ਇਜ਼ਹਾਰ ਇੰਝ ਕਰਦਾ ਹੈ ਕਿ ਜਦੋਂ ਚੰਦੂ ਨੂੰ ਇਹ ਖ਼ਬਰ ਮਿਲ ਗਈ ਕਿ ਸਤਿਗੁਰੂ ਜੀ ਨੇ ਆਪਣੇ ਸਾਹਿਬਜ਼ਾਦੇ ਦੀ ਸ਼ਾਦੀ ਮੇਰੀ ਲੜਕੀ ਦੀ ਬਜਾਏ ਇਕ ਹੋਰ ਸਿੱਖ ਨਾਰਾਯਨ ਦਾਸ ਡੱਲਾ ਨਿਵਾਸੀ ਦੀ ਲੜਕੀ ਨਾਲ ਕੀਤੀ ਹੈ, ਔਰ ਸੁਲਹੀ ਭੀ ਭੱਠੇ ਦੀ ਅਗਨੀ ਵਿਚ ਸਣ-ਪਰਵਾਰ ਦਗਧ ਹੋ ਕੇ ਦੋਜ਼ਖ਼ ਨੂੰ ਪਿਆਨਾ ਕਰ ਗਿਆ ਹੈ। ਤਦ ਚੰਦੂ ਨੇ ਇਕ ਚਿੱਠੀ ਪ੍ਰਿਥੀਏ ਵਲ ਲਿਖੀ, ਆਪਣਾ ਦੂਤ ਚਿਠੀ ਦੇ ਕੇ ਉਸ ਪਾਸ ਭੇਜਿਆ। ਲਿਖਤ ਐਸੇ ਹੈ :

ਸੁਨੋ ਦੂਤ ਤੁਮ ਬੈਨ ਹਮਾਰੇ ॥
ਪ੍ਰਿਥੀਏ ਪਾਸ ਜਾਹੁ ਨਿਰਧਾਰੇ ॥

1. Syad Muhammad Latif, *History of the Punjab*, p. 254. See Macauliffe, iii, pp. 87-89.

ਪਾਤੀ ਲਿਖੀ ਮੁਖੋਂ ਅਸ ਕਹੇ ॥
ਤੇਰੋ ਭ੍ਰਾਤ ਮੋਹਿ ਰਿਦ ਦਹੇ ॥[1]
ਮਮ ਪੁਤਰੀ ਕੀ ਛੋਰ ਸਗਾਈ ॥
ਕੀਨੋ ਔਰ ਬਿਯਾਹ ਉਮਗਾਹੀ ॥੩੪॥[2]

ਇਸ ਪ੍ਰਕਾਰ ਦੀ ਚਿਠੀ ਪੱਤਰ ਤੋਂ ਉਪਰੰਤ ਚੰਦੂ ਅਤੇ ਪ੍ਰਿਥੀਏ ਵਿਚਕਾਰ ਕਈ ਇਕ ਬੈਠਕਾਂ ਹੋਈਆਂ। ਇਨ੍ਹਾਂ ਮੁਲਾਕਾਤਾਂ ਵਿਚ ਦੋਹਾਂ ਕਪਟੀਆਂ ਨੇ ਇਹ ਨਿਰਣੈ ਕੀਤਾ ਕਿ ਬਾਦਸ਼ਾਹ ਜਹਾਂਗੀਰ ਨਾਲ ਮਿਲ ਕੇ ਸਤਿਗੁਰੂ ਅਰਜਨ ਦੇਵ ਜੀ ਨੂੰ ਖ਼ਤਮ ਕੀਤਾ ਜਾਵੇ। ਗੁਰ-ਗੱਦੀ ਪ੍ਰਿਥੀਏ ਦੇ ਹਵਾਲੇ ਕੀਤੀ ਜਾਵੇ। *ਗੁਰਬਿਲਾਸ* ਨੂੰ ਵਾਚਿਆਂ ਸਮਝ ਵਿਚ ਹੋਰ ਆਸਾਨੀ ਹੋ ਜਾਂਦੀ ਹੈ :

ਔਰ ਠੌਰ ਸੁਤ ਲੀਓ ਵਿਵਾਹੇ ॥
ਇਹ ਸੁਨ ਕੇ ਮੋਰੋ ਮਨ ਦਾਹੇ ॥
ਕਹਿ ਪ੍ਰਿਥੀਆ ਤਿਹ ਮਾਨ ਗੁਰਾਈ ॥
ਆਂਖ ਤਰੇ ਨਹਿ ਕਿਸੈ ਲਿਆਈ ॥
ਕਹਿ ਚੰਦੂ ਤਿੰਹ ਮਾਨ ਨਿਵਾਰੋਂ ॥
ਗੁਰ ਤੋਹੇ ਕਰ ਤਿਸੈ ਸੰਘਾਰੋਂ ॥
ਬਾਦਸ਼ਾਹ ਕੋ ਕਰੋਂ ਤਯਾਰ ॥
ਚਲ ਲਹੌਰ ਤਿੰਹ ਕਰੋਂ ਸੰਘਾਰ ॥੪੪॥[3]

ਚੰਦੂ ਆਪਣੀ ਘਬਰਾਹਟ ਦੇ ਕਾਰਣ ਬਦਲਾ ਲੈਣ ਦੀ ਰੁਚੀ ਦਿਲ ਵਿਚ ਧਾਰ ਕੇ ਬਾਦਸ਼ਾਹ ਜਹਾਂਗੀਰ ਕੋਲ ਚੁਗਲੀ ਖਾਣ ਲਈ ਚਲਾ ਗਿਆ, ਜਿਸ ਦੇ ਅਸਲੀ ਸ਼ਬਦਾਂ ਦੀ ਭਾਸ਼ਾ *ਉਮਦਹ ਤੁੱਲ ਤਵਾਰੀਖ਼* ਵਿਚ ਨਿਮਨ-ਲਿਖਤ ਦੇ ਅਨੁਸਾਰ ਦਰਜ ਕੀਤੀ ਮਿਲਦੀ ਹੈ:

ਫ਼ਾਰਸੀ : (ਦੀਵਾਨ ਚੰਦੂ) ਦਰ ਖ਼ਿਦਮਤੇ ਬਾਦਸ਼ਾਹ ਜਹਾਂਗੀਰ ਮੁਨਕਸ਼ਫ਼ ਨਮੂਦ ਕਿ ਸ਼ਖ਼ਸੇ ਬ-ਇਸਮ ਗੁਰੂ ਅਰਜਨ ਨਾਮ ਬਾਇਸ, ਬਰ ਈਜਾਦ ਵ ਤਕਵੀਨੇ ਫ਼ਿਰਕਾ ਸਾਲਸ ਅਜ਼ਮਿਯਾਨੇ ਵ ਮੁਸਲਮੀਨ ਗਰਦੀਦਹ ਅਕਸਰੇ ਸੁਨਨ ਦਲਾਇਲੇ ਇਸਲਾਮ ਰਾ ਮਹਵ ਵ ਮਨਸੀ ਗਰਦਾਨੀਦਹ, ਵ ਦਰ ਕੁਵਾਇਮ, ਵ ਆਸਾਸ ਅਰਕਾਨ ਮੁਸਲਮਾਨੀ ਤਫ਼ਾਵਤ, ਵ ਖ਼ਖ਼ਲੇ (ਦਖ਼ਲ ਅੰਦਾਜ਼ੀ) ਅਜ਼ੀਮ

1. ਤੇਰੇ ਭਰਾਤਾ ਨੇ ਮੇਰਾ ਦਿਲ ਸਾੜਿਆ ਹੈ।
2. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੧੧੭।
3. *ਗੁਰਬਿਲਾਸ ਪਾਤਿਸ਼ਾਹੀ ਛੇਵੀਂ*, ਪੰਨਾ ੧੧੮।

ਰਾਹਯਾਬ ਗਸ਼ਤਹ, ਵ ਹਰ ਰੋਜ਼ ਚੰਦੇ ਅਜ਼ ਹਨੂਦਾਨ ਵਗ਼ੈਰਾ ਰਬਕਹ ਇਤਾਇਤ, ਵ ਇਨਕਯਾਦੇ ਗੁਰੂ ਮੌਸੂਫ਼ ਦਰ ਰਕਬਾ ਜਾਨ ਮੇ ਅਦਾਜ਼ੰਦ। ਗਰ ਹਜ਼ਰਤ ਖ਼ੁਦ ਬਦੌਲਤ ਤਦਾਰਕੇ ਈਂ ਮਅਨੀ ਨਮੂਦੰਦ ਫੀਹਾ ਦਰ ਸੂਰਤੇ ਬਾਅਦ ਅਜ਼ ਮੁਰੂਰ ਮੁਦਤੇ ਕਲੀਲ ਦਰ ਅਰਾਕੀਨੇ ਸਲਤੁਨਤ ਵ ਅਸਾਤੀਨੇ ਖ਼ਿਲਾਫ਼ਤ ਜਹਾਂ ਬਾਨੀ ਇਨਹਦਾਮ ਵ ਇਨਅਦਾਮ ਰੌਣਕ ਬ਼ੂਰੂਜ਼ ਖ਼ਾਹਦ ਯਾਫ਼ਤ, ਬੰਦਹ, ਮਹਜ਼ ਰਾਹੇ ਖ਼ੈਰ ਅੰਦੇਜ਼ੀ ਦਰ ਤਰੀਕੇ ਗ਼ੁਲਾਮੀ ਗੁਜ਼ਾਰਸ਼ ਈਂ ਮੁਕਦਮਹ ਨਮੂਦਾ ਅਸਤ॥......ਪਾਦਸ਼ਾਹ ਅਜ਼ ਰਾਹੇ ਜ਼ਹੂਲਤ ਵ ਗ਼ਫ਼ਲਤੇ ਇਨਸਾਨੀ ਕਿ ਅਜ਼ ਸਮੁ ਦਰਜਾ ਵ ਅਲਵ ਮਰਤਬਾ ਈਂ ਕੁਬਾ ਆਲੀਆ ਫ਼ੁਕਰਾ ਵਾਕਫ਼ ਵ ਮੁਤਲਅ ਨਬੂਦ ਬਾਮਅਲ ਨਜ਼ਰ ਦਰੀਂ ਮੁਕੱਦਮਾ ਤਫ਼ਹਸ ਵ ਤਜਸਸ ਨ ਨਮੂਦਹ ਬਰ ਜ਼ੁਬਾਂ ਆਵਰਦ ਕਿ ਹਰ ਕਿਸਮ ਕਿ ਮੁਨਾਸਬ ਬੂਦਹ ਬਾਸ਼ਦ, ਬ-ਸਜ਼ਾਏ ਬਾਇਦ ਰਸਾਨੀਦ। ਦੀਵਾਨ ਜ਼ਲਾਲਤ ਅਕਤਰਾਨ ਜ਼ਹੂਰੇ ਈਂ ਹੁਕਮ ਬਾਦਸ਼ਾਹੀ ਅਜ਼ ਤਾਈਦਾਤੇ ਏਜ਼ਦ ਬੈਚੂੰ ਤਸੱਵਰੀਦਾ ਵ ਦਰ ਇਨਹਮਾਕ ਵ ਇਨਹਮਾਕੇ ਖੋਜ਼ ਨਜ਼ਰ ਨ ਕਰਦਹ ਆਂ ਚੁਨਾਂ ਮੁਕੱਦਮਾ ਨਾ ਸ਼ਾਇਸਤਹ ਨਮਾਇਆ ਕਰਦ ਕਿ ਕਲਮ ਦਰ ਤਹਰੀਰੇ ਆਂ ਖ਼ੂੰ ਫ਼ਿਸ਼ਾਂ ਵ ਦੀਦਹ ਗਿਰਿਯਾਂ ਵ ਦਿਲ ਬਿਰਿਯਾਂ ਵ ਜਾਨ ਹੈਰਾਂ ਬਾਸ਼ਦ।[1]

ਅਰਥ : ਦੀਵਾਨ ਚੰਦੂ ਨੇ ਜਹਾਂਗੀਰ ਬਾਦਸ਼ਾਹ ਦੀ ਖ਼ਿਦਮਤ ਵਿਚ ਅਰਜ਼ ਕੀਤੀ ਕਿ ਗੁਰੂ ਅਰਜਨ ਨਾਮ ਦੇ ਇਕ ਸ਼ਖ਼ਸ ਨੇ ਹਿੰਦੂ ਅਤੇ ਮੁਸਲਮਾਨਾਂ ਵਿਚ ਇਕ ਤੀਜਾ ਪੰਥ ਚਲਾਇਆ ਹੈ। ਇਸਲਾਮ ਦੇ ਕਈ ਸ਼ਰੱਈ ਤਰੀਕਿਆਂ ਨੂੰ ਮਿਟਾ ਕੇ ਇਸਲਾਮੀ ਖ਼ਿਦਮਤਗਾਰਾਂ ਵਿਚ ਭਾਰੀ ਮੁਖ਼ਾਲਫ਼ਤ ਅਤੇ ਦਖ਼ਲ-ਅੰਦਾਜ਼ੀ ਪੈਦਾ ਕਰ ਦਿੱਤੀ ਹੈ। ਰੋਜ਼ਾਨਾ ਹੀ ਕੁਝ ਹਿੰਦੂ ਇਸ ਗੁਰੂ ਦੀ ਤਾਬਿਆਦਾਰੀ ਦੀ ਰੱਸੀ ਆਪਣੀ ਗਰਦਨ ਵਿਚ ਪਾ ਰਹੇ ਹਨ, (ਭਾਵ ਸਿੱਖੀ ਨੂੰ ਧਾਰਨ ਕਰ ਰਹੇ ਹਨ) ਅਗਰ ਬਾਦਸ਼ਾਹ ਸਲਾਮਤ ਇਸ ਦਾ ਇੰਤਜ਼ਾਮ ਕਰਨ ਤਦ ਚੰਗਾ ਹੋਵੇਗਾ। ਜੇ ਇਸ ਵਿਚ ਢਿੱਲ ਕੀਤੀ ਗਈ ਤਦ ਇਸਲਾਮੀ ਸਲਤੁਨਤ ਅਤੇ ਦੀਨੇ ਇਸਲਾਮ ਦਾ ਥੰਮ੍ਹ ਗਿਰਾਵਟ ਵਿਚ ਆ ਜਾਵੇਗਾ। ਬੰਦਾ ਆਪ ਜੀ ਦਾ ਖ਼ਿਦਮਤਗਾਰ ਗ਼ੁਲਾਮ ਹੋਣ ਦੇ ਨਾਤੇ ਅੱਛੀ ਨੀਅਤ ਦੇ ਲਿਹਾਜ਼ ਨਾਲ ਗੁਜ਼ਾਰਿਸ਼ ਕਰਦਾ ਹੈ।......ਜਹਾਂਗੀਰ ਇਨਸਾਨੀ ਗ਼ਫ਼ਲਤ ਦੇ ਕਾਰਨ ਅਥਵਾ ਲਾਪ੍ਰਵਾਹੀ ਦੇ ਕਾਰਨ ਗੁਰੂਆਂ ਦੀ ਰੂਹਾਨੀਅਤ ਤੇ ਮਰਤਬੇ ਤੋਂ ਜਾਣੂੰ ਨਹੀਂ ਸੀ। ਦੂਰ-ਅੰਦੇਸ਼ੀ ਬਗ਼ੈਰ ਹੀ, ਖੋਜ ਪੜਤਾਲ ਕੀਤਿਆਂ ਬਿਨਾਂ ਹੀ ਹੁਕਮ ਜਾਰੀ ਕਰ ਦਿੱਤਾ ਕਿ ਜਿਸ ਤਰ੍ਹਾਂ ਦੀ ਸਜ਼ਾ ਠੀਕ ਸਮਝਦੇ ਹੋ, ਦਿੱਤੀ ਜਾਵੇ। ਕੁਰਾਹੇ ਪਏ ਚੰਦੂ ਦੀਵਾਨ ਨੇ ਜਹਾਂਗੀਰ ਵਲੋਂ ਮਿਲੇ ਆਦੇਸ਼

1. *ਉਮਦਾਹ-ਤੁਲ-ਤਵਾਰੀਖ*, ਦਫ਼ਤਰ ਅੱਵਲ, ਪੰਨਾ ੩੪।

ਨੂੰ ਇਕ ਰੱਬੀ ਸਹਾਇਤਾ ਸਮਝ ਕੇ ਐਸੀ ਘਿਰਣਤ ਬਣਤਰ ਬਣਾਈ ਕਿ ਉਸ ਨੂੰ ਲਿਖਣ ਲਗਿਆਂ ਕਲਮ ਲਹੂ ਦੇ ਹੰਝੂ ਵਰਸਾਂਦੀ ਹੈ। ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਹੈ ਤੇ ਜਾਨ ਭੰਬਲ-ਭੂਸੇ ਵਿਚ ਪਈ ਹੈ। (ਇਹ ਸੀ ਚੰਦੂ ਦੀ ਮੰਦੀ ਕਰਤੂਤ ਜੋ ਆਪ ਜੀ ਨੇ ਉਕਤ ਵਾਰਤਾ ਵਿਚ ਪੜ੍ਹ ਲਈ ਹੈ। *ਉਮਦਾ-ਤੁਲ-ਤਵਾਰੀਖ* ਦਫਤਰ ਅੱਵਲ ਪੰਨਾ ੩੪ ਦਾ ਤਰਜਮਾ।)

੧੬-੭. ਸ਼ੇਖ਼ ਅਹਿਮਦ ਫ਼ਾਰੂਕੀ (ਨਕਸ਼ ਬੰਦੀ)

ਸ਼ੇਖ਼ ਅਹਿਮਦ ਸੰਨ ੧੫੬੩—੧੬੨੫ ਤਕ ਹੋਇਆ ਹੈ। ਇਹ ਸੂਫ਼ੀ ਮਤ ਦਾ ਪੈਰੋਕਾਰ ਸੀ। ਇਸ ਦਾ ਡੇਰਾ ਸਰਹੰਦ ਵਿਚ ਸੀ। ਨਕਸ਼ ਅਰਬੀ ਦਾ ਸ਼ਬਦ ਹੈ ਔਰ ਨਕਸ਼-ਬੰਦੀ ਉਸ ਲਹਿਰ ਦਾ ਨਾਮ ਹੈ ਜੋ ਸੂਫ਼ੀਆਂ ਦਾ ਇਕ ਸਿਲਸਿਲਾ ਹੈ। ਇਹ ਸਿਲਸਿਲਾ ਹਜ਼ਰਤ ਬਹਾਉ-ਦੀਨ ਤੋਂ ਆਰੰਭ ਹੁੰਦਾ ਹੈ।[1]

ਸ਼ੇਖ਼ ਅਹਿਮਦ ਦੀ ਪਦਵੀ ਸੂਫ਼ੀ ਦੁਨੀਆ ਵਿਚ ਇਤਨੀ ਮਜ਼ਬੂਤ ਹੋ ਚੁੱਕੀ ਸੀ ਕਿ ਉਹ ਆਪਣੇ ਆਪ ਨੂੰ ਇਹ ਕਹਿ ਕੇ ਸੰਬੋਧਨ ਕਰਦਾ ਸੀ ਕਿ ਇਸਲਾਮ ਦੇ ਪਹਿਲੇ ਹਜ਼ਾਰ ਸਾਲਾਂ ਦਾ ਮਾਲਿਕ ਹਜ਼ਰਤ ਮੁਹੰਮਦ ਸਾਹਿਬ ਸੀ ਅਤੇ ਹੁਣ ਦੂਸਰੇ ਹਜ਼ਾਰ ਸਾਲਾਂ ਦਾ ਬਾਨੀ ਮੈਂ ਹਾਂ। ਉਸ ਨੇ ਆਪਣੇ ਨਾਮ ਦੇ ਨਾਲ ਕਿਊਮ ਦੀ ਉਪਾਧੀ ਭੀ ਜੋੜ ਰੱਖੀ ਸੀ। ਕਿਊਮ ਦਾ ਅਰਥ ਹੈ ਸਦੀਵੀ ਕਾਇਮ ਰਹਿਣ ਵਾਲਾ, ਰੱਬ ਤੋਂ ਦੂਸਰੇ ਦਰਜੇ ਦਾ ਨੁਮਾਇੰਦਾ[2]। ਉਹ ਦਾਅਵਾ ਕਰਦਾ ਸੀ ਕਿ ਸਾਰਾ ਬ੍ਰਹਮੰਡ ਸੂਰਜ, ਚੰਦ ਅਤੇ ਤਾਰੇ ਮੇਰੇ ਹੀ ਕਬਜ਼ੇ ਵਿਚ ਰਹਿ ਕੇ ਆਪਣੀ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਹਨ। ਕਿਸੇ ਭੀ ਵਿਅਕਤੀ ਦੀ ਅਰਦਾਸ ਰੱਬ ਤਕ ਨਹੀਂ ਪਹੁੰਚ ਸਕਦੀ, ਜਦੋਂ ਤਕ ਮੇਰੀ (ਅਹਿਮਦ ਦੀ) ਮੋਹਰ ਛਾਪ ਨਾ ਲੱਗ ਜਾਵੇ। ਉਸ ਦੇ ਅਨੇਕਾਂ ਹੀ ਚੇਲੇ ਸਨ। ਜੋ ਉਸ ਨੂੰ ਮਜੱਦਦ ਸਾਨੀ ਆਖ ਕੇ ਪੁਕਾਰਦੇ ਸਨ, ਭਾਵ ਹਜ਼ਰਤ ਮੁਹੰਮਦ ਸਾਹਿਬ ਤੋਂ ਬਾਅਦ ਇਸਲਾਮ ਨੂੰ ਨਵੇਂ ਸਿਰੇ ਤੋਂ ਇਕ ਨਵੀਂ ਰੂਪ-ਰੇਖਾ ਦੇਣ ਵਾਲਾ ਅਥਵਾ ਦੂਸਰੇ ਹਜ਼ਾਰ ਸਾਲਾ ਦੌਰ ਦਾ ਸੁਆਮੀ ਕਹਿਲਾਂਦਾ ਸੀ।

ਅਹੰਕਾਰੀ ਸ਼ੇਖ਼ ਅਹਿਮਦ ਜੋ ਰੱਬੀ ਸ਼ਕਤੀ ਦਾ ਮੁਕਾਬਲਾ ਕਰਦਾ ਸੀ, ਉਹ ਸਤਿਗੁਰਾਂ ਦੇ ਪੈਗ਼ੰਬਰੀ ਰਹੱਸ ਤੋਂ ਬੇਖ਼ਬਰ ਸੀ। ਸਤਿਗੁਰੂ ਜੀ ਇਲਹਾਮੀ ਰਹਿਮਤਾਂ ਦਾ ਭੰਡਾਰਾ ਲੈ ਕੇ ਆਏ ਸਨ, ਉਸ ਇਲਹਾਮੀ ਖ਼ਜ਼ਾਨੇ ਦੀ ਨੂਰਾਨੀ ਝਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਥਾਪਤ ਹੋ ਚੁੱਕੀ ਸੀ। ਜੋ ਸ਼ੇਖ਼ ਅਹਿਮਦ ਜੈਸੇ ਤਕੱਬਰੀ ਪੁਰਸ਼ਾਂ ਦੀ ਦੁਨਿਆਵੀ ਪਦਵੀ ਨੂੰ ਇਕ ਸਾਹਮਣੀ

---

1. ਦੇਖੋ *ਫ਼ੀਰੋਜ਼ ਲੁਗ਼ਾਤ*, ਪੰਨਾ ੧੩੭੦, ਨਕਸ਼-ਬੰਦੀਹ (نقش بندیہ)।
2. ਦੇਖੋ *ਫ਼ੀਰੋਜ਼ ਲੁਗ਼ਾਤ*, ਪੰਨਾ ੯੬੮, ਕਿਊਮ (قیّوم)।

ਅਤੇ ਖੁੱਲ੍ਹੀ ਵੰਗਾਰ ਸੀ। ਸਤਿਗੁਰੂ ਸਾਹਿਬਾਨ ਦੀ ਰੱਬਾਨੀਅਤ ਅਤੇ ਸਰਬ ਸਮਰੱਥਾ ਸ਼ਕਤੀ ਸ਼ੇਖ਼ ਅਹਿਮਦ ਦੇ ਰਸਤੇ ਵਿਚ ਇਕ ਅਹਿੱਲ ਰੁਕਾਵਟ ਸੀ। ਹਿੰਦੁਸਤਾਨ ਦੇ ਆਮ ਲੋਕ ਸਤਿਗੁਰੂ ਜੀ ਦੇ ਦਰਸਾਏ ਗਾਡੀ ਰਾਹ ਦੇ ਪਾਂਧੀ ਬਣਨੇ ਆਰੰਭ ਹੋ ਚੁੱਕੇ ਸਨ। ਜੋ ਨਕਸ਼-ਬੰਦੀ ਲਹਿਰ ਦੀ ਉਲੀਕੀ ਕੱਟੜਤਾ ਨੂੰ ਛੱਡ ਕੇ ਗੁਰਮਤਿ ਦੀ ਸਹਿਜ ਅਵਸਥਾ ਵਿਚ ਸੁਭਾਵਕ ਹੀ ਆਣ ਜੁੜਦੇ। ਜਿਥੋਂ ਨਕਸ਼-ਬੰਦੀ ਲਹਿਰ ਸਤਿਗੁਰੂ ਸਾਹਿਬ ਦੇ ਖ਼ਿਲਾਫ਼ ਹੋ ਗਈ। ਅਕਬਰ ਦੀ ਮੌਤ ਹੁੰਦਿਆਂ ਹੀ ਇਸ ਲਹਿਰ ਨੇ ਇਸਲਾਮਿਕ ਹੱਠ-ਧਰਮੀ ਦਾ ਪੁਨਰ ਗਠਨ ਆਰੰਭ ਕਰ ਦਿੱਤਾ। ਕਹਿਣ ਲੱਗਾ ਜੋ ਅਕਬਰ ਦੇ ਸਮੇਂ ਲੋਕ ਅੱਲਾਹ ਦੇ ਰਸਤੇ ਤੋਂ ਭਟਕ ਚੁਕੇ ਹਨ, ਉਨ੍ਹਾਂ ਦਾ ਝੁਕਾਉ ਕਾਫ਼ਰਾਂ ਵਲ ਹੋ ਗਿਆ ਹੈ। ਅਸਾਨੂੰ ਚਾਹੀਦਾ ਹੈ, ਕਿ ਅਸੀਂ ਸਰਕਾਰੀ ਸ਼ਕਤੀ ਵਰਤ ਕੇ ਨਿਰੋਲ ਇਸਲਾਮੀ ਸ਼ਰਹ ਸ਼ਰੀਅਤ ਦੁਬਾਰਾ ਸੰਗਠਤ ਕਰਨੀ ਆਰੰਭੀਏ। ਜਿਤਨੀ ਜਲਦੀ ਹੋ ਸਕੇ, ਖੁੱਸੇ ਹੋਏ ਇਸਲਾਮਿਕ ਫ਼ਖ਼ਰ ਨੂੰ ਕਾਇਮ ਕਰਨਾ ਚਾਹੀਦਾ ਹੈ। ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਵੱਧ ਤੋਂ ਵੱਧ ਮੁਸਲਮਾਨਾਂ ਦੀ ਭਰਤੀ ਫ਼ੌਜ ਵਿਚ ਕੀਤੀ ਜਾਵੇ। ਆਪਣੇ ਆਪ ਨੂੰ ਅੱਲਾਹ ਦਾ ਇਮਾਮ ਕਹਿਲਾ ਕੇ ਇਸਲਾਮੀ ਦੁਨੀਆ ਵਿਚ ਕਾਫ਼ੀ ਅਸਰ ਰਸੂਖ ਕਾਇਮ ਕਰਨ ਵਿਚ ਸਫਲਤਾ ਪ੍ਰਾਪਤ ਕਰ ਲਈ। ਸ਼ੇਖ਼ ਅਹਿਮਦ ਨੇ ਜਹਾਂਗੀਰ ਨੂੰ ਸਤਿਗੁਰੂ ਜੀ ਦੇ ਵਿਰੁੱਧ ਉਕਸਾਹਟ ਦੇਣੀ ਆਰੰਭ ਕਰ ਦਿੱਤੀ। ਖ਼ਾਸ ਤੌਰ 'ਤੇ ਜਦੋਂ ਜਹਾਂਗੀਰ ਸ਼ਾਹਜ਼ਾਦਾ ਖ਼ੁਸਰੋ ਦਾ ਪਿੱਛਾ ਕਰਦਾ ਹੋਇਆ ਸਰਹੰਦ ਵਿਚ ਠਹਿਰਿਆ ਹੋਇਆ ਸੀ। ਉਸ ਵੇਲੇ ਸ਼ੇਖ਼ ਅਹਿਮਦ ਨੂੰ ਸਤਿਗੁਰੂ ਜੀ ਦੇ ਖ਼ਿਲਾਫ਼ ਇਤਨਾ ਉਕਸਾਇਆ ਕਿ ਗੁਰੂ ਅਰਜਨ ਹੀ ਇਕ ਐਸੀ ਹਸਤੀ ਹੈ ਜੋ ਇਸਲਾਮ ਦੇ ਫੈਲਾਉ ਵਿਚ ਗੰਭੀਰ ਰੁਕਾਵਟ ਹੈ। ਕੇਵਲ ਗੁਰੂ ਅਰਜਨ ਹੀ ਕਲਾਹਿ-ਸ਼ਰਕ ਹੈ, ਭਾਵ ਗੁਰੂ ਅਰਜਨ ਹੀ ਇਸਲਾਮੀ ਵਿਰੋਧਤਾ ਦਾ ਬਾਦਸ਼ਾਹ ਹੈ ਔਰ ਗੁਰੂ ਅਰਜਨ ਹੀ ਕੁਫ਼ਰ (ਬੇਦੀਨੀ) ਦਾ ਪ੍ਰਚਾਰ ਕਰਨ ਵਾਲਾ ਪੇਸ਼ਵਾ ਹੈ।

ਬਾਦਸ਼ਾਹ ਅਕਬਰ ਅਤੇ ਇਨਸਾਫ਼ ਪਸੰਦ ਸਰਕਾਰੀ ਕਰਮਚਾਰੀ ਸ਼ਹਿਜ਼ਾਦਾ ਖ਼ੁਸਰੋ ਨੂੰ ਸਲਤਨਤ ਦੀ ਵਾਗ-ਡੋਰ ਸੰਭਾਲਣਾ ਲੋਚਦੇ ਸਨ, ਪਰੰਤੂ ਕੱਟੜ-ਪ੍ਰਸਤੀ ਇਸਲਾਮੀ ਲੋਕ ਸ਼ਹਿਜ਼ਾਦਾ ਖ਼ੁਸਰੋ ਦੀ ਨੀਤੀ ਤੋਂ ਅਸੰਤੁਸ਼ਟ ਸਨ। ਇਸ ਵਾਸਤੇ ਉਨ੍ਹਾਂ ਨੇ ਅਕਬਰ ਦੇ ਪੁੱਤਰ ਸ਼ਹਿਜ਼ਾਦਾ ਸਲੀਮ (ਜਹਾਂਗੀਰ) ਦੀ ਮਦਦ ਕੀਤੀ, ਤਾਕਿ ਜਹਾਂਗੀਰ ਬਾਦਸ਼ਾਹ ਬਣਦਿਆਂ ਹੀ ਅਕਬਰ ਦੀ ਨੀਤੀ ਜੋ ਕਿ ਸਰਬ-ਸਾਂਝੀਵਾਲਤਾ 'ਤੇ ਨਿਰਧਾਰਤ ਸੀ, ਨੂੰ ਖ਼ਤਮ ਕਰ ਕੇ ਕੇਵਲ ਇਸਲਾਮਿਕ ਨੀਤੀ ਲਾਗੂ ਕਰੇਗਾ। ਸ਼ੇਖ਼ ਅਹਿਮਦ ਉਨ੍ਹਾਂ ਹੱਠ-ਧਰਮੀ ਉਲਮਾ ਦਾ ਆਗੂ ਸੀ, ਜੋ ਨਿਰੋਲ ਇਸਲਾਮਿਕ ਨੀਤੀ ਦੇ ਹਿਤੈਸ਼ੀ

ਸਨ। ਸ਼ੇਖ਼ ਅਹਿਮਦ ਦਾ ਵੱਡਾ ਹਮਾਇਤੀ ਸ਼ੇਖ਼ ਫ਼ਰੀਦ ਦੀਨ ਬੁਖ਼ਾਰੀ ਸੀ, ਜਿਸ ਨੇ ਜਹਾਂਗੀਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਕੇ ਮੁਰਤਜ਼ਾ ਬੇਗ ਦਾ ਲਕਬ (ਦਰਜਾ) ਹਾਸਿਲ ਕੀਤਾ ਸੀ।[1] ਮੁਰਤਜ਼ਾ ਅਰਬੀ ਦਾ ਸ਼ਬਦ ਹੈ, ਇਸ ਦਾ ਅਰਥ ਹੈ—ਜਿਸ ਨੇ ਆਪਣੇ ਸੁਆਮੀ ਦੀ ਪ੍ਰਸੰਨਤਾ ਹਾਸਲ ਕੀਤੀ ਹੋਵੇ, ਜੋ ਕਿਸੇ ਦਾ ਸ਼ੁਕਰ-ਗੁਜ਼ਾਰ ਹੋਵੇ। ਸ਼ੇਖ਼ ਅਹਿਮਦ ਅਤੇ ਸ਼ੇਖ਼ ਬੁਖ਼ਾਰੀ ਦੇ ਅਸਰ ਰਸੂਖ਼ ਅਧੀਨ ਹੀ ਜਹਾਂਗੀਰ ਨੇ ਤਖ਼ਤ ਸੰਭਾਲਣ ਲਈ ਆਪਣੇ ਬਾਪ ਅਕਬਰ ਨੂੰ ਸੰਨ ੧੫੯੧ ਈਸਵੀ ਵਿਚ ਜ਼ਹਿਰ ਦਿੱਤੀ ਸੀ, ਪਰ ਅਕਬਰ ਇਸ ਹਾਦਸੇ ਵਿਚੋਂ ਬਚ ਗਿਆ ਸੀ, ਔਰ ਸੰਨ ੧੬੦੨ ਈਸਵੀ ਵਿਚ ਜਹਾਂਗੀਰ ਨੇ ਇਨ੍ਹਾਂ ਹੀ ਕੱਟੜ-ਪੰਥੀਆਂ ਦੇ ਕਹਿਣੇ ਲੱਗ ਕੇ ਵਜ਼ੀਰੇ-ਆਜ਼ਮ ਅਬੁਲ ਫ਼ਜ਼ਲ ਦਾ ਕਤਲ ਕਰਵਾਇਆ ਸੀ। ਜਹਾਂਗੀਰ ਦੇ ਸ਼ਕਤੀ ਵਿਚ ਆਉਂਦਿਆਂ ਹੀ ਜਿਤਨੇ ਭੀ ਸੁਹਿਰਦ ਕਰਮਚਾਰੀ ਸਨ, ਉਨ੍ਹਾਂ ਸਾਰਿਆਂ ਦਾ ਸਫ਼ਾਇਆ ਕੀਤਾ ਗਿਆ। ਇਸ ਕਾਰਜ ਦਾ ਮੋਢੀ ਆਗੂ ਸ਼ੇਖ਼ ਅਹਿਮਦ ਸਰਹੰਦੀ, ਸ਼ੇਖ਼ ਫ਼ਰੀਦ ਬੁਖ਼ਾਰੀ ਅਤੇ ਬਰਾਹ ਦੇ ਸੱਯਦ ਸਨ, ਜਿਨ੍ਹਾਂ ਦੇ ਅਸਰ ਰਸੂਖ਼ ਥੱਲੇ ਜਹਾਂਗੀਰ ਨੇ ਸਾਰੇ ਸੁਹਿਰਦ ਕਰਮਚਾਰੀ ਅਤੇ ਗ਼ੈਰ-ਇਸਲਾਮੀ ਜਥੇਬੰਦੀਆਂ ਦਾ ਨਾਮੋ-ਨਿਸ਼ਾਨ ਮਿਟਾਇਆ, ਜਿਨ੍ਹਾਂ ਵਿਚ ਸਭ ਤੋਂ ਮੁਹਰਲੀ ਕਤਾਰ ਵਿਚ ਸਤਿਗੁਰੂ ਅਰਜਨ ਦੇਵ ਜੀ ਸਨ। ਬਹੁਤ ਹੀ ਬੇਹਤਰ ਹੋਵੇਗਾ, ਜੇਕਰ ਸ਼ੇਖ਼ ਅਹਿਮਦ ਖ਼ਾਸ ਕਰਕੇ ਸ਼ੇਖ਼ ਫ਼ਰੀਦ ਬੁਖ਼ਾਰੀ ਤੇ ਸੱਯਦ ਬਰਾਹ ਦੀਆਂ ਕੁਝ ਇਤਿਹਾਸਕ ਚੁਣੌਤੀਆਂ ਇਕ ਉਗਾਹੀ ਦੇ ਤੌਰ 'ਤੇ ਪਾਠਕਾਂ ਦੀ ਹੋਰ ਵਧੇਰੇ ਜਾਣਕਾਰੀ ਲਈ ਪੇਸ਼ ਕੀਤੀਆਂ ਜਾਣ। ਹਰੀ ਰਾਮ ਗੁਪਤਾ ਲਿਖਦਾ ਹੈ:

> The Shaikh was extremely jealous of Guru Arjan's popularity and power. He was a revivalist of Islam. He made the revival of orthodoxy something of a movement. He made use of the royal power as Jahangir himself was inclined towards the purification of beliefs and practices. It is said that Shaikh Ahmad eradicated the godlessness of Akbar's reign, forced the court to reform its etiquette and made large number of Muslims in the army and the court. He was given the titles of Reviver of the second Millennium and the Godly Imam. The

1. ਮੁਰਤਜ਼ਾ—ਪਸੰਦੀਦਾ, ਮਕਬੂਲ, ਹਜ਼ਰਤ ਅਲੀ ਦਾ ਦਰਜਾ, ਦੇਖੋ *ਫ਼ੀਰੋਜ਼ ਲੁਗ਼ਾਤ*, ਪੰਨਾ ੧੨੨੫।

Shaikh greatly incited Jahangir against Guru Arjan when he called at Sarhind in pursuit of Khusrow. The Shaikh also exercised great influence in the courtiers of Jahangir. The Shaikh declared Guru Arjan Kulah-e-Sharik and Imam-e Kufar. Jahangir was greatly influenced by the Shaikh.[1]

ਇਸਲਾਮਿਕ ਕੱਟੜਤਾ ਦੇ ਸੰਬੰਧ ਵਿਚ ਦੂਸਰੀ ਉਦਾਹਰਣ ਸੱਯਦ ਬਰਾਹ ਵਾਸਤੇ ਦੇਣੀ ਭੀ ਲਾਭਦਾਇਕ ਹੋਵੇਗੀ। ਸੱਯਦ ਬਰਾਹ ਇਸਲਾਮੀ ਉਲਮਾ ਵਿਚ ਆਪਣੀ ਖ਼ਾਸ ਜਗ੍ਹਾ ਰੱਖਦੇ ਸਨ :

> The Sayyads of Barah, well known for their religious zeal and bravery, were won over by the Ulama in favour of Salim (Jahangir). This prince took solemn oaths to restore orthodoxy punish the liberal group and destroy non-Muslim movements.[2]

ਉਕਤ ਦਰਸਾਏ ਤੱਥਾਂ ਦੁਆਰਾ ਇਹ ਨਿਰਣੈ ਹੋਇਆ ਕਿ ਗੁਰਮਤਿ ਦੀ ਨਿੱਖਰਦੀ ਨੁਹਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਸਿੱਖੀ ਦਾ ਫੈਲਾਓ ਤੇਜ਼ ਗਤੀ ਨਾਲ ਹੋਣਾ, ਹੱਠ-ਧਰਮੀ ਮੁਲਾਣਿਆਂ, ਕੱਟੜਵਾਦੀ ਕਾਜ਼ੀਆਂ ਦੇ ਦਿਲਾਂ ਵਿਚ ਇਕ ਗੰਭੀਰ ਰੜਕ ਪੈਦਾ ਕਰ ਰਿਹਾ ਸੀ। ਉਹ ਕਿਸੇ ਖ਼ਾਸ ਅਵਸਰ ਦੀ ਤਲਾਸ਼ ਵਿਚ ਸਨ ਕਿ ਉਨ੍ਹਾਂ ਨੂੰ ਇਹ ਮੌਕਾ ਕਦੋਂ ਹੱਥ ਆਉਂਦਾ ਹੈ। ਜਹਾਂਗੀਰ ਨੇ ਇਨ੍ਹਾਂ ਹਠ-ਧਰਮੀਆਂ ਦੀ ਮਦਦ ਨਾਲ ਹਿੰਦੁਸਤਾਨ ਦਾ ਤਖ਼ਤੋ-ਤਾਜ ਹਾਸਲ ਕੀਤਾ ਸੀ, ਜਿਸ ਦਾ ਇਵਜ਼ਾਨਾ ਸਦਾਚਾਰੀ ਕਰਮਚਾਰੀਆਂ ਦਾ ਖ਼ਾਤਮਾ ਅਤੇ ਸਤਿਗੁਰੂ ਅਰਜਨ ਸਾਹਿਬ ਦੀ ਤਸੀਹਾਂ ਭਰੀ ਅਭੁੱਲ ਸ਼ਹਾਦਤ ਦੇ ਰੂਪ ਵਿਚ ਮੋੜਿਆ ਗਿਆ। ਇਹ ਕਲੰਕ ਸ਼ੇਖ਼ ਅਹਿਮਦ ਸਰਹੰਦੀ, ਫ਼ਰੀਦ ਬੁਖ਼ਾਰੀ ਅਤੇ ਸੱਯਦ ਬਰਾਹ ਜੈਸਿਆਂ ਦੇ ਕਾਲੇ ਮੱਥਿਆਂ 'ਤੇ ਹਮੇਸ਼ਾਂ ਹੀ ਇਨ੍ਹਾਂ ਦੀ ਕੱਟੜ ਹਠ-ਧਰਮੀ ਦਾ ਮੁਜ਼ਾਹਿਰਾ ਪੇਸ਼ ਕਰਦਾ ਰਹੇਗਾ।

---

1. Hari Ram Gupta, Vol. I, pp. 145-147 and see Ram Pujan Tiwari, *Sufimat, Sadhana and Sahitya*, p. 502 and see Muhammad Mujeeb, *The Indian Muslims*, p. 243, and see N.D. Ahuja, *The Sikh Review*, December 1980, 11.
2. Hari Ram Gupta, Vol. I, pp. 145-147; and see V.A. Smith, *Akbar*, pp. 301-3, 311, 316, 321-23 ; and see Beni Parshad, *History of Jahangir*, pp. 51, 61-62.

ਸ਼ੇਖ਼ ਅਹਿਮਦ ਫ਼ਾਰੂਕੀ ਦੀਆਂ ਕਈ ਇਕ ਚਿਠੀਆਂ ਜੋ ਕਿ ਉਸ ਨੇ ਸ਼ੇਖ਼ ਫ਼ਰੀਦ ਬੁਖ਼ਾਰੀ ਨੂੰ ਲਿਖੀਆਂ ਕਿ ਜਹਾਂਗੀਰ ਦੇ ਬਾਦਸ਼ਾਹ ਬਣਨ ਨਾਲ ਕਾਫ਼ਰਾਂ ਦੀ ਮੌਤ ਹੋ ਜਾਵੇਗੀ ਅਤੇ ਇਸਲਾਮ ਦੀ ਸ਼ੁਹਰਤ ਦੁਨੀਆ ਵਿਚ ਜਗਮਗਾ ਉਠੇਗੀ। ਜਦੋਂ ਇਸਲਾਮੀ ਪਰਜਾ ਨੇ ਇਹ ਸੁਣਿਆ ਕਿ ਜਹਾਂਗੀਰ ਬਾਦਸ਼ਾਹੇ-ਇਸਲਾਮ ਬਣ ਗਿਆ ਹੈ ਤਦ ਸਾਰੇ ਇਸਲਾਮੀ ਭਰਾਵਾਂ ਨੇ ਬਾਦਸ਼ਾਹ ਨੂੰ ਮਦਦ ਦੇਣ ਦਾ ਬੀੜਾ ਚੁਕਿਆ ਹੈ। ਇਸ ਲਿਖਤ ਦੇ ਅਸਲੀ ਲਫ਼ਜ਼ ਨਿਮਨ-ਲਿਖਤ ਦੇ ਅਨੁਸਾਰ ਹਨ, ਜਿਸ ਦਾ ਫ਼ਾਰਸੀ ਅਤੇ ਅੰਗਰੇਜ਼ੀ ਤਰਜਮਾ ਪਾਠਕਾਂ ਦੀ ਸੁਅੱਛ ਬੋਧ ਲਈ ਦਿੱਤਾ ਜਾਂਦਾ ਹੈ, ਜਿਸ ਦਾ ਇੰਗਲਿਸ਼ ਤਰਜਮਾ ਸਰਦਾਰ ਗੰਡਾ ਸਿੰਘ ਜੀ ਇੰਝ ਕਰਦੇ ਹਨ:

> Today when the news of the death of the denier of the superiority of the Islam (Akbar) and of the joyful accession of the king of Islam (Jahangir) was heard by people, the followers of Islam considered it obligatory on their part to extend their support to the King and to work and guide for the propagation of the holy law of Islam and for the reinforcement of the religion.[1]

ਉਕਤ ਦਰਸਾਈ ਇੰਗਲਿਸ਼ ਵਾਰਤਾ ਦੀ ਅਸਲੀ ਰੂਪ ਰੇਖਾ ਫ਼ਾਰਸੀ ਭਾਸ਼ਾ ਵਿਚ ਨਿਮਨ-ਲਿਖਤ ਦੇ ਅਨੁਸਾਰ ਹੈ, ਜੋ ਸ਼ੇਖ਼ ਅਹਿਮਦ ਸਰਹੰਦੀ ਨੇ ਜਹਾਂਗੀਰ ਦੀ ਤਖ਼ਤ ਪੋਸ਼ੀ ਅਤੇ ਅਕਬਰ ਦੀ ਮੌਤ ਤੋਂ ਉਪਰੰਤ ਸ਼ੇਖ਼ ਫ਼ਰੀਦ ਬੁਖ਼ਾਰੀ ਦੇ ਨਾਮ ਲਿਖੀ । ਜਿਸ ਵਿਚ ਅਕਬਰ ਦੀ ਸਦ-ਭਾਵਨਾ ਨੀਤੀ ਦੀ ਨਿੰਦਾ ਕੀਤੀ ਗਈ ਹੈ। ਔਰ ਜਹਾਂਗੀਰ ਨੂੰ ਦੁਰਾਚਾਰੀ ਹੁੰਦੇ ਹੋਏ ਭੀ ਇਸਲਾਮ ਦਾ ਰਖਵਾਲਾ ਦਰਸਾਇਆ ਗਿਆ ਹੈ। ਇਸ ਚਿਠੀ ਤੋਂ ਇਹ ਭੀ ਨਿਰਣੈ ਹੁੰਦਾ ਹੈ ਕਿ ਬਾਦਸ਼ਾਹ ਜਹਾਂਗੀਰ ਇਨ੍ਹਾਂ ਕੱਟੜ-ਪ੍ਰਸਤੀਆਂ ਦੇ ਪ੍ਰਭਾਵ ਥੱਲੇ ਕਿਤਨਾ ਦੱਬਿਆ ਹੋਇਆ ਸੀ, ਇਹੀ ਕਾਰਨ ਸੀ ਕਿ ਉਸ ਨੇ ਬਗ਼ੈਰ ਸੋਚਿਆਂ ਸਮਝਿਆਂ ਸਤਿਗੁਰੂ ਜੀ ਦੇ ਵਿਰੁੱਧ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਦੇ ਦਿੱਤਾ:

امروز کہ نوید زوال مانع دولت اسلام و بشارت جلوس بادشاہ
اسلام بگوش خاص و عام رسید اہل اسلام برخود لازم دانستند کہ ممد
معاون بادشاہ باشند و بر ترویج شریعت و تقویت ملت دلالت نمایند.

1. *Maktubat-i-Imam Rabani*, Vol. I, Part II, p. 22, Letter No. 47.

ਸ਼ੇਖ਼ ਅਹਿਮਦ ਸਰਹੰਦੀ ਨੇ ਇਕ ਹੋਰ ਚਿਠੀ ਸ਼ੇਖ਼ ਬੁਖ਼ਾਰੀ ਦੇ ਨਾਮ ਲਿਖੀ ਜਿਸ ਵਿਚ ਸਤਿਗੁਰੂ ਅਰਜਨ ਸਾਹਿਬ ਦੀ ਪਾਵਨ ਸ਼ਹੀਦੀ ਤੋਂ ਉਪਰੰਤ ਬਹੁਤ ਹੀ ਵੱਡੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਹ ਲਿਖਦਾ ਹੈ ਕਿ ਇਹ ਬਹੁਤ ਹੀ ਅੱਛਾ ਹੋਇਆ ਜੋ ਕਿ ਇਕ ਇਸਲਾਮ ਵਿਰੋਧੀ ਕਾਫ਼ਰ ਦੀ ਮੌਤ ਹੋ ਗਈ ਹੈ, ਕਿਉਂਕਿ ਇਸ ਦੇ ਖ਼ਤਮ ਹੋਣ ਕਰਕੇ ਇਸਲਾਮ ਨੂੰ ਬਹੁਤ ਹੀ ਵੱਡੀ ਕਾਮਯਾਬੀ ਹਾਸਲ ਹੋਵੇਗੀ ਅਤੇ ਹਿੰਦੁਸਤਾਨੀ ਹਿੰਦੂਆਂ ਵਾਸਤੇ ਅਜ਼ੀਮ ਹਾਨੀ ਦਾ ਕਾਰਨ ਸਿੱਧ ਹੋਵੇਗੀ। ਭਾਵੇਂ ਇਹ ਕਾਫ਼ਰ (ਗੁਰੂ ਅਰਜਨ ਸਾਹਿਬ) ਕਿਸੇ ਭੀ ਮੰਤਵ ਲਈ ਅਤੇ ਚੁਨਾਂਚਿ ਕਿਸੇ ਭੀ ਇਰਾਦੇ ਦੇ ਅਧੀਨ ਕਤਲ ਕੀਤਾ ਗਿਆ ਹੈ, ਇਸਲਾਮ ਵਾਸਤੇ ਇਹ ਇਕ ਬਹੁਤ ਹੀ ਪ੍ਰਸੰਸਾ ਯੋਗ ਕੰਮ ਹੈ। ਇਸ ਕਾਫ਼ਰ ਦੇ ਕਤਲ ਕਰਨ ਤੋਂ ਪਹਿਲਾਂ ਮੈਨੂੰ ਇਕ ਖ਼੍ਵਾਬ (ਸੁਪਨਾ) ਆਇਆ ਸੀ ਕਿ ਸਮੇਂ ਦੇ ਬਾਦਸ਼ਾਹ ਨੇ ਅੱਲਾਹ ਦਾ ਸ਼ਰੀਕ ਅਤੇ ਅੱਲਾਹ 'ਤੇ ਯਕੀਨ ਨਾ ਰੱਖਣ ਵਾਲਾ ਕੁਫ਼ਰ ਦਾ ਬਾਦਸ਼ਾਹ (ਗੁਰੂ ਅਰਜਨ ਸਾਹਿਬ) ਖ਼ਤਮ ਕਰ ਦਿੱਤਾ ਹੈ। ਇਹ ਇਕ ਅਟੱਲ ਸੱਚਾਈ ਸੀ ਕਿ ਇਹ ਕਾਫ਼ਰ ਇਕ ਵਿਸ਼ਵਾਸ-ਹੀਣ ਅਤੇ ਕਾਫ਼ਰਾਂ ਦਾ ਵੱਡਾ ਆਗੂ ਸੀ। ਇਨ੍ਹਾਂ ਕਾਫ਼ਰਾਂ ਤੇ ਜਜ਼ੀਆ (ਦੰਡ) ਲਾਉਣਾ ਅਤੇ ਇਨ੍ਹਾਂ ਦੇ ਵਿਰੁੱਧ ਜਹਾਦ (ਇਸਲਾਮੀ ਧਰਮ-ਯੁੱਧ) ਆਰੰਭ ਕਰਨਾ ਹੀ ਇਨ੍ਹਾਂ ਦੀ ਚੜ੍ਹਤਲ ਵਿਚ ਗਿਰਾਵਟ ਲਿਆਉਣੀ ਅਤੇ ਇਨ੍ਹਾਂ ਦੇ ਮਾਣ-ਆਦਰ ਨੂੰ ਨੀਵਾਂ ਵਿਖਾਉਣਾ ਹੀ ਇਸਲਾਮ ਵਾਸਤੇ ਇਕ ਫ਼ਰਜ਼ ਬਣ ਗਿਆ ਹੈ। ਇਸ ਚਿਠੀ ਦੀ ਅਸਲੀ ਨਕਲ ਨਿਮਨ-ਲਿਖਤ ਦੇ ਅਨੁਸਾਰ ਹੈ:

دریں وقت کشتن کافر لعین گوبندوال بسیار خوب واقع شد و باعث شکست
عظیم بر ہنود مردود گشت۔ بہر نیت کہ کشتہ باشند و بہر غرض کہ ہلاک کردہ خواری کفار
خود نقد وقت اہل اسلام است۔ ایں فقیر پیش از آں کہ ایں کافر را بکشند در خواب
دیدہ بود کہ بادشاہ وقت کلۂ سر شرک را شکستہ است و الحق کہ آں گبر رئیس
اہل شرک بود و امام اہل کفر..... عزت اسلام و اہل آں در خواری کفر و اہل کفر
است۔ مقصود از اخذ جزیہ خواری کفار است و اہانت ایشاں......
از ضروریات دین است؛

(مکتوبات امام ربانی حضرت مجدد الف ثانی حصہ سوم۔ دفتر اول مکتوب ۱۹۳)

1. *Maktubat-e-Imam Rabani*, Vol. I, Part III, pp. 95-96, Noor Company, Lahore, 1922 A.D.

The execution of the accursed Kafir of Goindwal at this time is a very good achievment indeed and has become the cause of a great defeat of the hateful Hindus. With whatever intention they are killed and with whatever objective they are destroyed, it is a meritorious act for the Muslims. Before this Kafir was killed, I had seen in a dream that the Emperor of the day had destroyed the crown of the head of Shirk or infidelity. It is true that this infidel was the chief of the infidels and a leader of the Kafirs....The object of levying Jazia on them is to humiliate and insult the Kafir, and Jehad against them and hostility towards them are the necessities of the Muhammdan faith.[1]

ਕੁਝ ਹੋਰ ਚਿਠੀਆਂ ਭੀ ਅਹਿਮਦ ਸਰਹੰਦੀ ਦੀਆਂ ਲਿਖਤਾਂ ਵਿਚੋਂ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਦਾ ਮੁੱਖ-ਮੰਤਵ ਹਿੰਦੁਸਤਾਨੀ ਜਨਤਾ ਨੂੰ ਹੀਣਤ ਭਾਵਨਾਵਾਂ ਦੇ ਰਾਹੀਂ ਜ਼ਲੀਲ ਕਰਨਾ ਹੈ। ਔਰ ਇਨ੍ਹਾਂ ਦੇ ਰਾਜਨੀਤਕ, ਸਮਾਜੀ ਅਤੇ ਧਾਰਮਿਕ ਜੀਵਨ ਉਤੇ ਇਸਲਾਮ ਦਾ ਦ੍ਰਿਸ਼ਟੀਕੋਣ ਭਾਰੂ ਕਰਨਾ ਹੈ। ਇਸ ਰਸਤੇ ਵਿਚ ਸਤਿਗੁਰੂ ਅਰਜਨ ਸਾਹਿਬ ਜੀ ਇਕ ਬਹੁਤ ਹੀ ਵੱਡੀ ਰੁਕਾਵਟ ਸਨ। ਜੋ ਇਸਲਾਮੀ ਮੁਲਾਣਿਆਂ ਅਤੇ ਕੱਟੜਵਾਦੀ ਜਨੂੰਨੀਆਂ ਲਈ ਇਕ ਖੁੱਲ੍ਹੀ ਵੰਗਾਰ ਸੀ, ਜਿਸ ਦਾ ਸਿੱਟਾ ਸਤਿਗੁਰੂ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ ਵਿਚ ਨਿਕਲਿਆ।

੧੬-੮. *ਸ਼ਹਿਜ਼ਾਦਾ ਖ਼ੁਸਰੋ ਦੀ ਬਗ਼ਾਵਤ*

ਸਮਰਾਟ ਅਕਬਰ ਦੀ ਮੌਤ ਅਕਤੂਬਰ ੧੭, ਸੰਨ ੧੬੦੫ ਨੂੰ ਆਗਰਾ ਵਿਚ ਹੋਈ। ਅਕਬਰ ਦੇ ਦਿਹਾਂਤ ਤੋਂ ਫ਼ੌਰਨ ਬਾਅਦ ਖ਼ੁਸਰੋ ਨੇ ਤਖ਼ਤ ਹਾਸਲ ਕਰਨ ਦਾ ਸੰਘਰਸ਼ ਆਰੰਭ ਦਿੱਤਾ। ਔਰ ਅਕਬਰ ਦਾ ਭੀ ਇਹੀ ਖ਼ਿਆਲ ਸੀ ਕਿ ਤਖ਼ਤ ਦਾ ਵਾਰਿਸ ਆਪਣੇ ਪੋਤਰੇ ਸ਼ਾਹਜ਼ਾਦਾ ਖ਼ੁਸਰੋ ਨੂੰ ਹੀ ਬਣਾਇਆ ਜਾਵੇ[2] ਪਰੰਤੂ ਕੱਟੜ ਮੁਲਾਣਿਆਂ ਦੀ ਮਦਦ ਹਾਸਲ ਕਰ ਕੇ ਅਕਤੂਬਰ ੨੪,

---

1. *Maktubat-e-Imam Rabani*, Vol. I, Part III, pp. 95-96, Noor Company, Lahore, 1922 A.D.
1. ਮੈਕਾਲਿਫ, ਜਿਲਦ ਤੀਜੀ, ਪੰਨਾ ੮੪-੮੫।

੧੬੦੫ ਨੂੰ ਜਹਾਂਗੀਰ ਨੇ ਹਿੰਦੁਸਤਾਨ ਦੇ ਤਖ਼ਤ 'ਤੇ ਕਬਜ਼ਾ ਕੀਤਾ ਔਰ ਖ਼ੁਸਰੋ ਨੂੰ ਨਾ-ਕਾਮਯਾਬੀ ਦਾ ਮੂੰਹ ਦੇਖਣਾ ਪਿਆ। ਖ਼ੁਸਰੋ ਦਾ ਬਾਪ ਸ਼ਾਹਜ਼ਾਦਾ ਸਲੀਮ ਜਹਾਂਗੀਰ ਦੀ ਉਪਾਧੀ ਹਾਸਲ ਕਰ ਕੇ ਤਖ਼ਤ ਦਾ ਮਾਲਕ ਬਣਿਆ। ਮੌਕੇ ਦੀ ਨਜ਼ਾਕਤ ਸਮਝਦਾ ਹੋਇਆ ਸ਼ਾਹਜ਼ਾਦਾ ਖ਼ੁਸਰੋ ਆਪਣੀ ਹਾਰ ਨੂੰ ਵੇਖ ਕੇ ਅਪਰੈਲ ੬, ੧੬੦੬ ਨੂੰ ਕੁਝ ਸਹਾਇਕ ਫ਼ੌਜਾਂ ਦੇ ਸਮੇਤ ਆਗਰੇ ਦੇ ਕਿਲ੍ਹੇ ਵਿਚੋਂ ਫਰਾਰ ਹੋਣ ਵਿਚ ਸਫਲ ਹੋ ਗਿਆ। ਸ਼ਾਹਜ਼ਾਦਾ ਖ਼ੁਸਰੋ ਪਹਿਲੇ ਦਿਨਾਂ ਵਿਚ ਸਮਰਾਟ ਅਕਬਰ ਦੇ ਨਾਲ ਸਤਿਗੁਰੂ ਅਰਜਨ ਸਾਹਿਬ ਜੀ ਦੇ ਦਰਸ਼ਨ ਕਰ ਚੁੱਕਾ ਸੀ। ਇਸ ਵਾਸਤੇ ਉਹ ਇਸ ਮੁਸੀਬਤ ਦੇ ਸਮੇਂ ਕਾਬਲ ਵਲ ਨੂੰ ਜਾਂਦਾ ਹੋਇਆ ਤਰਨ ਤਾਰਨ ਵਿਚ ਸਤਿਗੁਰੂ ਅਰਜਨ ਸਾਹਿਬ ਜੀ ਦੇ ਦਰਸ਼ਨਾਂ ਲਈ ਆਣ ਠਹਿਰਿਆ। ਸਤਿਗੁਰੂ ਸਾਹਿਬ ਜੀ ਨੇ ਆਪਣੀ ਸੁਹਿਰਦ ਨੀਤੀ ਦੇ ਅਨੁਸਾਰ ਸ਼ਾਹਜ਼ਾਦੇ ਨੂੰ ਪਿਆਰ, ਸਤਿਕਾਰ ਅਤੇ ਮਾਣ ਆਦਰ ਦਿੱਤਾ। ਇਹ ਮਾਣ-ਆਦਰ ਕਿਸੇ ਸਿਆਸੀ ਮੰਤਵ ਦੀ ਪੂਰਤੀ ਵਾਸਤੇ ਨਹੀਂ ਸੀ, ਬਲਕਿ ਗੁਰੂ-ਘਰ ਦੀ ਮਰਯਾਦਾ ਦੇ ਅਧੀਨ ਹਰ ਆਏ ਵਿਅਕਤੀ ਨੂੰ ਪਿਆਰ ਸਤਿਕਾਰ ਮਿਲਣਾ ਇਕ ਸੁਭਾਵਿਕ ਰੀਤੀ ਸੀ ਤੇ ਹੁਣ ਭੀ ਹੈ, ਔਰ ਆਉਣ ਵਾਲੇ ਸਮੇਂ ਵਿਚ ਰਹੇਗੀ। ਸਰਣਿ ਆਏ ਨੂੰ ਗਲੇ ਨਾਲ ਲਾਉਣਾ ਸਤਿਗੁਰੂ ਜੀ ਦਾ ਬਿਰਦ ਪਾਲਕ ਨਿਜ਼ਾਮ ਹੈ।

ਸ਼ਾਹਜ਼ਾਦਾ ਖ਼ੁਸਰੋ ਦਾ ਜਨਮ ਜੋਧਾ ਬਾਈ ਦੇ ਉਦਰ ਤੋਂ ਸੰਨ ੧੫੯੨ ਈਸਵੀ ਵਿਚ ਹੋਇਆ। ਜੋਧਾ ਬਾਈ ਰਾਜਾ ਉਦੈ ਸਿੰਘ ਜੋਧਪੁਰ ਦੀ ਲੜਕੀ ਸੀ, ਜਿਸ ਦੀ ਸ਼ਾਦੀ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਨਾਲ ਅਕਬਰ ਦੇ ਜ਼ਮਾਨੇ ਵਿਚ ਹੋਈ।

ਜਿਸ ਵੇਲੇ ਖ਼ੁਸਰੋ ਸਤਿਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਆਇਆ ਹੈ, ਇਸ ਦੀ ਉਮਰ ਸਿਰਫ਼ ਤੇਰਾਂ ਸਾਲ ਕੁਝ ਮਹੀਨੇ ਸੀ। ਖ਼ੁਸਰੋ ਨੇ ਇਸ ਮੁਸੀਬਤ ਸਮੇਂ ਰਸਤੇ ਦੇ ਖ਼ਰਚ ਵਾਸਤੇ ਸਤਿਗੁਰੂ ਸਾਹਿਬ ਤੋਂ ਕੁਝ ਮਦਦ ਮੰਗੀ। ਸਤਿਗੁਰੂ ਜੀ ਨੇ ਫ਼ੁਰਮਾਇਆ ਕਿ ਇਹ ਪੈਸਾ ਸੰਗਤਾਂ ਦੀ ਅਮਾਨਤ ਹੈ, ਔਰ ਗ਼ਰੀਬਾਂ ਦੀ ਸਹਾਇਤਾ ਵਾਸਤੇ ਖ਼ਰਚ ਕੀਤਾ ਜਾਂਦਾ ਹੈ। ਤੂੰ ਸ਼ਾਹਜ਼ਾਦਾ ਹੈਂ, ਤੈਨੂੰ ਪੈਸੇ ਦੀ ਸਹਾਇਤਾ ਨਹੀਂ ਮਿਲ ਸਕਦੀ। ਇਹ ਸੁਣ ਕੇ ਸ਼ਾਹਜ਼ਾਦੇ ਨੇ ਅਰਜ਼ ਕੀਤੀ ਕਿ ਇਸ ਸਮੇਂ ਮੈਂ ਭੀ ਇਕ ਆਜਜ਼ ਅਤੇ ਗ਼ਰੀਬ ਹਾਂ, ਮੈਨੂੰ ਕਾਬਲ ਤਕ ਪਹੁੰਚਣ ਲਈ ਥੋੜ੍ਹੀ ਬਹੁਤ ਸਹਾਇਤਾ ਦਿੱਤੀ ਜਾਵੇ। ਮੈਕਾਲਿਫ਼ ਅਤੇ ਬੈਨੀ ਪ੍ਰਸਾਦ ਦੇ ਕਹਿਣ ਅਨੁਸਾਰ ਸਤਿਗੁਰੂ ਜੀ ਨੇ ਕੁਝ ਹਜ਼ਾਰ (੫੦੦੦) ਰੁਪਏ ਖ਼ੁਸਰੋ ਨੂੰ ਸਫ਼ਰ ਦੇ ਖ਼ਰਚ ਵਜੋਂ ਸਹਾਇਤਾ ਲਈ ਦਿੱਤੇ, ਨਾ ਕਿ ਇਕ

ਬਾਪ ਦੇ ਖ਼ਿਲਾਫ਼ ਬਗਾਵਤ ਵਾਸਤੇ।[1] *ਮਹਿਮਾ ਪ੍ਰਕਾਸ਼* ਦੇ ਕਥਨ ਅਨੁਸਾਰ ਸਤਿਗੁਰੂ ਜੀ ਉਸ ਵੇਲੇ ਤਰਨ ਤਾਰਨ ਸਾਹਿਬ ਵਿਚ ਬਿਰਾਜ ਰਹੇ ਸਨ, ਪਰੰਤੂ *ਜਹਾਂਗੀਰੀ ਤੁਜ਼ਕ* ਵਿਚ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਦਾ ਜ਼ਿਕਰ ਹੈ। ਖ਼ੁਸਰੋ ਅਤੇ ਸਤਿਗੁਰੂ ਸਾਹਿਬ ਜੀ ਦੀ ਮੁਲਾਕਾਤ ਬਾਰੇ *ਮਹਿਮਾ ਪ੍ਰਕਾਸ਼* ਨਿਮਨ-ਲਿਖਤ ਦੇ ਅਨੁਸਾਰ ਕਥਨ ਕਰਦਾ ਹੈ:

ਸਤਿਗੁਰ ਤਰਨ ਤਾਰਨ ਪਰ ਗਏ॥
ਕੇਤਕ ਦਿਨ ਤਹਾਂ ਬਤੀਤ ਭਏ॥
ਤਹਾਂ ਭਾਗਾ ਆਇਆ ਏਕ ਸ਼ਹਜ਼ਾਦਾ॥
ਕਛੁ ਬਾਦਸ਼ਾਹ ਸੇ ਭਇਆ ਬਿਬਾਦਾ॥੨॥
... ...
ਤਾ ਕੋ ਖਾਨ ਪਾਨ ਸਭ ਦੀਆ॥
ਨਿਸ ਕਰ ਗੁਜਰਾਨ ਕੂਚ ਤਿਨ ਕੀਆ॥੪॥[2]

ਸ਼ਾਹਜ਼ਾਦਾ ਖ਼ੁਸਰੋ ਨੂੰ ਪੰਜ ਹਜ਼ਾਰ ਰੁਪਿਆ ਮਦਦ ਦੇਣ ਦੀ ਬਾਬਤ ਜੋ ਰਸਤੇ ਦੇ ਖ਼ਰਚ ਵਜੋਂ ਦਿੱਤਾ ਗਿਆ, ਮੈਕਾਲਿਫ਼ ਦੀ ਲਿਖਤ ਹੋਰ ਵਧੇਰੇ ਸਹਾਇਕ ਹੋਵੇਗੀ:

> Guru Arjan seeing the prince's evil plight and humility, took compassion on him. He, moreover, felt friendly to the Prince, who had visited him a few times previously with the Emperor Akbar; and he also felt a debt of gratitude to the Prince's grand father, the late monarch, so he gave him five thousand rupees to defray his expense to Kabul. Khusro, however, was seized by the Imperial troops as he was crossing the Jehlam and taken in chains to his father.[3]

ਸ਼ਾਹਜ਼ਾਦਾ ਖ਼ੁਸਰੋ ਕਾਬਲ ਤਕ ਨਹੀਂ ਪਹੁੰਚ ਸਕਿਆ ਬਲਕਿ ਉਸ ਨੂੰ ਸਰਕਾਰੀ ਫ਼ੌਜਾਂ ਨੇ ਜਿਹਲਮ ਨਦੀ ਪਾਰ ਕਰਦਿਆਂ ਹੀ ਬੰਦੀ ਬਣਾ ਲਿਆ,

1. ਹਰੀ ਰਾਮ ਗੁਪਤਾ, ਜਿਲਦ ਤੀਜੀ, ਪੰਨਾ ੧੪੭; ਅਤੇ ਮੈਕਾਲਿਫ਼, ਜਿਲਦ ਤੀਜੀ, ਪੰਨਾ ੮੪-੮੫।
2. *ਮਹਿਮਾ ਪ੍ਰਕਾਸ਼*, ਭਾਗ ਦੂਜਾ, ਕਵਿਤਾ, ਪੰਨਾ ੪੧੦ ਅਤੇ ਨਿਰੁਕਤ *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ ੩੭੧।
3. Macauliffe, III, p. 85.

ਔਰ ਇਕ ਕੈਦੀ ਦੀ ਦਸ਼ਾ ਵਿਚ ਲਾਹੌਰ ਲਿਆ ਕੇ ਉਸ ਦੇ ਬਾਪ (ਜਹਾਂਗੀਰ) ਦੇ ਸਾਹਮਣੇ ਪੇਸ਼ ਕੀਤਾ ਗਿਆ। ਪੁੱਤਰ ਦੀ ਗ੍ਰਿਫ਼ਤਾਰੀ ਦੀ ਖ਼ਬਰ ਸੁਣਦਿਆਂ ਹੀ ਉਸ ਦੀ ਮਾਤਾ ਜੋਧਾਂ ਬਾਈ ਮਈ ੬, ੧੬੦੬ ਨੂੰ ਜ਼ਹਿਰ ਖਾ ਕੇ ਚਲਾਣਾ ਕਰ ਗਈ। ਸ਼ਾਹਜ਼ਾਦਾ ਖ਼ੁਸਰੋ ਦੇ ਸਹਾਇਕ ਸਾਥੀ ਹੁਸੈਨ ਬੇਗ ਅਤੇ ਅਬਦੁਲ ਰਹੀਮ ਭੀ ਖ਼ੁਸਰੋ ਦੇ ਨਾਲ ਹੀ ਕੈਦ ਕੀਤੇ ਗਏ, ਜਿਨ੍ਹਾਂ ਨੂੰ ਜਹਾਂਗੀਰ ਦੇ ਹੁਕਮ ਨਾਲ ਗਊ ਅਤੇ ਖੋਤੇ ਦੀਆਂ ਖੱਲਾਂ ਵਿਚ ਜੀਊਂਦੇ ਜੀਅ ਮੜ੍ਹ ਕੇ ਵੱਡੇ ਵੱਡੇ ਤਸੀਹੇ ਦੇ ਕੇ ਖ਼ਤਮ ਕੀਤਾ ਗਿਆ। ਇਸ ਜ਼ਾਲਮਾਨਾ ਕਹਾਣੀ ਦੀ ਉਗਾਹੀ ਮੈਕਾਲਿਫ ਦੀ ਲਿਖਤ ਵਿਚ ਸਮਝਣ ਵਾਸਤੇ ਹੋਰ ਵਧੇਰੇ ਸਹਾਇਕ ਹੋਵੇਗੀ ਕਿ ਜਹਾਂਗੀਰ ਨੇ ਆਪਣੇ ਪੁੱਤਰ ਅਤੇ ਉਸ ਦੇ ਸਾਥੀਆਂ ਨੂੰ ਕਿਵੇਂ ਕੋਹ ਕੋਹ ਕੇ ਮਾਰਿਆ :

> After Khusro's arrest he was brought before his father with a chain fastened from his left hand to his left foot, according to the laws of Changez Khan. On the right hand of the Prince stood Hassan Beg and on his left abdul Rahim. Khusro trembled and wept. He was ordered into confinment; but the companions of his rebellion were put to death with cruel torments. Hassan Beg was sewed up in a raw hide of an ox and Abdul Rahim in that of an ass.[1]

ਕੱਟੜ ਮੁਲਾਣਿਆਂ ਦੀ ਉਕਸਾਹਟ ਦੇ ਤੁਫ਼ੈਲ ਜਹਾਂਗੀਰ ਦਾ ਇਰਾਦਾ ਪਹਿਲਾਂ ਹੀ ਸਤਿਗੁਰੂ ਜੀ ਦੇ ਖ਼ਿਲਾਫ਼ ਹੋ ਚੁੱਕਾ ਸੀ, ਕਿਉਂਕਿ ਸਤਿਗੁਰੂ ਸਾਹਿਬ ਜੀ ਦੇ ਸਮੇਂ ਸਿੱਖੀ ਦੀ ਨੁਹਾਰ ਆਪਣੇ ਵੇਗ ਵਿਚ ਇਕ ਨਵੇਕਲੀ ਜਗ੍ਹਾ ਹਾਸਲ ਕਰ ਚੁੱਕੀ ਸੀ। ਖ਼ੁਸਰੋ ਦੀ ਇਮਦਾਦ ਦਾ ਬਹਾਨਾ ਬਣਾ ਕੇ ਸਤਿਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਹੁਕਮ ਜਾਰੀ ਕਰ ਦਿੱਤਾ। ਇਸ ਤੋਂ ਅਗਲੇਰੇ ਪਰਕਰਣ ਵਿਚ ਸਤਿਗੁਰੂ ਅਰਜਨ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਦਾ ਵੱਡਾ ਕਾਰਣ ਜਹਾਂਗੀਰ ਨੂੰ ਵੇਖਾਂਗੇ।

> Further on we shall see that Jahangir caused Guru Arjan to be tortured to death. Because he had extended to Prince Khusro a friendly reception and hospitality, partly account of his religion.[2]

1. Macauliffe, Vol. I, p XLVI.
2. Macauliffe, Vol. I, p. XLVI.

ਸਤਿਗੁਰੂ ਜੀ ਅਤੇ ਸ਼ਾਹਜ਼ਾਦਾ ਖ਼ੁਸਰੋ ਦਾ ਮਿਲਾਪ ਕਿਸ ਅਸਥਾਨ 'ਤੇ ਹੋਇਆ, ਇਹ ਚੀਜ਼ ਹਾਲੇ ਹੋਰ ਖੋਜ ਦੀ ਮੁਹਤਾਜ ਹੈ। ਕਈ ਇਤਿਹਾਸਕਾਰ ਤਰਨ ਤਾਰਨ ਸਾਹਿਬ ਲਿਖਦੇ ਹਨ, ਪਰੰਤੂ ਜਹਾਂਗੀਰ ਦੀ ਆਪਣੀ ਲਿਖਤ ਵਿਚ ਗੋਇੰਦਵਾਲ ਸਾਹਿਬ ਦਰਿਆ ਬਿਆਸਾ ਦੇ ਕਿਨਾਰੇ ਲਿਖਿਆ ਹੈ। ਬਾਦਸ਼ਾਹ ਜਹਾਂਗੀਰ ਨੇ ਖ਼ੁਫ਼ੀਆ ਰਿਪੋਰਟਾਂ ਦੇਣ ਵਾਲੇ ਏਲਚੀ ਹਰ ਜਗ੍ਹਾ ਛੱਡੇ ਹੋਏ ਸਨ, ਉਹ ਨਾਲ ਦੀ ਨਾਲ ਹੀ ਬਾਦਸ਼ਾਹ ਨੂੰ ਖ਼ਬਰਾਂ ਦਿੰਦੇ ਜਾ ਰਹੇ ਸਨ। ਜਿਵੇਂ ਕਿ ਸ਼ੇਖ਼ ਨਿਜ਼ਾਮ ਥਾਨੇਸਰੀ ਨੂੰ ਥਾਨੇਸਰ ਛੱਡਣ ਤੋਂ ਪਹਿਲਾਂ ਹੀ ਸਜ਼ਾ ਦੇ ਦਿੰਦਾ ਹੈ। ਅਗਰ ਸਤਿਗੁਰੂ ਜੀ ਨੇ ਸ਼ਾਹਜ਼ਾਦਾ ਖ਼ੁਸਰੋ ਦੀ ਮਦਦ ਇਕ ਵਿਦਰੋਹੀ ਦੇ ਰੂਪ ਵਿਚ ਕੀਤੀ ਹੁੰਦੀ ਤਾਂ ਬਾਦਸ਼ਾਹ ਨੂੰ ਇਸ ਦੀ ਖ਼ਬਰ ਬਿਆਸਾ ਪਾਰ ਕਰਦਿਆਂ ਹੀ ਲੱਗ ਜਾਣੀ ਚਾਹੀਦੀ ਸੀ, ਪਰ ਸਤਿਗੁਰੂ ਜੀ ਦੀ ਬਾਬਤ ਲਾਹੌਰ ਮੁਕਾਮ ਕਰਨ ਤੋਂ ਢੇਰ ਸਮਾਂ ਬਾਅਦ ਵਿਚ ਪਤਾ ਲੱਗਦਾ ਹੈ। ਇਸ ਦਾ ਮਤਲਬ ਸਾਫ਼ ਜ਼ਾਹਰ ਹੈ ਕਿ ਵਿਰੋਧੀ ਧਿਰਾਂ ਦੇ ਕਹਿਣ 'ਤੇ ਹੀ ਬਾਦਸ਼ਾਹ ਨੇ ਆਪਣਾ ਮਨ ਸਤਿਗੁਰੂ ਜੀ ਨੂੰ ਖ਼ਤਮ ਕਰਨ ਪ੍ਰਤੀ ਬਣਾਇਆ। ਬਾਦਸ਼ਾਹ ਦਾ ਆਪਣਾ ਮਨ ਕਿਸੇ ਇਕ ਸਿੱਟੇ 'ਤੇ ਕੰਮ ਨਹੀਂ ਕਰਦਾ ਸੀ। ਉਹ ਸ਼ਾਹੇ-ਇਸਲਾਮ ਦੇ ਖ਼ਿਤਾਬ ਮਿਲਣ ਕਰਕੇ ਆਪਣੀ ਸ਼ੁਹਰਤ ਵਿਚ ਮਗਨ ਸੀ, ਜੇਕਰ ਉਸ ਦਾ ਇਰਾਦਾ ਇਹੀ ਸੀ ਕਿ ਉਹ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਮੰਗਦਾ ਹੈ, ਤਦ ਉਹ ਸਾਰੀ ਸਿੱਖੀ ਉੱਮਤ ਨੂੰ ਸਜ਼ਾ ਦਿੰਦਾ, ਪਰ ਉਸ ਨੇ ਇਸਲਾਮੀ ਕੱਟੜ-ਪ੍ਰਸਤੀਆਂ ਅਤੇ ਵਿਰੋਧੀਆਂ ਦੇ ਕਹਿਣ 'ਤੇ ਅਣ-ਜਾਣੇ ਆਪਣਾ ਮਨ ਸਤਿਗੁਰੂ ਜੀ ਨੂੰ ਖ਼ਤਮ ਕਰਨ ਦਾ ਬਣਾਇਆ, ਕਿਉਂਕਿ ਉਹ ਉਨ੍ਹਾਂ ਕੱਟੜ ਮੁਲਾਣਿਆਂ ਨੂੰ ਕਿਸੇ ਭੀ ਕੀਮਤ 'ਤੇ ਖ਼ੁਸ਼ ਕਰਨਾ ਲੋੜਦਾ ਸੀ, ਜਿਨ੍ਹਾਂ ਦੀ ਮਦਦ ਨਾਲ ਉਸ ਨੇ ਤਖ਼ਤ ਹਾਸਲ ਕੀਤਾ ਸੀ। ਇਹੀ ਵੱਡਾ ਕਾਰਨ ਸੀ ਕਿ ਜਹਾਂਗੀਰ ਨੇ ਬਿਨਾਂ ਕਿਸੇ ਕਸੂਰ ਦੇ ਸਤਿਗੁਰੂ ਜੀ ਨੂੰ ਕਤਲ ਕਰਨ ਦਾ ਹੁਕਮ ਇਸਲਾਮੀ ਜਨੂੰਨੀਆਂ ਨੂੰ ਖ਼ੁਸ਼ ਕਰਨ ਲਈ ਦੇ ਦਿੱਤਾ।

੧੬-੯. *ਬਿਪਰ ਵਿਰੋਧਤਾ*

ਸਤਿਗੁਰੂ ਅਰਜਨ ਸਾਹਿਬ ਜੀ ਦੇ ਇਲਹਾਮੀ ਕਾਲ ਵਿਚ ਜਦੋਂ ਅਸੀਂ ਸ਼ਰਧਾਲੂ ਗੁਰਸਿੱਖਾਂ ਦੀ ਜੀਵਨੀ ਪੜ੍ਹਦੇ ਹਾਂ, ਜਿਨ੍ਹਾਂ ਨੇ ਬਿਪ-ਰੀਤੀ ਅਤੇ ਬੁੱਤ-ਪ੍ਰਸਤੀ ਦਾ ਮਾਰਗ ਤਿਆਗ ਕੇ ਕੇਵਲ ਇਕ ਵਾਹਿਗੁਰੂ ਦੇ ਲੜ ਲੱਗਣ ਦਾ ਜੀਵਨ ਜਾਚ ਅਪਣਾ ਲਈ, ਇਸ ਦੈਵੀ ਰੀਤੀ ਨੂੰ ਵੇਖ ਕੇ ਬਿਪ-ਰੀਤੀ ਦਾ ਮੋਢੀ ਵਿਰੋਧੀ ਨੀਤੀ ਧਾਰ ਕੇ ਸਤਿਗੁਰੂ ਜੀ ਦੇ ਖ਼ਿਲਾਫ਼ ਤਲਮਲਾ ਉਠਿਆ। ਜਿਸ ਵੇਲੇ ਸੱਚ ਦਾ ਪ੍ਰਕਾਸ਼ ਹੁੰਦਾ ਹੈ, ਤਦ ਝੂਠ ਦੇ ਬਦਲ ਸੱਚ

ਦੀ ਆਭਾ ਨੂੰ ਦਾਗੀ ਕਰਨ ਵਾਸਤੇ ਆਪਣੀਆਂ ਕੁਰੀਤੀਆਂ ਦਾ ਪਸਾਰਾ ਜਨਤਾ ਦੇ ਦਿਲਾਂ ਵਿਚ ਪਸਾਰਨਾ ਆਰੰਭ ਦਿੰਦੇ ਹਨ। ਉਕਤ ਦਰਸਾਏ ਖ਼ਿਆਲਾਂ ਦੀ ਪ੍ਰੌੜ੍ਹਤਾ ਦੁਨੀਆ ਦੇ ਕੁਝ ਕੁ ਵੱਡੇ ਵੱਡੇ ਵਿਦਵਾਨਾਂ ਰਾਹੀਂ ਕੀਤੀ ਹੋਈ ਪ੍ਰਾਪਤ ਹੁੰਦੀ ਹੈ।

ਮੈਕਾਲਿਫ਼ ਲਿਖਦਾ ਹੈ ਕਿ ਕਸ਼ਮੀਰੀ ਸਿੱਖਾਂ ਦਾ ਇਕ ਜਥਾ ਸਤਿਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਪੇਸ਼ ਹੋਇਆ। ਕਹਿਣ ਲੱਗੇ ਕਿ ਕਸ਼ਮੀਰੀ ਪੰਡਤਾਂ ਨੇ ਸਾਨੂੰ ਇਕ ਅਸਹਿ ਮਸ਼ਵਰਾ ਦਿੱਤਾ ਹੈ, ਉਹ ਕਹਿੰਦੇ ਹਨ ਕਿ ਤੁਸੀਂ ਗੁਰੂ ਦੇ ਦਰਸਾਏ ਸ਼ਬਦ ਨਾ ਪੜ੍ਹਿਆ ਕਰੋ। ਬਲਕਿ ਸੰਸਕ੍ਰਿਤ ਭਾਸ਼ਾ ਅਤੇ ਵੇਦ-ਰੀਤੀ ਵਲ ਮੁੜ ਆਓ, ਸਾਰੀ ਪਾਠ ਪੂਜਾ ਹਿੰਦੂ ਰੀਤੀ ਦੇ ਅਨੁਕੂਲ ਹੀ ਕੀਤਾ ਕਰੋ। ਜੇਕਰ ਤੁਸੀਂ ਐਸਾ ਨਹੀਂ ਕਰੋਗੇ, ਤੁਹਾਨੂੰ ਸਮਾਜ ਵਿਚੋਂ ਛੇਕਿਆ ਜਾਵੇਗਾ। ਤੁਹਾਡੇ ਵਿਰੁੱਧ ਭਾਈਚਾਰਕ ਤੋੜ-ਵਿਛੋੜ ਕੀਤੀ ਜਾਵੇਗੀ। ਤਦ ਹਜ਼ੂਰ ਨੇ ਇਨ੍ਹਾਂ ਕਸ਼ਮੀਰੀ ਸਿੱਖਾਂ ਦੀ ਸਹਾਇਤਾ ਲਈ ਅਤੇ ਗੁਰਮਤਿ ਦੇ ਇਲਹਾਮੀ ਪ੍ਰਚਾਰ ਵਾਸਤੇ ਇਕ ਬਹੁਤ ਹੀ ਯੋਗ ਅਤੇ ਵਿਸ਼ਵਾਸੀ ਸਿੱਖ ਭਾਈ ਮਾਧੋ ਨੂੰ ਇਲਾਕੇ ਦਾ ਮਸੰਦ ਥਾਪ ਕੇ ਭੇਜਿਆ, ਜਿਸ ਨੇ ਕਸ਼ਮੀਰੀ ਪੰਡਤਾਂ ਦੇ ਹਠ-ਧਰਮੀ ਹਮਲੇ ਦਾ ਮੁਕਾਬਲਾ ਵੱਡੀ ਧੀਰਜ, ਹਲੀਮੀ ਅਤੇ ਦ੍ਰਿੜ੍ਹਤਾ ਨਾਲ ਕੀਤਾ। ਔਰ ਕਸ਼ਮੀਰੀ ਸਿੱਖਾਂ ਨੂੰ ਗੁਰਮਤਿ ਦਾ ਸਹੀ ਮਾਰਗ ਦਰਸਾਇਆ। ਇਸ ਖ਼ਿਆਲ ਦੀ ਹਾਮੀ ਮੈਕਾਲਿਫ਼ ਆਪਣੇ ਲਫ਼ਜ਼ਾਂ ਦੇ ਰਾਹੀਂ ਇੰਝ ਕਰਦਾ ਹੈ:

> A deputation of Sikhs came to the Guru Arjan from Kashmir and represented to him that the Pandits of the country had advised them to discontinue the reading of the Guru's hymn and turn their attention to Sanskrit sacred compositions and Hindu worship, otherwise they would have no communication with them. They, therefore, prayed the Guru to send a competent Sikh to Kashmir to silence the Pandits and extend the Guru's faith in that direction. The Guru accordingly sent Madho on that important errand. He commissioned him to instruct the Kashmiris to rise before day; perform their ablutions, repeat and sing the Guru's hymn, associate with holy men, observe the Guru anniversaries, distribute sacred food, give a tithe of their

earnings to the Sikh cause, share their food with others speak civilly, live humbly and adopt other rules and observances of the Sikhs.[1]

ਭਾਈ ਮਾਧੋ ਅਤੇ ਭਾਈ ਕਲਿਆਣਾ ਜੈਸੇ ਅਨੇਕਾਂ ਹੀ ਗੁਰਸਿੱਖਾਂ ਨੇ ਗੁਰਮਤਿ ਦੀ ਤਬਲੀਗ਼ (ਪ੍ਰਚਾਰ) ਕਰ ਕੇ ਬਿਪ-ਰੀਤੀ ਦੇ ਮਾਰੂ ਸੰਸਕਾਰਾਂ ਤੋਂ ਪਰਜਾ ਨੂੰ ਸੁਤੰਤਰ ਕੀਤਾ, ਜਿਸ ਦੇ ਬਦਲੇ ਵਿਚ ਪੰਡਤ ਪ੍ਰਣਾਲੀ ਨਵੇਂ ਬਣੇ ਗੁਰਸਿੱਖਾਂ ਦੇ ਖ਼ਿਲਾਫ਼ ਖੜੀ ਹੋ ਗਈ,[2] ਜਿਨ੍ਹਾਂ ਵਿਚ ਅਕਬਰ ਦਾ ਵਜ਼ੀਰ ਬੀਰਬਲ ਭੀ ਸ਼ਾਮਲ ਸੀ। ਬੀਰਬਲ ਗੁਰਮਤਿ ਦਾ ਫੈਲਾਉ ਵੇਖ ਕੇ ਸਤਿਗੁਰੂ ਅਰਜਨ ਸਾਹਿਬ ਜੀ ਦਾ ਵਿਰੋਧੀ ਹੋ ਗਿਆ। ਇਸ ਨਵੇਂ ਰੂਹਾਨੀ ਮਾਰਗ ਤੋਂ ਅੰਦਰੂਨੀ ਤੌਰ 'ਤੇ ਖੁਣਸ ਰੱਖਣ ਲੱਗਾ। ਅਕਬਰ ਦੇ ਸਮੇਂ ਵਿਚ ਇਸ ਦੀ ਚੜ੍ਹਤ ਕੁਝ ਸਮੇਂ ਲਈ ਦੀਵੇ ਦੇ ਚਾਨਣ ਵਾਂਙੂ ਅੱਛੇ ਤੇਜੱਸਵੀ ਦੌਰ ਵਿਚ ਚਮਕਦੀ ਰਹੀ। ਸਤਿਗੁਰਾਂ ਨਾਲ ਅੰਦਰੂਨੀ ਤੌਰ 'ਤੇ ਖੁਣਸ ਰੱਖਣ ਕਰਕੇ ਇਸ ਦੇ ਮੰਦੇ ਦਿਨ ਨੇੜੇ ਆਣ ਪੁਜੇ। ਜ਼ੈਨ ਕੋਕਾਹ ਯੂਸਫ਼ਜ਼ਈ ਪਠਾਣਾਂ ਦੇ ਖ਼ਿਲਾਫ਼ ਸਰਹੱਦੀ ਸੂਬੇ ਵਿਚ ਲੜਾਈ ਲੜ ਰਿਹਾ ਸੀ। ਉਸ ਨੂੰ ਕੁਝ ਫ਼ੌਜੀ ਕੁਮਕ ਦੀ ਹੋਰ ਲੋੜ ਪੈ ਗਈ। ਸਮਰਾਟ ਅਕਬਰ ਵਲੋਂ ਬੀਰਬਲ ਨੂੰ ਆਦੇਸ਼ ਦਿੱਤਾ ਗਿਆ ਕਿ ਉਹ ਫ਼ੌਰਨ ਜ਼ੈਨ ਖ਼ਾਨ ਕੋਕਾਹ ਦੀ ਮਦਦ ਲਈ ਯੂਸਫ਼ਜ਼ਈਆਂ ਦੇ ਖ਼ਿਲਾਫ਼ ਵੱਡੀ ਭਾਰੀ ਫ਼ੌਜ ਲੈ ਕੇ ਜਾਵੇ, ਔਰ ਯੂਸਫ਼ਜ਼ਈ ਪਠਾਣਾਂ ਨੂੰ ਸਰ ਕਰ ਕੇ ਆਵੇ। ਮੁਹਿੰਮ ਨੂੰ ਜਾਣ ਤੋਂ ਪਹਿਲਾਂ ਬੀਰਬਲ ਨੇ ਬਾਦਸ਼ਾਹ ਕੋਲੋਂ ਇਹ ਹੁਕਮਨਾਮਾ ਲਿਖਤੀ-ਰੂਪ ਵਿਚ ਲੈ ਲਿਆ ਕਿ ਉਹ ਪੰਜਾਬ ਵਿਚ ਵੱਸਦੇ ਹਰ ਖੱਤਰੀ ਤੋਂ ਟੈਕਸ ਦੇ ਰੂਪ ਵਿਚ ਮਾਲੀਆ ਲੈ ਸਕੇ, ਤਾਕਿ ਮੁਹਿੰਮ ਵਿਚ ਹੋਰ ਜਲਦੀ ਮਦਦ ਕੀਤੀ ਜਾ ਸਕੇ। ਉਹ ਬਿਆਸ ਨਦੀ ਨੂੰ ਪਾਰ ਕਰ ਕੇ ਸ੍ਰੀ ਅੰਮ੍ਰਿਤਸਰ ਦੇ ਨੇੜੇ ਆਣ ਉਤਰਿਆ। ਅੰਦਰੂਨੀ ਖੁਣਸ ਦੇ ਕਾਰਨ ਉਸ ਨੇ ਅੰਮ੍ਰਿਤਸਰ ਵਿਚ ਆਪਣੇ ਪਿਆਦੇ ਮਾਮਲੇ ਦੀ ਉਗਰਾਹੀ ਵਾਸਤੇ ਭੇਜ ਦਿੱਤੇ। ਪਰੰਤੂ ਅੰਮ੍ਰਿਤਸਰ ਦੇ ਸਿੱਖਾਂ ਨੇ ਇਹ ਕਹਿ ਕੇ ਪਿਆਦਿਆਂ ਨੂੰ ਵਾਪਸ ਭੇਜ ਦਿੱਤਾ ਕਿ ਅਸੀਂ ਖੱਤਰੀ ਨਹੀਂ ਹਾਂ, ਬਲਕਿ ਅਸੀਂ ਸਤਿਗੁਰੂ ਦੇ ਸਿੱਖ ਹਾਂ। ਇਸ ਵਾਸਤੇ ਇਹ ਮਾਮਲਾ ਉਗਰਾਹੀ ਦੀ ਧਾਰਾ ਅਸਾਡੇ ਉਤੇ ਲਾਗੂ ਨਹੀਂ ਹੁੰਦੀ। ਜਦੋਂ ਬੀਰਬਲ ਨੂੰ ਇਸ ਗੱਲ ਦਾ ਪਤਾ ਲੱਗਾ, ਉਹ ਬਹੁਤ ਹੀ ਤਲਖ਼ੀ ਵਿਚ ਆਇਆ। ਉਸ ਨੇ ਇਕ ਚਿੱਠੀ ਲਿਖ ਕੇ ਆਪਣਾ ਹਲਕਾਰਾ ਸਤਿਗੁਰੂ ਜੀ ਵਲ ਭੇਜਿਆ ਕਿ ਜੇਕਰ ਤੁਸੀਂ ਮੁਕਤੀ ਦਾਤੇ ਹੋ, ਕੇਵਲ ਆਪਣੇ

---

1. Macauliffe, III, p. 66-67, Chapter viii.
2. ਦੇਖੋ ਮੈਕਾਲਿਫ਼, ਜਿਲਦ ਤੀਜੀ, ਪੰਨਾ ੪—ਭਾਈ ਕਲਿਆਣਾ ਅਤੇ ਬਿਪ-ਰੀਤੀਆਂ ਦਾ ਵਿਰੋਧ।

ਸਿੱਖਾਂ ਵਾਸਤੇ ਹੀ ਹੋ, ਮੇਰੇ ਲਈ ਤੁਸੀਂ ਇਕ ਸ਼ਹਿਰੀ ਹੋ, ਮਾਮਲਾ ਦੇਣਾ ਹੀ ਪਵੇਗਾ। ਜੇਕਰ ਤੁਸੀਂ ਮਾਮਲਾ ਦੇਣ ਵਿਚ ਕੋਤਾਹੀ ਕੀਤੀ, ਤਦ ਮੈਂ ਅੰਮ੍ਰਿਤਸਰ ਨਗਰੀ ਨੂੰ ਜੜ੍ਹਾਂ ਤੋਂ ਉਖੇੜ ਕੇ ਮਲੀਆਮੇਟ ਕਰ ਦੇਵਾਂਗਾ।

ਸਤਿਗੁਰੂ ਜੀ ਨੇ ਆਏ ਸਿਪਾਹੀਆਂ ਦੀ ਆਉ-ਭਗਤ ਕੀਤੀ, ਔਰ ਆਖ ਭੇਜਿਆ ਕਿ ਜਾਉ ਬੀਰਬਲ ਨੂੰ ਕਹਿ ਦੇਵੋ, ਜੋ ਉਸ ਦੀ ਮਰਜ਼ੀ ਹੈ, ਕਰ ਲਵੇ, ਅਸਾਡਾ ਰਾਖਾ ਉਹ ਅਕਾਲ ਪੁਰਖ ਆਪ ਹੈ। ਸਿਪਾਹੀਆਂ ਨੇ ਸਤਿਗੁਰੂ ਜੀ ਦੀ ਅਜ਼ਮਤ ਦਾ ਪ੍ਰਭਾਵ ਕਬੂਲਿਆ, ਉਨ੍ਹਾਂ ਵਜ਼ੀਰ ਨੂੰ ਝੂਠ ਹੀ ਜਾ ਆਖਿਆ ਕਿ ਸਤਿਗੁਰੂ ਜੀ ਆਪ ਕੱਲ੍ਹ ਨੂੰ ਇਥੇ ਚੱਲ ਕੇ ਆ ਰਹੇ ਹਨ। ਇਹ ਸੁਣ ਕੇ ਬੀਰਬਲ ਅਹੰਕਾਰ ਵਿਚ ਆਣ ਕੇ ਕਹਿਣ ਲੱਗਾ, "ਚੰਗਾ ਹੋਵੇਗਾ ਜੇਕਰ ਗੁਰੂ ਆਪ ਚਲ ਕੇ ਆ ਜਾਵੇ, ਨਹੀਂ ਤੇ ਮੈਂ ਸਾਰੀ ਅੰਮ੍ਰਿਤਸਰ ਨਗਰੀ ਨੂੰ ਜਲਾ ਕੇ ਖ਼ਾਕ ਕਰ ਦੇਵਾਂਗਾ।"

ਇਸੇ ਸਮੇਂ ਆਗਰਾ ਤੋਂ ਇਕ ਹੋਰ ਹੁਕਮਨਾਮਾ ਬਾਦਸ਼ਾਹ ਵਲੋਂ ਬੀਰਬਲ ਵਾਸਤੇ ਆ ਗਿਆ ਕਿ ਜਿਤਨੀ ਜਲਦੀ ਹੋ ਸਕੇ, ਬਿਨਾਂ ਕਿਸੇ ਕਿਸਮ ਦੀ ਢਿੱਲ ਕੀਤਿਆਂ ਜ਼ੈਨ ਖ਼ਾਨ ਕੋਕਾਹ ਨੂੰ ਫ਼ੌਜੀ ਮਦਦ ਦਿੱਤੀ ਜਾਵੇ। ਇਹ ਹੁਕਮ ਸੁਣ ਕੇ ਬੀਰਬਲ ਦੀ ਅੰਦਰੂਨੀ ਸੋਚਣੀ ਨਿਰਾਸ਼ਾ ਵਿਚ ਬਦਲ ਗਈ, ਕਿਉਂਕਿ ਉਹ ਬਿਪ-ਰੀਤੀ ਦੀ ਜਲਨ ਕਰਕੇ ਸਤਿਗੁਰੂ ਜੀ ਨੂੰ ਅਤੇ ਸਾਰੇ ਸਿੱਖੀ ਕੇਂਦਰ ਨੂੰ ਖ਼ਤਮ ਕਰਕੇ ਰਾਖ ਵਿਚ ਮਿਲਾ ਦੇਣਾ ਚਾਹੁੰਦਾ ਸੀ। ਪਰ ਉਸ ਅਭਿਮਾਨੀ ਬਿਪਰ ਨੂੰ ਇਲਹਾਮੀ ਸ਼ਕਤੀ ਦਾ ਗਿਆਨ ਨਹੀਂ ਸੀ। ਹਜ਼ੂਰ ਦਾ ਫ਼ੁਰਮਾਨ ਹੈ :

> **ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥...**
> **ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥**
>
> *—ਵਾਰ ਗਉੜੀ, ਮ: ੪, ਪੰਨਾ ੩੦੬-੧੬*

ਬਾਦਸ਼ਾਹ ਵਲੋਂ ਸਖ਼ਤ ਆਦੇਸ਼ ਆਉਣ ਕਰਕੇ ਬੀਰਬਲ ਅੰਮ੍ਰਿਤਸਰ ਸ਼ਹਿਰ ਅਤੇ ਸਤਿਗੁਰੂ ਜੀ ਦੇ ਖ਼ਾਤਮੇ ਦਾ ਬਿਪਰ ਮਨਸੂਬਾ ਆਪਣੇ ਦਿਲ ਵਿਚ ਖੁਣਸ ਦੀ ਗੰਢ ਬੰਨ੍ਹ ਕੇ ਕਾਬਲ ਵਲ ਨੂੰ ਕੂਚ ਕਰ ਗਿਆ। ਪਰੰਤੂ ਤੁਰਨ ਲਗਾ ਆਖਣ ਲਗਾ ਕਿ ਵਾਪਸ ਆਣ ਕੇ ਇਨ੍ਹਾਂ ਦੀ ਅੱਛੀ ਤਰ੍ਹਾਂ ਖ਼ਬਰ ਲਵਾਂਗਾ। ਆਪਣੇ ਅਹਿਲਕਾਰਾਂ ਨੂੰ ਹੁਕਮ ਦੇ ਗਿਆ ਕਿ ਗੁਰੂ ਨੂੰ ਮੇਰਾ ਪੈਗ਼ਾਮ ਭੇਜ ਦੇਵੋ ਕਿ ਮੈਂ ਮੁਹਿੰਮ ਤੋਂ ਵਾਪਸ ਆਣ ਕੇ ਗੁਰੂ ਅਤੇ ਸਿੱਖੀ ਕੇਂਦਰ ਦੀ ਦੁਰਦਸ਼ਾ ਲਾਜ਼ਮੀ ਹੀ ਕਰਾਂਗਾ। ਇਸ ਬਿਪਰ ਵਜ਼ੀਰ ਦੇ ਮਲੀਣ ਇਰਾਦੇ ਨੂੰ ਅੱਛੀ ਤਰ੍ਹਾਂ ਸਮਝਣ ਲਈ ਮੈਕਾਲਿਫ਼ ਦੇ ਸ਼ਬਦ ਵਧੇਰੇ ਸਹਾਇਕ ਹੋਣਗੇ :

Meanwhile another order arrived from the Emperor telling the Raja to make a haste and proceed with his troops by forced marches to unite with Zain Khan against the Yusufzais. The Raja was much disappointed on receiving this peremptory command, as it left him no time to wreak his vengeance on the Guru. He ordered his staff to remind him of the Guru on his return and said that if he did not then get a rupee from each house in Amritsar, he would raze the city to its foundations. As the sacrificial fire flames up when clarified butter is thrown on it, so did the Raja's spirit burn at the recollection of the Guru's language. When the Sikhs communicated to the Guru the Raja's wrathful words he merely said, if the Raja return he will give us trouble; Zain Khan the commander-in-chief and Raja Birbar held divided councils. They were attacked and defeated by the Yusufzais. Zain Khan escaped with difficulty, but Birbar was slain[1].......The Emperor Akbar's new prime minister, Raja Birbar, a learned and accomplished man, was on religious grounds hostile to the Guru and jealous of his daily increasing influence and popularity.[2]

ਗੁਰੂ-ਘਰ ਦਾ ਬਿਪਰ ਵਿਰੋਧੀ ਮਲੀਣ ਮਨਸੂਬੇ ਸੋਚਦਾ ਸੋਚਦਾ ਜ਼ੈਨ ਖ਼ਾਨ ਕੋਕਾਹ ਦੀ ਮਦਦ ਵਾਸਤੇ ਆਪਣੀ ਫ਼ੌਜ ਨੂੰ ਲੈ ਕੇ ਯੂਸਫ਼ਜ਼ਈ ਕਬੀਲੇ ਦੇ ਵਿਰੁੱਧ ਮੈਦਾਨੇ-ਜੰਗ ਵਿਚ ਆਣ ਉਤਰਿਆ। ਯੂਸਫ਼ਜ਼ਈ ਫ਼ੌਜਾਂ ਨੇ ਇਤਨਾ ਜ਼ਬਰਦਸਤ ਹਮਲਾ ਕੀਤਾ ਕਿ ਇਹ ਬਿਪਰ ਆਪਣੀ ਫ਼ੌਜ ਦੇ ਸਮੇਤ ਹੀ ਰਣ-ਤੱਤੇ ਵਿਚ ਨਰਕਾਂ ਨੂੰ ਚਲਾ ਗਿਆ ਔਰ ਜ਼ੈਨ ਖ਼ਾਨ ਕੋਕਾਹ ਬੜੀ ਮੁਸ਼ਕਿਲ ਨਾਲ ਆਪਣੀ ਜਾਨ ਬਚਾ ਕੇ ਮੈਦਾਨ ਯੂਸਫ਼ਜ਼ਈਆਂ ਦੇ ਹਵਾਲੇ ਕਰ ਕੇ ਪਿਛਾਂਹ ਪਰਤ ਆਇਆ।

ਬੀਰਬਲ ਦੀ ਖ਼ੁਣਸ ਭਰਪੂਰ ਨੀਤੀ ਦੀਆਂ ਕੁਝ ਮਿਸਾਲਾਂ ਇਤਿਹਾਸ ਦੇ

1. Macauliffe, iii, p. 17.
2. Macauliffe, iii, p. 15.

ਪੰਨਿਆਂ ਤੋਂ ਹੋਰ ਭੀ ਕਈ ਥਾਂਈ ਉਪਲਬਧ ਹੁੰਦੀਆਂ ਹਨ। *ਸਹਿਜੇ ਰਚਿਓ ਖਾਲਸਾ* ਦਾ ਕਰਤਾ ਹਰਿੰਦਰ ਸਿੰਘ ਮਹਿਬੂਬ ਜੀ ਲਿਖਦੇ ਹਨ ਕਿ ਸੁਲਹੀ ਅਤੇ ਸੁਲਭੀ ਤੋਂ ਪਹਿਲਾਂ ਅਕਬਰ ਦੇ ਇਕ ਮਨਸਬਦਾਰ ਬੀਰਬਲ ਨੇ ਭੀ ਵਰਣ-ਆਸ਼ਰਮ ਦੀਆਂ ਪੁਰਾਤਨ ਰੀਤਾਂ ਨੂੰ ਤੋੜ ਕੇ ਲੰਘਣ ਵਾਲੇ ਸਤਿਗੁਰੂ ਸਾਹਿਬਾਨ ਦੇ ਤੀਸਰੇ ਰਾਹ ਨੂੰ ਤਕ ਕੇ ਈਰਖਾ ਖਾਧੀ ਅਤੇ ਸਰਹੱਦ ਦੀ ਮੁਹਿੰਮ ਤੋਂ ਮੁੜ ਕੇ ਆਉਣ ਪਿੱਛੋਂ ਗੁਰੂ ਜੀ ਨੂੰ ਸਖ਼ਤ ਸਜ਼ਾ ਦੇਣ ਦਾ ਦਾਅਵਾ ਕੀਤਾ। ਪਰ ਮੂਰਖ ਬਿਪਰ ਪਠਾਣਾਂ ਨਾਲ ਲੜਦਾ ਹੋਇਆ ਮਾਰਿਆ ਗਿਆ। ਗੁਰੂ ਜੀ ਆਪਣੇ ਅਡੋਲ ਵਿਗਾਸ ਵਿਚ ਵਿਚਰਦੇ ਰਹੇ।

ਬਿਪਰ ਵਿਰੋਧਤਾ ਦੀ ਇਕ ਹੋਰ ਵਾਰਦਾਤ *ਬੰਸਾਵਲੀ ਨਾਮਾ* ਵਿਚੋਂ ਭੀ ਪੜ੍ਹਨ ਸੁਣਨ ਵਿਚ ਆਉਂਦੀ ਹੈ। ਇਕ ਬ੍ਰਾਹਮਣ ਜਿਸ ਦਾ ਨਾਮ ਹਰੀ ਰਾਮ ਕਰਕੇ ਲਿਖਿਆ ਮਿਲਦਾ ਹੈ, ਇਹ ਸੋਢੀਆਂ ਦਾ ਪ੍ਰੋਹਤ ਸੀ। ਪਰੰਤੂ ਬਿਪਰ ਸੰਸਕਾਰਾਂ ਦੇ ਕਾਰਨ ਗੁਰੂ-ਘਰ ਨਾਲ ਬੜੀ ਅਦਾਵਤ ਰੱਖਦਾ ਸੀ। ਬ੍ਰਾਹਮਣ ਹੋਣ ਦੇ ਨਾਤੇ ਉਹ ਵਰਣ-ਆਸ਼ਰਮ ਦਾ ਕੱਟੜ ਹਾਮੀ ਸੀ। ਗੁਰਮਤਿ ਦੇ ਰਾਹੀਂ ਆਉਂਦੇ ਸਮਾਜੀ ਪ੍ਰੀਵਰਤਨ ਨੂੰ ਵੇਖ ਕੇ ਸੁਖਾਂਦਾ ਨਹੀਂ ਸੀ। ਪ੍ਰਿਥੀ ਚੰਦ ਨਾਲ ਜੁੜ ਕੇ ਗੁਰੂ-ਘਰ ਦੀ ਵਿਰੋਧਤਾ ਦਾ ਭਾਈਵਾਲ ਬਣਿਆ। ਇਸ ਗਾਥਾ ਦੀ ਅਸਲੀ ਰੂਪ-ਰੇਖਾ ਕੇਸਰ ਸਿੰਘ ਜੀ ਛਿੱਬਰ ਦੇ ਸ਼ਬਦਾਂ ਵਿਚ ਪੜ੍ਹਨੀ ਹੋਰ ਵਧੇਰੇ ਲਾਭਦਾਇਕ ਹੋਵੇਗੀ :

> **ਇਕ ਦਿਨ ਹਰੀ ਰਾਮ ਪ੍ਰੋਹਤ ਸੋਢੀਆਂ ਦਾ,**
> **ਸੋ ਪ੍ਰਿਥੀਏ ਦੇ ਪੱਖ ਸਾਹਿਬ ਦੀ ਫਿਰੇ ਚੁਗਲੀ ਖਾਂਦਾ॥**
> **ਅਤੇ ਸਾਹਿਬ ਉਸ ਨੂੰ ਦਿਨ ਦਿਹਾਰ ਦਾਨ ਹਮੇਸ਼ਾ ਦੇਂਦੇ ਆਹੇ॥**
> **ਪ੍ਰੋਹਤ ਕੁਲ ਦਾ ਕਰ ਮੰਨਨ ਤਾਹਿ॥੧੦੯॥**
> **ਸੋ ਪ੍ਰਿਥੀਏ ਭਰਮਾਇਆ॥**
> **ਵਡੇ ਜਾਣਿ ਨਾਲਿ ਉਨਾ ਉਠਿ ਜਾਇਆ॥**
> **ਤਿਸ ਪਰਥਾਇ ਸਾਹਿਬ ਬਚਨ ਉਚਾਰਿਆ॥**
> **ਸਬਦ ਲਿਖ ਹੈ ਗੁਰੂ ਗ੍ਰੰਥ ਵਿਚਿ ਧਾਰਿਆ॥੧੧੦॥**[1]

ਐਸੀ ਘਿਰਣਤ ਬਿਪ-ਰੀਤੀ ਨੂੰ ਸੰਬੋਧਨ ਕਰਦਿਆਂ ਹਜ਼ੂਰ ਨੇ ਪਾਵਨ ਗੁਰਬਾਣੀ ਵਿਚ ਸ਼ਬਦ ਦੇ ਰਾਹੀਂ ਜ਼ਿਕਰ ਕੀਤਾ ਹੈ ਕਿ ਐਸੇ ਬ੍ਰਾਹਮਣ ਭਵ-ਸਾਗਰ ਵਿਚ ਹੀ ਡੁੱਬ ਮਰਦੇ ਹਨ ਜੋ ਬਿਨਾਂ ਕਿਸੇ ਕਸੂਰ ਦੇ ਹੀ ਦੂਜਿਆਂ ਦੀ ਬੁਰਿਆਈ ਚਿਤਾਰਦੇ ਰਹਿੰਦੇ ਹਨ। ਜੇਕਰ ਇਨ੍ਹਾਂ ਤੋਂ ਕੋਈ

1. *ਬੰਸਾਵਲੀ ਨਾਮਾ*, ਚਰਣ ੫, ਪੰਨਾ ੫੨।

ਪੂਜਾ ਪਾਠ ਕਰਵਾਂਦਾ ਹੈ ਤਦ ਇਹ ਪਹਿਲਾਂ ਹੀ ਉਨ੍ਹਾਂ ਸ਼ਰਧਾਲੂਆਂ ਤੋਂ ਪੂਜਾ ਦਾ ਦਾਨ ਮੰਗਦੇ ਹਨ ਔਰ ਪੂਜਾ ਦਾ ਦਾਨ ਲੈ ਕੇ ਮੁਕਰ ਜਾਂਦੇ ਹਨ। ਹਜ਼ੂਰ ਫ਼ੁਰਮਾਂਦੇ ਹਨ, "ਹੇ ਬਿਪਰ! ਜਿਸ ਅਦਾਲਤ ਵਿਚ ਤੂੰ ਅੰਤਮ ਨਿਆਇ ਵਾਸਤੇ ਹਾਜ਼ਰ ਹੋਣਾ ਹੈ, ਉਥੇ ਤੈਨੂੰ ਇਨ੍ਹਾਂ ਮੰਦੀਆਂ ਕਰਤੂਤਾਂ ਦੇ ਕਾਰਣ ਲਾਜ਼ਮੀ ਹੀ ਖੁਆਰੀ ਦੀ ਦਸ਼ਾ ਵਿਚ ਝੂਰਨਾ ਪਵੇਗਾ। ਜੋ ਪ੍ਰਾਣੀ ਬ੍ਰਹਮ ਨੂੰ ਪਛਾਣਨ ਦੀ ਬਜਾਇ ਲੋਭ ਲਹਿਰ ਵਿਚ ਹਲਕਾਏ ਫਿਰਦੇ ਹਨ ਔਰ ਆਪਣੇ ਸੁਆਰਥ ਨੂੰ ਸਿਰੇ ਚਾੜ੍ਹਨ ਲਈ ਗੁਰੂ-ਘਰ ਦੀ ਬਦਖੋਈ ਕਰਦੇ ਹਨ, ਉਹ ਆਪਣੇ ਸਿਰ ਉਤੇ ਅਜਗਰ ਭਾਰਾਂ ਦਾ ਬੋਝਾ ਉਠਾਉਂਦੇ ਹਨ। ਮਾਇਕ ਸ਼ੈਤਾਨ ਦਾ ਗੁਮਰਾਹ ਕੀਤਾ ਹੋਇਆ ਬਿਪਰ ਬ੍ਰਹਮ ਨੂੰ ਯਾਦ ਨਹੀਂ ਕਰਦਾ ਹੈ, ਬਲਕਿ ਅਨੇਕਾਂ ਹੀ ਅਨਾੜੀ ਰਸਤਿਆਂ 'ਤੇ ਭਟਕ ਰਿਹਾ ਹੈ। ਅੰਤਰ ਆਤਮੇ ਮਲੀਣਤਾ ਦੇ ਘੇਰੇ ਉਸਰ ਰਹੇ ਹਨ, ਪਰੰਤੂ ਬੈਰੂਨੀ ਜੀਵਨ ਵਿਚ ਭੇਖੀ ਬਣ ਕੇ ਆਪਣੀ ਸ਼ੋਭਾ ਵਧਾਂਦਾ ਹੈ। ਜੋ ਬਿਪਰ ਦੂਸਰਿਆਂ ਨੂੰ ਸਿੱਖ ਮਤਿ ਦੇਂਦਾ ਹੈ ਪਰੰਤੂ ਆਪ ਬ੍ਰਹਮ ਦੀ ਪਛਾਣ ਤੋਂ ਸੱਖਣਾ ਹੈ, ਐਸਾ ਬ੍ਰਾਹਮਣ ਹਲਤ ਪਲਤ ਵਿਚ ਕਾਮਯਾਬੀ ਹਾਸਲ ਨਹੀਂ ਕਰ ਸਕਦਾ ਹੈ। ਹੇ ਝੱਲੇ ਬਿਪਰ! ਤੂੰ ਗੁਰੂ-ਘਰ ਦੀ ਬਦਖੋਈ ਤਿਆਗ ਕੇ ਰੱਬ ਨੂੰ ਯਾਦ ਕੀਤਾ ਕਰ, ਕਿਉਂਕਿ ਉਹ ਪ੍ਰਭੂ ਤੇਰੇ ਸਾਰੇ ਕਰਮ ਜੋ ਤੂੰ ਕਰਦਾ ਅਤੇ ਪ੍ਰਚਾਰਦਾ ਹੈਂ, ਤੇਰੇ ਅੰਗ ਸੰਗ ਰਹਿ ਕੇ ਦੇਖਦਾ ਅਤੇ ਸੁਣਦਾ ਹੈ। ਪਰ ਗੁਰੂ-ਘਰ ਦੀ ਸ਼ਰਨ ਬਿਨਾਂ ਭਾਗਾਂ ਤੋਂ ਪ੍ਰਾਪਤ ਨਹੀਂ ਹੁੰਦੀ।" ਹਜ਼ੂਰ ਫ਼ੁਰਮਾਂਦੇ ਹਨ, "ਜੇ ਕਿਸਮਤ ਦਾ ਸਿਤਾਰਾ ਚਮਕ ਪਵੇ ਤਦ ਇਕ ਬਿਪਰ ਭੀ ਅਹੰਕਾਰੀ ਜੀਵਨ ਰੀਤੀ ਤਿਆਗ ਕੇ ਗੁਰੂ ਦੀ ਪਨਾਹ ਵਿਚ ਆ ਸਕਦਾ ਹੈ।" (ਜੋ ਪਨਾਹ ਵਿਚ ਆਇਆ ਹੈ, ਉਹ ਲਾਜ਼ਮੀ ਹੀ ਅਭੇਦਤਾ ਦੇ ਅੰਸ਼ ਵਿਚ ਲੀਨ ਹੋ ਗਿਆ ਹੈ) ਹਜ਼ੂਰ ਦਾ ਫ਼ੁਰਮਾਨ ਹੈ:

ਪੰਕਜ ਮੋਹ ਨਿਘਰਤੁ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ ॥
ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ ॥

—ਕਾਨੜਾ ਮ: ੪, ਪੰਨਾ ੧੩੧੧-੧

ਹਿੰਦੁਸਤਾਨ ਵਿਚ ਰਹਿਮਤਾਂ ਦੇ ਬੱਦਲਾਂ ਦੀ ਵਰਖਾ ਹੋਈ, ਪਰ ਇਹ ਜ਼ਮੀਨ (ਪਰਜਾ ਦੇ ਹਿਰਦੇ ਬਿਪ-ਰੀਤੀ ਦੇ ਕਾਰਣ ਕੱਲਰ ਸਨ) ਇਤਨੀ ਕਾਬਲ ਨਹੀਂ ਸੀ ਕਿ ਅਬਰੇ-ਰਹਿਮਤ ਦੀ ਆਸਮਾਨੀ ਧਾਰਾ ਨੂੰ ਆਪਣੇ ਵਿਚ ਸਮਾ ਸਕਦੀ। ਤਦੇ ਹੀ ਅਲਾਮਾ ਇਕਬਾਲ ਨੇ ਬਿਪਰ-ਰੀਤੀ ਵਲ ਇਸ਼ਾਰਾ ਕਰਦਿਆਂ ਸਤਿਗੁਰੂ ਨਾਨਕ ਦੇਵ ਜੀ ਦੀ ਤਬਲੀਗ 'ਤੇ ਇਕ ਨਜ਼ਮ ਲਿਖੀ ਹੈ:

ਸ਼ਮਾਏ ਹੱਕ ਸੇ ਜੋ ਮਨੱਵਰ ਹੋ ਯਹ ਵੁਹ ਮਹਿਫ਼ਲ ਨ ਥੀ।

ਬਾਰਸ਼ੇ ਰਹਿਮਤ ਹੁਈ ਲੇਕਿਨ ਜ਼ਮੀਂ ਕਾਬਿਲ ਨ ਥੀ।[1]

ਬਿਪਰ-ਰੀਤੀ ਦੇ ਖ਼ਿਆਲੀ ਫ਼ਲਸਫ਼ੇ ਵਿਚ ਫਸੀ ਹੋਈ ਘੁਮੰਡੀ ਜੀਵਨੀ ਨੇ ਗੁਰੂ ਨਾਨਕ ਦੇ ਇਲਹਾਮੀ ਪੈਗ਼ਾਮ ਦੀ ਕੋਈ ਪ੍ਰਵਾਹ ਨਹੀਂ ਕੀਤੀ। ਜੇਕਰ ਇਹ ਮੋਹ ਮਾਇਆ ਦੇ ਜਾਲਾਂ ਵਿਚ ਫਾਥੀ ਉੱਮਤ ਸਤਿਗੁਰੂ ਦੀ ਸ਼ਰਨ ਵਿਚ ਤੋਬਾ ਤੋਬਾ ਕਰ ਕੇ ਆ ਜਾਂਦੀ, ਤਦ ਸਤਿਗੁਰੂ ਲਾਜ਼ਮੀ ਹੀ ਆਪਣੇ ਬਿਰਦ ਬਾਣੇ ਦੀ ਲਜਿਆ ਪਾਲਦੇ। ਇਨ੍ਹਾਂ ਦੇ ਰਖਵਾਲੇ ਬਣ ਜਾਂਦੇ ਪਰ ਇਹ ਬਿਪਰ ਹਾਲੇ ਤਕ ਭੀ ਸ਼ਰਨ ਵਿਚ ਨਹੀਂ ਆਇਆ। ਹਜ਼ੂਰ ਦਾ ਇਲਹਾਮੀ ਫ਼ੁਰਮਾਨ ਹੈ:

ਮਨਮੁਖਿ ਹਉਮੈ ਵਿਛੁੜੇ ਮੇਰੀ ਜਿੰਦੁੜੀਏ
ਬਿਖੁ ਬਾਧੇ ਹਉਮੈ ਜਾਲੇ ਰਾਮ ॥
ਜਿਉ ਪੰਖੀ ਕਪੋਤਿ ਆਪੁ ਬੰਨ੍ਹਾਇਆ ਮੇਰੀ ਜਿੰਦੁੜੀਏ
ਤਿਉ ਮਨਮੁਖ ਸਭਿ ਵਸਿ ਕਾਲੇ ਰਾਮ ॥
ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ
ਸੇ ਮਨਮੁਖ ਮੂੜ ਬਿਤਾਲੇ ਰਾਮ ॥
ਜਨ ਤ੍ਰਾਹਿ ਤ੍ਰਾਹਿ ਸਰਣਾਗਤੀ ਮੇਰੀ ਜਿੰਦੁੜੀਏ
ਗੁਰ ਨਾਨਕ ਹਰਿ ਰਖਵਾਲੇ ਰਾਮ ॥੩॥

—ਬਿਹਾਗੜਾ ਮ: ੪, ਪੰਨਾ ੫੩੮-੩੭

ਸਤਿਗੁਰੂ ਅਰਜਨ ਦੇਵ ਜੀ ਹਰੀ ਰਾਮ ਬਿਪਰ ਨੂੰ ਚਿਤਾਵਨੀ ਦੇ ਰੂਪ ਵਿਚ ਇਕ ਉਪਦੇਸ਼ ਕਰਦੇ ਹਨ, ਜਿਸ ਦੇ ਅਰਥ ਆਪ ਜੀ ਉਕਤ ਵਾਰਤਾ ਵਿਚ ਪੜ੍ਹ ਆਏ ਹੋ। ਹਜ਼ੂਰ ਕਥਨ ਕਰਦੇ ਹਨ:

ਦਾਨੁ ਦੇਇ ਕਰਿ ਪੂਜਾ ਕਰਨਾ ॥
ਲੈਤ ਦੇਤ ਉਨ੍ ਮੂਕਰਿ ਪਰਨਾ ॥
ਜਿਤੁ ਦਰਿ ਤੁਮ੍ ਹੈ ਬ੍ਰਾਹਮਣ ਜਾਣਾ ॥
ਤਿਤੁ ਦਰਿ ਤੂੰ ਹੀ ਹੈ ਪਛੁਤਾਣਾ ॥੧॥
ਐਸੇ ਬ੍ਰਾਹਮਣ ਡੂਬੇ ਭਾਈ ॥
ਨਿਰਾਪਰਾਧ ਚਿਤਵਹਿ ਬੁਰਿਆਈ ॥੧॥ਰਹਾਉ॥
ਅੰਤਰਿ ਲੋਭੁ ਫਿਰਹਿ ਹਲਕਾਏ ॥
ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥
ਮਾਇਆ ਮੂਠਾ ਚੇਤੈ ਨਾਹੀ ॥
ਭਰਮੇ ਭੂਲਾ ਬਹੁਤੀ ਰਾਹੀ ॥੨॥

1. ਉਲਾਮਾ ਇਕਬਾਲ, ਬਾਂਗੇ ਦਰਾ, ਪੰਨਾ ੨੩੯।

ਬਾਹਰਿ ਭੇਖ ਕਰਹਿ ਘਨੇਰੇ ॥
ਅੰਤਰਿ ਬਿਖਿਆ ਉਤਰੀ ਘੇਰੇ ॥
ਅਵਰ ਉਪਦੇਸੈ ਆਪਿ ਨ ਬੂਝੈ ॥
ਐਸਾ ਬ੍ਰਾਹਮਣ ਕਹੀ ਨ ਸੀਝੈ ॥੩॥
ਮੂਰਖ ਬਾਮਣ ਪ੍ਰਭੂ ਸਮਾਲਿ ॥
ਦੇਖਤ ਸੁਨਤ ਤੇਰੈ ਹੈ ਨਾਲਿ ॥
ਕਹੁ ਨਾਨਕ ਜੇ ਹੋਵੀ ਭਾਗੁ ॥
ਮਾਨੁ ਛੋਡਿ ਗੁਰ ਚਰਣੀ ਲਾਗੁ ॥੪॥੮॥ *—ਆਸਾ ਮ: ੫, ਪੰਨਾ ੩੭੨-੧੪*

ਬਿਪਰ ਸੰਸਕਾਰੀਆਂ ਨੇ ਸਿੱਖੀ ਦੇ ਆਰੰਭ ਤੋਂ ਹੀ ਸਿੱਖੀ ਧਾਰਾ ਦੀ ਵਿਰੋਧਤਾ ਆਰੰਭ ਦਿੱਤੀ ਸੀ, ਔਰ ਇਹ ਖੁਣਸੀ ਵਿਰੋਧਤਾ ਹਮੇਸ਼ਾ ਹੀ ਕਾਇਮ ਸੀ, ਰਹੇਗੀ। ਜਿਵੇਂ ਅੰਮ੍ਰਿਤਸਰ ਸਰੋਵਰ ਦੇ ਮੁਕਾਬਲੇ 'ਤੇ ਰਾਮ ਤੀਰਥ ਦਾ ਕਾਇਮ ਕਰਨਾ। ਇਹ ਰਾਮ ਤੀਰਥ ਦੀ ਉਸਾਰੀ ਜਨੂੰਨੀ ਲਖਪਤ ਰਾਇ ਦੀ ਕਰਤੂਤ ਹੈ, ਜਿਸ ਨੇ ਜ਼ਕਰੀਆ ਖ਼ਾਨ ਦੇ ਜ਼ਮਾਨੇ ਵਿਚ ਛੋਟੇ ਘੱਲੂਘਾਰੇ ਦੇ ਸਮੇਂ ਇਕ ਹਜ਼ਾਰ ਸਿੰਘਾਂ ਨੂੰ ਖ਼ਤਮ ਕਰ ਕੇ ਅੰਮ੍ਰਿਤ ਸਰੋਵਰ ਦੇ ਮੁਕਾਬਲੇ 'ਤੇ ਰਾਮ ਤੀਰਥ ਦੀ ਉਸਾਰੀ ਕੀਤੀ। ਬਿਪਰ ਸੰਸਕਾਰੀਆਂ ਦੇ ਬੇ-ਡੌਲ ਬੁੱਤ-ਪੂਜਾ ਦੀ ਹੀਣਤ ਦਸ਼ਾ ਸਿੱਖੀ ਦੇ ਖ਼ਿਲਾਫ਼ ਇਨ੍ਹਾਂ ਦੇ ਦਿਲਾਂ ਵਿਚ ਇਕ ਖੁਣਸ ਪੈਦਾ ਕਰਦੀ ਹੈ, ਜੋ ਸਤਿਗੁਰੂ ਜੀ ਦੇ ਦਰਸਾਏ ਦੈਵੀ ਨਿਯਮਾਂ ਉਤੇ ਮਾਇਕ ਕਹਿਰ ਢਾਉਂਦੀ ਹੋਈ ਆਪਣੇ ਆਪ ਹੀ ਵਿਨਾਸ਼ ਦੇ ਚੱਕਰ ਵਿਚ ਗ਼ਰਕ ਹੋ ਜਾਂਦੀ ਹੈ। ਜਾਂ ਸਤਿਗੁਰੂ ਜੀ ਦੀ ਰਹਿਮਤ ਦਾ ਸਦਕਾ ਬਾਬਾਣੇ ਘਰ ਦੇ ਨਿਰਭੈ ਮੰਡਲ ਵਿਚ ਸਰਣਾਗਤਿ ਹੋ ਕੇ ਪਨਾਹ ਮੰਗਦੀ ਹੈ। ਬਿਲਕੁਲ ਇਸੇ ਪ੍ਰਕਾਰ ਮੰਡੀ ਸਕੇਤ ਦੇ ਰਾਜੇ ਨੇ ਭੀ ਭਾਈ ਕਲਿਆਣਾ ਜੀ ਨੂੰ ਆਪਣੀ ਬੇ-ਸੁਰੀ ਬਿਪ-ਰੀਤੀ ਦਾ ਆਸਰਾ ਲੈ ਕੇ ਇਕ ਲੱਤ ਕੱਟਣ ਦਾ ਆਦੇਸ਼ ਜਾਰੀ ਕੀਤਾ ਸੀ। ਪਰੰਤੂ ਉਸ ਦੀ ਬੇ-ਸੁਰਤਾ ਭਰਪੂਰ ਬੁੱਤ-ਪ੍ਰਸਤੀ ਦੀ ਉਸਾਰੀ ਦੀ ਬੇ-ਡੌਲ ਦੀਵਾਰ ਸਿੱਖ ਦੇ ਦੈਵੀ ਸਿਦਕ ਅਗੇ ਖੇਰੂੰ ਖੇਰੂੰ ਹੋ ਕੇ ਬਿਖਰ ਗਈ।

ਇਥੇ ਤਕ ਬਿਪਰ ਵਿਰੋਧਤਾ ਦੇ ਕਾਰਣਾਂ ਦੀ ਲੜੀ ਸੰਖੇਪ ਰੂਪ ਵਿਚ ਸਮਾਪਤ ਕੀਤੀ ਜਾਂਦੀ ਹੈ। ਇਸ ਤੋਂ ਅਗਲੇਰੇ ਕਾਂਡ ਵਿਚ ਜਹਾਂਗੀਰ ਮੁਗ਼ਲ ਬਾਦਸ਼ਾਹ ਦੇ ਹੀਣਤ ਕਾਰਨਾਮਿਆਂ ਦਾ ਜ਼ਿਕਰ ਕਰਨ ਦੀ ਆਗਿਆ ਚਾਹਾਂਗੇ, ਜੋ ਸਤਿਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦਾ ਮੁੱਖ ਦੋਸ਼ੀ ਹੈ।

੧੬-੧੦. ਜਹਾਂਗੀਰ ਦੀ ਸੋਚ

ਸਮਰਾਟ ਅਕਬਰ ਦੀ ਮੌਤ ਅਕਤੂਬਰ ੧੭, ਸੰਨ ੧੬੦੫ ਵਿਚ ਹੋ ਗਈ।

ਅਕਬਰ ਦੀ ਸਲਤਨਤ ਦੇ ਸਮੇਂ ਇਸਲਾਮੀ ਕੱਟੜ-ਵਾਦੀਆਂ ਦੀ ਕੋਈ ਭੀ ਵੁੱਕਤ ਨਹੀਂ ਸੀ, ਬਲਕਿ ਅਕਬਰ ਨੇ ਰਾਜਪੂਤਾਂ ਦੀਆਂ ਲੜਕੀਆਂ ਨਾਲ ਆਪਣੀਆਂ ਸ਼ਾਦੀਆਂ ਕਰ ਕੇ ਉਨ੍ਹਾਂ ਨੂੰ ਆਪਣੇ ਹਮ-ਸਫ਼ਰ ਬਣਾਇਆ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਅਕਬਰ ਨੇ ਬਿਹਾਰੀ ਮੱਲ ਕਛਵਾਹੇ ਦੀ ਕੰਨਿਆ ਨਾਲ ਸ਼ਾਦੀ ਕਰ ਕੇ, ਬਿਹਾਰੀ ਮੱਲ, ਉਸ ਦਾ ਪੁੱਤਰ ਭਗਵਾਨ ਦਾਸ ਅਤੇ ਭਗਵਾਨ ਦਾਸ ਦਾ ਪੁੱਤਰ ਮਾਨ ਸਿੰਘ ਆਦਿ ਨੂੰ ਆਪਣੀ ਹਕੂਮਤ ਵਿਚ ਉੱਚ-ਕੋਟੀ ਦੀਆਂ ਪਦਵੀਆਂ 'ਤੇ ਅਸਥਾਪਨ ਕੀਤਾ। ਫਿਰ ਇਸ ਨੇ ਜੋਧ ਪੁਰ ਦੀ ਕੰਨਿਆ ਦਾ ਵਿਆਹ ਆਪਣੇ ਪੁੱਤਰ ਸਲੀਮ ਨਾਲ ਕੀਤਾ। ਇਤਿਹਾਸ ਹਾਮੀ ਭਰਦਾ ਹੈ ਕਿ ਅਕਬਰ ਦੇ ਸਮੇਂ ਹਿੰਦੂਆਂ ਨੂੰ ਉੱਚੀਆਂ ਪਦਵੀਆਂ ਦੇਣ ਵਿਚ ਕਦੇ ਸੰਕੋਚ ਨਹੀਂ ਕੀਤਾ ਗਿਆ। ਅਕਬਰ ਦੀ ਇਸ ਨੀਤੀ ਤੋਂ ਕੱਟੜ ਮੁਲਾਣੇ ਬਹੁਤ ਹੀ ਤੰਗ ਸਨ। ਇਨ੍ਹਾਂ ਕੱਟੜ-ਪੰਥੀ ਇਸਲਾਮੀ ਲੋਕਾਂ ਨੇ ਅਕਬਰ ਦੇ ਪੁੱਤਰ ਸਲੀਮ (ਜਹਾਂਗੀਰ) ਨੂੰ ਅਕਬਰ ਦੀ ਸਰਬ-ਸਾਂਝੀ ਨੀਤੀ ਦੇ ਖ਼ਿਲਾਫ਼ ਬਹੁਤ ਹੀ ਉਕਸਾਹਟ ਦਿੱਤੀ, ਔਰ ਉਸ ਨੂੰ ਸ਼ਹਿਨਸ਼ਾਹ-ਹਿੰਦ ਬਣਾਉਣ ਦਾ ਭੀ ਯਕੀਨ ਦਿਲਵਾਇਆ, ਜਿਸ ਦੇ ਇਵਜ਼ਾਨੇ ਵਿਚ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਨੇ ਸੰਨ ੧੫੯੧ ਈਸਵੀ ਵਿਚ ਸਮਰਾਟ ਅਕਬਰ ਨੂੰ ਜ਼ਹਿਰ ਦੇਣ ਦਾ ਬੰਦੋਬਸਤ ਭੀ ਕੀਤਾ।[1] ਪਰ ਅਕਬਰ ਇਸ ਹਾਦਸੇ ਵਿਚੋਂ ਬਚ ਗਿਆ ਸੀ। ਫਿਰ ਸ਼ਾਹਜ਼ਾਦਾ ਸਲੀਮ ਨੇ ਕੱਟੜ-ਪ੍ਰਸਤੀਆਂ ਦੀ ਮਦਦ ਨਾਲ ਸੰਨ ੧੬੦੨ ਈਸਵੀ ਵਿਚ ਅਕਬਰ ਦੇ ਵਜ਼ੀਰੇ-ਆਜ਼ਮ ਅਬੁਲ ਫ਼ਜ਼ਲ ਦੀ ਹੱਤਿਆ ਭੀ ਕਰਵਾਈ। ਅਹਿਮਦ ਸਰਹੰਦੀ ਅਤੇ ਫ਼ਰੀਦ ਬੁਖ਼ਾਰੀ (ਮੁਰਤਜ਼ਾ ਖ਼ਾਨ) ਦੀ ਸਹਾਇਤਾ ਨਾਲ ਅਕਬਰ ਦੇ ਖ਼ਿਲਾਫ਼ ਬਗ਼ਾਵਤ ਭੀ ਕੀਤੀ ਸੀ। ਆਖ਼ਰ ਸੱਯਦ ਬਰਾਹ, ਅਹਿਮਦ ਸਾਨੀ, ਮੁਜਦਿਦ ਸਰਹੰਦੀ ਅਤੇ ਫ਼ਰੀਦ ਬੁਖ਼ਾਰੀ ਆਦਿ ਨੇ ਜਹਾਂਗੀਰ ਤੋਂ ਇਹ ਵਾਅਦਾ ਲੈ ਲਿਆ ਕਿ ਅਕਬਰ ਦੇ ਪਿੱਛੋਂ ਜੇਕਰ ਤੈਨੂੰ ਬਾਦਸ਼ਾਹ ਬਣਾਇਆ ਜਾਵੇ ਤਦ ਤੂੰ ਸਿਰਫ਼ ਇਸਲਾਮੀ ਰਾਜ ਦੀ ਬਹਾਲੀ ਕਰਨੀ ਹੈ, ਜੋ ਕਿ ਅਕਬਰ ਦੇ ਜ਼ਮਾਨੇ ਵਿਚ ਨਹੀਂ ਹੋ ਸਕੀ। ਬਸ ਇਸੇ ਸ਼ਰਤ 'ਤੇ ਕੱਟੜ ਇਸਲਾਮੀ ਜਮਾਤਾਂ ਨੇ ਸ਼ਾਹਜ਼ਾਦਾ ਖ਼ੁਸਰੋ ਦੀ ਬਜਾਇ ਉਸ ਦੇ ਬਾਪ ਸ਼ਾਹਜ਼ਾਦਾ ਸਲੀਮ ਨੂੰ ਤਖ਼ਤ ਹਾਸਲ ਕਰਨ ਲਈ ਵਡੀ ਭਾਰੀ ਮਦਦ ਕੀਤੀ। ਸ਼ਾਹਜ਼ਾਦਾ ਸਲੀਮ ਅਕਤੂਬਰ ੨੪, ਸੰਨ ੧੬੦੫ ਨੂੰ ਜਹਾਂਗੀਰ ਦੀ ਪਦਵੀ ਹਾਸਲ ਕਰ ਕੇ ਦਿੱਲੀ ਦੇ ਤਖ਼ਤ 'ਤੇ ਬੈਠਾ, ਔਰ ਆਪਣੇ ਆਪ ਨੂੰ 'ਸ਼ਾਹਿ ਇਸਲਾਮ' ਦਾ ਲਕਬ ਪ੍ਰਾਪਤ ਕਰਨ ਵਿਚ ਸਫਲ ਹੋਇਆ।

---

1. ਦੇਖੋ ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੪੫-੧੪੭।

ਸ਼ਾਹਜ਼ਾਦਾ ਖ਼ੁਸਰੋ ਦੀ ਬਗ਼ਾਵਤ ਹੋਣ ਕਰਕੇ ਜਹਾਂਗੀਰ ਸ਼ਾਹਜ਼ਾਦਾ ਖ਼ੁਸਰੋ ਦਾ ਪਿੱਛਾ ਕਰਦਾ ਹੋਇਆ ਲਾਹੌਰ ਆਣ ਪਹੁੰਚਾ। ਚੰਦੂ ਅਤੇ ਹੋਰ ਕੱਟੜ ਮੁਲਾਣਿਆਂ ਨੂੰ ਸਤਿਗੁਰੂ ਅਰਜਨ ਸਾਹਿਬ ਜੀ ਦੇ ਖ਼ਿਲਾਫ਼ ਸ਼ਿਕਾਇਤ ਕਰਨ ਦਾ ਮੌਕਾ ਮਿਲ ਗਿਆ। ਉਨ੍ਹਾਂ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਨੇ ਖ਼ੁਸਰੋ ਨੂੰ ਪੈਸੇ ਦੀ ਮਦਦ ਦਿੱਤੀ ਹੈ ਔਰ ਉਸ ਦੀ ਕਾਮਯਾਬੀ ਵਾਸਤੇ ਦੁਆ ਭੀ ਕੀਤੀ ਹੈ। ਜਹਾਂਗੀਰ ਜੋ ਕਿ ਪਹਿਲਾਂ ਹੀ ਮਜ਼ਹਬੀ ਤੁਅੱਸਬ ਨਾਲ ਸੜ ਰਿਹਾ ਸੀ, ਉਸ ਨੇ ਸਤਿਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ।

ਸਤਿਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਸਿੱਖੀ ਉੱਮਤ ਇਕ ਤਾਕਤਵਰ ਕੌਮ ਬਣ ਚੁੱਕੀ ਸੀ, ਜੋ ਕੱਟੜ ਇਸਲਾਮੀ ਮੁਲਾਣਿਆਂ ਦੀਆਂ ਨਜ਼ਰਾਂ ਵਿਚ ਇਕ ਰੋੜਾ ਬਣ ਕੇ ਰੜਕ ਰਹੀ ਸੀ। ਇਸ ਦੀ ਉਗਾਹੀ ਜਹਾਂਗੀਰ ਦੀ ਲਿਖਤ *ਤੁਜ਼ਕੇ ਜਹਾਂਗੀਰੀ* ਤੋਂ ਪ੍ਰਾਪਤ ਹੁੰਦੀ ਹੈ, ਜਿਸ ਦੀ ਇਬਾਰਤ ਦਾ ਅਸਲੀ ਉਤਾਰਾ ਨਿਮਨ-ਲਿਖਤ ਵਿਚ ਦਰਸਾਇਆ ਜਾਂਦਾ ਹੈ:

در گوبندوال که بر کنار دریای بیاه واقع است هندوی بود ارجن نام در لباس پیری و شیخی چنانچه
بسیاری از ساده لوحان هنود بلکه نادانان و سفیهان اسلام را مقید اطوار و اوضاع خود ساخته کوس
پیری و ولایت را بلند آوازه گردانیده بود و او را گورو میگفتند و از اطراف و جوانب گولان و گول
پرستان بدو رجوع آورده اعتقاد تمام باو اظهار میکردند از سه چهار پشت این دکان را گرم
میداشتند مدتها بخاطر میگذشت که این دکان باطل را برطرف باید ساخت یا او را در جرگه
اهل اسلام در باید آورد تا آنکه درین ایام خسرو ازان راه عبور نمود این مردک مجهول اراده کرد که
ملازمت او را دریابد در منزلی که جا و مقام او بود خسرو را نزول اتفاد آمده او را دید و بعضی
مقدمات فرا یافته باو رسانید و بر پیشانی او انگشتی از زعفران که باصطلاح هندوان قشقه گویند
کشیده آن را شگون میدانند چون این مقدمه بسامع جاه و جلال رسید و بطلان او بوجه اکمل میدانستم
امر کردم که او را حاضر ساختند و مساکن و منازل و فرزندان او را بمرتضی خان عنایت نمودم و اسباب و اموال
او را بقید ضبط درآورده فرمودم که او را بیاست و بیاسا رسانند۔

ਬਿਆਸ ਦਰਿਆ ਦੇ ਕਿਨਾਰੇ ਗੋਇੰਦਵਾਲ ਵਿਚ ਇਕ ਹਿੰਦੂ ਜਿਸ ਦਾ ਨਾਮ ਅਰਜਨ ਹੈ, ਪੀਰੀ ਦੇ ਲਿਬਾਸ ਵਿਚ ਰਹਿੰਦਾ ਹੈ। ਬਹੁਤ ਸਾਰੇ ਸਾਦਾ ਮਿਜ਼ਾਜ ਹਿੰਦੂ ਅਤੇ ਕੁਝ ਭੁੱਲੜ ਮੁਸਲਮਾਨ ਭੀ ਉਸ ਦੇ ਮੁਰੀਦ ਬਣ ਚੁੱਕੇ ਹਨ। ਉਹ ਆਪਣੇ ਆਪ ਨੂੰ ਬੜੇ ਜ਼ੋਰ-ਸ਼ੋਰ ਨਾਲ ਗੁਰੂ ਸਦਵਾਂਦਾ ਹੈ। ਔਰ ਗੁਰੂ-ਪੁਣੇ ਦਾ ਢੋਲ ਉੱਚੀ ਆਵਾਜ਼ ਵਿਚ ਵਜਾਂਦਾ ਹੈ। ਸਭਨਾਂ ਪਾਸਿਆਂ

ਤੋਂ ਪਾਖੰਡੀ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵਲ ਆਉਂਦੇ ਤੇ ਉਸ ਦੀ ਪੀਰੀ 'ਤੇ ਭਰੋਸਾ ਕਰਦੇ ਹਨ। ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਬੜੀ ਤੇਜ਼ੀ ਨਾਲ ਚਲ ਰਹੀ ਸੀ। ਬਹੁਤ ਅਰਸੇ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕੀਤਾ ਜਾਵੇ ਅਤੇ ਉਸ (ਗੁਰੂ ਅਰਜਨ) ਨੂੰ ਦੀਨੇ ਇਸਲਾਮ ਵਿਚ ਲਿਆਂਦਾ ਜਾਵੇ। ਇਨ੍ਹਾਂ ਹੀ ਦਿਨਾਂ ਵਿਚ ਖ਼ੁਸਰੋ ਇਥੋਂ ਲੰਘਿਆ, ਇਸ (ਗੁਰੂ ਅਰਜਨ) ਨੇ ਇਰਾਦਾ ਕੀਤਾ ਕਿ ਖ਼ੁਸਰੋ ਨੂੰ ਮਿਲਿਆ ਜਾਵੇ। ਇਹ (ਗੁਰੂ ਅਰਜਨ) ਖ਼ੁਸਰੋ ਦੇ ਉਤਾਰੇ ਵਾਲੇ ਟਿਕਾਣੇ 'ਤੇ ਆਣ ਕੇ ਉਸ ਨੂੰ ਮਿਲਿਆ ਔਰ ਖ਼ੁਸਰੋ ਨਾਲ ਇਸ ਨੇ ਕਈ ਇਕ ਹੋਰ ਭੇਦ ਭਰੀਆਂ ਗੱਲਾਂ ਭੀ ਕੀਤੀਆਂ, ਔਰ ਉਸ ਦੇ ਮੱਥੇ 'ਤੇ ਕਸ਼ਕਾ (ਤਿਲਕ قشقہ) ਭੀ ਲਗਾਇਆ, ਜੋ ਕਿ ਅੱਛੇ ਦਿਨਾਂ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਜਦੋਂ ਇਹ ਖ਼ਬਰ ਮੇਰੇ ਕੰਨਾਂ ਵਿਚ ਅੱਪੜੀ, ਮੈਂ ਹੁਕਮ ਦਿੱਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ, ਕਿਉਂਕਿ ਮੈਂ ਉਸ ਦੇ ਝੂਠ ਨੂੰ ਪਹਿਲਾਂ ਹੀ ਜਾਣਦਾ ਸੀ। ਉਸ ਦਾ ਮਾਲ ਅਸਬਾਬ ਜ਼ਬਤ ਕੀਤਾ ਜਾਵੇ ਅਤੇ ਉਸ (ਗੁਰੂ ਅਰਜਨ ਸਾਹਿਬ ਜੀ) ਨੂੰ ਸ਼ਾਹੀ ਕਾਨੂੰਨ ਦੇ ਅਧੀਨ ਸਜ਼ਾਏ-ਮੌਤ (ਯਾਸਾ) ਦਿੱਤੀ ਜਾਵੇ।[1]

ਉਕਤ ਦਰਸਾਏ ਤਵਾਰੀਖ਼ੀ ਆਦੇਸ਼ ਤੋਂ ਇਹ ਨਿਰਣਾ ਨਿਕਲਦਾ ਹੈ ਕਿ ਸਤਿਗੁਰੂ ਅਰਜਨ ਸਾਹਿਬ ਦੇ ਸਮੇਂ ਹਿੰਦੂ ਅਤੇ ਕੁਝ ਮੁਸਲਮਾਨ ਧੜਾ-ਧੜ ਗੁਰਮਤਿ ਦੇ ਪੈਰੋਕਾਰ ਬਣ ਰਹੇ ਸਨ, ਜਿਥੋਂ ਸੁਭਾਵਿਕ ਹੀ ਕੱਟੜ ਅਤੇ ਜਨੂੰਨੀ ਮੁਲਾਣਿਆਂ ਨੂੰ ਗੁਰਸਿੱਖੀ ਦੇ ਵਿਰੁੱਧ ਵੱਡੀ ਮਾਤਰਾ ਵਿਚ ਜਲਨ ਸੀ। ਉਨ੍ਹਾਂ ਦਾ ਇਰਾਦਾ ਸੀ ਕਿ ਜਾਂ ਤੇ ਗੁਰੂ ਅਰਜਨ ਸਾਹਿਬ ਨੂੰ ਇਸਲਾਮ ਵਿਚ ਲਿਆਂਦਾ ਜਾਵੇ ਜਾਂ ਇਸ ਸੱਚ ਦੀ ਉਪਜ ਨੂੰ ਖ਼ਤਮ ਕੀਤਾ ਜਾਵੇ, ਤਾਕਿ ਇਸਲਾਮ ਦੇ ਰਸਤੇ ਵਿਚ ਰੁਕਾਵਟ ਨਾ ਬਣੇ। ਜਹਾਂਗੀਰ ਬਜ਼ਾਤੇ ਖ਼ੁਦ (ਆਪਣੇ ਆਪ ਵਿਚ) ਦੀਨੀ ਮੁਸਲਮਾਨ ਨਹੀਂ ਸੀ, ਪਰੰਤੂ ਉਸ ਨੂੰ ਇਹ ਕਾਰਵਾਈ ਕੱਟੜ ਅਤੇ ਜਨੂੰਨੀ ਮੁਸਲਮਾਨਾਂ ਦੇ ਖ਼ੁਸ਼ ਕਰਨ ਵਾਸਤੇ ਕਰਨੀ ਪਈ, ਕਿਉਂਕਿ ਇਨ੍ਹਾਂ ਜਨੂੰਨੀਆਂ ਦੀ ਸਹਾਇਤਾ ਨਾਲ ਹੀ ਇਸ ਨੇ ਰਾਜ-ਗੱਦੀ ਪ੍ਰਾਪਤ ਕੀਤੀ ਸੀ। ਅਸਲ ਵਿਚ ਅਕਬਰ, ਸ਼ਾਹੀ ਤਖ਼ਤ ਦੀ ਜ਼ਿੰਮੇਵਾਰੀ ਆਪਣੇ ਪੋਤੇ ਖ਼ੁਸਰੋ ਨੂੰ ਸੌਂਪਣੀ ਚਾਹੁੰਦਾ ਸੀ, ਪਰੰਤੂ ਇਹ ਫ਼ੈਸਲਾ ਕੱਟੜ-ਪ੍ਰਸਤੀਆਂ ਨੂੰ ਮਨਜ਼ੂਰ ਨਹੀਂ ਸੀ। ਉਨ੍ਹਾਂ ਜਹਾਂਗੀਰ ਦੀ ਮਦਦ ਕੀਤੀ। ਇਹ ਮਦਦ ਕੇਵਲ ਇਸੇ ਸ਼ਰਤ 'ਤੇ ਕੀਤੀ ਗਈ ਤਾਕਿ ਜਹਾਂਗੀਰ ਨੂੰ ਇਸਲਾਮ ਦੇ ਹਿਤਾਂ ਲਈ

1. *ਮਾਖ਼ੂਜ਼ ਅਜ਼ ਤੁਜ਼ਕੇ ਜਹਾਂਗੀਰੀ*, ਪੰਨਾ ੩੫, ਮਤਬੂਆ ਨੌਲਕਸ਼ ਪਰੈਸ, ਲਖਨਊ, ਯੂ. ਪੀ., ਇੰਡੀਆ।

ਵਰਤਿਆ ਜਾ ਸਕੇ, ਔਰ ਇਸਲਾਮਿਕ ਕੱਟੜਤਾ ਦਾ ਬੋਲ-ਬਾਲਾ ਕੀਤਾ ਜਾ ਸਕੇ, ਜੋ ਕਿ ਅਕਬਰ ਦੇ ਜ਼ਮਾਨੇ ਵਿਚ ਸਭੇ ਸਾਂਝੀਵਾਲਤਾ ਦੇ ਦਾਇਰੇ ਵਿਚ ਪ੍ਰਵੇਸ਼ ਕਰ ਚੁੱਕਾ ਸੀ। ਔਰ ਸ਼ਾਹਜ਼ਾਦਾ ਖ਼ੁਸਰੋ ਅਕਬਰੀ ਨੀਤੀ ਦਾ ਪੈਰੋਕਾਰ ਸੀ, ਜਿਥੋਂ ਜਹਾਂਗੀਰ ਆਪਣੇ ਪੁੱਤਰ ਖ਼ੁਸਰੋ ਦਾ ਜਾਨੀ ਦੁਸ਼ਮਣ ਬਣਿਆ।

ਸਤਿਗੁਰੂ ਅਰਜਨ ਸਾਹਿਬ ਜੀ ਨੇ ਬਾਬਾਣੇ ਘਰ ਦੀ ਮਰਯਾਦਾ ਦੇ ਅਨੁਸਾਰ ਖ਼ੁਸਰੋ ਦੀ ਇੱਜ਼ਤ ਕੀਤੀ, ਔਰ ਪੰਜ ਹਜ਼ਾਰ ਰੁਪਏ ਇਕ ਅਭਿਆਗਤ ਸਮਝ ਕੇ ਸਫ਼ਰ ਦਾ ਖ਼ਰਚ ਭੀ ਦਿਤਾ। ਜਿਥੋਂ ਸਤਿਗੁਰੂ ਸਾਹਿਬ ਜੀ ਦੇ ਵਿਰੋਧੀਆਂ ਨੂੰ ਉਨ੍ਹਾਂ ਦੇ ਖ਼ਿਲਾਫ਼ ਮੂੰਹ ਖੋਲ੍ਹਣ ਦਾ ਮੌਕਾ ਮਿਲ ਗਿਆ। ਔਰ ਜਹਾਂਗੀਰ ਨੇ ਉਨ੍ਹਾਂ ਜਨੂੰਨੀਆਂ ਅਤੇ ਗੁਰੂ-ਘਰ ਦੇ ਵਿਰੋਧੀਆਂ ਨੂੰ ਖ਼ੁਸ਼ ਕਰਨ ਲਈ ਸਤਿਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਲਾਗੂ ਕੀਤਾ। ਔਰ ਸਾਰੀ ਕਾਰਵਾਈ ਦਾ ਜ਼ਿੰਮੇਵਾਰ ਮੁਰਤਜ਼ਾ ਖ਼ਾਨ (ਸ਼ੇਖ਼ ਫ਼ਰੀਦ ਬੁਖ਼ਾਰੀ) ਨੂੰ ਥਾਪ ਦਿੱਤਾ, ਜੋ ਸ਼ੇਖ਼ ਅਹਿਮਦ ਮਜ਼ਦਿਦ ਸਾਨੀ ਸਰਹੰਦੀ ਦਾ ਮੁਰੀਦ ਸੀ। ਬਸ ਇਥੋਂ ਹੀ ਸਤਿਗੁਰੂ ਸਾਹਿਬ ਜੀ ਦੀ ਤਸੀਹਿਆਂ ਭਰੀ ਸ਼ਹਾਦਤ ਦਾ ਮੁੱਢ ਬੱਝਦਾ ਹੈ।

ਖ਼ੁਸਰੋ ਦੀ ਬਗ਼ਾਵਤ ਦਾ ਬਹਾਨਾ ਸਾਹਮਣੇ ਰੱਖ ਕੇ ਚੰਦੂ ਅਤੇ ਹੋਰ ਜਨੂੰਨੀ ਮੁਲਾਣਿਆਂ ਨੇ ਜਹਾਂਗੀਰ ਨੂੰ ਸਤਿਗੁਰੂ ਜੀ ਦੇ ਵਿਰੁੱਧ ਉਕਸਾਹਟ ਦੇਣੀ ਆਪਣਾ ਪਹਿਲਾ ਫ਼ਰਜ਼ ਸਮਝਿਆ। ਆਖਣ ਲੱਗੇ, ਗੁਰੂ ਅਰਜਨ ਨੇ ਸ਼ਾਹਜ਼ਾਦਾ ਖ਼ੁਸਰੋ ਨੂੰ ਬਗ਼ਾਵਤ ਦੀ ਕਾਮਯਾਬੀ ਵਾਸਤੇ ਵੱਡੀ ਭਾਰੀ ਮਾਤਰਾ ਵਿਚ ਪੈਸੇ ਦੀ ਮਦਦ ਦਿੱਤੀ ਹੈ। ਔਰ ਸ਼ਾਹਜ਼ਾਦੇ ਦੇ ਮੱਥੇ ਉਤੇ ਸ਼ੁਭ ਸ਼ਗਨਾਂ ਦਾ ਬਾਦਸ਼ਾਹੀ ਤਿਲਕ ਭੀ ਲਗਾਇਆ ਹੈ। ਐਸੀਆਂ ਸੰਕਲਪਕ ਘਟਨਾਵਾਂ ਦਾ ਅਸਰ ਬਾਦਸ਼ਾਹ ਦੇ ਮਨ ਉਤੇ ਹੋਣਾ ਅਤਿਅੰਤ ਹੀ ਲਾਜ਼ਮੀ ਸੀ, ਔਰ ਇਹ ਅਸਰ ਇਤਨਾ ਜ਼ਿਆਦਾ ਹੋਇਆ ਜਿਸ ਦਾ ਨਤੀਜਾ ਸ਼ਹੀਦੀ ਦੇ ਰੂਪ ਵਿਚ ਸਾਹਮਣੇ ਆਇਆ। ਇਹੀ ਖ਼ਬਰ *ਦਬਸਤਾਨਿ ਮਜ਼ਾਹਿਬ* ਦੇ ਕਰਤਾ ਅਤੇ ਭਾਈ ਸੰਤੋਖ ਸਿੰਘ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਦਰਜ ਕੀਤੀ ਹੈ ਕਿ ਜਹਾਂਗੀਰ ਨੇ ਇਸ ਕਸੂਰ ਦੇ ਬਦਲੇ ਸਤਿਗੁਰੂ ਜੀ ਨੂੰ ਦੋ ਲਖ ਰੁਪਏ ਜੁਰਮਾਨਾ ਕੀਤਾ। ਇਬਾਰਤ ਦਾ ਅਸਲੀ ਰੂਪ ਨਿਮਨ-ਲਿਖਤ ਦੇ ਆਧਾਰ 'ਤੇ ਵੇਖਿਆ ਜਾ ਸਕਦਾ ਹੈ। ਜਹਾਂਗੀਰ ਨੇ ਹੁਕਮ ਸੁਣਾਂਦੇ ਹੋਏ ਆਖਿਆ :

ਦੂਸਰੇ ਦਿਨ ਜਦ ਆਪਣੇ ਪੰਜ ਸਿੱਖਾਂ ਨਾਲ ਗੁਰੂ ਜੀ ਜਹਾਂਗੀਰ ਦੇ ਦਰਬਾਰ ਗਏ ਤਾਂ ਉਸ ਨੇ ਆਖਿਆ, "ਤੁਸਾਂ ਮੇਰੇ ਬਾਗ਼ੀ ਪੁੱਤਰ ਨੂੰ ਆਪਣੇ ਪਾਸ ਰੱਖ ਕੇ ਰਸਦ ਅਤੇ ਅਸ਼ੀਰਵਾਦ ਦਿੱਤੀ ਹੈ। ਇਸ ਕਰਕੇ ਤੁਹਾਨੂੰ ਦੋ ਲੱਖ ਰੁਪਿਆ ਜੁਰਮਾਨਾ ਕੀਤਾ ਜਾਂਦਾ ਹੈ। ਜੇ ਜੁਰਮਾਨਾ ਨਹੀਂ ਦਿਓਗੇ ਤਾਂ

ਤੁਹਾਨੂੰ ਸ਼ਾਹੀ ਦੰਡ ਭੁਗਤਣਾ ਪਵੇਗਾ।"[1]

ਸਤਿਗੁਰੂ ਜੀ ਨੇ ਦੋ ਲੱਖ ਰੁਪਏ ਦਾ ਜੁਰਮਾਨਾ ਦੇਣਾ ਮਨਜ਼ੂਰ ਨਹੀਂ ਕੀਤਾ, ਜਿਸ ਦੇ ਕਾਰਣ ਸਤਿਗੁਰੂ ਜੀ ਦੇ ਖ਼ਿਲਾਫ਼ ਹਾਲਾਤ ਇਤਨੇ ਵਿਗੜ ਗਏ ਕਿ ਵਿਰੋਧੀ ਧਿਰ ਦੇ ਮਨਸੂਬੇ ਸਿਰੇ ਚੜ੍ਹਨ ਲੱਗੇ। ਤਦ ਲਾਹੌਰ ਦੇ ਸਿੱਖਾਂ ਨੇ ਇਕੱਠੇ ਹੋ ਕੇ ਦੋ ਲੱਖ ਰੁਪਿਆ ਦੇਣ ਦਾ ਪ੍ਰਬੰਧ ਕੀਤਾ। ਪਰੰਤੂ ਸਤਿਗੁਰੂ ਜੀ ਨੇ ਐਸਾ ਕਰਨ ਤੋਂ ਸਿੱਖਾਂ ਨੂੰ ਵਰਜ ਦਿੱਤਾ। ਔਰ ਤਾੜਨਾ ਕੀਤੀ ਕਿ ਜੋ ਭੀ ਸਿੱਖ ਪੈਸੇ ਇਕੱਤਰ ਕਰ ਕੇ ਜੁਰਮਾਨਾ ਭਰਨ ਦਾ ਯਤਨ ਕਰੇਗਾ ਉਹ ਸਿੱਖੀ ਮਰਯਾਦਾ ਦੇ ਉਲਟ ਹੋਵੇਗਾ, ਉਹ ਪਤਿਤ ਅਤੇ ਬਿਗੜ ਰੂਪ ਸਮਝਿਆ ਜਾਵੇਗਾ, ਕਿਉਂਕਿ ਜੁਰਮਾਨਾ ਭਰਨਾ ਸਿੱਖੀ ਜਗਤ ਵਾਸਤੇ ਛਿਨ-ਭੰਗਰ ਦੀ ਪ੍ਰਸੰਨਤਾ ਜ਼ਰੂਰ ਦੇ ਸਕਦਾ ਹੈ, ਪਰੰਤੂ ਐਸਾ ਕੀਤਿਆਂ ਸਿੱਖੀ ਉੱਮਤ ਦਾ ਭਵਿੱਖ ਅਤੇ ਪਰਮ-ਪਦਵੀ ਨਿਸਚੇ ਨੂੰ ਖ਼ਤਰਾ ਪੈਦਾ ਹੋ ਜਾਵੇਗਾ। ਸਤਿਗੁਰੂ ਜੀ ਨੇ ਫ਼ੁਰਮਾਇਆ ਕਿ ਜੁਰਮਾਨਾ ਭਰਨਾ ਚੋਰਾਂ, ਡਾਕੂਆਂ, ਗੁਨਾਹਗਾਰਾਂ, ਵਿਭਚਾਰੀਆਂ ਅਤੇ ਕਲੰਕਤ ਲੋਕਾਂ ਦਾ ਕਰਮ ਹੈ।[2]

ਜਿਸ ਵੇਲੇ ਜੁਰਮਾਨਾ ਭਰਨ ਦੀ ਕਹਾਣੀ ਇਨਕਾਰ ਵਿਚ ਬਦਲ ਹੋ ਗਈ, ਤਦ ਜਹਾਂਗੀਰ ਨੇ ਚੰਦੂ ਅਤੇ ਮੁਲਾਣਿਆਂ ਦੀ ਭੜਕਾਹਟ ਵਿਚ ਆਣ ਕੇ ਸਤਿਗੁਰੂ ਜੀ 'ਤੇ ਕੁਝ ਨਾ-ਵਾਜਬ ਕਸੂਰ ਦਾਇਰ ਕੀਤੇ। ਆਖਣ ਲੱਗਾ:

(੧) ਇਹ ਸੱਚ ਹੈ ਕਿ ਤੁਸੀਂ ਮੇਰੇ ਪੁੱਤਰ ਖ਼ੁਸਰੋ ਨੂੰ ਰਾਜ ਤਿਲਕ ਲਗਾਇਆ ਸੀ ਔਰ ਮਾਲੀ ਸਹਾਇਤਾ ਭੀ ਦਿੱਤੀ ਹੈ?

(੨) ਕੀ ਤੁਸੀਂ ਆਪਣੇ ਕੋਲ ਡਾਕੂ ਅਤੇ ਲੁਟੇਰੇ ਰੱਖ ਕੇ ਪੰਜਾਬ ਵਿਚ ਬਦ-ਅਮਨੀ ਦੇ ਸਾਧਨ ਪੈਦਾ ਕਰਦੇ ਹੋ?

(੩) ਤੁਸੀਂ ਧੱਕੇ ਨਾਲ ਪ੍ਰਿਥੀ ਚੰਦ ਤੇ ਮਿਹਰਬਾਨ ਦੀ ਗੁਰਿਆਈ ਦਾ ਹੱਕ ਦੱਬੀ ਬੈਠੇ ਹੋ?

(੪) ਕੀ ਤੁਸੀਂ ਪੰਜਾਬ ਉਤੇ ਕਬਜ਼ਾ ਕਰਨ ਲਈ ਆਪਣੇ ਸਿੱਖਾਂ ਦੀ ਸੈਨਾ ਬਣਾ ਰਹੇ ਹੋ?

(੫) ਕੀ ਤੁਸੀਂ ਗੁਰੂ ਗ੍ਰੰਥ ਦੀ ਬਾਣੀ ਰਚ ਕੇ ਤੀਸਰਾ ਮਜ਼ਹਬ ਨਹੀਂ ਬਣਾ ਰਹੇ ਹੋ? ਜੋ ਇਸਲਾਮ ਦੇ ਖ਼ਿਲਾਫ਼ ਸਿੱਧੀ ਬਗ਼ਾਵਤ ਹੈ?

ਮੁੱਕਦੀ ਕਹਾਣੀ: ਜਹਾਂਗੀਰ ਨੇ ਸਤਿਗੁਰੂ ਜੀ ਨੂੰ ਆਖਿਆ ਕਿ ਤੁਹਾਡਾ ਛੁਟਕਾਰਾ ਤਦੇ ਹੀ ਹੋ ਸਕਦਾ ਹੈ ਜੇ ਤੁਸੀਂ ਆਪਣੀ ਦੁਕਾਨ ਨੂੰ ਬੰਦ ਕਰੋ

1. *ਸੂਰਜ ਪ੍ਰਕਾਸ਼*, ਵਾਰਤਕ, ਸੋਢੀ ਤੇਜਾ ਸਿੰਘ, ਪੰਨਾ ੨੨੭; ਦੇਖੋ ਗੁਪਤਾ, ਜਿਲਦ ਪਹਿਲੀ, ਪੰਨਾ ੧੫੦; ਦੇਖੋ *ਦਬਸਤਾਨਿ ਮਜ਼ਾਹਿਬ*, ਮੁਹਸਨ ਫ਼ਾਨੀ, ਪੰਨਾ ੨੩੪।
2. ਦੇਖੋ ਮੈਕਾਲਿਫ਼, ਜਿਲਦ ਤੀਜੀ, ਪੰਨਾ ੯੦—੧੦੦।

ਤੇ ਇਸਲਾਮ ਨੂੰ ਕਬੂਲ ਕਰੋ। ਜਿਤਨਾ ਅਰਸਾ ਤੁਸੀਂ ਮੁਸਲਮਾਨ ਨਹੀਂ ਬਣਦੇ, ਤੁਹਾਡੀ ਬੰਦ-ਖ਼ਲਾਸੀ ਨਹੀਂ ਹੋਵੇਗੀ। ਸੋਚ ਲਵੋ, ਜੇ ਨਹੀਂ ਮੰਨੋਗੇ ਤਦ ਸ਼ਾਹੀ ਦੰਡ (ਚੰਗੇਜ਼ ਖ਼ਾਨੀ ਕਾਨੂੰਨ) ਦੇ ਅਧੀਨ ਸਜ਼ਾਏ-ਮੌਤ ਭੁਗਤਣੀ ਪਵੇਗੀ। ਇਹ ਮਸ਼ਵਰਾ ਸਤਿਗੁਰੂ ਜੀ ਨੇ ਮਨਜ਼ੂਰ ਨਹੀਂ ਕੀਤਾ।

ਸਤਿਗੁਰੂ ਜੀ ਵਲੋਂ ਐਸਾ ਜਵਾਬ ਸੁਣ ਕੇ ਜਹਾਂਗੀਰ ਨੇ ਹੁਕਮ ਦੇ ਦਿੱਤਾ ਕਿ ਗੁਰੂ ਅਰਜਨ ਨੂੰ ਤਸੀਹੇ ਦੇ ਕੇ ਖ਼ਤਮ ਕੀਤਾ ਜਾਵੇ, ਇਸ ਦੀ ਸਾਰੀ ਜਾਇਦਾਦ ਜ਼ਬਤ ਕੀਤੀ ਜਾਵੇ ਅਤੇ ਇਸ ਦੇ ਪੁੱਤਰ ਨੂੰ ਕੈਦੀ ਬਣਾ ਕੇ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤਾ ਜਾਵੇ। ਔਰ ਮੁਰਤਜ਼ਾ ਖ਼ਾਨ ਨੇ ਸਜ਼ਾ ਦੇ ਭੁਗਤਾਨ ਵਾਸਤੇ ਸਤਿਗੁਰੂ ਜੀ ਨੂੰ ਚੰਦੂ ਦੇ ਹਵਾਲੇ ਕਰ ਦਿੱਤਾ।[1] ਪਰ ਸਤਿਗੁਰੂ ਜੀ ਦਾ ਘਰ ਅਤੇ ਜਾਇਦਾਦ ਔਰ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਜੀ ਹਿਰਾਸਤ ਵਿਚ ਨਹੀਂ ਲਏ ਗਏ ਕਿਉਂਕਿ ਸਾਂਈ ਮੀਆਂ ਮੀਰ ਜੀ ਨੇ ਇਸ ਕਾਰਜ ਨੂੰ ਰੋਕਣ ਲਈ ਦਖ਼ਲ-ਅੰਦਾਜ਼ੀ ਕੀਤੀ।[2]

੧੬-੧੧. ਜਹਾਂਗੀਰ ਦੀਆਂ ਆਦਤਾਂ

(੧) ਜਹਾਂਗੀਰ ਇਕ ਆਪ-ਹੁਦਰਾ ਬਾਦਸ਼ਾਹ ਸੀ, ਜਿਸ ਨੂੰ ਕਿਸੇ ਭੀ ਧਰਮ ਨਾਲ ਕੋਈ ਵਾਸਤਾ ਨਹੀਂ ਸੀ, ਬਲਕਿ ਉਹ ਇਸਲਾਮ ਦਾ ਭੀ ਜਾਣੂ ਨਹੀਂ ਸੀ। ਉਹ ਕੱਟੜ ਅਤੇ ਜਨੂੰਨੀ ਮੁਸਲਮਾਨਾਂ ਦੇ ਕਹਿਣੇ 'ਤੇ ਇਸ ਵਾਸਤੇ ਚਲਦਾ ਸੀ, ਕਿਉਂਕਿ ਉਨ੍ਹਾਂ ਦੀ ਮਦਦ ਨਾਲ ਇਸ ਨੇ ਸ਼ਾਹੀ ਤਖ਼ਤ ਹਾਸਲ ਕੀਤਾ ਸੀ।

(੨) ਜਹਾਂਗੀਰ ਨੇ ਅਬੁੱਲ ਫ਼ਜ਼ਲ ਜੋ ਕਿ ਅਕਬਰ ਦੇ ਦਰਬਾਰ ਵਿਚ ਇਕ ਬਹੁਤ ਹੀ ਅੱਛਾ ਵਜ਼ੀਰ ਅਤੇ ਮਸ਼ਹੂਰ ਇਤਿਹਾਸਕਾਰ ਸੀ। ਆਈਨੇ ਅਬਕਰੀ (ਅਕਬਰੀ ਕਾਨੂੰਨ) ਦਾ ਰਚਨਹਾਰਾ ਭੀ ਅਬੁੱਲ ਫ਼ਜ਼ਲ ਹੀ ਸੀ, ਜਿਸ ਦੇ ਆਸਰੇ ਅਕਬਰ ਦੀ ਹਕੂਮਤ ਸਹੀ ਕਾਨੂੰਨੀ ਸੇਧ ਵਿਚ ਚਲਦੀ ਸੀ। ਅਬੁੱਲ ਫ਼ਜ਼ਲ ਨੂੰ ਕਤਲ ਕਰਵਾਉਣ ਵਾਲਾ ਭੀ ਜਹਾਂਗੀਰ ਹੀ ਸੀ। ਅਬੁੱਲ ਫ਼ਜ਼ਲ ਦਾ ਕਤਲ ੧੬੦੨ ਈਸਵੀ ਵਿਚ ਕਰਵਾਇਆ ਗਿਆ।[3] ਅਬੁੱਲ ਫ਼ਜ਼ਲ ਬਹੁਤ ਹੀ

1. ਦੇਖੋ ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੫੦; ਦੇਖੋ *ਏ ਹਿਸਟਰੀ ਆਫ਼ ਦੀ ਸਿਖਸ*, ਜਿਲਦ ਪਹਿਲੀ, ਖ਼ੁਸ਼ਵੰਤ ਸਿੰਘ, ਪੰਨਾ ੬੧-੬੩; ਦੇਖੋ *ਤੁਜ਼ਕੇ ਜਹਾਂਗੀਰੀ*, ਪੰਨਾ ੩੫।
2. ਦੇਖੋ ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੫੦; ਦੇਖੋ *ਤੁਜ਼ਕੇ ਜਹਾਂਗੀਰੀ*, ਪੰਨਾ ੩੭।
3. ਦੇਖੋ ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੪੫-੧੪੭; ਦੇਖੋ *ਮਹਾਨ ਕੋਸ਼*, ਪੰਨਾ ੭੧, ਅਬੁੱਲ ਫ਼ਜ਼ਲ।

ਸਦਾਚਾਰਕ ਖ਼ਿਆਲਾਂ ਦਾ ਮੰਤਰੀ ਅਤੇ ਇਕ ਅੱਛਾ ਵਿਦਵਾਨ ਸੀ, ਜੋ ਕਿ ਕੱਟੜ ਮੁਸਲਿਮ ਮੰਡਲੀ ਦੀਆਂ ਨਜ਼ਰਾਂ ਵਿਚ ਹਮੇਸ਼ਾ ਹੀ ਰੜਕਦਾ ਸੀ।[1]

(੩) ਜਹਾਂਗੀਰ ਨੇ ਨੂਰ ਜਹਾਂ ਦੇ ਪਤੀ ਸ਼ੇਰ ਅਫ਼ਗਨ ਦੀ ਮੌਤ ਬਿਲਾ-ਵਜ੍ਹਾ ਕਰ ਕੇ ਉਸ ਨੂੰ ਆਪਣੀ ਹਵਸ-ਪੂਰਤੀ ਲਈ ਆਪਣੇ ਕਬਜ਼ੇ ਵਿਚ ਲੈ ਆਂਦਾ, ਜਦੋਂ ਕਿ ਨੂਰ ਜਹਾਂ ਇਸ ਗੱਲ 'ਤੇ ਰਾਜ਼ੀ ਨਹੀਂ ਸੀ।

(੪) ਜਹਾਂਗੀਰ ਆਪਣੀ *ਤੁਜ਼ਕ* ਵਿਚ ਲਿਖਦਾ ਹੈ ਕਿ ਮੈਂ ਡਾਕੂਆਂ ਦੇ ਟੋਲੇ ਜਿਨ੍ਹਾਂ ਦੀ ਜੁੰਡਲੀ ਆਗਰਾ ਦੀਆਂ ਢੱਕਾਂ ਵਿਚ ਛੁਪੀ ਰਹਿੰਦੀ ਸੀ, ਮੈਂ ਉਨ੍ਹਾਂ ਦੇ ਗਰੋਹਾਂ ਨੂੰ ਫੜ ਕੇ ਹਾਥੀਆਂ ਦੇ ਪੈਰਾਂ ਥੱਲੇ ਕੁਚਲ ਕੁਚਲ ਕੇ ਤਰਸਾ ਤਰਸਾ ਕੇ ਬਰਬਾਦ ਕੀਤਾ।

(੫) ਸਰ ਥਾਮਸ ਰਾਏ ਬਰਤਾਨੀਆਂ ਦਾ ਰਾਜਦੂਤ ਜੋ ਜਹਾਂਗੀਰ ਦੇ ਸਮੇਂ ਆਗਰਾ ਵਿਚ ਰਹਿੰਦਾ ਸੀ, ਲਿਖਦਾ ਹੈ ਕਿ ਇਕ ਦਫ਼ਾ ਇਕ ਸੌ ਗੁਨਾਹਗਾਰ ਉਸ ਦੇ ਸਾਹਮਣੇ ਪੇਸ਼ ਕਰਨ ਲਈ ਸੰਗਲਾਂ ਨਾਲ ਬੰਨ੍ਹ ਕੇ ਲਿਆਂਦੇ ਗਏ। ਜਹਾਂਗੀਰ ਨੇ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਹੁਣੇ ਹੀ ਕਤਲ ਕੀਤਾ ਜਾਵੇ। ਥਾਮਸ ਲਿਖਦਾ ਹੈ ਕਿ ਕੈਸਾ ਹੈ ਇਹ ਇਨਸਾਫ਼ ਦਾ ਢੰਗ ਜੋ ਜਹਾਂਗੀਰ ਕਰਦਾ ਹੈ। ਗੁਨਾਹਗਾਰਾਂ ਦੇ ਸਰਦਾਰ ਨੂੰ ਕੁੱਤਿਆਂ ਤੋਂ ਪੜਵਾ ਕੇ ਬੋਟੀ ਬੋਟੀ ਕੀਤਾ ਗਿਆ। ਸਾਰੇ ਕੈਦੀ ਟੁਕੜੀਆਂ ਵਿਚ ਵੰਡ ਕੇ ਸ਼ਹਿਰ ਦੇ ਕੋਨੇ ਕੋਨੇ ਵਿਚ ਖੜੇ ਕਰ ਕੇ ਕਤਲ ਕੀਤੇ ਗਏ। ਉਨ੍ਹਾਂ ਕੈਦੀਆਂ ਵਿਚ ਤੇਰ੍ਹਾਂ ਬੰਦੇ ਐਸੇ ਸਨ, ਜਿਨ੍ਹਾਂ ਦੇ ਹੱਥ ਪੈਰ ਬੰਨ੍ਹ ਕੇ ਤਲਵਾਰ ਨਾਲ ਅੱਧੀ ਅੱਧੀ ਗਰਦਨ ਕੱਟੀ ਗਈ, ਔਰ ਬਾਜ਼ਾਰਾਂ ਵਿਚ ਤੜਪਦੇ ਹੀ ਛੱਡ ਦਿੱਤਾ। ਜਹਾਂਗੀਰ ਦੇ ਸਮੇਂ ਸਜ਼ਾ ਦੇਣ ਦਾ ਢੰਗ ਬੜਾ ਅਨੋਖਾ ਸੀ। ਫ਼ੈਸਲਾ ਬਿਨਾਂ ਸੋਚੇ ਸਮਝੇ ਇਕ ਦਮ ਦਿੱਤਾ ਜਾਂਦਾ ਸੀ। ਫ਼ਾਂਸੀ, ਸਿਰ ਵੱਢਣਾ, ਕੁੱਤਿਆਂ ਤੋਂ ਤੁੜਵਾ ਮਾਰਨਾ, ਹਾਥੀਆਂ ਅੱਗੇ ਸੁਟ ਕੇ ਬਰਬਾਦ ਕਰਨਾ, ਦਗ਼ੇਬਾਜ਼ਾਂ ਨੂੰ ਕੋਰੜੇ ਮਾਰਨੇ, ਫ਼ਾਂਸੀ ਦੀ ਸਜ਼ਾ ਬਾਜ਼ਾਰਾਂ ਵਿਚ ਦੇਣੀ ਆਮ ਵਿਹਾਰ ਸੀ। ਸੂਬਿਆਂ ਦੇ ਸੂਬੇਦਾਰ ਅਤੇ ਸ਼ਹਿਰਾਂ ਦੇ ਕੋਤਵਾਲ ਭੀ ਇਸੇ ਕਿਸਮ ਦੀਆਂ ਸਜ਼ਾਵਾਂ ਅਤੇ ਕਤਲ ਦੀਆਂ ਸਜ਼ਾਵਾਂ ਆਮ ਕਰਕੇ ਬਾਜ਼ਾਰ ਵਿਚ ਹੀ ਦਿਆ ਕਰਦੇ ਸਨ।

(੬) ਸਰ ਥਾਮਸ ਨੇ ਜਹਾਂਗੀਰ ਦੀ ਬਾਬਤ ਇਕ ਬੜੀ ਅਜੀਬ ਘਟਨਾ ਦਾ ਜ਼ਿਕਰ ਕੀਤਾ ਹੈ ਕਿ ਇਕ ਖੁਸਰੇ ਨੇ ਇਕ ਔਰਤ ਦੀ ਚੁੰਮੀ ਲੈ ਲਈ। ਜਹਾਂਗੀਰ ਨੇ ਉਸ ਔਰਤ ਨੂੰ ਟੋਆ ਪੁਟਵਾ ਕੇ ਧਰਤੀ ਵਿਚ ਗੱਡ ਦਿੱਤਾ। ਉਸ ਦਾ ਸਿਰ ਜ਼ਮੀਨ ਤੋਂ ਬਾਹਰ ਰਹਿਣ ਦਿੱਤਾ ਤਾਕਿ ਕੜਕਦੀ ਧੁੱਪ ਵਿਚ

---

1. ਦੇਖੋ ਮੈਕਾਲਿਫ, ਜਿਲਦ ਪਹਿਲੀ, ਪੰਨਾ XLV।

ਸੜ ਕੇ ਪ੍ਰਾਣ ਤਿਆਗ ਦੇਵੇ, ਔਰ ਉਸ ਨਿਪੁੰਸਕ ਨੂੰ ਉਸ ਔਰਤ ਦੇ ਸਾਹਮਣੇ ਲਿਆ ਕੇ ਛੋਟੇ ਛੋਟੇ ਟੁਕੜੇ ਕਰ ਕੇ ਕੱਟਿਆ ਗਿਆ।

(੭) ਸਰ ਥਾਮਸ ਲਿਖਦਾ ਹੈ ਕਿ ਕੁਝ ਉੱਚ ਪਦਵੀ ਰੱਖਣ ਵਾਲੇ ਸਦਾਚਾਰਕ ਉੱਤਮ ਵਿਅਕਤੀਆਂ ਵਾਸਤੇ ਜਹਾਂਗੀਰ ਦਾ ਵਤੀਰਾ ਅਤਿ ਹੀ ਘਿਰਣਤ ਸੀ। ਜੋ ਉੱਚ ਅਧਿਕਾਰੀ ਹਮੇਸ਼ਾ ਹੀ ਉਸ ਦੇ ਨਜ਼ਦੀਕ ਰਹਿੰਦੇ ਔਰ ਉਸ ਦੇ ਵਫ਼ਾਦਾਰ ਭੀ ਸਨ, ਜੇ ਕਿਤੇ ਉਨ੍ਹਾਂ ਤੋਂ ਕੋਈ ਕਸੂਰ ਹੋ ਜਾਵੇ, ਤਦ ਉਨ੍ਹਾਂ ਨੂੰ ਬੜੀ ਭੈੜੀ ਅਤੇ ਦੁਖਦਾਇਕ ਸਜ਼ਾ ਦਿੱਤੀ ਜਾਂਦੀ ਸੀ। ਉਨ੍ਹਾਂ ਨੂੰ ੧੩੦ ਕੋੜੇ ਮਾਰੇ ਜਾਂਦੇ ਸਨ। ਜਿਨ੍ਹਾਂ ਦੇ ਪਿੱਛੇ ਲੋਹੇ ਦੇ ਗੋਲ ਛੱਲੇ ਲੱਗੇ ਹੁੰਦੇ ਸਨ। ਜਦੋਂ ਕੋੜਾ ਵੱਜਦਾ ਸੀ, ਹਰ ਦਫ਼ਾ ਮਾਸ ਵਿਚੋਂ ਜ਼ਖ਼ਮ ਕਰ ਕੇ ਖ਼ੂਨ ਕੱਢਦਾ ਸੀ। ਜਦੋਂ ਉਹ ਮਰਨ ਦੇ ਕਰੀਬ ਹੋ ਜਾਂਦੇ ਸਨ ਤਦ ਜਹਾਂਗੀਰ ਆਪ ਹੁਕਮ ਕਰਦਾ ਸੀ ਕਿ ਸਾਰੇ ਤਮਾਸ਼ਬੀਨ ਉਸ ਅਧਮੋਏ ਵਿਅਕਤੀ ਨੂੰ ਠੁੱਡੇ ਮਾਰਨ ਅਤੇ ਮੰਦੇ ਲਫ਼ਜ਼ ਬੋਲਣ ਤਾਕਿ ਉਸ ਪ੍ਰਤੀ ਘਿਰਣਾ ਦਾ ਪ੍ਰਗਟਾਵਾ ਕੀਤਾ ਜਾ ਸਕੇ। ਅਖ਼ੀਰ ਵਿਚ ਜਹਾਂਗੀਰ ਇਕ ਸੰਦੂਕਚੀ ਨੂੰ ਹੁਕਮ ਦਿੰਦਾ ਸੀ ਕਿ ਇਸ ਅਧਮੋਏ ਪ੍ਰਾਣੀ ਦੀ ਲਾਸ਼ ਨੂੰ ਬਕਸੇ ਵਿਚ ਬੰਦ ਕਰ ਕੇ ਜੋ ਬਹੁਤ ਹੀ ਛੋਟਾ ਬਕਸਾ ਹੁੰਦਾ ਸੀ, ਉਸ ਵਿਚ ਦੱਬ ਦੱਬ ਕੇ, ਕੁੱਟ ਕੁੱਟ ਕੇ, ਝਰੀਟਾਂ ਮਾਰ ਮਾਰ ਕੇ ਉਸ ਕਰਮਚਾਰੀ ਨੂੰ ਬਕਸੇ ਵਿਚ ਬੰਦ ਕੀਤਾ ਜਾਂਦਾ ਸੀ ਅਤੇ ਘਸੀਟ ਕੇ ਪਰੇ ਕੀਤਾ ਜਾਂਦਾ ਸੀ। ਕਈ ਇਕ ਉੱਤਮ ਪੁਰਸ਼ ਰਾਹ ਵਿਚ ਹੀ ਦਮ ਤੋੜ ਜਾਂਦੇ ਸਨ। (ਜਹਾਂਗੀਰ ਦੇ ਜ਼ਮਾਨੇ ਵਿਚ ਇਹ ਵਰਤਾਓ ਉਨ੍ਹਾਂ ਵਿਅਕਤੀਆਂ ਨਾਲ ਹੁੰਦਾ ਸੀ, ਜੋ ਉਸ ਦੇ ਬਹੁਤ ਹੀ ਨਜ਼ਦੀਕੀ ਪੁਰਸ਼ ਅਤੇ ਉੱਚੀਆਂ ਪਦਵੀਆਂ 'ਤੇ ਹੁੰਦੇ ਸਨ)।

(੮) ਖ਼ੁਸਰੋ ਅਤੇ ਉਸ ਦੇ ਸਾਥੀ ਹਸਨ ਬੇਗ ਅਤੇ ਅਬਦੁਲ ਰਹੀਮ ਦੀ ਮੰਦੀ ਕਿਸਮਤ ਦਾ ਖ਼ੂਨੀ ਕਾਂਡ ਆਪ ਜੀ ਪਿੱਛੇ ਪੜ੍ਹ ਆਏ ਹੋ, ਜਿਨ੍ਹਾਂ ਨੂੰ ਬੈਲ ਅਤੇ ਖੋਤੇ ਦੀਆਂ ਤਾਜ਼ੀਆਂ ਤਾਜ਼ੀਆਂ ਖੱਲਾਂ ਵਿਚ ਸੀਤਾ ਗਿਆ। ਇਨ੍ਹਾਂ ਦੀਆਂ ਅੰਤਮ ਘੜੀਆਂ ਬੜੀਆਂ ਹੀ ਦਰਦਨਾਕ ਸਨ।[1]

(੯) ਜਾਰਜ ਰੋਜ਼ਰ ਨੇ *ਤੁਜ਼ਕੇ ਜਹਾਂਗੀਰੀ* ਦੇ ਹਵਾਲੇ ਨਾਲ ਲਿਖਿਆ ਹੈ ਕਿ ਜਹਾਂਗੀਰ ਆਪਣੇ ਸਾਹਮਣੇ ਜਿਉਂਦਿਆਂ ਬੰਦਿਆਂ ਦੀਆਂ ਖੱਲਾਂ ਲਹਿੰਦੀਆਂ ਵੇਖ ਸਕਦਾ ਸੀ ਔਰ ਇਕ ਮਨੁੱਖ ਦੀਆਂ ਦੋਵੇਂ ਲੱਤਾਂ ਵਢਵਾ ਦਿੱਤੀਆਂ ਕਿਉਂਕਿ ਉਹ ਬਦਕਿਸਮਤ ਜਹਾਂਗੀਰ ਦੇ ਸਾਹਮਣੇ ਆ ਕੇ ਕਿਉਂ ਖਲੋਤਾ ਤੇ ਅਗੋਂ ਦੀ ਕਿਉਂ ਲੰਘਿਆ ? ਉਹ ਇਨਸਾਨਾਂ ਨਾਲ ਐਸੇ ਸਲੂਕ ਕਰਦਾ ਸੀ ਤੇ ਹਾਥੀਆਂ ਨੂੰ ਗਰਮ ਪਾਣੀ ਨਾਲ ਇਸ਼ਨਾਨ ਕਰਵਾਂਦਾ ਸੀ,

1. ਦੇਖੋ ਮੈਕਾਲਿਫ਼, ਜਿਲਦ ਪਹਿਲੀ, ਪੰਨਾ XLV।

ਕਿਉਂਕਿ ਉਨ੍ਹਾਂ ਨੂੰ ਠੰਡੇ ਪਾਣੀ ਨਾਲ ਨਵਾਲਿਆਂ ਠੰਡ ਲੱਗਦੀ ਸੀ। ਪਰ ਇਨਸਾਨਾਂ ਨਾਲ ਕਿਤਨਾ ਘਿਰਣਤ ਸਲੂਕ ਕਰਦਾ ਸੀ।

(੧੦) ਜਹਾਂਗੀਰ ਮੁਤੱਸਬੀ ਇਤਨਾ ਸੀ ਕਿ ਜਦ ਉਹ ਖ਼ੁਸਰੋ ਦਾ ਪਿੱਛਾ ਕਰਦਾ ਕਰਦਾ ਕਰਨਾਲ ਪਹੁੰਚਾ ਤਦ ਉਸ ਨੂੰ ਖ਼ਬਰ ਮਿਲੀ ਕਿ ਸ਼ੇਖ਼ ਨਿਜ਼ਾਮ ਥਾਨੇਸਰੀ ਨੇ ਖ਼ੁਸਰੋ ਦੇ ਹੱਕ ਵਿਚ ਦੁਆ ਕੀਤੀ ਹੈ ਅਤੇ ਇਸ ਦੰਭੀ ਫ਼ਕੀਰ ਨੇ ਖ਼ੁਸਰੋ ਨੂੰ ਮੇਰੇ ਵਿਰੁੱਧ ਗੁਮਰਾਹ ਕੀਤਾ ਹੈ, ਜਹਾਂਗੀਰ ਨੇ ਉਸ ਨੂੰ ਮੱਕੇ ਦਾ ਖ਼ਰਚਾ ਦੇ ਕੇ ਮੱਕੇ ਭੇਜ ਦਿੱਤਾ ਔਰ ਇਸੇ ਪ੍ਰਕਾਰ ਦੇ ਗ਼ਲਤ ਫ਼ੈਸਲੇ ਵਿਚ ਸਤਿਗੁਰੂ ਅਰਜਨ ਦੇਵ ਜੀ ਨੂੰ ਬਹੁਤ ਹੀ ਵੱਡੀ ਸਜ਼ਾ ਦਿੱਤੀ ਗਈ।

ਜਹਾਂਗੀਰ ਖ਼ੁਸਰੋ ਦਾ ਪਿੱਛਾ ਕਰਦਾ ਹੋਇਆ ਸਾਰੇ ਹਾਮੀਆਂ ਨੂੰ ਇਨਾਮ ਅਤੇ ਸਾਰੇ ਵਿਰੋਧੀਆਂ ਨੂੰ ਸਜ਼ਾਵਾਂ ਦਿੰਦਾ ਜਾ ਰਿਹਾ ਹੈ। ਬਿਆਸ ਪਾਰ ਕਰਨ ਵੇਲੇ ਸਤਿਗੁਰੂ ਜੀ ਦੇ ਵਿਰੁੱਧ ਕੋਈ ਕਸੂਰ ਨਹੀਂ ਸੀ। ਪਰ ਜਦੋਂ ੭ ਮਈ, ਸੰਨ ੧੬੦੬ ਨੂੰ ਲਾਹੌਰ ਪਹੁੰਚਿਆ ਤਦ ਖ਼ੁਸਰੋ ਅਤੇ ਉਸ ਦੇ ਸਾਥੀ ਪਕੜੇ ਜਾਂਦੇ ਹਨ ਔਰ ਉਨ੍ਹਾਂ ਨੂੰ ਲਾਹੌਰ ਵਿਚ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਉਸ ਦੇ ਪਿੱਛੋਂ ਕੱਟੜ ਮੁਲਾਣਿਆਂ ਅਤੇ ਚੰਦੂ ਆਦਿ ਦੀ ਉਕਸਾਹਟ ਦੇ ਕਾਰਨ ੧੫ ਮਈ ਨੂੰ ਸਤਿਗੁਰੂ ਜੀ ਦੀ ਗ੍ਰਿਫ਼ਤਾਰੀ ਅਤੇ ਘਰ-ਘਾਟ ਜ਼ਬਤ ਕਰਨ ਦਾ ਹੁਕਮ ਲਿਖਦਾ ਹੈ। ਜੋ ਉਸ ਨੇ ਇਸ ਘਟਨਾ ਦਾ ਜ਼ਿਕਰ ੧੯ ਜੂਨ ਸੰਨ ੧੬੦੬ ਦੀ ਤੁਜ਼ਕੇ ਵਿਚ ਲਿਖਿਆ ਹੈ ਜੋ ਆਪ ਜੀ ਪਿਛੇ ਪੜ੍ਹ ਆਏ ਹੋ।

ਉਕਤ ਦਰਸਾਈਆਂ ਵਾਰਤਾਵਾਂ ਤੋਂ ਇਹ ਨਿਰਣੈ ਹੁੰਦਾ ਹੈ ਕਿ ਜਹਾਂਗੀਰ ਅਤਿਅੰਤ ਹੀ ਕਠੋਰ ਅਥਵਾ ਪੱਥਰ-ਦਿਲ ਅਤੇ ਆਪ-ਹੁਦਰਾ ਬਾਦਸ਼ਾਹ ਸੀ। ਉਸ ਨੂੰ ਮਾਨਵਤਾ ਨਾਲ ਕੋਈ ਲਗਾਉ ਨਹੀਂ ਸੀ। ਉਹ ਇਕ ਵਹਿਸ਼ੀ ਖ਼ਿਆਲਾਂ ਦਾ ਵਿਅਕਤੀ ਸੀ। ਇਹੀ ਕਾਰਨ ਸੀ ਕਿ ਉਸ ਦਾ ਕੱਟੜ-ਵਾਦੀਆਂ ਨਾਲ ਨਜ਼ਦੀਕੀ ਤਾਲ-ਮੇਲ ਸੀ।

(੧੧) ਸ਼ਹੀਦੀ ਦੇ ਮੁੱਖ ਕਾਰਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦੈਵੀ ਪ੍ਰਕਾਸ਼ ਹੈ, ਜੋ ਕਿ ਕੱਟੜ ਮੁਲਾਣਿਆਂ ਅਤੇ ਈਰਖਾਲੂ ਬਿਪਰਾਂ ਦੀ ਨਿਗਾਹ ਵਿਚ ਬਹੁਤ ਹੀ ਦੁਖਦਾਈ ਵਸਤੂ ਸੀ। ਇਨ੍ਹਾਂ ਦੋਹਾਂ ਮਜ਼ਹਬਾਂ ਦੇ ਕਰਮ-ਕਾਂਡੀ ਫੈਲਾਓ ਵਿਚ ਇਕ ਵੱਡੀ ਦੀਵਾਰ ਸੀ, ਜਿਸ ਦੀਵਾਰ ਨੂੰ ਨੇਸਤੋ-ਨਾਬੂਦ ਕਰਨਾ ਇਹ ਦੋਵੇਂ ਹੀ ਆਪਣਾ ਇਖ਼ਲਾਕੀ ਫ਼ਰਜ਼ ਸਮਝਦੇ ਸਨ।

ਸ਼ਹੀਦੀ ਕਿਵੇਂ ਹੋਈ ?

ਉਕਤ ਵਾਰਤਾ ਦੇ ਰਾਹੀਂ ਇਹ ਨਿਰਣੈ ਹੋ ਚੁੱਕਾ ਹੈ ਕਿ ਜਹਾਂਗੀਰ ਬਹੁਤ ਹੀ ਮੁਤੱਸਬੀ (ਮਜ਼ਹਬੀ ਕੱਟੜਤਾ ਵਾਲਾ) ਸੀ। ਉਹ ਸਿੱਖ ਧਰਮ ਦਾ ਕੱਟੜ ਵਿਰੋਧੀ ਸੀ। ਖ਼ਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦੈਵੀ ਪ੍ਰਕਾਸ਼ ਉਸ ਦੇ ਹੱਠਧਰਮੀ ਦਿਲ ਵਿਚ ਹਮੇਸ਼ਾ ਹੀ ਰੜਕਦਾ ਰਹਿੰਦਾ ਸੀ। ਸ਼ਾਹਜ਼ਾਦਾ ਖ਼ੁਸਰੋ ਦੀ ਬਗ਼ਾਵਤ ਦਾ ਬਹਾਨਾ ਬਣਾ ਕੇ ਉਸ ਨੇ ਸਤਿਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਦਾ ਸਮਾਂ ਹੱਥੋਂ ਨਹੀਂ ਜਾਣ ਦਿੱਤਾ। ਸਤਿਗੁਰੂ ਸਾਹਿਬ ਜੀ ਦੇ ਮੁਖ਼ਾਲਿਫ਼ਾਂ ਨੇ ਭੀ ਇਸ ਅਵਸਰ ਦਾ ਲਾਭ ਉਠਾਉਂਦੇ ਹੋਏ ਖ਼ੂਬ ਵਧਾ ਚੜ੍ਹਾ ਕੇ ਗੱਲਾਂ ਬਾਦਸ਼ਾਹ ਦੇ ਕੰਨੀਂ ਪਾਈਆਂ ਕਿ ਸਤਿਗੁਰੂ ਅਰਜਨ ਨੇ ਸ਼ਾਹਜ਼ਾਦਾ ਖ਼ੁਸਰੋ ਨੂੰ ਬਗ਼ਾਵਤ ਵਾਸਤੇ ਤਿਆਰ ਕੀਤਾ। ਸ਼ਾਹੀ ਤਖ਼ਤ ਦੀ ਪ੍ਰਾਪਤੀ ਵਾਸਤੇ ਖ਼ੁਸਰੋ ਦੇ ਹੱਕ ਵਿਚ ਦੁਆ ਕੀਤੀ। ਉਸ ਦੇ ਮੱਥੇ ਉਤੇ ਸ਼ੁਭ ਸ਼ਗਨਾਂ ਦਾ ਟਿੱਕਾ ਲਗਾਇਆ ਔਰ ਕਾਫ਼ੀ ਮਾਲੀ ਸਹਾਇਤਾ ਭੀ ਬਗ਼ਾਵਤ ਦੀ ਕਾਮਯਾਬੀ ਵਾਸਤੇ ਭੇਟਾ ਕੀਤੀ।

ਇਨ੍ਹਾਂ ਗੱਲਾਂ ਤੋਂ ਪ੍ਰਭਾਵਤ ਹੋ ਕੇ ਜਹਾਂਗੀਰ ਨੇ ਸਤਿਗੁਰੂ ਸਾਹਿਬ ਜੀ ਦੀ ਗ੍ਰਿਫ਼ਤਾਰੀ ਦਾ ਆਦੇਸ਼ ਜਾਰੀ ਕੀਤਾ। ਔਰ ਮੁਰਤਜ਼ਾ ਖ਼ਾਨ ਨੂੰ ਹੁਕਮ ਦਿੱਤਾ ਕਿ ਗੁਰੂ ਅਰਜਨ ਦਾ ਸਾਰਾ ਮਾਲ-ਅਸਬਾਬ ਜ਼ਬਤ ਕੀਤਾ ਜਾਵੇ। ਗੁਰੂ ਜੀ ਦਾ ਘਰ-ਘਾਟ ਮੁਰਤਜ਼ਾ ਖ਼ਾਨ ਦੇ ਰਹਿਮ 'ਤੇ ਛੱਡ ਦਿੱਤਾ। ਘਟ ਘਟ ਕੇ ਅੰਤਰ ਕੀ ਜਾਣਨ ਵਾਲੇ ਸਤਿਗੁਰੂ ਜੀ ਪਹਿਲਾਂ ਹੀ ਜਾਣਦੇ ਸਨ ਕਿ ਅਗੋ ਕੈਸਾ ਸਮਾਂ ਆ ਰਿਹਾ ਹੈ। ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਹਜ਼ੂਰ ਨੇ ਸਿੱਖਾਂ ਨੂੰ ਸੰਬੋਧਨ ਕਰਦੇ ਹੋਏ ਫ਼ੁਰਮਾਇਆ, ਜਿਸ ਦੀ ਅਸਲੀ ਲਿਖਤ *ਬੰਸਾਵਲੀ ਨਾਮਾ* ਵਿਚ ਐਸੇ ਲਿਖੀ ਮਿਲਦੀ ਹੈ :

ਸਾਹਿਬ ਸਰਬਤ ਪਾਸੋਂ ਵਿਦਿਆ ਹੋਏ ਤੂਰੇ ॥...॥੧੩੧॥
ਸਦਿ ਹਰਿਗੋਬਿੰਦ ਨੂੰ ਟਿਕਾ ਦਿਤਾ ॥
ਘਰਿ ਤੇ ਵਿਦਿਆ ਭਏ ਸਾਜ ਚਲਣ ਦਾ ਕਿਤਾ ॥

ਸਿਖਾਂ ਨੂੰ ਕੀਤੀ ਸਪੁਰਦ ਹਰਿਗੋਬਿੰਦ ਦੀ ਬਾਂਹ ਪਕੜਾਈ॥
ਅਸਾਡੇ ਨਾਉ ਉਪਕਾਰ ਕੀਤਾ ਹੈ ਸਕੇ ਭਾਈ॥੧੩੨॥
ਭਾਈ ਗੁਰਦਾਸ ਬੈਠ ਸਮਝਾਇਆ॥
ਅਸਾਡਾ ਲਗੇਗਾ ਸੀਸੁ ਇਹ ਨਿਸਚਾ ਹੋ ਆਇਆ॥
ਹਰਿਗੋਬਿੰਦ ਦਾ ਖਸਮਾਨਾ ਹੈ ਤੁਸਾਂ ਨੂੰ॥
ਏਹ ਹੈ ਨਦਾਨ ਈਆਣਾ ਤੁਸਾਂ ਰਾਜ਼ੀ ਰਖਣਾ ਇਨ੍ਹਾਂ ਨੂੰ॥੧੩੩॥
ਅਸਾਂ ਤੁਰਕਾਂ ਵਿਚ ਹੈ ਜਾਣਾ॥
ਉਨਾਂ ਕਰਨੀ ਹੈ ਹੁੱਜਤ ਤੁਸਾਂ ਦੁਆਬੇ ਵਿਚਿ ਕਰਨਾ ਟਿਕਾਣਾ॥
ਸਰੀਰ ਹੈ ਛੱਡਣ ਦਾ ਸੰਸਾ ਨਹੀਂ ਕੋਈ॥
ਰਜਾਇ ਖਾਵੰਦ ਦੀ ਹੈ ਜਿਸ ਤਰ੍ਹਾਂ ਹੋਈ॥੧੩੪॥
ਸਾਹਿਬ ਟੇਕ ਮੱਥਾ ਵਿਦਿਆ ਹੋਇ ਗਏ॥
ਦੁਸਟਿ ਚਉਕੜੀ ਵਿਚਿ ਆਵਤ ਭਏ॥
ਜਬਾਬ ਸਵਾਲ ਬਹੁਤਾ ਹੀ ਹੋਇਆ॥
ਭਏ ਕੈਦ ਸ੍ਰਮ (ਕਸ਼ਟ) ਪਾਇਆ ਸੁਖ ਸਭ ਖੋਇਆ॥੧੩੫॥[1]

ਸਤਿਗੁਰੂ ਅਰਜਨ ਦੇਵ ਜੀ ਨੇ ਸਾਰੇ ਸਿੱਖਾਂ ਸੇਵਕਾਂ ਅਤੇ ਸਮੂੰਹ ਸੰਗਤ ਨੂੰ ਉਪਦੇਸ਼ ਦਿੰਦਿਆਂ ਫ਼ੁਰਮਾਇਆ ਕਿ ਤੁਸੀਂ ਸਾਰਿਆਂ ਨੇ ਹਰਿਗੋਬਿੰਦ ਜੀ ਦੀ ਆਗਿਆ ਵਿਚ ਰਹਿਣਾ ਹੈ ਔਰ ਦੂਸਰੇ ਦਿਨ ਚੜ੍ਹਦੇ ਹੀ ਰੱਥ ਮੰਗਵਾ ਕੇ ਲਾਹੌਰ ਜਾਣ ਦੀ ਤਿਆਰੀ ਕੀਤੀ। ਪੰਜ ਸਿੱਖ ਸਤਿਗੁਰੂ ਜੀ ਦੀ ਸੇਵਾ ਵਿਚ ਨਾਲ ਜਾਣ ਲਈ ਤਿਆਰ ਹੋ ਗਏ। ਜਿਨ੍ਹਾਂ ਦੇ ਨਾਵਾਂ ਦੀ ਸੂਚੀ ਭਾਈ ਸੰਤੋਖ ਸਿੰਘ ਜੀ ਨਿਮਨ-ਲਿਖਤ ਦੇ ਆਧਾਰ 'ਤੇ ਦਰਜ ਕਰਦੇ ਹਨ :

ਜਬ ਪ੍ਰਕਾਸ਼ ਰਵਿ ਕੋ ਹੁਇ ਆਯੋ॥
ਚਢਨਿ ਹੇਤੁ ਖਾਸਾ ਮੰਗਵਾਯੋ॥
ਪੰਚ ਸਿਖ੍ਯ ਲੈ ਅਪਨੇ ਸਾਥ॥
ਕੀਨਿ ਅਰੂਢਨਿ ਅਰਜਨ ਨਾਥ॥੧੮॥
ਬਿਧੀਆ, ਜੇਠਾ, ਲੰਙ, ਪਿਰਾਣਾ॥
ਪੰਚਮ ਪੈੜਾ ਸੰਗ ਪਯਾਣਾ॥
ਅਪਰ ਸਰਬ ਦੇ ਧੀਰਜ ਤ੍ਯਾਗੇ॥
ਰਹਹੁ ਸੁਧਾਸਰ ਸੇਵਾ ਲਾਗੇ॥੧੯॥[2]

1. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੫੪-੫੫।
2. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ ੪, ਅੰਸੂ ੩੧, ਪੰਨਾ ੨੩੫੧।

ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਦਰਸ਼ਨ ਦਿੰਦੇ ਹੋਏ ਬਾਦਸ਼ਾਹ ਦੀ ਕਚਹਿਰੀ ਵਿਚ ਆਣ ਪਹੁੰਚੇ। ਜਹਾਂਗੀਰ ਪਹਿਲਾਂ ਪਹਿਲਾਂ ਕਾਫ਼ੀ ਨਰਮ ਵਤੀਰੇ ਵਿਚ ਪੇਸ਼ ਆਇਆ, ਪਰੰਤੂ ਚੰਦੂ ਅਤੇ ਕੁਝ ਮੁਲਾਣਿਆਂ ਦੇ ਕਹਿਣ 'ਤੇ ਦੋ ਲੱਖ ਰੁਪਏ ਦਾ ਜੁਰਮਾਨਾ ਲੈਣ ਲਈ ਬਜ਼ਿਦ ਹੋ ਗਿਆ ਅਤੇ ਕਹਿਣ ਲੱਗਾ ਕਿ ਗੁਰੂ ਗ੍ਰੰਥ ਵਿਚ ਜੋ ਬਾਣੀ ਇਸਲਾਮ ਅਤੇ ਹਿੰਦੂਆਂ ਦੇ ਖ਼ਿਲਾਫ਼ ਲਿਖੀ ਗਈ ਹੈ, ਉਸ ਬਾਣੀ ਨੂੰ ਗ੍ਰੰਥ ਵਿਚੋਂ ਕੱਢਿਆ ਜਾਵੇ, ਇਹ ਦੋਵੇਂ ਗੱਲਾਂ ਹੀ ਸਤਿਗੁਰੂ ਜੀ ਨੇ ਮਨਜ਼ੂਰ ਨਹੀਂ ਕੀਤੀਆਂ। ਜਦੋਂ ਸਤਿਗੁਰੂ ਜੀ ਵਲੋਂ ਐਸਾ ਉੱਤਰ ਸੁਣਿਆ ਤਦ ਬਾਦਸ਼ਾਹ ਨੇ ਆਖਿਆ, "ਤੁਸੀਂ ਮੇਰੇ ਬਾਗ਼ੀ ਪੁੱਤਰ ਖ਼ੁਸਰੋ ਦੇ ਹੱਕ ਵਿਚ ਦੁਆ ਕੀਤੀ ਹੈ ਅਤੇ ਉਸ ਨੂੰ ਮਾਲੀ ਸਹਾਇਤਾ ਭੀ ਦਿੱਤੀ ਹੈ।" ਬਸ ਇਸੇ ਗੱਲ ਨੂੰ ਇਕ ਵੱਡਾ ਬਹਾਨਾ ਬਣਾ ਕੇ ਸਤਿਗੁਰੂ ਜੀ ਨੂੰ ਤਸੀਹੇ ਦੇ ਕੇ ਖ਼ਤਮ ਕਰਨ ਦਾ ਹੁਕਮ ਸੁਣਾ ਦਿੱਤਾ।[1]

ਸਤਿਗੁਰੂ ਜੀ ਨੇ ਆਪਣੇ ਉੱਤਰ ਵਿਚ ਬਾਦਸ਼ਾਹ ਨੂੰ ਆਖਿਆ ਕਿ ਖ਼ੁਸਰੋ ਬਹੁਤ ਹੀ ਖ਼ਸਤਾ ਹਾਲਤ ਵਿਚ ਆਇਆ ਸੀ, ਉਸ ਦੀ ਤਰਸਯੋਗ ਦਸ਼ਾ ਵੇਖ ਕੇ ਰਸਤੇ ਦੇ ਖ਼ਰਚ ਵਾਸਤੇ ਕੁਝ ਸਹਾਇਤਾ ਕੀਤੀ ਹੈ। ਇਹ ਗੁਰੂ ਨਾਨਕ ਦਾ ਘਰ ਹੈ, ਆਏ ਅਭਿਆਗਤ ਲਈ ਤਰਸ ਕਰਨਾ ਗੁਰੂ-ਘਰ ਦੀ ਰੀਤੀ ਹੈ। ਇਸ ਘਰ ਵਿਚ ਹਮਾਯੂੰ ਭੀ ਇਸੇ ਹਾਲਤ ਵਿਚ ਆਇਆ ਸੀ, ਪਰ ਜਹਾਂਗੀਰ ਵੱਡਾ ਮੱਕਾਰ ਵਿਅਕਤੀ ਸੀ, ਉਸ ਨੇ ਸਤਿਗੁਰੂ ਜੀ ਦੀ ਰਾਇ ਅਸਵੀਕਾਰ ਕਰ ਦਿੱਤੀ, ਕਿਉਂਕਿ ਉਹ ਸਤਿਗੁਰੂ ਜੀ ਨੂੰ ਸ਼ਹੀਦ (ਖ਼ਤਮ) ਕਰਨ ਦਾ ਮਨਸੂਬਾ ਘੜੀ ਬੈਠਾ ਸੀ। ਆਖ਼ਰ ਕੁਝ ਕੁ ਪਤਵੰਤੇ ਮੁਸਲਮਾਨਾਂ ਦੇ ਕਹਿਣ 'ਤੇ ਜਿਨ੍ਹਾਂ ਵਿਚ ਸਾਂਈ ਮੀਆਂ ਮੀਰ ਮੋਢੀ ਸਨ, ਸਤਿਗੁਰੂ ਜੀ ਨੂੰ ਦੋ ਲੱਖ ਰੁਪਿਆ ਜੁਰਮਾਨਾ ਕੀਤਾ ਗਿਆ ਔਰ ਜੁਰਮਾਨੇ ਤੋਂ ਇਲਾਵਾ ਕੱਟੜ-ਪੰਥੀਆਂ ਦੇ ਕਹਿਣ 'ਤੇ ਇਹ ਵਿਚਾਰ ਭੀ ਦਿੱਤੀ ਗਈ ਕਿ ਗੁਰੂ ਗ੍ਰੰਥ ਵਿਚ ਕੁਝ ਬਦਲੀ ਕੀਤੀ ਜਾਵੇ। ਹਜ਼ਰਤ ਮੁਹੰਮਦ ਸਾਹਿਬ ਜੀ ਦੀ ਸਿਫ਼ਤ ਲਿਖੀ ਜਾਵੇ, ਔਰ ਹਿੰਦੂ ਅਵਤਾਰਾਂ ਪ੍ਰਤੀ ਹੋਰ ਸਫ਼ਾਤੀ ਲਫ਼ਜ਼ ਲਿਖੇ ਜਾਣ। ਸਤਿਗੁਰੂ ਜੀ ਨੇ ਇਹ ਦੋਵੇਂ ਗੱਲਾਂ ਹੀ ਇਹ ਕਹਿ ਕੇ ਅਸਵੀਕਾਰ ਕਰ ਦਿੱਤੀਆਂ ਕਿ ਇਹ ਪੈਸਾ ਗ਼ਰੀਬਾਂ ਅਤੇ ਲੋਕ ਭਲਾਈ ਵਾਸਤੇ ਹੈ, ਜੁਰਮਾਨੇ ਭਰਨ ਵਾਸਤੇ ਨਹੀਂ ਹੈ। ਬਾਕੀ ਰਹੀ ਗੱਲ ਗੁਰਬਾਣੀ ਵਿਚ ਤਬਦੀਲੀ ਕਰਨ ਦੀ, ਇਹ ਧੁਰ ਕੀ ਬਾਣੀ ਹੈ, ਜੋ ਅਕਾਲ ਪੁਰਖ ਦਾ ਹੁਕਮ ਹੋਇਆ, ਉਹੀ ਇਸ ਵਿਚ ਦਰਜ ਕੀਤਾ ਗਿਆ ਹੈ। ਅਸਾਡੀ ਕੋਈ ਸੱਤਾ ਨਹੀਂ ਜੋ ਇਸ

1. ਦੇਖੋ ਮੈਕਾਲਿਫ਼, ਜਿਲਦ ਤੀਜੀ, ਪੰਨਾ ੬੧।

ਵਿਚ ਇਕ ਅੱਖਰ ਭੀ ਬਦਲੀ ਕੀਤਾ ਜਾ ਸਕੇ।[1]

ਸਤਿਗੁਰੂ ਜੀ ਵਲੋਂ ਐਸਾ ਉੱਤਰ ਸੁਣ ਕੇ ਬਾਦਸ਼ਾਹ ਨੇ ਉਹ ਫ਼ੈਸਲਾ ਅਤੇ ਐਸਾ ਜਨੂੰਨੀ ਹੁਕਮ ਦਿੱਤਾ ਜੋ ਉਸ ਦੇ ਦਿਲ ਵਿਚ ਢੇਰ ਸਮਾਂ ਪਹਿਲਾਂ ਤੋਂ ਹੀ ਕਾਇਮ ਸੀ। 'ਬਾ ਯਾਸਾ ਰਸਾਨਦ' ਭਾਵ ਤਸੀਹੇ ਦੇ ਕੇ ਕਤਲ ਕੀਤਾ ਜਾਵੇ। ਹੁਕਮ ਮਿਲਦਿਆਂ ਹੀ ਸਤਿਗੁਰੂ ਜੀ ਨੂੰ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤਾ ਗਿਆ। ਮੁਰਤਜ਼ਾ ਖ਼ਾਨ ਨੇ ਇਸ ਮੰਦੇ ਕਾਰਜ ਦੀ ਜ਼ਿੰਮੇਵਾਰੀ ਚੰਦੂ ਦੇ ਸਪੁਰਦ ਕਰ ਦਿੱਤੀ। ਸਤਿਗੁਰੂ ਜੀ ਅਤੇ ਪੰਜਾਂ ਹੀ ਸਿੱਖਾਂ ਨੂੰ ਸਖ਼ਤ ਪਹਿਰੇ ਥੱਲੇ ਕਚਹਿਰੀ ਵਿਚੋਂ ਲਾਲ ਹਵੇਲੀ ਵਿਚ ਲਿਆ ਕੇ ਕੈਦ ਕੀਤਾ ਗਿਆ। ਸਿੱਖਾਂ ਨੂੰ ਸਤਿਗੁਰੂ ਨਾਲੋਂ ਵੱਖਰੇ ਕਰ ਕੇ ਚੰਦੂ ਪਾਪੀ ਨੇ ਆਪਣੀ ਦੁਸ਼ਮਣੀ ਕੱਢਣ ਲਈ ਸਤਿਗੁਰੂ ਜੀ 'ਤੇ ਅਸਹਿ ਜ਼ੁਲਮ ਕੀਤੇ।

ਸਭ ਤੋਂ ਪਹਿਲਾਂ ਸਤਿਗੁਰੂ ਜੀ ਨੂੰ ਤੱਤੀ ਤਵੀ ਉਤੇ ਬਿਠਾਇਆ ਗਿਆ। ਫਿਰ ਤੱਤੀ ਰੇਤ ਸੀਸ ਉਤੇ ਪਾਈ ਗਈ, ਉਸ ਤੋਂ ਬਾਅਦ ਉਬਲਦੇ ਪਾਣੀ ਵਿਚ ਉਬਾਲੇ ਦਿੱਤੇ ਗਏ। ਇਤਨੇ ਤਸੀਹੇ ਦਿੱਤੇ ਗਏ ਕਿ ਸਤਿਗੁਰੂ ਜੀ ਦਾ ਜਿਸਮ ਛਾਲਿਆਂ ਨਾਲ ਭਰ ਗਿਆ। ਇਸੇ ਹਾਲਤ ਵਿਚ ਅਧ-ਮੋਏ ਕਰ ਕੇ ਤੱਤੀ ਰੇਤ ਉਤੇ ਸੁੱਟ ਦਿੱਤੇ ਗਏ। ਲਗਾਤਾਰ ਪੰਜ ਦਿਨ ਇਹ ਅਣ-ਮਨੁੱਖੀ ਨਿਰਦੈਤਾ ਭਰਪੂਰ ਕਸ਼ਟ ਚਲਦਾ ਰਿਹਾ। ਅੰਤ ਚੰਦੂ ਨੇ ਤਾਜ਼ਾ ਮੁਰਦਾ ਗਾਂ ਦੀ ਖੱਲ ਮੰਗਵਾ ਕੇ ਸਤਿਗੁਰੂ ਸਾਹਿਬ ਜੀ ਦੇ ਸਾਹਮਣੇ ਰੱਖੀ। ਜਿਸ ਵਿਚ ਸਿਉਂ ਕੇ ਅੰਤਮ ਮੌਤ ਕਰਨ ਦਾ ਖ਼ਿਆਲ ਸੀ। ਇਹ ਸਜ਼ਾ ਉਨ੍ਹਾਂ ਦਿਨਾਂ ਵਿਚ ਬੜੇ ਨਿਰਦਈ ਢੰਗ ਦੁਆਰਾ ਆਮ ਹੀ ਦਿੱਤੀ ਜਾਂਦੀ ਸੀ। ਇਸ ਤੋਂ ਪਹਿਲਾਂ ਇਸੇ ਲਾਹੌਰ ਵਿਚ ਇਹ ਸਜ਼ਾ ਹੁਸੈਨ ਬੇਗ ਅਤੇ ਅਬਦੁਲ ਰਹੀਮ ਨੂੰ ਦਿੱਤੀ ਗਈ ਸੀ। ਗਾਂ ਦੀ ਖੱਲ ਵਿਚ ਮੜ੍ਹਨ ਤੋਂ ਪਹਿਲਾਂ ਚੰਦੂ ਨੇ ਜਲਾਦਾਂ ਨੂੰ ਹੁਕਮ ਦਿੱਤਾ ਕਿ ਗੁਰੂ ਦਾ ਅਧ-ਮੋਇਆ ਸਰੀਰ ਰਾਵੀ ਦੇ ਪਾਣੀ ਵਿਚ ਲਿਆਂਦਾ ਜਾਵੇ, ਤਾਕਿ ਛਾਲੇ ਪਏ ਸਰੀਰ ਨੂੰ ਹੋਰ ਵਧੇਰੇ ਕਸ਼ਟ ਦਿੱਤਾ ਜਾ ਸਕੇ। ਰਾਵੀ ਦੇ ਪਾਣੀ ਵਿਚ ਪ੍ਰਵੇਸ਼ ਕਰਦਿਆਂ ਹੀ ਸਤਿਗੁਰੂ ਜੀ ੩੦ ਮਈ ਸੰਨ ੧੬੦੬ ਨੂੰ ਜੋਤੀ ਜੋਤਿ ਸਮਾ ਗਏ। ਇਨ੍ਹਾਂ ਨਿਰਦਈ ਜ਼ਾਲਮਾਂ ਦੀ ਗਊ ਦੇ ਚਮੜੇ ਵਿਚ ਸਿਉਣ ਦੀ ਵਿਉਂਤ ਸਿਰੇ ਨਾ ਚੜ੍ਹ ਸਕੀ। ਇਸ ਗਾਥਾ ਦੀ ਉਗਾਹੀ *ਬੰਸਾਵਲੀ ਨਾਮਾ* ਦਾ ਲਿਖਾਰੀ ਨਿਮਨ-ਲਿਖਤ ਦੇ ਅਨੁਸਾਰ ਭਰਦਾ ਹੈ:

ਓੜਕ ਬੰਧ ਕੇ ਰੇਤੀ ਵਿਚਿ ਸੁਟਾਏ॥
ਜੇਠ ਮਾਸ ਦੀ ਧੁਪ ਪਿੰਡਾ ਸੜਦਾ ਜਾਏ॥

1. ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੪੯-੧੫੧; ਦੇਖੋ ਮੈਕਾਲਿਫ਼, ਜਿਲਦ ਤੀਜੀ, ਪੰਨਾ ੯੧।

ਇਕ ਮੁਗ਼ਲ ਨੇ ਇਟ ਚਲਾਈ॥
ਨਾਲੇ ਮੂੰਹ ਤੇ ਮੰਦਾ ਅਲਾਈ॥੧੩੯॥
ਸੋ ਭਰਵੱਟੇ ਊਪਰਿ ਚੋਟ ਆਇ ਲਗੀ॥
ਚਲਿਆ ਲੋਹੂ ਧਾਰਾ ਵਗੀ॥
ਤਿਸ ਚੋਟ ਕਰ ਛੂਟੀ ਦੇਹ॥
ਪਈ ਸਿਰ ਦੁਸ਼ਟਾਂ ਖੇਹ॥੧੪੦॥
ਡਰਦਾ ਹਿੰਦੂ ਪਾਸ ਨ ਕੋਈ ਜਾਇ॥
ਸੋ ਬੱਧੇ ਹੋਏ ਹੀ ਦਿਤੇ ਨਦੀ ਰੁੜ੍ਹਾਇ॥
ਸੰਮਤ ਸੋਲਾਂ ਸੈ ਤ੍ਰੇਹਟ ਜੇਠ ਮਹੀਨੇ॥
ਚੰਨ ਚਾਨਣੀ ਚੌਥ ਜਲਿ ਵਹਾਇ ਦੀਨੇ॥੧੪੧॥[1]

ਉਕਤ ਦਰਸਾਈ ਗਾਥਾ ਦੀ ਹਾਮੀ ਮੁਨਸ਼ੀ ਸੋਹਨ ਲਾਲ ਆਪਣੀ ਲਿਖਤ ਵਿਚ ਭਰਦੇ ਹਨ ਕਿ ਜ਼ਾਲਮਾਂ ਨੇ ਕਸ਼ਟ ਦੇਣ ਉਪਰੰਤ ਸਤਿਗੁਰੂ ਜੀ ਨੂੰ ਰਾਵੀ ਦੇ ਪਾਣੀ ਵਿਚ ਰੋੜ੍ਹ ਦਿੱਤਾ।[2]

ਸਤਿਗੁਰੂ ਜੀ ਦੀ ਸ਼ਹੀਦੀ ਸੱਚ ਦੀ ਉਗਾਹੀ ਅਤੇ ਝੂਠ ਦੇ ਵਿਨਾਸ਼ ਵਾਸਤੇ ਇਕ ਅਦੁੱਤੀ ਅਤੇ ਠੋਸ ਸ਼ਹਾਦਤ ਹੈ, ਉਗਾਹੀ ਹੈ, ਵਿਟਨਿਸ ਹੈ। ਜਦੋਂ ਵਿਰੋਧੀਆਂ ਨੇ ਬਹੁਤ ਡਰਾਵੇ ਦੇ ਕੇ ਦੇਖ ਲਿਆ ਪਰ ਉਨ੍ਹਾਂ ਦੇ ਪੱਲੇ ਕੁਝ ਭੀ ਨਾ ਪਿਆ। ਚੰਦੂ ਨੇ ਤਸੀਹੇ ਦਿੰਦੇ ਸਮੇਂ ਆਖਿਆ ਸੀ ਜੇਕਰ ਹਾਲੇ ਭੀ ਰਿਸ਼ਤਾ ਮਨਜ਼ੂਰ ਕਰ ਲਵੋ ਤਦ ਤੁਹਾਡੀ ਜਾਨ ਬਖ਼ਸ਼ੀ ਕੀਤੀ ਜਾ ਸਕਦੀ ਹੈ। ਪਰ ਸਤਿਗੁਰੂ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਇਕ ਪਾਪੀ ਦੀ ਅਹੰਕਾਰੀ ਇੱਟ ਗੁਰੂ-ਘਰ ਵਿਚ ਨਹੀਂ ਲੱਗ ਸਕਦੀ। ਇਸ ਗੱਲ ਦੀ ਹਾਮੀ ਭਾਈ ਸਾਹਿਬ ਸੰਤੋਖ ਸਿੰਘ ਜੀ ਨਿਮਨ-ਲਿਖਤ ਦੇ ਅਨੁਸਾਰ ਭਰਦੇ ਹਨ:

ਪੁੰਨ ਚੰਦੂ ਗਮਨਯੋ ਗੁਰ ਤੀਰ॥
ਨਿਠੁਰ ਸੁਨਾਇ ਕਰਯੋ ਚਹਿ ਭੀਰ (ਕਮਜ਼ੋਰ ਕਰਨਾ ਚਾਹੁੰਦਾ ਹੈ)॥
ਅਬਿ ਬੀ ਮਾਨਿ ਸੁਤਾ ਕੋ ਨਾਤਾ॥
ਨਾਂਹਿ ਤ ਪ੍ਰਾਨ ਹੋਹਿੰਗੇ ਘਾਤਾ॥੩੩॥[3]

ਚੰਦੂ ਦੀ ਇਹ ਪੇਸ਼ਕਸ਼ ਸਤਿਗੁਰੂ ਜੀ ਨੇ ਇਹ ਕਹਿ ਕੇ ਠੁਕਰਾ ਦਿੱਤੀ

1. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੫੫।
2. ਬਾਅਦ ਅਜ਼ ਜ਼ਹੂਰ ਬਾਹਜ਼ੇ ਮੁਕੱਦਮਾਤੇ ਨਾ ਮੁਲਾਇਮ ਜ਼ਾਤ ਆਲੀ ਦਰਾ ਬਾਹਰੇ ਰਾਵੀ ਅੰਦਾਖਤੰਦ। ਦੇਖੋ *ਸਾਡਾ ਇਤਿਹਾਸ*, ਭਾਗ ਪਹਿਲਾ, ਪੰਨਾ ੧੬੩-੧੬੪।
3. *ਸ੍ਰੀ ਗੁਰ ਪ੍ਰਤਾਪ ਸੂਰਜ*, ਰਾਸਿ ੪, ਅੰਸੂ ੩੪, ਪੰਨਾ ੨੩੬੪।

ਕਿ ਕਿਸੇ ਅਹੰਕਾਰੀ ਦੀ ਸੋਨੇ ਦੀ ਇੱਟ ਗੁਰੂ-ਘਰ ਵਿਚ ਨਹੀਂ ਲੱਗ ਸਕਦੀ। ਤਦ ਉਨ੍ਹਾਂ ਦੁਸ਼ਟਾਂ ਨੇ ਸਤਿਗੁਰੂ ਜੀ ਦੇ ਪੈਰਾਂ ਵਿਚ ਬੇੜੀਆਂ ਪਾ ਕੇ ਭਿੰਨ ਭਿੰਨ ਪ੍ਰਕਾਰ ਦੇ ਤਸੀਹੇ ਦੇਣੇ ਆਰੰਭ ਦਿੱਤੇ। ਜਿਵੇਂ ਤੱਤਾ ਰੇਤਾ ਸਿਰ ਉਤੇ ਪਾਉਣਾ, ਤੱਤੀ ਤਵੀ 'ਤੇ ਬੈਠਾਲਣਾ, ਉਬਲਦੇ ਪਾਣੀ ਵਿਚ ਉਬਾਲਣਾ, ਪਰ ਸਤਿਗੁਰੂ ਜੀ ਨੇ ਇਹ ਸਭ ਕੁਝ ਬੜੀ ਧੀਰਜ, ਸ਼ਾਂਤੀ ਅਤੇ ਉਚੇ ਜਲਾਲ ਨਾਲ ਸਹਿਨ ਕੀਤਾ। ਕਿਸੇ ਪ੍ਰਕਾਰ ਦੀ ਘਬਰਾਹਟ, ਚੀਕ ਪੁਕਾਰ ਕਰਨੀ ਜਾਂ ਹਉਕਾ ਭਰਨਾ, ਕੁਰਲਾਹਟ ਕਰਨੀ ਜਾਂ ਭੁੱਬਾਂ ਮਾਰਨੀਆਂ ਆਦਿ ਦੀ ਗਤੀ ਸਾਹਮਣੇ ਨਹੀਂ ਆਉਣ ਦਿੱਤੀ, ਕਿਉਂਕਿ ਉਹ ਆਪ ਪਰਮੇਸ਼ਰ ਸਨ, ਸਾਰੀ ਖੇਡ ਭਾਣੇ ਵਿਚ ਹੋ ਰਹੀ ਸੀ, "ਤੇਰਾ ਕੀਆ ਮੀਠਾ ਲਾਗੈ" ਦਾ ਇਲਹਾਮੀ ਨਾਦ ਚਲ ਰਿਹਾ ਸੀ, ਭਾਣੇ ਵਿਚ ਅਗੰਮੀ ਰਸ ਮਾਣਨ ਦੀ ਸੰਥਿਆ ਦ੍ਰਿੜ੍ਹ ਕਰਵਾ ਰਹੇ ਸਨ, ਗੁਰੂ ਅਤੇ ਪਰਮੇਸ਼ਰ ਇਕ ਹੀ ਸ਼ਕਤੀ ਦੇ ਧਾਰਨੀ ਸਨ, ਜੋ ਗੁਰੂ (ਰੱਬ) ਨੂੰ ਭਾਂਵਦਾ ਹੈ ਉਹੀ ਪਰਵਾਨ ਚੜ੍ਹਦਾ ਹੈ। ਫੁਰਮਾਨ ਹੈ:

ਗੁਰੁ ਪਰਮੇਸਰੁ ਏਕੋ ਜਾਣੁ ॥
ਜੋ ਤਿਸੁ ਭਾਵੈ ਸੋ ਪਰਵਾਣੁ ॥ *—ਗੋਂਡ ਮ: ੫, ਪੰਨਾ ੮੬੪-੯*

ਸਤਿਗੁਰੂ ਜੀ ਦੇ ਭਾਣੇ ਵਿਚ ਅੰਮ੍ਰਿਤ ਦੀ ਵਰਖਾ ਹੁੰਦੀ ਹੈ, ਇਥੇ ਤਵੀਆਂ ਦੇ ਸੇਕ, ਉਬਲਦੇ ਪਾਣੀਆਂ ਦੇ ਉਬਾਲੇ ਕੋਈ ਥਾਂ ਨਹੀਂ ਰੱਖਦੇ। ਇਹ ਭਾਣੇ ਅਤੇ ਹੁਕਮ ਦਾ ਮਦਰੱਸਾ ਹੈ, ਜਿਥੋਂ ਅਨੇਕਾਂ ਹੀ ਵਿਦਿਆਰਥੀਆਂ ਨੇ ਭਾਣੇ ਦੀ ਤਾਲੀਮ ਪ੍ਰਾਪਤ ਕਰਨੀ ਹੈ। ਹਜ਼ੂਰ ਦਾ ਕਥਨ ਹੈ:

ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥
—ਮਾਝ ਮ: ੩, ਪੰਨਾ ੧੧੯-੨

ਸਤਿਗੁਰੂ ਜੀ ਦੀ ਅਹਿੱਲ ਆਤਮਕ ਸ਼ਾਂਤੀ ਨੂੰ ਵੇਖ ਕੇ ਜ਼ਾਲਮਾਂ ਨੇ ਹਜ਼ੂਰ ਨੂੰ ਰਾਵੀ ਦੇ ਪਾਣੀ ਵਿਚ ਡੋਬਣ ਦਾ ਮਤਾ ਪਕਾਇਆ। 'ਸੋ ਬੱਧੇ ਹੋਏ ਹੀ ਦਿਤੇ ਨਦੀ ਰੁੜ੍ਹਾਏ'।[1]

ਰਾਵੀ ਦੇ ਕਿਨਾਰੇ ਲੈ ਜਾ ਕੇ ਨਿਰਦਈ ਜ਼ਾਲਮਾਂ ਨੇ ਆਪਣੀਆਂ ਮੰਗਾਂ ਦੁਬਾਰਾ ਫਿਰ ਗੁਰੂ ਜੀ ਦੇ ਅਗੇ ਰੱਖੀਆਂ ਕਿ ਗ੍ਰੰਥ ਵਿਚ ਹਜ਼ਰਤ ਮੁਹੰਮਦ ਸਾਹਿਬ ਅਤੇ ਹਿੰਦੂ ਦੇਵਤਿਆਂ ਅਵਤਾਰਾਂ ਦੀਆਂ ਸਿਫ਼ਤਾਂ ਦਰਜ ਕਰ ਦੇਵੋ, ਤਦ ਤੁਹਾਡਾ ਛੁਟਕਾਰਾ ਹੋ ਸਕਦਾ ਹੈ। ਮੈਕਾਲਿਫ਼ ਦੇ ਲਫ਼ਜ਼ ਹੋਰ ਵਧੇਰੇ ਸਹਾਇਕ ਹੋਣਗੇ:

The Qazis and Brahmins offered the Guru the

1. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੫੫।

alternative of being put to death or of expunging the alleged objectionable passages in the Granth Sahib and inserting the praises of Muhammad and of the Hindu deities.

The Guru replied, "The Granth Sahib hath been compiled to confer on men happiness and not misery in this world and in the next. It is impossible to write it anew and make the omissions and alterations you require." On hearing this the Guru's enemies concluded that he would yield to no ordinary threats, so they put fetters to him and began to torture him in various ways. They poured burning sand on him, seated him in red-hot caldrons and bathed him in boiling water. The Guru bore all this torture with equanimity and never uttered a sigh or groan. He was given another opportunity to recant and comply with the demands of his enemies. He replied, "O fools, I shall never fear this treatment of yours. It is all according to God's will, wherefore this torture only affordeth me pleasure." On this occasion the Guru repeated the following.[1]

ਸਤਿਗੁਰੂ ਜੀ ਨੇ ਜ਼ਾਲਮਾਂ ਦੀਆਂ ਮੰਗਾਂ ਅਸਵੀਕਾਰ ਕਰ ਦਿੱਤੀਆਂ ਔਰ ਬਚਨ ਕੀਤਾ, "ਹੇ ਮੂਰਖੋ! ਜੋ ਕੁਝ ਹੋ ਰਿਹਾ ਹੈ, ਉਸ ਅਦੁੱਤੀ ਸੁਆਮੀ ਦੀ ਰਜ਼ਾ ਵਿਚ ਹੋ ਰਿਹਾ ਹੈ, ਉਸ ਦੇ ਭਾਣੇ ਵਿਚ ਰਹਿਣਾ ਹੀ ਮੇਰੀ ਖ਼ੁਸ਼ੀ ਹੈ।" ਸਤਿਗੁਰੂ ਜੀ ਵਲੋਂ ਦ੍ਰਿੜ੍ਹਤਾ ਭਰਪੂਰ ਜਵਾਬ ਸੁਣ ਕੇ ਨਿਰਦਈ ਕਰਮਚਾਰੀਆਂ ਨੇ ਸਤਿਗੁਰੂ ਜੀ ਨੂੰ ਰਾਵੀ ਦੇ ਵਹਿਣ ਵਿਚ ਰੋੜ੍ਹ ਦਿੱਤਾ। ਲਿਖਤ ਹੈ:

ਸੰਮਤ ਸੋਲਾਂ ਸੈ ਤ੍ਰੇਹਟ ਜੇਠ ਮਹੀਨੇ ॥
ਚੰਨ ਚਾਨਣੀ ਚੌਥ ਜਲਿ ਵਹਾਇ ਦੀਨੇ ॥੧੪੧॥[2]

ਰਾਵੀ ਨਦੀ ਵਿਚ ਰੋੜ੍ਹ ਕੇ ਜ਼ਾਲਮਾਂ ਨੇ ਦੁਬਾਰਾ ਆਪਣੀਆਂ ਮੰਗਾਂ ਦੁਹਰਾਈਆਂ ਕਿ ਹਾਲੇ ਭੀ ਅਸਾਡੀਆਂ ਮੰਗਾਂ ਮੰਨ ਲਵੋ, ਤੁਹਾਨੂੰ ਇਸ ਕਸ਼ਟ

1. Macauliffe, iii, pp. 92-93.
2. *ਬੰਸਾਵਲੀ ਨਾਮਾ*, ਚਰਣ ਪੰਜਵਾਂ, ਪੰਨਾ ੫੫।

ਤੋਂ ਨਿਜਾਤ ਮਿਲ ਸਕਦੀ ਹੈ। ਹਜ਼ੂਰ ਨੇ ਉੱਤਰ ਦਿੰਦਿਆ ਆਖਿਆ, "ਓ ਨਾਦਾਨ ਮੂਰਖੋ! ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੇਰਾ ਰਾਖਾ ਆਪ ਵਾਹਿਗੁਰੂ ਹੈ, ਤੁਹਾਡੇ ਦਿੱਤੇ ਤਸੀਹੇ ਮੈਨੂੰ ਭੈ-ਭੀਤ ਨਹੀਂ ਕਰ ਸਕਦੇ। ਇਹ ਸਭ ਕੁਝ ਉਸ ਦੇ ਭਾਣੇ ਵਿਚ ਹੋ ਰਿਹਾ ਹੈ।" ਜੋਤੀ ਜੋਤਿ ਸਮਾਵਨ ਤੋਂ ਪਹਿਲਾਂ ਹਜ਼ੂਰ ਨੇ ਮਾਰੂ ਰਾਗ ਦਾ ਸ਼ਬਦ ਉਚਾਰ ਕੇ ਮੂਰਖ ਜ਼ਾਲਮਾਂ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ਫ਼ੁਰਮਾਨ ਹੈ:

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥
ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ਰਹਾਉ॥
ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥
ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥
ਚੂਕਾ ਭਾਰਾ ਕਰਮ ਕਾ ਹੋਇ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥
ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥
ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥

—ਮਾਰੂ ਮ: ੫, ਪੰਨਾ ੧੦੦੨-੧੫

ਸ਼ਹਾਦਤ ਕਿਸੇ ਅਕੀਦੇ ਦੀ ਸਫਲਤਾ ਪ੍ਰਤੀ ਇਕ ਸਦੀਵੀ ਉਗਾਹੀ ਹੁੰਦੀ ਹੈ। ਸਤਿਗੁਰੂ ਜੀ ਨੇ ਉਕਤ ਦਰਸਾਏ ਸ਼ਬਦ ਦੇ ਅਨੁਸਾਰ ਸੱਚ ਥਾਨ, ਸੱਚ ਸੰਗਤ, ਸੱਚ ਪ੍ਰਯੋਜਨ ਅਤੇ ਸੱਚ ਦੀ ਪੂੰਜੀ ਅਥਵਾ ਸੱਚ ਦੇ ਸੌਦੇ ਵਾਸਤੇ ਇਕ ਨਾਯਾਬ (ਅਮੁੱਲੀ) ਅਤੇ ਬੇਮਿਸਾਲ ਵਿਟਨਿਸ (ਉਗਾਹੀ) ਭਰੀ ਹੈ। ਇਸ ਸ਼ਹਾਦਤ ਦੇ ਹੁੰਦਿਆਂ ਹੀ ਝੂਠ ਦੇ ਭਰਮ ਦਾ ਗੜ੍ਹ, ਵਹਿਮ ਦਾ ਆਂਡਾ ਰੇਜ਼ਾ ਰੇਜ਼ਾ ਹੋ ਕੇ ਬਿਖਰ ਗਿਆ, ਔਰ ਸੱਚ ਦੇ ਧਾਰਨੀਆਂ ਦੇ ਪੈਰਾਂ ਦੀ ਬੇੜੀ ਆਤਮਕ ਅਤੇ ਜਿਸਮਾਨੀ ਗ਼ੁਲਾਮੀ ਦੀਆਂ ਜ਼ੰਜੀਰਾਂ ਟੁਕੜੇ ਟੁਕੜੇ ਹੋ ਕੇ ਕੱਟੀਆਂ ਗਈਆਂ। ਜ਼ਾਲਮਾਂ ਦੇ ਤਪਦੇ ਕੜਾਹੇ, ਤਪਦੀਆਂ ਤਵੀਆਂ, ਇਲਹਾਮੀ ਨਾਮ ਦੇ ਆਸਰੇ ਖੇਰੂੰ ਖੇਰੂੰ ਹੋ ਗਏ। ਜਦੋਂ ਭੀ ਸੱਚ ਦਾ ਪ੍ਰਕਾਸ਼ ਹੁੰਦਾ ਹੈ, ਝੂਠ ਦੇ ਪਹਿਰੇਦਾਰ ਸੱਚ ਦਾ ਘਿਰਾਓ ਛੱਡਣ ਲਈ ਮਜਬੂਰ ਹੋ ਜਾਂਦੇ ਹਨ। ਬਾਤਲਾਨਾ ਕੋਤਵਾਲ ਦੀ ਕੋਈ ਵਾਹ ਨਹੀਂ ਚਲਦੀ। ਸੱਚ ਦੇ ਆਸਰੇ ਸਚਿਆਰ ਸੰਗੀਆਂ ਦਾ ਕਰਮ ਕਾਂਡੀ ਘਿਰਾਓ ਆਪਣੇ ਪਤਨ ਵਲ ਹੋ ਟੁਰਦਾ ਹੈ ਔਰ ਸੱਚ ਦੇ ਧਾਰਨੀ ਭਵ-ਸਾਗਰੋਂ ਸੁਭਾਵਕ ਹੀ ਪਾਰ ਲੰਘ ਜਾਂਦੇ ਹਨ। ਕਿਉਂਕਿ ਸੱਚਾ ਸਤਿਗੁਰੂ ਸੱਚ ਦੀ ਰਾਖੀ ਵਾਸਤੇ ਆਪਣੀ ਆਹੂਤੀ ਦੇ ਕੇ

ਕੂੜ ਦੀ ਪਾਲ ਨੂੰ ਵਿਨਾਸ਼ ਕਰ ਦਿੰਦਾ ਹੈ।

ਇਸ ਸ਼ਹਾਦਤ ਦੇ ਪਿੱਛੇ ਸੱਚ ਦੀ ਉਸਾਰੀ ਹੈ, ਕੂੜ ਦੀ ਗਿਰਾਵਟ ਹੈ। ਇਹ ਉਗਾਹੀ ਜ਼ਾਹਿਰ ਕਰਦੀ ਹੈ ਕਿ ਗੁਰਮਤਿ ਦਾ ਆਦਰਸ਼ ਕੇਵਲ ਸੱਚ ਥਾਨ, ਸੱਚੀ ਬੈਠਕ, ਸੱਚਾ ਪ੍ਰਯੋਜਨ, ਸੱਚੀ ਪੂੰਜੀ ਅਤੇ ਜੀਵਨ ਉਪਜੀਵਕਾ ਲਈ ਕੇਵਲ ਸੱਚ ਦਾ ਵੱਖਰ ਹੀ ਇਕੱਤਰ ਕਰਨਾ ਹੈ। ਬਸ ਇਹੀ ਪੰਜਵੀਂ ਇਲਹਾਮੀ ਜ਼ੀਨਤ ਦਾ ਰੱਬੀ ਪੈਗਾਮ ਹੈ। ਸਤਿਗੁਰੂ ਜੀ ਦੀ ਉਗਾਹੀ ਨੇ ਸਿੱਧ ਕੀਤਾ ਹੈ ਕਿ ਗੁਰਮਤਿ ਵਿਚ ਬਾਤਲਾਨਾ (ਝੂਠੀ) ਵਿਉਂਤ-ਬੰਦੀ ਵਾਸਤੇ ਕੋਈ ਅਸਥਾਨ ਨਹੀਂ ਹੈ। ਸਤਿਗੁਰੂ ਸਾਹਿਬ ਜੀ ਦੀ ਲਾ-ਸਾਨੀ ਸ਼ਹਾਦਤ ਨੂੰ ਮੱਦੇ-ਨਜ਼ਰ ਰੱਖਦਾ ਹੋਇਆ *ਉਮਦਾ-ਤੁਲ-ਤਵਾਰੀਖ਼* ਦਾ ਲਿਖਾਰੀ ਆਪਣੇ ਖ਼ਿਆਲਾਂ ਦਾ ਇਜ਼ਹਾਰ ਨਿਮਨ-ਲਿਖਤ ਦੇ ਅਨੁਸਾਰ ਕਰਦਾ ਹੈ:

ਕਲਮ ਤਹਿਰੀਰੇ ਆਂ ਖ਼ੂੰ ਫ਼ਿਸ਼ਾਂ॥
ਵ ਦੀਦਹ ਏ ਗਿਰਿਆਂ॥
ਵ ਦਿਲ ਬਿਰਿਯਾਨ, ਵ ਜਾਨ ਹੈਰਾਂ ਮੇ ਬਾਸ਼ਦ॥[1]

ਸਤਿਗੁਰੂ ਅਰਜਨ ਸਾਹਿਬ ਦੀ ਤਸੀਹੇ ਭਰਪੂਰ ਸ਼ਹਾਦਤ ਨੂੰ ਵੇਖ ਕੇ ਕਲਮ ਲਹੂ ਦੇ ਹੰਝੂ ਵਹਾਂਦੀ ਹੈ, ਅੱਖੀਆਂ ਰੋਂਦੀਆਂ ਹਨ। ਦਿਲ ਭੁੰਨਿਆ ਜਾ ਰਿਹਾ ਹੈ ਔਰ ਜਾਨ ਹੈਰਾਨ ਹੋ ਰਹੀ ਹੈ।

ਹਜ਼ੂਰ ਦੀ ਸ਼ਹਾਦਤ ਦੇ ਸਮੇਂ ਇਕ ਸਵਾਲ ਪੈਦਾ ਹੁੰਦਾ ਹੈ ਕਿ ਇਸ ਤੋਂ ਪਹਿਲਾਂ ਸੁਲਹੀ ਦੇ ਹਮਲੇ ਸਮੇਂ ਅਤੇ ਸੁਲਹੀ ਖ਼ਾਨ ਦੀ ਚੜ੍ਹਾਈ ਵੇਲੇ ਵਾਹਿਗੁਰੂ ਨੇ ਆਪ ਆਣ ਕੇ ਸਤਿਗੁਰੂ ਸਾਹਿਬ ਜੀ ਨੂੰ ਇਨ੍ਹਾਂ ਜ਼ਾਲਮਾਂ ਦੇ ਹਮਲਿਆਂ ਤੋਂ ਸੁਰੱਖਿਅਤ ਰੱਖਿਆ ਹੈ, ਪਰ ਹੁਣ ਆਪ ਜੀ ਤੱਤੀਆਂ ਤਵੀਆਂ ਅਤੇ ਤੱਤੀਆਂ ਰੇਤਾਂ ਸਿਰ ਵਿਚ ਪੁਆ ਕੇ ਉਬਲਦੀਆਂ ਦੇਗਾਂ ਵਿਚ ਉਬਾਲੇ ਖਾ ਕੇ ਕਸ਼ਟ ਝੱਲ ਰਹੇ ਹਨ। ਇਸ ਸਵਾਲ ਦਾ ਉੱਤਰ ਇਤਨਾ ਕਠਨ ਨਹੀਂ ਹੈ, ਜਿਤਨਾ ਕਿ ਅਸੀਂ ਸਮਝੀ ਬੈਠੇ ਹਾਂ। ਜਵਾਬ ਹੈ—ਸਤਿਗੁਰੂ ਜੀ ਦੇ ਦੋ ਰੂਪ ਹਨ, ਪਹਿਲਾ ਰੂਪ ਅਦ੍ਰਿਸ਼ਟ ਹੈ, ਔਰ ਦੂਜਾ ਰੂਪ ਦ੍ਰਿਸ਼ਟਮਾਨ ਹੈ। ਪਰੰਤੂ ਅੰਤਮ ਤੌਰ 'ਤੇ ਇਹ ਦੋਵੇਂ ਰੂਪ ਇਕ ਇਲਹਾਮੀ ਨੂਰ ਦੇ ਦੋ ਜੁਜ਼ ਹਨ। ਦ੍ਰਿਸ਼ਟ ਰੂਪ ਵਿਚ ਅਦ੍ਰਿਸ਼ਟ ਰੂਪ ਦੀ ਬਾਤਨ ਜੋਤਿ ਔਰ ਨਿਰਾਕਾਰ ਜ਼ੀਨਤ ਹਮੇਸ਼ਾ ਹੀ ਰੁਮਕਦੀ ਰਹਿੰਦੀ ਹੈ। ਜ਼ਾਹਰਾ ਰੂਪ ਦੇ ਜ਼ਿੰਮੇ ਕੁਝ ਇਲਹਾਮੀ ਕਰਤੱਵ ਹੁੰਦੇ ਹਨ ਜੋ ਸਤਿਗੁਰੂ ਜੀ ਨੇ ਸਥੂਲ ਰੂਪ ਵਿਚ ਰਹਿ ਕੇ ਸਰ-ਅੰਜਾਮ ਦੇਣੇ ਹੁੰਦੇ ਹਨ। ਜਿਤਨੇ ਅਰਸੇ ਤਕ ਉਹ ਦੈਵੀ ਕਰਤੱਵ ਸਿਰੇ ਨਾ ਚੜ੍ਹ ਜਾਣ, ਉਤਨਾ

1. *ਉਮਦਾ-ਤੁਲ-ਤਵਾਰੀਖ਼*, ਦਫ਼ਤਰ ਅੱਵਲ, ਪੰਨਾ ੩੪; ਦੇਖੋ *ਸੂਰਜ ਪ੍ਰਕਾਸ਼*, ਰਾਸ ੪, ਅੰਸੂ ੩੭, ਪੰਨਾ ੨੩੧੩।

ਸਮਾਂ ਕੋਈ ਭੀ ਬਾਤਲਾਨਾ ਹਮਲਾ ਸਤਿਗੁਰੂ ਜੀ ਦੇ ਦ੍ਰਿਸ਼ਟ ਰੂਪ 'ਤੇ ਮਾਰੂ ਵਾਰ ਕਰਨੋ ਅਸਮਰੱਥ ਹੁੰਦਾ ਹੈ। ਇਹੀ ਕਾਰਨ ਸੀ ਕਿ ਜਦੋਂ ਤਕ ਸਿੱਖੀ ਕੇਂਦਰ ਦੀ ਸੰਪੂਰਨਤਾ, ਗੁਰੂ ਗ੍ਰੰਥ ਸਾਹਿਬ ਜੀ ਦਾ ਦੈਵੀ ਪ੍ਰਕਾਸ਼ ਅਤੇ ਗੁਰਮਤਿ ਦਾ ਮੁਕੰਮਲ ਪਾਸਾਰਾ ਨਹੀਂ ਹੋ ਗਿਆ, ਉਤਨੇ ਅਰਸੇ ਤਕ ਇਨ੍ਹਾਂ ਜਨੂੰਨੀਆਂ ਅਤੇ ਬਿਪਰਾਂ ਦੇ ਵਾਰਾਂ ਦਾ ਕੋਈ ਅਸਰ ਨਹੀਂ ਹੋ ਸਕਿਆ। ਪਰ ਹੁਣ ਗੁਰੂ ਨਾਨਕ ਸੱਚ ਇਕ ਦੈਵੀ ਨੁਹਾਰ ਵਿਚ ਪ੍ਰਵੇਸ਼ ਕਰ ਚੁੱਕਾ ਸੀ, ਇਸ ਵਾਸਤੇ ਉਹ ਸਮਾਂ ਆ ਪਹੁੰਚਾ ਸੀ ਕਿ ਦ੍ਰਿਸ਼ਟ ਰੂਪ ਗੁਰੂ ਜੋਤਿ ਨੂੰ ਅਦ੍ਰਿਸ਼ਟ ਜੋਤਿ ਵਿਚ ਲੀਨ ਕੀਤਾ ਜਾਵੇ ਔਰ ਝੂਠ ਦੇ ਉਤੇ ਸਦੀਵੀ ਸੱਚ ਦੀ ਨੁਹਾਰ ਕਾਇਮ ਕੀਤੀ ਜਾਵੇ। ਇਸ ਅਦੁੱਤੀ ਸ਼ਹਾਦਤ ਨੇ ਇਹ ਨਿਰਣੈ ਕਰ ਦਿਖਾਇਆ ਕਿ ਜੋ ਹਜ਼ੂਰ ਨੇ ਸੁਖਮਨੀ ਸਾਹਿਬ ਵਿਚ ਅੰਕਤ ਕੀਤਾ ਸੀ, ਉਹ ਕਰਨੀ ਕਰਤੂਤ ਵਿਚ ਪ੍ਰੀਵਰਤਨ ਕਰ ਕੇ ਜ਼ਾਹਿਰਾ ਰੂਪ ਵਿਚ ਵਿਖਾ ਦਿੱਤਾ।

ਰਹੇ ਬਦੇਹੀ ਹੋਇ ਦ੍ਰਿੜ੍ਹ ਬ੍ਰਹਮ ਗਿਆਨੀ ਨੀਕ॥
ਜੋ ਬਰਨਿਓ ਮਧ ਸੁਖਮਨੀ, ਪਾਲ ਦਿਖਾਇਓ ਠੀਕ॥[1]

ਆਖ਼ਰਕਾਰ ਸਤਿਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਸਿੱਖੀ ਉੱਮਤ ਉਤੇ ਇਕ ਗ਼ਮਗੀਨ ਰਾਤ੍ਰੀ ਦਾ ਰੂਪ ਧਾਰ ਕੇ ਆਈ। ਪਰੰਤੂ ਉਸ ਗ਼ਮਗੀਨੀ ਦੀ ਰਾਤ ਵਿਚ ਇਕ ਵਿਲੱਖਣਤਾ ਦੀ ਅਜ਼ੀਮ ਨੁਹਾਰ ਸਿਖੀ-ਜਗਤ ਦੇ ਆਸਮਾਨਾਂ ਵਿਚ ਫੈਲ ਗਈ। ਜ਼ਾਲਮਾਂ ਵਲੋਂ ਇਸ ਘਿਣਾਉਣੀ ਕਰਤੂਤ ਦੇ ਜ਼ਹਿਰੀਲੇ ਹਮਲਿਆਂ ਵਿਚੋਂ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਦਾ ਸਦਕਾ ਸਿੱਖੀ ਆਦਰਸ਼ ਬਹੁਤ ਹੀ ਬਲਵਾਨ ਹੋ ਨਿਬੜਿਆ। ਉੱਮਤ ਨੇ ਸ਼ਹਾਦਤ ਦੀ ਪੋਥੀ ਪੜ੍ਹਨੀ ਆਰੰਭ ਦਿੱਤੀ, ਜਿਸ ਨੇ ਸਿੱਖ ਆਦਰਸ਼ ਅਤੇ ਪਹਿਲੀ ਤਾਜ਼ਗੀ ਦੇ ਬੀਜ ਸਿੱਖੀ ਹਿਰਦਿਆਂ ਵਿਚ ਸਮੋ ਦਿੱਤੇ। ਇਸ ਦਹਿਸ਼ਤ ਦੇ ਅਜ਼ੀਮ ਖਲਾਅ ਅੰਦਰੋਂ ਖ਼ੂਨ ਦੀ ਵਹਿੰਦੀ ਨੂਰਾਨੀ ਨਦੀ ਵਿਚੋਂ, ਸਿੱਖੀ ਉੱਮਤ ਤੇਜ਼ ਕਟਾਰ ਦੀ ਧਾਰ ਵਾਂਙੂ ਸ਼ਹੀਦੀ ਦੇ ਮੈਦਾਨ ਵਿਚ ਪ੍ਰਤੱਖਤਾ ਦੇ ਰੂਪ ਵਿਚ ਆਣ ਖਲੋਤੀ। ਮੌਤ ਦੇ ਸੰਕਟਮਈ ਧਰਾਤਲਾਂ ਦੇ ਵਿਚਕਾਰ ਜੀਵਨ ਦੀ ਵਿਗਾਸ ਭਰਪੂਰ ਸੰਦਰਭ ਲੜੀ ਦਾ ਆਗ਼ਾਜ਼ ਪ੍ਰਗਟ ਹੋਣ ਲੱਗਾ। ਇਹ ਦੈਵੀ ਵਿਗਾਸ ਤੱਤੀ ਤਵੀ 'ਤੇ ਬੈਠਾ ਭੀ ਇਲਹਾਮੀ ਖੇੜੇ ਦੀਆਂ ਗੱਲਾਂ ਹੀ ਕਰਦਾ ਹੈ। ਸਤਿਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨੇ ਦੀਖਤ ਜੀਵਨ ਦੀ ਨੂਰਾਨੀ ਚੜ੍ਹਤਲ ਅਤੇ ਅਦ੍ਰਿਸ਼ਟ ਸੱਚ ਦੀ ਨੁਹਾਰ ਨੂੰ ਇਕ ਮੰਚ 'ਤੇ ਸਥਾਪਤ ਕਰ ਵਿਖਾਇਆ। ਦੀਖਤ ਜੀਵਨੀ ਦਾ ਅੰਤ ਹੋ ਰਿਹਾ ਹੈ, ਪਰੰਤੂ

1. *ਸਾਡਾ ਇਤਿਹਾਸ*, ਭਾਗ ਪਹਿਲਾ, ਪੰਨਾ ੧੯੪।

ਅਦ੍ਰਿਸ਼ਟ ਵਿਚ ਸੱਚ ਦੀ ਨੁਹਾਰ, ਸੱਚ ਦੀ ਜ਼ੀਨਤ ਔਰ ਸੱਚ ਦਾ ਸਦੀਵੀ ਪ੍ਰਕਾਸ਼ ਸਿੱਖੀ ਦੇ ਹਿਰਦਿਆਂ ਵਿਚ ਕਰ ਰਹੇ ਹਨ। ਤੱਤੀ ਲੋਹ 'ਤੇ ਬੈਠੇ ਸੱਚ ਦੀ ਅਦੀਖਤ ਨਿਰਲੇਪਤਾ ਅੰਦਰ ਬ੍ਰਹਮ ਗਿਆਨੀ ਦੇ ਹੋਣ ਦਾ ਵਿਸਮਾਦੀ ਰਹੱਸ ਝਿਮ ਝਿਮ ਧਾਰਾ ਦੇ ਰੂਪ ਵਿਚ ਵਰਸਾ ਰਹੇ ਹਨ।

ਮੈਕਾਲਿਫ਼ ਦੇ ਕਹਿਣ ਅਨੁਸਾਰ ਜਦ ਮੀਆਂ ਮੀਰ ਨੇ ਹਜ਼ੂਰ ਨੂੰ ਤੱਤੀਆਂ ਤਵੀਆਂ 'ਤੇ ਤਸੀਹੇ ਝੱਲਦੇ ਡਿੱਠਾ, ਤਦ ਕੁਰਲਾ ਉਠਿਆ, ਬੇਨਤੀ ਕੀਤੀਓਸੁ, "ਹਜ਼ੂਰ! ਆਪ ਜੀ ਇਤਨੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਕੀ ਭਾਣਾ ਵਰਤਾ ਰਹੇ ਹੋ?" ਤਦ ਹਜ਼ੂਰ ਨੇ ਫ਼ੁਰਮਾਇਆ, "ਮੀਆਂ ਮੀਰ ਜੀ! ਆਹ ਵੇਖੋ, ਇਲਹਾਮੀ ਸ਼ਕਤੀਆਂ ਹਾਜ਼ਰ ਖੜੀਆਂ ਹਨ ਜੋ ਕਿ ਇਨ੍ਹਾਂ ਜ਼ਾਲਮ ਹਠ-ਧਰਮੀ ਅਤੇ ਬਿਗੜ-ਰੂਪ ਜਨੂੰਨੀ ਤਾਕਤਾਂ ਦਾ ਵਿਨਾਸ਼ ਕਰਨਾ ਚਾਹੁੰਦੀਆਂ ਹਨ, ਪਰੰਤੂ ਐਸਾ ਕਰਨ ਦਾ ਦਰਗਾਹੀ ਹੁਕਮ ਨਹੀਂ ਹੈ। ਅਗੰਮੀ ਹੁਕਮ ਹੈ ਕਿ ਭਾਣੇ ਵਿਚ ਰਹਿ ਕੇ ਹੀ ਪ੍ਰਮਾਣਤ ਆਦਰਸ਼ ਦਾ ਗਾਡੀ ਰਾਹ ਉਲੀਕਿਆ ਜਾਵੇ।" ਪੀਰ ਮੀਆਂ ਮੀਰ ਦੀ ਪੇਸ਼ਕਸ਼ ਹਜ਼ੂਰ ਨੇ ਇਲਾਹੀ ਵਜਦ ਵਿਚ ਤਬਦੀਲ ਕਰ ਦਿੱਤੀ। ਆਖ਼ਰ ਜ਼ਾਲਮਾਂ ਨੇ ਸਤਿਗੁਰੂ ਜੀ ਨੂੰ ਬੰਨ੍ਹ ਕੇ ਰਾਵੀ ਦੇ ਵਹਿੰਦੇ ਵਹਿਣਾਂ ਵਿਚ ੩੦ ਮਈ ਸੰਨ ੧੬੦੬ ਨੂੰ ਸਵੇਰ ਵੇਲੇ ਰੋੜ੍ਹ ਦਿੱਤਾ। ਇਹੀ ਸਮਾਂ ਸੀ ਜਦੋਂ ਹਜ਼ੂਰ ਹਮੇਸ਼ਾ ਵਾਸਤੇ ਦੀਖਤ ਜੋਤਿ ਵਿਚੋਂ ਅਦੀਖਤ ਨੂਰ ਵਿਚ ਅਭੇਦ ਹੋ ਗਏ।

> **ਬਾਦ ਅਜ਼ ਜ਼ਹੂਰ ਬਾਹਜ਼ੇ ਮੁਕਦਮਾਤੇ ਨਾ-ਮੁਲਾਇਮ,**
> **ਜ਼ਾਤੇ ਆਲੀ ਦਰ ਬਹਿਰੇ ਰਾਵੀ ਅੰਦਾਖਤੰਦ।**[1]

ਜ਼ਾਲਮਾਂ ਵਲੋਂ ਗੰਢੜੀ ਬੰਨ੍ਹ ਕੇ ਰਾਵੀ ਦੇ ਵਹਿਣ ਵਿਚ ਰੋੜ੍ਹਨ ਦੀਆਂ ਹੋਰ ਭੀ ਕਈ ਇਕ ਉਗਾਹੀਆਂ ਪ੍ਰਾਪਤ ਹੁੰਦੀਆਂ ਹਨ, ਜਿਵੇਂ ਲਿਸਬਨ ਵਿਚ ਛਪੀ ਅਖ਼ਬਾਰ ਦੀ ਖ਼ਬਰ ਪਾਦਰੀ ਜੀਰੋਮ (Jeraome Xarier) ਨੇ ਸੰਨ ੧੬੦੬, ਸਤੰਬਰ ੧੫ ਨੂੰ ਛਾਪੀ ਹੈ। ਬਿਲਕੁਲ ਇਸੇ ਖ਼ਿਆਲ ਦੀ ਪ੍ਰੋੜ੍ਹਤਾ ਭਾਈ ਗੁਰਦਾਸ ਜੀ ਭੀ ਕਰਦੇ ਹਨ:

> **ਰਹਿੰਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ॥**
> **ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ॥**
> **ਸਬਦ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ॥**
> **ਚਰਣ ਕਮਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ॥**
> **ਗੁਰ ਉਪਦੇਸੁ ਨ ਵਿਸਰੇ ਬਾਬੀਹੇ ਜਿਉ ਆਖ ਵਖਾਣੀ॥**

1. ਮੁਨਸ਼ੀ ਸੋਹਨ ਲਾਲ।

ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ ॥
ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥ —ਭਾਈ ਗੁਰਦਾਸ, ਵਾਰ ੨੪/੨੩/੧

ਅਰਥ : ਭਾਵੇਂ ਗੁਰੂ ਅਰਜਨ ਦੇਵ ਜੀ ਤੱਤੀਆਂ ਲੋਹਾਂ 'ਤੇ ਬੈਠੇ ਰਹੇ, ਪਰ ਉਹ ਇਲਾਹੀ ਸਮੁੰਦਰ ਵਿਚ ਨਿਵਾਸ ਰੱਖਦੇ ਸਨ, ਜਿਵੇਂ ਮੱਛੀ ਦਰਿਆ ਦੇ ਪਾਣੀ ਵਿਚ ਲੀਨ ਹੋ ਕੇ ਰਹਿੰਦੀ ਹੈ, ਜਿਵੇਂ ਪਤੰਗਾ ਦੀਵੇ ਦੀ ਲੋਅ ਨੂੰ ਵੇਖ ਕੇ ਦੀਵੇ ਦੀ ਜੋਤਿ ਵਿਚ ਲੀਨ ਹੋ ਜਾਂਦਾ ਹੈ, ਸਤਿਗੁਰੂ ਜੀ ਭੀ ਵਾਹਿਗੁਰੂ ਜੀ ਦੇ ਦਰਸ਼ਨਾਂ ਵਿਚ ਅਭੇਦ ਹੋ ਗਏ। ਉਨ੍ਹਾਂ ਵਾਸਤੇ ਤੱਤੀ ਤਵੀ, ਤੱਤੇ ਰੇਤੇ ਅਤੇ ਉਬਲਦੇ ਪਾਣੀ ਦਾ ਕੋਈ ਅਸਰ ਨਹੀਂ ਹੈ। ਅਤਿਅੰਤ ਕਸ਼ਟ ਦੇ ਹੁੰਦਿਆਂ ਭੀ ਸ਼ਬਦ ਵਿਚ ਸੁਰਤੀ ਇੰਞ ਜੁੜੀ ਰਹੀ, ਜਿਵੇਂ ਮਿਰਗ ਦੀ ਸੁਰਤੀ ਘੰਡੇ ਹੇੜੇ ਦੇ ਸ਼ਬਦ ਵਿਚ ਲੀਨ ਰਹਿੰਦੀ ਹੈ।

ਸ਼ਹੀਦੀ ਤੋਂ ਪਹਿਲੀ ਰਾਤ ਹਜ਼ੂਰ ਵਾਸਤੇ ਬੜੀ ਕਸ਼ਟਾਂ ਭਰੀ ਰਾਤਰੀ ਸੀ, ਪਰ ਆਪ ਜੀ ਨੇ ਆਪਣੀ ਆਤਮਾ ਨੂੰ ਇਸ ਤਰ੍ਹਾਂ ਪ੍ਰੇਮ ਵਿਚ ਅਭੇਦ ਕੀਤਾ ਜਿਵੇਂ ਭੌਰਾ ਕੰਵਲ ਫੁੱਲ ਦੀ ਸੁਗੰਧੀ ਵਿਚ ਮਸਤ ਰਹਿੰਦਾ ਹੈ।

ਅੰਤਮ ਸਮੇਂ ਤਕ ਭੀ ਬਾਬੀਹੇ ਵਾਂਙੂ ਗੁਰ-ਉਪਦੇਸ਼ ਦੀ ਵਿਆਖਿਆ ਆਪਣੇ ਸਿੱਖਾਂ ਸੇਵਕਾਂ ਨਾਲ ਕਰਦੇ ਰਹੇ।

ਸਤਿਗੁਰੂ ਅਰਜਨ ਦੇਵ ਜੀ ਨੇ ਗੁਰਮੁਖਿ ਰੂਪੀ ਸਾਧ ਸੰਗਤ ਹੀ ਸੁਖ ਫਲ ਦੀ ਪ੍ਰਾਪਤੀ ਵਾਸਤੇ ਮੁੱਖ ਵਸਤੂ ਜਾਣੀ ਸੀ। ਮੈਂ ਸਤਿਗੁਰੂ ਅਰਜਨ ਜੀ ਤੋਂ ਸਦਕੇ ਜਾਂਦਾ ਹਾਂ (ਜਿਨ੍ਹਾਂ ਦੀ ਸ਼ਹਾਦਤ ਸੱਚ ਦੀ ਪਾਲਣਾ ਵਾਸਤੇ ਅਕੱਥ ਹੈ)।

ਸਤਿਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਉਪਰੰਤ ਸ਼ੇਖ਼ ਅਹਿਮਦ ਅਲਿਫ਼ ਸਾਨੀ ਮਜਦਿਦ ਨੇ ਇਕ ਚਿੱਠੀ ਸ਼ੇਖ਼ ਬੁਖ਼ਾਰੀ (ਮੁਰਤਜ਼ਾ ਖ਼ਾਨ) ਨੂੰ ਲਿਖੀ, ਜੋ ਉਸ ਵੇਲੇ ਪੰਜਾਬ ਦਾ ਸੂਬੇਦਾਰ ਥਾਪਿਆ ਜਾ ਚੁੱਕਾ ਸੀ, ਇਸ ਕੱਟੜ ਜਨੂੰਨੀ ਜ਼ਾਲਮ ਨੇ ਇਸ ਚਿੱਠੀ ਵਿਚ ਬੜੀ ਪ੍ਰਸੰਨਤਾ ਦਾ ਪ੍ਰਗਟਾਵਾ ਕੀਤਾ ਹੈ। ਚਿੱਠੀ ਦੇ ਅਸਲੀ ਸ਼ਬਦ ਨਿਮਨ-ਲਿਖਤ ਦੇ ਆਧਾਰ 'ਤੇ ਹਨ :

> The execution at this time or the accursed Kafir of Goindwal is a very good achievement indeed and has become the cause of great defeat of the hateful Hindus. With whatever intention they are killed and with whatever objective they are destroyed it is a meritorious act for the Muslims. Before this Kafir was killed, I had seen in a dream that the Emperor of the day had destroyed the crown of the head of

Shirk or Infidelity. It is true that this infidel was the chief of the infidels and a leader of the Kafirs.........The object of levying Jaziya on them is to humiliate and insult the Kafirs and Jehad against them and hostility towards them are the neccessities of the Muhammadan faith.[1]

ਇਸ ਚਿੱਠੀ ਦਾ ਫ਼ਾਰਸੀ ਭਾਸ਼ਾ ਦਾ ਤਰਜਮਾ ਨਿਮਨ-ਲਿਖਤ ਦੇ ਅਨੁਸਾਰ ਹੈ। ਜੋ ਅਹਿਮਦ ਅਲਿਫ਼ ਸਾਨੀ ਨੇ ਸ਼ੇਖ਼ ਬੁਖ਼ਾਰੀ (ਮੁਰਤਜ਼ਾ ਖ਼ਾਨ) ਦੇ ਨਾਮ 'ਤੇ ਲਿਖੀ, ਜਿਸ ਵਿਚ ਸਤਿਗੁਰੂ ਸਾਹਿਬ ਜੀ ਦੀ ਸ਼ਹੀਦੀ ਤੋਂ ਉਪਰੰਤ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ ਹੈ ਔਰ ਗ਼ੈਰ-ਮੁਸਲਿਮ ਪਰਜਾ ਨੂੰ ਮਾਰ ਕੇ ਖ਼ਤਮ ਕਰ ਦੇਣ ਦਾ ਮਨਸੂਬਾ ਜ਼ਾਹਰ ਕੀਤਾ ਗਿਆ ਹੈ ਅਤੇ ਜਜ਼ੀਏ ਦਾ ਲਗਾਨ ਦਰਸਾ ਕੇ ਹੀਣਤ ਸ਼ਬਦਾਵਲੀ ਵਰਤੀ ਹੈ:

دریں وقت کشتن کافر لعین گویندوال بسیار خوب واقع شد و باعث شکست عظیم
بر ہنود مردود گشت بہر نیت کشتہ باشند و بہر غرض کہ ہلاک کردہ خواری کفار خود نقد
وقت اہل اسلام است۔ ایں فقیر پیش از آں کہ ایں کافر را بکشند در خواب دیدہ بود کہ بادشاہ
وقت کلہ سر شرکت را شکستہ است والحق کہ آں گبر رئیس اہل شرکت بود و امام اہل کفر
.....عزت اسلام و اہل آں در خواری کفر و اہل کفر است۔ مقصود از اخذ جزیہ خواری کفار
است و اہانت ایشاں..... از ضروریات دین است۔[2]

مکتوبات امام ربانی حضرت مجدد الف ثانی
حصہ سوم۔ دفتر اول۔ مکتوب ۱۹۳

ਸ਼ੇਖ਼ ਅਹਿਮਦ ਦੀਆਂ ਚਿੱਠੀਆਂ ਨੂੰ ਪੜ੍ਹਿਆਂ ਇਸ ਨਤੀਜੇ 'ਤੇ ਆ ਜਾਈਦਾ ਹੈ ਕਿ ਸਤਿਗੁਰੂ ਸਾਹਿਬ ਨੇ ਖ਼ੁਸਰੋ ਨੂੰ ਕਿਸੇ ਪ੍ਰਕਾਰ ਦੀ ਭੀ ਸਹਾਇਤਾ ਨਹੀਂ ਕੀਤੀ, ਕਿਉਂਕਿ ਸ਼ਾਹਜ਼ਾਦਾ ਖ਼ੁਸਰੋ ੬ ਅਪ੍ਰੈਲ ਸੰਨ ੧੬੦੬ ਨੂੰ ਸ਼ਾਮ ਦੇ ਮੂੰਹ ਹਨੇਰੇ ਵਿਚ ੩੫੦ ਸਵਾਰਾਂ ਸਮੇਤ ਆਗਰਾ ਦੇ ਕਿਲ੍ਹੇ ਵਿਚੋਂ ਨਿਕਲਦਾ ਹੈ ਔਰ ੧੬ ਅਪ੍ਰੈਲ ੧੬੦੬ ਨੂੰ ਲਾਹੌਰ ਅੱਪੜ ਜਾਂਦਾ ਹੈ। ਜਹਾਂਗੀਰ ਭੀ

1. Maktubat, I-iii, letter No. 193, pp. 95-96.
2. ਮਕਤੂਬਾਤ ਅਮਾਮ ਰੱਬਾਨੀ, ਹਿੱਸਾ ਤੀਜਾ, ਦਫ਼ਤਰ ਅੱਵਲ, ਪੰਨਾ ੯੫-੯੬, ਚਿੱਠੀ ਨੰ: ੧੯੩.

੬ ਅਪ੍ਰੈਲ ਨੂੰ ਬਾਗ਼ੀ ਸ਼ਾਹਜ਼ਾਦੇ ਦੇ ਪਿੱਛੇ ਹੀ ਟੁਰ ਪੈਂਦਾ ਹੈ ਔਰ ਰਸਤੇ ਵਿਚ ਜਿਸ ਕਿਸੇ ਨੇ ਭੀ ਖ਼ੁਸਰੋ ਦੀ ਸਹਾਇਤਾ ਕੀਤੀ, ਨਾਲ ਦੀ ਨਾਲ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੰਦਾ ਆ ਰਿਹਾ ਹੈ, ਕਿਉਂਕਿ ਬਾਦਸ਼ਾਹ ਦੇ ਸੂਹੀਏ ਬਿਨਾਂ ਸਮਾਂ ਖ਼ਰਾਬ ਕੀਤਿਆਂ ਖ਼ੁਸਰੋ ਦੇ ਸਹਾਇਕਾਂ ਦੀਆਂ ਸੂਚੀਆਂ ਦਿੰਦੇ ਜਾ ਰਹੇ ਹਨ। ਸਤਾਈ (੨੭) ਅਪ੍ਰੈਲ ਨੂੰ ਖ਼ੁਸਰੋ ਦੀ ਗ੍ਰਿਫ਼ਤਾਰੀ ਜਿਹਲਮ ਨਦੀ ਨੂੰ ਪਾਰ ਕਰਨ ਲਗਿਆਂ ਹੋ ਜਾਂਦੀ ਹੈ, ਜਦੋਂ ਕਿ ਖ਼ੁਸਰੋ ਦੇ ਕੁਝ ਸਾਥੀ ਅਪ੍ਰੈਲ ੨੨ ਨੂੰ ਲਾਹੌਰ ਵਿਚ ਹੀ ਗ੍ਰਿਫ਼ਤਾਰ ਹੋ ਜਾਂਦੇ ਹਨ। ਅੰਤ ਨੂੰ ਸ਼ਾਹਜ਼ਾਦਾ ਖ਼ੁਸਰੋ ਇਕ ਕੈਦੀ ਦੀ ਹਾਲਤ ਵਿਚ ਮਈ ਪਹਿਲੀ (੧) ੧੬੦੬ ਨੂੰ ਜਹਾਂਗੀਰ ਦੇ ਸਾਹਮਣੇ ਪੇਸ਼ ਹੁੰਦਾ ਹੈ। ਪਹਿਲੀ ਮਈ ਤੋਂ ਸੱਤ (੭) ਮਈ ਤਕ ਜਹਾਂਗੀਰ ਖ਼ੁਸਰੋ ਦੇ ਸਾਥੀਆਂ ਨੂੰ ਦਿਲ ਖੋਲ੍ਹ ਕੇ ਸਜ਼ਾਵਾਂ ਦੇ ਰਿਹਾ ਸੀ। ਸੱਤ (੭) ਮਈ ਤਕ ਸਤਿਗੁਰੂ ਜੀ ਦੇ ਖ਼ਿਲਾਫ਼ ਕੋਈ ਗੱਲਬਾਤ ਨਹੀਂ ਹੈ, ਪਰ ਅਚਾਨਕ ਹੀ ਸੱਤ (੭) ਮਈ ਤੋਂ ਬਾਅਦ ਇਸਲਾਮੀ ਕੱਟੜ-ਵਾਦੀਆਂ ਅਤੇ ਚੰਦੂ ਜੈਸੇ ਮੱਕਾਰਾਂ ਨੇ ਇਕ ਝੂਠੀ ਸਾਜ਼ਿਸ਼ ਬਣਾ ਕੇ ਸਤਿਗੁਰੂ ਸਾਹਿਬ ਜੀ ਦੇ ਖ਼ਿਲਾਫ਼ ਬਾਦਸ਼ਾਹ ਦੇ ਕੰਨ ਭਰਨੇ ਆਰੰਭ ਦਿਤੇ। ਜਹਾਂਗੀਰ ਬਜ਼ਾਤੇ-ਖ਼ੁਦ ਸਤਿਗੁਰੂ ਸਾਹਿਬ ਜੀ ਦੇ ਇਤਨਾ ਖ਼ਿਲਾਫ਼ ਨਹੀਂ ਸੀ। ਪਰ ਉਸ ਨੇ ਰਾਜ-ਸੱਤਾ ਕੱਟੜ ਜਨੂੰਨੀਆਂ ਦੇ ਸਹਿਯੋਗ ਨਾਲ ਪ੍ਰਾਪਤ ਕੀਤੀ ਸੀ, ਇਸ ਵਾਸਤੇ ਉਨ੍ਹਾਂ ਨੂੰ ਖ਼ੁਸ਼ ਕਰਨ ਲਈ ਜਹਾਂਗੀਰ ਨੇ ਅਧੂਰੇ ਇਰਾਦੇ ਨਾਲ ਸਤਿਗੁਰੂ ਸਾਹਿਬ ਜੀ ਦੇ ਬੇ-ਗੁਨਾਹ ਹੁੰਦੇ ਹੋਏ ਭੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿਤਾ ਔਰ ਬਹੁਤ ਹੀ ਭਾਰੀ ਸਜ਼ਾ ਦਿਤੀ। ਜਨੂੰਨੀਆਂ ਦੇ ਅਸਰ ਰਸੂਖ਼ ਵਿਚ ਆਣ ਕੇ ਉਸ ਨੇ *ਤੁਜ਼ਕੇ ਜਹਾਂਗੀਰੀ* ਵਿਚ ਲਿਖ ਦਿਤਾ ਕਿ ਲੰਮੇ ਸਮੇਂ ਤੋਂ ਮੇਰੇ ਦਿਲ ਵਿਚ ਇਹ ਸੋਚ ਚੱਕਰ ਕਰ ਰਹੀ ਸੀ ਕਿ ਇਸ ਝੂਠੀ ਦੁਕਾਨ ਨੂੰ ਬੰਦ ਕੀਤਾ ਜਾਵੇ ਜਾਂ ਉਸ (ਗੁਰੂ ਅਰਜਨ) ਨੂੰ ਇਸਲਾਮ ਵਿਚ ਲਿਆਂਦਾ ਜਾਵੇ। ਇਹ ਗ਼ੈਰ-ਇਨਸਾਨੀ ਕਾਰਵਾਈ ਜੋ ਕੁਝ ਭੀ ਉਸ ਨੇ ਕੀਤੀ, ਸਿਰਫ਼ ਜਨੂੰਨੀਆਂ ਅਤੇ ਹਠ-ਧਰਮੀ ਮੁਲਾਣਿਆਂ ਦੀ ਪ੍ਰਸੰਨਤਾ ਲਈ ਕੀਤੀ, ਕਿਉਂਕਿ ਇਨ੍ਹਾਂ ਦੀ ਮਦਦ ਨਾਲ ਇਸ ਨੇ ਮੁਲਕ ਦਾ ਤਖ਼ਤ ਹਾਸਲ ਕੀਤਾ ਸੀ, ਔਰ ਇਹ ਤਖ਼ਤ ਅਕਬਰ ਆਪਣੇ ਪੋਤਰੇ ਸ਼ਾਹਜ਼ਾਦਾ ਖ਼ੁਸਰੋ ਨੂੰ ਸੰਭਾਲਣਾ ਚਾਹੁੰਦਾ ਸੀ। ਪਰ ਜਨੂੰਨੀ ਮੁਲਾਣਿਆਂ ਨੇ ਜਹਾਂਗੀਰ ਦੀ ਮਦਦ ਇਸ ਲਈ ਕੀਤੀ ਤਾਕਿ ਨਿਰੋਲ ਇਸਲਾਮੀ ਰਾਜ ਦੀ ਬੁਨਿਆਦ ਰੱਖੀ ਜਾ ਸਕੇ, ਜੋ ਕਿ ਅਕਬਰ ਦੇ ਸਮੇਂ ਵਿਚ ਨਹੀਂ ਹੋ ਸਕੀ।

ਆਖ਼ਰ ਬਾਦਸ਼ਾਹ ਨੇ ਇਨ੍ਹਾਂ ਜਨੂੰਨੀਆਂ ਦੇ ਰਸੂਖ਼ ਥੱਲੇ ੧੫ ਅਪ੍ਰੈਲ ਨੂੰ ਸਤਿਗੁਰੂ ਜੀ ਦੇ ਗ੍ਰਿਫ਼ਤਾਰੀ ਹੁਕਮ ਲਾਗੂ ਕਰ ਦਿੱਤੇ, ਔਰ ੨੫ ਅਪ੍ਰੈਲ

੧੬੦੬ ਨੂੰ ਸਤਿਗੁਰੂ ਜੀ ਲਾਹੌਰ ਆ ਗਏ। ਆਖ਼ਰ ਪੰਜ ਦਿਨ ਰਾਤ ਵੱਡੇ ਭਾਰੀ ਤਸੀਹੇ ਝੱਲਦੇ ਹੋਏ ਇਲਹਾਮੀ ਭਾਣੇ ਵਿਚ ਰਹਿ ਕੇ ਹਜ਼ੂਰ ੩੦ ਮਈ ੧੬੦੬ ਈਸਵੀ ਨੂੰ ਆਤਮ ਵਿਗਾਸ ਦੀਆਂ ਸਿਖ਼ਰਾਂ ਨੂੰ ਛੋਂਹਦੇ ਹੋਏ ਪਰਮ ਜੋਤਿ ਵਿਚ ਲੀਨ ਹੋ ਗਏ। ਹਜ਼ੂਰ ਨੇ ਮੌਤ ਦੇ ਕਾਂਡ ਵਿਚ ਸਦੀਵੀ ਜੀਵਨ ਦੀ ਬਸ਼ਾਰਤ ਅਤੇ ਵਿਸਮਾਦੀ ਨਕਸ਼ ਉੱਕਰ ਦਿਤੇ, ਜੋ ਸੰਸਾਰ ਦੇ ਇਤਿਹਾਸ ਵਿਚ ਸੱਚ ਝੂਠ ਦਾ ਨਿਰਣੈ ਕਰਦੇ ਰਹਿਣਗੇ।

ਸਤਿਗੁਰੂ ਜੀ ਨੇ ਰਾਵੀ ਵਿਚ ਇਸ਼ਨਾਨ ਕਰਨ ਤੋਂ ਬਾਅਦ ਪੰਜਾਂ ਸਿੱਖਾਂ ਨੂੰ ਅੰਤਮ ਉਪਦੇਸ਼ ਅਤੇ ਉੱਮਤ ਦੇ ਨਾਮ ਪੈਗ਼ਾਮ ਸਾਦਰ ਫ਼ੁਰਮਾਇਆ, ਜਿਸ ਦੀ ਸ਼ਬਦਾਵਲੀ ਭਾਈ ਸੰਤੋਖ ਸਿੰਘ ਜੀ ਨਿਮਨ-ਲਿਖਤ ਦੇ ਅਨੁਸਾਰ ਦਰਜ ਕਰਦੇ ਹਨ:

ਵਹਿਰ ਨਿਕਸਿ ਪਟ ਸ਼ੁਸ਼ਕ ਲਿਯੋ ਹੈ॥
ਦੇਹ ਅਛਾਦਿਨ ਪੁਨਹ ਕਿਯੋ ਹੈ॥
ਜਪੁਜੀ ਪਾਠ ਕਰਤਿ ਉਰ ਪ੍ਰੇਮਾ॥
ਜੋ ਸਿੱਖਨਿ ਕੀ ਠਾਨਤਿ ਛੇਮਾ॥੨੪॥
ਪੁੰਨ ਪੰਚਹੁ ਸਿਖ ਕੀਨਿ ਸੰਨਾਨੇ॥
ਗੁਰ ਬਾਨੀ ਕੋ ਪਾਠ ਬਖਾਨੇ॥
ਖਰੇ ਭਏ ਸਤਿਗੁਰੁ ਪਰਵਾਰ॥
ਜਪੁ ਜੀ ਪਾਠ ਸੁਨਯੋ ਨਿਰਧਾਰ॥੨੫॥
ਭੋਗ ਪਾਇ ਕਰਿ ਸੀਸ ਨਿਵਾਯੋ॥
ਪੁੰਨ ਸਿੱਖਨ ਸਨਿ ਬਾਕ ਅਲਾਯੋ॥
ਅਬ ਹਮ ਚਹਿੰ ਪਰਲੋਕ ਪਿਆਨਾ॥
ਚਿਤ ਜਿਮ ਕਰਤਿ ਸਕਲ ਹਮ ਠਾਨਾ॥੨੬॥
ਸ੍ਰੀ ਹਰਿ ਗੋਬਿੰਦ ਸੰਗ ਮਿਲੀਜੈ॥
ਹਮ ਦਿਸਿ ਤੇ ਬਹੁ ਧੀਰਜ ਦੀਜੈ॥
ਕਰਹੁ ਨ ਸੋਕ ਗੁਬਿੰਦ ਗੁਨ ਗਾਵੈ॥
ਅਪਰ ਸਰਬ ਕੋ ਕਹੋ ਮਿਟਾਵੈ॥੨੭॥
ਸਾਯੁਧ ਹੋਇ ਤਖਤ ਪਰ ਰਾਜਹੁ॥
ਜਥਾ ਸ਼ਕਤਿ ਸੈਨਾ ਸੰਗ ਸਾਜਹੁ॥੨੮॥[1]

ਸਤਿਗੁਰੂ ਜੀ ਨੇ ਭਾਣੇ ਵਿਚ ਰਹਿੰਦੇ ਹੋਏ ਪਾਵਨ ਸ਼ਹਾਦਤ ਦੇ ਕੇ

1. *ਸ੍ਰੀ ਗੁਰ ਪ੍ਰਤਾਪ ਸੂਰਜ*, ਰਾਸ ੪, ਅੰਸੂ ੩੭, ਪੰਨਾ ੨੩੭੫।

ਦੁਨੀਆ ਦੀਆਂ ਕੌਮਾਂ ਨੂੰ ਇਹ ਦਰਸਾ ਦਿੱਤਾ ਕਿ ਭੀੜ ਪੈਣ 'ਤੇ ਧੀਰਜ ਵਿਚ ਵਿਚਰਨਾ ਅਤਿਅੰਤ ਹੀ ਲਾਜ਼ਮੀ ਹੈ, ਔਰ ਧੀਰਜ ਭੀ ਇਤਨੀ ਕਿ ਜਿਸ ਨੂੰ ਦੇਖ ਕੇ ਧਰਤੀ ਭੀ ਰਸ਼ਕ (ਰੀਸ) ਕਰਦੀ ਹੈ। ਧਰਤੀ ਤੋਂ ਭੀ ਜ਼ਿਆਦਾ ਸਹਿਨਸ਼ੀਲਤਾ ਦੀ ਵਿਧੀ ਦ੍ਰਿੜ੍ਹ ਕਰਵਾ ਦਿੱਤੀ। ਅਸਹਿ ਦੁੱਖਾਂ ਨੂੰ ਸਹਿਨ ਦੀ ਜੁਗਤੀ ਔਰ ਅਜਰ ਨੂੰ ਜਰਨ ਦੀ ਵਿਦਿਆ ਦਾ ਸੰਚਾਰ ਕੀਤਾ। ਸਰਬ ਸ਼ਕਤੀਵਾਨ ਹੁੰਦਿਆਂ ਹੋਇਆਂ ਭੀ ਭਾਣੇ ਦੇ ਵਿਰੁੱਧ ਤਾਕਤ ਦੀ ਵਰਤੋਂ ਨਹੀਂ ਕੀਤੀ। ਪਰ ਰਜ਼ਾ ਵਿਚ ਰਹਿੰਦੇ ਹੋਏ ਅਦੁੱਤੀ ਸ਼ਹਾਦਤ ਦਾ ਮੈਦਾਨ ਹੀਣਤ ਦਸ਼ਾ ਵਿਚ ਨਹੀਂ ਜਾਣ ਦਿੱਤਾ। ਸਰਬੱਤ ਦਾ ਭਲਾ ਚਾਹੁਣ ਵਾਲੇ ਸਤਿਗੁਰੂ ਜੀ ਨੇ ਦੋਖੀਆਂ ਅਤੇ ਜ਼ਾਲਮਾਂ ਨੂੰ ਦੁੱਖ ਦੇਣ ਲਈ ਕਦੇ ਭੀ ਨਹੀਂ ਸੋਚਿਆ, ਔਰ ਆਪਣੇ ਵਿਰੋਧੀਆਂ ਦੀ ਖ਼ਾਤਰ ਕਦੇ ਭੀ ਮੰਦਾ ਸੰਕਲਪ ਹਜ਼ੂਰ ਦੇ ਦਿਲ ਵਿਚ ਨਹੀਂ ਆਇਆ ਕਿ ਉਨ੍ਹਾਂ ਨੂੰ ਦੁੱਖਾਂ ਵਿਚ ਪਾ ਕੇ ਸੁੱਖਾਂ ਤੋਂ ਵਾਂਝਿਆਂ ਕੀਤਾ ਜਾਵੇ, ਜਿਵੇਂ ਚੰਦੂ ਆਦਿ ਜਾਂ ਅਹਿਮਦ ਸਰਹੰਦੀ ਆਦਿ ਬਾਰੇ ਕਦੇ ਭੀ ਮੰਦੀ ਸੋਚ ਨਹੀਂ ਆਈ। ਸਤਿਗੁਰੂ ਜੀ ਦੀ ਮਹਿਮਾ ਕੇਵਲ ਸਤਿਗੁਰੂ ਹੀ ਸਮਝ ਸਕਦਾ ਹੈ, ਇਹ ਇਨਸਾਨੀ ਸਮਝ ਦਾ ਵਿਰਸਾ ਨਹੀਂ ਹੈ।

ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ ॥
ਜੋ ਕਿਛੁ ਕਰੇ ਸੁ ਆਪਣ ਭਾਣੈ ॥

—ਮਾਰੂ ਸੋਲਹੇ ਮ: ੫, ਪੰਨਾ ੧੦੭੫-੧੦

ਪੰਜ ਦਿਨ ਲਗਾਤਾਰ ਅਤਿ ਗੰਭੀਰ ਕਸ਼ਟ ਸਹਾਰਦਿਆਂ ਆਪਣੇ ਦਿਲ ਵਿਚ ਕਦੇ ਭੀ ਦੋਖੀ ਵਾਸਤੇ ਮਲਾਲ ਜਾਂ ਰੰਜਸ਼ ਦੀ ਦ੍ਰਿਸ਼ਟੀ ਨਹੀਂ ਧਾਰਨ ਕੀਤੀ। ਸਮੁੱਚੀ ਉਕਤ ਵਾਰਤਾ ਨੂੰ ਹੋਰ ਵਧੇਰੇ ਇਨਸਾਨੀ ਬਿਰਤੀ ਵਿਚ ਲੀਨ ਕਰਨ ਲਈ ਭਾਈ ਸੰਤੋਖ ਸਿੰਘ ਜੀ ਦੀ ਲਿਖਤ ਇਕ ਅਨਮੋਲ ਵਸਤੂ ਹੋਵੇਗੀ :

ਇਨ ਸਮ ਧੀਰਜ ਧਰਨੀ ਮਾਂਹਿ ॥
ਜਗ ਮਹਿੰ ਅਪਰ ਬਿਚਰੀਅਹਿ ਕਾਹਿ ॥
ਅਜਰ ਜਰਨਿ ਕੀ ਅਵਧਿ ਦਿਖਾਈ ॥
ਅਛਤਿ ਸ਼ਕਤਿ ਅਤਿ ਦੁਖ ਅਤਿ ਪਾਈ ॥੩੭॥
ਨਹਿੰ ਸੰਕਲਪ ਰਿਦੇ ਮਹਿੰ ਕੀਨਾ ॥
ਦੋਖੀ ਕਹੁ ਕਰਿਬੇ ਸੁਖ ਹੀਨਾ ॥
ਇਨ ਕੀ ਉਪਮਾ ਇਨਹੂੰ ਬਨੇ ॥
ਸਹੀ ਸਜਾਇ ਨ ਆਨੀ ਮਨੈ ॥੩੮॥[1]

---

1. *ਸ੍ਰੀ ਗੁਰ ਪ੍ਰਤਾਪ ਸੂਰਜ*, ਰਾਸ ੪, ਅੰਸੂ ੩੭, ਪੰਨਾ ੨੩੭੬।

੧੭-੧. *ਸਤਿਗੁਰੂ ਜੀ ਦਾ ਅੰਤਮ ਸਸਕਾਰ ਜਾਂ ਜਲ ਪ੍ਰਵਾਹ*

ਸਤਿਗੁਰੂ ਜੀ ਦੇ ਅੰਤਮ ਸਸਕਾਰ ਵਾਸਤੇ ਦੋ ਪ੍ਰਕਾਰ ਦੀਆਂ ਉਗਾਹੀਆਂ ਪ੍ਰਾਪਤ ਹੁੰਦੀਆਂ ਹਨ। ਪਹਿਲੀ ਉਗਾਹੀ *ਸ੍ਰੀ ਗੁਰ ਪ੍ਰਤਾਪ ਸੂਰਜ* ਦੀ ਹੈ, ਜਿਸ ਵਿਚ ਭਾਈ ਸੰਤੋਖ ਸਿੰਘ ਜੀ ਜਲ ਪ੍ਰਵਾਹ ਕਰਨ ਦੀ ਸਾਖੀ ਭਰਦੇ ਹਨ। ਲਿਖਤ ਨਿਮਨ-ਲਿਖਤ ਦੇ ਅਨੁਸਾਰ ਹੈ:

ਕਿਤਿਕ ਨਿਕਾਰਤਿ ਖਲ (ਮੂਰਖ ਚੰਦੂ) **ਕੋ ਗਾਰੀ॥**
ਤੁਰਕ ਰਾਜ ਕੀ ਜਰਾਂ ਉਖਾਰੀ॥
ਲੇ ਰਾਵੀ ਕੇ ਗਏ ਪ੍ਰਵਾਹੂ॥
ਜਹਿਂ ਜਲ ਚਲਤਿ ਕਲਤ (ਚੰਗਾ) **ਬਲ ਮਾਹੂ॥੨੪॥**
ਬਿਧੀਆ, ਜੇਠਾ, ਲੰਙ, ਪਿਰਾਣਾ॥
ਇਨ ਸਭ ਜਿਸ ਬਿਧਿ ਅੰਤਿ ਵਖਾਣਾ॥
ਤਿਸ ਬਿਧਿ ਕਰਤਿ ਬੇਗ (ਜਲ ਵਹਿਣ) **ਮਹਿ ਗਏ॥**
ਕੰਧ ਬਿਮਾਨ ਉਤਾਰਤਿ ਭਏ॥੨੫॥
ਜਲ ਮੈਂ ਇਸਥਿਤ ਜਬਿ ਕਰਿ ਦੀਨ॥
ਜਲਪਤਿ ਬਰਣ ਆਇ ਤਬਿ ਲੀਨ॥
ਸਭ ਬਿਧਿ ਸੋਂ ਪੂਜਨਿ ਕਰਿ ਆਛੈ॥
ਜਲ ਸਰੂਪ ਕਰਿ ਦੀਨਿਸਿ ਪਾਛੈ॥੨੬॥
ਨਿਕਸੇ ਸਿਖ ਸਲਿਤਾ ਤੇ ਬਾਹਰਿ॥
ਸਿੱਖ ਸੈਂਕਰੇ ਹੇਰਹਿ ਜ਼ਾਹਰਿ॥
ਨਹੀਂ ਬਹੁਰ ਕੁਛ ਦਈ ਦਿਖਾਈ॥
ਜਲ ਸਰੂਪ ਤਨ ਹ੍ਵੈ ਸੁਖਦਾਈ॥੨੭॥[1]

ਸਤਿਗੁਰੂ ਜੀ ਦੇ ਅੰਤਮ ਸਸਕਾਰ ਵਾਸਤੇ *ਮਹਿਮਾ ਪ੍ਰਕਾਸ਼* ਦਾ ਕਰਤਾ ਸਤਿਗੁਰੂ ਜੀ ਦੀ ਪਾਵਨ ਦੇਹੀ ਦਾ ਜਲ ਪ੍ਰਵਾਹ ਕਰਨਾ ਨਹੀਂ ਮੰਨਦਾ ਹੈ, ਉਹ ਲਿਖਦਾ ਹੈ ਕਿ ਹਜ਼ੂਰ ਦੀ ਪਵਿੱਤਰ ਦੇਹੀ ਦਾ ਸਸਕਾਰ ਕੀਤਾ ਗਿਆ। ਲਿਖਤੀ ਰੂਪ ਐਸੇ ਜ਼ਾਹਰ ਕਰਦਾ ਹੈ:

ਮਿਲ ਸੰਗਤ ਬੇਬਾਨ ਬਨਾਇਆ॥
ਅਖੰਡ ਭਜਨ ਸਤਿਗੁਰ ਗੁਨ ਗਾਇਆ॥
ਇਸ਼ਨਾਨ ਕਰਾਇ ਨਿਰਮਲ ਤਨ ਦਿਆਲ॥
ਪਹਿਰਾਏ ਬਸਤ੍ਰ ਪਾਵਨ ਤਿਹ ਕਾਲ॥

---

1. *ਸ੍ਰੀ ਗੁਰ ਪ੍ਰਤਾਪ ਸੂਰਜ*, ਰਾਸ ੪, ਅੰਸੂ ੩੮, ਪੰਨਾ ੨੩੮੭।

ਐਰਾਵਤੀ ਨਦੀ ਪਰ ਲਿਆਏ॥
ਚੰਦਨ ਚਿਤਾ ਪਰ ਆਨ ਰਖਾਏ॥
ਪਾਵਨ ਦੇਹਿ ਕਰਾ ਸਿਸਕਾਰ॥
ਤੀਨ ਲੋਕ ਭਇਆ ਜੈ ਜੈ ਕਾਰ॥[1]

ਵਾਰਤਕ *ਮਹਿਮਾ ਪ੍ਰਕਾਸ਼* ਵਿਚ ਭੀ ਨਿਮਨ-ਲਿਖਤ ਦੇ ਅਨੁਸਾਰ ਦਰਜ ਕੀਤਾ ਗਿਆ ਹੈ:

ਅਰ ਪਰਮ ਪਵਿੱਤਰ ਸਰੀਰ ਕੋ ਲੇ ਕਰ ਸਸਕਾਰ ਕੀਆ।[1]

ਕਵੀ ਸੰਤੋਖ ਸਿੰਘ ਜੀ ਇਸ ਤੋਂ ਅਗਲੀ ਸੂਰਜ ਪ੍ਰਕਾਸ਼ ਕਾਵਿ ਵਿਚ ਦਰਜ ਕਰਦੇ ਹਨ ਕਿ ਜਿਸ ਵੇਲੇ ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਸੰਗਤ ਦੇ ਸਮੇਤ ਲਾਹੌਰ ਦੀਆਂ ਸੰਗਤਾਂ ਨੂੰ ਉਪਦੇਸ਼ ਕਰਨ ਲਈ ਪਧਾਰੇ, ਤਦ ਹਜ਼ੂਰ ਨੇ ਇੱਛਾ ਪ੍ਰਗਟ ਕੀਤੀ ਕਿ ਸਤਿਗੁਰੂ ਪਿਤਾ ਜੀ ਦੇ ਜੋਤੀ ਜੋਤਿ ਸਮਾਵਨ ਅਸਥਾਨ ਦੇ ਦਰਸ਼ਨ ਕਰਨੇ ਚਾਹੀਦੇ ਹਨ। ਤਦ ਸਮੂਹ ਸੰਗਤ ਦੇ ਸਮੇਤ ਸਤਿਗੁਰੂ ਜੀ ਰਾਵੀ ਦੇ ਤਟ 'ਤੇ ਪਹੁੰਚੇ ਜਿਥੇ ਪੰਚਮ ਪਾਤਿਸ਼ਾਹ ਜੀ ਦਾ ਅੰਤਮ ਸਸਕਾਰ ਕੀਤਾ ਗਿਆ ਸੀ। ਲਿਖਤ ਐਸੇ ਹੈ:

ਪੁਨ ਸ੍ਰੀ ਹਰਿਗੋਬਿੰਦ ਬਖਾਨਾ॥
ਜਹਾਂ ਹਮਾਰੇ ਪਿਤ ਕੋ ਥਾਨਾ॥
ਤਨ ਕੋ ਤਯਾਗ ਬਿਕੁੰਠ ਸਿਧਾਰੇ॥
ਤਹਿੰ ਲੇ ਚਲਹੁ ਸੁ ਪੁੰਨ ਨਿਹਾਰੇ॥੩੮॥
ਤਬ ਜੇਠਾ ਲੰਗਾਹ ਅਗਾਰੀ॥
ਲੇ ਤਹਿੰ ਚਲੇ ਲੋਕ ਸੰਗ ਭਾਰੀ॥
ਜਾਇ ਸਥਾਨ ਸੁ ਗੁਰੂ ਦਿਖਾਵਾ॥
ਭਯੋ ਪ੍ਰਸੰਗ ਸੁ ਸਕਲ ਸੁਨਾਵਾ॥੩੯॥
ਚੰਦੂ ਦੁਸ਼ਟ ਕੇ ਘਰ ਤੇ ਆਏ॥
(ਪੰਚਮ ਪਾਤਿਸ਼ਾਹ) **ਇਹ ਤਟ ਐਰਾਵਤੀ ਨਹਾਏ॥**
ਜਪੁਜੀ ਪਾਠ ਕੀਨਿ ਇਕ ਮਨ ਤੇ॥
ਪੌਢ ਪਧਾਰੇ ਨਿਕਸੇ ਤਨ ਤੇ (ਨਿਜ ਧਾਮ ਚਲੇ ਗਏ) **॥੪੦॥**
ਸੁਨਿ ਸੁਨਿ ਲਵਪੁਰਿ ਕੀ ਬਡ ਸੰਗਤਿ॥
ਆਨਿ ਕਰਯੋ ਉਤਸਵ ਕਰਿ ਪੰਗਤਿ॥

1. *ਮਹਿਮਾ ਪ੍ਰਕਾਸ਼*, ਕਾਵਿ ਅਤੇ ਵਾਰਤਕ।

ਸਬਦ ਕੀਰਤਨ ਫੂਲ ਬਿਸਾਲੇ॥

ਕਰਿ ਸਸਕਾਰ ਭਲੀ ਬਿਧਿ ਨਾਲੇ॥੪੧॥[1]

ਉਕਤ ਵਾਰਤਾ ਤੋਂ ਇਹ ਨਿਰਣੈ ਪ੍ਰਾਪਤ ਹੋਇਆ ਕਿ ਹਜ਼ੂਰ ਨੇ ਰਾਵੀ ਵਿਚ ਇਸ਼ਨਾਨ ਕੀਤਾ, ਇਸ਼ਨਾਨ ਕਰਦਿਆਂ ਹੀ ਹਜ਼ੂਰ ਦੀ ਪਾਵਨ ਆਤਮਾ ਪਰਮ-ਆਤਮਾ ਵਿਚ ਲੀਨ ਹੋ ਗਈ। ਇਸ ਤੋਂ ਉਪਰੰਤ ਸਮੂੰਹ ਲਾਹੌਰ ਦੀ ਸੰਗਤ ਨੇ ਮਿਲ ਕੇ ਹਜ਼ੂਰ ਦੀ ਪਾਕ ਦੇਹੀ ਦਾ ਸਸਕਾਰ ਰਾਵੀ ਨਦੀ ਦੇ ਕਿਨਾਰੇ ਕਰ ਦਿੱਤਾ, ਜਿਸ ਦੀ ਗਾਥਾ ਭਾਈ ਜੇਠਾ, ਭਾਈ ਪਿਰਾਣਾ ਆਦਿ ਨੇ ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਨੂੰ ਸੁਣਾਈ ਹੈ, ਔਰ ਇਸ ਅਸਥਾਨ ਦਾ ਪਹਿਲਾ ਸੇਵਾਦਾਰ ਭਾਈ ਲੰਘਾਹਾ ਜੀ ਨੂੰ ਹਜ਼ੂਰ ਛੇਵੇਂ ਸਤਿਗੁਰੂ ਜੀ ਨੇ ਨਿਯੁੱਕਤ ਕੀਤਾ, ਜਿਸ ਦੀ ਉਗਾਹੀ *ਸੂਰਜ ਪ੍ਰਕਾਸ਼* ਵਿਚ ਭਾਈ ਸਾਹਿਬ ਜੀ ਐਸੇ ਅੰਕਤ ਕਰਦੇ ਹਨ:

ਸ੍ਰੀ ਹਰਿਗੋਬਿੰਦ ਸੁਨ ਤਿਹ ਸਮੇਂ॥
ਸੀਸ ਨਿਵਾਇ ਜੋਰਿ ਕਰ ਨਮੇਂ॥
ਕਰੀ ਪ੍ਰਕਰਮਾ ਪੁਸ਼ਪ ਚਢਾਏ॥
ਪੰਚਾਮ੍ਰਿਤ ਤਹਿੰ ਬ੍ਰਿੰਦ ਬ੍ਰਤਾਏ॥੪੨॥
ਨਿਜ ਕਰ ਸੋਂ ਕਰਿ ਮੰਜੀ ਥਾਨ॥
ਬਚ ਲੰਗਾਹ ਸੰਗ ਕੀਨਿ ਬਖਾਨ॥
ਤੂੰ ਪਿਤ ਕੋ ਪ੍ਰਿਯ ਰਹੁ ਇਸ ਥਾਨ॥
ਦੀਪਕ ਆਦਿ ਸੇਵ ਕਹੁ ਠਾਨਿ॥੪੩॥
ਜੇਸ਼ਠ ਸੁਦੀ ਚੌਥ ਦਿਨ ਮਾਂਹੀ॥
ਦਰਸ਼ਨ ਕਰੈ ਕਾਮਨਾ ਪਾਹੀ॥
ਸਮੇ ਪਾਇ ਕਰਿ ਸੁੰਦਰ ਬਨੈ॥
ਦਰਸ਼ਨ ਤੇ ਪਾਪਨਿ ਗਨ ਹਨੈ॥੪੪॥
ਸੁਨਿ ਲੰਗਾਹ ਹਰਖ ਕੋ ਧਾਰੀ॥
ਬੈਠਯੋ ਬਨਿ ਕਰਿ ਤਹਾਂ ਪੁਜਾਰੀ॥
ਕਰਤਿ ਰਹਯੋ ਤਿਸ ਥਲ ਕੀ ਸੇਵਾ॥
ਪਹੁੰਚਯੋ ਅੰਤ ਨਿਕਟ ਗੁਰਦੇਵਾ॥੪੫॥[1]

ਸਤਿਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਅਸਥਾਨ ਜਿਥੇ ਆਪ ਜੀ

1. *ਸ੍ਰੀ ਗੁਰ ਪ੍ਰਤਾਪ ਸੂਰਜ*, ਰਾਸਿ ੫, ਅੰਸੂ ੧੦, ਪੰਨਾ ੨੫੫੨।

ਦਾ ਸਸਕਾਰ ਕੀਤਾ ਗਿਆ, ਇਸ ਪਾਵਨ ਅਸਥਾਨ ਦਾ ਨਾਮ ਦੇਹੁਰਾ ਸਾਹਿਬ ਹੈ[1], ਜੋ ਅਜ ਕਲ੍ਹ ਪਾਕਿਸਤਾਨ ਵਿਚ ਹੈ। ਆਮ ਸੰਗਤਾਂ ਸਤਿਗੁਰੂ ਜੀ ਦੇ ਸ਼ਹੀਦੀ ਪੁਰਬ 'ਤੇ ਦਰਸ਼ਨ ਕਰਨ ਲਈ ਪਾਕਿਸਤਾਨ ਜਾਂਦੀਆਂ ਹਨ। ਇਥੋਂ ਤਕ ਸ਼ਹੀਦੀ ਕਿਵੇਂ ਹੋਈ ਦਾ ਪ੍ਰਸੰਗ ਸਮਾਪਤ ਹੁੰਦਾ ਹੈ। ਇਸ ਤੋਂ ਅਗੇ ਸ਼ਹੀਦੀ ਦੇ ਪ੍ਰਭਾਵ ਪ੍ਰਤੀ ਆਗਿਆ ਚਾਹਾਂਗੇ।

1. ਦੇਖੋ ਮਹਾਨ ਕੋਸ਼, ਲਾਹੌਰ ੪, ਪੰਨਾ ੧੦੫੪।

ਸ਼ਹੀਦੀ ਦੇ ਪ੍ਰਭਾਵ

ਸ਼ਹੀਦਾਂ ਦਾ ਖ਼ੂਨ ਸੱਚ ਦਾ ਬੀਜ ਹੁੰਦਾ ਹੈ, ਤਦੇ ਸਤਿਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਸਿੱਖਾਂ ਦੇ ਹਿਰਦਿਆਂ ਵਿਚ ਸੱਚੀ ਖੇਤੀ ਦਾ ਬੀਜ ਸਮੋ ਗਈ। ਹਜ਼ੂਰ ਨੇ ਸਿੱਖੀ ਉੱਮਤ ਨੂੰ ਇਹ ਸੰਥਿਆ ਦ੍ਰਿੜ੍ਹ ਕਰਵਾਈ ਕਿ ਜੇਕਰ ਤੁਹਾਨੂੰ ਸੱਚ ਦੀ ਹਾਨੀ ਨਜ਼ਰ ਆਵੇ ਤਦ ਤੁਸੀਂ ਮੇਰੀ ਗਲੀ ਵਿਚ ਪ੍ਰਵੇਸ਼ ਕਰੋ, ਕਿਉਂਕਿ ਸਤਿਗੁਰੂ ਜੀ ਦੀ ਗਲੀ ਵਿਚ ਕੇਵਲ ਸੱਚ ਦੀ ਖੇਡ ਹੀ ਖੇਡੀ ਜਾਂਦੀ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

—ਸਲੋਕ ਵਾਰਾਂ ਤੇ ਵਧੀਕ, ਮ: ੧, ਪੰਨਾ ੧੪੧੨-੨

ਇਕ ਗੱਲ ਹਮੇਸ਼ਾ ਹੀ ਯਾਦ ਰੱਖਣ-ਯੋਗ ਹੈ ਕਿ ਸੱਚ ਦੀ ਖੇਡ ਵਿਚ ਕਾਣ ਵਿਖਾਉਣ ਦਾ ਰਿਵਾਜ ਨਹੀਂ ਹੈ। ਜੇਕਰ ਸੱਚ ਦੀ ਬਾਜ਼ੀ ਖੇਲਣ ਲੱਗਿਆਂ ਕਮਜ਼ੋਰੀ ਜਾਂ ਕਾਣ ਆ ਜਾਵੇ, ਤਦ ਬਾਦਸ਼ਾਹ ਐਡਮੰਡ ਦੀ ਕਬਰ 'ਤੇ ਲਿਖੇ ਹੋਏ ਸ਼ਬਦ ਝੂਠੇ ਸਾਬਤ ਹੋ ਜਾਂਦੇ ਹਨ। ਕਬਰ 'ਤੇ ਲਿਖਿਆ ਹੈ ਕਿ ਸ਼ਹੀਦਾਂ ਦਾ ਖ਼ੂਨ ਸੱਚ ਦਾ ਬੀਜ ਹੁੰਦਾ ਹੈ। ਅਸਲੀ ਸ਼ਬਦ ਨਿਮਨ-ਲਿਖਤ ਦੇ ਅਨੁਸਾਰ ਹਨ:

"The blood of the marty: is the seed of the Church."

ਮਿਸਟਰ ਟਰੰਪ ਦੇ ਕਹਿਣ ਅਨੁਸਾਰ ਸਤਿਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਸਿੱਖੀ ਵਿਚਾਰਧਾਰਾ ਵਿਚ ਇਕ ਅਤਿ ਤਿੱਖਾ ਮੋੜ ਸੀ, ਜਿਸ ਨੇ ਪੰਜਾਬ, ਖ਼ਾਸ ਕਰਕੇ ਸਿੱਖੀ ਤਵਾਰੀਖ਼ ਵਿਚ ਪ੍ਰੀਵਰਤਨ ਲਿਆਂਦਾ। ਜਿਸ ਦੇ ਅਸਲੀ ਸ਼ਬਦ ਐਸੇ ਲਿਖੇ ਮਿਲਦੇ ਹਨ:

Martyrdom of Guru Arjan is a turning point in

Punjab history especialy in Sikh history.

ਸਤਿਗੁਰੂ ਅਰਜਨ ਸਾਹਿਬ ਜੀ ਨੇ ਆਪਣੀ ਲਾ-ਮਿਸਾਲ ਸ਼ਹਾਦਤ ਦੇ ਦੌਰਾਨ ਬਾਰ ਬਾਰ ਸੋਚਣ ਤੋਂ ਬਾਅਦ ਇਹ ਨਿਰਣੈ ਕੀਤਾ ਕਿ ਸਿੱਖੀ ਦੀ ਵਿਕਾਸ-ਸ਼ੀਲ ਬੇਹਤਰੀ ਅਤੇ ਹੋਂਦ ਲਈ ਬਹੁਤ ਹੀ ਲਾਜ਼ਮੀ ਹੋ ਗਿਆ ਹੈ ਕਿ ਇਸ ਨੂੰ ਆਪਣੀ ਰੱਖਿਆ ਕਰਨ ਦਾ ਮਾਣ ਬਖ਼ਸ਼ਿਆ ਜਾਵੇ। ਜਿਸ ਵੇਲੇ ਕੋਈ ਭੀ ਗ਼ੈਰ-ਜ਼ਿੰਮੇਵਾਰ ਸਰਕਾਰ ਪਰਜਾ ਦੀ ਸਲਾਮਤੀ, ਸੁੱਖ-ਸ਼ਾਂਤੀ ਅਤੇ ਉਨ੍ਹਾਂ ਦੇ ਸ਼ਹਿਰੀ ਅਧਿਕਾਰਾਂ ਅਤੇ ਰੱਈਅਤ ਦੇ ਧਰਮ 'ਤੇ ਹਮਲੇ ਕਰਨ ਲੱਗ ਜਾਵੇ, ਤਦ ਰੂਹਾਨੀ ਆਗੂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਰਿਆਇਆ ਨੂੰ ਬੇ-ਇਨਸਾਫ਼ੀ ਦੇ ਖ਼ਿਲਾਫ਼ ਲਾਮ-ਬੰਦ ਕਰੇ। ਧਾਰਮਿਕ, ਸਾਹਿੱਤਕ ਅਤੇ ਤਹਿਜ਼ੀਬੋ-ਤਮੱਦਨ ਦੇ ਖੇਤਰਾਂ ਨੂੰ ਬਰ-ਕਰਾਰ ਰੱਖਣ ਲਈ ਪਰਜਾ ਨੂੰ ਲਾਮ-ਬੰਦ ਅਤੇ ਸ਼ਸਤਰ-ਬੰਦ ਕਰੇ। ਬਿਲਕੁਲ ਇਸੇ ਖ਼ਿਆਲ ਨੂੰ ਮੁੱਖ ਰੱਖਦੇ ਹੋਏ ਹਜ਼ੂਰ ਪੰਚਮ ਨਾਨਕ ਜੀ ਨੇ ਆਪਣੇ ਜਾ-ਨਸ਼ੀਨ (ਉੱਤਰ-ਅਧਿਕਾਰੀ) ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਆਦੇਸ਼ ਭੇਜਿਆ ਕਿ ਮੌਜੂਦਾ ਸਰਕਾਰ, ਉਸ ਦੇ ਅਹਿਲਕਾਰ ਅਤੇ ਇਸ ਦੇ ਹਾਮੀ ਜਨੂੰਨੀਆਂ ਦੀ ਆਤਮਾ ਰੱਬ ਦੇ ਬੁਨਿਆਦੀ ਸੰਦੇਸ਼ ਵਲੋਂ ਗ਼ਾਫ਼ਲ ਹੋ ਚੁੱਕੀ ਹੈ। ਇਨ੍ਹਾਂ ਦੇ ਦਿਲਾਂ ਵਿਚੋਂ ਰੱਬੀ ਆਚਰਣਤਾ ਖ਼ਤਮ ਹੋ ਗਈ ਹੈ। ਹੁਣ ਅਸਾਡੇ ਵਾਸਤੇ ਦਰਗਾਹੀ ਹੁਕਮ ਆ ਚੁੱਕਾ ਹੈ ਕਿ ਇਨ੍ਹਾਂ ਦਰਿੰਦਿਆਂ ਦੇ ਸਾਹਮਣੇ ਅਮਨ ਅਤੇ ਸ਼ਾਂਤੀ ਦੀ ਨੀਤੀ ਲਾਗੂ ਕਰਨ ਦਾ ਕੋਈ ਭੀ ਅੱਛਾ ਨਤੀਜਾ ਨਿਕਲਣ ਦੀ ਆਸ ਨਹੀਂ ਹੈ। ਇਸ ਵਾਸਤੇ ਬਹੁਤ ਹੀ ਜ਼ਰੂਰੀ ਹੈ ਕਿ ਉੱਮਤ ਨੂੰ ਸ਼ਸਤਰ ਅਤੇ ਅਸਤਰ (ਘੋੜੇ) ਬਿਧੀ ਰਾਹੀਂ ਗਤੀ-ਬੱਧ ਕੀਤਾ ਜਾਵੇ। ਇਸ ਖ਼ਿਆਲ ਦੀ ਹਾਮੀ ਭਾਈ ਸਾਹਿਬ ਸੰਤੋਖ ਸਿੰਘ ਜੀ ਇੰਝ ਭਰਦੇ ਹਨ:

> **ਸਾਯੁਧ ਹੋਇ ਤਖਤ ਪਰ ਰਾਜਹੁ।**
> **ਜਥਾ ਸ਼ਕਤਿ ਸੈਨਾ ਸੰਗ ਸਾਜਹੁ ॥੨੮॥**[1]

ਦੁਨੀਆ ਦੇ ਕੁਝ ਹੋਰ ਵਿਦਵਤਾ ਭਰਪੂਰ ਲਿਖਾਰੀਆਂ ਨੇ ਭੀ ਉਕਤ ਦਰਸਾਏ ਖ਼ਿਆਲਾਂ ਦੀ ਪ੍ਰੋੜ੍ਹਤਾ ਕੀਤੀ ਹੈ। ਮੈਕਾਲਿਫ਼ ਦੇ ਸ਼ਬਦਾਂ ਵਿਚ ਪੜ੍ਹਿਆਂ ਅਸਾਡੇ ਸਮਝਣ ਵਿਚ ਕਾਫ਼ੀ ਸਹਾਇਤਾ ਮਿਲੇਗੀ। ਔਰ ਹਰੀ ਰਾਮ ਗੁਪਤਾ ਜੀ ਦੇ ਖ਼ਿਆਲ ਭੀ ਇਸ ਤਬਦੀਲੀ ਨੂੰ ਸਮਝਣ ਵਿਚ ਮਦਦਗਾਰ ਹੋਣਗੇ:

> The Guru bowed at the end of his devotion and thus addressed his Sikhs: I have succeeded in

1. *ਸ੍ਰੀ ਗੁਰ ਪ੍ਰਤਾਪ ਸੂਰਜ*, ਰਾਸ ੪, ਅੰਸੂ ੩੭, ਪੰਨਾ ੨੩੭੫।

effecting the object of my life. Go to my son the holy Har Gobind and give him from me ample consolation. Bid him not mourn or indulge in unmanly lamentations, but sing God's praises. Let him also restrain from grief the other members of my family. Let him sit fully armed on his throne and maintain an army to the best of his ability.[1]

Gupta: Guru Arjan in captivity and under the severest torture, concentrated on God and sought divine light and guidance to save nascent religion from annihilation. The only solution revealed to him was to guard it with the aid of arms. He pondered over again and again and concluded that this was the only remedy.[2]

ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਪਹਿਲੇ ਸਤਿਗੁਰਾਂ ਦੇ ਦਰਸਾਏ ਪੂਰਨਿਆਂ 'ਤੇ ਚਲਦੇ ਹੋਏ ਇਲਹਾਮੀ ਸੰਦੇਸ਼ ਦੀ ਤਬਲੀਗ (ਪ੍ਰਚਾਰ) ਦਾ ਪਾਸਾਰਾ ਕਰਨ ਦੇ ਨਾਲ ਨਾਲ ਸਿੱਖ ਉੱਮਤ ਨੂੰ ਇਕ ਫ਼ੌਜੀ ਸ਼ਕਤੀ ਬਣਾਉਣ ਵਿਚ ਬੜੀ ਤੇਜ਼ੀ ਨਾਲ ਅਗੇ ਵਧੇ, ਜਿਸ ਦਾ ਸਦਕਾ ਸਿੱਖ ਕੌਮ ਆਪਣੀ ਰੱਖਿਆ ਕਰਨ ਦੇ ਯੋਗ ਹੋ ਗਈ। ਕਨਿੰਘਮ ਦੀ ਲਿਖਤ ਵਾਚਿਆਂ ਹੋਰ ਜਾਣਕਾਰੀ ਪ੍ਰਾਪਤ ਹੁੰਦੀ ਹੈ:

Whatever may be the truth about death of Chandu and the first year of Har Gobind's ministry, it is certain that in a short time, he became a military leader as well as a spiritual teacher... Har Gobind grasped a sword and marched with his devoted followers among the troops of the emperor or boldly led them to oppose and overcome provincial governors or personal enemies. Nanak had himself abstained from animal-food, and the prudent Arjan endeavoured to add to his saintly merit or influence by a similar moderation; but the adven-

1. Macauliffe, iii, p. 99 and Kanhiya Lal, *Tarikh-e-Punjab*, p. 28.
2. Hari Ram Gupta, i, p. 155.

> turous Har Gobind became a hunter and an eater of flesh and his disciples imitated him in these robust practices[1]... He had a stable of eight hundred horses; three hundred mounted followers were constantly in attendance upon him and a guard of sixty matchlock-men secured the safety of his person, he had ever feared or thought of assassination.[1] The impulse which he gave to the Sikhs was such as to separate them a long way from all Hindu sects.[2]

ਸਤਿਗੁਰੂ ਨਾਨਕ ਸਾਹਿਬ ਜੀ ਨੇ ਇਕ ਨਵੇਂ ਪੰਥ ਦੀ ਨੀਂਹ ਰੱਖੀ, ਜਿਸ ਵਿਚ ਵਾਹਿਦ ਆਤਮਿਕ ਸਿਖਿਆ ਦੇ ਨਾਲ ਨਾਲ ਸੰਗਤ ਦੀ ਬੁਨਿਆਦ ਭੀ ਸਥਾਪਤ ਕੀਤੀ। ਸੰਗਤ ਦਾ ਮਿਲ ਬੈਠਣਾ ਹੀ ਇਕ ਦੀਰਘ-ਕਾਲੀ ਹੋਂਦ ਦਾ ਬਾਨ੍ਹਣੂ ਬੰਨ੍ਹਦਾ ਹੈ। ਇਸ ਸਥਾਈ ਹੋਂਦ ਨੂੰ ਸਤਿਗੁਰੂ ਅਰਜਨ ਸਾਹਿਬ ਜੀ ਨੇ ਰੱਬਾਨੀਅਤ ਦੀ ਸੰਥਿਆ ਦਾ ਹਮਦਮ ਬਣਾ ਦਿੱਤਾ। ਗ੍ਰਿਹਸਤ ਵਿਚ ਰਹਿੰਦਿਆਂ, ਸੰਗਤ ਦੇ ਰੂਪ ਵਿਚ ਜੁੜ ਕੇ ਬੈਠਣਾ, ਆਤਮਿਕ ਉਦੇਸ਼ ਦੀ ਪ੍ਰਾਪਤੀ ਕਰਨੀ ਔਰ ਦੁਨਿਆਵੀ ਮਾਮਲਿਆਂ ਵਿਚ ਹਰ ਸੰਕਟ ਦਾ ਸਾਹਮਣਾ ਕਰਦੇ ਹੋਏ ਕਾਮਯਾਬੀ ਪ੍ਰਾਪਤ ਕਰਨੀ, ਸਤਿਗੁਰੂ ਅਰਜਨ ਦੇਵ ਜੀ ਦੇ ਵਿਰਸੇ ਵਿਚ ਧੁਰ ਦਰਗਾਹੀ ਫ਼ੁਰਮਾਨ ਆਇਆ ਹੈ। ਹਜ਼ੂਰ ਦੀ ਸ਼ਹਾਦਤ ਦਾ ਪ੍ਰਭਾਵ ਇਹ ਹੋਇਆ ਕਿ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਤਮਿਕ ਨੀਤੀ ਅਤੇ ਸ਼ਾਸਨ ਨੀਤੀ ਨੂੰ ਇਕ ਮੰਚ 'ਤੇ ਪ੍ਰਗਟ ਕਰ ਦਿਖਾਇਆ। ਜਿਥੋਂ ਸਿੱਖ ਕੌਮ ਆਪਣੀ ਹਿਫ਼ਾਜ਼ਤ, ਆਪਣੇ ਅਮਨ ਅਤੇ ਸਲਾਮਤੀ ਦੀਆਂ ਜ਼ਿੰਮੇਵਾਰੀਆਂ ਨੂੰ ਸੰਭਾਲਣ ਦੇ ਯੋਗ ਹੋ ਗਈ। ਇਸ ਦੀ ਬਾਬਤ ਕਨਿੰਘਮ ਲਿਖਦਾ ਹੈ:

> Nanak had sanctioned or enjoined secular occupations, Arjan carried the injunction into practice and the impulse thus given speedily extended and became general. The temper and the circumstances of Har Gobind both prompted him to innovation.[3]

1. *Dabistan Mazahib*, II, p. 248; and Malcolm Sketch, p. 36; and *History of the Sikhs*, by J.D. Cunningham, pp. 50-51.
2. Cunningham, *History of the Sikhs*, pp. 50-51.
3. As above.

ਹਜ਼ੂਰ ਛੇਵੇਂ ਪਾਤਿਸ਼ਾਹ ਹਰਿਗੋਬਿੰਦ ਸਾਹਿਬ ਜੀ ਦੀ ਗੱਦੀ-ਨਸ਼ੀਨੀ ਸਮੇਂ ਬਾਬਾ ਬੁੱਢਾ ਜੀ ਨੇ ਪੁਰਾਤਨ ਮਰਯਾਦਾ ਦੇ ਅਨੁਸਾਰ ਸਤਿਗੁਰੂ ਜੀ ਦੇ ਮੁਬਾਰਕ ਮੱਥੇ ਉਤੇ ਟਿੱਕਾ ਲਗਾਇਆ, ਪਰ ਹਜ਼ੂਰ ਨੇ ਬਾਬਾ ਜੀ ਨੂੰ ਆਖਿਆ, "ਬਾਬਾ ਜੀ! ਅਸਾਨੂੰ ਟਿੱਕੇ ਦੇ ਨਾਲ ਨਾਲ ਦੋ ਤਲਵਾਰਾਂ ਦੀ ਭੀ ਲੋੜ ਹੈ। ਤਦ ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਹਜ਼ੂਰ ਦੇ ਪਾਵਨ ਜਿਸਮ 'ਤੇ ਸਜਾ ਦਿੱਤੀਆਂ, ਜਿਨ੍ਹਾਂ ਦੀ ਹਾਮੀ ਉਸ ਜ਼ਮਾਨੇ ਦੇ ਢਾਡੀ ਇੰਝ ਭਰਦੇ ਹਨ:

ਦੋ ਤਲਵਾਰੀ ਬਧੀਆਂ ਇੱਕ ਮੀਰੀ ਦੀ ਇੱਕ ਪੀਰੀ ਦੀ।
ਇੱਕ ਅਜ਼ਮਤ ਦੀ, ਇੱਕ ਰਾਜ ਦੀ, ਇੱਕ ਰਾਖੀ ਕਰੇ ਵਜ਼ੀਰੀ ਦੀ।
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ ਬਖੀਰ ਜੀ।
ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪਗ ਤੇਰੀ ਕੀ ਜਹਾਂਗੀਰ ਦੀ।[1]

ਜਦੋਂ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਰੋਧੀਆਂ ਵਲੋਂ ਬਗ਼ੈਰ ਕਿਸੇ ਕਸੂਰ ਦੇ ਕੀਤੀ ਗਈ, ਸਿੱਟੇ ਵਜੋਂ ਸਿੱਖੀ ਜਗਤ ਵਿਚ ਇਕ ਜਾਗ੍ਰਤਾ ਉਤਪੰਨ ਹੋਈ, ਸੋਚਣੀ ਵਿਚ ਵੱਡੀ ਤਬਦੀਲੀ ਆ ਗਈ। ਇਸ ਪ੍ਰੀਵਰਤਨ ਦੇ ਮੋਢੀ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਸਨ, ਜਿਨ੍ਹਾਂ ਨੇ ਗੁਰ-ਗੱਦੀ ਸੰਭਾਲਦਿਆਂ ਹੀ ਬਾਬਾ ਬੁੱਢਾ ਜੀ ਨੂੰ ਆਖਿਆ, "ਬਾਬਾ ਜੀ! ਅਸਾਨੂੰ ਦੋ ਤਲਵਾਰਾਂ ਪਹਿਨਣ ਵਾਸਤੇ ਦੇਵੋ, ਤਾਕਿ ਅਸੀਂ ਮੀਰੀ ਅਤੇ ਪੀਰੀ ਦਾ ਸੁਮੇਲ ਕਰ ਸਕੀਏ। ਪੀਰੀ ਦੀ ਤਲਵਾਰ ਮੀਰੀ ਦੀ ਤਲਵਾਰ ਉਤੇ ਕਾਬੂ ਰੱਖ ਸਕੇ। ਰਾਜ-ਨੀਤੀ ਅਤੇ ਸ਼ਾਸਨ ਧਰਮ ਦੇ ਅਧੀਨ ਚੱਲਣ ਔਰ ਸ਼ਾਸਨਿਕ ਢਾਂਚਾ ਪਰਜਾ ਦੇ ਅਧਿਕਾਰਾਂ ਤੇ ਵਧੀਕੀ ਅਤੇ ਹਠ-ਧਰਮੀ ਦੀ ਗਤੀ ਅਖ਼ਤਿਆਰ ਨਾ ਕਰ ਸਕੇ।" ਨਤੀਜੇ ਵਜੋਂ ਸ਼ਕਤੀ ਹਮੇਸ਼ਾ ਹੀ ਭਗਤੀ ਅਧੀਨ ਰਹੇ। ਮੀਰੀ ਦੀ ਤਲਵਾਰ ਸ੍ਵੈ-ਰੱਖਿਆ ਕਰ ਸਕੇ, ਤਾਕਿ ਪਰਜਾ ਵਾਸਤੇ ਹਿਫ਼ਾਜ਼ਤ ਅਤੇ ਸਲਾਮਤੀ ਦੇ ਪ੍ਰਬੰਧ ਕੀਤੇ ਜਾਣ। ਰਿਆਇਆ ਸੁਖ-ਸ਼ਾਂਤੀ ਵਿਚ ਰਹਿੰਦੀ ਹੋਈ ਆਪਣੇ ਆਪਣੇ ਧਰਮ ਦੀ ਪਾਲਣਾ ਸ੍ਵੈ-ਮਾਣ ਵਿਚ ਰਹਿ ਕੇ ਕਰ ਸਕੇ। ਪੀਰੀ ਦੀ ਤਲਵਾਰ, ਮੀਰੀ ਦੀ ਤਲਵਾਰ ਉਤੇ ਹਰ ਪੱਖੋਂ ਸ਼੍ਰੋਮਣੀ ਹੋਵੇ, ਤਾਕਿ ਹਕੂਮਤ ਪਰਜਾ ਦੀ ਖ਼ਾਤਰ ਸਦ-ਭਾਵਨਾ ਵਾਲਾ ਵਤੀਰਾ ਬਣਾਈ ਰੱਖੇ। ਉਕਤ ਖ਼ਿਆਲਾਂ ਦੀ ਹਾਮੀ ਹਰੀ ਰਾਮ ਗੁਪਤਾ ਦੇ ਸ਼ਬਦਾਂ ਰਾਹੀਂ ਵੇਖੀ ਜਾ ਸਕਦੀ ਹੈ:

---

1. *ਸਾਡਾ ਇਤਿਹਾਸ*, ਜਿਲਦ ਪਹਿਲੀ, ਪੰਨਾ ੧੯੬।

Measures adopted by Him (Guru Har Gobind)

Two swords : On receiving his father's last message and the news of his death, Bhai Budha performed the ceremony of succession to Guruship. He applied tilak on Har Gobind's forehead. The Guru then asked Bhai Budha to adore him with a sword. The Bhai had never handled a sword and he tied it on the right side of the Guru who pointed out the mistake. The Bhai wanted to put it on the other side. The Guru forbade him to do so. He asked Bhai Budha to fasten another sword on the left side. Thus the Guru wore two swords simultaneously. He declared that the two swords signified Miri and Piri, Shakti and Bhakti, Deg and Teg. One symbolised power and the other spiritual power; one to smite the oppressor, the other to protect the innocent. He told his followers : "In the Guru's house spiritual and mundane powers shall be combined. There Deg or meals for friends and Teg or punishment for foes would always be ready.[1]

ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਸਿੱਖਾਂ ਨੂੰ ਇਹ ਹੁਕਮ ਜਾਰੀ ਕੀਤਾ ਕਿ ਅਜ ਤੋਂ ਗੁਰੂ-ਘਰ ਵਿਚ ਆਤਮਿਕ ਅਤੇ ਦੁਨਿਆਵੀ ਸ਼ਕਤੀਆਂ ਆਪਸ ਵਿਚ ਸੰਮਿਲਤ ਕੀਤੀਆਂ ਜਾਂਦੀਆਂ ਹਨ। ਸਤਿਸੰਗੀਆਂ ਅਤੇ ਗੁਰੂ ਨਾਨਕ ਨਾਮ ਲੇਵਾ ਵਾਸਤੇ ਆਤਮਿਕ ਅਤੇ ਸਰੀਰਕ ਭੋਜਨ ਦਿੱਤਾ ਜਾਵੇਗਾ। ਔਰ ਗੁਰੂ-ਘਰ ਦੇ ਦੋਖੀਆਂ ਵਾਸਤੇ ਤੇਗ ਦੀ ਧਾਰ ਹਮੇਸ਼ਾ ਹੀ ਵਰਤੋਂ ਵਿਚ ਲਿਆਂਦੀ ਜਾਵੇਗੀ। ਮੇਰੀ ਪਹਿਨੀ ਹੋਈ ਮਾਲਾ ਮੇਰੀ ਤਲਵਾਰ ਦਾ ਕਮਰ-ਬੰਦ (ਗਾਤਰਾ) ਹੋਵੇਗੀ। ਮੇਰੀ ਦਸਤਾਰ ਉਤੇ ਬਾਦਸ਼ਾਹੀ ਤਾਜ ਹੋਵੇਗਾ। ਹਜ਼ੂਰ ਨੇ ਸਾਰੇ ਸਿੱਖੀ ਜਗਤ ਨੂੰ ਆਦੇਸ਼ ਲਾਗੂ ਕੀਤਾ ਕਿ ਤੁਸੀਂ ਸਾਰੇ ਹੀ ਤਲਵਾਰ ਪਹਿਨੋ ਤੇ ਘੋੜਿਆਂ ਦੀ ਸਵਾਰੀ ਕਰੋ। ਔਰ ਨਾਲ ਦੀ ਨਾਲ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਤਿਗੁਰੂ ਬਾਬਾ ਨਾਨਕ ਦੇਵ ਜੀ ਦੇ ਇਲਹਾਮੀ ਪੈਗ਼ਾਮ ਦੀ ਰੌਸ਼ਨੀ ਲਗਾਤਾਰ ਕਾਇਮ ਰੱਖੀ, ਪਰ ਆਪ

1. Gupta, I, pp. 155-156.

ਜੀ ਨੇ ਤਲਵਾਰ ਦੀ ਆਭਾ, ਕਿਰਪਾਨ ਦੀ ਤਜੱਲੀ ਦਾ ਵਾਧਾ ਆਤਮਿਕ ਪੈਗਾਮ ਦੇ ਨਾਲ ਨਾਲ ਹੋਰ ਵਧੇਰੇ ਕਰ ਦਿੱਤਾ। ਖ਼ਿਆਲ ਰੱਖਣ ਵਾਲੀ ਯਾਦ ਹੈ ਕਿ ਜਦੋਂ ਸਤਿਗੁਰੂ ਅਰਜਨ ਦੇਵ ਜੀ ਦੇ ਸਿੱਖ ਮੱਧ ਏਸ਼ੀਆ ਵਿਚ ਘੋੜਿਆਂ ਦੀ ਤਜਾਰਤ ਵਾਸਤੇ ਜਾਂਦੇ ਸਨ, ਉਹ ਸ੍ਵੈ-ਰੱਖਿਆ ਲਈ ਆਪਣੇ ਆਪਣੇ ਹਥਿਆਰਾਂ ਨਾਲ ਲੈਸ ਹੁੰਦੇ ਸਨ, ਇਸ ਵਾਸਤੇ ਤਲਵਾਰ ਤੀਰ ਕਮਾਨ ਤੇ ਬੰਦੂਕਾਂ ਰੱਖਣੀਆਂ ਸ੍ਵੈ-ਰੱਖਿਆ ਵਾਸਤੇ ਸਿੱਖਾਂ ਲਈ ਇਕ ਆਮ ਸਾਧਾਰਨ ਵਤੀਰਾ ਸੀ।

ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਦੀ ਸ਼ਾਹੀ ਠਾਠ ਬਾਠ ਪੰਜਵੇਂ ਪਾਤਿਸ਼ਾਹ ਜੀ ਤੋਂ ਬਹੁਤ ਹੀ ਅਗੇਰੇ ਤੇ ਜ਼ਿਆਦਾ ਸੀ। ਆਪ ਜੀ ਆਪਣੇ ਬਹਾਦਰ ਸਿੱਖਾਂ ਨੂੰ ਫ਼ੌਜੀ ਸਿੱਖਿਆ ਦੇ ਕੇ ਲਾਮ-ਬੰਦ ਕਰ ਰਹੇ ਸਨ। ਆਪ ਜੀ ਦੀ ਸੇਵਾ ਵਿਚ ਇਕ ਹਜ਼ਾਰ ਦੇ ਲਗਪਗ ਘੋੜ ਸਵਾਰ, ਕੁਝ ਤੋਪਚੀ ਤੇ ਕਾਫ਼ੀ ਮਾਤਰਾ ਵਿਚ ਪਿਆਦਾ ਸ਼ਸਤਰ-ਧਾਰੀ ਫ਼ੌਜ ਭੀ ਹਾਜ਼ਰ ਰਹਿੰਦੀ ਸੀ। ਆਪ ਜੀ ਨੇ ਰਾਵੀ ਅਤੇ ਘੱਗਰ ਦਰਿਆਵਾਂ ਦੇ ਵਿਚਾਲੇ ਦੇ ਇਲਾਕਿਆਂ ਵਿਚੋਂ ਕਾਫ਼ੀ ਸਿੱਖ ਫ਼ੌਜੀਆਂ ਦੀ ਭਰਤੀ ਕੀਤੀ। ਇਹ ਸਾਰੇ ਫ਼ੌਜੀ ਸਿੱਖ ਇਤਨੇ ਪ੍ਰਸੰਨ, ਸ਼ਾਂਤ-ਚਿਤ ਅਤੇ ਭਰੋਸੇ ਵਾਲੇ ਸਿਦਕੀ ਸਨ, ਇਨ੍ਹਾਂ ਨੂੰ ਰੋਜ਼ਾਨਾ ਦੋ ਵੇਲੇ ਛਕਣ ਵਾਸਤੇ ਪ੍ਰਸ਼ਾਦਾ ਤੇ ਹਰ ਛੇ ਮਹੀਨਿਆਂ ਪਿੱਛੋਂ ਇਕ ਜੋੜਾ ਨਵੇਂ ਬਸਤਰ ਦਿੱਤੇ ਜਾਂਦੇ ਸਨ। ਸਿੱਖਾਂ ਦੇ ਹਿਰਦੇ ਵਿਚ ਇਹ ਵਿਸ਼ਵਾਸ ਦ੍ਰਿੜ੍ਹ ਹੋ ਚੁੱਕਾ ਸੀ ਕਿ ਜਦੋਂ ਅਸੀਂ ਸਤਿਗੁਰੂ ਜੀ ਦੀ ਸੇਵਾ ਵਿਚ ਰਹਿ ਕੇ ਸੱਚ ਪਾਲਨ ਦੀ ਖ਼ਾਤਰ ਧਰਮ-ਯੁੱਧ ਕਰਾਂਗੇ ਤਦ ਲਾਜ਼ਮੀ ਹੀ ਗੁਰੂ-ਚਰਨਾਂ ਵਿਚ ਮੁਕਤੀ ਅਥਵਾ ਅਭੇਦਤਾ ਨੂੰ ਪ੍ਰਾਪਤ ਕਰਾਂਗੇ।[1] ਇਹ ਸਭ ਕੁਝ ਸਤਿਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦਾ ਹੀ ਸਿੱਟਾ ਸੀ, ਜੋ ਸਿੱਖਾਂ ਵਿਚ ਇਤਨੀ ਦ੍ਰਿੜ੍ਹ ਵਿਸ਼ਵਾਸੀ ਹੋ ਨਿਬੜੇ। ਜੋ ਸ਼ਰਧਾਲੂ ਗੁਰੂ-ਘਰ ਦੀ ਹਜ਼ੂਰੀ ਵਿਚ ਭੇਟਾ ਲੈ ਕੇ ਆਉਂਦੇ ਸਨ, ਉਨ੍ਹਾਂ ਤੋਂ ਘੋੜੇ ਅਤੇ ਸ਼ਸਤਰਾਂ ਦੀ ਭੇਟਾ ਲੈਣ ਲਈ ਵਧੇਰੇ ਵਿਸ਼ੇਸ਼ਤਾ ਦਿੱਤੀ ਜਾਂਦੀ ਸੀ। ਇਨ੍ਹਾਂ ਦਿਨਾਂ ਵਿਚ ਹੀ ਹਜ਼ੂਰ ਨੇ ਲੋਹਗੜ੍ਹ ਦੇ ਕਿਲ੍ਹੇ ਦੀ ਉਸਾਰੀ ਭੀ ਕੀਤੀ, ਔਰ ਉਸ ਕਿਲ੍ਹੇ ਉਪਰ ਆਪ ਜੀ ਨੇ ਸਿੱਖੀ ਨਿਸ਼ਾਨ ਸਾਹਿਬ ਝੁਲਾਇਆ। ਸਿੱਖੀ ਦੀ ਸ਼ਾਨ ਨੂੰ ਹੋਰ ਮਜ਼ਬੂਤ ਕਰਨ ਲਈ ਨਗਾਰੇ ਦੀ ਵਰਤੋਂ ਭੀ ਕੀਤੀ ਗਈ। ਜੋ ਸਵੇਰੇ ਦਿਨ ਚੜ੍ਹਦੇ ਨਾਲ ਅਤੇ ਸ਼ਾਮੀਂ ਦਿਨ ਦੇ ਛੁਪਾ ਨਾਲ ਵਜਾਇਆ ਜਾਂਦਾ ਸੀ। ਇਹ ਨਗਾਰਾ ਸਿੱਖੀ ਦੇ ਸ਼ਾਸਨਿਕ ਸਿਧਾਂਤ ਦੀ ਇਲਾਮਤ ਜ਼ਾਹਿਰ ਕਰਦਾ ਸੀ।

1. ਕਨਿੰਘਮ, *ਹਿਸਟਰੀ ਆਫ਼ ਦੀ ਸਿਖਸ*, ਪੰਨਾ ੫੦; ਤੇ *ਦਬਸਤਾਨਿ ਮਜ਼ਾਹਿਬ*, ਜਿਲਦ ੨, ਪੰਨਾ ੨੭੪-੨੭੬; ਦੇਖੋ ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੫੫-੧੫੬।

ਸਤਿਗੁਰੂ ਜੀ ਨੇ ਸਿੱਖਾਂ ਦੇ ਖਾਨ-ਪਾਨ ਅਤੇ ਪਹਿਰਾਨ ਵਿਚ ਭੀ ਪ੍ਰੀਵਰਤਨ ਲੈ ਆਂਦਾ। ਸਿੱਖ ਸਤਿਗੁਰੂ ਜੀ ਦੇ ਨਾਲ ਸ਼ਿਕਾਰ ਲਈ ਜਾਂਦੇ ਅਤੇ ਮਾਸ ਆਹਾਰ ਭੀ ਕਰਦੇ।[1] ਹਜ਼ੂਰ ਦੀ ਨਿਗਰਾਨੀ ਹੇਠ ਸਿੱਖ ਬਾਜ਼ਾਂ, ਚਿਤਰਿਆਂ ਅਤੇ ਹੋਰ ਜੰਗਲੀ ਜਾਨਵਰਾਂ ਦਾ ਸ਼ਿਕਾਰ ਭੀ ਕਰਦੇ ਸਨ। ਮੁਹਸਨ ਫ਼ਾਨੀ ਨੇ ਇਕ ਕਹਾਣੀ ਲਿਖੀ ਹੈ ਕਿ ਇਕ ਪ੍ਰਤਾਪ ਮੱਲ ਗਿਆਨੀ ਹਿੰਦੂ ਦਾ ਲੜਕਾ ਖਾਨ-ਪਾਨ-ਪਹਿਰਾਨ ਦੀ ਆਜ਼ਾਦੀ ਵਾਸਤੇ ਮੁਸਲਮਾਨ ਧਰਮ ਦਾ ਧਾਰਨੀ ਹੋਣਾ ਚਾਹੁੰਦਾ ਸੀ, ਤਦ ਉਸ ਦੇ ਪਿਤਾ ਨੇ ਉਸ ਨੂੰ ਮਸ਼ਵਰਾ ਦਿੱਤਾ, ਜੇਕਰ ਤੂੰ ਖਾਨ-ਪਾਨ-ਪਹਿਰਾਨ ਦੀ ਆਜ਼ਾਦੀ ਚਾਹੁੰਦਾ ਹੈਂ ਤਦ ਤੂੰ ਸਿੱਖੀ ਧਾਰਨ ਕਰਕੇ ਸਤਿਗੁਰੂ ਦੀ ਸ਼ਰਨ ਵਿਚ ਚਲਾ ਜਾ। ਤੈਨੂੰ ਹਰ ਕਿਸਮ ਦੀ ਸਮਾਜਿਕ ਆਜ਼ਾਦੀ ਹੋਵੇਗੀ।[2]

ਸੰਨ ੧੬੦੬ ਵਿਚ ਹਜ਼ੂਰ ਛੇਵੇਂ ਸਤਿਗੁਰੂ ਜੀ ਨੇ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕੀਤੀ। ਅਕਾਲ ਤਖ਼ਤ ਦਾ ਭਾਵ ਹੈ—ਇਲਾਹੀ ਤਖ਼ਤ, ਜੋ ਕਿ ਧਰਤੀ ਤੋਂ ਬਾਰ੍ਹਾਂ (੧੨) ਫੁੱਟ ਦੀ ਉਚਾਈ 'ਤੇ ਸਥਾਪਤ ਕੀਤਾ ਗਿਆ ਹੈ। ਜਿਵੇਂ ਹਰਿਮੰਦਰ ਸਾਹਿਬ ਤੋਂ ਆਤਮਿਕ ਸ਼ਾਂਤੀ ਪ੍ਰਾਪਤ ਹੁੰਦੀ ਹੈ, ਤਿਵੇਂ ਹੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਮਾਮਲਿਆਂ ਬਾਰੇ ਸੰਸਾਰੀ ਸੁੱਧ ਬੁੱਧ ਪ੍ਰਾਪਤ ਹੁੰਦੀ ਹੈ। ਭਾਵ ਧਰਮ ਅਤੇ ਨੀਤੀ ਦਾ ਸੰਮੇਲ ਕੀਤਾ ਗਿਆ ਹੈ, ਤਾਕਿ ਰਾਜਨੀਤੀ ਧਰਮ ਤੋਂ ਵੱਖਰੀ ਹੋ ਕੇ ਦੁਖਦਾਈ ਨਾ ਬਣ ਜਾਵੇ। ਛੇਵੇਂ ਪਾਤਿਸ਼ਾਹ ਦੇ ਕਾਲ ਵਿਚ ਹਰ ਪ੍ਰਕਾਰ ਦੇ ਦੁਨਿਆਵੀ ਫ਼ੈਸਲੇ ਅਕਾਲ ਤਖ਼ਤ ਸਾਹਿਬ 'ਤੇ ਹੀ ਹੋਇਆ ਕਰਦੇ ਸਨ, ਜਿਥੇ ਸ਼ਰਧਾਲੂਆਂ ਵਲੋਂ ਆਈਆਂ ਭੇਟਾਵਾਂ ਸਵੀਕਾਰ ਕੀਤੀਆਂ ਜਾਂਦੀਆਂ ਸਨ ਅਤੇ ਆਏ ਪ੍ਰੇਮੀਆਂ ਨੂੰ ਸਨਮਾਨਤ ਕੀਤਾ ਜਾਂਦਾ ਸੀ, ਔਰ ਦੋਸ਼ੀਆਂ ਨੂੰ ਸਜ਼ਾਵਾਂ ਭੀ ਦਿੱਤੀਆਂ ਜਾਂਦੀਆਂ ਸਨ। ਉਕਤ ਦਰਸਾਈ ਵਾਰਤਾ ਦਾ ਪ੍ਰਣਾਮ ਇਹ ਨਿਕਲਿਆ ਕਿ ਮੁਗਲਾਂ ਦੀ ਹਕੂਮਤ ਦੇ ਵਿਚਕਾਰ ਇਕ ਸਿੱਖਾਂ ਦੀ ਆਪਣੀ ਵੱਖਰੀ ਸ਼ਾਸਨਿਕ ਪ੍ਰਣਾਲੀ ਕਾਇਮ ਸੀ, ਜਿਥੇ ਹਰ ਪ੍ਰਕਾਰ ਦੇ ਧਾਰਮਿਕ, ਰਾਜਨੀਤਿਕ, ਸਭਿਆਚਾਰਕ ਫ਼ੈਸਲੇ ਕੀਤੇ ਜਾਂਦੇ ਸਨ। ਸਿੱਖੀ ਦੀ ਆਪਣੀ ਵਿਲੱਖਣਤਾ ਧਾਰਮਿਕ ਅਤੇ ਸ਼ਾਸਨਿਕ ਤੌਰ 'ਤੇ ਵਜੂਦ ਵਿਚ ਆ ਗਈ। ਸਿੱਖਾਂ ਨੇ ਸਰਕਾਰੀ ਹਲਕਿਆਂ ਨਾਲੋਂ ਆਪਣੇ ਸੰਬੰਧ ਖ਼ਤਮ ਕਰ ਦਿੱਤੇ। ਇਹ ਸਾਰੀ ਇਮਾਰਤ ਉਨ੍ਹਾਂ ਬੁਨਿਆਦੀ ਅਸੂਲਾਂ 'ਤੇ ਖੜੀ ਕੀਤੀ ਗਈ, ਜੋ ਸਤਿਗੁਰੂ ਅਮਰਦਾਸ ਜੀ ਅਤੇ ਸਤਿਗੁਰੂ ਅਰਜਨ ਦੇਵ ਜੀ ਨੇ ਪੱਕੀਆਂ

1. ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੫੬।
2. ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੫੭।

ਕੀਤੀਆਂ ਸਨ।[1]

ਸਤਿਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖ ਕੌਮ ਵਿਚ ਦ੍ਰਿੜ੍ਹ ਵਿਸ਼ਵਾਸ ਦੀ ਧਾਰਨਾ ਪੈਦਾ ਕਰ ਦਿੱਤੀ ਜੋ ਕਿ ਹਰ ਛੋਟੇ ਵੱਡੇ ਸੰਕਟ ਦੇ ਸਮੇਂ ਵਾਹਿਗੁਰੂ ਜੀ ਦੇ ਨਾਮ ਨਾਲ ਜੁੜੇ ਰਹੋ ਔਰ ਉਸ ਦੇ ਭਾਣੇ ਵਿਚ ਆਤਮਿਕ ਅਨੰਦ ਮਾਣਦੇ ਰਹੋ। 'ਰੰਗਿ ਹਸਹਿ ਰੰਗ ਰੋਵਹਿ ਚੁਪ ਭੀ ਕਰਿ ਜਾਹਿ' ਦੀ ਅਵਸਥਾ ਬਣਾਈ ਰਖੋ, ਸੱਚ ਦਾ ਪੱਲਾ ਕਦੀ ਭੀ ਢਿੱਲਾ ਨਾ ਪੈਣ ਦੇਵੋ, ਸੱਚੇ ਰੱਬ ਤੋਂ ਬਿਨਾਂ ਕਿਸੇ ਹੋਰ ਸ਼ਕਤੀ ਦੀ ਪ੍ਰਵਾਹ ਨਾ ਕਰੋ, 'ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹਿ' ਦੀ ਅਵਧੀ ਹਮੇਸ਼ਾ ਹੀ ਕਾਇਮ ਰਖੋ। ਧੀਰਜ ਅਤੇ ਹਲੀਮੀ ਦਾ ਦਾਮਨ ਕਦੇ ਭੀ ਨਾ ਛੱਡੋ, ਤਦ ਝੂਠ ਦੇ ਮੁਕਾਬਲੇ ਵਿਚ ਤੁਹਾਡੀ ਹਮੇਸ਼ਾ ਹੀ ਕਾਮਯਾਬੀ ਹੋਵੇਗੀ। ਇਹੀ ਸਤਿਗੁਰੂ ਅਰਜਨ ਦੇਵ ਜੀ ਦਾ ਰੱਬੀ ਸੰਦੇਸ਼ ਸਮੂੰਹ ਮਾਨਵ-ਜਾਤੀ ਵਾਸਤੇ ਦਰਕਾਰ ਹੈ, ਸਤਿਗੁਰੂ ਅਰਜਨ ਸਾਹਿਬ ਜੀ ਹਮੇਸ਼ਾ ਹੀ ਅਸਾਡੇ ਅੰਗ-ਸੰਗ ਹੈ। ਉਨ੍ਹਾਂ ਦੀ ਇਲਹਾਮੀ ਸ਼ਕਤੀ ਹਮੇਸ਼ਾ ਹੀ ਉਸ ਦੇ ਸੇਵਕਾਂ ਦੇ ਨਾਲ ਨਾਲ ਵਿਚਰਦੀ ਹੈ।[2]

ਸਤਿਗੁਰੂ ਸਾਹਿਬ ਜੀ ਦੀ ਪਾਵਨ ਯਾਦ ਵਿਚ ਲਾਹੌਰ ਰਾਵੀ ਦੇ ਕਿਨਾਰੇ ਸ਼ਾਹੀ ਕਿਲ੍ਹੇ ਦੇ ਸਾਹਮਣੇ ਆਲੀਸ਼ਾਨ ਗੁਰਦੁਆਰਾ ਸੁਸ਼ੋਭਿਤ ਹੈ, ਜਿਸ ਦਾ ਪਵਿੱਤਰ ਨਾਮ ਗੁਰਦੁਆਰਾ ਡੇਹਰਾ ਸਾਹਿਬ ਹੈ, ਜਿਸ ਨੂੰ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਮਤ ੧੬੬੯ ਬਿਕ੍ਰਮੀ ਮੁਤਾਬਿਕ ਸੰਨ ੧੬੧੨ ਈਸਵੀ ਵਿਚ ਬਣਵਾਇਆ ਸੀ।

ਇਹ ਸਨ ਪ੍ਰਭਾਵ ਜੋ ਸਤਿਗੁਰੂ ਸਾਹਿਬ ਜੀ ਦੀ ਅਜ਼ੀਮ ਸ਼ਹਾਦਤ ਤੋਂ ਬਾਅਦ ਸਿੱਖੀ ਜਗਤ ਵਿਚ ਪ੍ਰੀਵਰਤਨ ਲੈ ਕੇ ਆਏ।


ਸਤਿਗੁਰੂ ਅਰਜਨ ਸਾਹਿਬ ਜੀ ਦੀ ਪੈਗ਼ੰਬਰੀ ਜ਼ੀਨਤ ਹਮੇਸ਼ਾ ਹੀ ਵਾਹਿਗੁਰੂ ਦੇ ਸੇਵਕਾਂ ਦੇ ਅੰਗ-ਸੰਗ ਰਹੇਗੀ, ਹਰ ਸੰਕਟ ਵਿਚ ਆਪਣੇ ਸੇਵਕਾਂ ਦੀ ਅਗਵਾਈ ਕਰਦੀ ਰਹੇਗੀ, ਕਿਉਂਕਿ ਗੁਰੂ ਅਰਜਨ ਸਾਹਿਬ ਜੀ ਸਰੀਰ ਨਹੀਂ ਸਨ, ਉਹ ਇਲਹਾਮੀ ਨੂਰ ਸੀ ਅਤੇ ਹੈ, ਜੋ ਹਮੇਸ਼ਾ ਹੀ ਨਾਮ ਲੇਵਾ ਇਨਸਾਨਾਂ ਦੀ ਸਹਾਇਤਾ ਹਰ ਔਕੜ ਵਿਚ ਕਰਦੀ ਰਹੇਗੀ।

ਭਨਿ ਮਥੁਰਾ ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖ੍ਹ ਹਰਿ ॥

॥ ਇਤਿ ॥

---

1. ਉਕਤ ਦਰਸਾਈ ਸਾਰੀ ਵਾਰਤਾ ਲਈ ਦੇਖੋ ਮੈਕਾਲਿਫ਼, ੪, ਪੰਨਾ ੨; *ਏ ਸ਼ੌਰਟ ਹਿਸਟਰੀ ਆਫ਼ ਔਰੰਗਜ਼ੇਬ*, ਪੰਨਾ ੧੫੬; *ਦਬਸਤਾਨਿ ਮਜ਼ਾਹਿਬ*, ਪੰਨਾ ੨੩੫-੨੩੬; ਅਤੇ ਹਰੀ ਰਾਮ ਗੁਪਤਾ, ਜਿਲਦ ਪਹਿਲੀ, ਪੰਨਾ ੧੫੫-੧੫੯।
2. ਮੈਕਾਲਿਫ਼, ਜਿਲਦ ਤੀਜੀ, ਪੰਨਾ ੯੯-੧੦੦।



ਅੰਤਿਕਾ ਪਹਿਲੀ

ਜਿਵੇਂ ਆਪ ਜੀ ਕਿਤਾਬ ਦੇ ਆਰੰਭ ਵਿਚ 'ਪੁਸਤਕ ਬਾਰੇ' ਦੇ ਸਿਰਲੇਖ ਹੇਠ ਪੜ੍ਹ ਆਏ ਹੋ ਕਿ ਕਿਤਾਬ ਦੇ ਅੰਤ ਵਿਚ ਇਕ ਵਿਸ਼ੇ ਸੂਚੀ ਅਥਵਾ ਅਨੁਕ੍ਰਮਣਿਕਾ ਦਿੱਤੀ ਜਾਵੇਗੀ, ਤਾਕਿ ਆਪ ਜੀ ਲੋੜੀਂਦੀ ਸਮੱਗਰੀ ਇਸ ਆਖ਼ਰੀ 'ਜ਼ਮੀਮਾ' ਵਿਚੋਂ ਬਿਨਾਂ ਸਮਾਂ ਖ਼ਰਾਬ ਕੀਤਿਆਂ ਪੜ੍ਹ ਸਕੋ। ਸੋ ਇਹ ਜ਼ਮੀਮਾ (ਅੰਤਿਕਾ) ਆਪ ਜੀ ਦੀ ਸੇਵਾ ਵਿਚ ਅੱਖਰੀ ਤਰਤੀਬ ਦੇ ਆਧਾਰ 'ਤੇ ਦਿੱਤਾ ਜਾ ਰਿਹਾ ਹੈ। ਆਸ ਹੈ ਕਿ ਆਪ ਜੀ ਇਸ ਅੰਤਿਕਾ ਦੇ ਰਾਹੀਂ ਪੂਰਾ ਪੂਰਾ ਲਾਭ ਪ੍ਰਾਪਤ ਕਰਨ ਦੀ ਖੇਚਲ ਕਰੋਗੇ :

ਪਗੜੀਂ ਇਲਜ਼ਾਮੀ ਗ਼ੈਰਤ



ਸੰਤਾ ਸਿੰਘ
ਤਾਤਲ